ਵੇਦਿਕ ਗੁਰਮਤਿ ਸਿੰਘ ਸਿੰਘ ਦੇਵਤਾ ਦਰਸਨ

VEDIC GURUMAT

ਪਰਮਾਨੰਦ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵੇਦਿਕ ਗੁਰਮਤਿ

ਹਿੰਦੂ-ਸਿੱਖ ਏਕਤਾ ਦਰਪਨ

ਭਾਗ ਪਹਿਲਾ—ਇਤਿਹਾਸਿਕ

ਧਰਮਾਨੰਤ ਸਿੰਘ

ਆਰਯ ਪ੍ਰਾਦੇਸ਼ਿਕ ਪ੍ਰਤਿਨਿਧੀ ਸਭਾ ਪੰਜਾਬ ਜਲੰਧਰ-ਭਾਰਤ

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਕ:

ਆਰਯ ਪ੍ਰਾਦੇਸ਼ਿਕ ਪ੍ਰਤਿਨਿਧੀ ਸਭਾ ਪੰਜਾਬ
ਜਾਲੰਧਰ-ਭਾਰਤ

ਪਹਿਲੀ ਐਡਿਸ਼ਨ—੧੯੬੫

ਭੇਟਾ ੧੦ ਰੁਪਏ

ਮੁਦ੍ਰਕ :
ਓਮਪ੍ਰਕਾਸ਼ ਭੂਸ਼ਣ
ਆਰ. ਰਾਜਾ ਪ੍ਰਿੰਟਿੰਗ ਪ੍ਰੈਸ
ਹਾਲ ਬਜਾਰ—ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com



ਧਰਮਾਨੰਤ ਸਿੰਘ

ਜਨਮ

(ਅੰਬਾਲਾ ਛੌਣੀ)

੧੫ ਅਗਸਤ ਸੰਨ ੧੮੮੮

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹਿੰਦੂ-ਸਿੱਖ ਏਕਤਾ ਦੇ
ਅਮਲੀ ਹਾਮੀਆਂ
ਦੀ ਸੇਵਾ ਵਿੱਚ ਪ੍ਰੇਮ ਸਤਕਾਰ ਸਹਿਤ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਗਉੜੀ ਮਹਲਾ ੫ ॥
ਮੀਤ ਕਰੈ ਸੋਈ ਹਮ ਮਾਨਾ ॥ ਮੀਤ ਕੋ ਕਰਤਬ ਕੁਸਲ ਸਮਾਨਾ ॥੧॥
ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥੧॥ਰਹਾਉ॥
ਮੀਤ ਹਮਾਰਾ ਵੇ ਪਰਵਾਹਾ ॥ ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥
ਮੀਤੁ ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥੩॥
ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੈ ॥੪॥

ਪ੍ਰਾਕ ਕਥਨ

ਮੀਤ ਪੂਜਨ

ਅਕਾਲ ਪੁਰਖ ਨੇ ਜਗਤ ਨੂੰ ਕਿਉਂ ਰਚਿਆ ਹੈ, ਤੇ ਇਹ ਕੀ ਹੈ? ਉੱਤਮ ਵਿਚਾਰਵਾਨ ਮਨੁੱਖ ਉੱਤਰ ਦੇਂਦਾ ਹੈ: ਜਗਤ ਨੂੰ ਅਕਾਲ ਪੁਰਖ ਨੇ ਕੇਵਲ ਲੀਲਾ ਦੀ ਖ਼ਾਤਰ ਰਚਿਆ ਹੋਇਆ ਹੈ, ਤੇ ਇਹ ਸਿਵਾਏ ਲੀਲਾ ਦੇ ਹੋਰ ਕੁੱਝ ਨਹੀਂ. ਅਕਾਲ ਪੁਰਖ ਆਪ ਹੀ ਇਸ ਵਿੱਚ ਸਾਧ ਤੇ ਅਸਾਧ ਦੇ ਰੂਪਾਂ ਵਿੱਚ, ਦੋ ਪ੍ਰਕਾਰ ਦੇ ਪਾਤ੍ਰ (Actors) ਬਣਿਆ ਹੋਇਆ ਹੈ, ਤੇ ਦੇਸ਼ ਕਾਲ ਦੇ ਰੰਗ ਭਵਨ ਵਿੱਚ, ਕਾਲ ਤੋਂ ਕਾਰਣ, ਤੇ ਕਾਰਣ ਤੋਂ ਕਾਰਜ, ਹੋ ਹੋ ਕੇ ਆਪੇ ਹੀ ਖੇਲ ਖੇਡ ਰਿਹਾ ਹੈ, ਤੇ ਆਪ ਹੀ ਇਸ ਨੂੰ ਵੇਖ ਰਿਹਾ ਹੈ, ਤੇ ਇਸ ਈਸ਼ੂਰੀ ਲੀਲਾ ਦਾ ਮਨੋਰਥ ਵੀ ਉਹ ਹੀ ਹੈ, ਜੋ ਮਾਨੁਖੀ ਲੀਲਾ ਦਾ ਹੋਇਆ ਕਰਦਾ ਹੈ, ਅਰਥਾਤ, 'ਜੀ ਪਰਚਾਵਾ' (Amusement)! ਬਸ, ਜਗਤ ਦੇ ਅਮਿਤ ਵਿਸਮਾਦ ਮਈ ਚਮਤਕਾਰ ਦਾ ਯਥਾਰਥ ਮਰਮ ਇਤਨਾ ਹੀ ਹੈ. ਸਾਧ ਕਹਿੰਦਾ ਹੈ, ਇਹ ਜਗਤ ਸ਼ੁਭ ਆਸਾਂ ਦੇ ਫੁੱਲਾਂ ਦਾ ਖੇੜਾ ਹੈ. ਅਸਾਧ ਕਹਿੰਦਾ ਹੈ, ਇਹ ਨਿਰਾਸਤਾ ਦੀ ਦਲਦਲ ਹੈ, ਇਸ ਵਿੱਚ ਜੋ ਕੁੱਝ ਵੀ ਹੈ ਸਭ ਬਖੇੜਾ ਹੈ. ਸਾਧ ਲਈ ਜਗਤ ਨੂਰ ਹੈ, ਅਸਾਧ ਲਈ ਸਭ ਫ਼ਤੂਰ ਹੈ. ਸਾਧ ਦੀ ਦ੍ਰਿਸ਼ਟੀ ਤੋਂ ਜਗਤ ਦਾ ਕਰਤਾ ਪਰਮਾਨੰਦ ਹੈ: ਇਸ ਲਈ ਸਾਧ ਕਹਿੰਦਾ ਹੈ, ਜੋ ਵੀ ਕਰਮ ਕੀਤਾ ਜਾਏ ਉਹ ਪਰਮਾਨੰਦ ਦੀ ਪ੍ਰਾਪਤੀ ਲਈ ਹੀ ਕੀਤਾ ਜਾਏ. ਅਸਾਧ ਕਹਿੰਦਾ ਹੈ, ਜਗਤ ਦਾ ਰਚਨਹਾਰ ਕੋਈ ਨਹੀਂ: ਬਸ, ਜਦ ਰਚਨਹਾਰ ਕੋਈ ਨਹੀਂ ਤਾਂ ਇਸ ਦਾ ਪ੍ਰਯੋਜਨ ਵੀ ਕੋਈ ਨਹੀਂ; ਕਿਉਂ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਜੋ ਜਿਸ ਮੇਲੇ ਨੂੰ ਲਗਾਣ ਵਾਲਾ, ਯਾ, ਜਿਸ ਸਭਾ ਨੂੰ ਇਕਤ੍ਰ ਕਰਨ ਵਾਲਾ, ਭਾਵ, ਬੁਲਾਣ ਵਾਲਾ, ਹੀ ਕੋਈ ਨਹੀਂ, ਉਸ ਦਾ ਮਨੋਰਥ, ਯਾ ਪ੍ਰਯੋਜਨ ਵੀ ਕੀ ਹੋ ਸਕਦਾ ਹੈ! ਤਾਂਤੇ ਅਸਾਧ ਦੀ ਦ੍ਰਿਸ਼ਟੀ ਤੋਂ ਜਗਤ ਦੁਖ ਤੇ ਦਰਿਦ੍ਰਤਾ ਦਾ ਘਰ ਹੈ, ਇਸ ਵਿੱਚ ਸਚਾਈ ਉਹ ਹੀ ਹੈ, ਜੋ ਇੰਦ੍ਰੈਗੋਚਰ ਹੈ, ਇਸ ਵਿੱਚ ਭਲਾਈ ਉਹ ਹੀ ਹੈ ਜੋ ਇੰਦ੍ਰੈਗੋਚਰ ਸੁਖ ਦਾ ਹੇਤੂ ਹੈ, ਜੀਵਨ ਦਾ ਮੁਖ ਪ੍ਰਯੋਜਨ ਵਿਸ਼ਿਆਂ ਵਿੱਚ ਲੰਪਟ ਹੋਣਾ ਹੈ, ਅਰ ਆਪਣੇ ਹਰਸ਼ ਹਿਤ ਦੂਜੇ ਨੂੰ ਵੱਡੇ ਤੋਂ ਵੱਡਾ ਕਸ਼ਟ ਪਹੁੰਚਾਣਾ ਬਿਲਕੁਲ ਜਾਇਜ਼ ਤੇ ਜ਼ਰੂਰੀ ਹੈ, ਐਸੀ ਗੁੰਝਲਦਾਰ, ਅਤਿ ਹਨੇਰੀ, ਭੂਲ ਭੁਲਈਆਂ ਤੋਂ ਜਨ ਸਾਧਾਰਣ (Common man) ਨੂੰ ਸਹੀ-ਸਲਾਮਤ ਬਾਹਰ ਕੱਢਣ ਲਈ ਸਿਵਾਏ ਮਿਤ੍ਰ ਦੇ ਕੋਈ ਦਸਤਗੀਰ ਨਹੀਂ. ਸਾਧ ਤੇ ਅਸਾਧ ਦੋਵੇਂ ਮੈਤ੍ਰੀ ਭਾਵ ਦੇ ਕਾਇਲ ਹਨ, ਦੋਵੇਂ ਮੈਤ੍ਰੀ ਭਾਵ ਨੂੰ ਸੁਖਦਾਈ ਮੰਨਦੇ ਹਨ, ਦੋਹਾਂ ਵਿੱਚ ਮੈਤ੍ਰੀ ਭਾਵ ਦੀ ਸਾਂਝ ਹੈ. ਮੈਤ੍ਰੀ ਭਾਵ ਸਾਰੇ ਗੁਣਾਂ ਦਾ ਸ਼ੋਮਣੀ ਹੈ. ਜਦ ਤਕ ਮਨੁੱਖ ਵਿੱਚ ਇਹ ਗੁਣ ਮੌਜੂਦ ਹੈ ਤਦ ਤਕ ਮਨੁੱਖ ਸੱਚੇ ਮਾਨਿਆਂ ਵਿੱਚ ਜਾਨਵਰਾਂ ਤੋਂ ਸ਼੍ਰੇਸ਼ਟ ਹੈ. ਜਿਸ ਮਨੁੱਖ ਵਿੱਚ ਇਹ ਗੁਣ ਮੌਜੂਦ ਹੈ, ਉਹ ਕਈ ਔਗੁਣਾਂ ਦੇ ਹੁੰਦਿਆਂ ਵੀ ਸਮਾਜ ਲਈ ਹਾਨੀਕਾਰਕ ਨਹੀਂ. ਇਸ ਇੱਕ ਗੁਣ ਦੇ ਪ੍ਰਭਾਵ ਵਿੱਚ ਬਾਕੀ ਸਾਰੇ ਹੀ ਔਗੁਣਾਂ ਦਾ ਵਿਨਾਸ਼ ਹੋ ਸਕਦਾ ਹੈ. ਜੇ ਅਕਾਲ ਪੁਰਖ ਦੇ ਅਨੰਤ ਗੁਣਾਂ ਵਿੱਚੋਂ ਕੇਵਲ ਮਿਤ੍ਰਤਾ ਦਾ ਅਭਾਵ ਹੋ ਜਾਏ ਤਾਂ ਉਸ ਦੇ ਬਾਕੀ ਗੁਣਾਂ ਦਾ ਵਿਸ਼ ਨੂੰ ਕੋਈ ਲਾਭ ਨਹੀਂ. ਇਨਸਾਨੀ ਜੀਵਨ ਵਿੱਚ ਮਿਤ੍ਰ ਦਾ ਰੁਤਬਾ ਬੜਾ ਬਲੰਦ ਹੈ. ਜੇ ਅੱਜ ਹੁਣੇ ਕਿਸੇ ਅਰਸ਼ ਤੋਂ ਜਬਰਾਈਲ ਫ਼ਰਿਸ਼ਤਾ ਉਤਰੇ ਤੇ ਮੇਰੇ ਪ੍ਰਤੀ ਕਹੇ, 'ਖ਼ੁਦਾਵੰਦ ਕਰੀਮ ਨੇ ਤੁਹਾਥੋਂ ਪੁਛਿਆ ਹੈ ਕਿ ਬਿਨਾ ਇੱਕ ਵੀ ਪੂਰਨ ਮਿਤ੍ਰ ਦੇ ਦੁਨੀਆ ਭਰ ਦੀ ਬਾਦਸ਼ਾਹੀ ਕਬੂਲ ਕਰੋਗੇ ਅਥਵਾ ਕੇਵਲ ਇੱਕ ਪੂਰਨ ਮਿਤ੍ਰ ਦੇ ਨਾਲ ਇਨਤਹਾਈ ਦਰਜੇ ਦੀ ਗ਼ਰੀਬੀ' ? ਤਾਂ ਮੈਂ ਤੁਰਤ ਬੜੀ ਫੁਰਤੀ ਨਾਲ ਪਿਛਲੀ ਦਾਤ ਨੂੰ ਕਬੂਲ ਕਰਨ ਲਈ ਆਪਣੀ ਇੱਛਾ ਪ੍ਰਗਟ ਕਰਾਂਗਾ. ਵੇਦ, ਪੁਰਾਨ, ਕੁਰਾਨ, ਪਲੇਟੋ, ਅਰੱਸਤੂ, ਸਿਸਰੋ ਆਦਿਕ ਸਭ ਨੇ ਮਿਤ੍ਰ ਦਾ ਜਸ ਗਾਇਆ ਹੈ. ਵੇਦ ਵਿੱਚ ਪਰਮਾਤਮਾ ਦੇ ਅਨੇਕਾਂ ਨਾਮਾਂ ਵਿੱਚੋਂ 'ਮਿਤ੍ਰ' ਵੀ ਉਸ ਦਾ ਇੱਕ ਨਾਮ ਹੈ. ਇੱਕੁਰ ਹੀ ਅਰਬੀ ਦਾ ਸ਼ਬਦ 'ਸਾਹਿਬ' ਜਿਸ ਨੂੰ ਹੁਣ ਅੱਸੀਂ ਸੁਆਮੀ, ਮਾਲਿਕ, Lord, ਭਗਵਨ ਆਦਿਕ ਦੇ ਅਰਥਾਂ ਵਿੱਚ ਵਰਤਦੇ ਹਾਂ, ਅਰ ਪਰਮਾਤਮਾ ਲਈ ਵੀ ਵਰਤ ਲੈਂਦੇ ਹਾਂ, ਕੁਰਾਨ ਵਿੱਚ ਦੋ ਵੇਰ ਆਇਆ ਹੈ, ਤੇ 'ਦੋਸਤ' ਦੇ ਅਰਥਾਂ ਵਿੱਚ ਪ੍ਰਯੁਕਤ ਹੋਇਆ ਹੈ.

Sri Satguru Jagjit Singh Ji eLibrary NamdhariElibrary@gmail.com

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਅਕਾਲ ਪੁਰਖ ਨੂੰ ਅਨੇਕਾਂ ਵੇਰ 'ਮੀਤ', 'ਮਿਤ੍ਰ', 'ਯਾਰ', 'ਸੱਜਣ', 'ਸਾਜਣ' ਆਦਿਕ ਕਿਹਾ ਹੈ. ਦੇਖੋ, ਇਸ 'ਪ੍ਰਾਕ ਕਥਨ' ਦੇ ਸਿਰਲੇਖ ਪਰ ਪੰਚਮ ਗੁਰਦੇਵ ਜੀ ਦਾ ਪੂਰਾ ਸ਼ਬਦ, ਕਿਵੇਂ ਸਿਰਜਣਹਾਰ ਨੂੰ 'ਮੀਤ' ਸ਼ਬਦ ਦੁਆਰਾ ਬਾਰੰਬਾਰ ਸੰਬੋਧਨ ਕੀਤਾ ਹੈ ! ਸ਼੍ਰੀ ਦਸ਼ਮੇਸ਼ ਜੀ ਨੇ ਵੀ ਅਕਾਲ ਪੁਰਖ ਲਈ 'ਮਿਤ੍ਰ', 'ਯਾਰੜਾ', 'ਰਫ਼ੀਕ' ਆਦਿਕ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ. ਤਾਂਤੇ ਮਿਤ੍ਰ ਸ਼ਬਦ ਬੜਾ ਪਵਿਤ੍ਰ, ਪਿਆਰਾ, ਸਤਕਾਰਿਤ, ਤੇ ਰਸੀਲਾ ਹੈ. ਮਾਂ ਪਿਓ, ਵਹੁਟੀ ਗਭਰੂ, ਭੈਣ ਭਿਰਾ, ਧੀ ਪੁਤ੍ਰ ਆਦਿਕ ਸ਼ਬਦ ਵਾਸਤਵ ਵਿੱਚ ਸਾਰੀਰਿਕ ਸੰਬੰਧਾਂ ਦੇ ਨਾਮ ਹਨ. ਏਹਨਾਂ ਨਾਮਾਂ ਦੇ ਆਪਣੇ ਵਜੂਦ ਵਿੱਚ ਕਿਸੇ ਪ੍ਰਕਾਰ ਦਾ ਕੋਈ ਰਸ ਨਹੀਂ, ਅਰ ਇਹ ਸੰਬੰਧ ਕੇਵਲ ਏਹਨਾਂ ਨਾਮਾਂ ਦੇ ਕਾਰਣ ਲੋਕਾਂ ਨੂੰ ਮਿੱਠੇ ਨਹੀਂ ਲਗਦੇ. ਮਾਂ ਮਾਂ ਹੁੰਦੀ ਹੋਈ ਤੇ ਪਿਓ ਪਿਓ ਹੁੰਦਾ ਹੋਇਆ ਵੀ ਸੰਭਵ ਹੈ ਕਿ ਚੰਗਾ ਨ ਲਗੇ; ਵਹੁਟੀ ਵਹੁਟੀ ਹੁੰਦੀ ਹੋਈ ਤੇ ਗਭਰੂ ਗਭਰੂ ਹੁੰਦਾ ਹੋਇਆ ਵੀ ਸੰਭਵ ਹੈ ਕਿ ਦੁਖ ਦੇਵੇ; ਭੈਣ ਭੈਣ ਹੁੰਦੀ ਹੋਈ ਤੇ ਭਿਰਾ ਭਿਰਾ ਹੁੰਦਾ ਹੋਇਆ ਵੀ ਸੰਭਵ ਹੈ ਕਿ ਕਲੇਸ਼ ਦਾ ਕਾਰਣ ਬਣੇ; ਧੀ ਧੀ ਹੁੰਦੀ ਹੋਈ ਤੇ ਪੁਤ੍ਰ ਪੁਤ੍ਰ ਹੁੰਦਾ ਹੋਇਆ ਵੀ ਸੰਭਵ ਹੈ ਕਿ ਅਨੁਕੂਲ ਨ ਚੱਲੇ. ਇਹ ਸਾਰੇ ਰਿਸ਼ਤੇ ਆਪਣੇ ਆਪ ਵਿੱਚ ਬਿਲਕੁਲ ਖ਼ੁਸ਼ਕ ਰੇਤ ਵਾਂਗ ਹਨ. ਏਹਨਾਂ ਵਿੱਚ ਕੋਈ ਰਸ ਨਹੀਂ, ਏਹਨਾਂ ਵਿੱਚ ਕੋਈ ਸ਼ਕਤੀ ਨਹੀਂ, ਏਹਨਾਂ ਨੂੰ ਪ੍ਰਸਪਰ ਜੋੜਨ ਵਾਲਾ ਸੀਮੈਂਟ ਏਹਨਾਂ ਨਾਮਾਂ ਤੋਂ ਬਾਹਿਰ ਹੈ. ਏਹਨਾਂ ਨੂੰ ਰਸੀਲੇ ਤੇ ਮਿੱਠੇ ਬਣਾਣ ਵਾਲੇ ਗੁਣ ਦਾ ਏਹਨਾਂ ਨਾਮਾਂ ਵਿੱਚ ਅਭਾਵ ਹੈ. ਉਹ ਸਭ ਰਿਸ਼ਤਿਆਂ ਨੂੰ ਰਸੀਲਾ ਤੇ ਮਿੱਠਾ ਬਣਾਣ ਵਾਲਾ ਰਸ, ਉਹ ਸਭ ਸੰਬੰਧਾਂ ਨੂੰ ਪ੍ਰਸਪਰ ਅਟੁੱਟ ਜੋੜ ਵਿੱਚ ਜੋੜਨ ਵਾਲਾ ਗੁਣ ਕੇਵਲ 'ਮਿਤ੍ਰ' ਸ਼ਬਦ ਵਿੱਚ ਇਸਥਿਤ ਹੈ. 'ਮਿਤ੍ਰ' ਤੋਂ ਮੈਤ੍ਰੀ ਭਾਵ ਪ੍ਰਾਪਤ ਕਰਕੇ ਮਾਪੇ ਧੀਆਂ ਪੁਤ੍ਰਾਂ ਨੂੰ ਤੇ ਧੀ ਪੁਤ੍ਰ ਮਾਪਿਆਂ ਨੂੰ ਚੰਗੇ ਲਗਦੇ ਹਨ. 'ਮਿਤ੍ਰ' ਤੋਂ ਮੈਤ੍ਰੀ ਭਾਵ ਗ੍ਰਹਣ ਕਰਕੇ ਵਹੁਟੀਆਂ ਗਭਰੂਆਂ ਨੂੰ ਤੇ ਗਭਰੂ ਵਹੁਟੀਆਂ ਨੂੰ ਸੁਖਦਾਈ ਸਾਬਤ ਹੁੰਦੇ ਹਨ. 'ਮਿਤ੍ਰ' ਤੋਂ ਮੈਤ੍ਰੀ ਭਾਵ ਦੀ ਹੀ ਪੂੰਜੀ ਮੰਗ ਕੇ ਭੈਣਾਂ ਤੇ ਭਿਰਾ ਪ੍ਰਸਪਰ ਇੱਕ ਦੂਜੇ ਦੇ ਅਨੁਕੂਲ ਬਣੇ ਰਹਿੰਦੇ ਹਨ. ਮੈਤ੍ਰੀ ਭਾਵ ਤੋਂ ਬਿਨਾ ਗੁਰੂ ਤੇ ਸਿੱਖ ਦਾ ਵੀ ਕੋਈ ਟਿਕਾਣਾ ਨਹੀਂ. ਏਹਨਾਂ ਦੋਹਾਂ ਨੂੰ ਵੀ ਆਪੋ ਵਿੱਚ ਮੈਤ੍ਰੀ ਭਾਵ ਹੀ ਗੰਢੀ ਰਖਦਾ ਹੈ. ਭਗਤ ਸ਼ਬਦ ਵੀ ਮਿੱਠਾ ਤੇ ਰਸੀਲਾ ਹੈ, ਪਰ ਮੀਤ ਦਾ ਦਰਜਾ ਭਗਤ ਤੋਂ ਵੀ ਉੱਚਾ ਹੈ. ਮੈਂ ਹਰੀ ਤੇ ਗੁਰੂ ਨੂੰ ਮੀਤ ਤਾਂ ਕਹਿ ਸਕਦਾ ਹਾਂ, ਪਰ ਭਗਤ ਨਹੀਂ ਕਹਿ ਸਕਦਾ. ਤੁੱਸੀਂ ਆਪਣੇ ਤੋਂ ਉੱਚੇ

Sri Satguru Jagjit Singh Ji eLibrary NamdhariElibrary@gmail.com

ਤੇ ਨੀਵੇਂ ਦੋਹਾਂ ਨੂੰ ਮਿਤ੍ਰ ਬਣਾ ਲੈਂਗੇ, ਪਰ ਭਗਤ ਕੇਵਲ ਆਪਣੇ ਤੋਂ ਉੱਚੇ ਦੇ ਹੀ ਬਣੇਂਗੇ. ਸਤਿਗੁਰਾਂ ਨੇ ਆਪ ਹਰੀ ਨੂੰ ਮੀਤ ਅਨੇਕਾਂ ਵੇਰ ਕਿਹਾ ਹੈ, ਪਰ ਭਗਤ ਕਿਤੇ ਨਹੀਂ ਕਿਹਾ. ਹੋਰ ਸਭ ਰਿਸ਼ਤੇਦਾਰ ਆਪਣੇ ਰਿਸ਼ਤਿਆਂ ਵਿੱਚ ਕਾਇਮ ਰਹਿੰਦੇ ਹੋਏ ਵੀ, ਉੱਪਰ ਦਸਿਆ ਜਾ ਚੁਕਾ ਹੈ, ਇੱਕ ਦੂਜੇ ਲਈ ਬਿਖਾਦ ਉਤਪੰਨ ਕਰ ਸਕਦੇ ਹਨ, ਪਰ ਮਿਤ੍ਰ ਮਿਤ੍ਰ ਹੁੰਦਾ ਹੋਇਆ ਤ੍ਰੈਕਾਲ ਖੇਦ ਦਾ ਕਾਰਣ ਨਹੀਂ ਬਣ ਸਕਦਾ. ਫਿਰ, ਮਿਤ੍ਰ ਵਰਗੀ ਭੂ-ਮੰਡਲ ਪਰ ਹੋਰ ਕੇਹੜੀ ਐਸੀ ਸ਼ੈ ਹੈ, ਜੋ ਸਦਾ ਸੁਖਦਾਈ ਹੋਵੇ. ਹੋਰ ਹਰ ਇੱਕ ਪਦਾਰਥ ਦੇ ਕਦੇ ਗ੍ਰਹਣ ਤੇ ਕਦੇ ਤਿਆਗ ਵਿੱਚ ਸੁਖ ਮਿਲਦਾ ਹੈ, ਪਰ ਮਿਤ੍ਰ ਨੂੰ ਕਦੇ, ਕਿਸੇ ਥਾਂ, ਕਿਸੇ ਹਾਲਤ ਵਿੱਚ ਤਿਆਗਣ ਦੀ ਲੋੜ ਨਹੀਂ. ਹੋਰ ਹਰ ਇੱਕ ਪਦਾਰਥ ਨੂੰ ਕਦੇ ਭੁੱਲਣ ਤੇ ਕਦੇ ਯਾਦ ਰੱਖਣ ਦੀ ਲੋੜ ਪੈਂਦੀ ਹੈ. ਪਰ ਮਿਤ੍ਰ ਨੂੰ ਕਦੇ ਵੀ ਭੁੱਲਣ ਦੀ ਲੋੜ ਪੈਦਾ ਨਹੀਂ ਹੁੰਦੀ. ਹੋਰ ਹਰ ਇੱਕ ਪਦਾਰਥ ਸੰਸਾਰ ਵਿੱਚ ਹਰ ਕਿਸੇ ਨੂੰ ਪ੍ਰਾਪਤ ਹੁੰਦਾ ਹੈ, ਪਰ ਮਿਤ੍ਰ ਦਾ ਮਿਲਣਾ ਦੁਰਲਭ ਹੈ. ਪੂਰਨ ਭਾਗਾਂ ਨਾਲ ਮਿਤ੍ਰ ਪ੍ਰਾਪਤ ਹੁੰਦਾ ਹੈ. ਮੈਂ ਅਨੇਕਾਂ ਰਾਜੇ, ਰਈਸਾਂ, ਵਿਦ੍ਵਾਨਾਂ, ਸਾਧਾਂ, ਸੁਦਾਗਰਾਂ, ਤੇ ਪਲ੍ਹਵਾਣਾਂ ਨੂੰ ਜਾਣਦਾ ਹਾਂ ਜਿਨ੍ਹਾਂ ਦੇ ਘਰ ਪ੍ਰਬੀਣ ਨੂਹਾਂ, ਧੀਆਂ, ਪੁਤ੍ਰਾਂ, ਭੈਣਾਂ, ਤੇ ਭਿਰਾਵਾਂ ਦਾ ਕੋਈ ਘਾਟਾ ਨਹੀਂ, ਜਿਨ੍ਹਾਂ ਦੇ ਅੱਗੇ ਪਿੱਛੇ ਯਾ ਹਮਰਕਾਬ ਚੱਲਣ ਵਾਲਿਆਂ ਦੀ ਮੁਤਲਿਕ ਥੁੜ ਨਹੀਂ, ਜਿਨ੍ਹਾਂ ਨਾਲ ਮੇਜ਼ਾਂ ਪੁਰ ਛੱਤੀ ਪ੍ਰਕਾਰ ਦੇ ਭੋਜਨ ਖਾਣ ਪੀਣ ਯਾ ਹੱਸਣ ਹਸਾਣ ਵਾਲਿਆਂ ਦੀ ਹਮੇਸ਼ਾਂ ਝੁਰਮਟ ਲਗੀ ਰਹਿੰਦੀ ਹੈ; ਅਰ ਜਿਨ੍ਹਾਂ ਦੀ ਸਵਾਰੀ ਖਿੱਚਣ ਵਾਲੇ ਤੇ ਜਿਨ੍ਹਾਂ ਪੁਰ ਫੁੱਲ ਚੜ੍ਹਾਣ ਵਾਲੇ ਕਦੇ ਥੱਕਣ ਯਾ ਮੁੱਕਣ ਵਿੱਚ ਨਹੀਂ ਔਂਦੇ, ਪਰ ਮੈਂ ਐਸੇ ਭਾਗਵੰਤ ਵਿਰਲੇ ਹੀ ਵੇਖੇ ਹਨ ਜਿਨ੍ਹਾਂ ਦਾ ਕੋਈ ਮਿਤ੍ਰ ਹੋਵੇ. ਮੇਰਾ ਮੈਤ੍ਰੀ ਭਾਵ ਨੂੰ ਸਾਸ਼ਟਾਂਗ ਡੰਡੌਤ ਹੈ. ਮੁਬਾਰਕ ਹੈ ਉਹ ਮਨੁੱਖ ਜਿਸ ਦੇ ਜੀਵਨ ਦੀ ਹਰ ਮਨਜ਼ਿਲ ਤੇ ਕੋਈ ਨ ਕੋਈ ਮਿਤ੍ਰ ਮੌਜੂਦ ਸੀ. ਉਸ ਨੂੰ ਜ਼ਰੂਰ ਮਿਤ੍ਰ ਦੀ ਮੌਜੂਗੀ ਵਿੱਚ ਹਰ ਮਨਜ਼ਿਲ ਤੇ ਕਾਮਯਾਬੀ ਨਸੀਬ ਹੁੰਦੀ ਹੋਵੇਗੀ. ਜਿਸ ਮਨਜ਼ਿਲ ਤੇ ਜਿਸ ਦਾ ਕੋਈ ਮਿਤ੍ਰ ਮੌਜੂਦ ਨ ਸੀ, ਬਸ, ਉੱਥੇ ਹੀ ਉਸ ਦੇ ਸਾਹਮਣੇ ਕਾਮਯਾਬੀ ਵੀ ਨ ਆਈ ਹੋਵੇਗੀ. ਮਿਤ੍ਰ ਕੀ ਹੈ, ਸੁਖ, ਸਫਲਤਾ, ਤੇ ਪ੍ਰਸੰਨਤਾ ਦਾ ਦੇਵਤਾ ਹੈ. ਮੈਤ੍ਰੀ ਭਾਵ ਵਿੱਚ ਇਹ ਤਿੰਨੇ ਗੁਣ ਮੌਜੂਦ ਹਨ. ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ : "ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥" (ਗਉ. ਪੰ : ੨੪੦) ਜਿਸ ਦਾ ਪ੍ਰਭਾਵ ਯਾ ਇਕਬਾਲ ਹਰ ਕਾਰਜ ਦੇ ਅਰੰਭ ਵਿੱਚ, ਤੇ ਅਰੰਭ ਤੋਂ

Sri Satguru Jagjit Singh Ji eLibrary NamdhariElibrary@gmail.com

ਮੱਧ ਤਕ, ਅਰ ਮੱਧ ਤੋਂ ਅੰਤ ਤਕ, ਤੁਹਾਨੂੰ ਸੁਖ, ਸਫਲਤਾ, ਤੇ ਪ੍ਰਸੰਨਤਾ ਦੀ ਸਾਮਗ੍ਰੀ ਬਹਮ ਪਹੁੰਚਾਣ ਲਈ, ਕਿਸੇ ਨ ਕਿਸੇ ਰੂਪ ਵਿੱਚ, ਲਗਾਤਾਰ, ਤੁਹਾਡੇ ਨਾਲ, ਹਾਜ਼ਰ ਹਜ਼ੂਰ ਮੌਜੂਦ ਹੈ, ਬਸ ਉਹ ਹੀ ਤੁਹਾਡਾ ਪੂਰਨ ਤੇ ਸਦੀਵੀ ਮਿਤ੍ਰ ਹੈ. ਪਰ ਐਸਾ ਪੂਰਨ ਤੇ ਸਦੀਵੀ ਮਿਤ੍ਰ ਸਿਵਾਏ ਪਾਰਬ੍ਰਹਮ ਪਰਮਾਤਮਾ ਦੇ ਹੋਰ ਕੋਈ ਨਹੀਂ. ਇਨਸਾਨ ਮਿਤ੍ਰ ਤਾਂ ਕੇਵਲ ਮਹਦੂਦ ਕਾਲ ਤੇ ਮਹਦੂਦ ਕਾਰਜ ਲਈ, ਮਹਦੂਦ ਹਾਲਾਤ ਵਿੱਚ ਹੀ ਨਿਭਣਾ ਸੰਭਵ ਹੈ. ਕਾਰਣ ਇਹ ਹੈ ਕਿ ਹਰ ਸਾਧਾਰਣ ਮਨੁੱਖ ਵਿੱਚ ਮਹਦੂਦ ਸਮਰਥਾ ਹੀ ਹੋਣੀ ਸੰਭਵ ਹੈ ਤੇ ਉਸ ਮਹਦੂਦ ਸਮਰਥਾ ਦੁਆਰਾ ਉਸ ਨੇ ਆਪਣਾ ਕਾਰ ਵਿਹਾਰ ਵੀ ਚਲਾਣਾ ਹੈ ਤੇ ਆਪਣੇ ਧਰਮਾਂ ਕਰਮਾਂ ਦੇ ਅਨੁਸ਼ਠਾਨ ਵੀ ਕਰਨੇ ਹਨ. ਇਸ ਲਈ ਕੋਈ ਕਿਸੇ ਮਨੁੱਖ ਦਾ ਭਾਵੇਂ ਕਿੰਨਾ ਵੀ ਗੂੜ੍ਹ ਮਿਤ੍ਰ ਕਿਉਂ ਨ ਹੋਵੇ ਉਹ ਉਸ ਲਈ ਕੇਵਲ ਕਿਸੇ ਮਹਦੂਦ ਹਦ ਤਕ ਹੀ ਲਾਭਦਾਯਕ ਹੋ ਸਕਦਾ ਹੈ. ਇਸ ਲਈ ਜਿੱਕੁਰ ਕੋਈ ਕਿਸੇ ਉੱਚੇ ਮੀਨਾਰ ਤੇ ਕੇਵਲ ਇੱਕੋ ਪਹੁੜੀ ਦੁਆਰਾ ਨਹੀਂ ਅਪੜ ਸਕਦਾ ਬਲਕਿ ਐਸਾ ਕਰਨ ਲਈ ਉਸ ਨੂੰ ਅਨੇਕਾਂ ਪਹੁੜੀਆਂ ਦੀ ਲੋੜ ਹੈ, ਇੱਕੁਰ ਹੀ ਜੀਵਨ ਦੀ ਕਿਸੇ ਇੱਕ ਵੀ ਮਕਸੂਦ ਮਨਜ਼ਿਲ ਤੇ ਪਹੁੰਚਣ ਲਈ ਮਨੁੱਖ ਨੂੰ ਭਿੰਨ ਭਿੰਨ ਸਮਿਆਂ, ਸਥਾਨਾਂ, ਤੇ ਮੌਕਿਆਂ ਪਰ, ਭਿੰਨ ਭਿੰਨ ਮਿਤ੍ਰਾਂ ਦੀ ਲੋੜ ਹੈ. ਇਸ ਪ੍ਰਕਾਰ ਹਰ ਮਨੁਖ ਲਈ ਮਿਤ੍ਰ ਭਾਵ ਲਗਾਤਾਰ ਚੱਕਰ ਲਗਾਂਦਾ ਰਹਿੰਦਾ ਹੈ. ਬਚਪਨ ਵਿੱਚ ਇਹ ਮਾਤਾ ਪਿਤਾ ਭੈਣਾਂ ਭਿਰਾਵਾਂ ਤੇ ਹੋਰ ਸਮੀਪੀ ਸੰਬੰਧੀਆਂ ਵਿੱਚ ਹੁੰਦਾ ਹੈ, ਫਿਰ ਵਿਦਿਆ-ਲਿਆਂ, ਮਹਾਂਵਿਦਿਆਲਿਆਂ ਦੇ ਭਿੰਨ ਭਿੰਨ ਅਧਿਆਪਕਾਂ, ਆਚਾਰਯਾਂ, ਖਿਲਾੜੀਆਂ ਤੇ ਵਿਦਿਆਰਥੀਆਂ ਵਿੱਚ. ਫਿਰ, ਇਸਤ੍ਰੀ ਪੁਤ੍ਰ ਪੁਤ੍ਰੀਆਂ ਆਦਿਕ ਵਿੱਚ. ਫਿਰ, ਕਦੇ ਸਫ਼ਰ ਦੇ ਹਮਰਾਹੀਆਂ ਵਿੱਚ, ਕਦੇ ਕਾਰ ਵਿਹਾਰ ਦੇ ਵਾਕਿਫ਼ਕਾਰਾਂ ਵਿੱਚ, ਤੇ ਕਦੇ ਮਹਿਕਮਿਆਂ ਦਿਆਂ ਹਮਨਸ਼ੀਨਾਂ ਵਿੱਚ. ਕਦੇ ਮਾਲਿਕਾਂ ਵਿੱਚ, ਤੇ ਕਦੇ ਨੌਕਰਾਂ ਵਿੱਚ; ਕਦੇ ਹਮਸਾਇਆਂ ਵਿੱਚ ਤੇ ਕਦੇ ਹਕੀਮਾਂ ਵਿੱਚ; ਕਦੇ ਆਪਣਿਆਂ ਵਿੱਚ, ਤੇ ਕਦੇ ਪਰਾਇਆਂ ਵਿੱਚ ! ਬਸ, ਮੇਰੇ ਲਈ ਵੀ ਏਹਨਾਂ ਹੀ ਨਿਯਮਾਂ ਅਨੁਸਾਰ ਮੈਤ੍ਰੀ ਭਾਵ ਜਨਮ ਧਾਰਣ ਕਰਦਾ ਰਿਹਾ ਹੈ. ਪਰ ਇਸ ਪ੍ਰਾਕ-ਕਥਨ ਵਿੱਚ ਮੈਂ ਉਹਨਾਂ ਮਿਤ੍ਰਵਰਾਂ ਦੀ ਆਰਤੀ ਉਤਾਰਨ ਲੱਗਾ ਹਾਂ ਜਿਨ੍ਹਾਂ ਦੇ ਸ਼ੁਭ ਵਸੀਲੇ ਦੁਆਰਾ ਮੈਨੂੰ ਇਸ ਗ੍ਰੰਥ ਦੀ ਵਿਚਾਰ ਮਾਲਾ ਪ੍ਰਾਪਤ ਹੋਈ ਹੈ, ਤੇ ਜਿਨ੍ਹਾਂ ਦੀ ਸਹਾਇਤਾ ਨਾਲ ਮੈਂ ਇਸ ਨੂੰ ਲਿਖਿਆ ਹੈ, ਅਰ ਫਿਰ ਜਿਨ੍ਹਾਂ ਦੀ ਉਦਾਰਤਾ ਦੁਆਰਾ ਮੁਦ੍ਰਿਤ ਕਰਵਾ ਕੇ ਮੈਂ ਹੁਣ ਇਸ ਨੂੰ ਪਾਠਕ ਦੀ ਭੇਟ ਕਰ ਰਿਹਾ ਹਾਂ.

Sri Satguru Jagjit Singh Ji eLibrary NamdhariElibrary@gmail.com

(੨) ਜਦ ਸਨ ੧੯੨੦ ਵਿੱਚ ਮੈਂ ਪਹਿਲਾਂ ਉਹਨਾਂ ਵਿਸ਼ਿਆਂ ਵਲ ਧਿਆਨ ਦਿੱਤਾ ਜਿਨ੍ਹਾਂ ਨੂੰ ਮੈਂ ਇਸ ਪੁਸਤਕ ਦੇ ਇਤਿਹਾਸਿਕ ਤੇ ਸੁਗਿਆਨਿਕ (ਫ਼ਿਲੋਸਾਫ਼ਿਕ) ਭਾਗਾਂ ਵਿੱਚ ਜਗਹ ਦੇਣੀ ਸੀ ਤਾਂ ਮੈਨੂੰ ਇਹ ਕਾਰਜ ਅਤਯੰਤ ਕਠਿਨ ਪ੍ਰਤੀਤ ਹੋਇਆ. ਕਿਉਂ ਜੋ ਜਿਨ੍ਹਾਂ ਪੁਸਤਕਾਂ ਦੀ ਮੈਨੂੰ ਇਸ ਕੰਮ ਵਿੱਚ ਲੋੜ ਪੈਣੀ ਸੀ ਉਹ ਕਿਸੇ ਇੱਕੋ ਪੁਸਤਕਾਲੇ ਤੋਂ ਮਿਲਣੀਆਂ ਸੰਭਵ ਨ ਸਨ, ਤੇ ਥਾਓਂ ਥਾਈਂ ਫਿਰਨਾ ਮੇਰੇ ਲਈ ਮਹਾਂ ਸੰਕਟ ਸੀ. ਸੋ ਮੇਰੀ ਦਿਲੀ ਇੱਛਾ ਏਹੋ ਸੀ ਕਿ ਮੈਂ ਆਪ ਹੀ ਪੁਸਤਕਾਂ ਮੁਲ ਲਵਾਂ, ਪਰ ਇਹ ਰੁਪਏ ਦੀ ਬੜੀ ਭਾਰੀ ਰਕਮ ਤੋਂ ਬਿਨਾਂ ਕਿਸ ਤਰ੍ਹਾਂ ਹੋ ਸਕਦਾ ਸੀ ! ਮੇਰੀ ਓਦੋਂ ਪੁਰਾਣੀ ਦਿੱਲੀ ਵਿੱਚ, ਹੌਜ਼ ਕਾਜ਼ੀ ਦੇ ਨੇੜੇ, (Hardware Emporium ਨਾਮਕ) ਲੋਹੇ ਤੇ ਬਿਜਲੀ ਦੇ ਸਾਮਾਨ ਦੀ, ਨਿਜ ਪਤਨੀ ਭ੍ਰਾਤਾ ਸ੍ਰਦਾਰ ਭਗਵਾਨ ਸਿੰਘ ਜੀ ਨਾਲ ਸਾਂਝੀ ਦੁਕਾਨ ਸੀ. ਉੱਥੇ ਨਵੀਂ ਦਿੱਲੀ ਤੋਂ ਅਨੇਕਾਂ ਸਿੱਖ ਠੇਕੇਦਾਰ ਮੇਰੇ ਪਾਸੋਂ ਮਾਲ ਖ਼ਰੀਦਣ ਔਂਦੇ ਸਨ. ਏਹਨਾਂ ਵਿੱਚ ਮੇਰੇ ਇੱਕ ਗਾਹਕ ਰਾਏ ਬਹਾਦਰ ਸ੍ਰਦਾਰ ਬਸਾਖਾ ਸਿੰਘ ਜੀ ਵੀ ਸਨ. ਇਹ ਰਾਏ ਬਹਾਦਰ ਜ਼ਾਹਿਰਾ ਤਾਂ ਇਸ ਦੁਨੀਆਂ ਦੀਆਂ ਰਾਜਸੀ ਇਮਾਰਤਾਂ ਲਈ ਇਮਾਰਤੀ ਸਾਮਾਨ ਦੇ ਮਹਾਨ ਗਾਹਕ ਸਨ ਪਰ ਦਰ ਅਸਲ (ਬਾਤਨ ਵਿੱਚ) ਇਹ ਗਲ ਨ ਸੀ. ਦਰ ਅਸਲ ਇਹ ਇੱਕ ਮਹਾਂ ਕਰਮ ਯੋਗੀ ਸਨ. ਇਹ ਦਸਾਂ ਸਤਿਗੁਰਾਂ ਦੇ ਅਨੁਰਾਗ ਸਾਗਰ ਵਿੱਚ ਕਿਸੇ ਗੁਪਤ ਟਾਪੂ ਦੇ ਵਸਨੀਕ ਸਨ. ਥੋੜੇ ਹੀ ਚਿਰ ਵਿੱਚ ਅੱਸੀਂ ਇੱਕ ਦੂਜੇ ਦੇ ਅੰਤਹ ਕਰਣ ਵਿੱਚ ਪ੍ਰਵੇਸ਼ ਕਰ ਗਏ. ਇੱਕ ਦਿਨ ਆਪੇ ਹੀ, ਬਿਨਾਂ ਮੇਰੇ ਕਹਿਣ ਤੋਂ, ਮੈਨੂੰ ਕਹਿਣ ਲੱਗੇ, "ਸ੍ਰਦਾਰ ਧਰਮਾਨੰਤ ਸਿੰਘ ਜੀ, ਜਿਨੀਆਂ ਵੀ ਕਿਤਾਬਾਂ ਦੀ ਲੋੜ ਹੋਇਆ ਕਰੇ, ਆਰਡਰ ਕਰ ਦਿੱਤਾ ਕਰੋ, ਤੇ ਵੀ. ਪੀ. ਮੇਰੇ ਨਾਮ ਦੀ ਕਰਵਾ ਦਿੱਤਾ ਕਰੋ." ਪਾਠਕ, ਕਿੰਨੇਕੁ ਇਸ ਭੂ-ਮੰਡਲ ਤੇ ਐਹਵਾ ਜਏ ਮਿਤ੍ਰ ਮਿਲਨਗੇ ! ਮੈਂ ਇਹ ਸੁਣ ਕੇ ਬੜਾ ਪ੍ਰਸੰਨ ਹੋਇਆ, ਤੇ ਦੁਨੀਆਂ ਦੀ ਸਭ ਤੋਂ ਵੱਡੀ ਕਿਤਾਬਾਂ ਦੀ ਦੁਕਾਨ (Times Book Club : London) ਤੋਂ ਕਿਤਾਬਾਂ ਮੰਗਵਾਣੀਆਂ ਸ਼ੁਰੂ ਕਰ ਦਿਤੀਆਂ. ਇੱਕ ਵੇਰ ਮੈਂ ਪਲੇਟੋ (PLATO) ਦੀਆਂ ਸਾਰੀਆਂ ਹੀ ਨਾਯਾਬ ਕਿਤਾਬਾਂ ਲਈ ਆਰਡਰ ਕਰ ਦਿੱਤਾ, ਜੋ ਢਾਈ ਹਜ਼ਾਰ ਰੁਪਏ ਦੇ ਕਰੀਬ ਦਾ ਸੀ. ਚਿੱਠੀ ਡਾਕ ਦੇ ਹਵਾਲੇ ਕਰਨ ਤੋਂ ਪਹਿਲਾਂ ਮੈਂ ਰਾਏ ਬਹਾਦਰ ਨੂੰ ਵਿਖਾਈ. ਇਸ ਵਿੱਚ ਕੁੱਝ ਕਿਤਾਬਾਂ ਦੇ ਨਾਮ ਲਿੱਖ ਕੇ ਮੈਂ ਕਟ ਦਿੱਤੇ ਹੋਏ ਸਨ. ਰਾਏ ਬਹਾਦਰ ਨੇ ਪੁਛਿਆ, "ਏਹਨਾਂ ਨੂੰ ਕਟ ਕਿਉਂ ਦਿੱਤਾ ਜੇ?" ਮੈਂ ਉੱਤਰ ਦਿੱਤਾ, "ਜੀ, ਬਿਲ ਤਿੰਨ ਹਜ਼ਾਰ ਰੁਪਏ ਤੋ ਜਾ ਪਹੁੰਚਣਾ

Sri Satguru Jagjit Singh Ji eLibrary NamdhariElibrary@gmail.com

ਸੀ !" ਸ੍ਰੀ ਕ੍ਰਿਸ਼ਣ ਵਾਂਗ ਪਰਮ ਪ੍ਰੇਮ ਨਾਲ ਮੁਸਕਰਾ ਕੇ ਕਹਿਣ ਲੱਗੇ, "ਭਾਵੇਂ ਛੇ ਹਜ਼ਾਰ ਤੇ ਜਾ ਪਹੁੰਚੇ, ਆਰਡਰ ਕਰ ਦਿਓ. ਮੈਂ ਜੁ ਬੈਠਾ ਹਾਂ !" ਮੈਂ ਸਾਰੀਆਂ ਲਈ ਆਰਡਰ ਕਰ ਦਿੱਤਾ. ਪਰ ਲੰਡਨ ਤੋਂ ਉੱਤਰ ਆਇਆ, "ਉਹ ਸਾਰਾ ਮੁਕੰਮਲ ਸੈਟ (Set) ਲਾਰਡ.....ਨੇ ਖ਼ਰੀਦ ਲਿਆ ਹੈ." ਮੇਰੀਆਂ ਬੀਸੀਓਂ ਕਿਤਾਬਾਂ ਪੁਰ ਕਿਧਰੇ ਨ ਕਿਧਰੇ ਲਿਖਿਆ ਹੋਇਆ ਹੈ, "ਰਾਏ ਬਹਾਦਰ ਸ੍ਰਦਾਰ ਬਸਾਖਾ ਸਿੰਘ ਦੀ ਬਖ਼ਸ਼ਸ਼." ਅਕਤੂਬਰ ਸਨ ੧੯੨੬ ਤੋਂ ਨਵੰਬਰ ੧੯੨੭ ਤਕ ਆਪ ਨੇ ਮੈਨੂੰ, ਮੇਰੇ ਪਰਿਵਾਰ ਸਮੇਤ, ਆਪਣੀ ਕੋਠੀ ਦੇ ਸਰਬੋਤਮ ਕੁਆਰਟਰ ਵਿੱਚ ਨਿਵਾਸ ਦਿੱਤਾ, ਤਾਂ ਜੋ ਮੈਂ ਦਿੱਲੀ ਦੇ ਪ੍ਰਸਿੱਧ ਪ੍ਰਾਈਵੇਟ, ਪਬਲਿਕ, ਤੇ ਸਰਕਾਰੀ ਪੁਸਤਕਾਲਿਆਂ ਤੋਂ ਲਾਭ ਉਠਾ ਸਕਾਂ. ਇਸ ਅਰਸੇ ਵਿੱਚ ਆਪ ਮੈਨੂੰ ਆਪਣੇ ਨਾਲ ਜੁਰਿੰਦਰ ਨਗਰ (ਧਰਮਸਾਲਾ) ਵਲ ਲੈ ਗਏ, ਜਿੱਥੇ ਉਹਨਾਂ ਨੇ ਰੇਲਵੇ ਲਾਈਨ ਦਾ ਠੇਕਾ ਲਿਆ ਹੋਇਆ ਸੀ. ਠੇਕੇ ਦੀ ਸਮਾਪਤੀ ਤੋਂ ਛੇਤੀ ਹੀ ਬਾਦ, ਇੱਕ ਵੇਰ, ਜਦ ਉਹ ਸ੍ਰੀ ਅੰਮ੍ਰਿਤਸਰੋਂ ਦਿੱਲੀ ਜਾਣ ਲੱਗੇ ਤਾਂ ਮੈਂ ਉਹਨਾਂ ਨੂੰ ਰੇਲਵੇ ਸਟੇਸ਼ਨ ਤੇ ਮਿਲ ਪਿਆ. ਮੇਰੇ ਨਾਲ ਮੇਰੇ ਪਰਮ ਮਿਤ੍ਰ ਸ੍ਰਦਾਰ ਚਰਨ ਸਿੰਘ ਜੀ ਧੁਪੀਆ ਵੀ ਸਨ. ਉੱਥੇ ਸਟੇਸ਼ਨ ਦੇ ਪਲੇਟ ਫ਼ਾਰਮ ਪਰ ਖੜੇ ਹੀ ਮੈਨੂੰ ਕਹਿਣ ਲੱਗੇ, "ਮੈਂ ਜੁਰਿੰਦਰ ਨਗਰ ਦੇ ਨਫ਼ੇ ਤੋਂ ਪੰਜ ਹਜ਼ਾਰ ਰੁਪਿਆ ਤੁਹਾਨੂੰ ਤੇ ਪੰਜ ਹਜ਼ਾਰ ਪ੍ਰੋਫ਼ੈਸਰ...ਸਿੰਘ ਨੂੰ ਦੇਣ ਦਾ ਪ੍ਰਣ ਕੀਤਾ ਸੀ. ਉਹ ਆਪਣਾ ਪੰਜ ਹਜ਼ਾਰ ਲੈ ਗਿਆ ਹੈ, ਤੁੱਸੀ ਵੀ ਆਪਣਾ ਹੁਣੇ ਲੈ ਲੋ, ਅੱਸਾਂ ਠੇਕੇ ਦਾਰਾਂ ਦਾ ਫਿਰ ਕੁੱਝ ਪਤਾ ਨਹੀਂ !" ਮੈਂ ਹੱਥ ਜੋੜ ਕੇ ਉੱਤਰ ਦਿੱਤਾ, "ਮੈਨੂੰ ਹਾਲੇ ਲੋੜ ਨਹੀਂ," ਰਾਏ ਬਹਾਦਰ ਬਸਾਖਾ ਸਿੰਘ ਭਾਈ ਗੁਰਦਾਸ ਜੀ ਦੀ ਬਾਣੀ ਦੇ ਹਾਫ਼ਿਜ਼ ਸਨ. ਉਹ "ਸਭ ਮਹਿ ਰਵਿ ਰਹਿਆ ਪ੍ਰਭੁ ਏਕੋ ਪੇਖਿ ਪੇਖਿ ਨਾਨਕ ਬਿਗਸਾਈ ॥" (ਕਾਨ : ਮ : ੫ ॥ ਪੰ : ੧੨੯੯) ਦਾ ਅਮਲੀ ਰਾਜ਼ ਜਾਣਦੇ ਸਨ. ਉਹਨਾਂ ਲਈ ਹਿੰਦੂ ਤੇ ਸਿੱਖ ਦੋਵੇਂ ਇੱਕੋ ਅਬਦੀ ਨੂਰ ਦੀਆਂ ਕਿਰਨਾਂ ਸਨ. ਉਹਨਾਂ ਲਈ ਸੱਚ, ਸੁੰਦਰਤਾ, ਤੇ ਨੇਕੀ (Truth, Beauty, and Goodness) ਵਿੱਚ ਦੱਸਾਂ ਸਤਿਗੁਰਾਂ ਦਾ ਨਿਵਾਸ ਸੀ. ਉਹ ਡਾਵਰ ਸੰਤਾਂ (Spider Saints) ਦੇ ਮੱਥੇ ਨ ਲਗਦੇ ਸਨ. ਜਿਨ੍ਹਾਂ ਨੇ ਮਲੀਨ ਉਡਣ ਕੀਟਾਂ ਨੂੰ ਫਸਾਣ ਲਈ ਅੱਜ ਦਿੱਲੀ ਦੀਆਂ ਸਾਰੀਆਂ ਦਿਸ਼ਾਵਾਂ ਵਿੱਚ ਜਾਲ ਫੈਲਾ ਰੱਖੇ ਹਨ. ਉਹਨਾਂ ਦੇ ਆਪਣੇ ਹਿਰਦੇ ਵਿੱਚ ਕਦੇ ਨ ਅਸਤ ਹੋਣ ਵਾਲੇ ਸੂਰਜ ਦਾ ਪ੍ਰਕਾਸ਼ ਸੀ. ਮੇਰਾ, ਸਚਖੰਡ ਦੇ ਧਨੀ ਦੀ ਗੋਦ ਵਿੱਚ ਉਹਨਾਂ ਦੀ ਵਿਅਕਤੀ ਨੂੰ ਨਮਸਕਾਰ ਹੈ !

Sri Satguru Jagjit Singh Ji eLibrary NamdhariElibrary@gmail.com

(੩) ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਨਾ ਤੇ ਡਾਕਟਰ ਹਰਨਾਮ ਸਿੰਘ ਜੀ ਬਡਰੁੱਖਾ (ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿੱਚ ਸੈਂਟ੍ਰਲ ਖ਼ਾਲਸਾ ਹਸਪਤਾਲ ਦੇ ਸੰਸਥਾਪਕ) ਨੇ ਸਨ ੧੯੨੨ ਵਿੱਚ ਸੂਦਾਰ ਗੋਬਿੰਦਰ ਸਿੰਘ ਜੀ ਸਿਬੀਆ, ਰਈਸ ਆਜ਼ਮ ਸੰਗਰੂਰ ਤਥਾ ਪਟਿਆਲਾ, ਨਾਲ ਮੇਰੀ ਪਰਿਚੈ ਕਰਵਾਈ. ਆਪ ਸ਼ਰਧਾ, ਸਭੁਜਤਾ, ਨੰਮ੍ਰਤਾ, ਪ੍ਰਾਹੁਣਾਚਾਰੀ, ਸਾਦਗੀ, ਤੇ ਗ਼ਰੀਬ ਪਰਵਰੀ ਦੇ ਦੇਵਤਾ ਸਨ. ਕਈ ਕਈ ਘੰਟੇ ਸਤਸੰਗ ਵਿੱਚ ਸਥਾਵਰ ਸ਼ਿਲਾ ਵਾਂਗ ਅਹਿਲ ਦਸ਼ਾ ਵਿੱਚ ਸਜੇ ਰਹਿੰਦੇ. ਉਹਨਾਂ ਦੀਆਂ ਸਾਰੀਆਂ ਸਿਫ਼ਤਾਂ ਦਾ ਉਹਨਾਂ ਨਾਲ ਰਹਿਣ ਤੋਂ ਹੀ ਗਿਆਨ ਹੁੰਦਾ ਸੀ. ਸਨ ੧੯੨੨, ੧੯੨੩, ਤੇ ੧੯੨੪ ਦੀਆਂ ਗਰਮੀਆਂ ਮੈਂ ਉਹਨਾਂ ਨਾਲ ਉਹਨਾਂ ਦੀ ਕੋਠੀ ਵਿੱਚ ਹੀ ਸਿਮਲੇ ਗੁਜ਼ਾਰੀਆਂ. ਉਹ ਵੀ ਜਦ ਸਨ ੧੯੨੮ ਤੋਂ ਬਾਦ ਕਦੇ ਸ੍ਰੀ ਅੰਮ੍ਰਿਤਸਰ ਔਂਦੇ ਤਾਂ ਮੈਨੂੰ ਹੀ ਨਿਵਾਜਦੇ. ਆਪ ਦਾ ਤਰੀਕਾ ਮੇਰੀ ਲਾਇਬ੍ਰੇਰੀ ਨੂੰ ਵਧਾਣ ਦਾ ਇਹ ਸੀ : ਆਪ ਅਕਸਰ ਮੈਥੋਂ ਨਵੀਆਂ ਤੇ ਵਧੀਆ ਕਿਤਾਬਾਂ ਦੇ ਨਾਮ ਪੁਛਦੇ, ਤੇ ਮੈਥੋਂ ਆਪਣੇ ਨਾਮ ਤੇ ਵੀ. ਪੀ. ਦਾ ਆਰਡਰ ਕਰਵਾ ਦੇਂਦੇ. ਜਦ ਕਿਤਾਬਾਂ ਆ ਜਾਂਦੀਆਂ ਤਾਂ ਆਪ ਕੁੱਝ ਦਿਨ ਮੇਰੀ ਸਹਾਇਤਾ ਨਾਲ ਉਹਨਾਂ ਵਿੱਚੋਂ ਕਿਸੇ ਕਿਸੇ ਨੂੰ ਇਧਰੋਂ ਉਧਰੋਂ ਪੜ੍ਹਦੇ. ਪਰ ਹਫ਼ਤੇ ਦੇ ਅੰਦਰ ਅੰਦਰ ਹੀ ਹਸਦਿਆਂ ਹਸਦਿਆਂ ਇਹ ਕਹਿ ਕੇ, "ਸੂਦਾਰ ਧਰਮਾਨੰਤ ਸਿੰਘ ਜੀ, ਮੈਨੂੰ ਤਾਂ ਏਹਨਾਂ ਦੀ ਕੱਖ ਸਮਝ ਨਹੀਂ ਪੈਂਦੀ, ਇਹ ਤੁੱਸੀ ਹੀ ਲੈ ਜਾਓ" ਸਾਰੀਆਂ ਕਿਤਾਬਾਂ ਮੇਰੇ ਹਵਾਲੇ ਕਰ ਦੇਂਦੇ. ਬਜਾਰ ਵਿੱਚ ਮੇਰੇ ਨਾਲ ਜਾਂਦੇ ਤਾਂ ਸਿੱਧੇ ਕਿਤਾਬਾਂ ਦੀਆਂ ਦੁਕਾਨਾਂ ਪਰ ਹੀ ਪਹੁੰਚਦੇ, ਤੇ ਉੱਥੇ ਵੀ ਮੈਥੋਂ ਏਹੋ ਪੁਛਦੇ, "ਕੇਹੜੀ ਕਿਤਾਬ ਨਵੀਂ ਤੇ ਵਧੀਆ, ਖ਼ਰੀਦਣ ਦੇ ਕਾਬਿਲ ਹੈ ?" ਮੇਰੇ ਦੱਸਣ ਪਰ ਝਟ ਆਰਡਰ ਕਰ ਦੇਂਦੇ ਤੇ ਕਿਤਾਬਾਂ ਕੋਠੀ ਵਿੱਚ ਪਹੁੰਚ ਜਾਂਦੀਆਂ. ਇੱਕ ਦਿਨ ਅੱਸੀਂ ਦੋਵੇਂ, ਸਿਮਲੇ, ਜਦ 'ਥੈਕਰ ਸਪਿੰਕ' ਦੀ ਹੱਟੀ ਅੱਗੋਂ ਲੰਘ ਰਹੇ ਸਾਂ ਤਾਂ ਉੱਥੇ ਕਿਤਾਬਾਂ ਦੇ ਕਈ ਨਿੱਕੇ ਵੱਡੇ ਬੰਡਲ ਸੇਬਿਆਂ ਨਾਲ, ਅੱਡ ਅੱਡ, ਬੱਝੇ ਪਏ ਹੋਏ ਵੇਖੇ. ਪਤਾ ਲੱਗਾ ਕਿ ਪੰਜਾਬ ਦੇ, ਵਲੈਤ ਨੂੰ ਵਾਪਿਸ ਜਾਣ ਵਾਲੇ, ਲੈਫ਼ਟੈਨੈਂਟ ਗਵਰਨਰ ਦੀ ਲਾਇਬ੍ਰੇਰੀ ਨੀਲਾਮ ਹੋਣ ਵਾਲੀ ਹੈ, ਤੇ ਗਾਹਕ ਆਪੋ ਆਪਣੀ ਚੋਣ (Selection) ਦੇ ਮੁਤਾਬਕ ਬੰਡਲ ਬੰਨ੍ਹ ਬੰਨ੍ਹ ਕੇ ਰਖਦੇ ਜਾਂਦੇ ਹਨ, ਜੋ ਅਗਲੇ ਦਿਨ ਨੀਲਾਮ ਹੋਣੇ ਹਨ. ਬਸ, ਫਿਰ ਕੀ ਸੀ, ਸੂਦਾਰ ਸਾਹਿਬ ਨੇ ਝਟ ਮੁਸਕਰਾਂਦਿਆਂ ਹੋਇਆਂ ਅੰਗ੍ਰੇਜ਼ ਮੈਨੇਜਰ ਨੂੰ ਕਿਹਾ, "ਮੇਰੇ ਦੋਸਤ ਵੀ ਆਪਣੀ ਚੋਣ ਦਾ ਇੱਕ ਬੰਡਲ ਬਣਾਨਗੇ." ਉਸ ਨੇ ਕਿਹਾ,

Sri Satguru Jagjit Singh Ji eLibrary NamdhariElibrary@gmail.com



(ਲੇਟ) ਸਰਦਾਰ ਗੋਬਿੰਦਰ ਸਿੰਘ ਸਿਬੀਆ ਰਈਸ ਸੰਗਰੂਰ ਤੇ ਪਟਿਆਲਾ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

"ਬੜੀ ਖ਼ੁਸ਼ੀ ਨਾਲ." ਸੋ ਮੈਂ ਵੀ ਕਿਤਾਬਾਂ ਚੁਣੀਆਂ, ਜੋ ਦੂਜੇ ਦਿਨ ਅੱਠ ਸੌ ਰੁਪਏ ਤੋਂ ਨੀਲਾਮ ਹੋਈਆਂ. ਰੁਪਏ 'ਬੈਕਰ ਸਪਿੰਕ' ਦੇ ਮੈਨੇਜਰ ਨੂੰ ਭੇਜ ਕੇ ਕਿਤਾਬਾਂ ਮੇਰੇ ਕਮਰੇ ਵਿੱਚ ਘਲ ਦਿਤੀਆਂ. ਸੰਤ ਅਤਰ ਸਿੰਘ ਜੀ ਮਹਾਰਾਜ ਜਦ ਸੰਗਰੂਰ ਔਂਦੇ ਤਾਂ ਸ੍ਰਦਾਰ ਗੋਬਿੰਦਰ ਸਿੰਘ ਸਾਹਿਬ ਦੀ ਹੀ ਕੋਠੀ ਯਾ ਬਾਗ਼ ਵਿੱਚ ਉਤਰਦੇ. ਕਈ ਕਈ ਹਫ਼ਤੇ ਲਗਾਤਾਰ ਅਕਾਲੀ ਬਾਣੀ ਦੇ ਪਾਠ ਤੇ ਕਥਾ ਕੀਰਤਨ ਦਾ ਰਸ ਬੱਝਾ ਰਹਿੰਦਾ. ਸੰਤਾਂ ਦੇ ਅੰਮ੍ਰਿਤ ਬਚਨ ਸੁਣਨ ਦਾ ਨਾਯਾਬ ਔਸਰ ਮਿਲਦਾ, ਆਪ ਨੇ ਜੀਵਨ ਦੇ ਅੰਤ ਤਕ ਮੇਰੇ ਪਰ ਕ੍ਰਿਪਾ ਦ੍ਰਿਸ਼ਟੀ ਰੱਖੀ. ਮੈਂ ਜਦ ਵੀ ਉਹਨਾਂ ਨੂੰ ਮਿਲਣ ਲਈ ਪਟਿਆਲੇ ਜਾਂਦਾ ਤਾਂ ਆਪ ਖ਼ੁਦ ਆਪਣੇ ਕਰ ਕਮਲਾਂ ਨਾਲ ਮੇਰੇ ਲਈ ਰਸੋਈ ਤੋਂ ਥਾਲ ਪਰੋਸਿਆ ਹੋਇਆ ਚੁਕ ਕੇ ਲਿਔਂਦੇ. ਮੈਂ ਉਹਨਾਂ ਦੇ ਮੁਕਤ ਸਰੂਪ ਅੱਗੇ ਦੋਇ ਕਰ ਜੋੜ ਮੱਥਾ ਟੇਕਦਾ ਹਾਂ ਤੇ ਸਿਦਕ ਪੂਰਬਕ ਨਿਜ ਕਲਿਆਣ ਹਿਤ ਉਹਨਾਂ ਤੋਂ ਵੀ ਅਸੀਸ ਮੰਗਦਾ ਹਾਂ.

(੪) ਚਿਰੰਕਾਲ ਤੋਂ ਮੈਂ ਚਾਰ ਸਿੱਖ ਵਿਦ੍ਵਾਨਾਂ ਦੇ ਨਾਮ ਸੁਣਦਾ ਸਾਂ: ਰਾਜਾ ਸਰ ਦਲਜੀਤ ਸਿੰਘ, ਸਰ ਜੁਗਿੰਦਰ ਸਿੰਘ, ਪ੍ਰੋਫ਼ੈਸਰ ਪੂਰਨ ਸਿੰਘ, ਤੇ ਸ੍ਰਦਾਰ ਉਮਰਾਓ ਸਿੰਘ ਮਜੀਠੀਆ. ਮੈਂ ਪਹਿਲਿਆਂ ਤਿੰਨਾਂ ਦੇ ਬਚਨਾਮ੍ਰਿਤ ਦਾ ਪਾਤ੍ਰ ਬਣ ਚੁਕਾ ਸਾਂ. ਏਹਨਾਂ ਤਿੰਨਾਂ ਵਿਚੋਂ ਕਿਸੇ ਦੇ ਕੋਲ ਬਹਿਣਾ ਕੀ ਸੀ, ਹਨੇਰੇ ਘੁੱਪ ਵਿੱਚੋਂ ਨਿਕਲ ਕੇ ਬਾਹਰ ਸੂਰਜ ਦੇ ਸਾਹਮਣੇ ਹੋਣਾ ਸੀ. ਇੱਕ ਵੇਰ ਸਿਮਲੇ ਸਨ ੧੯੨੩ ਵਿੱਚ ਪੰਡਿਤ ਮਦਨ ਮੋਹਨ ਜੀ ਮਾਲਵੀ ਮਿਊਨਿਸੀਪਲ ਹਾਲ ਵਿੱਚ ਲੈਕਚਰ ਦੇਣ ਲਈ ਜਿਉਂ ਹੀ ਖੜੇ ਹੋਏ ਸਰ ਤੇਜ ਬਹਾਦਰ ਸਪਰੂ ਕਿਤੇ ਦੂਰ ਬੈਠੇ ਹੋਏ ਉਹਨਾਂ ਦੀ ਨਜ਼ਰੀ ਪਏ. ਨਜ਼ਰੀ ਪੈਂਦਿਆਂ ਹੀ ਮਾਲਵੀ ਜੀ ਨੇ ਪੁਕਾਰ ਕੇ ਸਪਰੂ ਜੀ ਨੂੰ ਕਿਹਾ, "Come and inspire me by your presence (ਆਓ, ਮੇਰੇ ਕੋਲ ਬਹਿ ਕੇ ਮੇਰੇ ਵਿੱਚ ਸੋਚਣ ਤੇ ਬੋਲਣ ਦੀ ਰੂਹ ਫੂਕੋ)! ਰੱਬ ਗਵਾਹ ਜੇ, ਇਹ ਤਿੰਨੇ ਸੱਜਨ, ਜੋ ਏਹਨਾਂ ਦੇ ਕੋਲ ਬੈਠੇ, ਉਸ ਵਿੱਚ ਐਸੀ ਰੂਹ ਫੂਕਦੇ ਸਨ ਕਿ, ਇਹ ਹਿੰਦੂ ਹੈ—ਇਹ ਸਿੱਖ ਹੈ, ਇਸ ਦ੍ਵੈਤ ਦੇ ਭੂਤ ਦਾ, ਉਸ ਵਿੱਚੋਂ, ਮੂਲੋਂ ਹੀ ਮਲੀਆ ਮੇਟ ਕਰ ਦੇਂਦੇ ਸਨ. ਪਰ ਇਹ ਤਿੰਨੋਂ ਜੇ ਵਿਦ੍ਵਾਨਾਂ ਦੇ ਮੁਰਸ਼ਦ ਸਨ ਤਾਂ ਸ੍ਰਦਾਰ ਉਮਰਾਓ ਸਿੰਘ ਜੀ ਨਿਰਸੰਦੇਹ ਵਿਦ੍ਵਾਨਾਂ ਦੇ ਪੀਰ ਮੁਰਸ਼ਦ ਸਨ! ਮੈਨੂੰ ਸ੍ਰਦਾਰ ਉਮਰਾਓ ਸਿੰਘ ਦੀ ਛਤ੍ਰ ਛਾਇਆ ਹੇਠ ਲਿਆਣ ਵਾਲੇ ਸ੍ਰਦਾਰ ਹਰਬੰਸ ਸਿੰਘ ਜੀ ਅਟਾਰੀ ਸਨ, ਜੋ ਹਿੰਦੂ-ਸਿੱਖ ਦ੍ਵੈਤ ਦੀ ਮਲ ਤੋਂ ਸ਼ੁੱਧ ਸਫਟਿਕ ਮਣੀ ਵਾਂਗ ਨਿਰਮਲ ਸਨ. ਸ੍ਰਦਾਰ ਉਮਰਾਓ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਅਮ੍ਰਿਤਾ ਸ਼ੇਰਗਿਲ (ਪ੍ਰਸਿੱਧ ਆਰਟਿਸਟ) ਦੇ ਪਿਤਾ ਸਨ, ਤੇ ਕਈ ਦਹਾਕੇ ਯੂਰਪ ਵਿੱਚ ਰਹਿ ਕੇ ਆਪ ਦੇ ਪੰਜਾਂ ਹੀ ਕੋਸ਼ਾਂ ਦੇ ਪਰਮਾਣੂ, ਤੇ ਪਰਮ ਪਰਮਾਣੂ ਵੀ, ਉੱਚ ਵਿਦਿਆ ਨਾਲ ਸਿੰਚਿਤ ਹੋ ਗਏ ਸਨ. ਹੋਛੇ, ਫੋਕੇ, ਨੁਮਾਇਸ਼ੀ, ਸ਼ੇਖੀ ਖ਼ੋਰੇ ਵਿਦ੍ਵਾਨ ਆਪ ਦੀ ਮਨੋਹਰ ਮੂਰਤੀ ਤੋਂ ਏਦਾਂ ਹੀ ਕਤਰਾਂਦੇ ਸਨ ਜਿੱਦਾਂ ਸੁਕ੍ਰਾਤ ਤੋਂ ਯੂਨਾਨ ਦੇ ਸੋਫ਼ਿਸਟ ! ਇਸ ਪ੍ਰਕਾਰ ਦੇ ਅਨੇਕਾਂ ਹੀ ਨਜ਼ਾਰਿਆਂ ਦਾ ਮੈਂ ਆਪ ਸ਼ਾਖੀ ਹਾਂ. ਸੰਸਕ੍ਰਿਤ ਤੇ ਅੰਗ੍ਰੇਜ਼ੀ ਦੇ ਦਕਸ਼ ਵੇਤਾ, ਆਪ ਫ਼ਰੈਂਚ, ਜਰਮਨ, ਹੰਗੇਰੀਅਨ, ਅਰਬੀ, ਤੇ ਫ਼ਾਰਸੀ ਦੇ ਵੀ ਗਿਆਤਾ ਸਨ. ੧੯੩੬ ਤੋਂ ੧੯੪੫ ਤਕ, ਹਰ ਸਾਲ, ਅਗਸਤ ਤੇ ਸਤੰਬਰ, ਦੋ ਮਹੀਨੇ, ਮੈਂ ਆਪ ਦੇ ਇਲਮ ਦੀ ਰੋਸ਼ਨੀ ਤੇ ਪਿਆਰ ਸਤਕਾਰ ਦੀ ਨਿਘ ਵਿੱਚ ਸਿਮਲੇ ਗੁਜ਼ਾਰਦਾ ਰਿਹਾ. ਆਪ ਦੇ ਧਰਮ ਪਤਨੀ ਜੀ (Hungarian Lady) ਕੀ ਸਨ, ਧਰਮ ਦੇ ਦਸਾਂ ਹੀ ਅੰਗਾਂ ਦੀ ਮਾਨੋਂ ਜਿਉਂਦੀ ਜਾਗਦੀ ਪ੍ਰਤਿਮਾ ਸਨ, ਤੇ ਆਪ ਦਾ ਨਿਵਾਸ ਮੰਦਿਰ, (The Holme, Summer Hill) ਕਲਾ ਭਵਨ ਸੀ, ਪੁਸਤਕਾਲੈ ਸੀ, ਚਿਤ੍ਰ ਸ਼ਾਲਾ ਸੀ, ਵਿਗਿਆਨ ਆਸ਼੍ਰਮ ਤੇ ਸੰਤ ਸਦਨ ਸੀ. ਕਈ ਕਈ ਹਜ਼ਾਰ ਰੁਪੈਆਂ ਦੀਆਂ ਦੋ ਅਜ਼ੀਮ ਦੂਰਬੀਨਾਂ ਰਾਤ ਨੂੰ ਤਾਰਾ ਮੰਡਲ ਦੇ ਅਚੰਭੇ ਵੇਖਣ ਲਈ ਮੌਜੂਦ ਸਨ. ਸਹੀ ਵਕਤ ਪਰਖਣ ਲਈ ਇੱਕ ਨਿਹਾਇਤ ਕੀਮਤੀ ਕ੍ਰੋਨੋਮੀਟਰ ਸੀ, ਜਿਸ ਤੋਂ ਦੂਰਬੀਨ ਨਾਲ ਕਿਸੇ ਵਿਸ਼ੇਸ਼ ਤਾਰੇ ਵਲ, ਯੁਕਤੀ ਪੂਰਬਕ, ਵੇਖਣ ਦੁਆਰਾ, ਇੱਕ ਸਕਿੰਟ ਦੀ ਗ਼ਲਤੀ ਦਾ ਵੀ ਸਹਜੇ ਹੀ ਪਤਾ ਲਗ ਸਕਦਾ ਸੀ. ਆਪ ਅਦੁਤੀ ਫ਼ੋਟੋ ਗ੍ਰਾਫ਼ਰ ਤੇ ਮੈਕੈਨਿਕ ਸਨ : ਮੇਰੀਆਂ ਤਸਵੀਰਾਂ ਲੈਣ ਦਾ ਕੋਈ ਓੜਕ ਨਹੀਂ. ਟੇਲਰਿੰਗ ਤੇ ਸ਼ੂ ਮੇਕਿੰਗ ਦੇ ਮਾਹਿਰ, ਮੈਡੀਕਲ ਮਜ਼ਮੂਨਾਂ ਵਿੱਚ ਨਿਪੁਣ, ਆਪ ਰਾਤ ਦੇ ਦੋ ਦੋ ਵਜੇ ਤਕ ਯੋਗ ਤੇ ਵੇਦਾਂਤ ਦੇ ਗੁੰਝਲਦਾਰ ਸਿੱਧਾਂਤਾਂ ਨੂੰ ਸੁਲਝਾਣ ਵਾਲੇ ਆਚਾਰਯ ਸਨ. ਸਾਦਾ, ਸੱਚੇ, ਸੰਜਮੀ, ਤੰਦਰੁਸਤ, ਤੇਜ਼ ਰਫ਼ਤਾਰ, ਨਿਰਭੈ, ਸ਼ਰਮੀਲੇ, ਤੇ ਖ਼ੁਸ਼ ਮਿਜ਼ਾਜ ਸਨ. ਘਰ ਮਿੱਲਣ ਵਾਲੇ ਕੌਣ ਕੌਣ ਔਂਦੇ ਸਨ, ਸੰਸਾਰ ਦੇ ਭਿੰਨ ਭਿੰਨ ਮੁਲਕਾਂ ਦੇ ਸਰਕਾਰੀ ਸਫ਼ੀਰ, ਧੁਰੰਦ੍ਰ ਸਾਹਿਤਕਾਰ, ਕਵੀ, ਕਲਾਕਾਰ, ਰਾਗੀ, ਨਿਰਤਕਾਰ, ਸਿਰਦਾਰ, ਤੇ ਰਾਜਕੁਮਾਰ. ਮੇਰੇ ਲਈ ਆਪ ਨੇ ਸੰਸਕ੍ਰਿਤ ਦੇ ਦੋ ਪੰਡਿਤ ਲਗਾ ਰੱਖੇ ਸਨ : ਇੱਕ ਸਵੇਰ ਲਈ, ਇੱਕ ਸ਼ਾਮ ਲਈ; ਇੱਕ ਉਪਨਿਸ਼ਦਾਂ ਲਈ, ਦੂਜਾ ਖਟ ਦਰਸ਼ਨਾਂ ਲਈ. ਜਦ ਉਹ ਪੜ੍ਹਾਂਦੇ ਸਨ ਤਾਂ ਆਪ ਕੋਲ ਹੀ ਬੈਠਦੇ ਸਨ. ਕੀ ਮਜਾਲ ਕਿ ਕੋਈ ਪੰਡਿਤ ਪਾਠ ਕਰਦਿਆਂ ਕਿਸੇ ਇੱਕ ਅੱਖਰ ਯਾ ਮਾਤ੍ਰਾ ਦੀ ਵੀ ਅਸ਼ੁੱਧੀ ਕਰ ਦੇਵੇ ! ਜੇ ਕਰੇ ਤਾਂ ਆਪ ਫ਼ੌਰਨ ਬੜੀ ਧੀਮੀ ਆਵਾਜ਼ ਵਿੱਚ

Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਸਨ, "ਜ਼ਰਾ ਦੇਖਨਾ ਤੋ ਪੰਡਿਤ ਜੀ, ਕਹੀਂ ਪਾਠ ਐਸੇ...ਤੋ ਨਹੀਂ ?" ਪੰਡਿਤ ਜੀ ਝਟ ਉੱਤਰ ਦੇਂਦੇ ਸਨ, "ਹਾਂ, ਮਹਾਰਾਜ, ਐਸੇ...ਹੀ ਹੈ." ਵਿਚਾਰੇ ਥਰ ਥਰ ਕੰਬਦੇ ਰਹਿੰਦੇ ਸਨ ! ਇੱਕ ਸਾਲ ਜਦ ਮੈਂ ਉਹਨਾਂ ਦੇ ਪਾਸ ਹੀ ਸੀ, ਮੈਸੂਰ ਯੂਨੀਵਰਸਿਟੀ ਦੇ ਵਡੇਰਿਆਂ ਵਲੋਂ ਆਪ ਨੂੰ ਸੰਸਕ੍ਰਿਤ ਵਿਆਕਰਣ ਦੇ ਇੱਕ ਵਿਸ਼ੇਸ਼ ਵਿਸ਼ੇ ਤੇ ਤਿੰਨ ਵਿਆਖਿਆਨ ਦੇਣ ਲਈ ਦਾਵਤ ਆਈ. ਪਰ ਆਪ ਨੇ ਜਾਣ ਤੋਂ ਨਾਂਹ ਕਰ ਦਿੱਤੀ. ਕਹਿਣ ਲੱਗੇ, "ਉਹਨਾਂ ਨੇ ਮੈਨੂੰ ਰੁਪਏ (ਉਜਰਤ) ਦੇਣ ਦਾ ਲਾਲਚ ਕਿਉਂ ਦਿੱਤਾ ਹੈ ?" ਅੰਗ੍ਰੇਜ਼ੀ ਵਿੱਚ ਜੋ ਅਣਗਿਣਤ (ਟਾਈਪਡ) ਚਿਠੀਆਂ ਆਪ ਨੇ ਮੈਨੂੰ ਲਿਖੀਆਂ, ਜੇ ਉਹਨਾਂ ਨੂੰ ਛਪਵਾਇਆ ਜਾਂਦਾ, ਤਾਂ ਸਾਹਿਤਯਿਕ, ਸੁਗਿਆਨਿਕ, ਤੇ ਧਾਰਮਿਕ ਮਜ਼ਮੂਨਾਂ ਦੀ ਇੱਕ ਉੱਤਮ ਪੁਸਤਕ ਤਿਆਰ ਹੋ ਜਾਂਦੀ, ਪਰ ਆਪ ਨੇ ਇਹ ਕਰਨ ਦੀ ਆਗਿਆ ਨ ਦਿੱਤੀ. ਮੈਨੂੰ ਇੱਕ ਵੇਰ ਆਪਣੇ ਮਹਾਨ ਪੁਸਤਕ ਭੰਡਾਰ ਵਿੱਚ, ਬੈਠੇ, ਕਹਿਣ ਲੱਗੇ, "ਜੇਹੜੀਆਂ, ਤੇ ਜਿਨੀਆਂ ਵੀ, ਕਿਤਾਬਾਂ ਲਿਜਾਣੀਆਂ ਚਾਹੋ, ਲੈ ਜਾਓ, ਬਾਰਾਂ ਵਰ੍ਹਿਆਂ ਮਗਰੋਂ ਵਾਪਿਸ ਕਰ ਦੇਣਾ." ਮੈਂ ਕਿਹਾ, "ਮਨਜ਼ੂਰ !" ਸੋ, ਮੈਂ ਅੱਸੀ ਕਿਤਾਬਾਂ ਲੈ ਆਇਆ ਤੇ ਠੀਕ ਬਾਰਾਂ ਵਰ੍ਹਿਆਂ ਬਾਦ ਉਹਨਾਂ ਨੂੰ ਵਾਪਿਸ ਕਰ ਦਿੱਤਾ. ਪਾਠਕ, ਮੈਂ ਕੇਹੜੀ ਵਿਦਿਆ ਤੇ ਕੇਹੜੇ ਬਿਬੇਕ ਦੁਆਰਾ ਐਸੇ ਮਹਾਂ ਪੁਰਖ ਮਿਤ੍ਰ ਦੀ ਆਰਤੀ ਉਤਾਰਾਂ, ਜੋ ਮੈਨੂੰ ਕਦੇ ਪਿਤਾ ਵਾਂਗ, ਕਦੇ ਭ੍ਰਾਤਾ ਵਾਂਗ, ਕਦੇ ਉਸਤਾਦ ਵਾਂਗ—ਤੇ ਕਦੇ ਸ਼ਾਗਿਰਦ ਵਾਂਗ, ਵੀ, ਲਾਡ ਲਡਾਂਦੇ ਰਹੇ ਹਨ, ਤੇ ਮੇਰੇ ਜੀਵਨ ਦੇ ਦਿਨਾਂ ਨੂੰ ਰਸੀਲੇ ਤੇ ਚਮਕੀਲੇ ਸੁੱਖਾਂ ਨਾਲ ਸਜਾਂਦੇ ਤੇ ਵਧਾਂਦੇ ਰਹੇ ਹਨ ! ਮੈਂ ਹੁਣ ਵੀ ਆਪ ਦਾ ਪਿਆਰਾ ਹੱਥ ਆਪਣੇ ਸੀਸ ਤੇ ਮਹਿਸੂਸ ਕਰਦਾ ਹਾਂ ! ਆਪ ਸ੍ਰਦਾਰ ਸਰ ਸੁੰਦਰ ਸਿੰਘ ਜੀ ਮਜੀਠੀਆ ਦੇ ਭਿਰਾ, ਤੇ ਸ੍ਰਦਾਰ ਸੁਰਜੀਤ ਸਿੰਘ ਜੀ ਮਜੀਠਿਆ ਦੇ ਤਾਏ ਸਨ.

(੫) ਚੰਦਨ ਬਿਰਖ ਦੇ ਸੰਬੰਧ ਵਿੱਚ ਪ੍ਰਸਿੱਧ ਹੈ ਕਿ ਇਸ ਦੀ ਸੁਗੰਧ ਇਸ ਦੇ ਸਾਰੇ ਹੀ ਗਵਾਂਢੀ ਬਿਰਖਾਂ ਵਿੱਚ ਪ੍ਰਵੇਸ਼ ਕਰ ਜਾਂਦੀ ਹੈ ਤੇ ਉਹਨਾਂ ਨੂੰ ਵੀ ਸੁਗੰਧਿਤ ਬਣਾ ਦੇਂਦੀ ਹੈ, ਏਦਾਂ ਹੀ ਕਈ ਸੁਭਾਗੇ ਸੁਲਖਣੇ ਮਨੁੱਖ ਵੀ ਹੁੰਦੇ ਹਨ. ਇਹ ਕੁਲ-ਭੂਸ਼ਣ ਜਿੱਥੇ ਬੈਠਦੇ ਹਨ ਤੇ ਜਿੱਥੇ ਬੋਲਦੇ ਹਨ ਉਹ ਥਾਂ ਸੁਹਾਵਣੀ ਪ੍ਰਤੀਤ ਹੋਣ ਲਗ ਪੈਂਦੀ ਹੈ. ਉੱਥੋਂ ਉੱਠਣ ਤੇ ਜੀ ਨਹੀਂ ਕਰਦਾ. ਬਾਰ ਬਾਰ ਉਹਨਾਂ ਵਲ ਜਾਣ ਨੂੰ ਚਿੱਤ ਕਰਦਾ ਹੈ. ਜੇ ਉਹਨਾਂ ਨੂੰ ਭੁਲੌਣ ਦਾ ਯਤਨ ਵੀ ਕੀਤਾ ਜਾਏ ਤਾਂ ਉਹ ਨਹੀਂ ਭੁਲਦੇ. ਐਸੇ ਮਨੁਖ ਦੀ ਵਿਅਕਤੀ ਵੀ ਚੰਦਨ ਵਾਂਗ ਆਪਣੇ ਚੌਗਿਰਦੇ ਨੂੰ ਸੁਗੰਧਿਤ ਕਰ ਦੇਂਦੀ ਹੈ.

Sri Satguru Jagjit Singh Ji eLibrary NamdhariElibrary@gmail.com

ਮਨੁੱਖ ਦੀ ਸੁਗੰਧੀ ਮਨੁੱਖ ਦਾ ਸਤੋਗੁਣ ਹੈ. ਸਾਤਵਿਕ ਮਨੁੱਖ ਦਾ ਸ਼ਰੀਰ ਭਾਵੇਂ ਸੋਹਣਾ ਹੋਵੇ ਭਾਵੇਂ ਕੁਹਜਾ, ਭਾਵੇਂ ਕੀਮਤੀ ਗਹਿਣਿਆਂ ਤੇ ਬਸਤ੍ਰਾਂ ਨਾਲ ਵਿਭੂਸ਼ਿਤ ਹੋਵੇ ਭਾਵੇਂ ਬਿਲਕੁਲ ਸਾਦਾ, ਉਹ ਸਾਰੀਆਂ ਹਾਲਤਾਂ ਵਿੱਚ ਹਰ ਮਨ ਪਿਆਰਾ ਹੁੰਦਾ ਹੈ. ਵਾਸਤਵ ਵਿੱਚ ਮਨੁੱਖ ਦਾ ਅਸਲੀ ਭੂਸ਼ਣ ਸਤੋਗੁਣ ਹੀ ਹੈ, ਤੇ ਸਤੋਗੁਣ ਦੀ ਸਭ ਤੋਂ ਵੱਡੀ ਨੁਮਾਇਸ਼ ਮਨੁੱਖ ਦੇ ਬੋਲਣ ਤੋਂ ਹੁੰਦੀ ਹੈ. ਜਿੱਕੁਰ ਖੰਡ ਯਾ ਮਿਸਰੀ ਪਾਣੀ ਨੂੰ ਮਿੱਠਾ ਬਣਾ ਦੇਂਦੀ ਹੈ ਇੱਕੁਰ ਹੀ ਸਤੋਗੁਣ ਮਨੁਖ ਦੇ ਬੋਲਣ ਨੂੰ ਮਿੱਠਾ ਬਣਾ ਦੇਂਦਾ ਹੈ. ਪਰ ਐਹਵਾ ਜਏ ਮਨੁੱਖ ਜੀਵਨ ਵਿੱਚ ਕਦੇ ਢੂੰਢਿਆਂ ਨਹੀਂ ਮਿਲਦੇ. ਜੇ ਮਿਲਨ ਤਾਂ ਐਵੇਂ ਮਿਲ ਪੈਂਦੇ ਹਨ. ਪਰ ਹੁੰਦੇ ਬਹੁਤ ਘਟ ਹਨ. ਸਾਡੇ ਨੇੜੇ ਦੇ ਆਕਾਸ਼ ਵਿੱਚ ਚੰਦ੍ਰਮਾਂ ਵੀ ਤਾਂ ਇੱਕੋ ਹੈ। ਸਾਡੇ ਦੂਰ ਦੇ ਗਗਨਾਂ ਵਿੱਚ ਪ੍ਰਥਮ ਪ੍ਰਭਾ (First Magnitude) ਦੇ ਤਾਰੇ ਵੀ ਤਾਂ ਕੁਲ ਅਠਾਰਾਂ ਹੀ ਹਨ. ਐਹਵਾ ਜਏ ਮਨੁੱਖ ਆਪਣੀ ਜਾਣ ਪਛਾਣ ਲਈ ਵਿਸ਼ੇਸ਼ ਚਿਨ੍ਹਾਂ ਦੁਆਰਾ ਆਪਣੇ ਆਪਨੂੰ ਅਲੰਕ੍ਰਿਤ ਨਹੀਂ ਕਰਦੇ. ਉਹ ਲੋਕਾਂ ਨੂੰ ਗੁਪਤੀ ਪੋਰ ਪੋਰ ਕੇ ਆਪਣੇ ਅਭਿਨੰਦਨ ਗ੍ਰੰਥ ਨਹੀਂ ਲਿਖਵਾਂਦੇ, ਆਪਣੇ ਕਮਜ਼ੋਰ ਦਿਲ ਮਾਤਹਤਾਂ ਤੋਂ ਆਪਣੀ ਪ੍ਰਸ਼ੰਸਾ ਦੇ ਸਿਹਰੇ ਸੁਣਨ ਦੇ ਚਾਹਵਾਨ ਨਹੀਂ. ਉਹ ਭਰਥਰੀ ਹਰਿ ਨਾਲ ਪੁਕਾਰ ੨ ਕੇ ਕਹਿੰਦੇ ਹਨ, "ਕੇਯੂਰਾ ਨ." (ਨੀਤਿਸ਼ਤਕ)... ਉਹਨਾਂ ਦਾ ਉੱਦੇਸ਼ ਇੱਕੋ ਹੈ, ਉਹਨਾਂ ਦਾ ਆਦਰਸ਼ ਇੱਕੋ ਹੈ, ਉਹਨਾਂ ਦਾ ਧਿਆਨ ਇੱਕੋ ਹੈ, ਉਹਨਾਂ ਦਾ ਈਮਾਨ ਇੱਕੋ ਹੈ, ਅਰਥਾਤ ਪਰੋਪਕਾਰ. ਲੋੜਵੰਦ ਦੀ ਤਨ, ਮਨ, ਧਨ ਦੁਆਰਾ ਸੇਵਾ, ਜਗਤ ਲਈ ਸ਼ੁਭ ਵਾਸਨਾਵਾਂ ਦਾ ਪ੍ਰਸਾਰ ! ਮੇਰੇ ਬੰਧੂ ਜਨਾਂ ਦੇ ਵਿਸ਼ਾਲ ਗੁਲਸ਼ਨ ਵਿੱਚ ਡਾਕਟਰ ਹਰਨਾਮ ਸਿੰਘ ਜੀ (M.A., Ph. D., P. E. S., Bar-at-Law,) ਐਸੇ ਹੀ ਮਾਨਵ ਰਤਨ ਸਨ. ਮੇਰੇ ਲਈ ਏਹਨਾਂ ਦੇ ਹਿਰਦੇ ਵਿੱਚ ਬੰਧੂ ਬਣਨ ਤੋਂ ਬਹੁਤ ਪਹਿਲਾਂ ਹੀ ਮੈਤ੍ਰੀ ਭਾਵ ਦਾ ਵਿਕਾਸ ਹੋ ਚੁਕਾ ਸੀ, ਤੇ ਏਹਨਾਂ ਦੇ ਇਸ ਭਾਵ ਨੇ ਮੈਨੂੰ ਸੁਖ, ਸਫਲਤਾ, ਤੇ ਪ੍ਰਸੰਨਤਾ ਦੇ ਗਿਣਤੀ ਰਹਿਤ ਦ੍ਰਿਸ਼ਯ ਵਿਖਾਏ, ਤੇ ਜੀਵਨ ਦੇ ਹਰ ਬਿਖੜੇ ਪੰਧ ਤੋਂ ਲੰਘਣ ਲਈ ਏਹਨਾਂ ਦੇ ਮੈਤ੍ਰੀ ਭਾਵ ਨੇ ਮੇਰੀ ਬਾਂਹ ਪਕੜੀ. ਮੈਂ ੧੯੧੨ ਵਿੱਚ ਲੰਡਨ ਤੋਂ ਭਾਰਤ ਆਣ ਵੇਲੇ ਆਪਣੀਆਂ ਸਾਰੀਆਂ ਕਿਤਾਬਾਂ ਆਪਣੇ ਨਾਲ ਨ ਲਿਆ ਸਕਿਆ. ਪੂਰੀਆਂ ਪੰਜ ਸੌ ਉੱਥੇ ਹੀ ਛਡਣੀਆਂ ਪਈਆਂ. ਸੋਲਾਂ ਵਰ੍ਹੇ ਬੀਤ ਗਏ. ੧੯੨੮ ਵਿੱਚ ਹਰਨਾਮ ਸਿੰਘ ਜੀ ਲੰਡਨ ਪਹੁੰਚੇ ਤੇ ਠੀਕ ਸਤਾਰਾਂ ਵਰ੍ਹਿਆਂ ਮਗਰੋਂ ਨਿਹਾਇਤ ਹਿਫ਼ਾਜ਼ਤ ਨਾਲ ਇਹ ਪੁਸਤਕਾਂ ਬਕਸਾਂ ਵਿੱਚ ਬੰਦ ਕਰ ਕੇ ਉੱਥੋਂ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

(ਲੇਟ) ਡਾ. ਹਰਨਾਮ ਸਿੰਘ ਐਮ. ਏ., ਪੀਐਚ. ਡੀ.

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਭੇਜੀਆਂ. ਇਸ ਤੋਂ ਪਾਠਕ ਅੰਦਾਜ਼ਾ ਲਾਏ ਕਿ ਹਰਨਾਮ ਸਿੰਘ ਜੀ ਦੇ ਮਨ ਵਿੱਚ ਇਸ ਕੀਟ ਲਈ ਮੈਤ੍ਰੀ ਭਾਵ ਦੀ ਕਿੰਨੀਕੁ ਅਮਿਤ ਮਾਤ੍ਰਾ ਮੌਜੂਦ ਸੀ; ਨਾਲੇ ਉਸ ਫ਼ਰਿਸ਼ਤਾ ਸੀਰਤ ਟੱਬਰ ਨੂੰ ਆਫ਼ਰੀਨ ਕਹਿਣ ਵਿੱਚ ਵੀ ਪਾਠਕ ਮੇਰਾ ਸਾਥ ਦੇਵੇ ਜਿਸ ਨੇ ਸਤਾਰਾਂ ਵਰ੍ਹਿਆਂ ਮਗਰੋਂ ਸਾਰੀਆਂ ਕਿਤਾਬਾਂ ਬਿਨਾਂ ਹੀਲੋ ਹੁੱਜਤ; ਬਿਨਾ ਇੱਕ ਪੈਸਾ ਵੀ ਕਿਰਾਏ ਵੱਜੋਂ ਮੰਗਣ ਦੇ, ਜਿਉਂ ਕੀਆਂ ਤਿਉਂ, ਪਿਆਰ ਸਤਕਾਰ ਨਾਲ, ਮੇਰੀ ਚਿੱਠੀ ਵੇਖ ਕੇ ਹਰਨਾਮ ਜੀ ਦੇ ਹਵਾਲੇ ਕਰ ਦਿਤੀਆਂ. ਇਹ ਸੀ ਮਿਸਟਰ ਗਾਰਸਟੈਂਗ ਦਾ ਟੱਬਰ (Mr. Garstang of 36, Priory Avenue, Priory Road, London. N.). ਇਹ ਕੇਵਲ ਮੇਰੇ ਮਿਤ੍ਰ ਹੀ ਸਨ. ਮੈਂ ਏਹਨਾਂ ਦੇ ਮਕਾਨ ਵਿੱਚ ਕਦੇ ਨਹੀਂ ਰਿਹਾ, ਤੇ ਨਾਂ ਹੀ ਏਹਨਾਂ ਨੂੰ ਕਦੇ ਇੱਕ ਦਮੜੀ ਦੀ ਕੋਈ ਵਸਤ ਹੀ ਦਿੱਤੀ ਸੀ. ਮੈਂ ਜਦ ੧੯੦੭ ਵਿੱਚ ਦੋ ਸਾਲ ਲਈ ਬਸਰੇ ਗਿਆ ਤਾਂ ਕੁੱਝ ਕਿਤਾਬਾਂ ਇੱਕ ਪ੍ਰੇਮੀ ਭਾਈ ਦੇ ਘਰ (ਜ਼ਿਲਾ ਅੰਮ੍ਰਿਤਸਰ ਦੇ ਇੱਕ ਪ੍ਰਸਿੱਧ ਨਗਰ ਵਿੱਚ) ਰੱਖ ਗਿਆ. ਵਾਪਸੀ ਪੁਰ ਅਧੀਆਂ ਗ਼ਾਇਬ ਸਨ. ਹਰਨਾਮ ਸਿੰਘ ਜੀ ਫ਼ਰਵਰੀ ੧੯੬੨ ਵਿੱਚ ਸਦੀਵਤਾ ਦੀ ਗੋਦ ਵਿੱਚ ਸਮਾ ਗਏ, ਉਹ ਡਾਕਟਰ ਚਾਨਣ ਸਿੰਘ ਜੀ ਮਿੰਟਗੁਮਰੀ ਨਿਵਾਸੀ ਦੇ ਆਤਮਜ ਤੇ ਮੇਰੀ ਸੁਪਤਨੀ ਦੇ ਭ੍ਰਾਤਾ ਸਨ.

(੬) ਮੈਤ੍ਰੀ ਭਾਵ ਦੀ ਕਲਾ, ਪੂਰਨ ਸ਼ਸ਼ਾਂਕ ਵਾਂਗ, ਮੈਨੂੰ, ਇੱਕ ਅਲੌਕਿਕ ਹਿਰਦੇ ਵਿੱਚ ਚਮਕਦੀ ਦਿੱਸੀ. ਇਸ ਦੀ ਸੀਤਲ ਪ੍ਰਭਾ ਵਿੱਚ ਪੁਸ਼ਪਾਂ ਦੀਆਂ ਕਲੀਆਂ ਖਿਲੀਆਂ, ਕਮਲਾਂ ਦੇ ਪੁੰਜ ਬਿਗਸੇ ! ਜਿੱਕੁਰ ਲੌਕਿਕ ਚੰਦ੍ਰਮਾਂ ਦੀ ਸ਼ੋਭਨੀਕ ਕਾਂਤੀ ਚਕੋਰ ਮਾਤ੍ਰ ਲਈ ਇੱਕੋ ਜਈ ਸੁਖਦਾਈ ਹੈ, ਇੱਕੁਰ ਹੀ ਇਸ ਅਲੌਕਿਕ ਸ਼ਸ਼ਾਂਕ ਦੀ ਮਿਤ੍ਰਤਾ ਵੀ ਮੈਨੂੰ ਹਰ ਸਾਤ੍ਰਿਕ ਮਨੁਖ ਲਈ ਸਮਾਨ ਮਾਤ੍ਰਾ ਵਿੱਚ ਸੁਖ, ਸਫਲਤਾ, ਤੇ ਪ੍ਰਸੰਨਤਾ ਦਾ ਸੋਮਾ ਭਾਸੀ. ਸਨ ੧੯੨੩ ਦੀਆਂ ਗਰਮੀਆਂ ਵਿੱਚ, ਸਿਮਲੇ, ਇੱਕ ਸੁਭਾਗੇ ਦਿਨ, ਸ੍ਰਦਾਰ ਗੋਬਿੰਦਰ ਸਿੰਘ ਸਿਬੀਆ ਦੀ ਕੋਠੀ, ਕੈਨਿਲਵਰਥ, ਵਿੱਚ, ਉਹਨਾਂ ਦੇ ਸੁਪੁਤ੍ਰ ਸ੍ਰਦਾਰ ਗੁਰਬਚਨ ਸਿੰਘ ਦੁਆਰਾ, ਮੇਰੀ ਸ੍ਰਦਾਰ ਬੂਟਾ ਸਿੰਘ ਜੀ ਰਈਸ ਨੁਸ਼ੈਹਰਾ ਨੰਗਲੀ, ਅੰਮ੍ਰਿਤਸਰ, ਨਾਲ ਪਹਿਲੀ ਵੇਰ ਭੇਂਟ ਹੋਈ. ਮੈਂ ਉਸ ਤੋਂ ਪਹਿਲਾਂ ਅਨੇਕਾਂ ਹੀ ਰਈਸਾਂ ਤੇ ਰਾਜਕੁਮਾਰਾਂ ਨੂੰ ਮਿਲ ਚੁਕਾ ਸਾਂ. ਰਾਜੇ ਮਹਾਰਾਜੇ ਵੀ ਵੇਖੇ ਸਨ. ਅਨੇਕਾਂ ਨਾਲ ਗੱਲਾਂ ਵੀ ਕੀਤੀਆਂ ਸਨ. ਮੈਨੂੰ ਉਹਨਾਂ ਵਿੱਚੋਂ ਕਈਆਂ ਦੇ ਮਾਨ ਸਤਕਾਰ ਦਾ ਪਾਤ੍ਰ ਹੋਣ ਦੀ ਖੁਸ਼ੀ ਵੀ ਪ੍ਰਾਪਤ ਹੋ ਚੁਕੀ ਸੀ. ਪਰ ਸ੍ਰਦਾਰ ਬੂਟਾ ਸਿੰਘ ਦੇ ਆਭਾ ਚਕ੍ਰ (Aura) ਦੀ ਵਿਸ਼ੇਸ਼ਤਾ ਅਵਰਣਨੀਯ ਤੇ

Sri Satguru Jagjit Singh Ji eLibrary NamdhariElibrary@gmail.com

ਅਨਿਰ-ਵਾਚਯ ਸੀ ! ਇਸ ਦੀਆਂ ਗੁਪਤ ਕਿਰਨਾਂ ਵਿੱਚ ਇੱਕ ਸਥਾਈ ਸ਼ਾਂਤੀ ਸੀ. ਮੈਂ ਆਪ ਵਲ ਇਉਂ ਨੀਝ ਲਾ ਕੇ ਤਕਦਾ ਰਿਹਾ ਜਿਵੇਂ ਕਿਸੇ ਮਿਥਿਹਾਸਿਕ ਯਾ ਇਤਿਹਾਸਿਕ ਵਿਅਕਤੀ ਦੇ ਪ੍ਰਤਿਸ਼ਠਿਤ ਚਿਤ੍ਰ ਵਲ ਤਕਦਾ ! ਮੇਰਾ ਸਮੀਪ ਸੰਪਰਕ ਆਪ ਦੇ ਨਾਲ ਸਨ ੧੯੩੯ ਤੋਂ ਅਰੰਭ ਹੋਇਆ. ਇਸ ਸਮੇਂ ਤਕ ਆਪ ਦਾ ਨਾਮ ਪ੍ਰਸਿੱਧੀ ਦੀ ਹਰ ਉੱਤਮ ਸ਼ਿਲਾ ਉੱਤੇ ਸੁਨਹਿਰੀ ਅਖਰਾਂ ਵਿੱਚ ਉਕਰਿਆ ਜਾ ਚੁਕਾ ਸੀ. ਧਾਰਮਿਕ, ਸਿਯਾਸੀ, ਦਰਬਾਰੀ, ਵਿਦਜਕ, ਤੇ ਬਿਵਹਾਰਿਕ ਮੰਡਲਾਂ ਵਿੱਚ ਆਪਦੀ ਮਹਿਮਾ ਤੇ ਤੇਜ ਪ੍ਰਤਾਪ ਦਾ ਸਤਾਰਾ ਪੰਜਾਬ ਵਿੱਚ ਹੀ ਨਹੀਂ ਸਾਰੇ ਭਾਰਤ ਵਿੱਚ ਬਲੰਦ ਹੋ ਚੁਕਾ ਸੀ. ਹਰ ਸਭਾ, ਹਰ ਸਮਾਜ, ਹਰ ਮਜਲਿਸ ਵਿੱਚ ਆਪ, ਹਰ ਤਰ੍ਹਾਂ, ਹਰ ਇੱਕ ਨੂੰ, ਇੱਕੋ ਜਏ ਮਕਬੂਲ ਨਜ਼ਰ ਆਂਦੇ ਸਨ. ਆਪ ਕੌਂਸਲ ਆਫ਼ ਸਟੇਟ ਦੇ ਮੈਂਬਰ ਸਨ, ਆਨਰੇਬਲ ਸਨ; ਆਪ ਨੂੰ ਸੀ. ਬੀ. ਈ. (Commander of the Order of the British Empire) ਦੀ ਦੁਰਲਭ ਵਡਿਆਈ ਵੀ ਪ੍ਰਾਪਤ ਹੋ ਚੁਕੀ ਸੀ. ਹੁਣ ੧੯੪੧ ਸੀ. ਆਪ ਨੂੰ ਇੱਕ ਪਤ੍ਰਿਕਾ ਗਵਰਨਰ-ਪੰਜਾਬ(B. Glancy) ਵੱਲੋਂ, ਮਿਤੀ ੨੨. ੧੧. ੪੧ ਦੀ, ਲਹੌਰੋਂ ਲਿੱਖੀ ਹੋਈ, ਮਿਲੀ. ਇਸ ਵਿੱਚ ਵਾਈਸਰਾਏ ਹਿੰਦ ਦੀ ਆਪ ਨੂੰ (Adviser to the Secretary of State for India, in London) ਬਣਾਣ ਦੀ ਇੱਛਾ ਪ੍ਰਗਟ ਕੀਤੀ ਹੋਈ ਸੀ, ਤੇ ਨਾਲ ਹੀ ਵਾਈਸਰਾਏ ਵੱਲੋਂ ਇਸ ਅਤਿ ਮਹਾਨ ਉੱਚ ਸਤਕਾਰ ਲਈ ਆਪ ਨੂੰ ਵਧਾਈ ਦਿੱਤੀ ਹੋਈ ਸੀ. ਪਰ ਆਪ ਨੇ ਇਸ ਦੇ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ. ਆਪ ਨੂੰ ਛੇਤੀ ਹੀ ਸਭ ਤੋਂ ਛੋਟੀ ਉਮਰ ਵਿੱਚ 'ਸਰ' ਦੀ ਅਜ਼ਮਤ ਨਾਲ ਅਲੰਕ੍ਰਿਤ ਕੀਤਾ ਗਿਆ; ਭਾਰਤ ਦੇ ਹੋਰ ਕਈ ਵਿਸ਼ਿਸ਼ਟ ਰਤਨਾਂ ਨਾਲ ਯੁੱਧ ਦੇ ਮਹਾਂ ਛੇਤ੍ਰਾਂ ਦਾ ਮੁਆਇਨਾ ਕਰਨ ਲਈ ਪੱਛਮ ਘਲਿਆ ਗਿਆ. ਫ਼ੌਜੀ ਮਹਿਕਮੇਂ ਵਿੱਚ ਆਪ ਦੇ ਅਤਯੰਤ ਪਰਿਸ਼੍ਰਮ, ਪ੍ਰਯਾਸ, ਤੇ ਉਦਯੋਗ ਦੇ ਸਦਕੇ ਆਪ ਨੂੰ ਲੈਫ਼ਟੈਨੈਂਟ ਕਰਨਲ ਦੀ ਪਦਵੀ ਪਰ ਆਰੂੜ੍ਹ ਕੀਤਾ ਗਿਆ. ਹੁਣ ੧੯੪੭ ਵਿੱਚ ਜਗਦੰਬਾ ਨੇ ਭਾਰਤ ਦੇ ਦੁਖੀ ਪੁਤ੍ਰਾਂ ਦੀ ਸਦੀਆਂ ਮਗਰੋਂ ਪਹਿਲੀ ਵੇਰ ਪੁਕਾਰ ਸੁਣ ਲਈ, ਦੁਖੀ ਅਣਗਿਣਤ, ਅੰਗ੍ਰੇਜ਼ਾਂ ਤੋਂ ਆਜ਼ਾਦ ਹੋ ਗਏ, ਤੇ ਤਤਛਿਨ ਮਹਿਕੂਮ ਤੋਂ ਹਾਕਿਮ ਹੋ ਗਏ. ਸਰ ਬੂਟਾ ਸਿੰਘ ਦੀ ਸ਼ਾਨ ਤੇ ਸਦਾਕਤ ਨੂੰ, ਲਿਆਕਤ, ਅਜ਼ਮਤ ਤੇ ਆਲੀ ਦਮਾਗ਼ ਨੂੰ, ਨਵੇਂ ਹਾਕਮਾਂ ਨੇ ਵੀ ਪਛਾਣਿਆ, ਆਪ ਕਰਨਲ ਹੋ ਗਏ. ਸ੍ਰੇਸ਼ਟ ਤੇ ਮੁਫ਼ੀਦ ਜੀਵਨ ਦੀ ਕੋਈ ਸਰਗਰਮੀ ਐਸੀ ਨਹੀਂ ਜਿਸ ਵਿੱਚ ਭਾਗ ਲੈਣ ਤੋਂ ਆਪ ਸੰਕੋਚ ਕਰਨ. ਗ਼ਰੀਬ ਤੇ ਬੇ ਕਸ ਦੀ ਆਵਾਜ਼

Sri Satguru Jagjit Singh Ji eLibrary NamdhariElibrary@gmail.com

ਕਰਨਲ ਸਰ ਬੂਟਾ ਸਿੰਘ ਸੀ. ਬੀ. ਈ.

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸੁਣਨ ਲਈ ਆਪ ਨੂੰ ਸਦਾ ਫ਼ੁਰਸਤ ਹੈ, ਅਰ ਮਿਤ੍ਰਾਂ ਦੇ ਗੁੰਝਲ ਸੁਲਝਾਣ ਲਈ ਆਪ ਵਿੱਚ ਅਮਲੀ ਹਿਕਮਤ ਤੇ ਹਮਦਰਦੀ ਹੈ. ਪਿਛਲੇ ਦਸਾਂ ਵਰ੍ਹਿਆਂ ਤੋਂ ਖ਼ਾਲਸਾ ਕਾਲਜ, ਅੰਮ੍ਰਿਤਸਰ, ਵਰਗੀ ਮਹਾਪ੍ਰਮਾਣ ਵਿਦਜਕ ਸੰਸਥਾ ਦੀ ਬਿਖਮ ਸੇਵਾ ਬੜੀ ਇਨਕਿਸਾਰੀ, ਹੈਰਤ ਅੰਗੇਜ਼ ਕਾਮਯਾਬੀ ਤੇ ਮੁਕੰਮਲ ਬੇਗ਼ਰਜ਼ੀ ਨਾਲ ਨਿਭਾ ਰਹੇ ਹਨ. ਆਪ ਦੀ ਬਲੰਦ ਖ਼ਿਆਲੀ ਵਿੱਚ ਹਿੰਦੂ ਤੇ ਸਿੱਖ ਸਰਵਥਾ ਸਮਾਨ ਹਨ, ਹਾਂ ਜੀ, ਹਿੰਦੂ ਸਿੱਖ ਇਤਹਾਦ ਨੂੰ ਆਪ ਦੇਸ਼ ਦੀ ਭਵਿਖਜਤ ਸਲਾਮਤੀ, ਨਿਗਹਬਾਨੀ, ਤੇ ਮਜ਼ਬੂਤੀ ਦਾ ਬੀਜ ਖ਼ਿਆਲ ਕਰਦੇ ਹਨ. ਸੂਰਜ ਦੀਆਂ ਕਿਰਨਾਂ ਜ਼ਰੂਰ ਕਦੇ ਦਿਸਦੀਆਂ ਹਨ ਤੇ ਕਦੇ ਨਜ਼ਰ ਤੋਂ ਉਹਲੇ ਹੋ ਜਾਂਦੀਆਂ ਹਨ, ਪਰ ਸਰ ਬੂਟਾ ਸਿੰਘ ਦੇ ਉਤਕ੍ਰਿਸ਼ਟ ਹਿਰਦੇ ਤੋਂ ਤੇ ਮੁਬਾਰਕ ਮਸਤਕ ਤੋਂ, ਮੇਰੇ ਲਈ, ਜੋ ਮੈਤ੍ਰੀ ਭਾਵ ਦੀਆਂ ਰਸ਼ਮੀਆਂ ਨਿਕਲ-ਦੀਆਂ ਹਨ, ਉਹ ਮੈਂ ਕਦੇ ਵੀ ਦ੍ਰਿਸ਼ਟੀ ਤੋਂ ਅੱਜ ਤਕ ਉਹਲੇ ਹੁੰਦੀਆਂ ਨਹੀਂ ਵੇਖੀਆਂ. ਆਪ ਦਾ ਜਨਮ ਸਨ ੧੯੦੩ ਦਾ ਹੈ. ਆਪ ਸਰ ਅਰੂੜ ਸਿੰਘ ਜੀ (ਨਾਈਟ, ਸੀ. ਆਈ. ਈ.) ਦੇ ਅੰਗਜ, ਤੇ ਜਗਤ ਵਿਖਿਆਤ ਸਰ ਜੁਗਿੰਦਰ ਸਿੰਘ ਸਾਹਿਬ ਦੇ ਜਾਮਾਤ੍ਰੀ ਹਨ.

(੭) ਦੇਵਯੋਗ (ਦੈਵ ਯਾਗ, Chance) ਨੇ ਸੰਸਾਰ ਵਿੱਚ ਅਨੇਕਾਂ ਪ੍ਰਸਿੱਧ ਪਰਿਵਰਤਨ ਲਿਆਂਦੇ ਹਨ, ਅਰ ਦੇਵਯੋਗ ਵਿੱਚ, ਜਿਹਾ ਕਿ ਇਸ ਸ਼ਬਦ ਦੀ ਰਚਨਾ ਤੋਂ ਹੀ ਸਪਸ਼ਟ ਹੋ ਰਿਹਾ ਹੈ, ਸਿਵਾਏ ਹਰੀ ਇਛਯਾ ਦੇ ਹੋਰ ਕੋਈ ਵੀ ਪ੍ਰਗਟ ਕਾਰਣ ਕੰਮ ਕਰਦਾ ਹੋਇਆ ਦ੍ਰਿਸ਼ਟੀ ਨਹੀਂ ਪੈਂਦਾ. 'ਦੇਵਯੋਗ' ਕਿਸੇ ਐਸੀ ਅਚਾਨਕ ਘਟਨਾ ਦਾ ਨਾਮ ਹੈ ਜੋ ਕਿਸੇ ਅਤਯੰਤ ਲਾਭ ਯਾ ਹਾਨੀ ਦਾ ਕਾਰਣ ਸਿੱਧ ਹੋਵੇ. ਸੁਗਿਆਨ, ਵਿਗਿਆਨ, ਤੇ ਸਿਆਸਤ ਦੀਆਂ, ਅਰ ਮਨੁੱਖ ਦੇ ਸਾਧਾਰਣ ਦੈਨਿਕ ਜੀਵਨ ਦੀਆਂ ਬੇਸ਼ੁਮਾਰ ਘਟਨਾਵਾਂ ਇਸ ਕਥਨ ਦੀ ਸਚਾਈ ਦੀਆਂ ਸਾਖੀ ਹਨ. ਦੁਨੀਆਂ ਦੇ ਕਈ ਪ੍ਰਸਿੱਧ ਯੁੱਧਾਂ ਦੇ ਪਰਿਣਾਮ ਵੀ ਇਸ ਦਾਵੇ ਦੀ ਸਪ੍ਰਮਾਣਤਾ (Validity) ਦਾ ਐਲਾਨ ਕਰ ਰਹੇ ਹਨ. ਬਾਵਾ ਗੁਰਮੁਖ ਸਿੰਘ ਜੀ ਭੱਲਾ, ਪ੍ਰਸਿੱਧ ਪਰੋਪਕਾਰੀ, ਦਾ ਮਕਾਨ, ਇੱਥੇ ਅੰਮ੍ਰਿਤਸਰ ਵਿੱਚ, ਮੇਰੇ ਮਕਾਨ ਤੋਂ ਤਕਰੀਬਨ ਤਿੰਨ ਮੀਲ ਦੀ ਵਾਟ ਪਰ ਹੈ. ਉਹ ਮੈਡੀਕਲ ਕਾਲਜ ਤੋਂ ਇੱਕ ਫ਼ਰਲਾਂਗ ਪਰੇ ਹਨ, ਤੇ ਮੈਂ ਖ਼ਾਲਸਾ ਕਾਲਜ ਤੋਂ ਇਤਨਾ ਹੀ ਫ਼ਾਸਲਾ ਉਰੇ ਹਾਂ. ਭਾਵੇਂ ਮੇਰਾ ਚਿੱਤ, ਉਹਨਾਂ ਦੀ ਮੇਰੇ ਪਰ ਅਤਯੰਤ ਦਯਾ ਦ੍ਰਿਸ਼ਟੀ ਦੇ ਕਾਰਣ, ਉਹਨਾਂ ਦੇ ਦਰਸ਼ਨ ਲਈ ਅਕਸਰ ਉਤਸੁਕ ਰਹਿੰਦਾ ਹੈ ਤਾਂ ਵੀ ਆਪਣੀ ਬ੍ਰਿੱਧ ਅਵਸਥਾ ਤੇ ਫ਼ਾਸਲੇ ਦੀ ਦੂਰੀ ਕਰ ਕੇ ਮੈਂ ਉਹਨਾਂ ਵਲ ਸਾਲ ਵਿੱਚ ਕਦੇ ਇੱਕ ਯਾ ਦੋ ਵੇਰ ਹੀ ਜਾਂਦਾ ਹਾਂ. ੧੫ ਅਪ੍ਰੈਲ ੧੯੫੭ ਦੀ ਦੁਪਹਿਰ ਦੇ ਦੋ

Sri Satguru Jagjit Singh Ji eLibrary NamdhariElibrary@gmail.com

ਵਜੇ ਸਨ. ਬਾਵਾ ਜੀ ਨੂੰ ਮਿਲਿਆਂ ਇੱਕ ਵੱਰ੍ਹੇ ਤੋਂ ਉੱਪਰ ਹੋ ਚੁਕਾ ਸੀ ਕਿ ਅਚਣਚੇਤ ਮੇਰੇ ਮਨ ਉਹਨਾਂ ਦੇ ਮਿਲਣ ਲਈ ਤੀਬ੍ਰ ਇਛਯਾ ਪ੍ਰਗਟੀ. ਮੈਨੂੰ ਭੋਜਨ ਛਕਣ ਲਈ ਕਿਹਾ ਗਿਆ, ਪਰ ਮੈਂ ਨਹੀਂ ਛਕਿਆ, ਤੇ ਤਤਕਾਲ ਉਹਨਾਂ ਦੇ ਘਰ ਵਲ ਪੈਦਲ ਹੀ ਤੁਰ ਪਿਆ, ਹਾਲਾਂ ਕਿ ਇਸ ਤੋਂ ਪਹਿਲਾਂ ਮੈਂ ਕਦੇ ਵੀ ਪੈਦਲ ਨ ਗਿਆ ਸੀ. ਇੱਕ ਘੰਟੇ ਮਗਰੋਂ ਉਹਨਾਂ ਦੀ ਕੋਠੀ ਵਿੱਚ ਪਹੁੰਚਣ ਤੇ ਉਹਨਾਂ ਦੇ ਸੁਪੁਤ੍ਰ ਬਾਵਾ ਹਰਿਭਜਨ ਸਿੰਘ ਜੀ ਤੋਂ, ਪਤਾ ਲੱਗਾ ਕਿ ਬਾਵਾ ਜੀ ਅੰਮ੍ਰਿਤ-ਸਰ ਨ ਸਨ. ਮੈਂ ਇਹ ਸੁਣ ਕੇ ਵਾਪਿਸ ਮੁੜਨ ਹੀ ਲੱਗਾ ਸਾਂ ਕਿ ਠੀਕ ਉਸੇ ਸਮੇਂ ਇੱਕ ਕਾਰ ਵਿੱਚ ਬਾਵਾ ਜੀ ਨੂੰ ਮਿਲਣ ਲਈ ਕੋਈ ਹੋਰ ਸੱਜਣ ਆ ਗਏ. ਕੁਮਾਰ ਬਾਵਾ ਜੀ ਨੇ ਮੈਨੂੰ ਏਹਨਾਂ ਨਾਲ ਅਤਿ ਪ੍ਰੇਮ ਸਤਕਾਰ ਪੂਰਿਤ ਸ਼ਬਦਾਂ ਦੁਆਰਾ ਪਰਿਚਿਤ ਕਰਵਾਇਆ. ਇਹ ਭਾਰਤ ਦੀ ਸੁਪ੍ਰੀਮ ਕੋਰਟ ਦੇ ਪ੍ਰਮੁਖ ਜਸਟਿਸ (ਸਾਬਕ) ਸ਼੍ਰੀ ਮਿਹਰ ਚੰਦ ਜੀ ਮਹਾਜਨ ਸਨ, ਜੋ ਸੱਚ ਮੁੱਚ ਹੀ ਇਨ-ਸਾਨੀ ਜਾਮੇ ਵਿੱਚ ਮੈਨੂੰ ਮਿਹਰ ਦੇ ਚੰਨ ਨਜ਼ਰ ਆਏ. ਅੱਸੀਂ ਦੋਵੇਂ ਗੱਲੀਂ ਲਗ ਪਏ, ਤੇ ਬਾਵਾ ਜੀ ਪ੍ਰਫੁੱਲਿਤ ਹਿਰਦੇ ਨਾਲ ਮੁਸਕਰਾਂਦੇ ਹੋਏ ਚੁੱਪ ਚਾਪ ਬੈਠੇ ਰਹੇ. ਪਰ ਜਿਵੇਂ ਨਿਯਾਯ ਦੇ ਪਰਮ ਉੱਚ ਸਿੰਘਾਸਣਾਂ ਤੇ, ਸਜਣ ਵਾਲਿਆਂ ਜਗਤ ਵਿਖਿਆਤ (ਨਿਯਾਯਾਧੀਸ਼ਾਂ) ਵਿੱਚੋਂ ਕਈ ਇੱਕ ਦੇ ਸੰਬੰਧ ਵਿੱਚ ਲਿਖਿਆ ਹੈ ਕਿ ਉਹਨਾਂ ਨੂੰ ਫਿਤਰਤਨ ਹੀ ਦਰਪੇਸ਼ ਮਾਮਲੇ ਦੀ ਹਕੀਕਤ ਦਾ ਸਹੀ ਸਹੀ ਪਤਾ ਲਗ ਜਾਂਦਾ ਸੀ, ਇਵੇਂ ਹੀ ਮਹਾਜਨ ਜੀ ਨੇ ਪੰਜ ਮਿੰਟ ਤੋਂ ਵੀ ਘਟ ਅਰਸੇ ਵਿੱਚ ਮੇਰੀ ਛਾਨ ਬੀਨ ਕਰ ਲਈ, ਤੇ ਉਹਨਾਂ ਨੂੰ ਮੇਰੀ ਹਕੀਕਤ ਦਾ ਬਿਨਾ ਕਿਸੇ ਵਾਧੂ ਪੁੱਛ ਗਿੱਛ ਤੋਂ, ਸਹੀ ਸਹੀ ਗਿਆਨ ਹੋ ਗਿਆ. ਇਹ ਬਿਲਕੁਲ ਹੀ ਪ੍ਰਸਪਰ ਸ਼ੈਰੋ ਆਫ਼ੀਯਤ ਸੰਬੰਧੀ ਸਾਧਾਰਣ ਬਚਨ ਬਿਲਾਸ ਸੀ. ਪਰ ਮੈਂ ਵੀ ਤਤਕਾਲ ਸਹੀ ਸਹੀ ਸਮਝ ਲਿਆ ਕਿ ਆਪ ਦੇ ਹਿਰਦੇ ਵਿੱਚ ਮੇਰੇ ਲਈ ਮੈਤ੍ਰੀ ਭਾਵ ਦਾ ਭਾਨੁ ਉਦੈ ਹੋ ਚੁਕਾ ਹੈ. ਸੋ ਮੈਂ ਸ਼ਪਸ਼ਟ ਸ਼ਬਦਾਂ ਵਿੱਚ ਉਹਨਾਂ ਪ੍ਰਤੀ ਬੇਨਤੀ ਕੀਤੀ ਕਿ "ਮੈਂ ਸਿੱਖ ਮਿਤ੍ਰਾਂ ਦੀ ਸਹਾਇਤਾ ਦੁਆਰਾ ਹਿੰਦੂ ਸਿੱਖ ਏਕਤਾ ਦੇ ਵਿਸ਼ੇ ਪਰ ਇੱਕ ਪੁਸਤਕ ਤਿਆਰ ਕੀਤੀ ਹੈ, ਮੈਂ ਚਾਹੁੰਦਾ ਹਾਂ ਕਿ ਮੇਰੇ ਹਿੰਦੂ ਮਿਤ੍ਰ ਉਸ ਨੂੰ ਛਪਵਾਨ ਤੇ ਪ੍ਰਕਾਸ਼ਿਤ ਕਰਨ." ਉਹਨਾਂ ਨੇ ਇਸ ਦੇ ਉੱਤਰ ਵਿੱਚ ਮੁਤਲਿਕ ਕੋਈ ਪ੍ਰਸ਼ਨਾਵਲੀ ਨਹੀਂ ਛੇੜੀ, ਕੇਵਲ ਇਹ ਕਿਹਾ, "ਹੱਛਾ, ਸ੍ਰਦਾਰ ਸਾਹਿਬ, ਕਲ ਇਸੇ ਵੇਲੇ ਇੱਥੇ ਦਰਸ਼ਨ ਦੇਣੇ." ਉਸ ਵਕਤ ਦੁਪਹਿਰ ਦੇ ਚਾਰ ਵਜੇ ਸਨ. ਮੈਂ ਦੂਜੇ ਦਿਨ ਉਸੇ ਵੇਲੇ ਉੱਥੇ ਪਹੁੰਚ ਗਿਆ. ਮੇਰੇ ਪਹੁੰਚਣ ਤੋਂ ਦਸ ਮਿੰਟ ਬਾਦ ਮਹਾਜਨ ਸਾਹਿਬ ਪਹੁੰਚ ਗਏ. ਉਹਨਾਂ ਦੇ ਨਾਲ ਮਹਾਸ਼ੈ

Sri Satguru Jagjit Singh Ji eLibrary NamdhariElibrary@gmail.com

ਸ਼੍ਰੀ ਮਾਨ ਡਾਕਟਰ ਮਿਹਰ ਚੰਦ ਜੀ ਮਹਾਜਨ, ਰੀਟਾਇਰਡ ਚੀਫ਼ ਜਸਟਿਸ ਔਫ਼ ਇੰਡੀਆ ਜਿਨ੍ਹਾਂ ਦੀ ਪ੍ਰੇਰਣਾ ਅਤੇ ਕ੍ਰਿਪਾ ਦੁਆਰਾ ਹੀ 'ਵੈਦਿਕ ਗੁਰਮਤਿ' ਦਾ ਪ੍ਰਾਦੁਰਭਾਵ ਹੋ ਸਕਿਆ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕ੍ਰਿਸ਼ਣ ਜੀ (ਐਡੀਟਰ ਤੇ ਮਾਲਿਕ "ਡੇਲੀ ਪ੍ਰਤਾਪ") ਤੇ ਪ੍ਰਿਨਸੀਪਲ ਸੂਰਜ ਭਾਨ ਜੀ (ਹੁਣ ਵਾਈਸ ਚਾਨਸਲਰ ਕੁਰੁਕਸ਼ੇਤ੍ਰ ਯੂਨੀਵਰਸਿਟੀ) ਵੀ ਸਨ. ਮਹਾਸ਼ੇ ਜੀ ਮੈਨੂੰ ਪਹਿਲਾਂ ਵੀ ਜਾਣਦੇ ਸਨ, ਪਰ ਮੋਟਰ ਤੋਂ ਉਤਰਦਿਆਂ ਹੀ ਮਹਾਜਨ ਸਾਹਬ ਨੇ ਮੈਨੂੰ ਦੋਹਾਂ ਮਹਾਨੁਭਾਵਾਂ ਨਾਲ ਪਰਿਚਿਤ ਕਰਵਾਇਆ ਤੇ ਤਤਛਿਨ ਪ੍ਰਿਨਸੀਪਲ ਸਾਹਿਬ ਵਲ ਇਸ਼ਾਰਾ ਕਰ ਕੇ ਕਿਹਾ, "ਤੁੱਸੀ, ਸੂਦਾਰ ਸਾਹਬ, ਏਹਨਾਂ ਨਾਲ ਅੰਦਰ ਜਾ ਕੇ ਗਲਬਾਤ ਕਰ ਲੋ." ਬਸ, ਮੈਂ ਤੇ ਪ੍ਰਿਨਸੀਪਲ ਸਾਹਬ ਬਾਵਾ ਗੁਰਮੁਖ ਸਿੰਘ ਸਾਹਬ ਦੇ ਡਰਾਇੰਗ ਰੂਮ ਵਿੱਚ ਚਲੇ ਗਏ, ਉੱਥੇ ਮਹਾਭਾਗ ਪ੍ਰਿਨਸੀਪਲ ਸਾਹਿਬ ਨੇ ਵੀ ਮੈਨੂੰ ਕਿਸੇ ਪ੍ਰਕਾਰ ਦੀ ਲੰਮੀ ਪ੍ਰਸ਼ਨਾਵਲੀ ਨਾਲ ਹੈਰਾਣ ਨਹੀਂ ਕੀਤਾ, ਸਗੋਂ ਪੁਛਿਆ ਪੁਸਤਕ ਛਪਵਾਣ ਤੋਂ ਇਲਾਵਾ, ਪਹਿਲਾਂ, ਜੇ ਕਿਸੇ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਵੀ ਦੱਸੋ." ਮੈਂ ਉੱਤਰ ਵਿੱਚ ਜੋ ਆਵਸ਼ਜਕ ਸੀ ਕਹਿ ਦਿੱਤਾ ਤੇ ਉਹਨਾਂ ਨੇ ਪਰਮ ਸਤਕਾਰ ਨਾਲ ਪਰਵਾਣ ਕਰ ਲਿਆ, ਨਾਲੇ ਇਹ ਵੀ ਨਿਸਚਿਤ ਤੌਰ ਤੇ ਦਸ ਦਿੱਤਾ ਕਿ ਆਰਯ ਪ੍ਰਾਦੇਸ਼ਿਕ ਪ੍ਰਤਿ ਨਿਧੀ ਸਭਾ ਪੰਜਾਬ, ਮੇਰੀ ਪੁਸਤਕ ਛਪਵਾ ਦੇਵੇਗੀ. ਹਾਂ ਜੀ, ਇਸ ਗੁਪਤ ਕਾਰਵਾਈ ਦੀ ਸਮਾਪਤੀ ਵਿੱਚ ਵੀ ਪੰਜ ਮਿੰਟ ਤੋਂ ਵਧੀਕ ਨਹੀਂ ਲੱਗੇ ! ਉਪ੍ਰੰਤ, ਮੈਂ ਸਭ ਨੂੰ ਨਮਸਕਾਰ ਕਰ ਕੇ ਘਰ ਆ ਗਿਆ. ਉਸ ਤੋਂ ਬਾਦ ਏਹਨਾਂ ਅੱਠਾਂ ਵਰ੍ਹਿਆਂ ਵਿੱਚ, ਮੇਰੇ ਨਾਲ ਜੋ ਜੋ ਬਚਨ ਅਪ੍ਰੈਲ ੧੯੫੭ ਵਿੱਚ ਕੀਤੇ ਗਏ ਸਨ, ਉਹਨਾਂ ਨੂੰ ਅੱਖਰ ਅੱਖਰ ਪ੍ਰਤਿਨਿਧੀ ਸਭਾ ਨੇ ਪਾਲਿਆ ਹੈ, ਮੈਂ ਇਸ ਸਤਕਾਰਿਤ ਸਭਾ ਦੀ ਸਦਾ ਸਲਾਮਤੀ ਲਈ, ਅਰ ਇਸ ਦੇ ਪ੍ਰਤਯੇਕ ਸਭਾਸਦ ਦੀ ਖ਼ੁਸ਼ਹਾਲੀ ਤੇ ਬਹਬੂਦੀ ਲਈ ਸਤਿਗੁਰਾਂ ਦੇ ਹਜ਼ੂਰ ਦੋਇ ਕਰ ਜੋੜ ਅਰਦਾਸ ਕਰਦਾ ਹਾਂ, ਕਬੂਲ ਹੋਵੇ ! ਪੁਸਤਕ ਨੂੰ ਛਾਪਣ ਦੀ ਅਤਿ ਕਠਿਨ ਤੇ ਮਹਾਂ ਪਰਿਸ਼੍ਰਮ ਪੂਰਤਿ ਸੇਵਾ ਜੋ ਆਰ-ਰਾਜਾ ਪ੍ਰਿੰਟਿੰਗ ਪ੍ਰੈਸ, ਹਾਲ ਬਜ਼ਾਰ, ਅੰਮ੍ਰਿਤਸਰ, ਦੇ ਮਾਲਿਕ ਸ੍ਰੀ ਓਮ ਪ੍ਰਕਾਸ਼ ਜੀ ਭੂਸ਼ਣ, ਤੇ ਉਹਨਾਂ ਦੇ ਵਿਗਜ-ਪ੍ਰਸ਼ੰਸਨੀਯ ਪਿਤਾ ਗਿਆਨੀ ਪਿੰਡੀ ਦਾਸ ਜੀ, ਨੇ ਕੀਤੀ ਹੈ, ਉਸ ਦਾ ਪੂਰਾ ਅੰਦਾਜ਼ਾ ਮੈਂ ਹੀ ਲਾ ਸਕਦਾ ਹਾਂ, ਕਿ ਕਿਸ ਦਿਲਚਸਪੀ ਖ਼ੁਸ਼ਉਸਲੂਬੀ, ਤੇ ਖ਼ੁਸ਼ ਮਿਜ਼ਾਜੀ ਨਾਲ ਉਹਨਾਂ ਨੇ ਇਸ ਬਿਖਮ ਕਾਰਜ ਨੂੰ ਸਿਰੇ ਚੜ੍ਹਾਇਆ ਹੈ. ਸਤਿਗੁਰੂ ਏਹਨਾਂ ਦੇ ਅੰਗ ਸੰਗ ਸਹਾਈ ਹੋਵਨ, ਤੇ ਏਹਨਾਂ ਨੂੰ ਸਦਾ ਚੜ੍ਹ-ਦੀਆਂ ਕਲਾਂ ਤੇ ਰੱਖਣ ! ਗਿਆਨੀ ਜੀ ਦੀ ਵਿਸਤ੍ਰਿਤ ਭੂਮਿਕਾ ਤੋਂ ਉਹਨਾਂ ਦੀ ਵਿਵਿਧ ਵਿਦਿਆ ਤੇ ਚਿੱਤ-ਵਿਸ਼ਾਲਤਾ ਦੇ ਤਾਂ ਸੂਯੰ ਹੀ ਦਰਸ਼ਨ ਹੋ ਰਹੇ ਹਨ. ਉਹਨਾਂ ਨੇ ਇਸ ਕੀਟ ਦੀ ਜੋ ਸ਼ਲਾਘਾ ਕੀਤੀ ਹੈ ਉਹ ਵੀ ਉਹਨਾਂ

Sri Satguru Jagjit Singh Ji eLibrary NamdhariElibrary@gmail.com

ਦੀ ਉਦਾਰਤਾ ਹੀ ਹੈ. ਛਪਵਾਈ ਵਿੱਚ, ਹਕੀਕਤ ਬਿਆਨੀ ਵਿੱਚ, ਯਾ ਕਿਸੇ ਵੀ ਹੋਰ ਦ੍ਰਿਸ਼ਟੀ ਤੋਂ, ਜੇ ਪੁਸਤਕ ਵਿੱਚ ਕੋਈ ਤ੍ਰੁਟੀ ਰਹਿ ਗਈ ਹੋਵੇ ਤਾਂ ਉਸ ਨੂੰ ਅਚੇਤ, ਤੇ ਬੇ ਵਸੀ ਦਾ ਪਰਿਣਾਮ, ਸਮਝ ਕੇ ਪਾਠਕ ਜਨ ਕ੍ਰਿਪਾ ਪੂਰਬਕ ਖਿਮਾ ਕਰਨ, ਤੇ ਪੁਸਤਕ ਨੂੰ ਆਦਿ ਤੋਂ ਅੰਤ ਤਕ ਪੜ੍ਹੇ ਬਿਨਾ ਆਪਣੀ ਅੰਤਿਮ ਰਾਏ ਦਾ ਇਜ਼ਹਾਰ ਨ ਕਰਨ! ਇਹ ਪੁਸਤਕ 'ਵੇਦਿਕ ਗੁਰਮਤਿ' ਦਾ ਪ੍ਰਥਮ ਭਾਗ ਹੈ. ਇਸ ਵਿੱਚ ਇਤਿਹਾਸਿਕ ਦ੍ਰਿਸ਼ਟਿ ਕੋਨ ਤੋਂ ਵੇਦਿਕ ਧਰਮ ਤੇ ਗੁਰਮਤਿ ਨੂੰ ਹਰ ਸਾਧਾਰਣ ਤੇ ਵਿਸ਼ੇਸ਼ ਅੰਸ਼ ਤੋਂ 'ਸਮਾਨ ਰੂਪ' (Identical in Terminological Form) ਸਿੱਧ ਕਰਨ ਦਾ ਉਪ੍ਰਾਲਾ ਕੀਤਾ ਗਿਆ ਹੈ. ਦੂਜੇ ਭਾਗ ਵਿੱਚ, ਜੋ ਦੂਜੀ ਜਿਲਦ ਵਿੱਚ ਛਪੇਗਾ, ਇਸੇ ਉਤਕ੍ਰਿਸ਼ਟ ਵਿਸ਼ੇ ਨੂੰ, ਸੁਗਿਆਨਿਕ (ਫ਼ਿਲੋਸਾਫ਼ਿਕ) ਦ੍ਰਿਸ਼ਟਿ ਕੋਨ ਤੋਂ, 'ਸਮਾਨ ਭਾਵ' (Identical in Philosophical Significance) ਸਿੱਧ ਕਰਨ ਦੀਆਂ ਯੁਕਤੀਆਂ ਪੇਸ਼ ਕੀਤੀਆਂ ਜਾਨਗੀਆਂ.

ਸ੍ਰੀ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਨਾਮ ਚੜ੍ਹਦੀ ਕਲਾ
ਆਪ ਦੇ ਭਾਣੇ ਸਰਬਤ ਦਾ ਭਲਾ!

ਧਰਮਾਨੰਤ ਸਿੰਘ,
ਪਲੇਟੋਨੀਅਮ, ਰੰਜੀਤ ਪੁਰਾ ਅੰਮ੍ਰਿਤਸਰ :
ਸ਼ੁਕ੍ਰਵਾਰ, ੨ ਅਪ੍ਰੈਲ, ੧੯੬੫
(ਮੁਤਾਬਕ ਨਵਾਂ ਸੰਮਤ ੨੦੨੨ ਬਿਕ੍ਰਮੀ)

Sri Satguru Jagjit Singh Ji eLibrary NamdhariElibrary@gmail.com

'ਵੇਦਿਕ ਗੁਰਮਤਿ' ਦੀ ਭੂਮਿਕਾ ਦੇ ਲੇਖਕ, ਪ੍ਰੇਮ ਪੁੰਜ ਸ੍ਰੀ ਗਿਆਨੀ ਪਿੰਡੀ ਦਾਸ ਜੀ, ਪ੍ਰਧਾਨ ਆਰਯ ਸਮਾਜ ਲੋਹਗੜ੍ਹ ਅਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਓ३ਮ੍

ੳਮ ਸ਼੍ਰੀ ਪਰਮਾਤਮਨੇ ਨਮਃ

ਭੂਮਿਕਾ

ੳਮ ਵਿਸ਼੍ਵਾਨਿ ਦੇਵ ਸਵਿਤਰ੍ ਦੁਰਿਤਾਨਿ ਪਰਾਸੁਵ ।
ਯਦ੍ ਭਦ੍ਰੰ ਤੱਨਆਸੁਵ ॥ ਯਜੁਰ ਵੇਦ ਅਧਜਾਯ ੩੦ ਮੰਤ੍ਰ ੩

ਭਾਵਾਰਥ—ਹੇ ਪ੍ਰਕਾਸ਼ ਸ੍ਵਰੂਪ ਦੇਵ ! ਹੇ ਸਭ ਜਗਤ ਨੂੰ ਪੈਦਾ ਕਰਨ ਵਾਲੇ ਪਰਮ ਪਿਤਾ ਜੀ ! ਅਸਾਡੇ ਸਭ ਪ੍ਰਕਾਰ ਦੇ ਕਸ਼ਟ-ਕਲੇਸ਼ ਅਤੇ ਦੁੱਖਾਂ ਨੂੰ ਦੂਰ ਕਰਕੇ ਹਰ ਕਿਸਮ ਦੇ ਸੁਖ-ਮੰਗਲ ਪ੍ਰਦਾਨ ਕਰੋ ।

ਆਰੰਭਿਕ ਨਿਵੇਦਨ

ਆਦਿ ਸ੍ਰਿਸ਼ਟੀ ਵਿੱਚ ਪਰਬ੍ਰਹਮ ਪਰਮੇਸ਼੍ਵਰ ਨੇ ਆਪਣੀ ਮਾਨਵੀ ਪ੍ਰਜਾ ਦੇ ਗਯਾਨ-ਵਿਗਯਾਨ-ਕਲਯਾਣ ਲਈ ਅਗਨੀ, ਵਾਯੂ, ਆਦਿਤਯ ਤੇ ਅੰਗਿਰਾ ਨਾਮੀ ਪਰਮ ਪਵਿਤ੍ਰ ਰਿਸ਼ੀਆਂ ਦੇ ਨਿਸ਼ਪਾਪ ਹ੍ਰਿਦਯਾਂ ਵਿੱਚ ਸਭ ਵਿਦਯਾਵਾਂ ਦੇ ਆਦਿ ਸ੍ਰੋਤ ਰੂਪ ਰਿਗ, ਯਜੁ, ਸਾਮ ਅਤੇ ਅਥਰਵ ਵੇਦ ਦਾ ਪ੍ਰਕਾਸ਼ ਕੀਤਾ, ਜਿਨ੍ਹਾਂ ਦੇ ਪ੍ਰਚਾਰ ਤੇ ਪ੍ਰਸਾਰ ਦ੍ਵਾਰਾ ਹੀ ਸੰਸਾਰ ਵਿੱਚ ਆਧਯਾਤਮਿਕ ਉੱਥਾਨ, ਵਯਾਵਹਾਰਿਕ ਸੂਝ-ਬੂਝ, ਵੈਗਯਾਨਿਕ ਆਵਿਸ਼ਕਾਰ, ਭੌਤਿਕ ਉੱਨਤੀ ਅਤੇ ਦਾਰਸ਼ਨਿਕ ਵਿਦਯਾਵਾਂ ਦਾ ਪ੍ਰਾਦੁਰਭਾਵ ਹੋ ਸਕਿਆ । ਵੇਦ ਦੇ ਅਦਭੁਤ ਆਲੋਕ ਦੀ ਦਿਵਯ ਜਯੋਤੀ ਦੇ ਪ੍ਰਕਾਸ਼ ਵਿੱਚ ਹੀ ਮਾਨਵ ਸ੍ਰਿਸ਼ਟੀ ਨੇ ਧਰਮ, ਅਰਥ, ਕਾਮ ਅਤੇ ਮੋਕਸ਼ ਦੇ ਦਿਵਯ ਦਰਸ਼ਨ ਕੀਤੇ । ਵਿਸ਼੍ਵ ਭਰ ਦੀ ਸੰਸਕ੍ਰਿਤਿ-ਸਭਯਤਾ, ਆਚਾਰ-ਵਿਚਾਰ, ਸੰਸਕਾਰ-ਵਯਵਹਾਰ—ਸਭ ਦੀ ਅਭਿਵਯਕਤਿ ਵੇਦ ਦੇ ਪ੍ਰਚਾਰ ਦ੍ਵਾਰਾ ਹੀ ਸੰਭਵ ਹੋ ਸਕੀ । ਏਸ ਵੇਦ ਦੇ ਆਸ਼੍ਰਯ ਹੀ ਆਦਿ ਪੁਰਖ ਮਨੂ ਜੀ ਨੇ ਹਿਮਾਲਯ ਪਰਬਤ ਦੀ ਉੱਚੀ ਟੀਸੀ ਤੇ ਖੜੇ ਹੋਕੇ ਅਤੇ ਬਾਂਹ ਉਲਾਰ ਕੇ ਦੁਨਿਯਾ ਦੇ ਲੋਕਾਂ ਨੂੰ ਨਿਮੰਤ੍ਰਿਤ ਕਰਦੇ ਹੋਇਆਂ ਆਖਿਆ—

Sri Satguru Jagjit Singh Ji eLibrary NamdhariElibrary@gmail.com

ਏਤੱਦੇਸ਼ ਪ੍ਰਸੂਤਸਜ ਸਕਾਸ਼ਾਦਗ੍ਰ ਜਨਮਨ:
ਸ੍ਵੰ ਸ੍ਵੰ ਚਰਿਤ੍ਰੂ ਸ਼ਿਖਸ਼ੇਰਨ ਪ੍ਰਿਥਿਵਜਾਂ ਸਰਵ ਮਾਨਵਾ: ॥ ਮਨੂ. ੨-੨੦

ਭਾਵਾਰਥ—ਹੇ ਸੰਸਾਰ ਦੇ ਵਸਨੀਕੋ ! ਏਸ (ਭਾਰਤ) ਦੇਸ਼ ਵਿੱਚ ਜਨਮੇ ਬ੍ਰਾਹਮਣਾਂ ਦੇ ਚਰਣਾਂ ਵਿੱਚ ਬੈਠ ਕੇ ਆਪਣੇ ਆਪਣੇ ਵਰਣ-ਆਸ਼੍ਰਮ ਤੇ ਪਰਿਸਥਿਤਿ ਦੇ ਅਨੁਕੂਲ ਚਰਿਤ੍ਰ ਦੀ ਸ਼ਿਖਸ਼ਾ ਪ੍ਰਾਪਤ ਕਰੋ।

ਏਸ ਈਸ਼੍ਵਰੀ ਦਾਤ—ਵੇਦ—ਦੇ ਆਧਾਰ ਉੱਤੇ ਵੈਦਿਕ-ਆਰਯ-ਹਿੰਦੂ ਧਰਮ ਦੀ ਨੀਂਹ ਰੱਖੀ ਗਈ ਜੋ ਹਜ਼ਾਰਾਂ-ਲੱਖਾਂ ਸ਼ਤਾਬਦੀਆਂ ਦੀ ਉਥਲ-ਪੁਥਲ ਦੇ ਬਾਵਜੂਦ ਅੱਜ ਤੀਕ ਆਪਣੇ ਦਿਵਜ ਰੂਪ ਵਿੱਚ ਵਿਦਜਮਾਨ ਹੈ ਅਤੇ ਧਰਮ, ਅਰਥ, ਕਾਮ ਤੇ ਮੋਖ਼ਸ਼ ਦੇ ਚਾਹਵਾਨਾਂ ਲਈ ਚਾਨਣ-ਮੁਨਾਰੇ ਦਾ ਕੰਮ ਦੇ ਰਹੀ ਹੈ ਅਤੇ ਪ੍ਰਲਯ ਪਰਯੰਤ, ਨਹੀਂ ਨਹੀਂ ਭਾਵੀ ਸ੍ਰਿਸ਼ਟੀਆਂ ਵਿੱਚ ਵੀ, ਨਿਰੰਤਰ ਆਪਣੀਆਂ ਕਿਰਣਾਂ ਫੈਲਾਉਂਦੀ ਰਹੇਗੀ।

ਸਮੇਂ ਸਮੇਂ ਤੇ ਅਨੇਕ ਸੰਤ-ਮਹਾਤਮਾ, ਗਯਾਨੀ-ਵਿਗਯਾਨੀ, ਗੁਰੂ-ਆਚਾਰਯ, ਉਪਦੇਸ਼ਕ-ਪ੍ਰਚਾਰਕ, ਯੋਗੀ-ਸੰਨਯਾਸੀ ਅਤੇ ਭਗਵਾਨ ਦੇ ਭਗਤ ਏਸ ਸੰਸਾਰ ਵਿੱਚ ਜਨਮ ਲੈ ਕੇ ਭੁੱਲੀ ਹੋਈ ਲੋਕਾਈ ਨੂੰ ਆਪਣੇ ਤਪ-ਤਯਾਗ ਅਤੇ ਸਾਧਨਾ ਦੇ ਬਲ ਨਾਲ ਸਿੱਧੇ ਰਾਹ ਤੇ ਲਿਆਉਣ ਦੇ ਸਫਲ ਜਤਨ ਕਰਦੇ ਹੋਏ ਵੈਦਿਕ ਆਰਯ-ਹਿੰਦੂ ਧਰਮ ਦੀਆਂ ਸਚਿਆਈਆਂ ਦਾ ਸੰਸਾਰ ਵਿੱਚ ਪ੍ਰਚਾਰ ਕਰਦੇ ਰਹੇ ਹਨ।

ਵੈਦਿਕ ਆਰਯ-ਹਿੰਦੂ ਧਰਮ ਦੇ ਸਿੱਧਾਂਤ ਤਾਂ ਭਾਵੇਂ ਬਹੁਤ ਹਨ; ਪਰ ਏਸ ਨਿੱਕੀ ਜਿੱਨੀ ਭੂਮਿਕਾ ਵਿੱਚ ਕੇਵਲ ਥੋੜੇ ਜਿਹੇ ਮੋਟੇ ਮੋਟੇ ਸਿੱਧਾਂਤਾਂ ਦਾ ਹੀ ਉੱਲੇਖ ਕੀਤਾ ਜਾ ਸਕਦਾ ਹੈ ਜਿਹਾ ਕਿ—

(੧) ਈਸ਼੍ਵਰ—ਏਕਤਾ, ਵਿਸ਼੍ਵਾਸ ਤੇ ਸ੍ਵਰੂਪ
(੨) ਈਸ਼੍ਵਰ ਦਾ ਨਾਮ
(੩) ਸ੍ਰਿਸ਼ਟੀ ਉਤਪੱਤੀ--ਪੰਚ ਤਤ੍ਵ
(੪) ਵੇਦ-ਸ਼ਾਸਤ੍ਰ ਆਦਿ
(੫) ਵਰਣ-ਆਸ਼੍ਰਮ
(੬) ਕਰਮ ਫ਼ਿਲਾਸਫ਼ੀ—ਜੀਵਾਤਮਾ, ਪੁਨਰ ਜਨਮ, ਚਉਰਾਸੀ ਲੱਖ ਜੂਨਾਂ
(੭) ਸਾਂਸਕ੍ਰਿਤਿਕ ਵਿਚਾਰ ਧਾਰਾ—ਗਊਰਖਸ਼ਾ, ਯਗਯ—ਹੋਮ, ਯਗਯੋਪਵੀਤ, ਤੀਰਥ, ਇਸਤ੍ਰੀ ਸਨਮਾਨ, ਵਿਚਾਰ ਸਮਾਨਤਾ ਆਦਿ।

ਅਸੀਂ ਜਤਨ ਕਰਾਂਗੇ ਕਿ ਏਨ੍ਹਾਂ ਦੇ ਸੰਬੰਧ ਵਿੱਚ ਜੋ ਕੁਝ ਆਦਿ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ, ਸਿੱਖ ਇਤਿਹਾਸ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਆਦਿ ਵਿੱਚ ਲਿਖਿਆ ਹੈ ਉਹਦਾ ਥੋੜਾ ਥੋੜਾ ਉੱਲੇਖ, ਬਗ਼ੈਰ ਕਿਸੇ

Sri Satguru Jagjit Singh Ji eLibrary NamdhariElibrary@gmail.com

ਟੀਕਾ-ਟਿੱਪਣੀ ਦੇ, ਕਰੀਏ ਤਾਂ ਜੁ ਕੁੱਝ ਭੁੱਲੜ ਵੀਰਾਂ ਦੇ ਏਸ ਭ੍ਰਮ ਨੂੰ ਕਿ ਸਿੱਖ ਪੰਥ, ਵੈਦਿਕ–ਆਰਯ-ਹਿੰਦੂ-ਧਰਮ ਨਾਲੋਂ ਕੋਈ ਵੱਖਰੀ ਵਸਤੂ ਹੈ, ਦੂਰ ਕਰਨ ਦਾ ਜਤਨ ਕਰੀਏ।

ਲਗ-ਪਗ ਦੋ ਅਰਬ ਵਰਸ਼ ਦੇ ਪੁਰਾਣੇ ਏਸ ਵੈਦਿਕ-ਆਰਯ-ਹਿੰਦੂ ਧਰਮ ਵਿੱਚ "ਜੋ ਕੋਈ ਹੋਤ ਭਯੋ ਜਗ ਸਿਆਨਾ-ਤਿਨ ਤਿਨ ਅਪੁਨੋ ਪੰਥ ਚਲਾਨਾ" (ਦਸਮਗ੍ਰੰਥ ਪੰਨਾ ੫੫)ਦੇ ਅਨੁਸਾਰ ਹੌਲੀ-ਹੌਲੀ ਅਨੇਕਾਂ ਮਤ-ਮਤਾਂਤਰ ਅਤੇ ਪੰਥ ਪੈਦਾ ਹੋ ਜਾਣਾ ਸੁਭਾਵਿਕ ਹੀ ਸੀ। ਅਸਾਡੀ ਦ੍ਰਿੜ੍ਹ ਧਾਰਣਾਹੈ ਕਿ ਗੁਰੂ ਪੰਥ,ਵੈਦਿਕ-ਆਰਯ-ਹਿੰਦੂ ਧਰਮ ਦਾ ਹੀ ਇੱਕ ਅਕਾਟਯ ਅੰਗ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਭ ਮਾਨਯੋਗ ਗੁਰੂ ਸਹਿਬਾਂ ਨੇ ਆਪਣੇ ਸਾਜੇ-ਨਿਵਾਜੇ ਪੰਥ ਨੂੰ ਪੈਤ੍ਰਿਕ ਧਰਮ ਤੋਂ ਵੱਖ ਨ ਕਦੀ ਸਮਝਿਆ ਸੀ ਤੇ ਨਾ ਹੀ ਏਸ ਤੋਂ ਆਪਣੇ ਆਪ ਨੂੰ ਜਾਂ ਆਪਣੇ ਪੰਥ ਨੂੰ ਅਡਰਾ ਕਰਨ ਦਾ ਵਿਚਾਰ ਹੀ ਕੀਤਾ ਸੀ।

ਬੱਸ ਏਸੇ ਧਾਰਣਾ ਦੇ ਸਿੱਧ ਕਰਨ ਲਈ ਭੂਮਿਕਾ ਦੇ ਇਹ ਕੁਝ ਪੰਨੇ ਲਿਖੇ ਜਾ ਰਹੇ ਹਨ, ਤਾਕਿ ਸੰਖੇਪ ਵਿੱਚ ਏਸ ਗ੍ਰੰਥ ਦੇ ਯਸ਼ਸ੍ਵੀ ਲੇਖਕ ਦੇ ਮਨੋ-ਭਾਵ ਪਾਠਕਾਂ ਨੂੰ ਸੁਖੈਨ ਹੀ ਪਤਾ ਲਗ ਸੱਕਣ। ਪਿਆਰੇ ਪਾਠਕਾਂ ਅੱਗੇ ਬੇਨਤੀ ਹੈ ਕਿ ਓਹ ਨਿਰਪੱਖ ਹੋ ਕੇ ਏਨ੍ਹਾਂ ਪੰਗਤੀਆਂ ਨੂੰ ਪੜ੍ਹਨ ਦੀ ਕ੍ਰਿਪਾਲਤਾ ਕਰਨ।

Sri Satguru Jagjit Singh Ji eLibrary NamdhariElibrary@gmail.com

੧–ਈਸ਼੍ਵਰ–ਏਕਤਾ, ਵਿਸ਼੍ਵਾਸ ਤੇ ਸ੍ਵਰੂਪ

ਈਸ਼੍ਵਰ ਦੀ ਏਕਤਾ–

ਨ ਦ੍ਵਿਤੀਯੋ ਨ ਤ੍ਰਿਤੀਯਸ਼ਚਤੁਰਥੋ ਨਾਪਯੁਚਯਤੇ
ਨ ਪੰਚਮੋ ਨ ਸ਼ਸ਼ਟ: ਸਪਤਮੋ ਨਾਪਯੁਚਯਤੇ
ਨਾਸ਼ਟਮੋ ਨ ਨਵਮੋ ਦਸ਼ਮੋ ਨਾਪਯੁਚਯਤੇ
ਤਮਿਦੰ ਨਿਗਤੰ ਸਹ: ਸ ਏਸ਼ ਏਕ ਏਵ ਏਕ ਏਵ ॥

ਅਥਰਵ ਵੇਦ ਕਾਂਡ ੧੩ । ੪–੧੬, ੧੭, ੧੮

ਭਾਵਾਰਥ–ਪਰਮੇਸ਼੍ਵਰ ਇੱਕੋ ਹੀ ਹੈ । ਉਸਤੋਂ ਭਿੰਨ ਕੋਈ ਨ ਦੂਸਰਾ ਨ ਤੀਸਰਾ, ਨ ਕੋਈ ਚੌਥਾ, ਨ ਪੰਜਵਾਂ, ਨ ਛੇਵਾਂ, ਨ ਸਤਵਾਂ, ਨ ਅਠਵਾਂ, ਨ ਨੌਵਾਂ ਤੇ ਨ ਕੋਈ ਦਸਵਾਂ ਪਰਮੇਸ਼੍ਵਰ ਹੈ । ਕਿੰਤੂ ਉਹ ਸਦਾ ਇੱਕ ਅਦ੍ਵਿਤੀਯ ਹੀ ਹੈ । ਓਸ ਤੋਂ ਭਿੰਨ ਦੂਸਰਾ ਈਸ਼੍ਵਰ ਕੋਈ ਵੀ ਨਹੀਂ ।

ਗੁਰਬਾਣੀ–

੧–੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈ ਭੰ ਗੁਰ ਪ੍ਰਸਾਦਿ ॥ ਜਪੁ ॥ ਜਪੁਜੀ ਪਉੜੀ ੧ ਪੰਨਾ ੧

੨–ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥

ਰਾਗ ਗੂਜਰੀ ਕੀ ਵਾਰ ਮਹਲਾ ੩ ਪੰਨਾ ੫੦੯

੩–ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥
ਖੰਡ ਦੀਪ ਸਭ ਭੀਤਰ ਰਵਿਆ ਪੂਰਿ ਰਹਿਓ ਸਭ ਲੋਊ ॥੧॥ਰਹਾਉ॥

ਰਾਗ ਦੇਵ ਗੰਧਾਰੀ ਮਹਲਾ ੫ ਘਰੁ ੫ ਪੰਨਾ ੫੩੪–੫੩੫

੪–ਏਕ ਪਿਤਾ ਏਕਸ ਕੇ ਹਮ ਬਾਰਕ ।

ਸੋਰਠ ਮਹਲਾ ੫ ਪੰਨਾ ੬੧੧

੫–ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥
ਏਕੋ ਹੈ ਦਾਤਾਰੁ ਸਚਾ ਆਪ ਧਣੀ ॥੧੦

ਰਾਗ ਸੂਹੀ ਮਹਲਾ ੩ ਘਰੁ ੧੦ ਪੰਨਾ ੭੫੫

੬–ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥
ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥

ਰਾਗ ਸੂਹੀ ਮਹਲਾ ੩ ਘਰੁ ੧੦ ਪੰਨਾ ੭੫੭

੭–ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥
ਸਤਿਗੁਰ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥
ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥

Sri Satguru Jagjit Singh Ji eLibrary NamdhariElibrary@gmail.com

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥

ਰਾਗ ਸੂਹੀ ਮਹਲਾ ੪ ਅਸਟਪਦੀਆ ਘਰੁ ੧੦ ਪੰਨਾ ੭੫੯

੮–ਗਹਿਰ ਗਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥
ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥

ਰਾਮਕਲੀ ਕੀ ਵਾਰ ਮਹਲਾ ੫ ਪਉੜੀ ੨੨ ਪੰਨਾ ੯੬੬

੯–ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ

ਰਾਗ ਪ੍ਰਭਾਤੀ ਮਹਲਾ ੩ ਚਉਪਦੇ ਪੰਨਾ ੧੩੩੪

੧੦–ਹਰਿ ਕੋ ਨਾਮੁ ਜਪੀਐ ਨੀਤ ॥ ਕਾਮ ਕ੍ਰੋਧ ਅਹੰਕਾਰੁ ਬਿਨਸੈ ਲਾਗੈ ਏਕੈ ਪ੍ਰੀਤਿ ॥ ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ ਪੰਨਾ ੧੩੪੧

੧੧–ਏਕੋ ਰਵਿ ਰਹਿਆ ਸਭ ਠਾਈ ॥ ਅਵਰੁ ਨ ਦੀਸੈ ਕਿਸੁ ਪੂਜ ਚੜਾਈ॥ ੧॥ ਰਹਾਉ ॥

ਰਾਗ ਪ੍ਰਭਾਤੀ ਅਸ਼ਟਪਦੀਆ ਮਹਲਾ ੧ ਬਿਭਾਸ ਪੰਨਾ ੧੩੪੫

ਈਸ਼ਰ ਦਾ ਵਿਸ਼ਵਾਸ–

ਏਕੋ ਦੇਵ: ਸਰਵ ਭੂਤੇਸ਼ੁ ਗੂੜ੍ਹ: ਸਰਵ ਵਜਾਪਿ ਸਰਵ ਭੂਤਾਂਤਰਾਤਮਾ।
ਕਰਮਾਧਜਕਸ਼: ਸਰਵ ਭੂਤਾਧਿਵਾਸ: ਸਾਕਸ਼ੀ ਚੇਤ: ਕੇਵਲੋ ਨਿਰਗੁਣਸ਼ਚ॥

ਸ਼੍ਵੇਤਾਸ਼ਤਰੋਪਨਿਸ਼ਦ ੬. ੧੧

ਭਾਵਾਰਥ–ਸਭ ਭੂਤ ਪ੍ਰਾਣੀਆਂ ਵਿੱਚ ਓਤ-ਪੋਤ,ਸਰਵਵਜਾਪਕ, ਸਮੂਹ ਭੂਤਾਂ ਦਾ ਅੰਤਰਾਤਮਾ, ਕਰਮਾਂ ਦਾ ਅਧਜਕਸ਼, ਸਮਸਤ ਭੂਤਾਂ ਦਾ ਨਿਵਾਸ-ਸਥਾਨ, ਸਮੁੱਚੇ ਜੀਵਾਂ ਦੇ ਕਰਮਾਂ ਦਾ ਸਾਕਸ਼ੀ, ਨਿਰਗੁਣ, ਕੇਵਲ ਇੱਕੋ ਹੀ, ਦਿਵਜਗੁਣ ਯੁਕਤ ਪਰਮੇਸ਼ਰ ਹੈ।

ਤ੍ਵਮੇਵ ਮਾਤਾ ਚ ਪਿਤਾ ਤ੍ਵਮੇਵ ਤ੍ਵਮੇਵ ਬੰਧੁਸ਼ਚ ਸਖਾ ਤ੍ਵਮੇਵ।
ਤ੍ਵਮੇਵ ਵਿਦਜਾ ਦ੍ਰਵਿਣੰ ਤ੍ਵਮੇਵ ਤ੍ਵਮੇਵ ਸਰਵੰ ਮਮ ਦੇਵ ਦੇਵ ॥

ਭਾਵਾਰਥ–ਹੇ ਪ੍ਰਭੂ ! ਤੂੰ ਹੀ ਮੇਰੀ ਮਾਤਾ, ਮੇਰਾ ਪਿਤਾ, ਮੇਰਾ ਬੰਧੂ, ਮੇਰਾ ਸਖਾ, ਮੇਰੀ ਵਿਦਜਾ, ਮੇਰਾ ਧਨ ਹੈਂ (ਗੱਲ ਕੀ) ਤੂੰ ਹੀ ਮੇਰਾ ਸਭ ਕੁਝ ਹੈਂ ।

ਗੁਰਬਾਣੀ–

੧–ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥

ਮਾਝ ਮਹਲਾ ੫ ਚਉਪਦੇ ਘਰ ੧ ਪੰਨਾ ੧੦੩

੨–ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥
ਜੀਉ ਪਿੰਡ ਸਭ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਓ ॥

ਮਾਝ ਮਹਲਾ ੫ ਚਉਪਦੇ ਘਰੁ ੧ ਪੰਨਾ ੧੦੬

Sri Satguru Jagjit Singh Ji eLibrary NamdhariElibrary@gmail.com

੩–ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥
ਤੂੰ ਮੇਰੀ ਪਤਿ ਤੂੰ ਹੈ ਮੇਰਾ ਗਹਣਾ॥ਤੁਝ ਬਿਨੁ ਨਿਮਖੁਨਜਾਈ ਰਹਣਾ॥੧
ਤੂੰ ਮੇਰਾ ਲਾਲਨ ਤੂੰ ਮੇਰੇ ਪ੍ਰਾਨ॥ਤੂੰ ਮੇਰੇ ਸਾਹਿਬਤੂੰ ਮੇਰੇ ਖਾਨ॥੧॥ਰਹਾਉ
ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ॥ਤੂੰਮੇਰੀ ਓਟ ਤੂੰ ਮੇਰਾ ਤਕੀਆ ॥੩
ਗਉੜੀ ਗੁਆਰੇਰੀ ਮਹਲਾ ੫ ਪੰਨਾ ੧੮੧

੪–ਤੂੰ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ਨਾਨਕ ਦਾਸ ਸਦਾ ਕੁਰਬਾਨੀ ॥
ਗਉੜੀ ਸੁਖਮਨੀ ਮਹਲਾ ੫ ਪਉੜੀ ੪ ਪੰਨਾ ੨੬੮

੫–ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ਨਮਸਕਾਰ ਡੰਡਉਤ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ॥ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥ਸੂਖ ਦੂਖ ਇਸ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ ॥੧॥ ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥ ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਹੈ ॥ ੨ ॥ ੨ ॥ ੮੨
ਰਾਗ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬ ਪੰਨਾ ੮੨੦

੬–ਰਸਨਾ ਜਪਤੀ ਤੂਹੀ ਤੂਹੀ ॥ ਮਾਤ ਗਰਭ ਤੁਮ ਹੀ ਪ੍ਰਤਿ ਪਾਲਕ ਮ੍ਰਿਤ ਮੰਡਲ ਇਕ ਤੂਹੀ ॥੧॥ ਰਹਾਉ ॥ ਤੁਮਹਿ ਪਿਤਾ ਤੁਮ ਹੀ ਫੁਨ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ ॥ ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨ ਦਾਤਾ ॥੧॥ ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ ॥ ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ ॥੨॥੩੩॥੫੯
ਸਾਰਗ ਮਹਲਾ ੫ ਪੰਨਾ ੧੨੧੫

ਈਸ਼ਰ ਦਾ ਸ੍ਵਰੂਪ–

੧. ਸ: ਪਰਯਗਾਛੁੱਕ੍ਰਮਕਾਯਮਬ੍ਰਣਮਸਨਾਵਿਰਗ੍ਂ ਸ਼ੁੱਧਮਪਾਪਵਿੱਧੰ ।
ਕਵਿਰ੍ ਮਨੀਸ਼ੀ ਪਰਿਭੂ: ਸ੍ਵਯੰਭੂਰ੍ ਯਾਥਾਤਥਜਤੋਅਰਥਾਨ ਵਜਦਧੱਾ-
ਛਾਸ਼੍ਵਤੀਭਜਾ ਸਮਾਭਜਾ ॥ ਯਜੁਰਵੇਦ ਅਧਯਾਯ ੪੦ ਮੰਤ੍ਰ ੮

Sri Satguru Jagjit Singh Ji eLibrary NamdhariElibrary@gmail.com

ਭਾਵਾਰਥ–ਉਹ ਪਰਮੇਸ਼ੁਰ ਸਭ ਵਿੱਚ ਵਜਾਪਕ, ਅਨੰਤ ਬਲਵਾਨ, ਸ਼ੁੱਧ, ਸਰਵਗਜ, ਅੰਤਰਯਾਮੀ, ਸਾਰਿਆਂ ਉੱਪਰ ਵਿਰਾਜਮਾਨ, ਸਨਾਤਨ, ਆਪਣੇ ਆਪ ਸਿੱਧ ਹੈ ਅਤੇ ਆਪਣੀ ਸਨਾਤਨ ਅਨਾਦਿ ਪ੍ਰਜਾ ਨੂੰ ਆਪਣੀ ਸਨਾਤਨ ਵੇਦ ਵਿਦਜਾ ਦ੍ਵਾਰਾ ਯਥਾਵਤ ਅਰਥਾਂ ਦਾ ਬੋਧ ਕਰਾਉਂਦਾ ਹੈ। ਉਹ ਕਦੀ ਸ਼ਰੀਰ ਧਾਰਣ ਨਹੀਂ ਕਰਦਾ; ਉਹਦੇ ਵਿੱਚ ਕੋਈ ਛਿਦ੍ਰ ਨਹੀਂ ਹੁੰਦਾ; ਉਹ ਨਸ-ਨਾੜੀ ਦੇ ਬੰਧਨ ਤੋਂ ਬਾਹਰ, ਨਿਸ਼-ਪਾਪ, ਦੁਖ-ਕਲੇਸ਼ ਅਤੇ ਅਗਜਾਨ ਤੋਂ ਬਰੀ ਹੈ ॥

੨. ਅਪਾਣਿਪਾਦੋ ਜਵਨੋ ਗ੍ਰਹੀਤਾ ਪਸ਼ਜਤਜਚਕਸ਼ੁ: ਸ ਸ਼੍ਰਿਣੋਤਜਕਰਣ: ।
ਸ ਵੇੱਤਿ ਵੇਦਜੰ ਨ ਚ ਤਸਜਾਸਤਿਵੇੱਤਾ ਤਮਾਹੁਰਗ੍ਰਜੰਪੁਰੁਸ਼ੰਮਹਾਂਤੰ॥
ਸ਼੍ਵੇਤਾਸ਼੍ਵਤਰ ਉਪਨਿਸ਼ਦ ਅਧਜਾਯ ੩ ਮੰਤ੍ਰ ੧੯

ਭਾਵਾਰਥ–ਪਰਮੇਸ਼ੁਰ ਭੌਤਿਕ ਹੱਥਾਂ ਤੋਂ ਬਗ਼ੈਰ ਹੈ, ਪਰ ਸੰਸਾਰ ਦੀ ਰਚਨਾ ਕਰਦਾ ਹੈ; ਪੈਰਾਂ ਤੋਂ ਰਹਿਤ ਹੈ, ਪਰ ਵਜਾਪਕ ਹੋਣ ਕਰਕੇ ਸਭ ਤੋਂ ਅਧਿਕ ਵੇਗਵਾਨ ਹੈ; ਅੱਖਾਂ ਤੋਂ ਬਗ਼ੈਰ ਹੈ, ਪਰ ਸਭ ਕੁਝ ਵੇਖਦਾ ਹੈ; ਕੰਨ ਨ ਹੋਣ ਤੇ ਵੀ ਸਭ ਦੀਆਂ ਸੁਣਦਾ ਹੈ; ਅੰਤਹਕਰਣ ਨਹੀਂ, ਪਰ ਸਭ ਨੂੰ ਜਾਣਦਾ ਹੈ; ਅਤੇ ਉਸਨੂੰ ਅਵਧਿ ਸਹਿਤ ਜਾਣਨ ਵਾਲਾ ਕੋਈ ਨਹੀਂ ਹੈ; ਉਸਨੂੰ ਸਨਾਤਨ, ਸ਼੍ਰੇਸ਼ਟ ਅਤੇ ਘਟ-ਘਟ ਵਿੱਚ ਪੂਰਣ ਹੋਣ ਕਰਕੇ ਪੁਰਸ਼ ਆਖਦੇ ਹਨ ।

ਗੁਰੁ ਬਾਣੀ–

੧. ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨ ਸੋਇ॥
ਜਪੁਜੀ ਸਾਹਿਬ ਪਉੜੀ ੫ ਪੰਨਾ ੨

੨. ਤੂ ਸਦਾ ਸਲਾਮਤਿ ਨਿਰੰਕਾਰ ॥
ਜਪੁਜੀ ਸਾਹਿਬ ਪਉੜੀ ੧੬, ੧੭, ੧੮, ੧੯ ਪੰਨਾ ੩, ੪

੩. ਪਉੜੀ–ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥
ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣ ਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥
ਰਾਗ ਗਉੜੀ ਬਾਵਨ ਅਖਰੀ ਮਹਲਾ ੫ ਪੰਨਾ ੨੬੧-੨੬੨

Sri Satguru Jagjit Singh Ji eLibrary NamdhariElibrary@gmail.com

੪. ਸਲੋਕੁ–ਆਦਿ ਪੂਰਨ ਮਧਿ ਪੂਰਨ ਅੰਤ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕਅਘਨਾਸਨਜਗਦੀਸੁਰਹ ॥
ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ੧ ਪੰਨਾ ੭੦੫

੫. ਆਪੇ ਸਭਨਾ ਮੰਝਿ ਆਪੇ ਬਾਹਰਾ ਆਪੇ ਜਾਣਹਿ ਦੂਰਿਆਪੇਹੀ ਜਾਹਰਾ
ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥
ਕੀਮਤ ਕਿਸੈ ਨ ਪਾਇ ਤੇਰੀ ਥਟੀਐ ॥
ਗਹਿਰ ਗਭੀਰੁ ਅਥਾਹੁ ਅਪਾਰ ਅਗਣਤੁ ਤੂੰ ॥
ਨਾਨਕ ਵਰਤੈ ਇਕੁ ਇਕੋ ਇਕ ਤੂੰ ॥੨੨॥੧
ਰਾਮਕਲੀ ਕੀ ਵਾਰ ਮਹਲਾ ੫ ਪਉੜੀ ੨੨ ਪੰਨਾ ੯੬੬

੬. ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥
ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥
ਵਾਰ ਮਲਾਰ ਕੀ ਮਹਲਾ ੧ ਸਲੋਕ ੨੪ ਪੰਨਾ ੧੨੮੯

੭. ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨਭਵ ਪ੍ਰਕਾਸ ਅਮਿਤੋਜ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕੱਥੈ ਕਵਨ ਕਰਮ ਨਾਮ ਬਰਣਤ ਸੁਮਤ ॥੧
ਜਾਪ ਸਾਹਿਬ ਛਪੈ ਛੰਦ ੧ ਪੰਨਾ ੧ (ਦਸਮ ਗ੍ਰੰਥ)

੨–ਈਸ਼੍ਵਰ ਦਾ ਨਾਮ

੧. ਓਮ ਕ੍ਰਤੋ ਸਮਰ–ਯਜੁਰਵੇਦ ਅਧਜਾਯ ੪੦ ਮੰਤ੍ਰ ੧੫
ਭਾਵਾਰਥ–ਹੇ ਜੀਵ ! ਓਮ ਦਾ ਸਿਮਰਣ ਕਰ ।

੨. ਓਮ ਖੰ ਬ੍ਰਹਮ–ਯਜੁਰਵੇਦ ਅਧਜਾਯ ੪੦ ਮੰਤ੍ਰ ੧੭
ਭਾਵਾਰਥ–ਓਮ ਆਕਾਸ਼ ਦੇ ਸਦ੍ਰਿਸ਼ ਵਜਾਪਕ ਅਤੇ ਸਭ ਤੋਂ ਵੱਡਾ ਹੈ ।

੩. ਓਮਿਤਜੇਦਖਸ਼ਰਮੁਦਗੀਥਮੁਪਾਸੀਤ ॥ ਛਾਂਦੋਗਜ ਉਪਨਿਸ਼ਦ ਮੰਤ੍ਰ ੧
ਭਾਵਾਰਥ–ਓਮ ਜਿਸਦਾ ਨਾਮ ਹੈ ਅਰ ਜੋ ਕਦੇ ਨਸ਼ਟ ਨਹੀਂ ਹੁੰਦਾ, ਉਸੇ ਦੀ ਉਪਾਸਨਾ ਕਰਨੀ ਚਾਹੀਦੀ ਏ ।

੪. ਓਮਿਤਜੇਤਦਖਸ਼ਰਮਿਦਗ੍ਂ ਸਰਵੰ ਤਸਜੋਪਵਜਾਖਜਾਨੰ ॥
ਮਾਂਡੂਕਜ ਉਪਨਿਸ਼ਦ ਮੰਤ੍ਰ ੩੧

Sri Satguru Jagjit Singh Ji eLibrary NamdhariElibrary@gmail.com

ਭਾਵਾਰਥ–ਓਮ, ਅਖਸ਼ਰ (ਅਵਿਨਾਸ਼ੀ) ਹੈ, ਇਹ ਸਭ ਕੁਝ ਓਸੇ ਦਾ ਉਪ-ਵਜਾਖਜਾਨ ਹੈ।

੫. ਸਰਵੇ ਵੇਦਾ: ਯਤਪਦਮਾਮਨੰਤਿ ਤਪਾਗ੍ਂਸਿ ਸਰਵਾਣਿ ਯਦਵਦੰਤਿ
ਯਦਿੱਛੰਤੋ ਬ੍ਰਹਮਚਰਯੰ ਚਰੰਤਿ ਤੱਤੇ ਪਦੰ ਸੰਗ੍ਰਹੇਣ ਬ੍ਰਵੀਮਜੋਮਿਤਜੇਤਤ
ਕਠ ਉਪਨਿਸ਼ਦ ਬੱਲੀ ੨ ਮੰਤ੍ਰ ੧੫

ਭਾਵਾਰਥ–ਸਮਸਤ ਵੇਦ ਜਿਸ ਪਦ ਦਾ ਮਨਨ ਕਰਦੇ ਹਨ, ਸੱਭੋ ਤਪੱਸ਼ੀ ਜਿਸ ਦਾ ਕਥਨ ਕਰਦੇ ਹਨ; ਜਿਸ ਦੀ ਕਾਮਨਾ ਕਰਦੇ ਹੋਏ ਬ੍ਰਹਮਚਰਯ ਧਾਰਣ ਕਰਦੇ ਹਨ; ਉਹ ਪਦ ਤੈਨੂੰ ਸੰਖੇਪ ਨਾਲ ਦੱਸਦਾ ਹਾਂ, ਉਹ ਓਮ ਹੈ।

ਗੁਰੁਬਾਣੀ–

੧. ੧ ਓ ਸਤਿ ਨਾਮੁ–ਜਪੁਜੀ ਸਾਹਿਬ ਪਉੜੀ ੧ ਪੰਨਾ ੧

੨. ਮੇਰੇ ਮਨਿ ਤਜਿ ਨਿੰਦਾ ਹਉਮੈ ਅਹੰਕਾਰੁ ॥
ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧
ਸ੍ਰੀ ਰਾਗ ਮਹਲਾ ੩ ਸਬਦ ੪੨ ਪੰਨਾ ੨੯–੩੦

੩. ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥
ਪਉੜੀ ॥ ਏਕੰ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥
ਗੁਣ ਗੋਬਿੰਦ ਗੁਪਾਲ ਪ੍ਰਭੁ ਸ਼ਰਨਿ ਪਰਉ ਹਰਿਰਾਇ ॥
ਥਿਤੀ ਗਉੜੀ ਮਹਲਾ ੫ ਸਲੋਕ ੧ ਪੰਨਾ ੨੯੬

੪. ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧
ਰਾਗ ਸੂਹੀ ਮਹਲਾ ੫ ਘਰੁ ੧ ਸਬਦੁ ੧ ਪੰਨਾ ੭੩੬

੫. ਗੁਣ ਗੋਪਾਲ ਗਾਵਹੁ ਨਿਤ ਸਖੀ ਹੋ ਸਗਲ ਮਨੋਰਥ ਪਾਏ ਰਾਮ ॥
ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥
ਰਾਗ ਸੂਹੀ ਛੰਤ ਮਹਲਾ ੫ ਘਰੁ ੩ ਛੰਤ ੮ ਪੰਨਾ ੭੮੨

੬. ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ
ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥
ਰਾਗ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭ ਸਬਦ ੮੭
ਪੰਨਾ ੮੨੧

੭. ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥

Sri Satguru Jagjit Singh Ji eLibrary NamdhariElibrary@gmail.com

ਓਅੰਕਾਰਿ ਸਬਦ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਨ ਸਾਰ ॥੧
ਰਾਮ ਕਲੀ ਮਹਲਾ ੧ ਦਖਣੀ ਓਅੰਕਾਰ ਸਬਦ ੧ ਪੰਨਾ ੯੨੯-੯੩੦

੮. ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਮਾਰੂ ਮਹਲਾ ੫ ਘਰੁ ੪ ਪੰਨਾ ੧੦੦੩

੯. ਓਅੰਕਾਰਿ ਸਭਿ ਸ੍ਰਿਸਟਿ ਉਪਾਈ॥ਸਭੁ ਖੇਲੁਤਮਾਸਾ ਤੇਰੀ ਵਡਿਆਈ॥
ਆਪੇ ਵੇਸ ਕਰੇ ਸਭ ਸਾਚਾ ਆਪੇ ਭੰਨ ਘੜਾਇਦਾ ॥
ਮਾਰੂ ਸੋਹਲੇ ਮਹਲਾ ੩ ਪੰਨਾ ੧੦੬੧

੧੦. ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ॥
ਜੋ ਤਉ ਬਚਨ ਦੀਓ ਮੇਰੇ ਸਤਿਗੁਰ ਤਉਮੈ ਸਾਜ ਸੀਗਰੀਆ ॥੧॥
ਸਾਰਗ ਮਹਲਾ ੫ ਦੁਪਦੇ ਘਰੁ ੪ ਪੰਨਾ ੧੨੧੩

੩—ਸ੍ਰਿਸ਼ਟੀ ਉਤਪੱਤੀ-ਪੰਚ ਤਤ੍ਵ

੧. ਤਮਾਸੀੱਤਮਸਾਗੂਢਮਗ੍ਰੇ ਪ੍ਰਕੇਤੰ ਸਲਿਲੰ ਸਰਵਮਾਇਦੰ । ਤੁੱਛੇਨਾ ਭੂਪਿ ਹਿਤੰ ਯਦਾਸੀੱਤਪਸਸਤਨਮਹਿਨਾਜਾਯਤੈਕੰ ।
ਰਿਗਵੇਦ ਮੰਡਲ ੧੦ ਸੂਕਤ ੧੨੯ ਮੰਤ੍ਰ ੩

ਭਾਵਾਰਥ—ਇਹ ਸਭ ਜਗਤ ਸ੍ਰਿਸ਼ਟੀ ਤੋਂ ਪਹਿਲੇ, ਹਨੇਰੇ ਕਰਕੇ ਕੱਜਿਆ ਹੋਇਆ ਰਾਤ੍ਰੀ ਰੂਪ, ਜਾਨਨ ਦੇ ਅਯੋਗ, ਆਕਾਸ਼ ਵਾਙਣ ਸੀ; ਤਥਾ ਤੁੱਛ ਅਰਥਾਤ ਅਨੰਤ ਪਰਮੇਸ਼ੁਰ ਦੇ ਸਨਮੁਖ ਇਕ-ਦੇਸ਼ੀ ਅਰ ਉਸ ਕਰਕੇ ਢੱਕਿਆ ਹੋਇਆ ਸੀ; ਪਿੱਛੋਂ ਪਰਮੇਸ਼ੁਰ ਨੇ ਆਪਣੀ ਸਾਮਰਥ ਨਾਲ ਕਾਰਣ ਰੂਪ ਥੀਂ ਕਾਰਜ ਰੂਪ ਕਰ ਦਿੱਤਾ ॥

੨. ਆਸੀਦਿਦੰ ਤਮੋਭੂਤਮਪ੍ਰਜਞਾਤਮ ਲਖਸ਼ਣੰ ।
ਅਪ੍ਰਤਰਕਜਮਵਿਜਞੇਯੰ ਪ੍ਰਸੁਪਤਮਿਵ ਸਰਵਤ: ॥
ਮਨੂ ਅਧਜਾਯ ੧ ਸਲੋਕ ੫

ਭਾਵਾਰਥ—ਇਹ ਸਭ ਜਗਤ ਸ੍ਰਿਸ਼ਟੀ ਤੋਂ ਪਹਿਲੇ ਪ੍ਰਲਯ ਵਿੱਚ ਅੰਧਕਾਰ ਨਾਲ ਢਕਿਆ ਹੋਇਆ ਸੀ, ਅਰ ਪ੍ਰਲਯ ਆਰੰਭ ਹੋਣ ਤੋਂ ਪਿੱਛੋਂ ਭੀ ਓਹੋ ਜਿਹਾ ਹੀ ਹੁੰਦਾ ਸੀ । ਉਸ ਸਮੇਂ ਇਸ ਨੂੰ ਨ ਕੋਈ ਜਾਨ ਸਕਦਾ ਸੀ,

Sri Satguru Jagjit Singh Ji eLibrary NamdhariElibrary@gmail.com

ਨ ਤਰਕ ਵਿੱਚ ਲਿਆ ਸਕਦਾ ਸੀ, ਅਤੇ ਨਾ ਹੀ ਇਹ ਪ੍ਰਸਿੱਧ ਚਿਨ੍ਹਾਂ ਕਰਕੇ ਇੰਦ੍ਰੀਆਂ ਦੇ ਨਾਲ ਜਾਨਣੇ ਯੋਗ ਸੀ, ਸਭ ਤਰਫੋਂ ਨੀਂਦ ਵਰਗੀ ਅਵਸਥਾ ਸੀ ॥

ਗੁਰਬਾਣੀ ੧. ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣ ਹਾਰੈ॥
ਸਚੁ ਨਾਮੁ ਸਚੀ ਵਡਿਆਈ॥ ਸਾਚੈ ਤਖਤਿ ਵਡਾਈ ਹੇ ॥੨
ਮਾਰੂ ਸੋਹਲੇ ਮਹਲਾ ੧ ਸਬਦ ੪ ਪੰਨਾ ੧੦੨੩

੨. ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ।
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥
ਮਾਰੂ ਸੋਹਲੇ ਮਹਲਾ ੧ ਸਬਦ ੭ ਪੰਨਾ ੧੦੨੬

੩. ਅਰਬੁਦ ਨਰਬਦ ਧੁੰਧੂਕਾਰਾ॥ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਪਾਣੀ ਪਉਣ ਨ ਪਾਣੀ॥ਓਪਤਿ ਖਪਤਿਨਆਵਣਜਾਣੀ॥
ਖੰਡ ਪਤਾਲ ਸਪਤਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ ॥੨॥
ਮਾਰੂ ਸੋਹਲੇ ਮਹਲਾ ੧ ਸਬਦ ੧੫ ਪੰਨਾ ੧੦੩੫

੪. ਕੇਤੜਿਆ ਦਿਨ ਗੁਪਤੁ ਕਹਾਇਆ ॥
ਕੇਤੜਿਆ ਦਿਨ ਸੁੰਨਿ ਸਮਾਇਆ ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥
ਮਾਰੂ ਸੋਹਲੇ ਮਹਲਾ ੫ ਸਬਦ ੧੦ ਪੰਨਾ ੧੦੮੨

ਪੰਚ ਤੱਤ–

੧. ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ॥
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ
ਰਾਗ ਸੂਹੀ ਮਹਲਾ ੪ ਸਬਦ ੪ ਪੰਨਾ ੭੩੬

੨. ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ ॥
ਰਾਗ ਸੂਹੀ ਛੰਤ ਮਹਲਾ ੧ ਘਰੁ ੪ ਸਬਦ ੨ ਪੰਨਾ ੭੬੬

੩. ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥
ਤਿਨ ਮਹਿ ਪੰਚ ਤਤੁ ਘਰਿ ਵਾਸਾ ॥
ਮਾਰੂ ਸੋਹਲੇ ਮਹਲਾ ੧ ਸ਼ਬਦ ੧੧ ਪੰਨਾ ੧੦੩੧

Sri Satguru Jagjit Singh Ji eLibrary NamdhariElibrary@gmail.com

੪–ਵੇਦ ਸ਼ਾਸਤ੍ਰ ਆਦਿ

ਵੇਦ ਉਤਪੱਤੀ–੧. ਤਸਮਾਦ ਯਜਵਾਤ ਸਰਵ ਹੁਤ: ਰਿਚ: ਸਾਮਾਨਿ ਜਜਵਿਰੇ
ਛੰਦਾਗ੍ਰੰਸਿ ਜਜਵਿਰੇ ਤਸਮਾਦ ਯਜੁਸਤਸਮਾਦਜਾਯਤ
ਯਜੁਰਵੇਦ ਅਧਜਾਯ ੩੧ ਮੰਤ੍ਰ ੭

ਭਾਵਾਰਥ–ਓਸ ਯਗਜ ਰੂਪ (ਵਜਾਪਕ), ਸਭ ਦੇ ਉਪਾਸਜ ਦੇਵ ਪਰਮਾਤਮਾ ਤੋਂ ਰਿਗਵੇਦ, ਸਾਮਵੇਦ, ਅਥਰਵ ਵੇਦ ਅਤੇ ਯਜੁਰਵੇਦ ਉਤਪੰਨ ਹੋਏ।

੨. ਯਸਮਾਦ੍ਰਿਚੋ ਅਪਾਤਖਸ਼ਨ ਯਜੁਰ ਯਸਮਾਦਪਾਖਸ਼ਨ
ਸਾਮਾਨਿ ਯਸਜ ਲੋਮਾਨਜਥਰਵਾਂਗਿਰਸੋ ਮੁਖੰ।
ਸਕੰਭੰ ਤੰ ਬ੍ਰੂਹਿ ਕਤਮ: ਸ੍ਵਿਦੇਵ ਸ:॥
ਅਥਰਵਵੇਦੰ ਕਾਂਡ ੧੦ ਪ੍ਰਪਾਠਕ ੨੩ ਅਨੁਵਾਕ ੪ ਸੂਕਤ੭ ਮੰਤ੍ਰ੨੦

ਭਾਵਾਰਥ–ਜਿਸ ਸਰਵ ਸ਼ਕਤੀਮਾਨ ਪਰਮੇਸ਼੍ਰਰ ਤੋਂ ਰਿਗਵੇਦ ਉਤਪੰਨ ਹੋਇਆ, ਜਿਸ ਪਰਬ੍ਰਹਮ ਤੋਂ ਯਜੁਰਵੇਦ ਦਾ ਪ੍ਰਾਦੁਰਭਾਵ ਹੋਇਆ। ਏਸੇ ਤਰਹ ਜਿਸ ਤੋਂ ਸਾਮ ਵੇਦ ਅਤੇ ਅਥਰਵ ਵੇਦ ਪੈਦਾ ਹੋਏ। ਅਥਰਵ ਵੇਦ ਜਿਸ ਪ੍ਰਭੂ ਦੇ ਮੁਖ ਵਾਂਗ, ਸਾਮ ਵੇਦ ਲੋਮਾਂ ਦੀ ਤਰਹ, ਯਜੁਰਵੇਦ ਜਿਸ ਦੇ ਹ੍ਰਿਦਯ-ਸਥਾਨੀ ਅਤੇ ਰਿਗਵੇਦ ਪ੍ਰਾਣ ਰੂਪ ਹੈ। ਦਸੋ, ਜਿਸ ਪ੍ਰਭੂ ਤੋਂ ਏਹ ਚਾਰੇ ਵੇਦ ਉਤਪੰਨ ਹੋਏ ਉਹਦਾ ਨਾਮ ਸਕੰਭ (FULCRUM) ਧੁਰਾ ਹੈ ਅਤੇ ਓਹੀ ਸਭ ਦਾ ਉਪਾਸਜ ਦੇਵ ਹੈ।

੩. ਅਗਨਿ ਵਾਯੁ ਰਵਿਭਜਸਤੁ ਤ੍ਰਯੰ ਬ੍ਰਹਮ ਸਨਾਤਨੰ।
ਦੁਦੋਹ ਯਜਵ ਸਿਧਜਰਥਮ੍ਰਿਗਯਜੁ: ਸਾਮ ਲਖਸ਼ਣੰ॥
ਮਨੁ ਅਧਿਆਇ ੧ ਸਲੋਕ ੨੩

ਭਾਵਾਰਥ–(ਉਸ ਪਰਮਾਤਮਾ ਨੇ) ਯਗਜ ਦੀ ਖ਼ਾਤਰ ਸਨਾਤਨ ਵੇਦ ਜਿਸ ਦੇ ਭੇਦ ਰਿਗ, ਯਜੁ, ਸਾਮ, ਹਨ, ਇਹਨੂੰ ਅਗਨਿ, ਵਾਯੁ ਅਤੇ ਸੂਰਜ ਦ੍ਵਾਰਾ ਪ੍ਰਗਟ ਕੀਤਾ।

ਗੁਰੁਬਾਣੀ–੧. ਅਸੰਖ ਗਰੰਥ ਮੁਖ ਵੇਦ ਪਾਠ॥ ਜਪੁਜੀ ਪਉੜੀ ੧੭ ਪੰਨਾ ੩

੨. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਜਪੁਜੀ ਪਉੜੀ ੨੨ ਪੰਨਾ ੫

੩. ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਜਪੁਜੀ ਪਉੜੀ ੨੭ ਪੰਨਾ ੬

Sri Satguru Jagjit Singh Ji eLibrary NamdhariElibrary@gmail.com

੪. ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥ ਜਪੁਜੀ ਪਉੜੀ ੩੮ ਪੰਨਾ ੮

੫. ਪਉੜੀ–ਸਪਤ ਦੀਪ ਸਪਤ ਸਾਗਰਾ ਨਵ ਖੰਡ
ਚਾਰ ਵੇਦ ਦਸਅਸਟ ਪੁਰਾਣਾ ॥
ਹਰਿ ਸਭਨਾਂ ਵਿਚਿ ਤੂੰ ਵਰਤਦਾ ਹਰਿ ਸਭਨਾਂ ਭਾਣਾ ॥
ਸ੍ਰੀ ਰਾਗ ਕੀ ਵਾਰ ਮਹਲਾ ੪ ਸਲੋਕਾਂ
ਨਾਲਿ ਸਲੋਕ ਮਹਲਾ ੧ ਪੰਨਾ ੮੪

੬. ਸਾਸਤੁ ਬੇਦੁ ਸਿੰਮ੍ਰਿਤਿ ਸਚੁ ਤੇਰਾ ਸੁਰਸਰੀ ਚਰਣ ਸਮਾਣੀ
ਆਸਾ ਅਸਟਪਦੀਆ ਮਹਲਾ ੩ ਪੰਨਾ ੪੨੨

੭. ਚਚੈ ਚਾਰ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰ ਜੁਗਾ
ਆਸਾ ਮਹਲਾ ੧ ਪੰਨਾ ੪੩੨

੮. ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮ ਸਗਾਵੈ ॥
ਸੋਰਠ ਮਹਲਾ ੯ ਸਬਦ ੭ ਪੰਨਾ ੬੩੩

੯. ਬੇਦ ਬਖਿਆਨ ਕਰਤ ਸਾਧੂ ਜਨ॥ਭਾਗ ਹੀਨ ਸਮਝਤ ਨਹੀਖਲੁ॥
ਟੋਡੀ ਮਹਲਾ ੫ ਸਬਦ ੨੬ ਪੰਨਾ ੭੧੭

੧੦. ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਸੂਹੀ ਮਹਲਾ ੧ ਦੀ ਵਾਰ ਪਉੜੀ ੧੭ ਪੰਨਾ ੭੯੧

੧੧. ਚਾਰਿ ਪੁਕਾਰਹਿ ਨਾ ਤੂ ਮਾਨਹਿ ॥ ਖਟੁ ਭੀ ਏਕਾ ਬਾਤ ਬਖਾਨਹਿ ॥
ਰਾਮਕਲੀ ਮਹਲਾ ੫ ਸਬਦ ੧੨ ਪੰਨਾ ੮੮੬

੧੨. ਸੰਤ ਸਭਾ ਮਿਲਿ ਕਰਹੁ ਬਖਿਆਣ ॥
ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
ਰਾਮ ਕਲੀ ਮਹਲਾ ੫ ਸਬਦ ੫੪ ਪੰਨਾ ੯੦੦

੧੩. ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੈਤਾਲਿਆ॥
ਕਹੈ ਨਾਨਕੁਜਿਨਸਚੁਤਜਿਆਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥
ਰਾਮਕਲੀ ਮਹਲਾ ੩ ਪਉੜੀ ੧੯ ਪੰਨਾ ੯੧੯

੧੪. ਓਅੰਕਾਰ ਬੇਦ ਨਿਰਮਏ ॥
ਰਾਮਕਲੀ ਮਹਲਾ ੧ ਦਖਣੀ ਓਅੰਕਾਰ ਸਬਦ ੧ ਪੰਨਾ ੯੩੦

Sri Satguru Jagjit Singh Ji eLibrary NamdhariElibrary@gmail.com

੧੫. ਜਿਹ ਮੁਖ ਬੇਦ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰ ਕਰੈ ॥
ਰਾਮਕਲੀ ਕਬੀਰ ਜੀ ਪੰਨਾ ੯੭੦

੧੬. ਓਅੰਕਾਰ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਮਾਰੂ ਮਹਲਾ ੫ ਘਰੁ ੪ ਪੰਨਾ ੧੦੦੩

੧੭. ਹਰਿ ਆਗਿਆ ਹੋਏ ਬੇਦ ਪਾਪ ਪੁੰਨ ਵੀਚਾਰਿਆ ॥
ਮਾਰੂ ਵਾਰ ਮਹਲਾ ੫ ਡਖਣੇ ਪੰਨਾ ੧੦੦੪

੧੮. ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਮਾਰੂ ਮਹਲਾ ੩ ਪਉੜੀ ੯ ਪੰਨਾ ੧੦੮੯

੧੯. ਆਪੇ ਸਾਸਤ ਆਪੇ ਬੇਦ ॥ ਆਪੇ ਘਟਿ ਘਟਿ ਜਾਣੈ ਭੇਦੁ ॥
ਜੋ ਤਿਸ ਰੂਪ ਜਾ ਕੀ ਸਭ ਵਥ ॥ ਕਰਣ ਕਾਰਣ ਪੂਰਨ ਸਮਰਥ ॥
ਭੈਰਉ ਮਹਲਾ ੫ ਚਉਪਦੇ ਘਰੁ ੨ ਸਬਦ ੩੭ ਪੰਨਾ ੧੧੫੦

੨੦. ਬੇਦ ਵਖਾਣਿ ਕਹਹਿ ਇਕ ਕਹੀਐ॥ਓਹੁ ਬੇਅੰਤੁਅੰਤ ਕਿਨਿ ਲਹੀਐ॥
ਏਕੋ ਕਰਤਾ ਜਿਨਿਜਗੁ ਕੀਆ॥ਬਾਝੁ ਕਲਾ ਧਰਿਗਗਨੁ ਧਰੀਆ॥੨
ਬਸੰਤ ਹਿੰਡੋਲ ਮਹਲਾ ੧ ਪੰਨਾ ੧੧੮੮

੨੧. ਨਉ ਸਤਿ ਚਉਦਹ ਤੀਨਿ ਚਾਰਿ ਕਰ ਮਸਲਤਿ ਚਾਰ ਬਹਾਲੀ ॥
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕੀ ਵਾਰੀ ॥੧॥
ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮਾਰੀ ॥੧॥ ਰਹਾਉ ॥
ਬਸੰਤ ਹਿੰਡੋਲ ਮਹਲਾ ੧ ਘਰੁ ੨ ਪੰਨਾ ੧੧੯੦

੨੨. ਮ੍ਹਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧
ਰਾਜਾ ਰਾਮ ਮਉਲਿਆ ਅਨਤ ਭਾਇ॥
ਜਹ ਦੇਖਉ ਤਹ ਰਹਿਆ ਸਮਾਇ ॥੧
॥ਰਹਾਉ॥ ਦੁਤੀਆ ਮਉਲੇ ਚਾਰਿ ਬੇਦ ॥
ਬਸੰਤ ਬਾਣੀ ਭਗਤਾਂ ਕੀ ਕਬੀਰ ਜੀ ਘਰੁ ੧ ਪੰਨਾ ੧੧੯੩

੨੩. ਜੁਗ ਗਰਦੀ ਜਰ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ ॥
ਉਠੇ ਗਿਲਾਣ ਜਗਤ੍ਰ ਵਿਚ ਵਰਤੈ ਪਾਪ ਭ੍ਰਸ਼ਟ ਸੰਸਾਰਾ ॥
ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਯਾਰਾ ॥
ਨਿੰਦਿਯਾ ਚਾਲੈ ਵੇਦ ਕੀ ਸਮਝਨ ਨਹੀਂ ਅਗਿਆਨ ਗੁਬਾਰਾ ॥

Sri Satguru Jagjit Singh Ji eLibrary NamdhariElibrary@gmail.com

ਬੇਦ ਗੁੰਥ ਗੁਰ ਹੱਟ ਹੈ ਜਿਸਲਗ ਭਵਜਲ ਪਾਰ ਉਤਾਰਾ ॥
ਸਤਿਗੁਰ ਬਾਝ ਨ ਬੁਝੀਐ ਜਿੱਚਰ ਧਰੇ ਨ ਗੁਰ ਅਵਤਾਰਾ ॥
ਗੁਰ ਪਰਮੇਸਰ ਇੱਕ ਹੈ ਸੱਚਾ ਸਾਹ ਜਗਤ ਵਣਜਾਰਾ ॥
ਚੜ੍ਹੇ ਸੂਰ ਮਿਟ ਜਾਇ ਅੰਧਾਰਾ ॥

ਭਾਈ ਗੁਰਦਾਸ ਦੀ ਵਾਰ ੧ ਪਉੜੀ ੧੭

੫—ਵਰਣ-ਆਸ਼੍ਰਮ

੧. ਬ੍ਰਾਹਮਣੋਅਸਜ ਮੁਖਮਾਸੀਦ ਬਾਹੂ ਰਾਜਨਜ: ਕ੍ਰਿਤ: ।
ਊਰੂ ਤਦਸਜ ਯਦ੍ਵੈਸ਼ਜ: ਪਦਭਜਾਗ੍ਂ ਸ਼ੂਦ੍ਰੋ ਅਜਾਯਤ ॥

ਯਜੁਰਵੇਦ ਅਧਜਾਯ ੩੧ ਮੰਤ੍ਰ ੧੧

ਭਾਵਾਰਥ—ਬ੍ਰਾਹਮਣ ਈਸ਼੍ਵਰ ਦੇ ਮੂੰਹ ਥੀਂ, ਖਸ਼ਤ੍ਰੀ ਬਾਹਾਂ ਥੀਂ, ਵੈਸ਼ਜ ਪੱਟਾਂ ਥੀਂ, ਅਤੇ ਸ਼ੂਦ੍ਰ ਪੈਰਾਂ ਥੀਂ ਉਤਪੰਨ ਹੋਏ—ਅਰਥਾਤ ਬ੍ਰਾਹਮਣ, ਖਸ਼ਤ੍ਰੀ, ਵੈਸ਼ਜ ਅਤੇ ਸ਼ੂਦ੍ਰ—ਏਹ ਚਾਰ ਵਰਣ ਹਨ ।

੨. ਬ੍ਰਾਹਮਣ ਖਸ਼ਤ੍ਰੀ ਵਿਸ਼ਾਂ ਸ਼ੂਦ੍ਰਾਣਾਂ ਚ ਪਰੰਤਪ ।
ਕਰਮਾਣਿ ਪ੍ਰਵਿਭਕਤਾਨਿ ਸ੍ਵਭਾਵ ਪ੍ਰਭਵੈਰ ਗੁਣੈ: ॥

ਗੀਤਾ ਅਧਜਾਯ ੧੮ ਸ਼ਲੋਕ ੪੧

ਭਾਵਾਰਥ—ਹੇ ਪਰੰਤਪ ਅਰਜੁਨ ! ਬ੍ਰਾਹਮਣ, ਖਸ਼ਤ੍ਰੀ, ਵੈਸ਼ਜ ਅਤੇ ਸ਼ੂਦ੍ਰ ਦੇ ਵੀ ਕਰਮ ਸ੍ਵਭਾਵ ਤੋਂ ਉਤਪੰਨ ਗੁਣਾਂ ਦੇ ਆਧਾਰ ਤੇ ਵੰਡੇ ਗਏ ਹਨ ।

੩. ਸ਼ਮੋ ਦਮਸਤਪ: ਸ਼ਊਚੰ ਖਸ਼ਾਂਤਿਰਾਰਜਵਮੇਵ ਚ ।
ਜਵਾਨਿ ਵਿਜਵਾ ਨਮਾਸਤਿਕਮੰ ਬ੍ਰਹਮ ਕਰਮ ਸ੍ਵਭਾਵਜੰ ॥

ਗੀਤਾ ੧੮—੪੨

ਭਾਵਾਰਥ—ਅੰਤਹ ਕਰਣ ਦਾ ਨਿਗ੍ਰਹ, ਇੰਦ੍ਰੀਆਂ ਦਾ ਦਮਨ, ਬਾਹਰ-ਅੰਦਰ ਦੀ ਸ਼ੁੱਧੀ, ਧਰਮ ਦੇ ਵਾਸਤੇ ਕਸ਼ਟ ਸਹਿਣਾ, ਅਤੇ ਖਿਮਾ ਭਾਵ, ਮਨ, ਇੰਦ੍ਰੀਆਂ ਤੇ ਸ਼ਰੀਰ ਦੀ ਸਰਲਤਾ, ਆਸਤਿਕ ਬੁੱਧੀ, ਸ਼ਾਸਤ੍ਰ ਗਿਆਨ ਅਤੇ ਪਰਮਾਤਮਤਤ੍ਵ ਦਾ ਅਨੁਭਵ—ਏਹ ਬ੍ਰਾਹਮਣ ਦੇ ਸ੍ਵਾਭਾਵਿਕ ਕਰਮ ਹਨ ।

੪. ਸ਼ਊਰਯੰ ਤੇਜੋ ਧ੍ਰਿਤਿਰ ਦਾਖਸ਼ਯੰ ਯੁੱਧੇ ਚਾਪਜਪਲਾਯਨੰ ।
ਦਾਨਮੀਸ਼੍ਵਰ ਭਾਵਸ਼ਚ ਖਸ਼ਾਤ੍ਰੰ ਕਰਮ ਸ੍ਵਭਾਵਜੰ ॥ ਗੀਤਾ ੧੮—੪੩

ਭਾਵਾਰਥ—ਸ਼ੂਰਵੀਰਤਾ, ਤੇਜ, ਧੀਰਜ, ਚਤੁਰਤਾ ਅਤੇ ਯੁੱਧ ਵਿੱਚੋਂ ਨ ਨੱਠਣ ਦਾ ਸ੍ਵਭਾਵ, ਦਾਨ, ਸ੍ਵਾਮੀ ਭਾਵ—ਏਹ ਸਭ ਖਸ਼ਤ੍ਰੀ ਦੇ ਸ੍ਵਾਭਾਵਿਕ ਕਰਮ ਹਨ ।

x ਇਸ ਤੋਂ ਕਿਤੇ ਕੀ ਜਾਪਦਾ ਹੈ ਕਿ ਵਰਣ ਦਾ ਕਰਮ ਨਾਲ ਕੋਈ ਸਬੰਧ ਨਹੀਂ

Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ–੧. ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੇ ਸਿਮਰ ਚੰਡਾਲ ॥
ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥
ਬਿਤਿ ਗਉੜੀ ਮਹਲਾ ੫ ਸਲੋਕ ੧੭ ਪੰਨਾ ੨੦੦

੨. ਅਗਮ ਅਗੰਮਾ ਕਵਨ ਮਹਿੰਮਾ ਮਨੁ ਜੀਵੈ ਸੁਨਿ ਕੋਊ॥
ਚਾਰਿ ਆਸ੍ਰਮ ਚਾਰਿ ਬਰੰਨਾ ਮੁਕਤਿ ਭਏ ਸੇਵ ਤੋਊ॥
ਦੇਵ ਗੰਧਾਰੀ ਮਹਲਾ ੫ ਘਰੁ ੫ ਪੰਨਾ ੫੩੫

੩. ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ
ਰਾਗ ਸੂਹੀ ਮਹਲਾ ੫ ਘਰੁ ੭ ਸਬਦ ੫੦ ਪੰਨਾ ੭੪੭

੪. ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰ ਜਪੈਨੀ ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸ ਸਭ ਰੈਨੀ ॥੧
ਰਾਗ ਬਿਲਾਵਲੁ ਮਹਲਾ ੪ ਘਰੁ ੩ ਸਬਦ ੫ ਪੰਨਾ ੮੦੦

੫. ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਰਿ ਜੋ ਹਰਿ ਧਿਆਵੈ ਸੋ ਪਰਧਾਨ ॥
ਰਾਗ ਗੌਂਡ ਚਉਪਦੇ ਮਹਲਾ ੪ ਘਰੁ ੧ ਸਬਦ ੪ ਪੰਨਾ ੮੬੧

੬. ਖਤ੍ਰੀ ਬ੍ਰਾਹਮਣੁ ਸੂਦ ਕਿ ਵੈਸ॥ਨਿਰਤਿ ਨ ਪਾਈਆ ਗਣੀ ਸਹੰਸ॥
ਰਾਮਕਲੀ ਮਹਲਾ ੧ ਘਰੁ ੧ ਚਉਪਦੇ ਸਬਦ ੭ ਪੰਨਾ ੮੭੮

੭. ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪
ਮਾਰੂ ਮਹਲਾ ੫ ਘਰੁ ੩ ਸਬਦ ੧੦ ਪੰਨਾ ੧੦੦੧

੮. ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮ॥
ਸੀਲ ਸੰਤੋਖ ਕਾ ਰਾਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਾਹਮਣ ਪੂਜਣ ਜੁਗਤ ॥੧੬॥
ਖਤ੍ਰੀ ਸੋ ਜੁ ਕਰਮਾ ਕਾ ਸੂਰ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥
ਲਬੁ ਲੋਭੁ ਜੋ ਕੂੜੁ ਕਮਾਵੈ ॥ ਆਪਣਾ ਕੀਤਾ ਆਪੇ ਪਾਵੈ ॥੧੭
ਸਲੋਕ ਵਾਰਾਂ ਤੋਂ ਵਧੀਕ ਮਹਲਾ ੧ ਪੰਨਾ ੧੪੧੧

੯. ਆਪਣੇ ਆਪਣੇ ਬਰਣ ਵਿੱਚ ਚਾਰ ਬਰਨ ਕੁਲ ਧਰਮ ਧਰੰਦੇ ॥
ਛਿਆ ਦਰਸ਼ਨ ਛਿਆ ਸ਼ਾਸਤ੍ਰਾਂ ਗੁਰਗੁਰਮਤਿ ਖਟ ਕਰਮ ਕਰੰਦੇ॥
ਭਾਈ ਗੁਰਦਾਸ ਦੀ ਵਾਰ ੫ ਪਉੜੀ ੩

Sri Satguru Jagjit Singh Ji eLibrary NamdhariElibrary@gmail.com

੬–ਕਰਮ ਫਿਲਾਸਫ਼ੀ

ਜੀਵਾਤਮਾ–ਪੁਨਰਜਨਮ–ਚਉਰਾਸੀ ਲੱਖ ਜੂਨਾਂ

ਜੀਵਾਤਮਾ–ਪੁਨਰ ਜਨਮ

੧. ਇੱਛਾ ਦ੍ਵੇਸ਼ ਪ੍ਰਯਤਨ ਸੁਖ ਦੁ:ਖ ਜਞਾਨਾਨਜਾਤਮਨੋ ਲਿੰਗਮਿਤਿ ॥
ਨਜਾਯ ਦਰਸ਼ਨ ਅਧਜਾਯ ੧ ਆ: ੧ ਸੂਤ੍ਰ ੧੦

ਭਾਵਾਰਥ–(ਇੱਛਾ, ਪਦਾਰਥਾਂ ਦੀ ਪ੍ਰਾਪਤੀ ਦੀ ਅਭਿਲਾਸ਼ਾ), ਦ੍ਵੇਸ਼ (ਦੁਖ ਆਦਿ ਦੀ ਅਨਿੱਛਾ, ਵੈਰ), ਪ੍ਰਯਤਨ (ਪੁਰੁਸ਼ਾਰਥ, ਬਲ), ਸੁਖ (ਆਨੰਦ), ਦੁਖ (ਵਿਲਾਪ, ਅਪ੍ਰਸੰਨਤਾ), ਜਞਾਨ (ਗਯਾਨ, ਵਿਵੇਕ, ਪਛਾਨਣਾ)–ਏਹ ਆਤਮਾ ਦੇ ਚਿਨ੍ਹ ਹਨ।

੨. ਪ੍ਰਾਣਾਪਾਨ ਨਿਮੇਸ਼ੋਨਮੇਸ਼ ਮਨੋਗਤੀਂਦ੍ਰਿਯਾਂਤਰਵਿਕਾਰਾ: ਸੁਖ ਦੁ:ਖੇੱਛਾ-ਦ੍ਵੇਸ਼ੋ ਪ੍ਰਯਤਨਾਸ਼ਚਾਤਮਨੋ ਲਿੰਗਾਨਿ ॥
ਵੈਸ਼ੇਸ਼ਿਕ ਦਰਸ਼ਨ ਅਧਜਾਯ ੩ ਆ: ੨ ਸੂਤ੍ਰ ੪

ਭਾਵਾਰਥ–ਪ੍ਰਾਣ (ਵਾਯੂ ਬਾਹਰ ਕੱਢਣਾ), ਅਪਾਨ (ਪ੍ਰਾਣ ਨੂੰ ਬਾਹਰ ਵੱਲੋਂ ਅੰਦਰ ਨੂੰ ਲੈਣਾ), ਨਿਮੇਸ਼ (ਅੱਖ ਨੂੰ ਮੀਚਣਾ), ਉਨਮੇਸ਼ (ਅੱਖ ਨੂੰ ਖੋਲ੍ਹਣਾ), ਮਨ (ਨਿਸ਼ਚਾ, ਸਮਰਣ ਅਤੇ ਅਹੰਕਾਰ ਕਰਨਾ), ਗਤਿ (ਚੱਲਣਾ), ਇੰਦ੍ਰਿਯ (ਸਭ ਇੰਦ੍ਰਿਯਾਂ), ਅੰਤਰ ਵਿਕਾਰ (ਭਿੰਨ ਭਿੰਨ ਭੁੱਖ-ਤ੍ਰੇਹ, ਹਰਸ਼-ਸ਼ੋਕ ਆਦਿ ਨਾਲ ਯੁਕਤ ਹੋਣਾ), ਸੁਖ, ਦੁਖ, ਇੱਛਾ, ਦ੍ਵੇਸ਼, ਪ੍ਰਯਤਨ–ਏਹ ਆਤਮਾ ਦੇ ਚਿਨ੍ਹ ਹਨ।

੩. ਨੈਨੰ ਛਿੰਦੰਤਿ ਸ਼ਸਤ੍ਰਾਣਿ ਨੈਨੰ ਦਹਤਿ ਪਾਵਕ: ।
ਨ ਚੈਨੰ ਕਲੇਦਯੰਤਯਾਪੋ ਨ ਸ਼ੋਸ਼ਯਤਿਮਾਰੁਤ: ॥ ਗੀਤਾ ੨-੨੩

ਭਾਵਾਰਥ–ਏਸ ਆਤਮਾ ਨੂੰ ਕੋਈ ਸ਼ਸਤ੍ਰ ਆਦਿ ਕਟ ਨਹੀਂ ਸਕਦੇ, ਅੱਗ ਸਾੜ ਨਹੀਂ ਸਕਦੀ, ਪਾਣੀ ਗਿੱਲਾ ਨਹੀਂ ਕਰ ਸਕਦਾ ਅਤੇ ਵਾਯੂ ਸੁਕਾ ਨਹੀਂ ਸਕਦਾ।

੪. ਵਾਸਾਂਸਿ ਜੀਰਣਾਨਿ ਯਥਾ ਵਿਹਾਯ
ਨਵਾਨਿ ਗ੍ਰਿਹਣਾਤਿ ਨਰੋ ਅਪਰਾਣਿ
ਤਥਾ ਸ਼ਰੀਰਾਣਿ ਵਿਹਾਯ ਜੀਰਣਾ-
ਨਯਨਯਾਨਿ ਸੰਯਾਤਿ ਨਵਾਨਿ ਦੇਹੀ ॥

ਗੀਤਾ ੨–੨੨

Sri Satguru Jagjit Singh Ji eLibrary NamdhariElibrary@gmail.com

ਭਾਵਾਰਥ–ਜਿਸ ਪ੍ਰਕਾਰ ਪ੍ਰਾਣੀ (ਦੇਹਧਾਰੀ) ਪੁਰਾਣੇ ਕਪੜਿਆਂ ਨੂੰ ਲਾਹ ਕੇ ਹੋਰ ਨਵੇਂ ਕਪੜੇ ਪਹਿਨ ਲੈਂਦਾ ਹੈ; ਓਸੇ ਤਰ੍ਹਾਂ ਜੀਵਾਤਮਾ ਪੁਰਾਣੇ ਸ਼ਰੀਰਾਂ ਨੂੰ ਛੱਡ ਕੇ ਨਵੇਂ ਸ਼ਰੀਰਾਂ ਨੂੰ ਪ੍ਰਾਪਤ ਹੋ ਜਾਂਦਾ ਹੈ।

ਗੁਰਬਾਣੀ–

੧. ਸੁਵੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥
ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥
ਪੰਜੇ ਰੁੰਨੇ ਦੁਖਿ ਭਰੇ ਬਿਨਸੇ ਦੂਜੇ ਭਾਇ ॥੧
ਸ੍ਰੀ ਰਾਗ ਮਹਲਾ ੧ ਸਬਦ ੧੪ ਪੰਨਾ ੧੯

੨. ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥
ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਪੰਨਾ ੧੩੭

੩. ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥
ਅਖੀ ਦੇਖੈ ਜਿਹਵਾ ਬੋਲੈ ਕੀਤੀ ਸੁਰਤਿ ਸਮਾਇ ॥
ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥
ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥
ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥
ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਪੰਨਾ ੧੩੮

੪. ਸੰਤ ਕੇ ਦੂਖਨਿ ਸਰਪ ਜੋਨਿ ਪਾਇ ॥
ਸੰਤ ਕੇ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥
ਗਉੜੀ ਸੁਖਮਨੀ ਮਹਲਾ ੫ ਪੰਨਾ ੨੭੯

੫. ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥
ਆਸਾ ਮਹਲਾ ੧ ਪੱਟੀ ਲਿਖੀ ਪੰਨਾ ੪੩੩

੬. ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ ॥
ਆਸਾ ਮਹਲਾ ੫ ਛੰਤ ਘਰ ੭ ਪੰਨਾ ੪੬੦

੭. ਦਿਨ ਰਾਤ ਕਮਾਇੜੋ ਸੋ ਆਇਓ ਮਾਥੈ ॥
ਜਿਸੁ ਪਾਸਿ ਲੁਕਾਇੜੋ ਸੋ ਵੇਖੀ ਸਾਥੈ ॥੧॥੪॥੧੩
ਆਸਾ ਮਹਲਾ ੫ ਛੰਤ ਘਰ ੭ ਪੰਨਾ ੪੬੧

੮. ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਵਾਰ ਆਸਾ ਮਹਲਾ ੧ ਪੰਨਾ ੪੭੧-੪੭੨

Sri Satguru Jagjit Singh Ji eLibrary NamdhariElibrary@gmail.com

੯. ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥੧੯
ਵਾਰ ਆਸਾ ਮਹਲਾ ੧ ਪੰਨਾ ੪੭੩

੧੦. ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥
ਰਾਗ ਆਸਾ ਕਬੀਰ ਜੀ ਸਬਦ ੯ ਪੰਨਾ ੪੭੮

੧੧. ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ ॥
ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ ॥
ਹਉ ਤਾਂ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥
ਗੂਜਰੀ ਕੀ ਵਾਰ ਮਹਲਾ ੩ ਵਾਰ ੭ ਪੰਨਾ ੫੧੧

੧੨. ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥
ਆਪਣੇ ਦਾਸ ਕੀ ਆਪਿ ਪੈਜ ਰਾਖੀਨਾਨਕਸਦਕੁਰਬਾਣੁ॥੨॥੧੬॥੪੪
ਰਾਗ ਸੋਰਠਿ ਮਹਲਾ ੫ ਘਰੁ ੨ ਦੁਪਦੇ ਪੰਨਾ ੬੨੦

੧੩. ਦੇਹੁਰੀ ਲਉ ਬਰੀ ਨਾਰਿ ਸੰਗ ਭਈ ਆਗੇ ਸਜਨ ਸੁਹੇਲਾ ॥
ਮਰਘਟ ਲਉ ਸਭੁ ਲੋਗੁ ਕੁਟੰਬ ਭਇਓ ਆਗੈ ਹੰਸੁ ਅਕੇਲਾ ॥੩
ਰਾਗ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧ ਪੰਨਾ ੬੫੪

੧੪. ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾੜ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧
ਰਾਗ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ ਸਬਦ ੬ ਪੰਨਾ ੬੫੯

੧੫. ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥੫॥੭
ਧਨਾਸਰੀ ਮਹਲਾ ੧ ਘਰੁ ੨ ਸਬਦ ੬ ਪੰਨਾ ੬੬੨

੧੬. ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ।
ਲੇਖ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ॥੧॥੬
ਧਨਾਸਰੀ ਮਹਲਾ ੧ ਛੰਤ ਪੰਨਾ ੬੮੯

੧੭. ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ ॥
ਸੁਪਨੇ ਕਾ ਸੁਪਨਾ ਭਾਇਆ ਸੰਗਿ ਚਲਿਆ ਕਮਾਇਆ॥੩॥੨੦॥੫੦
ਬਿਲਾਵਲ ਮਹਲਾ ੫ ਪੰਨਾ ੮੧੩

੧੮. ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨਿ ਜੋਨਿ ਭਵਾਈਐ ॥
ਬੰਧਨਿ ਬਾਂਧਿਆ ਆਈਐ ਜਾਈਐ ॥੫॥੧
ਬਿਲਾਵਲ ਮਹਲਾ ੧ ਅਸਟਪਦੀਆ ਪੰਨਾ ੮੩੨

Sri Satguru Jagjit Singh Ji eLibrary NamdhariElibrary@gmail.com

੧੯. ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥
ਆਪਨ ਕਰਮ ਆਪੇ ਹੀ ਬੰਧ ॥
ਆਵਨ ਜਾਵਨ ਮਾਇਆ ਧੰਧ ॥੧॥੮॥੧੯
ਰਾਮਕਲੀ ਮਹਲਾ ੫ ਪੰਨਾ ੮੮੮

੨੦. ਡੋਬਿਯੋ ਨ ਡੁਬੈ ਸੋਖਿਯੋ ਨ ਜਾਇ ॥
ਕੱਟਿਯੋ ਨ ਕਟੈ ਨ ਬਾਰਿਯੋ ਬਰਾਇ ॥
ਛਿਜੈ ਨ ਨੈਕ ਸਤ ਸਸਤ੍ਰ ਪਾਤ ॥
ਜਿਤ ਸਤ੍ਰ ਮਿਤ੍ਰ ਨਹੀਂ ਜਾਤ ਪਾਤ ॥੪-੧੨੯
ਗਿਆਨ ਪ੍ਰਬੋਧ (ਦਸਮ ਗ੍ਰੰਥ) ਪੰਨਾ ੧੩੭-੧੩੮

੨੧. ਸਤ੍ਰ ਸਹੰਸ ਸਤਿ ਸਤਿ ਪ੍ਰਘਾਇ ॥
ਛਿਜੈ ਨ ਨੈਕ ਖੰਡਿਯੋ ਨ ਜਾਇ ॥
ਨਹੀ ਜਰੈ ਨੈਕ ਪਾਵਕ ਮੰਝਾਰ ॥
ਬੋਰੈ ਨ ਸਿੰਧ ਸੋਖੈ ਨ ਬਯਾਰ ॥੫॥੧੩
ਗਿਆਨ ਪ੍ਰਬੋਧ (ਦਸਮ ਗ੍ਰੰਥ) ਪੰਨਾ ੧੩੮

੭-ਸਾਂਸਕ੍ਰਿਤਿਕ ਵਿਚਾਰਧਾਰਾ

*ਗਉ ਰਖਸ਼ਾ-੧. ਗਾਵ: ਸੰਤੁ ਪ੍ਰਜਾ: ਸੰਤ੍ਰੋ ਅਸਤੁ ਤਨੂ ਬਲੰ।
ਤਤ ਸਰਵ ਮਨੁ ਮੰਨਜੰਤਾਂ ਦੇਵਾ ਰਿਸ਼ਭਦਾਯਿਨੇ ॥
ਅਥਰਵ ਵੇਦ ੯-੪-੨੦

*ਨੋਟ--੧. ਖਸ਼ੀਰੰ ਚਾੱਨੰ ਤਥਾ ਜਵਾਨੰ ਲੋਕੇਭਜੋ ਦੀਯਤੇ ਯਯਾ।
ਗੌ ਮਾਤਾ ਸਾ ਸਦਾ ਪੂਜਯਾ ਧੇਨੁਰ ਪ੍ਰਿਥਿਵਿ ਸਰਸ੍ਵਤਿ ॥
ਭਾਵਾਰਥ--ਧੇਨੁ ਅਸਾਡੀ ਮਾਤਾ ਹੈ ਕਿਉਂਕਿ ਉਹ ਸਾਨੂੰ ਦੁੱਧ ਦਿੰਦੀ ਹੈ;
ਪ੍ਰਿਥਿਵੀ ਅਸਾਡੀ ਮਾਤਾ ਹੈ ਕਿਉਂਕਿ ਉਹ ਸਾਨੂੰ ਅੰਨ ਦਿੰਦੀ ਹੈ;
ਸਰਸ੍ਵਤਿ ਅਸਾਡੀ ਮਾਤਾ ਹੈ ਕਿਉਂਕਿ ਉਹ ਸਾਨੂੰ ਗਯਾਨ ਦਿੰਦੀ ਹੈ; ਧੇਨੂ, ਪ੍ਰਿਥਿਵੀ ਅਤੇ ਸਰਸ੍ਵਤਿ--ਤਿੰਨਾਂ ਲਈ ਸੰਸਕ੍ਰਿਤ ਵਿੱਚ ਗਉ ਸ਼ਬਦ ਆਉਂਦਾ ਹੈ ਏਸ ਕਰਕੇ ਗਉ ਸਦਾ ਪੂਜਾ ਯੋਗਯ ਹੈ।
੨. ਗੋਭਿਰ ਵਿਪ੍ਰੈਸ਼ਚ ਵੇਦੈਸ਼ਚ ਸਤਿਭਿਰ ਸਤਯਵਾਦਿਭਿ:
ਅਲੁਭਧੈ: ਦਾਨ ਸ਼ੂਰੈਸ਼ਚ ਸਪਤੈਤੇ ਧਾਰਯ ਤੇ ਧਰਾ ॥
ਭਾਵਾਰਥ--ਏਨ੍ਹਾਂ ਸੱਤਾਂ ਨੇ ਪ੍ਰਿਥਿਵੀ ਨੂੰ ਧਾਰਣ ਕੀਤਾ ਹੋਇਆ ਹੈ--੧ ਗਉ, ੨. ਬ੍ਰਾਹਮਣ, ੩. ਵੇਦ, ੪. ਸਤੀਆਂ, ੫. ਸੱਚ ਬੋਲਣ ਵਾਲੇ, ੬. ਲਾਲਚ ਤੋਂ ਰਹਿਤ ਅਤੇ ੭. ਦਾਨ ਦੇਣ ਵਿੱਚ ਬਹਾਦੁਰ।

Sri Satguru Jagjit Singh Ji eLibrary NamdhariElibrary@gmail.com

ਭਾਵਾਰਥ–ਸਰਵ ਦਰਸ਼ਕ ਪਰਮਾਤਮਾ ਦਾ ਗਯਾਨ ਦੇਣ ਵਾਲੇ ਸੱਜਣ ਲਈ ਗਊਆਂ, ਪੁਤ੍ਰ-ਪੋਤ੍ਰੇ, ਸ਼ਰੀਰ ਦਾ ਬਲ ਹੋਵੇ। ਵਿਦ੍ਵਾਨ ਲੋਕ ਏਹ ਸਭ ਵਸਤੂਆਂ ਸ੍ਵੀਕਾਰ ਕਰਨ।

੨. ਸ੍ਵਸਤਿ ਮਾਤ੍ਰ ਉਤ ਪਿਤ੍ਰੇ ਨੋ ਅਸਤੁ ਸ੍ਵਸਤਿ ਗੋਭ੍ਯੋ ਜਗਤੇ ਪੁਰੁਸ਼ੇਭ੍ਯਃ।
ਵਿਸ਼੍ਵੰ ਸੁਭੂਤੰ ਸੁਵਿਦਤ੍ਰੰ ਨੋ ਅਸਤੁ ਜਯੋਗੀਵ ਦ੍ਰਿਸ਼ੇਮ ਸੂਰਯੰ ॥
ਅਥਰਵ ਵੇਦ ੧–੩੧–੪

ਭਾਵਾਰਥ–ਅਸਾਡੀ ਮਾਤਾ, ਪਿਤਾ, ਗਊਆਂ, ਮਨੁੱਸ਼ਾਂ ਅਤੇ ਸਾਰੇ ਜਗਤ ਲਈ ਕਲਿਆਣ ਹੋਵੇ। ਸੰਪੂਰਣ ਉੱਤਮ ਐਸ਼ਵਰਯ ਤਥਾ ਗਯਾਨ ਅਤੇ ਉੱਤਮ ਕੁਲ ਅਸਾਡੇ ਲਈ ਹੋਣ। ਅਤੇ ਅਸੀਂ ਬਹੁਤ ਕਾਲ ਤੱਕ ਸੂਰਜ ਨੂੰ ਦੇਖਦੇ ਰਹੀਏ।

੩. ਮਾਤਾ ਰੁਦ੍ਰਾਣਾਂ ਦੁਹਿਤਾ ਵਸੂਨਾਂ ਸ੍ਵਸਾਦਿਤਯਾਨਾਂ ਅਮ੍ਰਿਤਸਯ ਨਾਭਿਃ
ਪ੍ਰਨੁਵੋਚੰ ਚਿਕਿਤੁਸ਼ੇ ਜਨਾਯ ਮਾਗਾਮਨਾਗਾਮਦਿਤਿੰ ਵਧਿਸ਼ਠ ॥
ਰਿਗਵੇਦ ਮੰਡਲ ੮ ਅ. ੧੦ ਸੂ ੧੦੨ ਮੰਤ੍ਰ ੧੫

ਭਾਵਾਰਥ–ਗਊ ਰੁਦ੍ਰ ਬ੍ਰਹਮਚਾਰੀਆਂ ਦੀ ਮਾਤਾ, ਵਸੂ ਬ੍ਰਹਮਚਾਰੀਆਂ ਦੀ ਪੁਤ੍ਰੀ, ਆਦਿਤਯ ਬ੍ਰਹਮਚਾਰੀਆਂ ਦੀ ਭੈਣ ਅਤੇ ਅਮ੍ਰਿਤ ਦਾ ਕੇਂਦ੍ਰ ਹੈ।

੪–ਯਦਿ ਨੋ ਗਾਂ ਹਿੰਸਿ ਯਦਯਸ਼੍ਵੰ ਯਦਿ ਪੂਰੁਸ਼ੰ
ਤੰ ਤ੍ਵਾ ਸੀਸੇਨ ਵਿਧਯਾਮੋ ਯਥਾ ਨੋ ਸੋ ਅਵੀਰਹਾ ॥
ਅਥਰਵ ਵੇਦ ੧–੧੭–੪

ਭਾਵਾਰਥ–ਹੇ ਰਾਖਸ਼ਸ ! ਜੇ ਤੂੰ ਸਾਡੀ ਗਊ, ਘੋੜੇ ਅਥਵਾ ਮਨੁੱਖ ਨੂੰ ਮਾਰੇਂ ਤਾਂ ਤੈਨੂੰ ਸਿੱਕੇ ਦੀ ਗੋਲੀ ਨਾਲ ਵਿੰਨ੍ਹ ਦੇਈਏ ਤਾਕਿ ਤੂੰ ਸਾਡੇ ਵੀਰਾਂ ਦੀ ਹਤਯਾ ਨ ਕਰ ਸਕੇਂ।

ਗੁਰੁਬਾਣੀ–੧. ਗਊ ਬਿਰਾਹਮਣ ਕਉ ਕਰ ਲਾਵਹੁ ਗੋਬਰਿ ਤਰਣੁ ਨ ਜਾਈ ॥
ਆਸਾ ਮਹਲਾ ੧ ਸਲੋਕੁ ੧੬ ਪੰਨਾ ੪੭੧

੨. ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ॥
ਗੁਰੁ ਪੀਰ ਹਾਮੀ ਤਾ ਭਰੇ ਜੋ ਮੁਰਦਾਰ ਨ ਖਾਇ॥
ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਸਲੋਕੁ ੭ ਪੰਨਾ ੧੪੧

Sri Satguru Jagjit Singh Ji eLibrary NamdhariElibrary@gmail.com

ਗੁਰੂ ਘਰ ਅਤੇ ਗਊ ਰਖਸ਼ਾ–

੩. ਮੁਸਲਮਾਨ ਹਾਕਮਾਂ ਦੇ ਅਤਜਾਚਾਰਾਂ ਦਾ ਵਰਣਨ ਕਰਦੇ ਹੋਏ ਭਾਈ ਗੁਰਦਾਸ ਜੀ ਨੇ ਲਿਖਿਆ ਹੈ–

ਠਾਕੁਰ ਦੁਆਰੇ ਢਾਹਿ ਕੈ ਤਿਹ ਠਉੜੀ ਮਸੀਤ ਉਸਾਰਾ
ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ ॥
ਭਾਈ ਗੁਰਦਾਸ ਜੀ ਦੀ ਵਾਰ ੧ ਪਉੜੀ ੨੦

੪. ਬਾਮ੍ਹਣ ਗਾਈਂ ਵੰਸ ਘਾਤ ਅਪਰਾਧ ਕਰਾਰੇ ... ...
ਵਿਸ੍ਵਾਸ ਧ੍ਰੋਹੀ ਅਕਿਰਤਘਣ ਪਾਪੀ ਹਤਿਆਰੇ ॥
ਭਾਈ ਗੁਰਦਾਸ ਜੀ ਦੀ ਵਾਰ ੩੪ ਪਉੜੀ ੧੬

੫. ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਅਵਤਾਰ ਧਾਰਨ ਦਾ ਕਾਰਣ–
ਬਾਬੇ ਨੰਦ ਦੇ ਪੁਤ੍ਰ ਸੁੰਦਰ ਨੇ ਜਿਸਦੀ ਸੱਦ ਆਦਿ ਗ੍ਰੰਥ ਸਾਹਿਬ ਵਿੱਚ ਦਰਜ ਹੈ ਗੁਰੂ ਹਰਿਗੋਬਿੰਦ ਜੀ ਨੂੰ ਆਖਿਆ ਕਿ ਮਹਾਰਾਜ! ਆਪ ਤੋਂ ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤ ਰੂਪ ਸਣ, ਆਪਨੇ ਸ਼ਸਤ੍ਰ ਕਿਉਂ ਧਾਰਣ ਕੀਤੇ ਹਨ ਤਾਂ ਗੁਰੂ ਜੀ ਨੇ ਫ਼ਰਮਾਇਆ–

ਚੌਪਾਈ–ਸੁਨੀ ਤਾਸ ਬਾਨੀ ਦਯਾ ਸਿੰਧ ਬੋਲੈ–ਭਯੋ ਪਾਪ ਭਾਰੋ ਗਊ ਮੇਦ ਡੋਲੈ।
ਧਰਾ ਰੂਪ ਧੇਨੰ ਸੋ ਮੇਧਾ ਪੁਕਾਰੀ–ਗਊ ਬ੍ਰਹਮ ਰਖਿਆ ਕਰੋ ਹੇ ਮੁਰਾਰੀ।
ਸੁਨੀ ਐਸ ਬਾਨੀ ਮਹਾਰਾਜ ਬੋਲੇ–ਧਰੋ ਧੀਰ ਧਰਨੀ ਮਨੰ ਨਾਹਿ ਡੋਲੇ।
ਕਰੀ ਮੋਹਿ ਆਗਯਾ ਪ੍ਰਿਥਿ ਮੱਧ ਜਾਵੋ–ਹਨੋ ਦੁਸ਼ਟਪਾਪੀ ਮਲੇਛੰ ਖਪਾਵੋ।
ਭਈ ਐਸ ਬਾਨੀ ਮਹਾਰਾਜ ਜੀ ਕੀ–ਧਰਾਰੂਪ ਐਸੇ ਕਹੀ ਬਾਤ ਨੀਕੀ ।

ਦੋਹਰਾ–ਅਕਾਲ ਪੁਰਖ ਆਗਿਆ ਕਰੀ ਧਰਾ ਰੂਪ ਇਮ ਆਇ ।
ਮਲੇਛ ਦੁਸ਼ਟ ਪਾਪੀ ਹਨੋ ਧਰਾ ਭਾਰ ਮਿਟ ਜਾਇ ॥

ਚੌਪਾਈ–ਇਹੁ ਕਾਰਨ ਗੁਰ ਮੋਹਿ ਪਠਾਯੋ–ਸਸਤ੍ਰ ਅਸਤ੍ਰ ਧਰ ਜਗ ਮੈਂ ਆਯੋ।
ਸੁੰਦਰ ਸੁਨ ਸਤਗੁਰ ਕੇ ਬੈਨਾ–ਹਰਖ ਪੂਰ ਆਏ ਦੋਊ ਨੈਨਾ ।
ਹਾਥ ਜੋੜ ਕਰ ਚਰਨਨ ਪਰਿਓ–ਕਿਰਪਾ ਸਿੰਧ ਹਾਥ ਸਿਰ ਧਰਿਓ ।
ਗੁਰ ਬਿਲਾਸ ਪਾਤਸਾਹੀ ੬ ਪੰਨਾ ੨੯੩ ਛੰਦ ੪੩ ਤੋਂ ੪੮ ਤਕ

੬. ਇਸ ਸਮੇਂ ਸਭ ਖਤ੍ਰੀ ਬ੍ਰਾਹਮਣ ਦੁਖੀ ਹੋਕਰ.....ਗੁਰੂ ਤੇਗ਼ ਬਹਾਦੁਰ ਜੀ ਦੇ ਪਾਸ ਆਏ ਤੇ ਬੇਨਤੀ ਕੀਤੀ ਕਿ ਮਹਾਰਾਜ! ਔਰੰਗਜ਼ੇਬ ਦੇ ਜ਼ੁਲਮਾਂ ਦਾ ਹੜ ਹਿੰਦੂ ਧਰਮ ਦੀ ਖੇਤੀ ਨੂੰ ਬਰਬਾਦ ਕਰ ਰਿਹਾ ਹੈ...

Sri Satguru Jagjit Singh Ji eLibrary NamdhariElibrary@gmail.com

ਠੌਰ ਠੌਰ ਗਊਆਂ ਦਾ ਘਾਤ ਹੁੰਦਾ ਰਹਿੰਦਾ ਹੈ ਤੇ ਸਾਡੇ ਘਰ ਘਰ ਆਕੇ ਸਾਡੇ ਰੂਬਰੂ ਹੀ ਹਲਾਲ ਕਰਕੇ ਕੱਟ ਵੱਢ ਕੇ ਲੈ ਜਾਂਦੇ ਹਨ।

ਤਾਰੀਖ ਖ਼ਾਲਸਾ ਪੰਨਾ ੨੭੭ ਕ੍ਰਿਤ ਗਿਆਨੀ ਗਿਆਨ ਸਿੰਘ।

(ਨੋਟ–ਏਸ ਸ਼ਿਕਾਇਤ ਨੂੰ ਦੂਰ ਕਰਨ ਲਈ ਹੀ ਸ੍ਰੀ ਗੁਰੂ ਜੀ ਨੇ ਸ਼ਹੀਦੀ ਪਾਈ।)

੭. ਇੱਕ ਵਿਦਜਾ ਅਭਿਮਾਨੀ ਬ੍ਰਾਹਮਣ ਨੂੰ ਨਾਰਦ ਨੇ ਸਰਾਪ ਦਿੱਤਾ ਕਿ ਜਾ ਸਰਪ ਬਣ ਜਾ। ਉਹ ਨੇ ਸ਼ਾਪ ਹਟਣ ਦਾ ਸਮਾਂ ਪੁਛਿਆ ਤਾਂ ਨਾਰਦ ਜੀ ਬੋਲੇ–

ਦੋਹਰਾ–ਗੋ ਦਿਜ ਕੀ ਰਖਜਾ ਨਮਿੱਤ ਧਰ ਹੈਂ ਮਾਨੁਖ ਦੇਹ ॥
ਹਰਿ ਗੋਬਿੰਦ ਗੁਰ ਨਾਮ ਹੁਇ ਸੋ ਤੁਮ ਜੂਨ ਕਟੇਹ ॥

ਗੁਰਬਿਲਾਸ ਪਾਤਸ਼ਾਹੀ ੬ ਧਿ੦ ੨ ਪੰਨਾ ੧੬ ਛੰਦ ੩੨-੩੩

(ਨੋਟ–ਏਸ ਸਰਪ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਚਪਨ ਵਿੱਚ ਹੀ ਮਾਰ ਦਿੱਤਾ ਸੀ)

੮. ਰਾਵੀ ਕੋਲ ਸ੍ਰੀ ਗੁਰੂ ਹਰਿਗੋਬਿੰਦ ਜੀ ਸੈਰ ਕਰ ਰਹੇ ਸਨ ਤਾਂ–

ਦੋਹਰਾ–ਏਕ ਸਿਖ ਐਸੇ ਕਹਿਯੋ ਮੈਂ ਆਯੋ ਪ੍ਰਭੁ ਦੇਖ।
ਗੋ ਹਤਜਾ ਦੇਖੀ ਕਰੈ ਬਨ ਮੈਂ ਪਾਪੀ ਭੇਖ ॥੧੦੮

ਤੋਟਕ ਛੰਦ–ਜਬ ਐਸ ਸੁਨੇ ਸਿਖ ਕੇ ਬਚਨੰ–ਗੁਰ ਚਿੱਤ ਕ੍ਰੋਧ ਵਡੋ ਰਚਨੰ।
ਤਿੰਹ ਕੋ ਅਗ ਰਾਖਸ ਜਾਤ ਭਏ
ਤਿਹ ਜੇਤਕ ਥੇ ਹਤ ਕੈ ਸੁਦਏ ॥੧੦੯

ਭੁਯੰਗ ਪ੍ਰਯਾਤ ਛੰਦ–ਸਭੈ ਦੁਸ਼ਟ ਮਾਰੇ ਨ ਏਕੂੰ ਬਚਾਯੋ–
ਤਿਨੈ ਝੁੰਡ ਬਾਂਸਨ ਸੁ ਆਗੀ ਲਗਾਯੋ। ੧੧੨
ਸੁ ਆਰਨਜ ਵੀਚੰ ਭਈ ਐਸ ਜ੍ਵਾਲਾ–
ਮਿਟਾ ਪਾਪ ਅੰਧੇਰ ਮਾਨੋ ਕਰਾਲਾ। ੧੧੩

ਗੁਰਬਿਲਾਸ ਪਾ. ੬ ਧਿ: ੧੬ ਪੰਨਾ ੩੪੨

੯. ਮੁਸਲਮਾਨਾਂ ਨੇ ਆਟੇ ਦੀ ਗਊ ਬਣਾ ਕੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਜੀ ਅਤੇ ਗੁਰੂ ਜੀ ਨੇ ਝਟ ਆਨੰਦਪੁਰ ਛੱਡਣ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਭਾਈ ਉਦੇ ਸਿੰਘ ਅਤੇ ਭਾਈ ਦਯਾ ਸਿੰਘ ਜੀ ਨੇ ਰੋਕਿਆ ਤਾਂ ਗੁਰੂ ਜੀ ਨੇ ਫ਼ਰਮਾਇਆ–

ਜੋ ਹਮ ਧੇਨੁ ਸਪਤ ਨਹ ਮਾਨੇ ਆਨ ਕੌਨ ਤਬ ਮਾਨੇ
ਦਿਯਾ ਸਿੰਘ ਚਿਤ ਸਮਝ ਬਿਚਾਰਹੁ ਰਿਪ ਜੀਵਤ ਹਤ ਜਾਨੇ।

ਸੂਰਜ ਪ੍ਰਕਾਸ਼ ਰੁਤ ੪ ਅੰਸੂ ੩੭ ਛੰਦ ੪੫

Sri Satguru Jagjit Singh Ji eLibrary NamdhariElibrary@gmail.com

੧੦. ਜਹਾਂਗੀਰ ਦੇ ਦੀਵਾਨ ਚੰਦੂ ਨੇ ਗੁਰੂ ਅਰਜੁਨ ਦੇਵ ਜੀ ਨੂੰ ਬਹੁਤ ਤਸੀਹੇ ਦਿੱਤੇ, ਪਰ ਆਪ ਸ਼ਾਂਤ ਸਰੂਪ ਬਣੇ ਬੈਠੇ ਰਹੇ। ਤਦ ਉਹਨੇ--

ਚੌਪਾਈ--ਬਾਰੂ ਅਧਿਕ ਤਪਤ ਕਰਵਾਈ--ਸ੍ਰੀ ਗੁਰ ਤਿੰਹ ਪਰ ਦੀਏ ਬਿਠਾਈ
ਦੋਹਰਾ--ਬਾਰੂ ਸੀਤਲ ਹੋਇ ਹੈ ਗੁਰੁ ਤਨ ਜਬੈ ਲਗਾਇ
ਆਠ ਪਹਿਰ ਐਸੇ ਕੀਓ ਪਾਪੀ ਜਤਨ ਬਨਾਇ ॥੨੦੨

ਦੋਹਰਾ--ਦੇਗ ਮਾਂਹਿ ਬੈਠੇ ਪ੍ਰਭੂ, ਤਰੋ ਸੁ ਅਗਨਿ ਜਰਾਇ।
ਆਠ ਪਹਿਰ ਐਸੇ ਕੀਓ ਬਾਰ ਨ ਬਾਕਨਿ ਪਾਇ ॥

ਚੌਪਾਈ--ਪੁਨ ਪਾਪੀ ਮਨ ਏਹ ਬਿਚਾਰੀ--ਬੋਲਤ ਨਹੀਂ ਮੌਨ ਇਨ ਧਾਰੀ
ਲੋਹ ਤਪਤ ਕਰ ਤਰੋ ਧਰਾਵੋਂ--ਬੋਲੈ ਊਪਰ ਜਬੈ ਬਿਠਾਵੋਂ
ਤਪਤ ਤਾਂਬ੍ਰ ਸਨ ਲੋਹ ਕਰਾਏ--ਤ੍ਰਿਤੀਆ ਦਿਵਸ ਯੌਂ ਕਹਾ ਸੁਨਾਏ ॥
ਅਬੈ ਸਗਾਈ ਕੋ ਮਨ ਲੀਜੈ--ਨਾਂ ਤਰ ਲੋਹ ਚਰਣ ਧਰ ਦੀਜੈ ॥੨੦੩

ਦੋਹਰਾ--ਗੁਰ ਨਾਨਕ ਕੋ ਜਾਪ ਜਪੁ--ਗੁਰ ਅਰਜਨ ਸੁਖ ਪਾਇ
ਤਪਤ ਤਾਂਮ੍ਰ ਸਮ ਲੋਹ ਜੋ--ਤਾਂ ਪਰ ਬੈਠੇ ਜਾਇ ॥੨੦੪

ਚੌਪਾਈ--ਸੀਤਲ ਲੋਹ ਤਬੈ ਹੁਇ ਆਈ--ਬਾਰ ਨ ਬਾਕਨ ਗੁਰ ਕੋ ਪਾਈ ॥
ਤਰੋ ਦੁਸ਼ਟ ਰਹੇ ਅਗਨਿ ਜਲਾਇ--ਸ੍ਰੀ ਗੁਰ ਬੈਠੇ ਮਨ ਸੁਖ ਪਾਇ ॥
ਚੌਥੇ ਦਿਨ ਯੌਂ ਪਾਪੀ ਕੀਨੋ--ਅਪਨੇ ਮਨ ਮੈਂ ਐਸੋ ਚੀਨੋ ॥
ਔਰ ਜਤਨ ਇਹ ਬੋਲਤ ਨਾਹੀਂ--ਹਿੰਦੂ ਸੋਂਹ ਜੋ ਸੋਇ ਕਰਾਹੀਂ ॥੨੦੫

ਦੋਹਰਾ--ਗੌ ਕਾ ਚਰਮ ਉਤਾਰ ਕਰ ਯਾਕੇ ਤਨ ਦਿਉਂ ਛਾਇ।
ਤਬੈ ਸਗਾਈ ਮਾਨ ਹੈ ਧਰਮ ਹੇਤ ਡਰ ਪਾਇ ॥੨੦੬

ਚੌਪਾਈ--ਗੌ ਕਾ ਕਚਾ ਚਰਮ ਉਤਾਰਿਓ--ਆਨ ਅਗ੍ਰ ਸ੍ਰੀ ਗੁਰ ਕੈ ਡਾਰਿਓ ॥
ਹੁਇ ਸਨਮੁਖ ਤਬ ਪਾਪੀ ਕਹਾ--ਮਾਨ ਸਗਾਈ ਨਹੀਂ ਦੁਖ ਮਹਾ ॥
ਸ੍ਰੀ ਗੁਰ ਕਹੇ ਸਨਾਨ ਹਮ ਕੱਯੋ--ਪਾਂਚ ਸਿਖ ਹਮਰੇ ਸੰਗ ਦੱਯੋ ॥
ਚੰਦੂ ਸੁਨ ਮਨ ਮੈ ਸੁਖ ਪਾਯੋ--ਬੋਲੇ ਅਬ ਬਚ ਮੋਰ ਮਨਾਯੋ ॥੨੦੭

ਦੋਹਰਾ--ਕੁਛ ਮਾਨੁਖ ਅਪਨੇ ਦੀਏ ਗੁਰ ਕੇ ਸੰਗ ਸੁਧਾਰ।
ਪਾਂਚ ਸਿਖ ਕੋ ਸੰਗ ਲੈ ਸ੍ਰੀ ਗੁਰ ਚਲੇ ਮੁਰਾਰ ॥੨੦੮

ਚੌਪਾਈ--ਨਿਜ ਮਾਨੁਖ ਕੋ ਚੰਦੂ ਭਾਖਯੋ--ਕਛੂ ਨ ਕਹੋ ਨਜਰ ਮੇ ਰਾਖਯੋ ॥
ਰਾਵੀ ਓਰ ਗੁਰ ਕਰੇ ਪਿਆਨਾ--ਜੇਠੇ ਆਦ ਸਿਖ ਗੁਨਵਾਨਾ ॥
ਸ੍ਰੀ ਗੁਰ ਰਾਵੀ ਕੀਓ ਸਨਾਨਾ--ਸਿਖ ਭੀ ਪਾਚੋਂ ਮਜਨ ਠਾਨਾ ॥੨੦੯

Sri Satguru Jagjit Singh Ji eLibrary NamdhariElibrary@gmail.com

ਦੋਹਰਾ—ਜਪਜੀ ਪੜ੍ਹ ਸੁਖਮਨੀ ਪੜ੍ਹ ਪੁਨ ਵਡਹੰਸਹਿ ਵਾਰ ।
ਮਾਰੂ ਡੱਖਣ ਵਾਰ ਪੜ੍ਹ ਸ੍ਰੀ ਮੁਖ ਬਚਨ ਉਚਾਰ ॥ ੨੧੦

ਚੌਪਾਈ—ਸੁਨੋ ਸਿਖ ਤੁਮ ਮੇਰੇ ਪ੍ਰਾਨਾ—ਸਤਿ ਬਚਨ ਇਹ ਹਮਰਾ ਜਾਨਾ ॥
ਹਮ ਅਬ ਜੋਤੀ ਜੋਤ ਸਮਾਵੈਂ—ਪਾਛੇ ਕਰੋ ਜੋ ਤੁਮੈਂ ਬਤਾਵੈਂ ॥
ਹਮਰੀ ਦੇਹ ਨ ਦਾਹ ਕਰਾਵੋ—ਜਪੁਜੀ ਪੜ੍ਹਤ ਨਦੀ ਮਹਿੰ ਜਾਵੋ ॥
ਜਪੁਜੀ ਭੋਗ ਜਹਾਂ ਤੁਮ ਪਾਵੋ—ਤਬੈ ਦੇਹ ਪਰਵਾਹ ਕਰਾਵੋ ॥

ਨੋਟ—ਗਊ ਦੇ ਕੱਚੇ ਚਮੜੇ ਵਿੱਚ ਮੜ੍ਹੇ ਜਾਣ ਤੋਂ ਬਚਣ ਲਈ ਸ੍ਰੀ ਗੁਰੂ ਅਰਜੁਨ ਦੇਵ ਜੀ ਏਸ ਪ੍ਰਕਾਰ ਰਾਵੀ ਤੇ ਸ਼ਨਾਨ ਕਰਨ ਗਏ ਅਤੇ ਜੋਤਿ ਜੋਤ ਸਮਾ ਗਏ। ਓਸ ਅਵਸਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਜੀ, ਸ੍ਰੀ ਗੁਰੂ ਅਮਰ ਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ—ਚਾਰੇ ਗੁਰੂ ਸਾਹਿਬਾਨ—ਓਨ੍ਹਾਂ ਦੀ ਅਗਵਾਈ ਲਈ ਪਧਾਰੇ। ਫੇਰ—

ਚੌਪਾਈ—ਗੁਰ ਅਰਜਨ ਨਿਜ ਦੇਹ ਤਜਾਏ—ਚਾਰੋਂ ਗੁਰ ਕੇ ਸੰਗ ਸਿਧਾਏ ॥
ਦੇਵਨ ਹਰਖ ਦੁੰਦਭੀ ਦੀਨੀ—ਫੁਲ ਬਰਖਾਵਿਤ ਉਤਸਵ ਕੀਨੀ ॥
ਦੇਵ ਪੁਰੀ ਮੇਂ ਉਤਸਵ ਭਯੋ—ਅਬ ਦੁਸ਼ਟਨ ਕੋ ਨਾਸ ਸੁਕਯੋ ॥
ਇਹ ਬਿਧ ਅਪਨੇ ਧਾਮ ਪਧਾਰੇ—ਗੁਰੁ ਅਰਜਨ ਜੀ ਰੂਪ ਮੁਰਾਰੇ ॥੨੧੬

ਹਵਨ—ਯਗਜ

ਵੇਦ ਨੇ ਹਵਨ-ਯਗਜ ਨੂੰ 'ਸ਼੍ਰੇਸ਼ਠਤਮ ਕਰਮ' ਅਰਥਾਤ ਸਭ ਸ਼ੁਭ ਕਰਮਾਂ 'ਚੋਂ ਸਾਰਿਆਂ ਨਾਲੋਂ ਉੱਚਾ ਕਰਮ ਦੱਸਿਆ ਹੈ । *ਪ੍ਰਤਿਦਿਨ ਕੀਤੇ ਜਾਣ ਵਾਲੇ 'ਪੰਚ ਮਹਾਂ ਯਗਜਾਂ' ਵਿੱਚੋਂ ਵੀ ਬ੍ਰਹਮ ਯਗਜ ਦੇ ਬਾਦ 'ਦੇਵ-ਯਗਜ' ਅਰਥਾਤ ਹਵਨ-ਯਗਜ ਦਾ ਨੰਬਰ ਆਉਂਦਾ ਹੈ। ਦੇਵ-ਯਗਜ ਦੀ ਉੱਚਤਾ ਦਾ ਪ੍ਰਧਾਨ ਕਾਰਣ ਇਹ ਹੈ ਕਿ ਇਸਦਾ ਅਨੁਸ਼ਠਾਨ ਪ੍ਰਾਣੀ ਮਾਤ੍ਰ ਦੇ ਹਿਤ ਦੀ ਭਾਵਨਾ ਨਾਲ ਕੀਤਾ ਜਾਂਦਾ ਹੈ। ਸਰਵਹਿਤਕਾਰੀ ਕਰਮ ਕੋਈ ਵੀ ਹੋਵੇ ਵੈਦਿਕ ਪਰਿਭਾਸ਼ਾ ਵਿੱਚ ਉਹਨੂੰ 'ਯਗਜ' ਨਾਮ ਦਿੱਤਾ ਜਾਂਦਾ ਹੈ। ਹਵਨ-ਯਗਜ ਦੀ ਆਗਜਾ ਦੇਣ ਵਾਲੇ ਕੁਝ ਮੰਤ੍ਰ ਹੇਠਾਂ ਦਿੱਤੇ ਜਾਂਦੇ ਹਨ।

੧. ਓਮ ਉਦਬੁਧਜਸ੍ਵਾਗਨੇ ਪ੍ਰਤਿ ਜਾਗ੍ਰਿਹਿ ਤ੍ਵਮਿਸ਼ਟਾਪੂਰਤੇ ਸਗ੍ਂ ਸ੍ਰਿਜੇਥਾ-ਮਯੰਚ। ਅਸਮਿਨਤਸਧਸਥੇ ਅਧਜੁੱਤਰਸਮਿਨ ਵਿਸ਼੍ਵਦੇਵਾ ਯਜਮਾਨਸ਼ਚ ਸੀਦਤ ॥ ਯਜੁ. ਅ. ੧੫ ਮੰਤ੍ਰ ੫੪ ॥

* ਵੇਖੋ ਯਜੁਰ ਵੇਦ ਅਧਿਆਇ ੧ ਮੰਤ੍ਰ ੧

Sri Satguru Jagjit Singh Ji eLibrary NamdhariElibrary@gmail.com

ਅਰਥ–ਹੇ ਅਗਨੇ ! ਤੂੰ ਪ੍ਰਕਟ ਹੋ ਅਤੇ ਖ਼ੂਬ ਪ੍ਰਕਾਸ਼ਿਤ ਹੋ । ਇਹ ਯਜਮਾਨ, ਅਤੇ ਤੂੰ ਯਗਜਾਦਿ ਕਾਰਯ ਅਤੇ ਧਰਮਾਰਥ ਅਸਥਾਨ ਆਦਿ ਬਣੌਣ ਦੇ ਸ਼ੁਭ ਕਰਮ ਨੂੰ ਉਤਪੰਨ ਕਰੋ । ਏਸ ਅਗਨੀ ਸਹਿਤ ਅਸਥਾਨ ਵਿੱਚ ਅਤੇ ਏਸ ਤੋਂ ਵੀ ਉੱਤਮ ਅਸਥਾਨ ਵਿੱਚ ਈਸ਼ੁਰ ਕਰੇ ਕਿ ਸਭ ਵਿਦ੍ਵਾਨ ਲੋਕ ਅਤੇ ਯਜਮਾਨ ਬੈਠਣ ।

੨. ੳਮ ਸਮਿਧਾਗਨਿੰ ਦੁਵਸਜਤ ਘ੍ਰਿਤੈਰ ਬੋਧਯਤਾਤਿਥਿਮ ।
ਆਸਮਿਨ ਹਵਜਾ ਜੁਹੋਤਨ । ਯਜੁ. ਅ. ੩ ਮੰਤ੍ਰ ੧

ਅਰਥ–ਹੇ ਵਿਦ੍ਵਾਨੋ ! ਆਪ ਲੋਕ ਸਮਿਧਾਵਾਂ (ਯਗਜ ਦਾ ਈਂਧਨ) ਨਾਲ ਅਗਨੀ ਦਾ ਸੇਵਨ ਕੀਤਾ ਕਰੋ ਅਤੇ ਓਸ ਅਗਨੀ ਨੂੰ ਪਰਾਹੁਣੇ ਵਾਂਗ ਸਮਝ ਕੇ ਘ੍ਰਿਤਾਦਿਕਾਂ ਨਾਲ ਪ੍ਰਕਾਸ਼ਿਤ ਕਰੋ । ਏਸ ਅਗਨੀ ਦੇ ਵਿੱਚ ਸਭ ਪ੍ਰਕਾਰ ਦਾ ਸ਼ਾਕਲਜ (ਹਵਨਸਾਮਗ੍ਰੀ) ਪਾਇਆ ਕਰੋ ।

੩. ੳਮ ਸੁਸਮਿੱਧਾਯ ਸ਼ੋਚਿਸ਼ੇ ਘ੍ਰਿਤੰ ਤੀਬ੍ਰੰ ਜੁਹੋਤਨ ।
ਅਗਨਯੇ ਜਾਤਵੇਦਸੇ । ਯਜੁ. ਅ. ੩ ਮੰਤ੍ਰ ੨

ਅਰਥ–ਹੇ ਮਨੁਖੋ ! ਚੰਗੀ ਤਰਹ ਜਲਾਏ ਹੋਏ, ਦੀਪਤੀ (ਚਮਕ) ਵਾਲੇ ਸਭ ਵਸਤਾਂ ਵਿੱਚ ਵਿਦਯਮਾਨ ਅਗਨੀ ਦੇ ਵਾਸਤੇ ਸਭ ਪ੍ਰਕਾਰ ਨਾਲ ਸ਼ੁੱਧ ਕੀਤੇ ਹੋਏ ਘ੍ਰਿਤ ਨੂੰ ਹੋਮੋ (ਆਹੁਤੀ ਰੂਪ ਵਿੱਚ ਅਗਨੀ ਵਿਚ ਪਾਓ) ।

੪. ੳਮ ਤੰਤ੍ਵਾ ਸਮਿਧਭਿਰੰਗਿਰੋ ਘ੍ਰਿਤੇਨ ਵਰਧਯਾਮਸਿ ।
ਬ੍ਰਿਹੱਛੋਚਾਯਯਵਿਸ਼ਠਯ । ਯਜੁ. ਅ. ੩ ਮੰਤ੍ਰ ੩

ਅਰਥ–ਹੇ ਸਭ ਨੂੰ ਪ੍ਰਾਪਤ ਹੋਣ ਵਾਲੇ ਅਗਨੇ ! ਉਸ ਆਪ ਨੂੰ ਸਮਿਧਾਵਾਂ ਨਾਲ ਅਤੇ ਘ੍ਰਿਤ ਨਾਲ ਵਧਾਈਏ । ਹੇ ਅਗਨੇ ! ਪ੍ਰਕਾਸ਼ ਅਤੇ ਭੇਦਕ ਗੁਣਾਂ (ਅਗਨੀ ਦਾ ਇਹ ਗੁਣ ਹੈ ਕਿ ਉਹ ਆਪਣੇ ਵਿਚ ਹੋਮੇ ਪਦਾਰਥ ਨੂੰ ਚੰਗੀ ਤਰਹ ਛਿੰਨ ਭਿੰਨ ਕਰਕੇ ਵਾਯੂ ਮੰਡਲ ਵਿੱਚ ਫੈਲਾ ਦੇਂਦਾ ਹੈ) ਦੇ ਕਾਰਣ ਵੱਡੇ ਅਤੇ ਬੜੇ ਬਲਵਾਨ ਹੋ ਕੇ ਪ੍ਰਕਾਸ਼ਿਤ ਹੋਵੋ ।

੫. ੳਮ ਅਯੰਤ ਇਧਮ ਆਤਮਾ ਜਾਤਵੇਦਸਤੇਨੇਧਜਸ੍ਵਵਰਧਸ੍ਵ ਚੇੱਧ-
ਵਰਧਯ ਚਾਸਮਾਨ ਪ੍ਰਜਯਾ ਪਸ਼ੁਭਿਰਬ੍ਰਹਮਵਰਚਸੇਨੱਾਨਾਦਯੇਨਸਮੇਧਯ ।
ਆਸ਼੍ਵਲਾਇਨ ਗ੍ਰਿਹਯ ਸੂਤ੍ਰ । ਅਧਿਆਇ ੧ ਕੰਡਿਕਾ ੧੦ ਸੂ. ੧੨

ਅਰਥ–ਹੇ ਅਗਨੇ ! ਇਹ ਕਾਠ ਤੇਰਾ ਆਧਾਰ ਹੈ, ਏਸ ਕਾਠ ਨਾਲ ਪ੍ਰਦੀਪਤ ਹੋ ਕੇ ਵਧ ਅਤੇ ਸਾਨੂੰ ਜ਼ਰੂਰ ਹੀ ਪੁਤ੍ਰਾਦਿਕਾਂ ਨਾਲ, ਪਸ਼ੂਆਂ ਨਾਲ, ਵਡੀ ਕਾਂਤੀ ਨਾਲ, ਅਤੇ ਅੰਨ ਆਦਿਕਾਂ ਨਾਲ ਚੰਗੀ ਤਰਹ ਉੱਨਤ ਕਰ ।

Sri Satguru Jagjit Singh Ji eLibrary NamdhariElibrary@gmail.com

੬. ਅਧਯਾਪਨੰ ਬ੍ਰਹਮਯਜਞ: ਪਿਤ੍ਰਿਯਜਞਸਤੁ ਤਰਪਣੰ ।
ਹੋਮੋਦੈਵੋ ਬਲਿਰਭੌਤੋ ਨ੍ਰਿਯਜਞੋ ਅਤਿਥਿ ਪੂਜਨੰ ॥
ਮਨੁ ਅਧਯਾਯ ੩ ਸ਼ਲੋਕ ੭੦

ਭਾਵਾਰਥ–ਬ੍ਰਹਮ ਯਗਯ, ਪਿਤ੍ਰੀ ਯਗਯ, ਦੇਵ ਯਗਯ (ਹੋਮ), ਭੂਤ ਯਗਯ ਅਤੇ ਮਨੁਸ਼ਯ ਯਗਯ–ਏਹ ਪੰਜ ਹਰ ਰੋਜ਼ ਕਰਨ ਵਾਲੇ ਯਗਯ ਹਨ ॥

੭. ਪੰਚੈਤਾਨਯੋ ਮਹਾਯਜਞਾੱਨ ਹਾਪਯਤਿ ਸ਼ਕਤਿ: ।
ਸ ਗ੍ਰਿਹੇ ਅਪਿ ਵਸੰਨਿੱਤਯੰ ਸੂਨਾ ਦੋਸ਼ੈਰ ਨ ਲਿਪਯਤੇ ॥
ਮਨੁ ਅਧਯਾਯ ੩ ਸ਼ਲੋਕ ੭੧

ਭਾਵਾਰਥ–ਜੋ ਵਯਕਤਿ ਏਨ੍ਹਾਂ ਪੰਜਾਂ ਯਗਯਾਂ ਨੂੰ ਆਪਣੀ ਸ਼ਕਤੀ ਭਰ ਨਹੀਂ ਛੱਡਦਾ ਉਹ ਘਰ ਵਿੱਚ ਵੱਸਦਾ ਹੋਇਆ ਵੀ ਹਿੰਸਾ ਦੇ ਦੋਸ਼ਾਂ ਨਾਲ ਲਿਪਤ ਨਹੀਂ ਹੁੰਦਾ ॥

੮. ਅਗਨੌ ਪ੍ਰਾਸਤਾਹੁਤਿ: ਸਮਯਗਾਦਿਤਯਮੁਪਤਿਸ਼ਠਤੇ ।
ਆਦਿਤਯਾੱਜਾਯਤੇ ਬ੍ਰਿਸ਼ਿਟਰ ਬ੍ਰਿਸ਼ਟਿਰੱਨੰ ਤਤ: ਪ੍ਰਜਾ: ॥
ਮਨੁ ਅਧਯਾਯ ੩ ਸ਼ਲੋਕ ੭੬

ਭਾਵਾਰਥ–ਅਗਨੀ ਵਿੱਚ ਪਾਈ ਹੋਈ ਆਹੁਤੀ ਸੂਰਜ ਨੂੰ ਪਹੁੰਚਦੀ ਹੈ, ਸੂਰਜ ਤੋਂ ਬ੍ਰਿਸ਼ਟੀ ਹੁੰਦੀ ਹੈ; ਬ੍ਰਿਸ਼ਟੀ ਤੋਂ ਅੰਨ ਅਤੇ ਅੰਨ ਤੋਂ ਪ੍ਰਜਾ ਹੁੰਦੀ ਹੈ ।

੯. ਦੂਰਾਦਾਹ੍ਰਿਤਯ ਸਮਿਧ: ਸੰਨਿਦਧਯਾਦ੍ਰਿਹਾਯਸਿ ।
ਸਾਯੰ ਪ੍ਰਾਤਸ਼ਚ ਜੁਹੁਯੱਾਤਾਭਿਰਗਨਿਮਤੰਦ੍ਰਿਤ: ॥
ਮਨੁ ਅਧਯਾਯ ੨ ਸਲੋਕ ੧੧੬

ਭਾਵਾਰਥ–ਦੂਰ ਤੋਂ ਸਮਿਧਾ ਲਿਆ ਕੇ ਉੱਚੇ ਸਥਾਨ ਤੇ ਰੱਖੇ, ਆਲਸ ਛੱਡ ਕੇ ਸ੍ਹੇਰ ਵੇਲੇ ਤੇ ਸੰਧਿਆ ਵੇਲੇ ਅਗਨੀ ਵਿੱਚ ਹੋਮ ਕੀਤਾ ਕਰੋ ॥

੧੦. ਅੱਨਾਦਭਵੰਤਿ ਭੂਤਾਨਿ ਪਰਜਨਯਾਦੱਨ ਸੰਭਵ: ।
ਯਜਞਾਤ ਭਵਤਿ ਪਰਜਨਯੋ ਯਜਞ: ਕਰਮ ਸਮੁਦਭਵ: ॥
ਗੀਤਾ ਧਿ. ੩ ਸ਼. ੧੪

ਭਾਵਾਰਥ–ਸੰਪੂਰਣ ਪ੍ਰਾਣੀ ਅੰਨ ਤੋਂ ਪੈਦਾ ਹੁੰਦੇ ਹਨ; ਅੰਨ ਦੀ ਉਤਪੱਤੀ ਬਾਰਸ਼ ਤੋਂ ਹੁੰਦੀ ਹੈ; ਵਰਖਾ ਯਗਯ ਦੇ ਕਰਨ ਨਾਲ ਹੁੰਦੀ ਹੈ ਅਤੇ ਉਹ ਯਗਯ ਕਰਮਾਂ ਤੋਂ ਉਪਜਦਾ ਹੈ ।

Sri Satguru Jagjit Singh Ji eLibrary NamdhariElibrary@gmail.com

੧੧. ਯਜਞ ਸ਼ਿਸ਼ਟਾਸ਼ਿਨ: ਸੰਤੋ ਮੁਚਯੰਤੇ ਸਰਵ ਕਿਲਵਿਸ਼ੈ ।
ਭੁੰਜਤੇ ਤੇ ਤ੍ਵਘੰ ਪਾਪਾ ਯੇ ਪਚੰਤਯਾਤਮ ਕਾਰਣਾਤ ॥
ਗੀਤਾ ਧਿ: ੩ ਸ਼: ੧੩

ਭਾਵਾਰਥ—ਯਗਜ ਤੋਂ ਬਚੇ ਹੋਏ ਅੰਨ ਨੂੰ ਖਾਣ ਵਾਲੇ ਸ਼੍ਰੇਸ਼ਟ ਪੁਰਖ ਸਮਸਤ ਪਾਪਾਂ ਤੋਂ ਛੁੱਟ ਜਾਂਦੇ ਹਨ । ਅਤੇ ਜਿਹੜੇ ਪਾਪੀ ਲੋਕ ਆਪਣੇ ਸ਼ਰੀਰ ਦੀ ਪੁਸ਼ਟੀ ਵਾਸਤੇ ਹੀ ਪਕਾਉਂਦੇ ਹਨ, ਓਹ ਤਾਂ ਪਾਪ ਨੂੰ ਹੀ ਖਾਂਦੇ ਹਨ ।

ਗੁਰੂ ਘਰ ਅਤੇ ਹੋਮ-ਯਗਜ—

੧. ਭਾਉ ਭਗਤ ਪਰਵਾਣ ਹੈ ਜੱਗ ਹੋਮ ਤੇ ਪੁਰਬ ਕਮਾਈ
ਕਰਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰ ਪਾਈ
ਕਲਿਜੁਗ ਨਾਮੇ ਕੀ ਵਡਿਆਈ ॥
ਭਾਈ ਗੁਰਦਾਸ ਜੀ ਵਾਰ ੧ ਪਉੜੀ ੧੬

੨. ਦਹੀ ਵਿਲੋਇ ਅਲੋਈਐ ਛਾਹਿ ਮੱਖਣ ਤਰਣਾ
ਮੱਖਣ ਤਾਇ ਉਟਾਇ ਕੈ ਘਿਉ ਨਿਰਮਲ ਕਰਣਾ ।
ਹੋਮ ਜਗ ਨਈਵੇਦ ਕਰ ਸਭ ਕਾਰਜ ਸਰਣਾ
ਆਪੇ ਆਪ ਵਰਤਦਾ ਗੁਰਮੁਖ ਹੋਇ ਜਰਣਾ
ਭਾਈ ਗੁਰਦਾਸ ਜੀ ਵਾਰ ੨ ਪਉੜੀ ੧੩

੩. ਲੱਤਾਂ ਹੇਠ ਲਤਾੜੀਐ ਘਾਹ ਨ ਕੱਢੈ ਸਾਹਿ ਵਿਚਾਰਾ
ਗੋ ਰਸ ਦੇ ਖੜ ਖਾਇ ਕੈ ਗਾਇ ਗ੍ਰੀਬੀ ਪਰਉਪਕਾਰਾ
ਦੁਧਹੁ ਦਹੀ ਜਮਾਈਐ ਦਹੀਅਹੁ ਮੱਖਣ ਛਾਹਿ ਪਿਆਰਾ
ਘਿਉ ਤੇ ਹੋਵਣ ਹੋਮ ਜਗ ਢੰਗ ਸ੍ਵਾਰਥ ਚਜ ਅਚਾਰਾ
ਧੌਲ ਧਰਮ ਪ੍ਰਗਟ ਹੋਇ ਧੀਰਜ ਵਹੈ ਸਹੈ ਸਿਰ ਭਾਰਾ
ਇੱਕ ਇੱਕ ਜਾਉ ਜਣੇਂਦਿਆਂ ਚਹੁ ਚੱਕਾਂ ਵਿੱਚ ਵੱਗ ਹਜਾਰਾਂ
ਤ੍ਰਿਣ ਅੰਦਰ ਵੱਡਾ ਪਾਸਾਰਾ ॥
ਭਾਈ ਗੁਰਦਾਸ ਜੀ ਵਾਰ ੪ ਪਉੜੀ ੮

੪. ਜਪ ਤਪ ਸੰਜਮ ਹੋਮ ਯੱਗ ਵਰਤ ਨੇਮ ਨਈਵੇਦ ਪੁਜਾਯਾ
ਸਿਖਾ ਸੂਤ੍ਰ ਮਾਲਾ ਤਿਲਕ ਪਿਤਰ ਕਰਮ ਵੇਦ ਕਰਮ ਕਮਾਯਾ
ਪੁੰਨ ਦਾਨ ਉਪਦੇਸ਼ ਦ੍ਰਿੜਾਯਾ ॥
ਭਾਈ ਗੁਰਦਾਸ ਜੀ ਵਾਰ ੮ ਪਉੜੀ ੭

Sri Satguru Jagjit Singh Ji eLibrary NamdhariElibrary@gmail.com

੫. ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜ ਸੋਹੈ ॥
ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਸਬਦ ੩੬ ਪੰਨਾ ੧੫੦

੬. ਹੋਮ ਜਗ ਉਰਧ ਤਪ ਪੂਜਾ ॥ ਕੋਟਿ ਤੀਰਥ ਇਸਨਾਨੁ ਕਰੀਜਾ ॥
ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ ੩ ਪੰਨਾ ੧੩੪੯

੭. ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ, ਤੀਰਥਾਂ ਤੇ ਜਾਕੇ ਯਗਜ ਕਰਨਾ—
ਚੌਪਾਈ--ਤੀਰਥ ਰਾਜ ਪ੍ਰਯਾਗ ਬਿਸਾਲਾ । ਤਹਾਂ ਪਹੂਚੇ ਜਾਇ ਕ੍ਰਿਪਾਲਾ ॥
ਸਤਿ ਸੰਗਤਿ ਸਿੱਖਨਿ ਬਡ ਭਾਗੇ । ਪਰਮ ਛੇਤ੍ਰ ਗੁਰੁ ਦਰਸ਼ਨ ਲਾਗੇ॥੧੨॥
ਜਹਾਂ ਤ੍ਰਿਬੈਨੀ ਸੰਗਮ ਹੋਵਾ । ਪ੍ਰਥਮ ਜਾਇ ਤਹਿੰ ਗੁਰੂ ਖਰੋਵਾ ॥
ਕਰਯੋ ਫ਼ਰਸ਼ ਪੁਨ ਗਏ ਅਸੀਨ । ਜੁਗ ਸਲਿਤਾ ਦੁਤਿ ਦੇਖਨਿ ਕੀਨਿ॥੧੩
ਜਲ ਉੱਜਲ, ਇਕ ਸਯਾਮਲ ਬਾਰੀ । ਸਾਰਸੁਤੀ ਬਿਦਤਾਇ ਮਝਾਰੀ ।
ਪਾਪ ਅਨੇਕਨਿ ਕਤਰਨਿ ਛੈਨੀ । ਬਡ ਸੋਭਾ ਤਿਹ ਹੋਤ ਤ੍ਰਿਬੈਨੀ ॥੧੪॥
ਸਤ ਰਜ ਤਮ ਤੀਨਹੁ ਕੇ ਰੰਗ । ਮਨਹੁ ਬਿਦਤਿ ਹੋਇ ਉਠਹਿੰ ਤਰੰਗ ।
ਜਨੁ ਤ੍ਰੈ ਦੇਵਨ ਕੇਰ ਸਰੀਰ । ਰਹੇ ਪ੍ਰਕਾਸ਼ ਹੋਇ ਕਰਿ ਨੀਰ ॥੧੫॥
ਮਨਹੁ ਤ੍ਰਿ ਸੰਧਜਾ ਸੂਰਜ ਕੇਰੀ । ਪਾਪ ਤੋਮ ਤਮ ਹਰਤਿ ਘਨੇਰੀ ।
ਤੀਨੋਂ ਤਾਪ ਬਿਦਾਰਨਿ ਤੇਤੁ । ਤੀਨੋਂ ਰੰਗ ਧਰੇ ਦੁਤਿ ਦੇਤਿ ॥੧੬॥
ਨਿਰਮਲ ਜਲ ਕੀ ਅਤਿ ਹੁਇ ਸ਼ੋਭਾ । ਅਸ ਜਨ ਕੌਨ ਨ ਪਿਪਿ ਮਨ ਲੋਭਾ।
ਪ੍ਰਥਮ ਗੁਰੂ ਜੀ ਮੱਜਨ ਕੀਨਾ । ਹੁਤੇ ਜੁ ਦਿਜ ਢਿਗ ਦਾਨ ਸੁਦੀਨਾ ॥੧੭॥
ਸੁਨਿ ਸੁਨਿ ਬਿੱਪ੍ਰ ਆਏ ਸਮਦਾਏ । ਸੋ ਭੀ ਲੈ ਕਰਿ ਦਾਨ ਸਿਧਾਏ ।
ਬਿਪ੍ਰ ਬ੍ਰਿੰਦ ਸੁਨਿ ਸੁਨਿ ਪੁਨ ਆਵਤਿ।ਜਾਤਿ ਨ ਛੂਛੇ ਗੁਰੁਤੇ ਪਾਵਤਿ॥੧੮॥
ਤਿਸ ਦਿਨ ਸਗਰੇ ਗੁਰ ਭਗਵਾਨ । ਦੇਤੇ ਰਹੇ ਦਿਜਨ ਕਉ ਦਾਨ ॥
ਜਿਤਕ ਸਮਿੱਗ੍ਰੀ ਗੁਰ ਕੇ ਪਾਸ । ਸਰਬ ਸੁ ਦੇਤਿ ਭਏ ਦਿਜ ਰਾਸ ॥੧੯॥
ਸੂਰਜ ਪ੍ਰਕਾਸ਼ ਜਿਲਦ ੧੦ਵੀਂ [ਵਜ਼ੀਰ ਹਿੰਦ ਪ੍ਰੈਸ, ਪ੍ਰਕਾਸ਼ਿਤ ਮਈ ਸਨ ੧੯੩੧, ਅੰਮ੍ਰਿਤਸਰ]
ਪੰਨਾ ੪੧੫੮ : ਰਾਸ ੧੧, ਅੰਸੂ ੪੮

*੮. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਮ-ਯਗਜ ਕੀਤਾ—
ਇਹ ਤੋ ਧਰਮ ਹਮਾਰਾ ਸਾਰ—ਕਰਤ ਰਹੋ ਨ੍ਰਿਪ ਮੁਨਿ ਅਵਤਾਰ ।

* ੧. ਯਗਜ-ਹਵਨ ਦਾ ਯਥਾਰਥ ਤਾਤਪਰਯ ਏਹੋ ਹੀ ਹੈ ਜੋ ਭਾਈ ਗਿਆਨੀ ਗਿਆਨ ਸਿੰਘ ਜੀ ਨੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰ ਬਿੰਦ ਤੋਂ ਅਖਵਾਇਆ ਹੈ । ਬਾਕੀ ਅਗਲੇ ਸਫ਼ੇ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਸੋ ਤੋ ਹਮ ਭੀ ਕਰਨਾ ਚਾਹੈਂ—ਜਿਸ ਤੇ ਸਭ ਸ੍ਰਿਸ਼ਟਿ ਸੁਖ ਪੈ ਹੈਂ।
ਇਕ ਤੋ ਅਬ ਦੁਰਭਿਖ ਅਤਿ ਭਾਰੀ—ਹੈ ਪੜ ਰਹਿਓ ਨ ਬਰਖਤ ਬਾਰੀ।
ਦੂਸਰ ਭਾਰਤਵਰਸ਼ ਮਝਾਰੇ—ਮਹਾਮਾਰੀ ਪੜ ਰਹੀ ਅਪਾਰੇ।
ਤ੍ਰਿਤੀਏ ਜੋ ਨਰ ਨਾਰੀ ਆਰਜ—ਹੋਇ ਰਹੇ ਨਿਜ ਧਰਮੋਂ ਖਾਰਜ।
ਪਾਪ ਕੁਕਰਮਨ ਮੋਂ ਸਭ ਲਾਗੇ—ਇਸੀ ਹੇਤ ਬਨ ਰਹੇ ਅਭਾਗੇ।
ਜਗਜ ਹਵਨ ਜਗਜ ਕਰਵੈ ਹੈਂ—ਖ਼ੁਸ਼ ਹੋਇ ਘਨ ਜਲ ਬਹੁ ਬਰਸੈ ਹੈਂ।
ਦੁਰਭਿਖ ਨਾਸੇ ਅੰਨ ਬਹੁ ਪੈ ਹੈ—ਧਰਨੀ ਰਸ ਸਭ ਵਿਧਿ ਪ੍ਰਗਟੈ ਹੈ।
ਪਵਨ ਹਵਨ ਤੇ ਸ਼ੁਧ ਭਵੈ ਹੈ—ਰੋਗ ਸੋਗ ਸਭ ਦੂਰ ਨਸੈ ਹੈ।
ਬੁੱਧਿ ਸ਼ੁੱਧ ਨਰ ਨਾਰਿਨ ਲੈਹੈਂ—ਸੁਕ੍ਰਿਤ ਸਭ ਕਰਨੇ ਲਗ ਜੈ ਹੈਂ।
ਨਸੈ ਅਵਿਦਜਾ ਵਿਦਜਾ ਐ ਹੈ—ਸੂਰ ਬੀਰਤਾ ਦ੍ਰਿੜ੍ਹ ਪ੍ਰਗਟੈ ਹੈ।
ਵਰਣ ਆਸ਼੍ਰਮੀ ਜਨ ਹੈਂ ਜੇਤੇ—ਕਾਇਰਤਾ ਕਰ ਪੂਰਨ ਤੇਤੇ।
ਭੇੜ ਬਕਰੀਆਂ ਸਮ ਹੋਇ ਰਹੈ ਹੈਂ--ਵਾਂਛਿਤ ਕਰਮ ਤੁਰਕ ਸਭ ਲੈ ਹੈਂ।
ਇਨ੍ਹੇ ਹਵਨ ਕੀ ਪਵਨ ਲਗੇ ਜਬ--ਸ਼ੇਰ ਬਘਿਆੜਨ ਸੇ ਹ੍ਵੈ ਹੈਂ ਤਬ।
ਸੂਰ ਵੀਰਤਾ ਉਰ ਮੋਂ ਜਗ ਹੈ--ਧਰਮ ਪੁਰਾਤਨ ਕਰਨੇ ਲਗ ਹੈ।
ਪ੍ਰਭੁਤਾ ਦੇਹ ਅਰੋਗ ਕਰਾਤੀ--ਵਿਜਯ ਗਿਆਨ ਸੰਤਤਿ ਸੁਖ ਦਾਤੀ।
ਬਾਲਕ ਭਾਗਜਵਾਨ ਪ੍ਰਗਟੈ ਹੈਂ--ਰੋਗ ਸੀਤਲਾ ਆਦਿ ਨਸੈ ਹੈਂ।
ਕਾਮਾਦਿਕ ਸਭ ਅਸੁਰੀ ਸੰਪਤਿ--ਜਗਜ ਹੋਮ ਕੋ ਪਿਖਕੇ ਕੰਪਤ।
ਉਤਮ ਗੁਣ ਸਤਿ ਆਦਿਕ ਜੇ ਹੈਂ--ਜਗਜ ਹਵਨ ਬਿਧਿਵਤ ਜਬ ਹ੍ਵੈ ਹੈਂ।

ਭਾਈ ਗਿਆਨ ਸਿੰਘ ਜੀ ਕਾ ਪੰਥ ਪ੍ਰਕਾਸ਼ ਨਿਵਾਸ ੨੫
ਪੰਨਾ ੨੦੧--੨੦੨

ਪਿਛਲੇ ਸਫ਼ੇ ਦੀ ਬਾਕੀ

੨. ਨਾਮ ਧਾਰੀ ਸੰਪ੍ਰਦਾਇ ਦੇ ਸਿੰਘ ਅਜੇ ਵੀ ਬੜੇ ਉਤਸਾਹ ਪੂਰਬਕ ਹਵਨ ਕਰਦੇ ਹਨ। ਓਨ੍ਹਾਂ ਦੇ ਪਿਛਲੇ ਗੁਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿੱਚ ਤਾਂ ਖ਼ਾਸ ਤੌਰ ਤੇ ਐਡੇ ਐਡੇ ਭਾਰੀ ਹਵਨ ਯਗਜ ਹੁੰਦੇ ਰਹੇ ਹਨ ਜਿਨ੍ਹਾਂ ਵਿੱਚ ਸ਼ੁੱਧ ਪਵਿਤ੍ਰ ਘ੍ਰਿਤ ਦੀ ਅਵਿਰਲ ਧਾਰਾ ਰਾਤ ਦਿਨ ਯਗਜ ਕੁੰਡ ਵਿੱਚ ਪੈਂਦੀ ਰਹਿੰਦੀ ਸੀ। ਇਸ ਤੋਂ ਸਪਸ਼ਟ ਸਿੱਧ ਹੁੰਦਾ ਹੈ ਕਿ ਹਵਨ ਦੀ ਮਰਯਾਦਾ ਗੁਰ ਸਿੱਖਾਂ ਵਿੱਚ ਸਿੰਘ ਸਭਾ (੧੮੭੨ ਈਸ੍ਵੀ) ਤੋਂ ਪਹਿਲਾਂ ਪੂਰੀ ਤਰ੍ਹਾਂ ਪ੍ਰਚਲਿਤ ਸੀ।

Sri Satguru Jagjit Singh Ji eLibrary NamdhariElibrary@gmail.com

*ਯਗਜੋਪਵੀਤ–

੧. ੳਮ ਆਚਾਰਯ ਉਪਨਯਨਮਾਨੋ ਬ੍ਰਹਮਚਾਰੀਣਾਂ ਕ੍ਰਿਣੁਤੇ ਗਰਭਮੰਤ:
ਤੰ ਰਾਤ੍ਰੀ ਤਿਸ੍ਰ ਉਦਰੇ ਵਿਭਰਤਿ ਤੰ ਜਾਤੰ ਦ੍ਰਸ਼ਟੁਮਭਿ ਸੰਯੰਤਿ ਦੇਵਾ:
ਅਥਰਵ, ਕਾਂਡ ੧੧ ਅਨੁਵਾਕ ੩ ਮੰਤ੍ਰ ੫

ਅਰਥਾਤ--ਯਗਜੋਪਵੀਤ ਧਾਰਣ ਕਰਾਕੇ ਆਚਾਰਯ ਬ੍ਰਹਮਚਾਰੀ ਨੂੰ ਆਪਣੇ ਆਸ਼੍ਰਮ ਵਿੱਚ ਪ੍ਰਵਿਸ਼ਟ ਕਰਕੇ ਏਸ ਪ੍ਰਕਾਰ ਉਹਦੀ ਰਖਸ਼ਾ ਕਰਦਾ ਹੈ ਜਿਸ ਪ੍ਰਕਾਰ ਮਾਤਾ ਗਰਭਸਥ ਬਾਲਕ ਦੀ ਰਖਿਆ ਕਰਦੀ ਹੈ। ਉਹਨੂੰ ਤਿੰਨ ਦਿਨ ਰਾਤ ਆਪਣੀ ਸ਼ਰਣ ਵਿੱਚ ਰਖਦਾ ਹੈ। ਪ੍ਰਸਿੱਧ ਹੋਏ ਓਸ ਬ੍ਰਹਮਚਾਰੀ ਨੂੰ ਵੇਖਣ ਲਈ ਵਿਦ੍ਵਾਨ ਲੋਕ ਮਿਲਕੇ ਜਾਂਦੇ ਹਨ।

੨. ੳਮ ਯਜਞੋਪਵੀਤੰ ਪਰਮੰ ਪਵਿਤ੍ਰੰ ਪ੍ਰਜਾਪਤੇਰਯਤਸਹਜੰ ਪੁਰਸਤਾਤ।
ਆਯੁਸ਼ਜਮਗ੍ਰਯੰ ਪ੍ਰਤਿਮੁੰਚਸ਼ੁਭ੍ਰੰ ਯਜਞੋਪਵੀਤੰ ਬਲਮਸਤੁ ਤੇਜ:
ਯਜਞੋ ਪਵੀਤਮਸਿ ਯਜਞਸਜਤ੍ਵਾ ਯਜਞੋਪਵੀਤੇਨੋਪਨੇਹਜਾਮਿ ॥
ਪਾਰਸਕਰ ਕਾਂਡ ੨ ਕੰਡਿਕਾ ੨ ਸੂਤ੍ਰ ੧੧

ਅਰਥਾਤ--ਯਗਜੋਪਵੀਤ (ਬ੍ਰਹਮਸੂਤ੍ਰ) ਪਰਮ ਪਵਿਤ੍ਰ ਹੈ, ਸਹਜ ਸ੍ਵਭਾਵ ਹੀ ਪਰਮਾਤਮਾ ਨੇ ਇਹਦਾ ਉਪਦੇਸ਼ ਦਿੱਤਾ ਹੈ। ਇਹ ਪੁਰਾਤਨ ਕਾਲ ਤੋਂ ਚਲਿਆ ਆਉਂਦਾ ਹੈ। ਆਯੂ ਲਈ ਹਿਤਕਾਰੀ ਹੈ। ਈਸ਼੍ਵਰ ਕਰੇ ਕਿ ਇਹ ਨਿਰਮਲਤਾ ਦਾ ਬੋਧਕ ਅਤੇ ਬਲ ਤਥਾ ਤੇਜ ਦਾ ਦਾਤਾ ਹੋਵੇ। ਹੇ ਬ੍ਰਹਮ ਸੂਤ੍ਰ! ਤੂੰ ਯਗਜੋਪਵੀਤ ਹੈਂ। ਤੈਨੂੰ ਯਗਜ ਆਦਿ ਸ਼ੁਭ ਕਰਮਾਂ ਦੇ ਅਨੁਸ਼ਠਾਨ ਲਈ ਮੈਂ ਧਾਰਣ ਕਰਦਾ ਹਾਂ।

---

*ਏਮਨਾਬਾਦ ਭਾਈ ਲਾਲੋ ਦੀ ਸਾਖੀ--

੧. ਤਾਂ ਅਗੇ ਕਿਆ ਦੇਖੇ ਇਕ ਤਪਾ ਜੇਹਾ ਅਤੇ ਗਲ ਵਿੱਚ ਜੰਞੂ ਹੈਸੁ ਅਤੇ ਹਿਕ ਭੁਮੇਟਾ ਨਾਲ ਹੈਸੁ ਲਾਲੋ ਅਗੋਂ ਉਠ ਖੜਾ ਹੋਇਆ। ਜਨਮ ਸਾਖੀ ਭਾਈ ਬਾਲੇ ਵਾਲੀ ਸੰਮਤ ੧੫੯੭ ਪੰਨਾ ੭੮।

੨. ਸੁਨ ਕਰ ਸ੍ਰੀ ਮੁਖ ਬਚਨਾ ਭਾਖੇ ਆਨੋ ਇਹ ਠਾ ਜਾਈ।
ਕਹ ਲਾਲੋ ਤੁਮਰੇ ਗਲ ਜੰਞੂ ਬਹਿਰ ਅਸਨ ਕਿਉਂ ਪਾਈ ॥
ਨਾਨਕ ਪ੍ਰਕਾਸ਼ ਲਾਲੋ ਦੇ ਭੋਜਨ ਦਾ ਪ੍ਰਬੰਧ ਪੂਰਬਾਰਧ ਧਿ. ੩੮

੩. ਤਾਂ ਲਾਲੋ ਰਸੋਈ ਤਿਆਰ ਕਰਕੇ ਸੱਦਣ ਆਇਆ, ਤਾਂ ਲਾਲੋ ਆਖਿਆ, ਗੁਰੂ ਜੀ ਪ੍ਰਸਾਦ ਤਿਆਰ ਹੈ, ਤਾਂ ਗੁਰੂ ਨਾਨਕ ਆਖਿਆ, ਭਾਈ ਲਾਲੋ ਏਥੇ ਹੀ ਲਿਆਓ, ਤਾਂ ਲਾਲੋ ਆਖਿਆ, ਜੀ ਤੁਸਾਡੇ ਗਲ ਵਿੱਚ ਜੰਞੂ ਹੈਗਾ, ਤਾਂ ਗੁਰੂ ਨਾਨਕ ਆਖਿਆ, ਜਿਤਨੀ ਧਰਤੀ ਉਤਨਾ ਹੀ ਚੌਕਾ, ਏਥੇ ਹੀ ਲੈ ਆਓ। ਤਾਂਤੇ ਲਾਲੋ ਪ੍ਰਸਾਦ ਲਿਆਕੇ ਅਗੇ ਆਣ ਲਖਿਆ—ਜਨਮ ਸਾਖੀ ਗੁਰੂ ਨਾਨਕ ਭਾਈ ਬਾਲੇ ਵਾਲੀ ਪੰਨਾ ੭੮

Sri Satguru Jagjit Singh Ji eLibrary NamdhariElibrary@gmail.com

੩. ਬ੍ਰਹਮਵਰਚਸ ਕਾਮਸਜ ਕਾਰਯੰ ਵਿਪ੍ਰਸਜ ਪੰਚਮੇ ।
ਰਾਜਵੋ ਬਲਾਰਥਿਨ: ਸ਼ਸ਼ਟੇ ਵੈਸ਼ਸਜੇਗਰਥਿਨੋ ਅਸ਼ਟਮੇ ॥

ਮਨੁ ੨–੩੭

ਭਾਵਾਰਥ–ਜਿਸਨੂੰ ਛੇਤੀ ਵਿਦਯਾ, ਬਲ ਅਤੇ ਵਜਵਹਾਰ ਕਰਨ ਦੀ ਇੱਛਾ ਹੋਵੇ (ਅਤੇ ਬਾਲਕ ਵੀ ਪੜ੍ਹਨ ਵਿੱਚ ਸਮਰਥ ਹੋਵੇ ਤਾਂ) ਬ੍ਰਾਹਮਣ ਦੇ ਲੜਕੇ ਦਾ ਜਨਮ ਜਾਂ ਗਰਭ ਤੋਂ ਪੰਜਵੇਂ, ਖਸ਼ਤ੍ਰੀ ਦੇ ਲੜਕੇ ਦਾ ਛੇਵੇਂ ਅਤੇ ਵੈਸ਼ਜ ਦੇ ਲੜਕੇ ਦਾ ਅਠਵੇਂ ਵਰ੍ਹੇ ਯਗਜੋਪਵੀਤ ਕਰੇ। (ਇਹ ਤਦ ਸੰਭਵ ਹੈ ਜੇ ਮਾਤਾ-ਪਿਤਾ ਨੇ ਪੂਰਣ ਬ੍ਰਹਮਚਰਯ ਦੇ ਬਾਦ ਵਿਆਹ ਕਰਾਇਆ ਹੋਵੇ) ।

੪. ਅਸ਼ਟਮੇ ਵਰਸ਼ੇ ਬ੍ਰਾਹਮਣੁਮੁਪਨਯੇਤ–ਗਰਭਾਸ਼ਟਮੇਵਾ ॥
ਏਕਾਦਸ਼ੇ ਖਸ਼ਤ੍ਰਿਯੰ ॥ ਦ੍ਵਾਦਸ਼ੇ ਵੈਸ਼ਯੰ ।

ਆਸ਼੍ਵਲਾਯਨ ਗ੍ਰਿਹਯਸੂਤ੍ਰ ੧,੧੯,੧–੬

ਭਾਵਾਰਥ–ਬ੍ਰਾਹਮਣ ਬਾਲਕ ਦਾ ਜਨਮ ਅਥਵਾ ਗਰਭ ਤੋਂ ਅਠਵੇਂ ਵਰ੍ਹੇ, ਖ਼ਸ਼ਤ੍ਰੀ ਦਾ ਯਾਰ੍ਹਵੇਂ ਅਤੇ ਵੈਸ਼ਜ ਦਾ ਬਾਰਹੇਂ ਵਰ੍ਹੇ ਉਪਨਯਨ ਕੀਤਾ ਜਾਵੇ ॥

ਗੁਰੂ ਘਰ ਅਤੇ ਯਗਜੋਪਵੀਤ–

੧. ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਭਵਿਸ਼ਜ ਬਾਣੀ ਕਿ ਔਰੰਗਜ਼ੇਬ ਦੇ ਸਮੇਂ ਵਿੱਚ–

ਚੌਪਾਈ--ਜਗ ਮੈਂ ਬਡੋ ਕਰੈ ਉਤਪਾਤ--ਗੋ ਦ੍ਵਿਜ ਕਾ ਵਹੁ ਕਰ ਹੈ ਘਾਤ ।
ਦਿਜ ਛਤ੍ਰੀ ਕਾ ਧਰਮ ਉਤਾਰੈ--ਜੰਝੂ ਤੋਰ ਦੀਨ ਨਿਜ ਧਾਰੇ ।
ਸਵਾ ਮਣ ਜੰਝੂ ਲਹੇ ਕਸ਼ਮੀਰ--ਤਬ ਛਤ੍ਰੀ ਦਿਜ ਹੋਇ ਅਧੀਰ ।

ਗੁਰ ਬਿਲਾਸ ਪਾਤਸ਼ਾਹੀ ੬ ਧਿ: ੮ ਪੰਨਾ ੧੫੫ ਛੰਦ ੨੪੯

੨. ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਸਗਾਈ ਨਾਰਾਯਣ ਦਾਸ ਦੀ ਕੰਨਯਾ ਨਾਲ ਹੋਣ ਵੇਲੇ--

ਚੌਪਾਈ--ਸ੍ਰੀ ਗੁਰੂ ਗਨਕ ਕੋ ਆਗਜਾ ਦਈ--ਕਰੋ ਰੀਤ ਅਬ ਦੇਰ ਨ ਭਈ

ਦੋਹਰਾ--ਗੁਰ ਨਿਦੇਸ ਸੁਨ ਬਿਪ੍ਰ ਤਬ ਸ਼ੁਭ ਜੰਞੂ ਕਰ ਧਾਰ ।
ਕਰ ਪੂਜਾ ਗੁਰ ਪੁਤ੍ਰ ਗਰ ਲਾਗੋ ਪ੍ਰੋਹਤ ਡਾਰ ॥
ਹਰਿ ਗੋਬਿੰਦ ਕਹਜੋ ਹਮ ਗਰੈਂ ਜੰਞੂ ਹਰਿ ਅਸਿ ਪਾਇ ।
ਕੁਲ ਪ੍ਰੋਹਤ ਕੁਲ ਰੀਤ ਕਹਿ ਪਾਜੋ ਗਰ ਹਰਖਾਇ ॥

ਗੁਰ ਬਿਲਾਸ ਪਾਤਸ਼ਾਹੀ ੬ ਧਿ: ੫ ਪੰਨਾ ੮੬ ਛੰਦ ੯੦--੯੧

Sri Satguru Jagjit Singh Ji eLibrary NamdhariElibrary@gmail.com

੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪ੍ਰਕਰਣ ਵਿੱਚ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ--

ਪੀਤ ਪੁਨੀਤ ਉਪਰਨਾ ਧੋਤੀ ਜੋਤਿ ਰਵਿ ਨਵ ਛਵਿ ਛਾਜੇ ।
ਪੀਤ ਜਨੇਊ ਮਨੋ ਵਦਨ ਸਸਿ ਪੈ ਵਿਜੁਰੀ ਵਿਜੁਰੀ ਭ੍ਰਾਜੇ ॥

ਭਾਈ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਪੰਨਾ ੫੧੦

੪. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦ ਪੁਰ ਤੋਂ ਬਾਹਰ ਵਿਚਰ ਰਹੇ ਸਨ । ਘੋੜਾ ਉਛਲਿਆ ਤਾਂ ਤਲਵਾਰ ਮਿਆਨ ਵਿੱਚੋਂ ਬਾਹਰ ਨਿਕਲ ਪਈ । ਆਪ ਜੀ ਨੇ ਕਿਸੇ ਪਾਸੋਂ ਡੋਰਾ ਮੰਗਿਆ । ਤਾਂ ਪੰਜਾਂ ਪਿਆਰਿਆਂ ਵਿੱਚੋਂ ਇੱਕ ਭਾਈ ਦਯਾ ਸਿੰਘ ਲਾਹੌਰ ਨਿਵਾਸੀ ਨੇ--

ਚੌਪਾਈ--ਦਯਾ ਸਿੰਘ ਤਬ ਰਿਦੇ ਬਿਚਾਰਾ--ਅਪਨ ਯਗਜੋਪਵੀਤ ਉਤਾਰਾ।
ਡੋਰਾ ਕਰ ਕ੍ਰਿਪਾਨ ਹਿਤ ਦੀਨਾ--ਸ੍ਰੀ ਕਲਗੀਧਰ ਪਾਵਨ ਕੀਨਾ ।

ਜਦੋਂ ਗੁਰਦੁਆਰੇ ਆਏ ਤਾਂ--

ਚੌਪਾਈ--ਕਿਤਕ ਦੇਰ ਮੇਂ ਸਿਖਨ ਹੇਰਾ--ਦਯਾ ਸਿੰਘ ਗਰ ਜੰਞੂ ਗੇਰਾ ।
ਸਿਖਨ ਸੰਗ ਕਹਜੋ ਗੁਰ ਪੂਰੇ--ਪਹਿਰਾਵੋ ਤਿਸ ਜਾਇ ਜਰੂਰੇ ।

ਸੂਰਜ ਪ੍ਰਕਾਸ਼ ਰੁਤ ੩ ਅੰਸ਼ੂ ੨੮

੫. ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕ ਚੜਾਵਹੁ ਸਚੁ ਵਿਣੁ ਸੋਚ ਨ ਹੋਈ ॥ ੬

ਰਾਮਕਲੀ ਮਹਲਾ ੧ ਅਸਟਪਦੀ ੧ ਪੰਨਾ ੯੦੩

੬. ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥
ਧੋਤੀ ਟਿਕਾ ਨਾਮੁ ਸੰਮਾਲਿ ॥
ਐਥੈ ਓਥੈ ਨਿਬਹੀ ਨਾਲਿ ॥
ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥

ਰਾਗੁ ਆਸਾ ਮਹਲਾ ੧ ਸਬਦ ੨੦ ਪੰਨਾ ੩੫੫

੭. ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸੰਬੰਧ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ--

ਤਿਲਕ ਜੰਞੂ ਰਾਖਾ ਪ੍ਰਭ ਤਾਕਾ । ਕੀਨੋ ਬਡੋ ਕਲੂ ਮਹਿ ਸਾਕਾ ॥

ਬਚਿਤ੍ਰ ਨਾਟਕ ਧਿ: ੫ ਛੰਦ ੧੩ ਦਸਮ ਗ੍ਰੰਥ ਪੰਨਾ ੫੪

Sri Satguru Jagjit Singh Ji eLibrary NamdhariElibrary@gmail.com

੮. ਜਾ ਦਿਨ ਤੇ ਗੁਰੂ ਸਾਕਾ ਕਰਯੋ–ਬਿਪਤਾ ਵਿਚ ਨੌਰੰਗਾ ਰਹਿਯੋ
ਹਿੰਦੂ ਤੁਰਕ ਨ ਕਰਨੇ ਪਾਯੋ–ਤਗ ਤਿਲਕ ਗੁਰੂ ਰਖ ਦਿਖਾਯੋ
ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਪੰਨਾ ੫੫੪

ਤੀਰਥ, ਸ਼ੌਚ, ਵਰਤ, ਜਪ, ਤਪ, ਸੰਜਮ–
ਗੁਰਬਾਣੀ ੧. ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥
ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥੩
ਸਿਰੀ ਰਾਗ ਮਹਲਾ ੫ ਸਬਦ ੮੫ ਪੰਨਾ ੪੭--੪੮

੨. ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮ ਨਾਹੀ ਜਨਮੁ ਮਰਹੁਗੇ ਝੂਠੇ ॥
ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨
ਸਿਰੀ ਰਾਗੁ ਪਹਰੇ ਮਹਲਾ ੧ ਸਬਦ ੨ ਪੰਨਾ ੭੫

੩. ਸੰਤਹੁ ਰਾਮ ਦਾਸ ਸਰੋਵਰ ਨੀਕਾ
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧
ਰਾਗ ਸੋਰਠਿ ਮਹਲਾ ੫ ਸਬਦ ੫੭ ਪੰਨਾ ੬੨੩

੪. ਰਾਮਦਾਸ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨
ਰਾਗ ਸੋਰਠਿ ਮਹਲਾ ੫ ਸਬਦ ੬੦ ਪੰਨਾ ੬੨੪

੫. ਰਾਮਦਾਸ ਸਰੋਵਰ ਨਾਤੇ ॥ ਸਭ ਉਤਰੇ ਪਾਪ ਕਮਾਤੇ ॥
ਰਾਗ ਸੋਰਠਿ ਮਹਲਾ ੫ ਸਬਦ ੬੫ ਪੰਨਾ ੬੨੫

੬. ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲ ਗਹੀ ॥੧॥ ਰਹਾਉ ॥
ਸੋਰਠਿ ਮਹਲਾ ੯ ਸਬਦ ੨ ਪੰਨਾ ੬੩੧

੭. ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤ ਨਾਵਣਿ ਗਇਆ ॥
ਨਾਵਣੁ ਪੁਰਬੁ ਅਭੀਚ ਗੁਰ ਸਤਿਗੁਰ ਦਰਸੁ ਭਇਆ ॥ .....
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ.....
ਦੁਤੀਆ ਜਮੁਨ ਗਏ ਗੁਰ ਹਰਿ ਹਰਿ ਜਪਨੁ ਕੀਆ ॥੪॥

Sri Satguru Jagjit Singh Ji eLibrary NamdhariElibrary@gmail.com

ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਚਲਤ ਭਇਆ ॥.....
†ਤੁਖਾਰੀ ਛੰਤ ਮਹਲਾ ੪ ਸਬਦ ੪ ਪੰਨਾ ੧੧੧੬

੮. ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥
ਨਾਨਕ ਨਾਮ ਮਿਲੈ ਵਡਿਆਈ ਮੋਕਾ ਘੜੀ ਸਮ੍ਹਾਲੀ॥੮॥੧॥੮॥
ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ਅਸਟਪਦੀ ੮
ਪੰਨਾ ੧੧੯੧

੯. ਜਪਤਪ ਸੰਜਮ ਤੀਰਥ ਕਰੇ ਮੇਰੇ ਪ੍ਰਭ ਭਾਇਆ ॥
ਹਿਰਦਾ ਸੁਧ ਹਰ ਸੇਵਦੇ ਸੋਹਹਿ ਗੁਣ ਗਾਇਆ ॥
ਸਾਰੰਗ ਕੀ ਵਾਰ ਮਹਲਾ ੪ ਪਉੜੀ ੧੮ ਪੰਨਾ ੧੨੪੪

੧੦. ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿ ਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦
ਫੁਨਹੇ ਮਹਲਾ ੫ ਫੁਨਹਾ ੧੦ ਪੰਨਾ ੧੩੬੨

੧੧. ਅਜੈ ਗੰਗਜਲ ਅਟਲੁ ਸਿਖ ਸੰਗਤ ਸਭ ਨਾਵੈ ॥
ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥
ਸਵੈਯੇ ਮਹਲੇ ਪੰਜਵੇ ਕੇ ੫ ਪੰਨਾ ੧੪੦੯

੧੨. ਸ੍ਰੀ ਗੁਰੂ ਅਮਰ ਦਾਸ ਜੀ ਤੀਰਥਾਂ ਤੇ ਗਏ–
ਚੌਪਾਈ–ਪਾਵਨ ਜਲ ਪਾਪਾਂ ਕੇ ਨਾਸਨ-ਰਛਿਆ ਕਰੈ ਆਪਨੇ ਦਾਸਨ
(ਜਮੁਨਾ ਜੀ) ਸੂਰਜ ਪ੍ਰਕਾਸ਼ ਰਾਸ ੧ ਅੰਸ਼ੂ ੪੮

੧੩. ਸ੍ਰੀ ਗੁਰੂ ਹਰਿ ਗੋਬਿੰਦ ਜੀ ਕੁਰੁਛੇਤ੍ਰ ਗਏ। ਓਥੇ ਬ੍ਰਾਹਮਣਾਂ ਨੂੰ ਬਹੁਤ ਦਾਨ ਦਿੱਤਾ ਅਤੇ–
ਚੌਪਾਈ–ਸੰਤ ਦਰਸ ਤੀਰਥ ਬਹੁ ਕੀਨੇ--ਦੇਵਸਥਾਨ ਸਭੈ ਤਿਹਿ ਚੀਨੇ
ਗੁਰ ਬਿਲਾਸ ਪਾਤਸ਼ਾਹੀ ੬ ਧਿ. ੯ ਪੰਨਾ ੨੦੬

੧੪. ਸ੍ਰੀ ਮੁਖ ਉਪਮਾ ਕਰੀ ਅਪਾਰਾ--ਕੁਰੁਖੇਤ ਕਾ ਤੀਰਥ ਭਾਰਾ
ਗੁਰਬਿਲਾਸ ਪਾਤਸ਼ਾਹੀ ੬ ਧਿ. ੯ ਪੰਨਾ ੨੧੫

---

†ਕੁਰੁਖੇਤ੍ਰ ਮੇਲਾ ਸੂਰਜ ਗ੍ਰਹਣ ਤੇ ਸ੍ਰੀ ਗੁਰੂ ਅਮਰ ਦਾਸ ਜੀ ਪਧਾਰੇ। ਓਥੋਂ ਹੋਕੇ ਜਮਨਾ ਅਤੇ ਗੰਗਾ ਤੀਰਥਾਂ ਤੇ ਅਸ਼ਨਾਨ ਲਈ ਗਏ।

Sri Satguru Jagjit Singh Ji eLibrary NamdhariElibrary@gmail.com

੧੫. ਕਥਾ ਵਿਵਾਹ ਕਹੀ ਸੁਖ ਸੰਗਾ—ਪਾਵਨ ਜਾਨ ਜਗਤਜਿਮ ਗੰਗਾ॥
ਮਜਨ ਪਾਨ ਹਰਤ ਬਹੁ ਪਾਪਾ—ਪੜਤ ਸੁਨਤ ਯਹ ਮਿਟੈ ਸੰਤਾਪਾ॥
ਗੁਰਬਿਲਾਸ ਪਾਤਸ਼ਾਹੀ ੬ ਧਿ. ੯ ਪੰਨਾ ੨੬੫

੧੬. ਅਥ ਕਵ ਜਨਮ ਕਥਨੰ(ਸ੍ਰੀ ਗੁਰੂ ਗੋਬਿੰਦਸਿੰਘ ਜੀ ਦੀ ਜਨਮਕਥਾ)
ਮੁਰ ਪਿਤ ਪੂਰਬ ਕੀਯਸਿ ਪਯਾਨਾ—ਭਾਂਤਿ ਭਾਂਤਿ ਕੇ ਤੀਰਥ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ—ਪੁੰਨ ਦਾਨ ਦਿਨ ਕਰਤ ਬਿਤਏ॥੧॥
ਤਹੀ ਪ੍ਰਕਾਸ ਹਮਾਰਾ ਭਯੋ—ਪਟਨਾ ਸਹਰ ਬਿਖੈ ਭਵ ਲਯੋ ॥
ਬਚਿਤ੍ਰ ਨਾਟਕ ਧਿਆਇ ੭ ਦਸਮ ਗ੍ਰੰਥ ਪੰਨਾ ੫੯

ਇਸਤ੍ਰੀ ਸਨਮਾਨ—

ਯਤ੍ਰ ਨਾਰਯਸਤੁ ਪੂਜਯੰਤੇ ਰਮੰਤੇ ਤਤ੍ਰ ਦੇਵਤਾ: ।
ਯਤ੍ਰੈਤਾਸਤੁ ਨ ਪੂਜਯੰਤੇ ਸਰਵਾਸਤਤ੍ਰਾਫਲਾ: ਕ੍ਰਿਯਾ: ॥੫੬
ਸ਼ੋਚੰਤਿ ਜਾਮਯੋ ਯਤ੍ਰ ਵਿਨਸ਼ਯਤਯਾਸ਼ੁ ਤਤਕੁਲੰ ।
ਨ ਸ਼ੋਚੰਤਿ ਤੁ ਯਤ੍ਰੈਤਾ ਵਰਧਤੇ ਤੱਧਿ ਸਰਵਦਾ ॥੫੭
ਤਸਮਾਦੇਤਾ: ਸਦਾ ਪੂਜਯਾ: ਭੂਸ਼ਣਾਛੱਾਦਨਾਸ਼ਨੈ:
ਭੂਤਿ ਕਾਮੈਰਨਰੈਰਨਿਤਯੰ ਸਤਕਾਰੈਸ਼ੂਤਸਵੇਸ਼ੁਚ ॥੫੯

ਮਨੁ ਅਧਯਾਯ ੩

ਭਾਵਾਰਥ—ਜਿਸ ਘਰ ਵਿੱਚ ਇਸਤ੍ਰੀਆਂ ਦਾ ਸਤਕਾਰ ਹੁੰਦਾ ਹੈ, ਓਥੇ ਦੇਵਤਿਆਂ ਦਾ ਨਿਵਾਸ ਹੁੰਦਾ ਹੈ ਅਤੇ ਜਿਥੇ ਏਨ੍ਹਾਂ ਦਾ ਸਤਕਾਰ ਨਹੀਂ ਹੁੰਦਾ ਓਥੇ ਸਭ ਕੁਝ ਨਿਸ਼ਫਲ ਜਾਂਦਾ ਹੈ ॥੫੬

ਜਿਸ ਕੁਲ ਵਿੱਚ ਇਸਤ੍ਰੀਆਂ ਸ਼ੋਕ ਅਤੇ ਦੁਖ ਵਿੱਚ ਡੁੱਬੀਆਂ ਰਹਿੰਦੀਆਂ ਹਨ, ਉਹ ਕੁਲ ਛੇਤੀ ਨਸ਼ਟ ਹੋ ਜਾਂਦਾ ਅਤੇ ਜਿਥੇ ਏਹ ਸੁਖੀ ਰਹਿੰਦੀਆਂ ਹਨ, ਉਹ ਕੁਲ ਸਦਾ ਵਧਦਾ ਫੁਲਦਾ ਹੈ ॥੫੭

ਏਸ ਕਰਕੇ ਐਸ਼ਵਰਯ ਦੀ ਕਾਮਨਾ ਕਰਨ ਵਾਲੇ ਮਨੁੱਖਾਂ ਨੂੰ ਚਾਹੀਦਾ ਹੈ ਕਿ ਸਤਕਾਰ ਅਤੇ ਉਤਸਵ ਦੇ ਸਮਿਆਂ ਤੇ ਗਹਿਣੇ, ਕਪੜੇ ਅਤੇ ਭੋਜਨ ਆਦਿ ਨਾਲ ਏਹਨਾਂ ਦਾ ਪੂਜਨ ਕਰਨ ॥੫੯

ਗੁਰਬਾਣੀ--੧. *ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਨੋਟ--*ਏਸ ਸ਼ਬਦ ਵਿੱਚ ਭੰਡ ਸ਼ਬਦ ਦਾ ਅਰਥ ਇਸਤ੍ਰੀ ਹੈ ।

Sri Satguru Jagjit Singh Ji eLibrary NamdhariElibrary@gmail.com

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਆਸਾ ਦੀ ਵਾਰ ਮਹਲਾ ੧ ਵਾਰ ੧੯ ਪੰਨਾ ੪੭੩

੨. ਗੁਰੂ ਗ੍ਰੰਥ ਸਾਹਿਬ ਵਿੱਚ ਜਿਤਨੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹਦੇ ਆਰੰਭ ਵਿੱਚ 'ਮਹਲਾ', ਸ਼ਬਦ ਲਿਖਿਆ ਹੁੰਦਾ ਹੈ, ਜਿਸਤਰ੍ਹਾਂ--

ਮਹਲਾ ੧ ਸ੍ਰੀ ਗੁਰੂ ਨਾਨਕ ਦੇਵ ਜੀ
ਮਹਲਾ ੨ ਸ੍ਰੀ ਗੁਰੂ ਅੰਗਦ ਦੇਵ ਜੀ
ਮਹਲਾ ੩ ਸ੍ਰੀ ਗੁਰੂ ਅਮਰ ਦਾਸ ਜੀ
ਮਹਲਾ ੪ ਸ੍ਰੀ ਗੁਰੂ ਰਾਮ ਦਾਸ ਜੀ
ਮਹਲਾ ੫ ਸ੍ਰੀ ਗੁਰੂ ਅਰਜੁਨ ਦੇਵ ਜੀ
ਮਹਲਾ ੯ ਸ੍ਰੀ ਗੁਰੂ ਤੇਗਬਹਾਦੁਰ ਜੀ

ਸੋਚਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬਾਂ (ਪਾਤਸ਼ਾਹੀ) ਦੇ ਸ਼ੁਭ ਨਾਮਾਂ ਦੇ ਨਾਲ 'ਮਹਲਾ' ਸ਼ਬਦ ਕਿਉਂ ਲਗਾਇਆ ਜਾਂਦਾ ਹੈ। ਏਸ ਪ੍ਰਸ਼ਨ ਦਾ ਉੱਤਰ ਪ੍ਰਸਿੱਧ ਵਿਦ੍ਵਾਨ ਸ੍ਰੀ ਪੰਡਿਤ ਤਾਰਾ ਸਿੰਘ ਜੀ ਨੇ ਇਉਂ ਦਿੱਤਾ ਹੈ–

"ਮਹਲ ਜਾਂ ਮਹਲਾ–ਸੰਸਕ੍ਰਿਤ ਵਿੱਚ ਇਸਤ੍ਰੀ ਵਾਚਕ ਹੈ ਆਦਿ ਗ੍ਰੰਥ ਜੀ ਮੋਂ ਮਹਲਾ ਪਹਲਾ, ਮਹਲਾ ਦੂਜਾ ਆਦਿਕ ਪਾਠੋਂ ਮੋਂ ਇਸਤ੍ਰੀ ਭਾਵ ਕਾ ਕਥਨ ਹੈ ਕਿਉਂਕਿ ਆਦਿ ਗ੍ਰੰਥ ਜੀ ਮੋਂ ਸਖੀ ਭਾਵ ਕਾ ਵਰਣਨ ਹੈ। ਸਖੀ ਭਾਵ ਕੀ ਭਾਵਨਾ ਸੇ ਹੀ ਵਾਣੀ ਰਚਨਾ ਕਰਕੇ ਗੁਰੋਂ ਨੇ ਆਪਨੇ ਕੋ 'ਮਹਲ' ਲਿਖਾ ਹੈ–" ਗੁਰੂ ਗਿਰਾਰਥ ਕੋਸ਼ ਪੰਨਾ ੫੧੩

ਏਸ ਕਰਕੇ ਅਸੀਂ ਏਸ ਨਤੀਜੇ ਤੇ ਪੁਜਦੇ ਹਾਂ ਕਿ ਜਦ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ਸਖੀ ਭਾਵ ਅਰਥਾਤ ਇਸਤ੍ਰੀ ਭਾਵ ਵਿੱਚ ਪ੍ਰਗਟ ਕਰਕੇ ਬਾਣੀ ਰਚਨਾ ਕੀਤੀ ਹੈ ਤਾਂ ਉਹ ਇਸਤ੍ਰੀ ਜਾਤਿ ਨੂੰ ਨਿੰਦਾ ਯੋਗ ਕਿਸ ਤਰ੍ਹਾਂ ਸਮਝ ਸਕਦੇ ਸਨ; ਨਹੀਂ ਨਹੀਂ ਸਗੋਂ ਓਹ ਤਾਂ ਦੇਵੀਆਂ ਦਾ ਸਨਮਾਨ ਕਰਨ ਦੀ ਹੀ ਸਿਖਿਆ ਦੇਂਦੇ ਰਹੇ ਹਨ।

ਨੋਟ–ਜਿਹਾਕਿ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਪਿਛਲੇ ੨੦–੨੫ ਸਾਲ ਤੋਂ ਇਹ ਸਿੱਧ ਕਰ ਕੇ ਪ੍ਰਚਲਿਤ ਕਰ ਦਿੱਤਾ ਹੈ ਕਿ ਇਸ ਸ਼ਬਦ ਦਾ ਸ਼ੁੱਧ

Sri Satguru Jagjit Singh Ji eLibrary NamdhariElibrary@gmail.com

ਉੱਚਾਰਣ 'ਮਹਲਾ' (ਸ਼ਹਿਲਾ) ਹੈ ਜਿਸਦੇ ਅਰਥ ਇਸਤ੍ਰੀ ਦੇ ਹਨ ਨ ਕਿ ਮਹਲਾ (ਮਹੱਲਾ)।

ਵਿਚਾਰ ਸਮਾਨਤਾ

੧. ਸਹਸ੍ਰ ਸ਼ੀਰਸ਼ਾ ਪੁਰੁਸ਼: ਸਹਸ੍ਰਾਖਸ਼: ਸਹਸ੍ਰ ਪਾਤ
ਯਜੁਰ ਵੇਦ ਅਧਿਆਇ ੩੧ ਮੰਤ੍ਰ ੧

ਗੁਰਬਾਣੀ–

(ਕ) ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉਂ
ਸਹਸ ਮੂਰਤਿ ਨਨ ਏਕ ਤੋਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹਿ ॥੨
ਸੋਹਿਲਾ ਰਾਗੁ ਗਉੜੀ ਦੀਪਕੀ ਮਹਲ ੧ ਪੰਨਾ ੧੩

(ਖ) ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭੁ ਏਕੋ ਪੁਰਖੁ ਨਿਰਾਰੋ ॥
ਸਹਸ ਮੂਰਤਿ ਏਕੋ ਪ੍ਰਭੁ ਠਾਕੁਰ ਪ੍ਰਭੁ ਏਕੋ ਗੁਰਮਤਿ ਤਾਰੇ ॥
ਨਟ ਅਸਟਪਦੀਆ ਮਹਲਾ ੪ ਪੰਨਾ ੯੮੦

੨. (ਕ) ਸਮ: ਸ਼ਤ੍ਰੌਚ ਮਿਤ੍ਰੇ ਚ ਤਥਾ ਮਾਨਾਪਮਾਨਯੋ: ।
ਸ਼ੀਤੋਸ਼ਣ ਸੁਖ ਦੁ: ਖੇਸ਼ੁ ਸਮ: ਸੰਗ ਵਿਵਰਜਿਤ: ॥੧੮

(ਖ) ਤੁਲਯ ਨਿੰਦਾ ਸਤੁਤਿਰ ਮਉਨੀ ਸੰਤੁਸ਼ਟੋ ਯੇਨ ਕੇਨ ਚਿਤ ।
ਅਨਿਕੇਤ: ਸਥਿਰਮਤਿਰ ਭਕਤਿਮਾਨ ਮੇ ਪ੍ਰਿਯੋ ਨਰ: ॥੧੯
ਗੀਤਾ ਅਧਯਾਯ ੧੨

ਭਾਵਾਰਥ–ਜਿਹੜਾ ਪੁਰਸ਼ ਸ਼ਤ੍ਰੂ-ਮਿਤ੍ਰ ਅਤੇ ਮਾਨ-ਅਪਮਾਨ ਵਿੱਚ ਬਰਾਬਰ ਹੈ ਨਾਲ ਹੀ ਸਰਦੀ-ਗਰਮੀ ਅਤੇ ਸੁਖ-ਦੁੱਖ ਵਿੱਚ ਇੱਕੋ ਜਿਹਾ ਰਹਿੰਦਾ ਹੈ ਅਤੇ ਕਿਸੇ ਨਾਲ ਖਾਸ ਤੌਰ ਤੇ ਆਸਕਤ ਨਹੀਂ ਹੈ ॥੧੮

ਜਿਹੜਾ ਪੁਰਸ਼ ਨਿੰਦਾ-ਉਸਤਤਿ ਨੂੰ ਸਮਾਨ ਸਮਝਣ ਵਾਲਾ, ਈਸ਼ੂਰ ਦੇ ਸ੍ਰੂਪ ਦਾ ਚਿੰਤਨ ਕਰਨ ਵਾਲਾ ਅਤੇ ਹਰ ਹਾਲਤ ਵਿੱਚ ਸੰਤੋਖ ਰੱਖਣ ਵਾਲਾ ਹੈ; ਜਿਸਨੂੰ ਆਪਣੇ ਨਿਵਾਸ ਸਥਾਨ ਦਾ ਵੀ ਮੋਹ ਨਹੀਂ ਹੈ, ਉਹ ਸਥਿਰ ਬੁੱਧੀ ਵਾਲਾ ਭਗਤ ਪਰਮਾਤਮਾ ਨੂੰ ਪਿਆਰਾ ਹੈ ॥੧੯

Sri Satguru Jagjit Singh Ji eLibrary NamdhariElibrary@gmail.com

੩. (ਕ) ਸਮ ਦੁ:ਖ ਸੁਖ: ਸ੍ਵਸਥ: ਸਮਲੋਸ਼ਟਾਸ਼ਮਕਾਂਚਨ:
ਤੁਲਜ ਪ੍ਰਿਯਾਪ੍ਰਿਯੋ ਧੀਰਸ ਤੁਲਜ ਨਿੰਦਾਤਮ ਸੰਸਤੁਤਿ: ॥੨੪

(ਖ) ਮਾਨਾਪਮਾਨਯੋਸ ਤੁਲਜੋਸਤੁਲਜੋ ਮਿਤ੍ਰਾਰਿਪਖਸ਼ਯੋ:
ਸਰਵਾਰੰਭ ਪਰਿਤਜਾਗਿ ਗੁਣਾਤੀਤ: ਸ ਉਚਜਤੇ ॥੨੫
ਗੀਤਾ ਅਧਜਾਯ ੧੪

ਭਾਵਾਰਥ–ਜਿਹੜਾ ਸੱਜਨ ਨਿਰੰਤਰ ਆਤਮਭਾਵ ਵਿੱਚ ਸਥਿਤ ਦੁਖ ਸੁਖ ਨੂੰ ਸਮਾਨ ਸਮਝਣ ਵਾਲਾ ਹੈ ਅਤੇ ਮਿੱਟੀ, ਪੱਥਰ ਅਤੇ ਸੋਨੇ ਵਿੱਚ ਸਮਾਨ ਭਾਵ ਰੱਖਦਾ ਹੈ; ਜੋ ਧੀਰਜ ਵਾਲਾ ਹੈ ਅਤੇ ਪਿਆਰੇ ਤੇ ਦੁਪ੍ਰਿਆਰੇ ਨੂੰ ਬਰਾਬਰ ਜਾਣਦਾ ਹੈ। ਜਿਹੜਾ ਆਪਣੀ ਨਿੰਦਾ ਅਤੇ ਉਸਤਤਿ ਵਿੱਚ ਵੀ ਇੱਕੋ ਜਿਹਾ ਰਹਿੰਦਾ ਹੈ ॥੨੪

ਜੋ ਮਾਨ ਅਤੇ ਅਪਮਾਨ ਵਿੱਚ, ਮਿਤ੍ਰ ਅਤੇ ਸ਼ਤ੍ਰੂ ਦੇ ਪੱਖ ਵਿੱਚ ਵੀ ਸਮਾਨ ਹੈ ਉਹ ਸਭ ਆਰੰਭਾਂ ਵਿੱਚ ਕਰਤਾਪਨ ਦੇ ਅਭਿਮਾਨ ਤੋਂ ਰਹਿਤ ਹੈ। ਉਹਨੂੰ ਗੁਣਾਤੀਤ ਕਿਹਾ ਜਾਂਦਾ ਹੈ ॥੨੫

ਗੁਰਬਾਣੀ–

੧. ਸੁਖ ਦੁਖ ਜਿਹ ਪਰਸੇ ਨਹੀਂ ਲੋਭ ਮੋਹ ਅਭਿਮਾਨ
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤ ਭਗਵਾਨ ॥੧੩
ਉਸਤਤਿ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥੧੪
ਸਲੋਕ ਮਹਲਾ ੯ ਪੰਨਾ ੧੪੨੬

੨. ਪਰ ਨਿੰਦਾ ਉਸਤਤਿ ਨਹਿ ਜਾਕੇ ਕੰਚਨ ਲੋਹ ਸਮਾਨੋ
ਹਰਖ ਸੋਗ ਤੇ ਰਹੇ ਅਤੀਤਾ ਜੋਗੀ ਤਾਹਿ ਬਖਾਨੋ ॥੧
ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ।
ਕਹੁ ਨਾਨਕ ਇਹਿ ਬਿਧਿ ਕੋ ਜੋ ਨਰ ਮੁਕਤਿ ਤਾਹਿ ਤੁਮ ਮਾਨੋ ॥੨
ਧਨਾਸਰੀ ਮਹਲਾ ੯ ਪੰਨਾ ੬੮੫

੩. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।
ਸੁਖ ਸਨੇਹ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥

Sri Satguru Jagjit Singh Ji eLibrary NamdhariElibrary@gmail.com

ਆਸਾ ਮਨਸਾ ਸਗਲ ਤਿਆਗੈ ਜਗਤੋ ਰਹੈ ਨਿਰਾਸਾ ॥
ਕਾਮ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟ ਬ੍ਰਹਮ ਨਿਵਾਸਾ ॥੨
ਸੋਰਠਿ ਮਹਲਾ ੯ ਪੰਨਾ ੬੩੩–੬੩੪

੪. ਲੋਭ ਮੋਹ ਮਾਇਆ ਮਮਤਾ ਫੁਨਿਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤ ਹੈ ਦੇਵਾ ॥੧॥
ਗਉੜੀ ਮਹਲਾ ੯ ਪੰਨਾ ੨੨੦

੫. ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ।
ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਾ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅਮ੍ਰਿਤੁ ਤੈਸੀ ਬਿਖ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖ ਕਹੀਐ ਜੀਵਨ ਮੁਕਤਿ ॥
ਗਉੜੀ ਸੁਖਮਨੀ ਮਹਲਾ ੫ ਪਉੜੀ ੯ ਪੰਨਾ ੨੭੫

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੋ ਹੋਇ ਪਵਨ
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸ਼ਰਨ॥੪॥੫॥੮
ਆਸਾ ਮਹਲਾ ੫ ਛੰਤ ਘਰ ੬ ਪੰਨਾ ੪੫੮

ਕਾਗਦ ਦੀਪ ਸਭੈ ਕਰਿਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈ ਹੋ
ਕਾਟ ਬਨਾਸਪਤੀ ਸਗਰੀ ਲਿਖਬੇ ਹੂ ਕੇ ਲੇਖਨ ਕਾਜ ਬਨੈ ਹੋ
ਸਾਰਸੁਤੀ ਬਕਤਾ ਕਰਿ ਕੈ ਜੁਗ ਕੋਟਿ ਗਨੇਸਿ ਕੈ ਹਾਥ ਲਿਖੈ ਹੋ
ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮਕੋ ਪ੍ਰਭੁ ਨੈਕ ਰਿਝੈ ਹੋ
ਬਚਿਤ੍ਰ ਨਾਟਕ ਦਸਮ ਗ੍ਰੰਥ ਪੰਨਾ ੪੬ ਛੰਦ ੧੦੧

ਅਸਿਤ ਗਿਰਿ ਸਮੰ ਸਜਾਤ ਕੱਜਲੰ ਸਿੰਧੁ ਪਾਤ੍ਰੂ,
ਸੁਰਤਰੁ ਵਰ ਸ਼ਾਖਾ ਲੇਖਨੀ ਪਤ੍ਰ ਮੁਰਵੀ ।
ਲਿਖਤਿ ਯਦਿ ਗ੍ਰਿਹੀਤ੍ਵਾ ਸ਼ਾਰਦਾ ਸਰਵ ਕਾਲੰ,
ਤਦਪਿ ਤਵ ਗੁਣਾਨਾਮੀਸ਼ ਪਾਰੰ ਨ ਯਾਤਿ ॥

Sri Satguru Jagjit Singh Ji eLibrary NamdhariElibrary@gmail.com

ਅੰਤਿਮ ਪ੍ਰਾਰਥਨਾ

ਹਿੰਦੁਸਤਾਨ ਦੇ ਪਹਿਲੇ ਸ੍ਵਤੰਤ੍ਰਤਾ ਸੰਗ੍ਰਾਮ (੧੮੫੭-੫੮) ਵਿੱਚ ਅੰਗ੍ਰੇਜ਼ ਭਾਵੇਂ ਅਸਾਡੀ ਕੌਮ ਨੂੰ ਜ਼ਾਹਿਰਾ ਤੌਰ ਤੇ ਬਹੁਤ ਹੱਦ ਤੱਕ ਕੁਚਲਣ ਵਿੱਚ ਸਫਲ ਹੋ ਗਏ ਸਨ; ਪਰ "ਐਡੇ ਵੱਡੇ ਦੇਸ ਵਿੱਚ ਸਾਰੀ ਲੋਕਾਈ ਕਿਉਂ ਅੰਗ੍ਰੇਜ਼ ਦੇ ਵਿਰੁੱਧ ਹੋ ਗਈ ? ਸਾਰਾ ਮੁਲਖਈਆ ਕਿਉਂ ਆਪਣੇ ਹਾਕਮਾਂ ਦੇ ਲਹੂ ਦਾ ਤਿਹਾਇਆ ਹੋ ਖਲੋਤਾ ? ਅਜਿਹਾ ਕੀ ਢੰਗ ਕਢਿਆ ਜਾਵੇ ਕਿ ਭਵਿੱਖਤ ਵਿੱਚ ਫੇਰ ਇਹੋ ਜਿਹਾ ਘਾਤਕ ਸੰਗਠਨ ਨ ਹੋ ਸਕੇ ?"-ਵੱਡੇ ਵੱਡੇ ਅੰਗ੍ਰੇਜ਼ ਨੀਤੀਵਾਨਾਂ ਦੇ ਦਿਮਾਗ਼ ਦਿਨ ਰਾਤ ਏਨ੍ਹਾਂ ਪ੍ਰਸ਼ਨਾਂ ਦਾ ਹੱਲ ਸੋਚਣ ਵਿੱਚ ਲਗ ਗਏ। ਓਹ ਵਿਚਾਰਨ ਲੱਗੇ ਕਿ ਉਹ ਕੀ ਤੱਤ ਹੈ ਜਿਸ ਦੇ ਕਾਰਣ ਹਿੰਦੁਸਤਾਨ ਦਾ ਆਰਯ-ਹਿੰਦੂ ਕਿਸੇ ਗ਼ੈਰਮੁਲਕੀ ਹਾਕਮ ਨੂੰ ਸੁਖ ਦੀ ਨੀਂਦ ਸਉਣ ਨਹੀਂ ਦਿੰਦਾ-ਕਦੀ ਵਿਕ੍ਰਮਾਦਿਤਯ ਬਣ ਕੇ, ਕਦੀ ਰਾਣਾ ਸਾਂਗਾ ਤੇ ਪ੍ਰਤਾਪ ਦੇ ਰੂਪ ਵਿੱਚ, ਕਦੀ ਸ਼ਿਵਾ ਜੀ, ਛਤ੍ਰ ਸਾਲ ਅਤੇ ਬੰਦਾ ਬੈਰਾਗੀ ਦਾ ਅਵਤਾਰ ਧਾਰਣ ਕਰਕੇ ਤੇ ਹੁਣ ਤਾਂਤੀਆ ਤੋਪੀ, ਰਾਜ ਸਿੰਘ ਅਤੇ ਰਾਣੀ ਝਾਂਸੀ ਬਣਕੇ ਕੌਮ ਨੂੰ ਸੰਗਠਿਤ ਕਰਦਾ ਅਤੇ ਵਿਦੇਸ਼ੀ ਸ਼ਾਸਕਾਂ ਨੂੰ ਅਜਿਹਾ ਤੰਗ ਕਰਦਾ ਹੈ ਕਿ ਉਹਨਾਂ ਨੂੰ ਨਾਨੀ ਸੁਫ਼ਨੇ ਆ ਜਾਏ।

ਅੰਗ੍ਰੇਜ਼ੀ ਅਮਲਦਾਰੀ (ਅਰਥਾਤ ਜਮਨਾ ਤੇ ਸਤਲੁਜ ਦੇ ਮਧਜ ਵਾਲੇ ਇਲਾਕੇ) ਵਿੱਚ ਰਹਿਣ ਵਾਲੇ ਕੁਝ ਸ੍ਵਾਰਥੀ ਸਿੱਖ ਸਿਰਦਾਰਾਂ ਨੇ, ਜਿਨ੍ਹਾਂ ਪਹਿਲਾਂ ਅੰਗ੍ਰੇਜ਼ਾਂ ਦੀ ਪਿੱਠ ਠੋਕੀ ਸੀ-ਅੰਗ੍ਰੇਜ਼ੀ ਫ਼ੌਜਾਂ ਨਾਲ ਆਪਣੇ ਲੜਾਕੇ ਦਸਤੇ ਰਲਾਏ ਸਨ, ਓਨ੍ਹਾਂ ਨੂੰ ਖਾਣਾ-ਦਾਣਾ ਅਤੇ ਢੋਆ-ਢੋਈ ਦਾ ਸਾਮਾਨ ਮੁਹਈਆ ਕੀਤਾ ਸੀ ਅਤੇ ਉਹਨਾਂ ਦੀਆਂ ਜੜ੍ਹਾਂ ਪਾਤਾਲ ਤੱਕ ਪਹੁੰਚਾਉਣ ਲਈ ਸਿੱਖ ਹਕੂਮਤ ਨੂੰ ਦੋਹਾਂ ਮਹਾ ਯੁੱਧਾਂ ਵਿੱਚ ਹਾਰ ਦਿਵਾਈ ਸੀ, ਓਹੋ ਹੀ ਹੁਣ ਪੰਜਾਬ ਵਿੱਚ ਅੰਗ੍ਰੇਜ਼ੀ ਅਮਲ ਦਾਰੀ ਪੱਕੀ ਹੋ ਜਾਣ ਕਰਕੇ, ਆਪਣੀਆਂ ਰਿਆਸਤੀ ਹਕੂਮਤਾਂ ਜਾਇਦਾਦਾਂ ਤੇ ਜਾਗੀਰਾਂ ਨੂੰ ਰਹਿੰਦੀ ਦੁਨੀਆ ਤਕ ਕਾਇਮ ਰੱਖਣ ਲਈ ੧੮੫੭ ਦੇ ਉਕਤ ਕੌਮੀ ਸ੍ਵਤੰਤ੍ਰਤਾ ਸੰਗ੍ਰਾਮ ਵਿੱਚ ਵੀ ਅੰਗ੍ਰੇਜ਼ ਦੀ ਖਾਤਿਰ ਮੁੜ ਦੇਸ ਦ੍ਰੋਹ ਵਰਗਾ ਘੋਰ ਪਾਪ ਕਰਨ ਨੂੰ ਤਿਆਰ ਹੋ ਗਏ। ਸ਼ਾਤਿਰ ਅੰਗ੍ਰੇਜ਼ ਨੇ ਉਨ੍ਹਾਂ ਨੂੰ ਅਉਧੇ, ਖਿਤਾਬ, ਰਿਸਾਲਦਾਰੀਆਂ ਅਤੇ ਨਵੀਆਂ ਜਾਗੀਰਾਂ ਤੇ ਮੁਰੱਬੇ ਬਖ਼ਸ਼ ਕੇ ਆਪਣੇ ਨਾਲ ਗੰਢਿਆ। ਅਤੇ ਜਿੱਥੇ ਇੱਕ ਪਾਸੇ ਅਲੀਗੜ੍ਹ ਦਾ ਅੰਦੋਲਨ ਚਲਵਾ ਕੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਦੁਫੇੜ ਪਾਈ, ਨਾਲ ਹੀ ਅੰਗ੍ਰੇਜ਼ੀ ਪੜ੍ਹੇ-ਲਿਖੇ ਲੋਕਾਂ ਨੂੰ ਲਾਰਡ ਡਫਰਨ, ਮਿਸਟਰ ਹਯੂਮ ਤੇ ਵੈਡਰਬਰਨ ਦ੍ਵਾਰਾ ਇੰਡੀਅਨ ਨੈਸ਼ਨਲ ਕਾਂਗ੍ਰੇਸ ਦੀ ਭੂਲ-

Sri Satguru Jagjit Singh Ji eLibrary NamdhariElibrary@gmail.com

ਭੁਲਾਈਆਂ ਵਿੱਚ ਪਾਇਆ, ਓਥੇ ਪੰਜਾਬ ਨਿਵਾਸੀ ਆਰਯ-ਹਿੰਦੂਆਂ ਦੇ ਅੰਗਾਂ ਨੂੰ ਇੱਕ ਦੂਸਰੇ ਤੋਂ ਅੱਡੋ-ਅੱਡ ਕਰਨ ਦਾ ਜਤਨ ਭੀ ਅਰੰਭ ਦਿੱਤਾ। ਏਸ ਕੰਮ ਲਈ ਮੈਕਾਲਿਫ਼ ਤੇ ਟ੍ਰੰਪ ਆਦਿ ਕਈ ਗੋਰੇ ਵਿਦ੍ਵਾਨਾਂ ਅਤੇ ਹੋਰ ਉੱਚ ਪਦਵੀ ਪ੍ਰਾਪਤ ਅੰਗ੍ਰੇਜ਼ਾਂ ਨੇ ਆਪਣੇ ਜੀਵਨ ਅਰਪਣ ਕਰ ਦਿੱਤੇ। ਧਾਰਮਿਕ ਗ੍ਰੰਥਾਂ ਦੇ ਤਰਜਮੇ ਕੀਤੇ, ਆਪਣੇ ਮਤਲਬ ਦੀਆਂ ਤਵਾਰੀਖਾਂ ਲਿਖੀਆਂ, ਵੱਡੇ ਵੱਡੇ ਗ੍ਰੰਥਾਂ ਦਾ ਨਿਰਮਾਣ ਕੀਤਾ ਅਤੇ ਹੋਰ ਵੀ ਕਈ ਪਾਪੜ ਵੇਲੇ; ਪਰ ਏਨ੍ਹਾਂ ਸਾਰੀਆਂ ਗੱਲਾਂ ਦਾ ਤਾਤਪਰਯ ਕੇਵਲ ਕੇਸ਼ਧਾਰੀ ਵੈਦਿਕ ਧਰਮੀਆਂ ਨੂੰ ਬਾਕੀ ਕੌਮ ਤੋਂ ਵੱਖ ਕਰਨਾ ਹੀ ਸੀ।

ਇਸ ਪੁਸਤਕ ਦੇ ਵਿਦ੍ਵਾਨ ਲੇਖਕ ਜੀ ਨੇ ਮੁਖਬੰਧ–ਮੂਲਾਧਾਰ ਵਿੱਚ ਇੱਕ ਮਹਾਤਮਾ ਸ੍ਵਾਮੀ ਚਿਦਘਨ ਦੇਵ ਜੀ ਦਾ ਵਰਣਨ ਕੀਤਾ ਹੈ ਜੋ ਕਿ ਉਨ੍ਹਾਂ ਦੇ ਨਿਵਾਸ ਅਸਥਾਨ (ਰਾਵਲ ਪਿੰਡੀ) ਤੇ–

"ਬੇਦ ਪੁਰਾਨ ਸਿੰਮ੍ਰਿਤਿ ਸੁਧਾਖਜਰ
ਕੀਨੋ ਰਾਮ ਨਾਮ ਇਕ ਆਖਜਰ ॥" ਸੁਖਮਨੀ ੧–੧

ਅਤੇ "ਗੁਣ ਗੋਬਿੰਦ ਨਾਮ ਧੁਨਿ ਬਾਣੀ
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥" ਸੁਖਮਨੀ ੨੪–੭

ਦੀ ਵਜਾਖਜਾ ਕਰ ਰਹੇ ਸਨ। ਓਸ ਵੇਲੇ ਨਵੀਨ ਮੈਕਾਲਫ਼ੀ ਪ੍ਰਚਾਰ ਵਿੱਚ ਰੰਗੇ ਹੋਏ ਦੋ ਨੌਜਵਾਨਾਂ ਨੇ ਓਨ੍ਹਾਂ ਦਾ ਅਪਮਾਨ ਕੀਤਾ। ਏਸ ਅਵਸਰ ਤੇ ਦੂਰਦਰਸ਼ੀ ਮਹਾਤਮਾ ਜੀ ਨੇ ਪੈਗ਼ੰਬਰਾਨਾ ਭਵਿਸ਼ਜ ਬਾਣੀ ਕੀਤੀ ਕਿ "ਹਿੰਦੂਆਂ ਵਿੱਚ ਦੁਬਿਧਾ ਦੀ ਅਤਜੰਤ ਕਸ਼ਟ ਮਈ ਹਨੇਰੀ ਝੁੱਲਣ ਵਾਲੀ ਹੈ, ਸਿੱਖਾਂ ਨੂੰ ਹਿੰਦੂਆਂ ਤੋਂ ਜੁਦਾ ਕਰਨ ਵਾਲੇ ਐਸੇ ਪ੍ਰਬਲ ਕਾਰਣ ਪੈਦਾ ਹੋ ਰਹੇ ਹਨ ਕਿ ਓਨ੍ਹਾਂ ਨੂੰ ਰੋਕਣਾ ਦੁਸ਼ਾਰ ਹੀ ਨਹੀਂ, ਸਗੋਂ ਅਸੰਭਵ ਹੈ। ਵੱਡਾ ਖ਼ਤਰਾ ਇਹ ਹੈ ਕਿ ਇਸ ਹਨੇਰੀ ਵਿੱਚ ਵਿਦ੍ਵਾਨਾਂ ਦੀਆਂ ਵਿਦਜਕ ਅੱਖਾਂ ਵਿੱਚ ਸ੍ਵਾਰਥ ਦਾ ਘੱਟਾ ਪੈਣਾ ਹੈ ਤੇ ਉਹਨਾਂ ਨੇ ਮਹਾ ਪੁਰਖਾਂ ਦੀ ਬਾਣੀ ਦੇ ਅਰਥ ਨਹੀਂ ਅਨਰਥ ਕਰਨੇ ਹਨ।"

ਉਦਾਹਰਣ ਵਜੋਂ ਐਮ. ਏ. ਮੈਕਾਲਿਫ਼ ਦੀ ਕਿਤਾਬ "ਸਿਖ ਰਿਲਿਜਨ" (Sikh Religion) ਦੀ ਭੂਮਿਕਾ ਦੇ ਕੁਝ ਹਵਾਲੇ ਦੇਣੇ ਕਾਫ਼ੀ ਹੋਣਗੇ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਸਮਝ ਸਕਣਗੇ ਕਿ "ਮਾਂ ਨਾਲੋਂ ਹੇਜਲੀ ਸੋ ਫੱਫੇ ਕੁਟਣੀ" ਇਹਨੂੰ ਆਖੀਦਾ ਹੈ।

ਇਹ ਸਿਖਾਂ ਨੂੰ ਵੇਦਕ ਧਰਮੀ ਕਹਿਣ ਦਾ ਉਪਾਰਾ ਹੈ।

Sri Satguru Jagjit Singh Ji eLibrary NamdhariElibrary@gmail.com

(1) "In our times one of the principal agencies for the preservation of the Sikh religion has been the practice of military officers commanding Sikh Regimens to send Sikh recruits to receive baptism according to the rites prescribed by Guru Gobind Singh and endeavour to preserve them in their subsequent career from the contagion of idolatory. The military thus ignoring or despising the restraints imposed by the civil policy of what is called 'religious neutrality' have practically become the main heirophants and guardians of the Sikh Religion."

Preface p. xxv

ਅਰਥਾਤ–"ਅਸਾਡੇ ਸਮੇਂ ਵਿੱਚ ਸਿੱਖ ਧਰਮ ਦੀ ਰੱਖਿਆ ਕਰਨ ਲਈ ਸਿੱਖ ਪਲਟਨਾਂ ਦੇ ਅਫ਼ਸਰ ਆਪਣੇ ਸਿੱਖ ਰੰਗਰੂਟਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਆਗਿਆਨੁਸਾਰ ਪਾਹੁਲ ਛਕਣ ਲਈ ਭੇਜ ਦਿੰਦੇ ਹਨ; ਨਾਲ ਹੀ ਓਹ ਇਹ ਜਤਨ ਕਰਦੇ ਹਨ ਕਿ ਏਹ ਅੰਮ੍ਰਿਤਧਾਰੀ ਜਵਾਨ ਮੂਰਤੀ ਪੂਜਕਾਂ ਦੀ ਛੋਹ ਤੋਂ ਬਚਣ ਲਈ ਆਪਣੇ ਭਾਵੀ ਜੀਵਨ ਵਿੱਚ ਓਨ੍ਹਾਂ ਤੋਂ ਅੱਡ ਹੀ ਰਿਹਾ ਕਰਨ। ਭਾਵੇਂ ਏਦਾਂ ਕਰਨ ਨਾਲ ਸਰਕਾਰ ਦੀ ਧਰਮਾਂ ਵਲੋਂ ਨਾ-ਤਰਫ਼ਦਾਰੀ ਦੀ ਸਿਵਿਲ ਨੀਤੀ ਦੀ ਲਾਪਰਵਾਹੀ ਅਤੇ ਅਵਹੇਲਨਾ ਹੁੰਦੀ ਹੈ; ਪਰ ਫੇਰ ਵੀ ਫ਼ੌਜੀ ਅਫ਼ਸਰ ਅਮਲੀ ਤੌਰ ਤੋਂ ਸਿੱਖ ਧਰਮ ਦੇ ਸਰਪਰਸ੍ਤ ਅਤੇ ਨਿਗਾਹਬਾਨ ਬਣ ਗਏ ਹਨ। ਭੂਮਿਕਾ ਪੰਨਾ ੨੫

ਫੇਰ ਲਿਖਿਆ–

(2) "Hinduism has embraced Sikhism in its fold, the still comparatively young religion is making a vigorous struggle for life, but its ultimate destruction is inevitable without State support.

Introduction p. LVII

ਅਰਥਾਤ–"ਹਿੰਦੂ ਧਰਮ ਨੇ ਸਿੱਖੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਮੁਕਾਬਲਤਨ ਨਵਾਂ ਮਜ਼ਬ 'ਸਿੱਖੀ' ਆਪਣੇ ਬਚਾਉ ਲਈ ਡਾਢਾ ਜ਼ੋਰ ਲਾ ਰਿਹਾ ਹੈ; ਪਰ ਜੇ ਸਰਕਾਰ ਇਹਦੀ ਸਹਾਇਤਾ ਨ ਕਰੇ ਤਾਂ ਇਹਦਾ ਸਰਵਨਾਸ਼ ਸਾਮ੍ਹਣੇ ਦਿਸ ਰਿਹਾ ਹੈ। ਭੂਮਿਕਾ ਪੰਨਾ ੫੭

(3) "As Budhism without State support completely lost its hold in India, so it is apprehended that without state support Sikhism will also be lost in the great chaos of Indian Religions."

Introduction p. LVII

ਅਰਥਾਤ–"ਜਿਦਾਂ ਸਰਕਾਰੀ ਸਹਾਇਤਾ ਤੋਂ ਵਾਂਜਿਆ ਜਾਣ ਕਰਕੇ ਬੁੱਧ ਧਰਮ ਹਿੰਦੁਸਥਾਨ ਵਿੱਚੋਂ ਪੂਰੀ ਤਰਹ ਖ਼ਤਮ ਹੋ ਗਿਆ, ਏਸੇ ਤਰਹ

Sri Satguru Jagjit Singh Ji eLibrary NamdhariElibrary@gmail.com

ਜੇ ਸਰਕਾਰ ਮਦਦ ਨ ਕਰੇ ਤਾਂ 'ਸਿੱਖੀ ਧਰਮ' ਦੇ ਵੀ ਹਿੰਦੁਸਥਾਨੀ ਧਰਮਾਂ ਦੀ ਗੜਬੜੀ ਵਿੱਚ ਗੁੰਮ ਹੋ ਜਾਣ ਦਾ ਅੰਦੇਸ਼ਾ ਹੈ।" ਭੂਮਿਕਾ ਪੰਨਾ ੫੭

(4) "Truely wonderful are the strength and vitality of Hinduism ..... In this way many centuries ago, Hinduism on its own ground disposed off Budhism. In this way it absorbed the religion of the Scythian invaders of Northern India; in this way it has converted the uneducated Islam in India into a semi-Paganism; and in this way it is desposing of the reformed and once hopeful religion of Baba Nanak ..... I am not without hope that when enlightened rulers become acquainted with the merits of the Sikh religion, they will not willingly let it perish in the great abyss in which so many creeds have been engulfed."

Sikh Religion by M. A. Macaulleff
Introduction p. LXXXVIII

ਅੰਤ ਵਿੱਚ ਅਸੀਂ ਪੜ੍ਹਦੇ ਹਾਂ–

"ਵਾਸਤਵ ਵਿੱਚ ਹਿੰਦੂ ਧਰਮ ਦੀ ਸ਼ਕਤੀ ਤੇ ਕੁੱਵਤ ਅਦਭੁਤ ਹਨ..... ਏਸੇ ਤਰਹ ਕਈ ਸ਼ਤਾਬਦੀਆਂ ਪਹਿਲੇ ਹਿੰਦੂ ਧਰਮ ਨੇ ਆਪਣੇ ਦੇਸ਼ ਵਿੱਚ ਬੁੱਧ ਧਰਮ ਨੂੰ ਸਮਾਪਤ ਕੀਤਾ.....ਏਸੇ ਢੰਗ ਨਾਲ ਹਿੰਦੂ ਧਰਮ ਨੇ ਉਤ-ਰੀਯ ਹਿੰਦੁਸਤਾਨ ਦੇ ਸੀਥੀਅਨ ਆਕ੍ਰਮਣ-ਕਾਰੀਆਂ ਦੇ ਧਰਮ ਨੂੰ ਜਜ਼ਬ ਕੀਤਾ; ਏਸੇ ਤਰੀਕੇ ਨਾਲ ਇਸ ਨੇ ਅਨਪੜ੍ਹ ਮੁਸਲਮਾਨਾਂ ਦੇ ਦੀਨ ਨੂੰ ਨੀਮ-ਬੁਤਪ੍ਰਸਤ ਮਜ਼ੂਬ ਵਿੱਚ ਤਬਦੀਲ ਕਰ ਦਿਤਾ ਅਤੇ ਏਸੇ ਵਿਧਿ ਨਾਲ ਇਹ ਬਾਬੇ ਨਾਨਕ ਦੇ ਸੁਧਰੇ ਹੋਏ ਅਤੇ ਕਦੀ ਆਸ਼ਾਜਨਕ ਧਰਮ ਨੂੰ ਖਾਈ ਜਾ ਰਿਹਾ ਹੈ।.....

"ਮੈਨੂੰ ਨਿਰਾਸ਼ਾ ਨਹੀਂ ਹੈ ਕਿ ਜਦ ਰੋਸ਼ਨ-ਦਿਮਾਗ਼ ਹਾਕਮ ਸਿੱਖ ਧਰਮ ਦੇ ਗੁਣਾਂ ਤੋਂ ਜਾਣੂ ਹੋ ਜਾਣਗੇ ਤਾਂ ਓਹ ਇਸਨੂੰ ਹਿੰਦੂ ਧਰਮ ਰੂਪੀ ਡੂੰਘੀ ਖਾਈ ਵਿੱਚ, ਜਿਸਨੇ ਅੱਗੇ ਅਨੇਕਾਂ ਧਰਮਾਂ ਨੂੰ ਖਾ ਲਿਆ ਹੈ, ਖ਼ੁਸ਼ੀ ਨਾਲ ਗ਼ਰਕ ਨਹੀਂ ਹੋਣ ਦੇਣਗੇ।"

ਏਸ ਕਮਾਸ਼ ਦੇ ਲੋਕ ਦਿਨ ਰਾਤ ਦੇ ਨਿਰੰਤਰ ਪ੍ਰਚਾਰ ਅਤੇ ਜਤਨ ਦ੍ਵਾਰਾ ਵੀ ਕੁਝ ਇੱਕ ਲੋਕਾਂ ਨੂੰ ਹੀ ਟਪਲਾ ਲਾ ਸਕੇ ਹਨ ਜਿਸ ਦੇ ਪਰਿਣਾਮ ਸ੍ਵਰੂਪ ਪਿਛਲੇ ਸੱਠ-ਪੈਂਹਠ ਸਾਲਾਂ ਤੋਂ ਕਿਧਰੋਂ ਕਿਧਰੋਂ ਇਹ ਮੱਧਮ ਜਿਹੀ ਆਵਾਜ਼ ਆਉਣ ਲਗ ਪਈ ਹੈ ਕਿ 'ਸਿੱਖ ਹਿੰਦੂ ਨਹੀਂ ਹਨ, ਸਿੱਖਾਂ ਦਾ ਧਰਮ ਵੱਖਰਾ, ਸਿੱਖਾਂ ਦੀ ਸਭਜਤਾ ਅਡਰੀ, ਅਤੇ ਸਿਖਾਂ ਦਾ ਇਤਿਹਾਸ ਅਲਹਦਾ

Sri Satguru Jagjit Singh Ji eLibrary NamdhariElibrary@gmail.com

ਹੈ।" ਪਰ ਨਹੁੰਆਂ ਨਾਲੋਂ ਮਾਸ ਨ ਅਜੇ ਤੀਕ ਕੋਈ ਮਾਈ ਦਾ ਲਾਲ ਅੱਡ ਕਰ ਸਕਿਆ ਹੈ ਅਤੇ ਨ ਹੀ ਪ੍ਰਲਯ ਤੱਕ ਟੱਕਰਾਂ ਮਾਰਨ ਦੇ ਬਾਦ ਵੀ ਕਰ ਸਕੇਗਾ। ਜਦ ਤਕ ਵੇਦ, ਸ਼ਾਸਤ੍ਰ, ਸਿੰਮ੍ਰਤੀਆਂ ਅਤੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ, ਸੂਰਜ ਪ੍ਰਕਾਸ਼, ਗੁਰ ਬਿਲਾਸ, ਭਾਈ ਗੁਰਦਾਸ ਦੀਆਂ ਵਾਰਾਂ ਤੇ ਏਸੇ ਪ੍ਰਕਾਰ ਦੇ ਹੋਰ ਗ੍ਰੰਥ ਰਤਨ ਅਤੇ ਡਾਕਟਰ ਸ੍ਰੀ ਧਰਮਾਨੰਤ ਸਿੰਘ ਜੀ ਪੀ. ਐਚ. ਡੀ. ਵਰਗੇ ਵਿਦ੍ਵਾਨ-ਸੰਤ ਮੌਜੂਦ ਹਨ, ਵਿਰੋਧੀਆਂ ਨੂੰ, ਭਾਵੇਂ ਓਹ ਕਈਆਂ ਮੈਕਾਲਿਫਾਂ ਅਤੇ ਟ੍ਰੂਪਾਂ ਦੇ ਸਾਂਗ ਬਣਾ ਬਣਾ ਕੇ ਆਉਣ, ਆਪਣੇ ਘ੍ਰਿਣਿਤ ਮਿਸ਼ਨ ਵਿੱਚ ਕਦੀ ਵੀ ਸਫਲਤਾ ਨਹੀਂ ਹੋ ਸਕੇ ਗੀ ਅਤੇ ਹਰੇਕ ਸਿੱਖ ਨਿਰੰਤਰ ਹਿੰਦੂ ਤੇ ਹਰੇਕ ਹਿੰਦੂ ਬਰਾਬਰ ਸਿੱਖ ਬਣਿਆ ਰਹੇਗਾ, *ਕਿਉਂਕਿ ਜਿਹੜਾ ਵਜਕਤਿ ਰਾਮ, ਕ੍ਰਿਸ਼ਨ, ਪਤੰਜਲੀ, ਵਜਾਸ ਨੂੰ ਸ਼੍ਰੱਧਾਂਜਲੀ ਅਰਪਣ ਨਹੀਂ ਕਰਦਾ, ਉਹ ਸਿੱਖ ਨਹੀਂ ਅਤੇ ਜਿਹੜਾ ਮਨੁੱਖ ਗੁਰੂ ਨਾਨਕ ਦੇਵ, ਗੁਰੂ ਤੇਗ਼ਬਹਾਦੁਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰਾਂ ਨੂੰ ਭੁਲਾਉਣਾ ਚਾਹੁੰਦਾ ਹੈ ਉਹ ਆਰਯ-ਹਿੰਦੂ ਨਹੀਂ।

ਅਸੀਂ ਡਾਕਟਰ ਸ੍ਰੀ ਧਰਮਾਨੰਤ ਸਿੰਘ ਜੀ ਪੀ: ਐਚ. ਡੀ. ਦੇ ਧੰਨਜਵਾਦੀ ਹਾਂ ਕਿ ਉਹਨਾਂ ਨੇ ਆਪਣੇ ਜੀਵਨ ਭਰ ਦੇ ਸ੍ਵਾਧਜਾਯ ਅਤੇ ਪਰਿਸ਼੍ਰਮ ਦੇ ਆਧਾਰ ਤੇ ਇਕ ਅਜਿਹਾ ਗ੍ਰੰਥ ਪਾਠਕਾਂ ਦੇ ਅਰਪਣ ਕੀਤਾ ਹੈ, ਜਿਸ ਨੂੰ ਪੜ੍ਹਕੇ ਜੇ ਪਹਿਲੇ ਕਿਸੇ ਦਾ ਚਿੱਤ ਦੁਬਿਧਾ ਵਿੱਚ ਫਸ ਵੀ ਗਿਆ ਹੋਵੇ, ਸਿੱਧਾ, ਸਾਫ਼ ਤੇ ਸਪਸ਼ਟ ਰਾਹ ਆਪਣੇ ਸਾਮ੍ਹਣੇ ਖੁਲ੍ਹਾ ਵੇਖਣ ਦੀ ਦ੍ਰਿਸ਼ਟੀ ਪ੍ਰਾਪਤ ਕਰ ਲਵੇਗਾ, ਜਿਸਦੇ ਨਾਲ ਉਹਨੂੰ ਵਿਸ਼੍ਵਾਸ ਹੋ ਜਾਵੇਗਾ ਕਿ ਸਿੱਖ, ਵੈਦਿਕ-ਆਰਯ-ਹਿੰਦੂ ਧਰਮ ਦਾ ਹੀ ਇੱਕ ਅੱਡ ਨ ਕੀਤਾ ਜਾ ਸਕਣ ਵਾਲਾ ਜੀਉਂਦਾ-ਜਾਗਦਾ ਤੇ ਨਰੋਆ ਅੰਗ ਹੈ।

---

*ਏਸੇ ਤਰ੍ਹਾਂ ਇਹ ਪ੍ਰਸੰਨਤਾ ਦੀ ਗੱਲ ਹੈ ਕਿ ਅਗਸਤ ੧੯੬੧ ਵਾਲੇ ਮਰਣ ਬ੍ਰਤ ਦੇ ਕਾਰਣ ਅੰਤਹਕਰਣ ਦੀ ਸ਼ੁਧੀ ਹੋ ਜਾਣ ਕਰਕੇ ਪਿਛਲੇ ਦਿਨੀਂ ਸ੍ਰੀ ਮਾਸਟਰ ਤਾਰਾ ਸਿੰਘ ਜੀ ਦੇ ਮੁਖਾਰਬਿੰਦ ਵਿੱਚੋਂ ਏਹ ਸ਼ਬਦ ਨਿਕਲੇ--"ਹਰੇਕ ਸਿੱਖ ਹਿੰਦੂ ਹੈ ਅਤੇ ਹਰੇਕ ਹਿੰਦੂ ਸਿੱਖ ਹੈ।" ਪਰਮੇਸ਼੍ਵਰ ਕਰੇ ਇਹ ਭਾਵ ਸਾਡੀ ਕੌਮ ਦੇ ਹਰੇਕ ਵਜਕਤੀ ਦੇ ਹਿਰਦੇ ਵਿੱਚ ਅੰਕਿਤ ਹੋ ਜਾਣ ਤਾਕਿ ਵਿਦੇਸ਼ੀ ਅੰਗ੍ਰੇਜ਼ ਜਾਦੂਗਰਾਂ ਦਾ ਤਲਿਸਮ ਟੁੱਟ ਜਾਵੇ ਅਤੇ ਅਸੀਂ ਬਾਂਹ ਉਲਾਰ ਕੇ ਆਖ ਸਕੀਏ--

ਕੌਨ ਕਹਤਾ ਹੈ ਕਿ ਹਮ ਤੁਮ ਮੇਂ ਜੁਦਾਈ ਹੋਗੀ
ਯੇਹ ਖ਼ਬਰ ਤੋ ਕਿਸੀ ਦੁਸ਼ਮਨ ਨੇ ਉੜਾਈ ਹੋਗੀ

Sri Satguru Jagjit Singh Ji eLibrary NamdhariElibrary@gmail.com

ਵਿਦਾਨ ਲੇਖਕ ਦੀ ਵਿਚਾਰ-ਧਾਰਾ ਨਾਲ ਪੂਰੀ ਤਰ੍ਹਾਂ ਅੱਖਰ ਅੱਖਰ ਸਹਿਮਤ ਨਹੀਂ ਹਾਂ ਪਰ ਫੇਰ ਵੀ ਉਨ੍ਹਾਂ ਦੇ ਉੱਦੇਸ਼ ਨਾਲ ਪੂਰਣ ਸਹਾਨੁਭੂਤਿ ਪ੍ਰਗਟ ਕਰਦੇ ਹੋਏ ਆਰਯ ਪ੍ਰਾਦੇਸ਼ਿਕ ਪ੍ਰਤਿਨਿਧਿ ਸਭਾ ਜਾਲੰਧਰ ਨੇ ਏਸ ਗ੍ਰੰਥ ਨੂੰ ਪ੍ਰਕਾਸ਼ਿਤ ਕਰਨਾ ਜ਼ਰੂਰੀ ਸਮਝਿਆ ਹੈ। ਜੇ ਰਾਹੋਂ ਘੱਥੇ ਕੁੱਝ ਇੱਕ ਸੱਜਣਾਂ ਨੂੰ ਵੀ ਸੋਝੀ ਆ ਗਈ, ਤਾਂ ਅਸੀਂ ਆਪਣੇ ਜਤਨ ਨੂੰ ਸਫਲ ਸਮਝਾਂਗੇ।

ਨਿਵੇਦਕ

ਪਿੰਡੀਦਾਸ ਗਿਆਨੀ ਸਭਾਸਦ,
ਆਰਯ ਪ੍ਰਾਦੇਸ਼ਿਕ ਪ੍ਰਤਿਨਿਧਿ ਸਭਾ,
ਜਾਲੰਧਰ

ਅਮ੍ਰਿਤਸਰ

੩ ਫ਼ਰਵਰੀ, ੧੯੬੨

Sri Satguru Jagjit Singh Ji eLibrary NamdhariElibrary@gmail.com

ੴ

ਵੇਦਿਕ ਗੁਰਮਤਿ

ਦਾ

ਮੁਖਬੰਧ—ਮੂਲਾਧਾਰ

ਅਰਥਾਤ

ਭਾਗ ਪਹਿਲਾ—ਇਤਿਹਾਸਿਕ

"If a physcist is in doubt about the results of an experiment he can repeat and correct it. He finds his objects present at every moment, ready to answer his questions. But with the historian the case is different. His facts belong to the past, and the past is gone for ever. We cannot recostruct it; we cannot waken it to a new life in a mere physical, objective sense. All we can do is to 'remember' it—give it a new ideal existence. Ideal reconstruction, not empirical observation, is the first step in historical knowledge. What we call a scientific fact is always the answer to a scientific question which we have formulated beforehand. But to what can the historian direct this question ? He cannot confront the events themselves and he cannot enter into the forms of a former life. He has only an indirect approach to his subject matter. He must consult his sources. But these sources are not physical things in the usual sense of this term. They all imply a new and specific moment. The historian, like the physicist limes in a material world. Yet what he finds at the very beginning of his research is not a world of physical objects but a symbolic universe—a world of symbols. He must, first of all, learn to read these S Y M B O L S. Any historical fact, however simple it may appear, can only be determined and understood by such a previous analysis of symbols. Not things or events but documents or monuments are the first and immediate objects of our historical knowledge. Only through the mediation and intervention of these symbolic data can we grasp the real historical data—the events and the men of the past."

(An Essay on Man, An Introduction to a Philosophy of Human Culture, by Ernst Cassirer, Doubleday Anchor Books, New York, 1956; pp. 221-222,)

Sri Satguru Jagjit Singh Ji eLibrary NamdhariElibrary@gmail.com

"Thoughts that have tarried in my mind, and
peopled its inner chambers,
The sober children of reason, or desultory
train of fancy;
Clear-running wine of conviction, with
the scum and the lees of speculation;
Corn from the sheaves of science, with stubble
from my own garner:
Searchings after Truth, that have tracked
her secret lodes,
And come up again to the surface-world
with a knowledge grounded deeper;
Arguments of high scope, that have soared to
the keystone of heaven,
And thence have swooped to their certain mark,
as the falcon to its quarry;
The fruits I have gathered of prudence,
the ripened harvest of my musings,
These commend I unto thee, O docile scholar of Wisdom,
These I give to thy gentle heart, thou lover of the right.'

Proverbial Philosophy *by* **Martin F. Tupper,**
Twenty-fifth Edition;
London: T. Hatchard, 187, Piccadly: 1856; p. I

Sri Satguru Jagjit Singh Ji eLibrary NamdhariElibrary@gmail.com

ਪੂਜਯ ਅਾਨਨ੍ਦ ਸ੍ਵਾਮੀ ਜੀ ਮਹਾਰਾਜ

ਸ਼੍ਰੀ ੧੦੮ ਮਹਾਤਮਾ ਆਨੰਦ ਸਵਾਮੀ ਜੀ ਸਰਸਵਤੀ (ਭੂਤ ਪੂਰਬ ਸ਼੍ਰੀ ਲਾਲਾ ਖੁਸ਼ਹਾਲ ਚੰਦ ਜੀ 'ਖੁਰਸੰਦ' ਮਾਲਿਕ 'ਮਿਲਾਪ')ਜਿਨ੍ਹਾਂ ਨੇ 'ਵੈਦਿਕ ਗੁਰਮਤਿ' ਦਾ ਖਰੜਾ ਸ਼ੁਦਧ ਕਰਕੇ ਇਸ ਦੇ ਸ਼ੀਘ੍ਰ ਮੁਦ੍ਰਿਤ ਕਰਨ ਲਈ ਆਰਯ ਪ੍ਰਾਦੇਸ਼ਿਕ ਪ੍ਰਤਿਨਿਧਿ ਸਭਾ ਨੂੰ ਪ੍ਰੇਰਣਾ ਕੀਤੀ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

॥ ੧ ੴ ਸਤਿਗੁਰ ਪ੍ਰਸਾਦਿ ॥

ਮੁੱਖਬੰਧ—ਮੂਲਾਧਾਰ

ਸ਼ੁਭ ਸੰਮਤ ੧੯੫੬ ਬਿਕ੍ਰਮੀ, ਸਨ ੧੮੯੯ ਈਸ੍ਵੀ, ਅੱਜ ਸਨ ੧੯੬੨ ਦੇ ਮੁਕਾਬਲੇ ਵਿੱਚ ਸੱਚ ਮੁੱਚ ਸਤਜੁਗ ਸੀ. ਅਵਿਦਿਆ ਦੇ ਪੂਰਨ ਅੰਧਕਾਰ ਵਿੱਚ ਲੋਕੀ ਅਜ ਕਲ ਦੇ ਵਿਦ੍ਵਾਨਾਂ ਤੋਂ ਵਧੀਕ ਜਤੀ, ਸਤੀ, ਸੰਤੋਖੀ ਸਨ. ਦੁਰਾਚਾਰ ਨਾਲ ਲਿਬੜੇ ਹੋਏ ਓਦੋਂ ਦੇ ਪ੍ਰਗਟ ਦੁਰਾਚਾਰੀ ਇਸ ਸਮੇਂ ਦੇ ਦੰਭੀ ਮੋਮਨਾਂ ਤੋਂ ਅਮਿਤ ਉੱਚ ਆਚਾਰਵੰਤ ਸਨ. ਗ਼ੁਰਬਤ ਤੋਂ ਬੁਰੀ ਤਰ੍ਹਾਂ ਮਾਰੇ ਹੋਏ ਦਰਿਦ੍ਰੀ ਕੰਗਾਲਾਂ ਦੇ ਹਿਰਦੇ ਓਦੋਂ ਅਜ ਕਲ ਦੇ ਰਈਸਾਂ ਤੋਂ ਬੇ ਓੜਕ ਹਦ ਤਕ ਵਿਸ਼ਾਲ ਸਨ. ਉਹ ਅਤਿਥੀ ਸੇਵੀ ਸਨ, ਮਿਤ੍ਰ ਵਤਸਲ ਸਨ, ਬੰਧੂ ਸਨੇਹੀ ਸਨ, ਬਚਨ ਪਾਲਕ ਸਨ, ਦੇਸ਼ ਭਗਤ ਸਨ, ਤੇ ਧਰਮ ਹਿਤਕਾਰੀ ਸਨ. ਓਦੋਂ ਜਾਤਿ, ਗੋਤ, ਵਰਣ, ਸਭ ਕੁੱਝ ਸੀ; ਪਰ ਜਾਤਿ, ਗੋਤ, ਵਰਣ ਦੀ ਦੁਰਗੰਧ ਨ ਸੀ. ਓਦੋਂ ਦੀਨ, ਮਤ ਯਾ ਮਜ਼ਹਬ ਦੇ ਅਜ਼ੀਮ, ਬੇ ਨਜ਼ੀਰ ਗੁਲਸ਼ਨ ਵਿੱਚ, ਰੂਹਾਨੀ ਫੁੱਲਾਂ ਨੂੰ ਮਹਿਕਾਣ ਵਾਲੀ, ਨਸੀਮੇ ਸੁਬਹਾਨੀ ਤਾਂ ਜ਼ਰੂਰ ਚਲਦੀ ਸੀ, ਪਰ ਪਰਸਪਰ ਪ੍ਰੇਮ ਦੀਆਂ ਕੋਮਲ ਕਲੀਆਂ ਨੂੰ ਤੋੜ ਫੋੜ ਕੇ ਪੈਰਾਂ ਵਿੱਚ ਰੁਲਾਣ ਵਾਲੀ, ਇਨਸਾਨੀਅਤ ਦੀਆਂ ਨੂਰੀ ਅੱਖਾਂ ਵਿੱਚ ਫੋਕੀ ਜ਼ਿੱਦ ਦਾ ਘੱਟਾ ਪਾਣ ਵਾਲੀ, ਤੇ ਇਨਸਾਨ ਨੂੰ ਅੱਨ੍ਹੇ ਹੈਵਾਨ ਬਣਾਣ ਵਾਲੀ ਅਜੇ ਜ਼ਾਲਿਮ ਤਅੱਸੁਬ ਦੀ ਹਨੇਰੀ ਨ ਝੁਲੀ ਸੀ.

ਰਾਵਲ ਪਿੰਡੀ ਸਦਰ ਬਾਜ਼ਾਰ ਵਿੱਚ, ਜਿੱਥੇ ਪਹਿਲਾਂ ਕਿਸੇ ਸਮੇਂ ਕੋਈ ਸਰਕਾਰੀ ਦਫ਼ਤਰ ਸੀ, ਆਰਯ ਮਿਡਲ ਸਕੂਲ ਦਾ ਆਸ਼੍ਰਮ ਸੀ. ਬਾਸ਼ੀ ਰਾਮ ਜੀ ਹੈਡ ਮਾਸਟਰ, ਸੁਖ ਦਿਆਲ ਜੀ ਅੰਗ੍ਰੇਜ਼ੀ ਤੇ ਜੁਗਰਾਫ਼ੀਏ ਦੇ ਟੀਚਰ, ਦੁਨੀ ਚੰਦ ਜੀ ਉਰਦੂ-ਫ਼ਾਰਸੀ ਦੇ ਉਸਤਾਦ, ਰਾਮ ਚੰਦ ਜੀ ਹਿਸਾਬ ਦੀ ਸਿਖਿਆ ਦੇਣ ਵਾਲੇ, ਰੇਲੂ ਰਾਮ ਜੀ ਤਵਾਰੀਖ਼ ਹਿੰਦ ਪੜ੍ਹਾਣ ਵਾਲੇ, ਤੇ ਪੰਡਿਤ ਸ਼ਿਵ ਨਾਰਾਇਣ ਜੀ ਹਿੰਦੀ ਤੇ ਧਾਰਮਿਕ ਵਿਦਿਆ ਦੇ ਅਧਿਆਪਕ ਸਨ. ਸਾਰੇ ਇੱਕ ਦੂਜੇ ਤੋਂ ਵਧ ਅਮਨ ਪਸੰਦ, ਬਲੰਦ ਦਰਜੇ ਦੇ ਦਾਨਸ਼ਮੰਦ ਤੇ ਆਚਰਣ ਵਿੱਚ ਇੱਕੋ ਜਏ ਦੇਵਤਾ ਸਰੂਪ ਸਨ. ਆਰਯ ਸਕੂਲ ਦੇ ਬਿਲਕੁਲ ਸਾਹਮਣੇ ਈਸਾਈਆਂ ਦਾ ਪ੍ਰਾਇਮਰੀ ਮਿਸ਼ਨ ਸਕੂਲ ਸੀ. ਪਰ ਓਦੋਂ ਉੱਥੇ ਖ਼ਾਲਸਾ, ਇਸਲਾਮੀਆ ਤੇ ਸਨਾਤਨ ਧਰਮੀ ਸਕੂਲਾਂ ਦਾ ਕੋਈ ਨਾਮੋਂ ਨਿਸ਼ਾਣ

Sri Satguru Jagjit Singh Ji eLibrary NamdhariElibrary@gmail.com

ਵੀ ਸੁਣਣ ਯਾ ਵੇਖਣ ਵਿਚ ਨ ਔਂਦਾ ਸੀ. ਤਾਂ ਤੇ ਰਾਵਲ ਪਿੰਡੀ ਵਰਗੀ ਪੁਰਾਣੀ ਤੇ ਵਸੀਹ ਛੌਣੀ ਦੇ ਪ੍ਰਸਿੱਧ ਪਤਵੰਤਿਆਂ ਦੇ ਲੜਕੇ, ਕੀ ਹਿੰਦੂ ਤੇ ਕੀ ਮੁਸਲਮਾਣ, ਕੀ ਸਿੱਖ ਤੇ ਕੀ ਸਨਾਤਨ ਧਰਮੀ, ਸੱਭੇ ਆਰਯ ਮਿਡਲ ਸਕੂਲ ਵਿੱਚ ਹੀ ਤਾਲੀਮ ਪਾਂਦੇ ਸਨ. ਡੈਨੀਜ਼ ਹਾਈ ਸਕੂਲ ਆਬਾਦੀ ਤੋਂ ਬਹੁਤ ਦੁਰਾਡੇ, ਪਰੇ, ਉਦਿਆਨ ਵਿੱਚ, ਖ਼ਤਰਨਾਕ ਜਈ ਥਾਂ ਤੇ ਵਾਕਿਆ ਸੀ ਤੇ ਬਚਿਆਂ ਲਈ ਉੱਥੇ ਕਲਿਆਂ ਪਹੁੰਚਣਾ ਸੁਖਾਲਾ ਤੇ ਸੁਰਖਿਅਤ ਨ ਸੀ.

(੨) ਜਿੱਥੇ ਅਕਾਲ ਪੁਰਖ ਨੇ ਮੈਨੂੰ ਇਹ ਮਨੁਖ ਜਾਮਾ ਬਖ਼ਸ਼ ਕੇ ਆਪਣੀਆਂ ਅਨੇਕਾਂ ਹੀ ਮੇਹਰਾਂ, ਬਰਕਤਾਂ ਅਤੇ ਰਹਿਮਤਾਂ ਦਾ ਪਾਤ੍ਰ ਬਣਾਇਆ ਹੈ, ਉੱਥੇ ਸਭ ਤੋਂ ਪਹਿਲੀ ਬਰਕਤ ਜੋ ਉਸ ਨੇ ਮੇਰੇ ਤੇ ਨਾਜ਼ਲ ਕੀਤੀ ਉਹ ਇਹ ਹੈ ਕਿ ਉਸ ਨੇ ਮੈਨੂੰ ਰਾਵਲ ਪਿੰਡੀ ਸਦਰ ਦੇ ਆਰਯ ਮਿਡਲ-ਸਕੂਲ ਵਿੱਚ ਦਾਖ਼ਲ ਕਰਵਾਇਆ. ਉੱਥੋਂ ੧. ਸਵੇਰੇ ਜਾਗਣ ਦਾ; ੨. ਇਸ਼ਨਾਨ ਕਰਨ ਦਾ; ੩. ਨਾਮ ਜਪਣ ਦਾ; ੪. ਪੈਦਲ ਚਲਣ ਦਾ; ੫. ਸਾਤ੍ਰਿਕ; ਅਲਪ ਆਹਾਰੀ ਬਣਨ ਦਾ; ੬. ਸਾਦਾ ਪਹਿਨਣ ਦਾ; ੭. ਬਿੰਦ ਰਖਣ ਦਾ ੮. ਘਟ ਬੋਲਣ ਦਾ; ੯. ਵਡਿਆਂ ਅੱਗੇ ਝੁਕਣ ਦਾ; ੧੦. ਚੁਗ਼ਲ ਖ਼ੋਰੀ ਤੋਂ ਬਚਣ ਦਾ; ੧੧. ਸੱਚ ਬੋਲਣ ਦਾ; ੧੨. ਬਚਨ ਪਾਲਣ ਦਾ; ੧੩. ਵੇਲੇ ਦੀ ਪਾਬੰਦੀ ਦਾ ਤੇ ੧੪. ਸੇਵਾ ਭਾਵ ਦਾ ਰਾਜ਼ ਸਮਝਣ ਦਾ—ਮੈਨੂੰ ਜੋ ਜੋ ਉਪਦੇਸ਼ ਮਿਲਿਆ ਉਸ ਨੂੰ ਮੈਂ ਜੀਵਨ ਦੀ ਲੰਮੀ ਔਣ ਵਾਲੀ ਯਾਤ੍ਰਾ ਲਈ ਤੋਸ਼ਾ ਬਣਾ ਲਿਆ. ਇਸ ਤੋਸ਼ੇ ਦੇ ਇਹ ਚੌਦਾਂ ਉਪਦੇਸ਼ ਕੀ ਸਨ ਮਾਨੋਂ ਚੌਦਾਂ ਰਤਨ ਸਨ ਤੇ ਏਹਨਾਂ ਦੇ ਦੇਣ ਵਾਲੇ ਸਪਤ ਰਿਸ਼ੀ ਸਨ, ਜਿਨ੍ਹਾਂ ਵਿਚੋਂ ਛਿਆਂ ਦੇ ਨਾਮ ਮੈਂ ਉੱਪਰ ਦਸ ਆਇਆ ਹਾਂ ਤੇ ਸਤਵੇਂ ਗੰਡਾ ਰਾਮ ਜੀ ਸਨ. ਜਦੋਂ ਮੈਂ ਅਜੇ ਯਾਗਵਲਕ, ਬਿਆਸ, ਜ਼ਰਦੁਸ਼ਤ, ਸੁਕ੍ਰਾਤ, ਅਫ਼ਲਾਤੂਨ, ਅਰਸਤੂ ਤੇ ਕਾਨਫ਼ਿਊਸ਼ੀਅਸ ਦੇ ਨਾਮ ਵੀ ਨ ਸੁਣੇ ਸਨ, ਓਦੋਂ ਏਹਨਾਂ ਸਪਤ ਰਿਸ਼ੀਆਂ ਨੇ ਮੈਨੂੰ ਵਿਸ਼੍ਵ ਦੇ ਗੁਹਜ ਕੋਸ਼ ਦੀ ਕਥਾ ਸੁਣਾਈ. ਵਿਦਿਆਰਥੀ ਭਿਕਸ਼ੂ ਸਨ ਤੇ ਅਧਿਆਪਕ ਦਾਨੀ ਸਨ. ਹੋਰ ਤੀਜੀ, ਚੌਥੀ, ਪੰਜਵੀਂ ਸੰਗਿਆ ਦੀ ਲੋੜ ਕੀ ਭਾਸਣੀ ਸੀ ? ਭਿਕਸ਼ੂ ਭਿਕਸ਼ੂ ਸਨ, ਬਸ ! ਦਾਨੀ ਦਾਨੀ ਸਨ, ਬਸ ! ਦਾਨੀਆਂ ਨੇ ਦਾਨ ਦੇਣ ਲਗਿਆਂ ਭਿਕਸ਼ੂਆਂ ਦੇ ਦੇਸ਼ ਯਾ ਧਾਮ ਵਲ, ਜਾਤਿ ਯਾ ਵਰਣ ਵਲ, ਤੇ ਦੀਨ ਯਾ ਧਰਮ ਵਲ ਕਦੇ ਵੀ ਨਜ਼ਰ ਨ ਮਾਰੀ ਸੀ. ਵਿਚਕਾਰ ਜਗਤ ਸਿੰਘ, ਭਗਤ ਸਿੰਘ, ਅਨੰਤ ਸਿੰਘ; ਸੱਜੇ ਪਾਸੇ ਰਾਮ ਪ੍ਰਸ਼ਾਦ, ਰਾਮ ਜੀ ਦਾਸ, ਪਿੰਡੀ ਦਾਸ; ਤੇ ਖੱਬੇ ਪਾਸੇ ਮਹਿਬੂਬ ਇਲਾਹੀ, ਕਰੀਮ ਬਖ਼ਸ਼, ਤਈਅਬ ਅਲੀ. ਇਹ ਦ੍ਰਿਸ਼ਜ ਹੁਣ ਵੀ ਵੇਖੀਦੇ ਹਨ, ਪਰ ਜਿਸ ਚਾਨਣੇ ਵਿੱਚ ਇਹ ਓਦੋਂ ਸੋਹਣੇ ਤੇ ਸ਼ਾਨਦਾਰ ਦਿਸਦੇ ਸਨ,

Sri Satguru Jagjit Singh Ji eLibrary NamdhariElibrary@gmail.com

ਉਹ ਚਾਨਣਾ ਹੁਣ ਬਿਲਕੁਲ ਗਾਇਬ ਹੈ. ਓਦੋਂ ਅਨੇਕਤਾ ਦੇ ਸਤਜੁਗੀ ਚਾਨਣੇ ਵਿੱਚ ਏਕਤਾ ਦੀ ਦੇਵੀ ਹਸਾਂਦੀ ਸੀ, ਹੁਣ ਏਕਤਾ ਦੇ ਕਲਜੁਗੀ ਹਨੇਰੇ ਵਿੱਚ ਅਨੇਕਤਾ ਦੀ ਡੈਣ ਰੁਵਾਂਦੀ ਹੈ. ਓਦੋਂ ਭਿੰਨ ਭਿੰਨ ਵਿਅਕੀਆਂ ਦੀ ਵਿਅ-ਕਤੀਗਤ ਭਿੰਨਤਾ ਵਿੱਚ, ਕੋਈ ਦੂਜਿਆਂ ਨੂੰ ਆਪਣੇ ਵਲ ਖਿੱਚਣ ਦੀ, ਅਨੋਖੀ ਕਸ਼ਸ਼ ਮੌਜੂਦ ਸੀ. ਜੋ ਭਿੰਨਤਾ ਨੂੰ ਲਗਾਤਾਰ ਏਕਰੂਪਤਾ ਦੀ ਸ਼ਕਲ ਵਿੱਚ ਤਬਦੀਲ ਕਰਦੀ ਰਹਿੰਦੀ ਸੀ. ਹੁਣ ਠਾਠ ਸਾਰਾ ਉਲਟ ਹੈ. ਹੁਣ ਉਹਨਾਂ ਵਿੱਚ, ਜੋ ਵੇਖਣ ਨੂੰ ਸਰਵਥਾ ਏਕਤਾ ਦੇ ਅਟੁੱਟ ਸੂਤ੍ਰ ਵਿੱਚ ਸਦੀਵ ਕਾਲ ਲਈ ਪਰੋਏ ਹੋਏ ਦਿਸ ਰਹੇ ਹਨ, ਦਰ ਅਸਲ, ਭਿਆਨਕ ਭਿੰਨਤਾ ਦੀਆਂ ਅੱਡ ਅੱਡ ਪੀਂਘਾਂ ਤੇ, ਆਹਮੋਂ ਸਾਹਮਣਿਓਂ, ਟਕਰਾ ਟਕਰਾ ਕੇ, ਦਿਨ ਰਾਤ ਚੂਰ ਹੋ ਰਹੇ ਹਨ. ਜੇ ਅਧਿਆਪਕ ਤੇ ਵਿਦਿਆਰਥੀ ਹਕੀਕੀ ਮਾਨਿਆਂ ਵਿੱਚ, ਪਰਸਪਰ ਪਿਤਾ ਪੁਤ੍ਰ ਵਾਲਾ ਸਲੂਕ ਕਰਨ ਤਾਂ ਕੀ ਮਜਾਲ ਹੈ ਕਿ ਵਿਦਿਆ-ਰਥੀ ਵੀ ਇੱਕ ਦੂਜੇ ਨਾਲ ਸੱਕੇ ਭਿਰਾਵਾਂ ਵਾਲਾ ਸਲੂਕ ਨ ਕਰਨ !

(੩) ਮੇਰੇ ਪਿਤਾ ਜੀ, ਸ੍ਰ: ਧਰਮ ਸਿੰਘ ਸੇਠੀ, ਬਲਕਸਰੀ, ਪਰਿਵਾਰ ਸਹਿਤ, ਸਨ ੧੯੦੨ ਵਿੱਚ ਸਦਰ ਤੋਂ ਰਾਵਲ ਪਿੰਡੀ ਸ਼ਹਿਰ ਜਾ ਵੱਸੇ. ਉੱਥੇ ਮੈਨੂੰ ਦਯਾਨੰਦ-ਐਂਗਲੋ-ਵੇਦਿਕ ਹਾਈ ਸਕੂਲ ਵਿੱਚ ਪੜ੍ਹਨ ਪਾਇਆ ਗਿਆ. ਇਹ ਅਤਯੰਤ ਸੁੰਦਰ, ਨੂਤਨ ਮਈ, ਨਵੀਨ ਤੇ ਖੁਲ੍ਹੀ ਇਮਾਰਤ ਸੀ. ਇਸ ਦਾ ਹਾਲ ਕਮਰਾ ਕੀ ਸੀ, ਚਿੱਤ ਦੀ ਏਕਾਗ੍ਰਤਾ ਲਈ ਅਚਿੰਤ ਸ਼ਾਂਤ ਭਵਨ ਸੀ. ਕੀ ਇਹ ਵਿਸਮੈ ਜਨਕ ਨਹੀਂ ਕਿ ਇਸ ਹਾਲ ਦੇ ਪਵਿਤ੍ਰ ਮੰਚ ਪਰ, ਜੋ ਅੰਦਰ ਵੜਦਿਆਂ ਸੱਜੇ ਪਾਸੇ ਸੀ, ਇੱਕ ਤੇਰ੍ਹਾਂ ਵਰ੍ਹਿਆਂ ਦੇ ਕੇਸ਼ ਧਾਰੀ ਸਿੱਖ ਨੂੰ, ਭਰੀ ਸਮਾਜ ਦੀ ਵਿਗਜ ਸੰਗਤ ਵਿੱਚ, ਬੈਠਣ ਦੀ ਆਗਿਆ ਦਿੱਤੀ ਜਾਏ, ਤੇ ਉਹ ਸਿੱਖ ਉੱਥੋਂ ਸੁਖਮਨੀ ਸਾਹਿਬ ਦੀ ਪੂਰੀ ਇੱਕ ਅਸ਼ਟ ਪਦੀ ਦੀ ਆਰਯ ਏਕਤ੍ਰਤਾ ਨੂੰ ਵਿਆਖਿਆ ਸੁਣਾਏ, ਤੇ ਇਸ ਏਕਤ੍ਰਤਾ ਦੇ ਸੈਂਕੜੇ ਸਭਾ-ਸਦ-ਸ਼੍ਰੋਤਿਆਂ ਵਿੱਚੋਂ ਇੱਕ ਵੀ ਇਸ ਕਾਰਵਾਈ ਤੇ ਕੋਈ ਏਤਰਾਜ਼ ਨ ਕਰੇ ? ਮੈਂ ਨਿਜ ਇਸ਼ਟ ਨੂੰ ਹਾਜ਼ਰ ਨਾਜ਼ਰ ਜਾਣ ਕੇ ਹਲਫ਼ਨ ਕਹਿੰਦਾ ਹਾਂ ਕਿ ਮੈਂ ਉੱਥੇ ਸੁਖਮਨੀ ਸਾਹਿਬ ਦੀ ਵਿਆਖਿਆ ਸੁਣਾਈ ਹੈ, ਤੇ ਅਜ ਸਨ ੧੯੬੨ ਦੀ ਆਰਯ ਸੰਗਤ ਵਿੱਚ ਵੀ ਇਹ ਦ੍ਰਿਸ਼ਜ ਦ੍ਰਿਗ-ਗੋਚਰ ਕਰਨਾ ਸੰਭਵ ਹੈ. ਪਰ, ਮੈਂ, ਆਰਯ ਸਕੂਲਾਂ ਦੇ ਵਿਦਿਆਰਥੀ ਨੇ, ਤੇਰ੍ਹਾਂ ਵਰ੍ਹਿਆਂ ਦੀ ਉਮਰ ਵਿੱਚ, ਸੁਖਮਨੀ ਸਾਹਿਬ ਦੀ ਵਿਆਖਿਆ ਕਰਨੀ ਕਿੱਥੋਂ ਤੇ ਕਿਵੇਂ ਸਿਖ ਲਈ ? ਮੈਂ ਦਸਦਾ ਹਾਂ. ਮੈਂ ਹਿੰਦੀ ਤੇ ਸੰਸਕ੍ਰਿਤ ਦੋਵੇਂ ਪੜ੍ਹਦਾ ਸਾਂ, ਅਰ ਕਈ ਵਰ੍ਹਿਆਂ ਤੋਂ ਲਗਾਤਾਰ ਸਮਾਜ ਦੇ ਸਾਧਾਰਣ ਤੇ ਵਿਸ਼ੇਸ਼ ਸਮਾਗਮਾਂ ਵਿੱਚ ਵੇਦਾਂ, ਸਿਮ੍ਰਿਤੀਆਂ ਤੇ ਸ਼ਾਸਤ੍ਰਾਂ ਪਰ ਵਿਆਖਿਆਨ ਸੁਣਦਾ ਚਲਾ ਆਂਦਾ

Sri Satguru Jagjit Singh Ji eLibrary NamdhariElibrary@gmail.com

ਸਾਂ. ਵੇਦ ਮੰਤ੍ਰ ਜੋ ਜਮਾਤ ਵਿੱਚ ਅਰਥਾਂ ਸਹਿਤ ਪੜ੍ਹਾਏ ਜਾਂਦੇ ਸਨ, ਉਹਨਾਂ ਨੂੰ ਮੈਂ ਚੰਗੀ ਤਰ੍ਹਾਂ ਕੰਠ ਕਰ ਲਿਆ ਕਰਦਾ ਸਾਂ. ਘਰ ਵਿੱਚ ਪਿਤਾ ਜੀ ਤੋਂ ਨਿਤਜ ਪ੍ਰਤਿ, ਸਕੂਲ ਜਾਣ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦਾ ਸਾਂ. ਸਦਰ ਸਕੂਲ ਤੋਂ ਵੀ ਜੋ ਚੌਦਾਂ ਰਤਨ ਮੈਂ ਨਾਲ ਲਿਆਇਆ ਸਾਂ ਉਹ ਵੀ ਮੇਰੇ ਕੋਲ ਹੀ ਸਨ. ਐਸੀ ਦਸ਼ਾ ਵਿੱਚ ਅਚਣਚੇਤ ਮੈਨੂੰ ਇੱਕ ਦਿਨ ਤੜਕੇ ਹੀ ਖ਼ਿਆਲ ਆਇਆ ਕਿ ਦੇਖਾਂ ਮੈਂ ਗੁਰਮੁਖੀ (ਪੰਜਾਬੀ) ਵੀ ਸਿੱਖ ਸਕਦਾ ਹਾਂ ਕਿ ਨਹੀਂ. ਗੁਰਮੁਖੀ (ਯਾਨੇ ਪੰਜਾਬੀ) ਦੀ ਪੋਥੀ ਸਾਡੇ ਘਰ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ, ਕੇਵਲ ਇੱਕ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਜੀ ਦੀ ਜਨਮ ਸਾਖੀ ਹੀ ਸੀ. ਸੋ ਮੈਂ ਇਸੇ ਨੂੰ ਲੈ ਕੇ ਕੋਠੇ ਤੇ ਏਕਾਂਤ ਵਿੱਚ ਜਾ ਬੈਠਾ, ਤੇ ਨਿਰੋਲ ਹਿੰਦੀ ਦੀ ਸਹਾਇਤਾ ਦੁਆਰਾ ਥੋੜ੍ਹੇ ਹੀ ਚਿਰ ਵਿੱਚ ਇਸ ਦੇ ਆਦਿ ਪੰਨੇ ਤੋਂ ਗੁਰਮੁਖੀ ਦੇ ਸੁਰ ਤੇ ਵਿਅੰਜਨ ਦ੍ਰਿੜ੍ਹ ਕਰ ਲਏ. ਫਿਰ ਮਾਤ੍ਰਾਂ ਪਛਾਣਨ ਵਿੱਚ ਕੀ ਦੇਰ ਲਗਣੀ ਸੀ, ਇਹ ਤਾਂ ਹਿੰਦੀ ਨਾਲ ਬਿਲਕੁਲ ਹੀ ਮਿਲਦੀਆਂ ਜੁਲਦੀਆਂ ਸਨ. ਇਸ ਤਰ੍ਹਾਂ ਪਾਵਨ ਲਿਪੀ, ਤੋਂ ਗਿਆਤ ਹੋ ਕੇ ਮੈਂ ਗੁਟਕੇ ਤੋਂ ਗੁਰਬਾਣੀ ਦਾ ਪਾਠ ਅਰੰਭ ਕਰ ਦਿੱਤਾ ਤੇ ਸਨ ੧੯੦੩ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਤੋਂ, ਪਹਿਲੀ ਵੇਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਵਿਧੀ ਸਿੱਖੀ. ਏਹਨਾਂ ਤੋਂ ਹੀ ਜੁਲਾਈ ਸਨ ੧੯੦੬ ਵਿੱਚ, ਅੰਬਾਲੇ ਦੇ ਨੇੜੇ ਇੱਕ ਨਿੱਕੇ ਜਏ ਪਿੰਡ ਵਿੱਚ, ਜਿਸ ਦਾ ਨਾਮ ਅਨੰਦ ਪੁਰ ਸੀ, ਅੰਮ੍ਰਿਤ ਛਕਿਆ. ਅੰਬਾਲੇ ਛੌਣੀ ਵਿੱਖੇ ਹੀ, ੧੫ ਅਗਸਤ ੧੯੯੯ ਵਿੱਚ ਮੇਰਾ ਜਨਮ ਹੋਇਆ ਸੀ.

(੪) ਸਕੂਲ ਤੇ ਸਮਾਜ ਦੇ ਕਥਾ ਵਿਆਖਿਆਨਾਂ ਤੋਂ ਅਤਿਰਿਕ੍ਤ ਮੇਰਾ ਧਾਰਮਿਕ ਵਿਦਿਆ ਨਾਲ ਵਿਸ਼ੇਸ਼ ਪ੍ਰੇਮ ਇਸ ਕਰਕੇ ਵੀ ਸੀ ਕਿ ਸਾਡੇ ਘਰ ਅਮੂਮਨ ਕੋਈ ਨ ਕੋਈ ਸੰਤ ਮਹਾਤਮਾ ਯਾ ਪੰਡਿਤ ਪੁਰੋਹਿਤ ਆਦਿਕ ਆਏ ਹੀ ਰਹਿੰਦੇ ਸਨ, ਅਰ ਮੈਨੂੰ ਏਹਨਾਂ ਤੋਂ ਬੜੀਆਂ ਬੜੀਆਂ ਡੂੰਘੀਆਂ ਗੱਲਾਂ ਪੁੱਛਣ ਦਾ ਮੌਕਾ ਮਿਲਦਾ ਸੀ. ਚੁਨਾਂਚਿ ਖ਼ਾਸ ਜ਼ਿਕਰ ਦੇ ਲਾਇਕ ਸੁਆਮੀ ਚਿਦਘਨ ਦੇਵ ਜੀ ਜੰਮੂ ਵਾਲੇ ਹਨ. ਇਹ ਤੇ ਏਹਨਾਂ ਦੀ ਸ਼ਿਸ਼ਜਾ ਪੰਡਿਤਾ ਜੀਵਨ ਮੁਕਤਾ ਓਦੋਂ ਗੁਰੂ ਘਰ ਦੇ ਉੱਘੇ ਤੇ ਚੰਗੇ ਵਿਦ੍ਵਾਨ ਪ੍ਰਚਾਰਕਾਂ ਵਿੱਚੋਂ ਗਿਣੇ ਜਾਂਦੇ ਸਨ, ਅਰ ਧੰਨ-ਪੋਠੋਹਾਰ ਦੇ ਇਲਾਕਿਆਂ ਵਿੱਚ ਏਹਨਾਂ ਨੇ ਗੁਰ ਸਿੱਖੀ ਦਾ ਕਾਫ਼ੀ ਪ੍ਰਚਾਰ ਕੀਤਾ ਹੈ. ਇਹ ਸੁਖਮਨੀ ਸਾਹਿਬ ਦੇ ਪਾਠ ਦੀ ਅਪਾਰ ਮਹਿਮਾ ਦਸਦੇ ਸਨ ਤੇ ਕਹਿੰਦੇ ਹੁੰਦੇ ਸਨ ਕਿ ਇਹ ਬਾਣੀ ਸੰਪੂਰਨ ਬ੍ਰਹਮ ਗਿਆਨ ਦੀ ਨਿਧੀ ਹੈ. ਜੋ ਵਾਕਿਆ ਮੈਂ ਉੱਪਰ ਸਕੂਲ ਹਾਲ ਵਿੱਚ ਵਿਆਖਿਆ ਕਰਨ ਦਾ ਦਸਿਆ ਹੈ, ਉਸ ਤੋਂ ਕੁੱਝ ਹੀ ਦਿਨ ਪਹਿਲਾਂ ਉਹਨਾਂ ਮੇਰਾ

Sri Satguru Jagjit Singh Ji eLibrary NamdhariElibrary@gmail.com

ਧਿਆਨ ਸੁਖਮਨੀ ਸਾਹਿਬ ਦੀ ਆਦਿ ਤੇ ਅੰਤਿਮ ਅਸ਼ਟ ਪਦੀ ਦੇ ਏਹਨਾਂ ਵਾਕਾਂ ਵਲ ਦਿਵਾਇਆ--

"ਬੇਦ ਪੁਰਾਨ ਸਿੰਮ੍ਰਿਤਿ ਸੁਧਾਖਜਰ ।
ਕੀਨੇ ਰਾਮ ਨਾਮ ਇਕ ਆਖਜਰ ॥" ੧-੧.
"ਗੁਣ ਗੋਬਿੰਦ ਨਾਮ ਧੁਨਿ ਬਾਣੀ ।
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥" ੨੪-੭.

ਏਹਨਾਂ ਵਾਕਾਂ ਦੀ ਵਿਆਖਿਆ ਸੁਆਮੀ ਜੀ ਕਰ ਹੀ ਰਹੇ ਸਨ ਕਿ ਉੱਥੇ ਸਾਡੇ ਪਿੰਡ (ਬਲਕਸਰ, ਤਹਸੀਲ ਚਕਵਾਲ, ਜ਼ਿਲਾ ਜੇਹਲਮ) ਦੇ ਦੋ ਨੌਜੁਆਨ, ਜਿਨ੍ਹਾਂ ਨੇ ਥੋੜਾ ਹੀ ਚਿਰ ਪਹਿਲਾਂ ਅੰਮ੍ਰਿਤ ਛਕਿਆ ਸੀ, ਪਹੁੰਚ ਗਏ, ਅਰ ਔਂਦਿਆਂ ਹੀ ਝਟ ਸੁਆਮੀ ਜੀ ਦੇ ਨਾਲ ਕੁਰਸੀਆਂ ਤੇ ਬੈਠ ਗਏ. ਵਿਦਿਤ ਹੋਵੇ ਕਿ ਮੈਂ ਤੇ ਕਈ ਹੋਰ ਸੱਜਣ ਜੋ ਉੱਥੇ ਪਹਿਲਾਂ ਬੈਠੇ ਸਾਂ ਚਟਾਈਆਂ ਪਰ ਸਾਂ, ਅਰ ਕੁਰਸੀਆਂ ਸੁਆਮੀ ਜੀ ਦੇ ਕੁੱਝ ਹੋਰ ਸਾਥੀਆਂ ਲਈ ਵਿਛਾਈਆਂ ਗਈਆਂ ਸਨ, ਜਿਨ੍ਹਾਂ ਦੀ ਉਡੀਕ ਹੋ ਰਹੀ ਸੀ. ਏਹਨਾਂ ਨੌਜੁਆਨਾਂ ਦੇ ਨਾਮ ਮਾਨ ਸਿੰਘ ਸਾਹਣੀ ਤੇ ਗੁਪਾਲ ਸਿੰਘ ਸੇਠੀ ਸਨ, ਅਰ ਦੋਵੇਂ ਹੀ ਬੜੇ ਸੱਜਨ ਪੁਰਸ਼ ਸਨ, ਪਰ ਅਤਿ ਜੋਸ਼ੀਲੇ ਤੇ ਝਗੜਾਲੂ ਸਨ, ਅਰ ਭਗਵੇ ਪੋਸ਼ ਸਾਧਾਂ ਦੇ ਤਾਂ ਨਾਗੁਫ਼ਤਾ ਹਦ ਤਕ ਵਿਰੋਧੀ ਸਨ, ਭਾਵੇਂ ਉਹ ਸਕੇਸ਼ ਹੋਵਨ ਤੇ ਭਾਵੇਂ ਮੁੰਡਿਤ. ਸੋ ਏਹਨਾਂ ਨੂੰ ਵੇਖਦਿਆਂ ਹੀ ਸੁਆਮੀ ਜੀ ਪਹਿਲਾਂ ਤਾਂ ਬੋਲਣ ਤੋਂ ਕੁੱਝ ਝਿਝਕੇ ਪਰ ਮਗਰੋਂ ਛੇਤੀ ਹੀ ਉਪੂਕਤ ਵਾਕਾਂ ਦੀ ਵਿਆਖਿਆ ਕਰਨ ਵਿੱਚ ਮਸਰੂਫ਼ ਹੋ ਗਏ. ਅਜੇ ਮੱਸਾਂ ਤਿੰਨ ਚਾਰ ਮਿੰਟ ਹੀ ਬੋਲੇ ਹੋਨਗੇ ਕਿ ਮਾਨ ਸਿੰਘ ਤੇ ਗੁਪਾਲ ਸਿੰਘ ਦੋਵੇਂ ਹੀ ਉਹਨਾਂ ਵਿਚਾਰਿਆਂ ਨੂੰ ਭਬਕ ਕੇ ਪੈ ਗਏ ਤੇ ਗਰਜ ਗਰਜ ਕੇ ਕਹਿਣ ਲੱਗੇ : "ਓਏ,..... ਰੀਗਿਆ, ਇਹ ਅਰਥ ਤੈਨੂੰ ਕੇਹੜੇ.....ਨੇ ਸਿਖਾਏ ਹਨ ! ਸਾਡੇ ਗੁਰੂ ਸਾਹਿਬ ਵੇਦ-ਭਗਤ ਨਹੀਂ ਸਨ, ਨਹੀਂ ਸਨ !" ਸੁਆਮੀ ਜੀ ਨੇ ਹਾਲੇ ਕੇਵਲ ਇਤਨਾ ਹੀ ਕਿਹਾ ਸੀ ਕਿ "ਚਾਰ ਵੇਦ, ਅਠਾਰਾਂ ਪੁਰਾਨ, ਤੇਤੀ ਸਿਮ੍ਰਿਤੀਆਂ ਤੇ ਓਅੰਕਾਰ, ਜੋ ਸ਼ੁੱਧ-ਅਕਸ਼ਰ ਹੈ, ਇਹ ਸਭ ਇੱਕ ਅਕਸ਼ਰ, ਅਵਿਨਾਸ਼ੀ, ਰਾਮ ਦੇ ਨਾਮ ਨੇ ਹੀ ਨਿਰਮਾਣ ਕੀਤੇ ਹਨ." ਸੋ ਉਹ ਸਿੰਘ ਨੌਜੁਆਨਾਂ ਦੀ ਗਰਜ ਸੁਣ ਸੁਣ ਕੇ ਬੇ ਚੈਨ ਜਏ ਹੋਣ ਲਗ ਪਏ, ਤੇ ਭਾਵੇਂ ਕਾਫ਼ੀ ਰਿਸ਼ਟ ਪੁਸ਼ਟ ਤੇ ਕਦ ਆਵਰ ਸਨ, ਤਾਂ ਵੀ ਅਤਯੰਤ ਸ਼ਿਸ਼ਟਾਚਾਰੀ ਹੋਣ ਦੇ ਕਾਰਣ ਡਰ ਗਏ ਕਿ ਫ਼ਸਾਦ ਨ ਹੋ ਜਾਏ ! ਸੋ ਮੇਰੇ ਵਲ ਇਸ਼ਾਰਾ ਕੀਤਿਓ ਨੇ ਕਿ "ਅੱਸੀਂ ਜਾਂਦੇ ਹਾਂ" ਮੈਂ ਹਥ ਜੋੜੇ ਕਿ "ਨਹੀਂ !" ਖ਼ੈਰ, ਸੁਆਮੀ ਜੀ ਨੇ ਕਿਹਾ

Sri Satguru Jagjit Singh Ji eLibrary NamdhariElibrary@gmail.com

ਕਿ ਸਿੰਘ ਜੀ, ਤੁੱਸੀ ਹੀ ਦੱਸੋ ਕਿ ਤੁੱਸੀ ਏਹਨਾਂ ਤੁਕਾਂ ਦੇ ਕੀ ਅਰਥ ਕਰਦੇ ਹੋ ? ਤਾਂ, ਗੁਪਾਲ ਸਿੰਘ ਬੋਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਥਾਂ 'ਵੇਦ' ਯਾ 'ਬੇਦ' ਦਾ ਅਰਥ 'ਗਿਆਨ' ਹੈ; 'ਪੁਰਾਨ' ਦਾ ਅਰਥ 'ਪੁਰਾਣਾ' ਯਾ 'ਪੁਰਾਤਨ' ਹੈ; 'ਸਿਮ੍ਰਿਤੀ' ਦਾ ਅਰਥ 'ਹਾਫ਼ਜ਼ਾ' ਹੈ, ਤੇ ਸਾਰੀ ਤੁਕ ਦੇ ਸਮੂਚੇ ਅਰਥ ਇਉਂ ਹਨ ਕਿ "ਪੁਰਾਤਨ (ਯਾਨੇ eternal ਯਾ ਸਨਾਤਨ ਗਿਆਨ) ਜੋ ਸਤਿਗੁਰਾਂ ਦੇ ਹਾਫ਼ਜ਼ੇ (ਯਾ ਹਿਰਦੇ) ਵਿੱਚ ਹੈ, ਉਹ ਸ਼ੁੱਧ ਤੇ ਅਕ੍ਸ਼ਰ ਹੈ, ਤੇ ਉਸ ਨੂੰ ਕੇਵਲ ਰਾਮ ਦੇ ਇੱਕ ਅਕਸ਼ਰ, ਅਵਿਨਾਸ਼ੀ, ਨਾਮ ਨੇ ਹੀ ਰਚਿਆ ਹੈ." ਤਾਂ ਸੁਆਮੀ ਜੀ ਨੇ ਕਿਹਾ ਕਿ "ਦੂਜੀ ਤੁਕ ਵਿਚ ਜੋ 'ਸ਼ਾਸਤ੍ਰ' ਪਦ ਆਇਆ ਹੈ, ਉਸ ਦਾ ਕੀ ਅਰਥ ਹੈ ?" ਇਸ ਦਾ ਉੱਤਰ ਮਾਨ ਸਿੰਘ ਨੇ ਬੜੀ ਤੇਜ਼ੀ ਨਾਲ ਦਿੱਤਾ ਕਿ "ਸ਼ਾਸਤ੍ਰ ਦਾ ਅਰਥ ਸ਼ਸਤ੍ਰ ਹੈ, ਤੇ "ਸ਼ੱਸ਼ੇ" ਦੇ ਨਾਲ "ਕੰਨਾ" ਕੇਵਲ ਕਵਿਤਾ ਦੀ ਵਿਚਾਰ ਦ੍ਰਿਸ਼ਟੀ ਤੋਂ ਲਾਇਆ ਹੈ, ਜਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਵੀ ਅਨੇਕਾਂ ਥਾਵਾਂ ਪਰ ਜਿੱਥੇ "ਮੁਕਤਾ" ਚਾਹੀਦਾ ਸੀ ਉੱਥੇ "ਕੰਨਾ" ਪਿਆ ਹੈ, ਮਸਲਨ "ਪਰ ਬ੍ਰਹਮ" ਦੀ ਥਾਂ "ਪਾਰ ਬ੍ਰਹਮ", "ਕਲ" ਦੀ ਥਾਂ "ਕਾਲ" ਤੇ "ਚਲ" ਦੀ ਥਾਂ "ਚਾਲ" ਵੇਖਦੇ ਹਾਂ." ਗੁਰਬਾਣੀ ਦੇ ਅਰਥਾਂ ਦੀ ਇਹ ਚਮਤਕਾਰੀ ਨਿਰਾਦਰੀ ਵੇਖ ਕੇ ਦਕਸ਼ ਵਕਤਾ ਚਿਦਘਨ ਦੇਵ ਜੀ (ਉਦਾਸੀ) ਹੋਰ ਵਧੀਕ ਚਿਰ ਆਪਣੇ ਧੀਰਜ ਨੂੰ ਕਾਇਮ ਨ ਰਖ ਸਕੇ ਅਰ ਤਤਕਾਲ ਉਠ ਕੇ ਨਿਹਾਇਤ ਤੇਜ਼ ਰਫ਼ਤਾਰੀ ਨਾਲ ਸਾਡੇ ਮਕਾਨ ਤੋਂ ਬਾਹਰ ਨਿਕਲ ਗਏ. ਮੈਂ ਪਿੱਛੇ ਨੱਠਾ ਪਰ ਮੈਨੂੰ ਗੁਪਾਲ ਸਿੰਘ ਨੇ ਫੜ ਲਿਆ, ਅਰ ਉਹਨਾਂ ਦੇ ਮਗਰ ਨ ਜਾਣ ਦਿੱਤਾ. ਖ਼ੁਸ਼ ਕਿਸਮਤੀ ਨੂੰ ਕਿਤੇ ਰਸਤੇ ਵਿੱਚ ਮੇਰੇ ਪਿਤਾ ਜੀ ਨਾਲ ਮੇਲ ਹੋ ਗਿਆ ਤੇ ਉਹ ਉਹਨਾਂ ਨੂੰ ਮੋੜ ਕੇ ਮੁੜ ਘਰ ਲੈ ਆਏ. ਗੁਪਾਲ ਸਿੰਘ ਤਾਂ ਮੇਰੇ ਪਿਤਾ ਜੀ ਨੂੰ ਵੇਖਦਿਆਂ ਹੀ ਦੌੜ ਗਿਆ ਤੇ ਮਾਨ ਸਿੰਘ ਵੀ ਮਗਰੋਂ ਬਹੁਤਾ ਚਿਰ ਨ ਠਹਿਰਿਆ. ਉਸ ਦਾ ਖ਼ਿਆਲ ਸੀ ਕਿ ਉਸ ਦਾ ਸਾਥੀ ਬਾਹਰ ਉਡੀਕ ਕਰ ਰਿਹਾ ਹੋਵੇਗਾ.

ਹੁਣ ਇਉਂ ਪ੍ਰਤੀਤ ਹੋਇਆ ਜਿਵੇਂ ਕਿਤੇ ਅਚਣਚੇਤ ਹਨੇਰੀ ਹਟਣ ਮਗਰੋਂ ਲੋਕੀ ਹੌਲੀ ਹੌਲੀ ਮੂੰਹ ਸਿਰ ਪੂੰਝਦੇ ਹੋਏ ਤੇ ਕਪੜੇ ਝਾੜਦੇ ਹੋਏ ਮੁੜ ਚੈਨ ਦਾ ਸਾਹ ਲੈਂਦੇ ਹਨ ਤੇ ਧੀਰਜ ਨਾਲ ਆਪਣੇ ਆਹਰੇ ਲਗਦੇ ਹਨ. ਪਿਤਾ ਜੀ ਨੇ ਜਦ ਮਾਜਰਾ ਸੁਣਿਆ ਤਾਂ ਸਾਰਾ ਦੋਸ਼ ਗੁਪਾਲ ਸਿੰਘ ਦੇ ਸਿਰ ਥਪਿਆ ਤੇ ਕਹਿਣ ਲੱਗੇ, "ਮਾਨ ਸਿੰਘ ਦਾ ਕੋਈ ਕਸੂਰ ਨਹੀਂ, ਇਹ ਹੁੱਜਤਾਂ 'ਪਾਲੇ' ਨੂੰ ਹੀ ਸੁਝਦੀਆਂ ਹਨ."

Sri Satguru Jagjit Singh Ji eLibrary NamdhariElibrary@gmail.com

(੫) ਇਸ ਤੋਂ ਉਪਰੰਤ ਸੁਆਮੀ ਜੀ ਤੁਰਤ ਆਪਣੇ ਕਮਰੇ ਵਲ ਚਲੇ ਗਏ ਜਿੱਥੇ ਕਿ ਉਹ ਸਾਡੇ ਘਰ ਉਤਰੇ ਹੋਏ ਸਨ ਪਰ ਉਠਦਿਆਂ ਹੀ ਚਲਦਿਆਂ ਚਲਦਿਆਂ ਮੈਨੂੰ ਸੰਬੋਧਨ ਕਰਕੇ ਕੁੱਝ ਹੌਲੀ ਤੇ ਹਿੱਸੀ ਹੋਈ ਅਵਾਜ਼ ਵਿੱਚ ਇਉਂ ਕਹਿੰਦੇ ਹੋਏ ਸੁਣੇ ਗਏ! "ਹਿੰਦੂਆਂ ਵਿੱਚ ਦੁਬਿਧਾ ਦੀ ਅਤਯੰਤ ਕਸ਼ਟ ਮਈ ਹਨੇਰੀ ਝੁੱਲਣ ਵਾਲੀ ਹੈ. ਸਿੱਖਾਂ ਨੂੰ ਹਿੰਦੂਆਂ ਤੋਂ ਜੁਦਾ ਕਰਨ ਵਾਲੇ ਐਸੇ ਪ੍ਰਬਲ ਕਾਰਣ ਪੈਦਾ ਹੋ ਰਹੇ ਹਨ ਕਿ ਉਹਨਾਂ ਨੂੰ ਰੋਕਣਾ ਦੁਸ਼ਵਾਰ ਹੀ ਨਹੀਂ ਸਗੋਂ ਅਸੰਭਵ ਹੈ. ਵੱਡਾ ਖ਼ਤਰਾ ਇਹ ਹੈ ਕਿ ਇਸ ਹਨੇਰੀ ਵਿੱਚ ਵਿਦਾਨਾਂ ਦੀਆਂ ਵਿਦਜਕ ਅੱਖਾਂ ਵਿੱਚ ਸ੍ਵਾਰਥ ਦਾ ਘੱਟਾ ਪੈਣਾ ਹੈ ਤੇ ਉਹਨਾਂ ਨੇ ਮਹਾਂ ਪੁਰਖਾਂ ਦੀ ਬਾਣੀ ਦੇ ਅਰਥ ਨਹੀਂ ਕਰਨੇ, ਅਨਰਥ ਕਰਨੇ ਹਨ." "ਬੇਟਾ ਅਨੰਤ, ਤੁਮ ਸੇਠੀ ਨਹੀਂ ਸ਼੍ਰੇਸ਼ਠੀ ਹੋ, ਔਰ ਧਰਮ ਸ੍ਵਯੰ ਕੇ ਪੁਤ੍ਰ ਹੋ. ਦੇਖੋ, ਪਰਮਾਰਥ ਮੇਂ ਸ੍ਵਾਰਥ ਕੀ ਕਾਲਕ ਸੇ ਕਲੰਕਿਤ ਮਤ ਹੋਨਾ, ਔਰ ਹੰਸ ਕੀ ਮਾਨਿੰਦ ਦੂਧ ਕੋ ਸਦਾ ਪਾਨੀ ਸੇ ਅਲਗ ਕਰਤੇ ਰਹਿਨਾ, ਔਰ ਮੋਤੀ ਚੁਗਨਾ." ਮੇਰੇ ਨੇਤ੍ਰ ਇਹ ਸ਼ਬਦ ਲਿਖਦਿਆਂ ਹੋਇਆਂ ਅਤਯੰਤ ਸਜਲ ਹੋ ਰਹੇ ਹਨ ਅਰ ਮੈਂ ਸੱਚ ਮੁੱਚ ਤੇਰ੍ਹਾਂ ਵਰ੍ਹਿਆਂ ਦੇ ਬੱਚੇ ਵਾਂਗ ਹੀ, ਉਹ ਦ੍ਰਿਸ਼ਜ ਚੇਤੇ ਕਰ ਕਰ ਕੇ, ਡੁਸਕ ਰਿਹਾ ਹਾਂ. ਬਸ, ਇਸ ਪੁਸਤਕ ਦਾ ਬੀਜ ਉੱਥੇ ਹੀ, ਉਸੇ ਦਿਨ ਤੇ ਉਸੇ ਛਿਨ, ਮੇਰੇ ਹਿਰਦੇ ਵਿੱਚ ਸ੍ਵਾਮੀ ਚਿਦਘਨ ਦੇਵ ਦੇ ਉਪ੍ਰੋਕਤ ਸ਼ਬਦਾਂ ਦੁਆਰਾ ਐਸਾ ਡੂੰਘਾ ਬੀਜਿਆ ਗਿਆ ਕਿ ਬਾਦ ਦੀਆਂ ਅਣਗਿਣਤ ਗਰਮ ਸਰਦ ਹਨੇਰੀਆਂ ਤੇ ਹੜ ਇਸ ਨੂੰ ਸਾੜ-ਸੁਕਾ, ਯਾ ਉਡਾ-ਵਹਾ ਨ ਸਕੇ, ਰੁੜੀਆਂ ਦੇ ਢੇਰ ਇਸ ਨੂੰ ਲੁਕਾ-ਦਬਾ ਨ ਸਕੇ, ਅੰਦਰੂਨੀ ਕੀੜੇ ਮਕੌੜੇ ਇਸ ਨੂੰ ਮਾਰ-ਮੁਕਾ ਨ ਸਕੇ, ਅਰ ਬਿਅਰਥ ਬੈਰੂਨੀ ਘਾਸ-ਫੂਸ ਦੇ ਤੋਦੇ ਇਸ ਨੂੰ ਉੱਗਣ ਤੇ ਵਧਣ-ਫੁੱਲਣ ਤੋਂ ਉੱਕਾ ਹੀ ਰੋਕ ਰੁਕਾ ਨ ਸਕੇ. ਮੈਨੂੰ ਅਜ ਠੀਕ ਸੱਠ ਵਰ੍ਹਿਆਂ ਬਾਦ ਵੀ ਇਉਂ ਪ੍ਰਤੀਤ ਹੁੰਦਾ ਹੈ ਕਿ ਸੁਆਮੀ ਚਿਦਘਨ ਦੇਵ ਜੀ ਸਾਡੇ ਅੱਗੇ ਅੱਗੇ ਤੁਰੇ ਜਾਂਦੇ ਹਨ ਤੇ ਮੈਂ ਅਰ ਮੇਰੇ ਪਿਤਾ, ਹੋਰ ਕਈ ਸੱਜਣਾਂ ਸਹਿਤ, ਉਹਨਾਂ ਦੇ ਮਗਰ ਮਗਰ ਤੁਰੇ ਜਾਂਦੇ ਹਾਂ ਤੇ ਉਹਨਾਂ ਦੇ ਬਚਨ ਸੁਣ ਸੁਣ ਕੇ ਹੈਰਾਨ ਹੋ ਰਹੇ ਹਾਂ. ਨਿਰਸੰਦੇਹ ਅਰਥ ਦੁੱਧ ਹੈ, ਤੇ ਅਨਰਥ ਪਾਣੀ! ਨਿਰਸੰਦੇਹ ਦੁੱਧ ਵਿੱਚ ਪਾਣੀ ਰਲਾਣਾ, ਤੇ ਮਿਸ਼੍ਰਣ ਨੂੰ ਜਾਣ ਬੁੱਝ ਕੇ ਸ਼ੁੱਧ ਦੁੱਧ ਕਹਿਣਾ, ਇਸ ਤੋਂ ਵੱਡਾ ਹੋਰ ਕੇਹੜਾ ਪਾਪ ਹੋ ਸਕਦਾ ਹੈ? ਇਹ ਘਟਨਾ ਜਨਵਰੀ ਸਨ ੧੯੦੨ ਦੀ ਹੈ ਤੇ ਸ਼ਤ ਪ੍ਰਤੀ ਸ਼ਤ (ਸੌ ਫ਼ੀ ਸਦੀ) ਇਤਿਹਾਸਿਕ ਹੈ. ਦ੍ਰਿਸ਼ਜ (scene) ਬਾਬੂ ਦੇਵਾ ਸਿੰਘ ਸਾਹਣੀ ਤਥਾ ਮੁਨਸ਼ੀ ਧਰਮ ਸਿੰਘ ਸੇਠੀ (ਮੇਰੇ ਪਿਤਾ) ਦੀ ਸਾਂਝੀ ਸਰਾਂ ਵਾਲੇ ਮਕਾਨ ਦਾ ਹੈ, ਜੋ ਤੇਲੀ ਮਹੱਲਾ ਸ਼ਹਿਰ ਰਾਵਲ ਪਿੰਡੀ ਵਿੱਚ ਸੀ. ਇਸੇ ਸਾਲ ਦੀ

Sri Satguru Jagjit Singh Ji eLibrary NamdhariElibrary@gmail.com

ਜੁਲਾਈ ਵਿੱਚ, ਮੇਰੇ ਪਿਤਾ ਜੀ ਦੇ ਸਾਂਝੀਵਾਲ, ਬਾਬੂ ਦੇਵਾ ਸਿੰਘ ਜੀ ਸਾਹਣੀ, ਬਲਕਸਰੀ, ਦੇ ਪੁਤ੍ਰ ਹਰਨਾਮ ਸਿੰਘ ਜੀ ਖ਼ਾਲਸਾ ਕਾਲਜ, ਅੰਮ੍ਰਿਤਸਰ, ਤੋਂ ਗਰਮੀਆਂ ਦੀਆਂ ਛੁਟੀਆਂ ਵਿੱਚ ਰਾਵਲ ਪਿੰਡੀ ਗਏ. ਉਹ ਤੇ ਮੈਂ ਇੱਕ ਵੇਰ ਸਦਰ ਤੋਂ ਸ਼ਹਿਰ ਜਾ ਰਹੇ ਸਾਂ ਤੇ ਮੈਂ ਉਹਨਾਂ ਤੋਂ ਖ਼ਾਲਸਾ ਕਾਲਜ ਦੇ ਸੰਬੰਧ ਵਿੱਚ ਪੁੱਛ ਗਿੱਛ ਕਰ ਰਿਹਾ ਸਾਂ ਕਿ ਮੈਨੂੰ ਉਹਨਾਂ ਦੀਆਂ ਗੱਲਾਂ ਤੋਂ ਕੁੱਝ ਅਜੀਬ ਜਿਹਾ ਸ਼ਕ ਪਿਆ, ਤੇ ਮਾਨ ਸਿੰਘ-ਗੁਪਾਲ ਸਿੰਘ ਦਾ ਬ੍ਰਿਤਾਂਤ ਯਾਦ ਆ ਗਿਆ, ਅਰ ਮੈਂ ਉਹਨਾਂ ਤੋਂ ਤ੍ਰਬਕ ਕੇ (ਵਿਕਸ਼ਿਪ੍ਤ ਚਿੱਤ ਨਾਲ) ਪੁਛਿਆ, "ਹਰਨਾਮ ਸਿੰਘ ਜੀ, ਤੁੱਸੀ ਵੇਦਾਂ ਨੂੰ ਨਹੀਂ ਮੰਨਦੇ ?" ਉਹਨਾਂ ਨੇ ਉੱਤਰ ਦਿੱਤਾ, "ਨਹੀਂ !" ਭਲਾ, ਮੈਨੂੰ ਕੀ ਪਤਾ ਸੀ ਕਿ "ਮੰਨਣਾ" ਕਿਸ ਨੂੰ ਆਖਦੇ ਹਨ ਤੇ ਉਹਨਾਂ ਨੂੰ ਕੀ ਪਤਾ ਸੀ ਕਿ "ਨ ਮੰਨਣਾ" ਕਿਸ ਨੂੰ ਆਖਦੇ ਹਨ. ਪਰ ਮੈਨੂੰ ਇਹ ਤਿੱਖੇ ਮੋੜਾਂ ਪਰ ਠੇਡੇ ਖਵਾਣ ਵਾਲੇ ਹਾਦਸੇ ਜਿਉਂ ਕੇ ਤਿਉਂ ਯਾਦ ਹਨ. ਮੈਨੂੰ ਆਪਣਾ ਨਾਮ ਭਾਵੇਂ ਭੁਲ ਜਾਏ ਤਾਂ ਭੁਲ ਜਾਏ, ਪਰ ਇਹ ਹਾਦਸੇ ਇਸ ਜੀਵਨ ਵਿੱਚ ਭੁਲਨੇ ਸੰਭਵ ਨਹੀਂ, ਅਰ ਮੈਂ ਏਹਨਾਂ ਨੂੰ ਇਸ ਪਰਮ ਗੰਭੀਰ ਵਿਚਾਰ ਸਾਗਰ ਦੇ ਮੁੱਖਬੰਧ ਵਿੱਚ ਕੇਵਲ ਇਸ ਲਈ ਦਰਜ ਕਰ ਰਿਹਾ ਹਾਂ ਕਿ ਪਾਠਕ ਨੂੰ ਠੀਕ ਠੀਕ ਪਤਾ ਲਗ ਜਾਏ ਜੁ ਮੇਰੇ ਕਲਹ-ਰਹਿਤ ਦੇਹੁਰੇ ਦੇ ਚਮਕੀਲੇ ਕਲਸ ਉੱਤੇ, ਹਿੰਦੂ-ਸਿੱਖ ਏਕਤਾ ਦਾ ਵਿਨਾਹ ਕਰਨ ਵਾਲੀ ਚੰਚਲਾ, ਕਦੋਂ ਤੇ ਕਿਵੇਂ ਡਿੱਗੀ. ਮੈਨੂੰ ਏਹਨਾਂ ਹਾਦਸਿਆਂ ਤੋਂ ਪਹਿਲਾਂ, ਦੋਹਾਂ ਆਰਯ ਸਕੂਲਾਂ ਵਿੱਚ, ਬਾਵਜੂਦ ਸੈਂਕੜੇ ਕਥਾ ਵਿਆਖਿਆਨ ਆਦਿਕ ਸੁਣਨ ਦੇ, ਇਹ ਪਤਾ ਨ ਲੱਗਾ ਕਿ ਸਿੱਖ ਹਿੰਦੂ ਨਹੀਂ ਤੇ ਹਿੰਦੂ ਸਿੱਖ ਨਹੀਂ; ਕਿ ਸਿੱਖ ਵੇਦਿਕ ਸਚਾਈ ਤੋਂ ਮੁਨਕਰ ਹਨ ਤੇ ਆਰਯ ਸਮਾਜੀ ਗੁਰਬਾਣੀ ਦੀ ਸਚਾਈ ਤੋਂ ਮੁਨਕਰ ਹਨ. ਪਰ ਮੈਨੂੰ ਸ਼ਕ ਵੀ ਇਹ ਕਿਸ ਤਰ੍ਹਾਂ ਪੈਂਦਾ ? ਜ਼ਰਾ ਉਸ ਜ਼ਮਾਨੇ ਦੀ ਛਪੀ ਹੋਈ "ਆਰਯ ਸੰਗੀਤ ਪੁਸ਼ਪਾਵਲੀ" ਲੱਭੋ. ਉਸ ਵਿੱਚ ਅੰਜੀਲ ਯਾ ਕੁਰਾਨ ਦੀ ਇੱਕ ਵੀ ਆਯਤ ਨ ਦਿੱਸੇਗੀ; ਉਸ ਵਿੱਚ ਜੈਨ ਯਾ ਬੌਧ ਗ੍ਰੰਥਾਂ ਦਾ ਇੱਕ ਵੀ ਸੂਤ੍ਰ ਦ੍ਰਿਸ਼ਟੀ ਨ ਪਵੇਗਾ; ਉਸ ਵਿੱਚ ਈਰਾਨ, ਮਿਸ੍ਰ, ਯੂਨਾਨ ਤੇ ਚੀਨ, ਜਾਪਾਨ ਦੇ ਮਹਾਨੁਭਾਵਾਂ ਦੀਆਂ ਅਦਭੁਤ ਰਚਨਾਵਾਂ ਦੀ ਇੱਕ ਸਤਰ ਵੀ ਨਜ਼ਰ ਨ ਆਵੇਗੀ, ਪਰ ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿੰਨੇ ਹੀ ਸ਼ਬਦ ਵਿਦਜਮਾਨ ਪਾਓਗੇ. ਜੇ ਉਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਦਾ "ਤੂ ਦਰੀਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤੁ ਲਹਾ," ਅਰ ਨਾਵੇਂ ਸਤਿਗੁਰਾਂ ਦਾ "ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ," ਸ਼ਬਦ ਨ ਹੋਵੇ ਤਾਂ ਮੇਰੇ ਪੁਰ ਜੋ ਵੀ ਦੰਡ ਲਾਇਆ ਜਾਏ ਮੈਂ ਭਰਨ ਨੂੰ ਤਿਆਰ ਹਾਂ. ਮੈਨੂੰ ਏਹਨਾਂ

Sri Satguru Jagjit Singh Ji eLibrary NamdhariElibrary@gmail.com

ਸ਼ਬਦਾਂ ਦਾ ਪਹਿਲਾਂ ਪਹਿਲ ਗਿਆਨ ਹੀ "ਆਰਯ ਸੰਗੀਤ ਪੁਸ਼ਪਾਵਲੀ" ਤੋਂ ਹੋਇਆ ਹੈ. ਸਾਡੇ ਸਕੂਲ ਦੇ ਪੰਡਿਤ ਜੀ ਇੱਕ ਵੇਰ ਜਮਾਤ ਵਿੱਚ ਦਸ ਰਹੇ ਸਨ ਕਿ ਮਹਾਂ ਪੁਰਖਾਂ ਦੀ ਰਚਨਾ ਦਾ ਇੱਕ ਵਾਕ ਵੀ ਐਨਾ ਜ਼ਿਆਦਾ ਗੌਰਵਤਾ ਪੂਰਿਤ ਹੁੰਦਾ ਹੈ ਕਿ ਉਸ ਦੇ ਮੁਕਾਬਲੇ ਵਿੱਚ ਸਾਧਾਰਣ ਮਨੁੱਖਾਂ ਦੀਆਂ ਲੰਮੀਆਂ ਚੌੜੀਆਂ ਤਕਰੀਰਾਂ ਵੀ ਨਹੀਂ ਹੁੰਦੀਆਂ. ਚੁਨਾਂਚਿ ਇਸ ਪਰਥਾਇ ਉਹਨਾਂ ਨੇ ਕਿਹਾ, "ਦੇਖੋ ਬੱਚੋ, ਹਮ ਪਰ ਵਿਦ੍ਵਾਨੋਂ ਕੇ ਵਿਆਖਿਆਨ ਸੁਨਨੇ ਸੇ ਔਰ ਕਵੀਓਂ ਕੇ ਮਹਾ ਕਾਵਜ ਸੁਨਨੇ ਸੇ ਪ੍ਰਭਾਵ ਤੋ ਜ਼ਰੂਰ ਪੜਤਾ ਹੈ ਪਰੰਤੂ ਵੁਹ ਕਸ਼ਣ (ਛਿਨ) ਮਾਤ੍ਰਿਕ ਹੋਤਾ ਹੈ; ਇਸ ਕੇ ਉਲਟ ਜੋ ਪ੍ਰਭਾਵ ਕਿਸੀ ਕੇ ਇਤਨਾ ਮਾਤ੍ਰ ਕਹਿਨੇ ਸੇ ਪੜਤਾ ਹੈ, "ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨੁ ਨਾਹੀ ਛੁਟਕਾਰਾ ॥ (ਗਉ : ਮ : ੫ ॥ ਪੰਨਾ ੧੮੮) ਉਸਕਾ ਵਰਣਨ ਕਥਨ ਸੇ ਬਾਹਿਰ ਹੈ." ਕੀ ਪੰਡਿਤ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਨੂੰ ਇਹ ਸ਼ ਧਾਂਜਲੀ ਵੇਦ ਵਿਰੋਧੀ ਸਮਝ ਕੇ ਭੇਟ ਕੀਤੀ ਸੀ ? ਯਾ ਸਿੱਖਾਂ ਨੂੰ ਹਿੰਦੂ ਵਜੂਦ ਦਾ ਕੋਈ ਘਟੀਆ ਅਥਵਾ ਅਦਨਾ ਅੰਗ ਸਮਝਿਆ ਸੀ ?

(੬) ਉਸੇ ਜ਼ਮਾਨੇ (੧੯੦੦-੨) ਵਿੱਚ ਮਹਾਤਮਾ ਹੰਸ ਰਾਜ ਜੀ ਦੇ ਵੱਡੇ ਭ੍ਰਾਤਾ ਲਾਲਾ ਮੁਲਖ ਰਾਜ ਜੀ ਭੱਲਾ ਨੇ ਇੱਕ ਸੋਲ੍ਹਾਂ ਸਫ਼ਿਆਂ ਦੀ ਸੈਂਚੀ ਉਰਦੂ ਵਿੱਚ ਛਪਵਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਮੁਫ਼ਤ ਵੰਡਵਾਈ ਸੀ. ਇਸ ਵਿੱਚ ਇੱਕ ਅਤਯੰਤ ਮਨੋਹਰ, ਵੈਰਾਗ ਮਈ ਤੇ ਰਸੀਲੀ, ਗੁਰ ਚਰਨਾਂ ਨਾਲ ਜੋੜਨ ਵਾਲੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਿੱਲੀ ਸੀਸ ਦੇਣ ਸੰਬੰਧੀ, ਅਤਿ ਸੁਰੀਲੀ ਕਵਿਤਾ ਸੀ, ਜੋ ਉਹਨਾਂ ਦਿਨਾਂ ਵਿੱਚ ਅਨੇਕਾਂ ਹੀ ਹਿੰਦੂ ਤੇ ਸਿੱਖਾਂ ਦੀ ਜ਼ਬਾਨ ਤੋਂ ਅਕਸਰ ਸੁਣਨ ਵਿੱਚ ਔਂਦੀ ਸੀ. ਇਸ ਵਿੱਚ ਜੋ ਮਿਸਰਾ ਬਾਰ ਬਾਰ ਔਂਦਾ ਸੀ, ਇਹ ਸੀ : "ਧਰਮ ਹੇਤ ਗੁਰੂ ਤੇਗ਼ ਬਹਾਦਰ ਜਾ ਦਿੱਲੀ ਮੇਂ ਸੀਸ ਦੀਆ," ਇਸੇ ਸੈਂਚੀ ਦੇ ਅੰਤਿਮ ਸਫ਼ੇ ਪਰ, "ਹਕੀਕਤ ਰਾਇ ਧਰਮੀ" ਦੇ ਸ਼ੀਸ਼ਕ ਹੇਠ, ਇੱਕ ਦਸ ਯਾ ਬਾਰਾਂ ਮਿਸਰਿਆਂ ਦੀ ਹੋਰ ਕਵਿਤਾ ਵੀ ਸੀ, ਜਿਸ ਦੇ ਕੁੱਝ ਮਿਸਰੇ ਇਹ ਸਨ :

"ਮੁਸਲਮਾਂ ਹੋਨੇ ਕੋ ਐ ਕਿਬਲਾ ਮੈਂ ਤੱਯਾਰ ਨਹੀਂ,
ਆਪ ਕੀ ਨਜ਼ਰ ਹੈ ਯਹ ਸਰ, ਜ਼ਰਾ ਇਨਕਾਰ ਨਹੀਂ !
ਸ਼ਰਮ ਹੋਤੀ ਜੋ ਕਿਸੀ ਪਾਪ ਕੇ ਬਦਲੇ ਮਰਤਾ,
ਧਰਮ ਕੇ ਵਾਸਤੇ ਜਾਂ ਦੇਨੇ ਮੇਂ ਕੁਛ ਆਰ ਨਹੀਂ !

Sri Satguru Jagjit Singh Ji eLibrary NamdhariElibrary@gmail.com

ਧਰਮ ਔਰ ਜਗਤ ਕੇ ਦੁਖ ਹੋਤੇ ਹੈਂ ਅਕਸਰ ਸਾਥੀ,
ਫੂਲ ਪਾਓਗੇ ਕਹਾਂ ਸਾਥ ਜਹਾਂ ਖ਼ਾਰ ਨਹੀਂ !
ਮਤ ਅਜ਼ਾਬੋਂ ਸੇ ਡਰਾਓ ਮੁਝੇ ਡਰਨਾ ਕਿਆ ਹੈ,
ਦੂਧ ਛਤ੍ਰਾਨੀ ਕਾ ਪੀਨਾ ਯਹਾਂ ਬੇਕਾਰ ਨਹੀਂ !
ਤੁਮ ਜਿਸੇ ਮਾਂਗਤੇ ਹੋ ਦੁਨੀਆ ਕੇ ਸੁਖ ਕੇ ਬਦਲੇ,
* ਮੈਂ ਉਸੇ ਤਿਆਗ ਕੇ ਦੁਨੀਆ ਕਾ ਖ਼ਰੀਦਾਰ ਨਹੀਂ !
ਕਾਟ ਸਕਤੇ ਹੋ ਤੋ ਬਾਹਿਰ ਕਾ ਹਕੀਕਤ ਕਾਟੋ,
ਕਾਟਤੀ ਅਸਲ ਹਕੀਕਤ ਕੋ ਯਹ ਤਲਵਾਰ ਨਹੀਂ !"

ਕੀ ਇਹ ਪਵਿਤ੍ਰ ਸੋਚੀ ਲਾਲਾ ਮੁਲਖ ਰਾਜ ਜੀ ਨੇ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸ੍ਰੀ ਗੁਰੂ ਕਲਗੀ ਧਰ ਜੀ ਨੂੰ, ਯਾ ਸਾਨੂੰ, ਉਹਨਾਂ ਦੇ ਸਿੱਖਾਂ ਨੂੰ, ਆਪਣੇ ਤੋਂ ਕਿਸੇ ਪ੍ਰਕਾਰ ਵੀ ਅੱਡ ਸਮਝ ਕੇ ਪ੍ਰਕਾਸ਼ਿਤ ਕੀਤੀ ਸੀ ?

(੭) ਪਰ ਕਿਉਂ ਆਰਯ ਬਜ਼ੁਰਗਾਂ ਨੇ ਮੈਨੂੰ ਗੁਰਮਤਿ ਤੱਤ ਦੀ ਕਥਾ ਸੁਣਾਣ ਲਈ ਆਪਣੀ ਸਮਾਜ ਦੇ ਸਤਿ ਸੰਗ ਵਿੱਚ, ਜਿਹਾ ਕਿ ਉੱਪਰ ਦਸਿਆ ਹੈ, ਆਗਿਆ ਦਿੱਤੀ ? ਤੇ ਕਿਉਂ ਹੁਣ ਵੀ ਸੰਭਵ ਹੈ ਕਿ ਉਹ ਇਸ ਪ੍ਰਕਾਰ ਦੀ ਆਗਿਆ ਦੇਣ ਵਿੱਚ ਮੁਤਲਿਕ ਸੰਕੋਚ ਨ ਕਰਨ ? ਕੇਵਲ ਇਸ ਲਈ ਕਿ ਉਹ ਗੁਰਮਤਿ ਤੱਤ ਨੂੰ ਕੋਈ ਗ਼ੈਰ ਮਤ ਨਹੀਂ ਮੰਨਦੇ. ਉਹਨਾਂ ਦਾ ਮੇਰੀ ਤਰ੍ਹਾਂ ਵਿਸ਼੍ਵਾਸ ਹੈ ਕਿ ਗੁਰਮਤਿ ਤੱਤ ਤੇ ਵੇਦ ਮਤ ਵਿੱਚ ਭੇਦ ਦਾ ਸਰਵਥਾ ਅਭਾਵ ਹੈ. ਪਰ ਜਿਸ ਗਲ ਵਲ ਅਸਾਂ ਗੁਰਸਿਖਾਂ ਨੇ ਅਜ ਤਕ ਕਦੇ ਵੀ ਧਿਆਨ ਨਹੀਂ ਦਿੱਤਾ ਉਹ ਇਹ ਹੈ ਕਿ ਜਿਨ੍ਹਾਂ ਹਿੰਦੂ ਪ੍ਰੇਮੀਆਂ ਨੂੰ ਅੱਸੀਂ ਸਹਜ ਧਾਰੀ ਸਿੱਖ ਆਖਦੇ ਹਾਂ ਉਹ ਵੇਦ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਰੱਬੀ ਕਲਾਮ ਮੰਨਦੇ ਹਨ ਤੇ ਉਸ ਨੂੰ ਵੀ ਉਤਨਾ ਹੀ, ਜੇ ਜ਼ਿਆਦਾ ਨਹੀਂ, ਮੁਤਬੱਰਕ ਤੇ ਪ੍ਰਸਤਸ਼ ਯੋਗ ਖ਼ਿਆਲ ਕਰਦੇ ਹਨ. ਉਹ ਇਸ ਵਿਸ਼੍ਵਾਸ ਤੇ ਗੁਰਦੁਆਰੇ ਔਂਦੇ ਹਨ ਤੇ ਕੀਮਤੀ ਚੜ੍ਹਾਵੇ ਚੜ੍ਹਾਂਦੇ ਹਨ ਕਿ ਗੁਰਦੁਆਰੇ ਔਣਾ ਤੇ ਗੁਰਦੁਆਰਿਆਂ ਦੀ ਸ਼ਾਨ ਨੂੰ ਵਧਾਣਾ ਵੇਦ ਵਿਰੁੱਧ ਨਹੀਂ. ਉਹ ਇਸ ਭਰੋਸੇ ਗੁਰਬਾਣੀ ਦਾ ਪਾਠ ਕਰਦੇ ਹਨ ਕਿ ਗੁਰਬਾਣੀ ਉਹਨਾਂ ਨੂੰ ਵੇਦ ਤੋਂ ਬੇਮੁਖ ਹੋਣਾ ਨਹੀਂ ਸਿਖਾਂਦੀ. ਉਹ ਇਸ ਨਿਸ਼ਚੇ

* ਹੋ ਸਕਦਾ ਹੈ ਕਿ ਇਸ ਮਿਸਰੇ ਦੀ ਥਾਂ, "ਮੁਝਕੋ ਵੁਹ ਤਿਆਗ ਕੇ ਜੀਨਾ ਭੀ ਤੋ ਦਰਕਾਰ ਨਹੀਂ," ਹੋਵੇ ਯਾ ਇਹ ਮਿਸਰਾ, ਕਿਸੇ ਹੋਰ ਮਿਸਰੇ ਦਾ ਅੰਤਕਾ ਹੋਵੇ. ਮੈਂ ਸੱਠ ਵਰ੍ਹਿਆਂ ਤੋਂ ਇਹ ਰਚਨਾ ਫਿਰ ਨਹੀਂ ਵੇਖੀ, ਸੋ ਸੰਭਵ ਹੈ ਕੋਈ ਤਰੁਟੀ ਹੋਵੇ.

Sri Satguru Jagjit Singh Ji eLibrary NamdhariElibrary@gmail.com

ਨਾਲ ਗੁਰ ਸੰਗਤਾਂ ਦੀ ਸੇਵਾ ਲਈ ਸਦਾ ਕਮਰ ਕੱਸਾ ਕਰੀ ਰਖਦੇ ਹਨ ਕਿ ਉਹ ਗੁਰਸੰਗਤਾਂ ਦੇ ਅਤੇ ਆਪਣੇ ਅਕੀਦੇ ਦੇ ਤਸੱਵਰ ਵਿੱਚ ਕੋਈ ਫ਼ਰਕ ਮਹਿਸੂਸ ਨਹੀਂ ਕਰਦੇ. ਖ਼ੈਰ, ਇਸ ਵਿਚਾਰ ਨੂੰ ਕਿਤੇ ਅੱਗੇ ਚਲਕੇ ਮੁੜ ਛੇੜਿਆ ਜਾਵੇਗਾ ਤੇ ਕਿਸੇ ਅੰਤਿਮ ਹਦ ਤਕ ਪਹੁੰਚਾਣ ਦਾ ਪ੍ਰਯਤਨ ਕੀਤਾ ਜਾਵੇਗਾ. ਹੁਣ ਮੈਂ ਗੁਰਮਤਿ ਤੱਤ ਤੇ ਵੇਦ ਮਤ ਦੀ ਸਾਂਝੀ ਸ਼ਿਖਰ ਲੱਭਣ ਲਈ ਪਾਠਕ ਨੂੰ ਇਸ ਲੰਮੀ ਯਾਤ੍ਰਾ ਦੀ ਅਗਲੀ ਮਨਜ਼ਿਲ ਤੇ ਲੈ ਚਲਦਾ ਹਾਂ.

(੮) ਦਸੰਬਰ ਸਨ ੧੯੦੪ ਵਿੱਚ ਮੈਂ ਸ੍ਰੀ ਅੰਮ੍ਰਿਤਸਰ ਪਹੁੰਚਿਆ ਤੇ ਖ਼ਾਲਸਾ ਕਾਲਜ ਵਿੱਚ ਦਾਖ਼ਲ ਹੋਇਆ. ਰਾਵਲ ਪੰਡੀ ਦੇ ਆਰਯ ਸਕੂਲਾਂ ਦੀਆਂ ਅਭੁੱਲ ਯਾਦਾਂ ਤੇ ਚੌਦਾਂ ਰਤਨ ਅਜੇ ਵੀ ਮੇਰੇ ਨਾਲ ਸਨ, ਅਰ ਵਿਸ਼ੇਸ਼ ਕਰਕੇ ਡੀ. ਏ. ਵੀ. ਹਾਈ ਸਕੂਲ ਦੇ ਮਾਸਟਰ † ਆਗਿਆ ਰਾਮ ਜੀ ਦੀ ਸ਼ੁਭ ਸਿਮ੍ਰਤੀ, ਜੋ ਨਿਤਜ ਪ੍ਰਤੀ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਦੇ ਸਨ, ਮੇਰੇ ਅੰਤਹ ਕਰਣ ਵਿੱਚ ਬਾਣੀ ਦੀ ਮਹੱਤਤਾ ਨੂੰ ਸਦਾ ਸੁਰਜੀਤ ਰੱਖਣ ਲਈ ਇੱਕ ਅਮਰ ਜਜੋਤੀ ਦਾ ਕੰਮ ਦੇ ਰਹੀ ਸੀ. ਸੋ ਥੋੜੇ ਹੀ ਚਿਰ ਮਗਰੋਂ ਮੈਂ ਕੜਾ, ਕੱਛ ਤੇ ਕ੍ਰਿਪਾਨ ਧਾਰਨ ਕਰ ਲਏ ਤੇ ਪੰਜਾਬੀ ਵਿੱਚ ਯਥੋਚਿਤ ਪ੍ਰਬੀ-ਣਤਾ ਪ੍ਰਾਪਤ ਕਰਨ ਲਈ ਭਾਈ ਸਾਹਿਬ ਭਾਈ ਹਰੀ ਸਿੰਘ ਜੀ ਪੰਜਾਬੀ ਅਧਿਆਪਕ ਦੀ ਸ਼ਰਨ ਲਈ. ਪੰਜਾਬੀ ਵਿੱਚ ਓਦੋਂ, ਬੋਲੀ ਦੀ ਵਿਚਾਰ ਦ੍ਰਿਸ਼ਟੀ ਤੋਂ, ਸਿਵਾਏ ਲਾਲਾ ਬਿਹਾਰੀ ਲਾਲ ਜੀ ਪੁਰੀ ਦੀ ਵਿਦਿਆ ਰਤਨਾਕਰ

† ਹੁਣ ਤਕਸੀਮ ਪੰਜਾਬ ਤੋਂ ਬਾਦ, ਕੁੱਝ ਸਾਲ ਹੋਏ ਹਨ, ਇੱਕ ਰਾਤ ਮੈਂ ਅੰਮ੍ਰਿਤ-ਸਰੋਂ,ਕਲਕੱਤਾ ਮੇਲ ਵਿੱਚ ਜਲੰਧਰ ਵਲ ਜਾਰਿਹਾ ਸਾਂ ਤੇ ਗੱਡੀ ਚੱਲਣਤੋਂ ਪਹਿਲਾਂ ਕਿਸੇ ਮਿਤ੍ਰ ਨਾਲ ਜੋ ਮੇਰੇ ਕੋਲ ਹੀ ਬੈਠਾ ਸੀ ਗੱਲਾਂ ਕਰ ਰਿਹਾ ਸਾਂ. ਇੱਕ ਹਿੰਦੂ ਸੱਜਣ ਸਾਡੇ ਸਾਹਮਣੇ ਖਿੜਕੀ ਪਾਸ ਬੈਠ ਗਿਆ ਤੇ ਬੈਠਦਿਆਂ ਹੀ ਕਹਿਣ ਲੱਗਾ, "ਸਰਦਾਰ ਜੀ, ਮੈਨੂੰ ਪਲੈਟਫ਼ਾਰਮ ਤੇ ਖਲੋਤਿਆਂ ਤੁਹਾਡੀਆਂ ਗੱਲਾਂ ਸੁਣਕੇ ਕੁਝ ਐਸਾ ਰਸ ਆਇਆ ਹੈ ਕਿ ਮੈਂ ਬਜਾਏ ਆਪਣੇ ਪਰਿਵਾਰ ਦੇ ਨਾਲ, ਦੂਜੇ ਦਰਜੇ ਵਿੱਚ ਬੈਠਣ ਦੇ, ਆਪ ਦੇ ਪਾਸ ਆਪ ਦੀਆਂ ਗੱਲਾਂ ਸੁਣਨ ਲਈ ਇੱਥੇ ਤੀਜੇ ਦਰਜੇ ਵਿੱਚ ਆ ਬੈਠਾ ਹਾਂ." ਮੈਂ ਕਹਿਣਾ ਹੀ ਸੀ, "ਮੇਰੇ ਸਿਰ ਮੱਥੇ, ਜੀ ਆਇਆਂ ਨੂੰ." ਕੁੱਝ ਦੇਰ ਸਾਧਾਰਣ ਬਾਤ ਚੀਤ ਮਗਰੋਂ ਮੈਨੂੰ ਹੁਣ ਚੇਤੇ ਨਹੀਂ ਕਿ ਮੈਂ ਕਿਉਂ ਉਸ ਰਾਤ, ਬਵੰਜਾ ਤ੍ਰਿਵੰਜਾ ਵਰ੍ਹਿਆਂ ਮਗਰੋਂ, ਉਸ ਵਿਸ਼ੇਸ਼ ਅਜਨਬੀ ਦੇ ਅੱਗੇ ਮਾਸਟਰ ਆਗਿਆ ਰਾਮ ਜੀ ਦੀ ਪ੍ਰਸ਼ੰਸਾ ਕਰਨੀ ਸ਼ੁਰੂ ਕਰ ਦਿੱਤੀ. ਪਰ ਅਜੇ ਮੱਸਾਂ ਹੀ ਇਸ ਪ੍ਰਸ਼ੰਸਾ ਦੇ ਅਰੰਭਕ ਵਾਕ ਮੇਰੇ ਬੁੱਲਾਂ ਤੋਂ ਬਾਹਰ ਨਿਕਲੇ ਸਨ ਕਿ ਉਸ ਅਜਨਬੀ ਦੇ ਨੇਤ੍ਰ ਸਜਲ ਹੋ ਗਏ ਅਰ ਉਹ ਘਿਘਿਆ ਕੇ ਇਹ ਕਹਿੰਦਾ ਹੋਇਆ, "ਮਾਸਟਰ ਆਗਿਆ

ਅੱਗੇ ਵੇਖੋ ਸਫ਼ਾ ੧੨ ਪਰ

Sri Satguru Jagjit Singh Ji eLibrary NamdhariElibrary@gmail.com

ਦੇ, ਅਰ ਉਹਨਾਂ ਦੀ ਹੀ ਵਿਆਕਰਣ ਦੇ, ਹੋਰ ਕੋਈ ਵੀ ਵਿਸ਼ੇਸ਼ ਪੁਸਤਕ ਵੇਖਣ ਵਿੱਚ ਨ ਔਂਦੀ ਸੀ, ਅਰ ਏਹਨਾਂ ਹੀ ਪੁਸਤਕਾਂ ਦੇ ਭਿੰਨ ਭਿੰਨ ਭਾਗ ਸਾਡੇ ਕਾਲਿਜੀਏਟ ਸਕੂਲ ਦੀਆਂ ਭਿੰਨ ਭਿੰਨ ਜਮਾਤਾਂ ਵਿੱਚ ਪੜ੍ਹਾਏ ਜਾਂਦੇ ਸਨ. ਇਹ ਦੋਵੇਂ ਪੁਸਤਕਾਂ ਪੁਰੀ ਜੀ ਦੀਆਂ ਮੂਲ ਰਚਨਾਵਾਂ ਸਨ. ਏਹਨਾਂ ਦੇ ਸਾਹਮਣੇ ਨਕਲ ਯਾ ਪੈਰਵੀ ਲਈ ਕੋਈ ਨਮੂਨਾ (ਮਾਡਲ) ਮੌਜੂਦ ਨ ਸੀ. ਵਿਦਿਆ ਰਤਨਾਕਰ ਦੇ ਮਜ਼ਮੂਨ ਯੁਵਕਾਂ ਦੇ ਸਾਧਾਰਣ ਬੋਧ ਲਈ ਅਤਿ ਸ੍ਵਾਦਲੇ ਤੇ ਲਾਭਦਾਯਕ ਸਨ, ਅਰ ਵਿਆਕਰਣ ਵਿੱਚ ਸਾਰੀਆਂ ਉਹਨਾਂ ਪਰਿਭਾਸ਼ਾਵਾਂ ਦਾ ਪ੍ਰਾਦੁਰਭਾਵ ਹੋ ਚੁਕਾ ਸੀ ਤੇ ਸਾਰਿਆਂ ਉਹਨਾਂ ਗੁੰਝਲਦਾਰ ਨਿਯਮਾਂ ਦਾ ਮੱਢ ਬੱਝ ਚੁਕਾ ਸੀ ਜਿਨ੍ਹਾਂ ਦੇ ਆਧਾਰ ਪਰ ਮਗਰੋਂ ਸਾਡੇ ਆਪਣੇ, ਸੰਸਕ੍ਰਿਤ ਤੋਂ ਅਨਭਿੱਗ, ਵਿਦ੍ਵਾਨਾਂ ਨੇ ਆਪਣੀਆਂ ਵਿਆਕਰਣਾਂ ਨੂੰ ਜਨਮ ਦੇਣਾ ਸੀ. ਪੰਜਾਬੀ ਵਿਆਕਰਣ ਤੇ ਪੰਜਾਬੀ ਬੋਲੀ ਦੇ ਕੋਸ਼ ਜੋ ਬਿਹਾਰੀ ਲਾਲ ਜੀ ਤੋਂ ਪਹਿਲਾਂ ਯੂਰਪੀਨ ਪਾਦਰੀਆਂ ਨੇ ਲਿਖੇ ਸਨ ਉਹ ਸਿਵਾਏ ਵਡਿਆਂ ਯਾ

ਸਫੇ ੧੧ ਦੀ ਬਾਕੀ

ਰਾਮ ਜੀ ਮੇਰੇ ਪਿਤਾ ਸਨ," ਪਰਮ ਪ੍ਰੇਮ ਸਤਕਾਰ ਨਾਲ, ਮੇਰੇ ਨਿਖਿਦ ਪੈਰਾਂ ਵਲ ਝੁਕਿਆ. ਮੇਰੇ ਵੀ ਮਨ ਤੇ ਉਸ ਦੇ ਏਹਨਾਂ ਸ਼ਬਦਾਂ ਦਾ ਐਨਾ ਪ੍ਰਬਲ ਪ੍ਰਭਾਵ ਪਿਆ ਕਿ ਮੈਥੋਂ ਵੀ ਰਿਹਾ ਨ ਗਿਆ ਅਰ ਮੈਂ ਵੀ ਰੋ ਪਿਆ. ਪਰ ਕੋਮਲ ਤੇ ਉੱਜਲ ਭਾਵਾਂ ਦੀ ਇਸ ਅਤਯੰਤ ਅਵਰਣਨੀਯ ਦਸ਼ਾ ਵਿੱਚ ਮੈਂ ਅਜਨਬੀ ਜੀ ਨੂੰ, ਮੋਹ ਮਹੱਬਤ ਦੀਆਂ ਥਾਪੀਆਂ ਦੇਂਦਿਆਂ ਹੋਇਆਂ, ਸਖ਼ਤ ਬੇਚੈਨੀ ਵਿੱਚ, ਪੁਛਿਆ, "ਛੇਤੀ ਦੱਸੋ, ਅਜ਼ੀਜ਼ ਮਨ, ਮਾਸਟਰ ਜੀ ਹੁਣ ਅਜ ਕਲ ਕਿੱਥੇ ਹਨ ?" ਉਸ ਨੇ ਉੱਤਰ ਦਿੱਤਾ, "ਥੋੜਾ ਹੀ ਚਿਰ ਹੋਇਆ ਹੈ, ਅੰਮ੍ਰਿਤਸਰ ਵਿੱਚ ਗੁਜ਼ਰ ਚੁਕੇ ਹਨ." ਮੈਂ ਫਿਰ, ਪਹਿਲੇ ਤੋਂ ਵੀ ਵਧੀਕ ਬੇਤਾਬੀ ਨਾਲ, ਪੁਛਿਆ, "ਹੈਂ, ਅੰਮ੍ਰਿਤਸਰ ਵਿੱਚ ! ਕੇਹੜੀ ਜਗਹ ?" ਉਸ ਨੇ ਉੱਤਰ ਦਿੱਤਾ, "ਮਾਸਟਰ ਤਾਰਾ ਸਿੰਘ ਜੀ ਅੰਕਾਲੀ ਨੇਤਾ ਦੇ ਮਕਾਨ ਤੋਂ ਕੋਈ ਸੌ ਡੇੜ ਸੌ ਗਜ਼ ਦੇ ਫ਼ਾਸਲੇ ਪਰ ਆਜ਼ਾਦ ਨਗਰ ਨਾਮ ਦੀ ਇੱਕ ਨੌਆਬਾਦੀ ਹੈ, ਉਸ ਵਿੱਚ. ਉੱਥੇ ਤਕਸੀਮ ਪੰਜਾਬ ਤੋਂ ਬਾਦ ਮੇਰੇ ਪਿਤਾ ਸਮੂਹ ਪਰਿਵਾਰ ਸਹਿਤ, ਕਈ ਸਾਲ ਰਹੇ ਹਨ, ਤੇ ਉਹਨਾਂ ਦੀ ਅਰਥੀ ਚੁੱਕਣ ਵੇਲੇ ਮਾਸਟਰ ਤਾਰਾ ਸਿੰਘ ਜੀ ਪਾਸ ਸਨ. ਇਹ ਸੁਣ ਕੇ ਮੈਨੂੰ ਜੋ ਸ਼ੋਕ ਹੋਇਆ ਉਸ ਦਾ ਨਿਰੂਪਣ ਕਰਨ ਲਈ ਕਾਸ਼ ਕਿ ਮੈਂ ਅਜ ਕਵੀ ਹੁੰਦਾ ! ਮੈਂ ਆਪਣੇ ਆਪ ਵਿੱਚ ਕਿਹਾ, "ਵਾਹਿਗੁਰੂ ! ਇਹ ਮਕਾਨ ਮੇਰੇ ਮਕਾਨ ਤੋਂ ਪੂਰੇ ੨੦੦ ਗਜ਼ ਵੀ ਨਹੀਂ ਜਿਸ ਵਿੱਚ ਮੇਰੇ ਇੱਕ ਐਨੇ ਸਤਕਾਰਿਤ ਬਜ਼ੁਰਗ ਜੀਵਨ ਦੀ ਲੰਮੀ ਸ਼ਾਮ ਗੁਜ਼ਾਰ ਕੇ ਪਧਾਰ ਗਏ, ਅਰ ਮੈਨੂੰ ਮੁਤਲਿਕ ਪਤਾ ਨ ਲੱਗਾ ! ਜੇ ਮੈਂ ਉਹਨਾਂ ਨੂੰ ਮਿਲਦਾ ਤਾਂ ਠੀਕ ਪੰਜਾਹ ਵਰ੍ਹਿਆਂ ਮਗਰੋਂ, ਆਪਣੀ ਉਮਰ ਦੇ ਪਿਛਲੇ ਪਹਿਰ ਵਿੱਚ, ਉਹਨਾਂ ਤੋਂ ਕੀ ਨ ਪੁਛਦਾ !" ਖ਼ੈਰ, ਨਿਰਾਸ਼ਾ ਦੀ ਮੂਰਛਾ ਤੋਂ

ਅਗੇ ਵੇਖੋ ਸਫਾ ੧੩ ਪਰ

Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ ਪੁਸਤਕਾਲਿਆਂ ਦੇ ਹੋਰ ਕਿਤੇ ਬਿਲਕੁਲ ਹੀ ਘਟ ਹੱਥ ਲੱਗਣ ਵਾਲੇ ਸਨ. ਵਿਦਿਆ ਰਤਨਾਕਰ ਦੇ ਸਾਹਮਣੇ ਅਜ (ਸਨ ੧੯੬੨ ਵਿੱਚ) ਵੀ ਪੰਜਾਬੀ ਪੁਸਤਕਾਂ ਦੇ ਵਪਾਰ ਮੰਡਲ ਵਿੱਚ ਸਕੂਲ ਸ਼੍ਰੇਣੀ ਦੀ ਕੋਈ ਪੁਸਤਕ ਮੁਕਾਬਲੇ ਲਈ ਖੜੀ ਹੋਣ ਦੇ ਸਮ੍ਰਥ ਨਹੀਂ. ਬਿਹਾਰੀ ਲਾਲ ਅਰ ਮਗਰੋਂ ਉਹਨਾਂ ਦੇ ਸੁਪੁਤ੍ਰ ਬਿਸ਼ਨ ਦਾਸ ਦੇ ਹਿਰਦੇ ਵਿੱਚ ਪੰਜਾਬੀ ਦੇ ਵਾਧੇ ਲਈ ਜੋ ਲਗਨ ਸੀ, ਜੋ ਤਾਂਘ, ਦਰਦ ਤੇ ਉਮਾਹੇ ਸਨ, ਉਹ ਅਜੇ ਤਕ ਵੀ ਮੈਂ ਕਿਸੇ ਗੁਰਸਿੱਖ ਦੇ ਹਿਰਦੇ ਵਿੱਚ ਨਹੀਂ ਵੇਖੇ. ਮੁਸਲਮਾਣ ਸ਼ਾਇਰਾਂ ਤੇ ਫ਼ਕੀਰਾਂ, ਦਰਵੇਸ਼ਾਂ ਨੇ ਪੰਜਾਬੀ ਵਿੱਚ ਜੋ ਆਪਣੇ ਕਿੱਸੇ, ਕਲਾਮ ਤੇ ਕਹਾਣੀਆਂ ਲਿਖੀਆਂ ਹਨ ਉਹਨਾਂ ਦੀ ਬੋਲੀ ਆਰਯ ਪੰਜਾਬੀ ਨਹੀਂ, ਉਹਨਾਂ ਵਿੱਚ ਅਣਗਿਣਤ ਸ਼ਬਦ ਫ਼ਾਰਸੀ, ਅਰਬੀ, ਇਬ੍ਰਾਨੀ ਆਦਿਕ ਅਨਾਰਯ ਬੋਲੀਆਂ ਦੇ ਹਨ. ਫ਼ਾਰਸੀ ਤੇ ਅਰਬੀ ਤੋਂ ਭਾਵੇਂ ਪੰਜਾਬੀ ਦਾ ਹੁਣ ਪੂਰੀ ਤਰ੍ਹਾਂ ਖੈਹੜਾ ਛੁੜਾਣਾ ਸੰਭਵ ਨਹੀਂ ਤਾਂ ਵੀ ਪੰਜਾਬੀ ਮਾਤਾ ਦੀ ਯਥਾਰਥ ਅਰਥਾਂ ਵਿੱਚ ਸ਼ੋਭਾ ਓਦੋਂ ਹੀ ਮੰਨੀ ਜਾਵੇਗੀ ਜਦੋਂ ਇਸ ਦੇ ਮੱਥੇ ਮੁਹਾਂਦਰੇ ਦੀ ਸੁੰਦਰਤਾ, ਅਰ ਇਸ ਦੇ ਅੰਗਾਂ ਦੀ ਪਵਿਤ੍ਰਤਾ, ਨਿਰੋਲ, ਅਥਵਾ ਵਧ ਤੋਂ ਵਧ, ਆਰਯ ਭਾਸ਼ਾ ਦੇ ਪ੍ਰਕਾਸ਼ ਵਿੱਚ ਚਮਕੇਗੀ. ਦੇਖੋ ਸੁਖਮਨੀ ਸਾਹਿਬ ਵਰਗੀ ਅਤਯੰਤ ਲੰਮੀ ਬਾਣੀ ਵਿੱਚ, ਜਿਸਦੇ ਤਕਰੀਬਨ ੧੯੭੨ ਵਾਕ (ਮਿਸਰੇ) ਹਨ, ਕੇਵਲ ੪੦ ਸ਼ਬਦ ਐਸੇ ਹਨ ਜੋ ਅਰਬੀ ਤੇ ਫ਼ਾਰਸੀ ਬੋਲੀਆਂ ਵਿੱਚੋਂ ਹਨ. ਇਸੇ ਪ੍ਰਕਾਰ

ਸਫੇ ੧੨ ਦੀ ਬਾਕੀ

ਸਾਵਧਾਨ ਹੋ ਕੇ ਮੈਂ ਅਜਨਬੀ ਜੀ ਨੂੰ ਪੁਛਿਆ, "ਸੁਨਾਓ, ਮਾਸਟਰ ਜੀ ਅਜੇ ਵੀ ਸੁਖਮਨੀ ਸਾਹਿਬ ਦੇ ਨਿਤ ਨੇਮੀ ਸਨ ?" ਤਾਂ ਉਹਨਾਂ ਉੱਤਰ ਦਿੱਤਾ, "ਹਾਂ, ਪੂਰਨ ਨਿਤ ਨੇਮੀ, ਅੰਤਿਮ ਦਮ ਤਕ, ਅਰ ਗੁਜ਼ਰਨ ਵੇਲੇ ਮੇਰੇ ਇੱਕ ਭਾਈ ਨੂੰ ਤਕੀਦੀ ਹੁਕਮ ਦੇ ਗਏ ਹਨ ਕਿ ਉਹ ਉਹਨਾਂ ਤੋਂ ਬਾਦ ਵੀ ਇਸ ਪਾਠ ਦਾ ਪ੍ਰਵਾਹ ਜਾਰੀ ਰੱਖੇ, ਅਰ ਵਾਕਈ ਇਹ ਪ੍ਰਵਾਹ ਉਸੇ ਤਰ੍ਹਾਂ ਜਾਰੀ ਹੈ." ਇਹ ਸੁਣ ਕੇ ਫਿਰ ਮੇਰੇ ਚਿੱਤ ਵਿੱਚ ਫੁਰਿਆ ਕਿ ਮੈਂ ਚਾ ਭਰੇ ਸ਼ਬਦਾਂ ਨਾਲ ਉਹਨਾਂ ਤੋਂ ਸੁਖਮਨੀ ਸਾਹਿਬ ਦੇ ਉਸ ਸਾਖਿਆਤ ਪ੍ਰਭਾਵ ਦੇ ਸੰਬੰਧ ਵਿੱਚ ਪੁਛਦਾ, ਜੋ ਉਹਨਾਂ ਉੱਤੇ ਇਸ ਦਿੱਬ, ਕਲਿਆਣ ਮਈ ਬਾਣੀ ਦੇ ਨਿਰੰਤਰ, ਨਿਸਫ਼ ਸਦੀ ਦੇ, ਨਿੱਤ ਨੇਮ ਨੇ ਪਾਇਆ ਹੈ; ਅਰ ਇਹ ਵੀ ਪੁੱਛੇ ਬਿਨਾ ਨ ਰਹਿੰਦਾ ਕਿ ਮਨ ਦੇ ਕੋਹੜੇ ਸਰੇਸ਼ਟ ਤਰੰਗ ਨੇ ਤੇ ਕੋਹੜੀ ਪ੍ਰਤੱਖ ਆਸ ਨੇ, ਉਹਨਾਂ ਨੂੰ ਇਸ ਬਾਣੀ ਦੇ ਨਿਰਵਿਘਨ ਪਾਠ ਲਈ ਐਨਾ ਲੰਮਾ ਚਿਰ ਅਖੰਡ ਅਡੋਲ, ਧਾਰਣਾ ਦੁਆਰਾ ਉਤਸਾਹਿਤ ਤੇ ਪ੍ਰੇਰਿਤ ਕੀਤੀ ਰਖਿਆ ਹੈ ! ਅਜਨਬੀ ਜੀ ਨੇ ਆਖ਼ਿਰ ਆਪਣਾ ਨਾਮ, ਪਤਾ ਤੇ ਪੇਸ਼ਾ ਦਸਿਆ,

ਅਗੇ ਵੇਖੋ ਸਫੇ ੧੪ ਪਰ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਦਸ਼ਮੇਸ਼ ਕ੍ਰਿਤ ਜਾਪ ਸਾਹਿਬ ਵਿੱਚ ਵੀ ਆਰਯ ਸ਼ਬਦਾਵਲੀ ਦੀ ਨਿਸਬਤ ਅਰਬੀ ਫ਼ਾਰਸੀ ਦੇ ਸ਼ਬਦ ਬਹੁਤ ਹੀ ਘਟ ਹਨ ਤੇ ਏਹੋ ਨਿਯਮ ਸ੍ਰੀ ਗੁਰੂ ਗ੍ਰੰਥ ਸਾਹਿਬ ਅਰ ਦਸਮ ਗ੍ਰੰਥ ਦੀ ਸੰਪੂਰਨ ਬਾਣੀ ਵਿੱਚ ਵਰਤਿਆ ਹੋਇਆ ਦ੍ਰਿਸ਼ਟੀ ਆ ਰਿਹਾ ਹੈ. ਖ਼ੁਸਰੋ, ਰਹੀਮ ਆਦਿਕ ਮੁਸਲਮਾਣ ਕਵੀਆਂ ਵਾਂਗ, ਜਿਨ੍ਹਾਂ ਨੇ, ਮਿਸ਼੍ਰਿਤ ਹਿੰਦੀ ਤੋਂ ਇਲਾਵਾ, ਨਿਰੋਲ ਹਿੰਦੀ ਵਿੱਚ ਵੀ ਆਪਣੇ ਪੁਸਤਕ ਰਚੇ ਹਨ, ਮੇਰੇ ਖ਼ਿਆਲ ਵਿੱਚ, ਪੰਜਾਬੀ ਦਾ ਐਸਾ ਕੋਈ ਲੇਖਕ ਨਹੀਂ ਜਿਸ ਨੇ ਨਸਰ ਯਾ ਨਜ਼ਮ ਵਿੱਚ ਕਿਸੇ ਭਾਂਤਿ ਵੀ ਨਿਰੋਲ ਪੰਜਾਬੀ ਵਿੱਚ ਕੋਈ ਰਚਨਾ ਰਚੀ ਹੋਵੇ. ਨਾਂ ਹੀ ਪ੍ਰਾਚੀਨ ਸਮੇਂ ਵਿੱਚ ਅਰ ਨਾਂ ਹੀ ਅਰਵਾਚੀਨ ਵਿੱਚ. ਪਰ ਐਸਾ ਹੋਣਾ ਹੁਣ ਸੰਭਵ ਵੀ ਨਹੀਂ. ਜਿਸ ਪ੍ਰਕਾਰ

ਸਫੇ ੧੩ ਦੀ ਬਾਕੀ

ਅਰ ਵਿਦਾ ਹੋਣ ਤੋਂ ਪਹਿਲਾਂ ਇਹ ਵੀ ਦਸਿਆ ਕਿ ਮਾਸਟਰ ਆਗਿਆ ਰਾਮ ਜੀ ਤਕਸੀਮ ਪੰਜਾਬ ਤੋਂ ਕੁੱਝ ਸਾਲ ਪਹਿਲਾਂ ਲਾਇਲ ਪੁਰ ਵਿੱਚ ਮੁਕੀਮ ਹੋ ਗਏ ਸਨ ਤੇ ਜੋ ਮਕਾਨ ਉੱਥੇ ਉਹਨਾਂ ਨੇ ਆਪਣੀ ਰਿਹਾਇਸ਼ ਲਈ ਬਣਵਾਇਆ ਸੀ ਉਸ ਵਿੱਚ ਸੁਖਮਨੀ ਸਾਹਿਬ ਦੇ ਕਈ ਹਜ਼ਾਰ ਪਾਠ ਕਰਵਾ ਕੇ ਪ੍ਰਵੇਸ਼ਿਤ ਹੋਏ ਸਨ. ਇਸ ਕਥਾ ਨੂੰ ਸੁਣਨ ਮਗਰੋਂ ਇਹ ਪੁਛਣਾ ਅਯੋਗ ਨਹੀਂ ਕਿ, ਕੀ ਇਹ ਸਫਲ ਸਿੱਖੀ ਜੀਵਨ ਦਾ ਅਦਭੁਤ ਚਮਤਕਾਰ ਵੇਦਾਨੁਯਾਈ ਗੁਰਭਗਤ ਦੇ ਹਿਰਦੇ ਵਿੱਚ ਪ੍ਰਗਟ ਹੋਇਆ ਸੀ ਅਥਵਾ ਵੇਦ ਵਿਰੋਧੀ ਗੁਰਭਗਤ ਦੇ ? ਇਸ ਦਾ ਉੱਤਰ ਸ਼ਾਇਦ ਕੋਈ ਇਹ ਦੇਵੇ ਕਿ ਮਾਸਟਰ ਆਗਿਆ ਰਾਮ ਵਰਗਾ ਅਨੰਨ ਗੁਰੂ ਭਗਤ ਕਿਸੇ ਵੀ ਧਰਮ ਪੁਸਤਕ ਦਾ ਵਿਰੋਧੀ ਨਹੀਂ ਹੋ ਸਕਦਾ, ਕਿ ਐਸਾ ਪਵਿਤ੍ਰ ਆਤਮਾ ਅੰਜੀਲ ਤੇ ਕੁਰਾਨ ਦੀ ਵੀ ਵਿਰੋਧਤਾ ਨਹੀਂ ਕਰੇਗਾ. ਇਹ ਠੀਕ ਹੈ, ਪਰ ਵਿਰੋਧਤਾ ਨ ਕਰਨੀ ਹੋਰ ਗਲ ਹੈ ਤੇ ਅਨੁਯਾਈ ਹੋਣਾ ਹੋਰ ਗਲ ਹੈ. ਮਸਲਨ, ਮੈਂ ਅੰਜੀਲ ਤੇ ਕੁਰਾਨ ਦਾ ਵਿਰੋਧੀ ਨਹੀਂ, ਪਰ ਏਹਨਾਂ ਵਿਚੋਂ ਕਿਸੇ ਦਾ ਅਨੁ-ਯਾਈ ਵੀ ਤਾਂ ਨਹੀਂ. ਹੁਣ ਮਾਸਟਰ ਆਗਿਆ ਰਾਮ ਵਰਗਾ ਪੂਰਨ ਵੇਦਾਨੁਯਾਈ ਸੁਖਮਨੀ ਸਾਹਿਬ ਦਾ ਪ੍ਰੇਮੀ ਤੇ ਨਿਤਨੇਮੀ ਤਾਂ ਹੋ ਸਕਦਾ ਹੈ ਪਰ ਉਹ ਅੰਜੀਲ ਤੇ ਕੁਰਾਨ ਦੀਆਂ ਆਇਤਾਂ ਦਾ ਨਿਤਨੇਮੀ ਤੇ ਪ੍ਰੇਮੀ ਦੁਨੀਆਂ ਦੇ ਅੰਤ ਤਕ ਵੀ ਨਹੀਂ ਹੋ ਸਕਦਾ ! ਭਾਵੇਂ ਉਹ ਏਹਨਾਂ ਪੁਸਤਕਾਂ ਦਾ ਵਿਰੋਧੀ ਨਾਂ ਵੀ ਹੋਵੇ ! ਕਾਰਣ ਕੇਵਲ ਇਹ ਹੈ ਕਿ ਵੇਦਾਨੁਯਾਈ ਮਨੁਖ ਦੇ ਅੰਤਹ ਕਰਣ ਦੀਆਂ ਡੂੰਘੀਆਂ ਤੋਂ ਡੂੰਘੀਆਂ ਤੈਹਾਂ ਵਿੱਚ ਇਹ ਵਿਸ਼੍ਵਾਸ ਤਾਂ ਸੁਭਾ-ਵਿਕ ਹੀ ਦ੍ਰਿੜ੍ਹਤਾ ਨਾਲ ਬੈਠਾ ਹੋਇਆ ਹੈ ਕਿ ਗੁਰਬਾਣੀ ਵਿੱਚ ਸ਼੍ਰਧਾ ਜਮਾਣ ਨਾਲ ਉਹ ਵੇਦ ਤੋਂ ਬੇਮੁਖ ਨਹੀਂ ਹੁੰਦਾ, ਪਰ ਅੰਜੀਲ, ਕੁਰਾਨ,ਤੱਤ੍ਵਾਰਥ ਸੂਤ੍ਰ (ਜੈਨ ਗ੍ਰੰਥ), ਧੱਮ ਪਦ (ਬੌਧ ਗ੍ਰੰਥ) ਦੇ ਸੰਬੰਧ ਵਿੱਚ ਉਸ ਦਾ ਇਹ ਵਿਸ਼੍ਵਾਸ ਨਹੀਂ. ਸੋ ਸਾਅਦੀ, ਹਾਫ਼ਿਜ਼, ਜ਼ੌਕ, ਗ਼ਾਲਿਬ ਆਦਿਕ ਦਿਆਂ ਦੀਵਾਨਾਂ ਵਾਂਗ ਸ਼ੁਗ਼ਲ, ਵਾਕਫ਼ੀਅਤ ਯਾ ਜੀ ਪਰਦਾਵੇ ਲਈ ਤਾਂ ਉਹ ਭਾਵੇਂ ਅੰਜੀਲ, ਕੁਰਾਨ ਯਾ ਜੈਨੀਆਂ ਤੇ ਬੌਧਾਂ ਦੇ ਗ੍ਰੰਥ ਪੜ੍ਹੇ ਯਾ ਸੁਣੇ ਪਰ ਸ਼੍ਰਧਾ ਦੁਆਰਾ ਕਦੇ ਨਹੀਂ ਪੜ੍ਹੇਗਾ.

Sri Satguru Jagjit Singh Ji eLibrary NamdhariElibrary@gmail.com

ਅਜ ਅੱਸੀਂ ਆਪਣੇ ਖਾਨ, ਪਾਨ, ਪਹਿਰਾਨ ਦੇ ਪਦਾਰਥ ਤੇ ਉਹਨਾਂ ਨੂੰ ਬਣਾਣ ਤਥਾ ਵਰਤਣ ਦੇ ਤਰੀਕੇ ਨਿਰੋਲ ਭਾਰਤੀਯ ਹੀ ਪ੍ਰਯੋਗ ਵਿੱਚ ਨਹੀਂ ਲਿਆ ਸਕਦੇ. ਜਿਸ ਪ੍ਰਕਾਰ ਅਜ ਸਾਡੇ ਲਈ ਸੰਭਵ ਨਹੀਂ ਕਿ ਅੱਸੀਂ ਆਪਣੇ ਮਕਾਨਾਂ ਦੇ ਨਕਸ਼ੇ, ਉਹਨਾਂ ਲਈ ਸਾਮਗ੍ਰੀ, ਤੇ ਉਹਨਾਂ ਨੂੰ ਉਸਾਰਨ ਦੇ ਢੰਗ ਨਿਰੋਲ ਪੁਰਾਤਨ ਸ੍ਵਦੇਸ਼ੀ ਹੁਨਰਾਂ ਅਨੁਸਾਰ ਵਰਤੋਂ ਵਿੱਚ ਲਿਆ ਸਕੀਏ, ਜਿਸ ਪ੍ਰਕਾਰ ਅਜ ਸਾਡੇ ਰੋਗ ਨਿਵਾਰਣ, ਜੀ ਪਰਚਾਵਣ, ਦੇਸ਼ ਰਟਣ ਯਾ ਮਾਰਗ ਗਮਨ, ਵਿਦਿਆ ਗ੍ਰਹਣ ਤੇ ਯੁੱਧ ਵਿੱਚ ਲੜਨ ਦੇ ਵਸੀਲਿਆਂ ਵਿੱਚ ਅਮਿਤ ਪਰਿਵਰਤਣ ਆ ਰਿਹਾ ਹੈ, ਜਿਸ ਪ੍ਰਕਾਰ ਸਾਡੇ ਜੀਵਨ ਦੀਆਂ ਹੋਰ ਅਸੰਖਿਆਤ ਸਾਧਾਰਣ ਤਥਾ ਵਿਸ਼ੇਸ਼ ਲੋੜਾਂ ਦੀ ਜਾਤਿ ਤੇ ਜਿਨਸ ਪੁਰ ਸਮੇਂ ਦਾ ਪ੍ਰਬਲ ਪ੍ਰਭਾਵ ਪੈ ਰਿਹਾ ਹੈ, ਤੇ ਜਿਸ ਪ੍ਰਕਾਰ ਅਜ ਸਾਡੀ ਸਭਯਤਾ ਤੇ ਸੰਸਕ੍ਰਿਤੀ ਉੱਤੇ ਸਾਰੇ ਸੰਸਾਰ ਦੀ ਅਨੇਕ ਵਰਣੀ ਸਭਯਤਾ ਸੰਸਕ੍ਰਿਤੀ ਦਾ ਪੂਰਾ ਪੂਰਾ ਰੰਗ ਚੜ੍ਹ ਚੁਕਾ ਹੈ, ਇਸੇ ਪ੍ਰਕਾਰ ਅਜ ਇਸ ਦੁਨੀਆਂ ਦੀ ਕੋਈ ਵੀ ਕੌਮ, ਜੋ ਦੁਨੀਆਂ ਦੀਆਂ ਬਾਕੀ ਗੱਲਾਂ ਵਿੱਚ ਕਿਸੇ ਹੋਰ ਕੌਮ ਯਾ ਕੌਮਾਂ ਤੋਂ ਪ੍ਰਭਾਵਿਤ ਹੋ ਚੁਕੀ ਹੈ, ਉਹ ਅਵੱਸ਼ ਉਸ ਕੌਮ ਯਾ ਕੌਮਾਂ ਦੀ ਬੋਲੀ ਤੋਂ ਵੀ ਪ੍ਰਭਾਵਿਤ ਹੋਵੇਗੀ. ਇਸ ਤੋਂ ਬਚਣਾ ਸਾਧਾਰਣ ਪ੍ਰਕ੍ਰਿਤੀ ਦੇ, ਅਥਵਾ ਪ੍ਰਕ੍ਰਿਤੀ ਦੇ ਸਾਧਾਰਣ ਨਿਯਮਾਂ ਦੇ, ਵਿਰੁੱਧ ਹੈ, ਅਰ ਅਸੰਭਵ ਹੈ; ਅਰ ਜੋ ਕੌਮ ਇਤਰ ਪਾਰਦੇਸ਼ਿਕ ਪ੍ਰਭਾਵਾਂ ਤੋਂ ਤਾਂ ਦਬੀ ਹੋਈ ਹੈ, ਅਰ ਇਸ ਪ੍ਰਕਾਰ ਦਬੇ ਰਹਿਣ ਵਿੱਚ ਤਨਕ ਲੱਜਾ ਯਾ ਸ਼ੰਕਾ ਪ੍ਰਤੀਤ ਨਹੀਂ ਕਰਦੀ, ਪਰ ਕੇਵਲ ਆਪਣੀ ਬੋਲੀ ਨੂੰ ਹੀ ਪਾਰਦੇਸ਼ਿਕ ਪ੍ਰਭਾਵ ਤੋਂ ਬਚਾਣਾ ਚਾਹੁੰਦੀ ਹੈ ਉਹ ਅਤਯੰਤ ਭੁਲ ਵਿੱਚ ਹੈ. ਉਸ ਦਾ ਇਹ ਯਤਨ ਤੇ ਇਸ ਯਤਨ ਦਾ ਫਲ, ਦੋਵੇਂ, ਲੰਮੇ ਆਗਾਮੀ ਕਾਲ ਵਿੱਚ ਵਿਅਰਥ ਸਾਬਤ ਹੋਨਗੇ. ਇੱਕੋ ਵੇਰ, ਇੱਕ ਦਮ, ਕਿਸੇ ਆਪਣੀ ਪੁਰਾਣੀ ਬੋਲੀ ਦੇ ਉਹਨਾਂ ਸ਼ਬਦਾਂ ਨੂੰ, ਜਿਨ੍ਹਾਂ ਦੇ ਜ਼ਾਹਿਰਾ ਅਰਥ ਤੇ ਗੂੜ੍ਹ ਭਾਵ ਪਹਿਲਾਂ ਹੀ ਐਸੇ ਪੂਰਨ ਤੇ ਨਿਸ਼ਚਿਤ ਹਨ ਕਿ ਉਹਨਾਂ ਉੱਤੇ ਹੋਰ ਨਵੇਂ ਤੇ ਪਾਰਦੇਸ਼ਿਕ ਸ਼ਬਦਾਂ ਦੇ ਅਰਥਾਂ ਤੇ ਭਾਵਾਂ ਦੀ ਪਾਣ ਚੜ੍ਹਣੀ ਸੰਭਵ ਨਹੀਂ, ਗ਼ੈਰ ਬੋਲੀਆਂ ਦੇ ਨਾਵਾਂ ਤੇ ਭਾਵਾਂ ਦਾ ਪ੍ਰਤਿਨਿਧ ਥਾਪ ਦੇਣਾ ਸਰਵਥਾ ਅਪ੍ਰਾਕ੍ਰਿਤਿਕ ਹੈ. ਕਿਉਂ ਜੋ ਇਸ ਅਤਯੰਤ ਬਿਖਮ ਕਾਰਜ ਦੀ ਕਾਮਯਾਬੀ, ਕਿਸੇ ਵੀ ਕੌਮ ਦੀ ਕਿਸੇ ਇੱਕ ਵਿਸ਼ੇਸ਼ ਬੋਲੀ ਦੇ ਬਾਜ਼ਾਰੀ, ਦਰਬਾਰੀ, ਅਖ਼ਬਾਰੀ ਯਾ ਵਪਾਰੀ ਵਿਦ੍ਵਾਨਾਂ ਦੇ ਹਥ ਵਿੱਚ ਨਹੀਂ, ਜੋ ਝਟ ਪਟ ਇਸਨੂੰ ਸਿਰੇ ਚਾੜ੍ਹ ਕੇ ਦਿਨਾਂ, ਹਫ਼ਤਿਆਂ ਯਾ ਮਹੀਨਿਆਂ ਵਿੱਚ ਰੀ ਵੇਹਲੇ ਹੋ ਬੈਠਨ ! ਇਹ ਤਾਂ ਨਿਰਸੰਦੇਹ

Sri Satguru Jagjit Singh Ji eLibrary NamdhariElibrary@gmail.com

ਕਿਸੇ ਅਦ੍ਰਿਸ਼ਟ, ਸ਼ਬਦ ਨਿਰਮਾਤ੍ਰੀ ਸ਼ਕਤੀ ⊥ (Genius of Language) ਦਾ ਕੰਮ ਹੈ, ਜੋ ਗੁਪਤੋ ਗੁਪਤ ਲੋਕਾਂ ਦੇ ਮਹਿਸੂਸ ਕਰਨ ਤੋਂ ਬਿਨਾ ਨਵੇਂ ਸ਼ਬਦ ਘੜਦੀ

⊥ "The most important and intimate part of linguistic growth, thatwhich affects the vocabulary of general and daily use, learned by every child, used in the common intercourse of life, goes on in a covert and unacknowledged manner; it is almost insensibly slow in its progress; it is the effect of a gradual accumulation of knowledge & quickening of insight; it is wrought out, as it were, item by item, from the mass, of the already subsisting resources of expression: the mind, familiar with a certain use of a term, sees and improves a possibility of its extension, or modification or nicer definition; old ideas, long put side by side and compared, prompt a new one; deductions hither to unperceived are drawn from premises already known; a distinction is sharpened; a conception is invested with novel associations; experience suggests a new complex of ideas as calling for conjoint expression. Speech is the work of the mind coming to a clearer consciousness of its own conceptions and of their combinations and relations, and is at the same time the means by which that clear consciousness is attained and hence, it works its own progress; its use teaches its improvement; practice in the manipulation of ideas as represented by words leads the way to their more adroit and effective management. A vocabulary, even while under going no extension in substantial content of words and forms, may grow indefinitely in expressiveness, becoming filled up with new senses, its words and phrases made pregnant with deeper and more varied significance. It may do so, and it will, if there lie in the nature and circumstances of the people who speak it a capacity for such growth The speech of a community is the reflex of its average and collective capacity, because the community alone is able to make and change language; nothing can become a part of the common treasure of expression which is not generally apprehended approved and accepted. It is not true, as is sometimes taught or implied, that a genius or commanding intellect, arising among a people, can impress a marked effect upon its language least of all, in the earlier stages of linguistic development, or amid ruder and more primitive conditions of culture. No individiual can effect speech directly except by separate items of change in respect to which he sets an example for others to follow, and an example which will be followed in proportion as the changes are accordant with already prevailing usage and naturally suggested by it : the general structure and character of language are out of his reach, save as he can raise the common intellect, and quicken and fertilize the minds of his fellows, thus sowing seed which may spring up and bear fruit in language also. If he were to attempt anything like innovation the conservatism of the Community will array itself against him

ਬਾਕੀ ਸਫ਼ੇ ੧੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਤੇ ਪੁਰਾਣਿਆਂ ਦੇ ਭਾਵ ਬਦਲਦੀ ਰਹਿੰਦੀ ਹੈ. ਪਰ ਇਸ ਦੀ ਰਫ਼ਤਾਰ ਅਤਿ ਧੀਮੀ ਹੈ. ਕਈ ਕਈ ਸਾਲਾਂ ਮਗਰੋਂ ਕਿਤੇ ਇੱਕ ਨਵਾਂ ਸ਼ਬਦ ਬਣਦਾ ਹੈ, ਅਥਵਾ, ਕਿਸੇ ਇੱਕ ਪੁਰਾਣੇ ਸ਼ਬਦ ਦਾ ਭਾਵ ਬਦਲਦਾ ਹੈ. ਜਿਸ ਪ੍ਰਕਾਰ ਸਮਾਂ ਪਾ ਕੇ ਕੁਦਰਤੀ ਗਰਭਾਸ਼ੇ ਤੋਂ ਕੋਈ ਨਵਾਂ ਬਾਲ ਜਨਮ ਲੈਂਦਾ ਹੈ ਇਸੇ ਪ੍ਰਕਾਰ ਸਰਵ ਸਾਧਾਰਣ ਦੀ ਸੁਭਾਵਿਕ ਵਰਤੋਂ ਦੇ ਗਰਭਾਸ਼ੇ ਤੋਂ ਕਦੇ ਸਮਾਂ ਪਾ ਕੇ ਹੀ ਕੋਈ ਨਵਾਂ ਸ਼ਬਦ ਆਣ ਨਮੂਦਾਰ ਹੁੰਦਾ ਹੈ. ਸ਼ਬਦ ਦੇ ਇਸ ਪ੍ਰਕਾਰ ਦੇ ਜਨਮ ਨੂੰ ਕੁਦਰਤੀ ਜਨਮ ਕਹਿ ਸਕਦੇ ਹਾਂ ਤੇ ਇਸ ਪ੍ਰਕਾਰ ਦਾ ਜਨਮਿਆਂ ਹੋਇਆ ਸ਼ਬਦ ਪੂਰੀ ਪੂਰੀ ਜੁਆਨੀ ਮਾਣਦਾ ਹੈ ਤੇ ਛੇਤੀ ਹੀ ਸ਼ਬਦ ਪਰਿਵਾਰ ਦਾ ਅਮਰ ਅੰਗ ਬਣ ਜਾਂਦਾ ਹੈ. ਪਰ ਕਿਸੇ ਵਿਸ਼ੇਸ਼ ਵਿਅਕਤੀ ਯਾ ਟੋਲੀ ਦੇ ਪ੍ਰਯਤਨ ਦੁਆਰਾ ਪੈਦਾ ਹੋਇਆ ਹੋਇਆ ਸ਼ਬਦ ਦੀਰਘ ਕਾਲ ਤਕ ਉਸ ਵਿਸ਼ੇਸ਼ ਵਿਅਕਤੀ ਯਾ ਟੋਲੀ ਦੀ ਗੋਦ (ਵਰਤੋਂ) ਵਿੱਚ ਹੀ ਖੇਡਦਾ ਰਹਿੰਦਾ ਹੈ ਤੇ ਕੁਦਰਤੀ ਸਮਾਂ ਪਾ ਕੇ ਹੀ ਸਰਵ ਸਾਧਾਰਣ ਵਿੱਚ ਮਕਬੂਲ ਹੁੰਦਾ ਹੈ. ਸਿਵਾਏ ਵਿਸ਼ੇਸ਼ ਵਿਸ਼ੇਸ਼ ਵਿਅਕਤੀਆਂ ਯਾ ਟੋਲੀਆਂ ਦੇ ਐਸੇ ਸ਼ਬਦ ਨੂੰ ਚਿਰ ਕਾਲ ਤਕ ਹੋਰ ਕੋਈ ਵੀ ਪ੍ਰਯੋਗ ਵਿੱਚ ਨਹੀਂ ਲਿਆਂਦਾ. ਕਈ ਸ਼ਬਦਾਂ ਨੂੰ, ਕੇਵਲ ਨਿਜ ਵਿਦਿਆ ਪ੍ਰਦਰਸ਼ਨ ਲਈ, ਗਰਵਿਤ ਵਿਦ੍ਵਾਨ ਆਪਣੇ ਲੇਖਾਂ ਤੇ ਭਾਸ਼ਣਾਂ ਵਿੱਚ ਵਰਤਦੇ ਹਨ, ਪਰ ਚੂੰਕਿ ਇਹ ਸ਼ਬਦ ਭਾਸ਼ਾ ਨਿਰਮਾਤ੍ਰੀ ਸ਼ਕਤੀ (ਯਾ ਮਾਤਾ) ਦੀ ਸੰਤਾਨ (ਉਪਜ) ਨਹੀਂ ਹੁੰਦੇ, ਇਸ ਲਈ ਇਹ ਸਾਧਾਰਣ ਬੋਲ ਚਾਲ ਵਿੱਚ ਕਦੇ ਵੀ ਪ੍ਰਚਲਿਤ ਨਹੀਂ ਹੁੰਦੇ. ਸਾਧਾਰਣ ਬੋਲ ਚਾਲ ਦੇ ਸਹਜ ਸੁਭਾਵਿਕ ਲਹਜੇ ਵਿੱਚ ਰੜਕਣ ਦੇ ਕਾਰਣ, ਵਾਕ ਦੇ ਅਗਲੇ ਪਿਛਲੇ ਸ਼ਬਦਾਂ ਦੇ ਨਾਲ ਹਮਕਦਮ ਤੇ ਹਮਵਜ਼ਨ ਨ ਹੋਣ ਦੇ ਕਾਰਣ, ਕੋਮਲਤਾ ਹੀਨ, ਕੁਰਖ਼ਤ, ਰੁੱਖੇ, ਖਰੁਵੇ, ਖਹੁਰੇ, ਭੱਦੇ ਤੇ ਅਜਨਬੀ ਹੋਣ ਦੇ ਕਾਰਣ, ਇਹ ਐਸੇ ਹੀ ਸਿਆਣਿਆਂ ਦੇ ਸ਼ਿੰਗਾਰ ਦਾਨ ਵਿੱਚ ਸਜੇ ਰਹਿੰਦੇ ਹਨ ਜਿਨ੍ਹਾਂ ਨੂੰ ਆਪਣੀ ਹੰਗਤਾ ਦੀ ਆਹਨੀ ਦੀਵਾਰ ਦੇ ਬਾਹਰ ਸਾਧਾਰਣ ਜਨਤਾ ਦੀ ਸਮਤੀ ਤੇ ਸ੍ਰੀਕ੍ਰਿਤੀ ਦਾ ਮੁਤਲਿਕ ਕੋਈ ਲਿਹਾਜ਼ ਨਹੀਂ.

ਸਫ਼ੇ ੧੬ ਦੀ ਬਾਕੀ

with a force of resistance against which he will be powerless. The commanding intellect has much the better opportunity to act effectively in a cultivated and lettered people, in as much as his inciting and lifting influence can be immediately exerted upon so many more of his fellows, and even upon more than one generation." Language and its study (Seven Lectures) by William Dwight Whitney, Second Edition, London: Trubner & Co., 1880 pp 122-124.

Sri Satguru Jagjit Singh Ji eLibrary NamdhariElibrary@gmail.com

(੯) ਪਰ ਯੂਨਾਨੀ, ਅਰਬੀ, ਫ਼ਾਰਸੀ, ਅੰਗ੍ਰੇਜ਼ੀ ਆਦਿਕ ਬੋਲੀਆਂ ਦੇ ਸ਼ਬਦਾਂ ਦਾ ਪ੍ਰਯੋਗ ਕਰਨ ਵਿੱਚ ਭਾਰਤ ਵਾਸੀ ਸੰਕੋਚ ਵੀ ਕਿਉਂ ਕਰਨ ? ਕੀ ਇਸ ਦੇਸ਼ ਦੇ ਰਹਿਣ ਵਾਲਿਆਂ ਨੂੰ ਸ਼ਬਦਾਂ ਦੇ ਇਹ ਜ਼ਖੀਰੇ ਕਿਤੇ ਐਂਵੇ ਮੁਫ਼ਤ ਹੀ ਮਿਲ ਗਏ ਹਨ ? ਯਾ ਕੀ ਏਹਨਾਂ ਨਾਲ ਭਾਰਤ ਵਾਸੀਆਂ ਦਾ ਸੰਬੰਧ ਹੀ ਕੋਈ ਨਹੀਂ ? ਜੇ ਆਗਰੇ, ਫ਼ਤਹਪੁਰ ਸੀਕਰੀ, ਦੇਹਲੀ, ਲਖਨਊ ਆਦਿਕ ਅਸਥਾਨਾਂ ਦੀਆਂ ਇਸਲਾਮੀ ਤੇ ਹੋਰ ਵਿਦੇਸ਼ੀ ਸ਼ਾਸਕਾਂ ਦੀਆਂ ਆਲੀਸ਼ਾਨ ਇਮਾਰਤਾਂ ਨੂੰ ਅੱਸੀਂ ਆਪਣੀਆਂ ਸਮਝਦੇ ਹਾਂ ਤੇ ਉਹਨਾਂ ਲਈ ਕੇਵਲ ਪਿਆਰ ਤਥਾ ਸਤ-ਕਾਰ ਹੀ ਨਹੀਂ ਜਿਤਲਾਂਦੇ ਸਗੋਂ ਉਹਨਾਂ ਨੂੰ ਆਪਣਾ ਆਖਣ ਵਿੱਚ ਵਿਸ਼ੇਸ਼ ਫ਼ਖ਼ਰ ਮਹਿਸੂਸ ਕਰਦੇ ਹਾਂ ਤਾਂ ਕਿਉਂ ਏਹਨਾਂ ਦੀਆਂ ਬੋਲੀਆਂ ਨੂੰ ਵੀ ਅਸੀਂ ਉਸੇ ਪਿਆਰ ਤੇ ਸਤਕਾਰ ਨਾਲ ਅਪਣਾਵਣ ਵਿੱਚ ਸੰਕੋਚ ਕਰਦੇ ਹਾਂ ? ਚੇਤੇ ਰਹੇ ਕਿ ਸਾਨੂੰ ਏਹਨਾਂ ਵਿੱਚੋਂ ਕੋਈ ਵੀ ਵਸਤ ਮੁਫ਼ਤ ਹਥ ਨਹੀਂ ਲੱਗੀ, ਪਿਛਲੇ ਢਾਈ ਹਜ਼ਾਰ, ਯਾ ਇਸ ਤੋਂ ਵੀ ਢੇਰ ਵਧੀਕ, ਵਰ੍ਹਿਆਂ ਦੇ ਅਰਸੇ ਵਿੱਚ, ਜੋ ਜੋ ਵਿਦੇਸ਼ੀ ਹਮਲਾ ਆਵਰ ਭਾਰਤ ਵਿੱਚ ਔਂਦੇ ਰਹੇ ਹਨ, ਤੇ ਆ ਆ ਕੇ ਇੱਥੇ ਹੀ ਮੁਕੀਮ ਹੁੰਦੇ ਰਹੇ ਹਨ ਅਥਵਾ ਸਮਾਂ ਪਾ ਪਾ ਕੇ ਵਾਪਸ ਮੁੜਨ ਨੂੰ ਮਜਬੂਰ ਹੁੰਦੇ ਰਹੇ ਹਨ, ਉਹਨਾਂ ਸਾਰਿਆਂ ਨੇ ਹੀ ਭਾਰਤ ਦਾ ਰਜ ਰਜ ਕੇ ਲਹੂ ਪੀਤਾ ਹੈ. ਸਾਰੇ ਹੀ ਇਸ ਦੇਸ਼ ਵਿੱਚ ਬਦ ਤੋਂ ਬਦਤਰ ਆਫ਼ਤ ਮਚਾਂਦੇ ਰਹੇ ਹਨ. ਐਸੀ ਅੰਨ੍ਹੀ ਹਨੇਰੀ ਤੇ ਹਨੇਰ ਗਰਦੀ ਲਿਆਂਦੇ ਰਹੇ ਹਨ, ਐਸੀ ਦਗ਼ਾਬਾਜ਼ੀ ਤੇ ਜੱਬਾਰੀ ਕਰਦੇ ਰਹੇ ਹਨ, ਜਿਸ ਦਾ ਅੰਸ਼ ਮਾਤ੍ਰ ਅੰਦਾਜ਼ਾ ਲਾਣਾਂ ਵੀ ਸਿਵਾਏ ਈਸ਼ੁਰ ਦੇ ਹੋਰ ਕਿਸੇ ਲਈ ਸੰਭਵ ਨਹੀਂ. ਸਾਰਿਆਂ ਨੇ ਹੀ ਲਗਾਤਾਰ, ਇੱਕ ਤੋਂ ਬਾਦ ਦੂਜੇ ਨੇ, ਇਸ ਦੇਸ਼ ਨੂੰ ਮੁਕੰਮਲ ਅਧੋਗਤੀ ਤਕ ਪਹੁੰਚਾਣ ਦੀ ਕੋਸ਼ਿਸ਼ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ. ਪਰ ਇਹ ਸਾਰੇ ਭਿੰਨ ਭਿੰਨ ਪ੍ਰਕਾਰ ਦੇ ਚੋਰ, ਜੱਬਾਰ ਤੇ ਕਹਾਰ, ਆਪਣੀਆਂ ਏਹਨਾਂ, ਸੰਗੇ ਅਸਵਦ ਤੋਂ ਵੀ ਵਧੀਕ, ਕਾਲੀਆਂ ਕਰਤੂਤਾਂ ਦੇ ਬਦਲੇ ਭਾਰਤ ਵਾਸੀਆਂ ਲਈ ਭਾਰਤ ਵਿੱਚ ਛੱਡ ਕੇ ਕੀ ਗਏ ਹਨ ? ਆਪੋ ਆਪਣੇ ਦੇਸਾਂ ਦੀ ਸਭਜਤਾ ਤੇ ਸੰਸਕ੍ਰਿਤੀ, ਹੁਨਰ ਤੇ ਇਲਮ. ਦ੍ਰਿਸ਼ਜਮਾਨ ਜਗਤ ਵਿੱਚ ਹੁਨਰ, ਤੇ ਅਦ੍ਰਿਸ਼ਜ ਵਿੱਚ ਇਲਮ. ਤਾਂਤੇ ਜੋ ਵੀ ਵਿਦੇਸ਼ੀ ਪਦਾਰਥ ਭਾਰਤ ਵਾਸੀਆਂ ਦੇ ਹਥ ਆਏ ਹਨ, ਉਹ ਕੀਮਤਨ ਹੀ ਆਏ ਹਨ. ਇਮਾਰਤਾਂ ਦੀ ਇੱਕ ੨ ਇਟ ਪੁਰ, ਅਰ ਸ਼ਬਦਾਂ ਦੇ ਇੱਕ ੨ ਅੱਖਰ ਪੁਰ ਕੌਣ ਕਹਿ ਸਕਦਾ ਹੈ ਕਿ ਕੀ ੨, ਤੇ ਕਿੰਨੀਆਂ ੨ ਕੁਰਬਾਨੀਆਂ ਹੋਈਆਂ ਹਨ ! ਇਸ ਲਈ ਇਹ ਐਸੇ ਡਾਢੇ ਮਹਿੰਗੇ ਮੁਲ ਗਲ ਪਏ ਸ਼ਬਦ ਕਿਉਂ ਨ ਵਰਤੋਂ ਵਿੱਚ ਲਿਆਂਦੇ ਜਾਵਨ ! ਕਿਉਂ ਨ ਏਹਨਾਂ ਸ਼ਬਦਾਂ ਦੇ ਅਖੁਟ ਭੰਡਾਰਾਂ ਦੁਆਰਾ ਭਾਰਤ ਵਾਸੀ ਆਪਣੀਆਂ

Sri Satguru Jagjit Singh Ji eLibrary NamdhariElibrary@gmail.com

ਬੋਲੀਆਂ ਦੀ ਲਚਕ ਤੇ ਮਟਕ ਨੂੰ, ਸ਼ਾਨ ਤੇ ਅਜ਼ਮਤ ਨੂੰ, ਫ਼ਿਰਾਸਤ ਤੇ ਬਲਾਗ਼ਤ ਨੂੰ, ਲਾ ਮਹਦੂਦ ਹਦ ਤਕ ਵਸੀਹ ਕਰਨ ! ਤੇ ਕਿਉਂ ਨ ਏਹਨਾਂ ਸ਼ਬਦਾਂ ਦੀਆਂ ਨਾਜ਼ਕ ਖ਼ਿਆਲੀਆਂ ਤੇ ਕੋਮਲ ਕਲਾਮੀਆਂ ਦੀਆਂ ਰੰਗ ਬਰੰਗੀ ਚਿਤ੍ਰਕਾਰੀਆਂ ਦੁਆਰਾ ਭਾਰਤ ਵਾਸੀ ਆਪਣੇ ਸੂਖਮ ਭਾਵਾਂ ਦੇ ਅਸਥੂਲ ਰੂਪਾਂ ਨੂੰ ਅਲੰਕ੍ਰਿਤ ਤੇ ਵਿਭੂਸ਼ਿਤ ਹੋਣ ਦੇਵਨ ! ਨਿਰਸੰਦੇਹ ਏਹਨਾਂ ਸ਼ਬਦਾਂ ਨੂੰ ਹੁਣ ਆਪਣਾ ਬਣਾ ਲੈਣਾ ਸਾਡਾ ਜਾਇਜ਼ ਹਕ ਹੈ ! ਸਾਡੇ ਬਜ਼ੁਰਗਾਂ ਨੇ ਵਿਦੇਸ਼ੀ ਹਮਲਾ ਆਵਰਾਂ ਨੂੰ ਮਲੇਛ ਕਿਹਾ ਤੇ ਏਹਨਾਂ ਦੀਆਂ ਬਦਕਾਰੀਆਂ ਉੱਤੇ ਲਾਨਤ ਨਾਮੇ ਜੋੜੇ, ਏਹਨਾਂ ਨੂੰ ਧਿੱਕਾਰਾਂ ਪਾਈਆਂ ਤੇ ਏਹਨਾਂ ਨੂੰ ਸਰਾਪ ਵੀ ਦਿੱਤੇ. ਪਰ ਸਿਰਜਣਹਾਰ ਹਰ ਬਦੀ ਨੂੰ ਵੀ ਕਿਸੇ ਨੇਕੀ ਦੀ ਉਤਪੱਤੀ ਲਈ ਵਰਤ ਲੈਣਾ ਜਾਣਦਾ ਹੈ ਤੇ ਹਰ ਵਰਤਮਾਨ ਦੁਖ ਨੂੰ ਕਿਸੇ ਆਗਾਮੀ ਸੁਖ ਦਾ ਕਾਰਣ ਬਣਾ ਲੈਂਦਾ ਹੈ. ਸੋ ਏਹਨਾਂ ਪਲੀਦ ਰੂਹਾਂ ਦੀ ਰਾਹੀਂ ਅਕਾਲ ਪੁਰਖ ਨੇ ਇਸ ਰਿਸ਼ੀ ਖੰਡ ਲਈ ਉਹ ਪਵਿਤ੍ਰ ਤੋਹਫ਼ੇ ਘੱਲੇ ਜੋ ਹੁਣ ਇਸ ਕਲਪ ਦੇ ਅੰਤ ਤਕ ਅਜਰ, ਅਮਰ ਤੇ ਅਵਿਨਾਸ਼ੀ ਰਹਿਨਗੇ.

(੧੦) ਬਿਹਾਰੀ ਲਾਲ ਪੁਰੀ ਅਰ ਉਸ ਦੇ ਪੁਤ੍ਰ ਬਿਸ਼ਨ ਦਾਸ ਦੇ ਬਾਦ, ਪਿਛਲੇ ਪੈਂਤੀ ਵਰ੍ਹਿਆਂ ਵਿੱਚ, ਪੰਜਾਬੀ ਲੇਖਕਾਂ ਨੇ ਬੇਸ਼ੁਮਾਰ ਪੁਸਤਕਾਂ ਲਿਖੀਆਂ, ਜੋ ਇਤਿਹਾਸ, * ਮਿਥਿਹਾਸ, ਉਪਨਿਆਸ, ਸਿਆਸਤ, ਸਨਅਤ, ਧਰਮ ਪ੍ਰਚਾਰ, ਵਿਦਿਆ ਤੇ ਹੋਰ ਵੀ ਅਣਗਿਣਤ ਹੀ ਮਜ਼ਮੂਨਾਂ ਪਰ ਹਨ. ਅਨੇਕਾਂ ਹੀ ਮਾਹਵਾਰੀ ਰਸਾਲੇ ਤੇ ਰੋਜ਼ਾਨਾ ਅਰ ਹਫ਼ਤਾਵਾਰੀ ਸਮਾਚਾਰ ਪਤ੍ਰ ਨਿਕਲੇ ਤੇ ਨਿਕਲ ਰਹੇ ਹਨ. ਪ੍ਰੰਤੂ ਏਹਨਾਂ ਵਿੱਚ ਬਹੁਤੀਆਂ ਪੁਸਤਕਾਂ ਤੇ ਰਸਾਲੇ, ਜੋ ਸਮੇਂ ੨ ਮੇਰੀ ਦ੍ਰਿਸ਼ਟੀ ਗੋਚਰ ਹੁੰਦੇ ਰਹੇ, ਮੇਰੀ ਜਾਚੇ ਕੇਵਲ ਗਿਣਤੀ ਵਧਾਣ ਵਾਲੇ ਤੇ ਵਿਹਾਰ ਚਲਾਣ ਵਾਲੇ ਹੀ ਹਨ, ਬਹੁਤ ਹੀ ਘਟ ਸੰਖਿਆ ਐਸਿਆਂ ਦੀ ਹੈ ਜਿਨ੍ਹਾਂ ਨੂੰ ਮੈਂ ਸਾਹਿਤਜ ਦਾ ਭੂਸ਼ਣ ਕਹਿ ਸਕਾਂ. ਕੁੱਝਕ ਰਸਾਲਿਆਂ ਦੇ ਵਿਵਿਧਾਤਮਕ ਵਿਗਜ ਸੰਪਾਦਕਾਂ, ਅਰ ਉਹਨਾਂ ਦੇ ਹੋਨਹਾਰ ਲੇਖਕਾਂ ਦੇ ਸਾਹਿਤਜਕ ਖ਼ਜ਼ਾਨੇ ਨਿਰਸੰਦੇਹ ਤਾਲੀਮ, ਤਜਰਬੇ ਤੇ ਤਰਬੀਅਤ ਤਿੰਨ ਹੀ ਪ੍ਰਕਾਰ ਦੀ ਦੌਲਤ ਨਾਲ ਭਰਪੂਰ ਹਨ. ਏਹਨਾਂ ਤੋਂ ਇਲਾਵਾ ਮੈਨੂੰ ਬਹੁਤ ਹੀ ਘਟ ਐਸੇ ਪੰਜਾਬੀ ਲੇਖਕ ਦਿਸਦੇ ਹਨ ਜਿਨ੍ਹਾਂ ਦੀ ਲੇਖਣੀ ਤੋਂ ਮੈਨੂੰ ਕੋਈ

* ਇਹ ਸ਼ਬਦ ਸਨ ੧੯੩੦ ਵਿੱਚ ਮੈਂ ਆਪ ਘੜ ਕੇ ਪਹਿਲੀ ਵੇਰ "ਸ਼੍ਰੀ ਗੁਰੂ ਨਾਨਕ ਦਰਸ਼ਨ" (ਨਨਕਾਣਾ ਸਾਹਿਬ) ਦੇ ਲੇਖਾਂ ਵਿੱਚ ਵਰਤਿਆ ਸੀ; ਅਰ ਉਸ ਤੋਂ ਥੋੜਾ ਹੀ ਚਿਰ ਪਹਿਲੇ ਮੈਂ "ਅੰਤਰ ਰਾਸ਼ਟਰੀਯ" ਸ਼ਬਦ "International" ਦੇ ਵਾਸਤੇ ਵਰਤੇ ਸਨ.

Sri Satguru Jagjit Singh Ji eLibrary NamdhariElibrary@gmail.com

ਸਾਹਿਤਜਕ ਚਮਤਕਾਰ ਦਿਸਿਆ ਹੋਵੇ. ਇਸ ਵਿੱਚ ਸ਼ਕ ਨਹੀਂ ਕਿ ਪੱਛਮੀ ਮਹਾਂ ਸਾਹਿਤਜਕਾਰਾਂ ਦੀ ਨਕਲ ਤੇ ਪੰਜਾਬੀ ਲਿਖਾਰੀਆਂ ਨੇ ਵੀ ਆਪਣੀਆਂ ਰਚਨਾਂਵਾਂ ਦੇ ਨਾਮ ਬੜੇ ੨ ਰੋਚਕ, ਚਿਕਾਰੂ ਤੇ ਫੁਨਕਾਰੂ ਰੱਖੇ ਹੋਏ ਹਨ; ਪਰ ਉਹ ਸਭ ਲਗ਼ਵ, ਮੋਹਮਲ ਤੇ ਫੋਕੇ ਹਨ. ਸੌ ੨ ਪੰਨਿਆਂ ਦੀ ਕਿਤਾਬ ਵਿੱਚ ਦਸ ੨ ਪੰਨੇ ਵੀ ਐਸੇ ਨਹੀਂ ਜਿਨ੍ਹਾਂ ਦੀ ਮਹਤ੍ਤਾ ਨੂੰ ਹਕੀਕੀ ਮਾਨਿਆਂ ਵਿੱਚ ਮਹਤ੍ਤਾ ਕਿਹਾ ਜਾਏ, ਅਰ ਆਸ ਕੀਤੀ ਜਾਏ, ਯਾ ਵਿਸ਼੍ਵਾਸ ਰਖਿਆ ਜਾਏ, ਕਿ ਏਹਨਾਂ ਵਿੱਚੋਂ ਇੱਕ ਫ਼ੀ ਸਦੀ ਕਿਤਾਬਾਂ ਵੀ ਏਹਨਾਂ ਦੇ ਰਚਨਹਾਰਾਂ ਦੇ ਪ੍ਰਾਣ ਤਿਆਗਣ ਮਗਰੋਂ ਏਹਨਾਂ ਦੀ ਯਾਦਗਾਰ ਨੂੰ ਕਾਇਮ ਰੱਖਣਗੀਆਂ, ਅਰ, ਕਾਲ ਦੀ ਹਨੇਰੀ ਦੇ ਮਹਾਂ ਵੇਗ ਅੱਗੇ, ਮੂਲੋਂ ਹੀ ਉਖੜ ਕੇ ਉਡ ਪੁਡ ਨ ਜਾਨਗੀਆਂ; ਏਹਨਾਂ ਮਾਯੂਸ ਕਰਨ ਵਾਲੀਆਂ ਰਚਨਾਂਵਾਂ ਦੀ ਨਸਰ, ਯਾ ਨਜ਼ਮ, ਵਿੱਚ ਮੌਲਿਕ ਬਲੰਦ ਖ਼ਿਆਲੀ ਤੇ ਰਚਨਾਤਮਕ ਚਮਤਕਾਰ ਦੇ ਅਭਾਵ ਤੋਂ ਇਲਾਵਾ ਬੋਲੀ ਦੇ ਸੰਗੀਤ ਦਾ ਵੀ ਸਰਵਥਾ ਅਭਾਵ ਹੈ. ਸ਼ਬਦਾਂ ਦੇ ਜੋੜਾਂ, ਤੇ ਫ਼ਿਕਰਾ ਬੰਦੀ ਦੀ ਤਰਜ਼ ਤੇ ਨਿਯਮ ਵੀ ਕਿਸੇ ਦੋ ਕਿਤਾਬਾਂ ਦੇ ਹਮਸ਼ਕਲ ਨਹੀਂ ਬਲਕਿ ਕਈ ਹਾਲਤਾਂ ਵਿੱਚ ਤਾਂ ਇੱਕੋ ਪੁਸਤਕ ਦੇ ਇੱਕੋ ਪੰਨੇ ਤੇ ਵੀ ਇੱਕੋ ਸ਼ਬਦ ਦੇ ਭਿੰਨ ੨ ਜੋੜ ਵੇਖੇ ਜਾ ਸਕਦੇ ਹਨ. ਪੰਜਾਬੀ ਦੇ ਜੇਹੜੇ ਗ੍ਰੰਥ-ਕਾਰ ਪੰਜਾਬੀ ਤੋਂ ਇਲਾਵਾ ਹੋਰ ਜ਼ਿਆਦਾ ਪ੍ਰਾਚੀਨ ਤੇ ਐਸੀਆਂ ਵਿਸ਼ਾਲ ਵਿਭੂਤੀ ਸੰਪੰਨ ਬੋਲੀਆਂ ਤੋਂ ਜਾਣੂ ਹਨ ਜਿਨ੍ਹਾਂ ਦੇ ਸ਼ਬਦ ਭੰਡਾਰ ਬੜੇ ਵਸੀਹ ਤੇ ਓਜਸ੍ਵੀ ਹਨ, ਉਹ ਵੀ ਗ਼ੈਰ ਬੋਲੀਆਂ ਵਿੱਚੋਂ ਸ਼ਬਦ ਲੈਣ ਦੇ ਤਰੀਕੇ ਨ ਜਾਣਨ ਦੇ ਕਾਰਣ ਆਪਣੇ ਇਲਮ, ਵਾਕਫ਼ੀਅਤ ਅਰ ਤਜਰਬੇ ਤੋਂ ਪੰਜਾਬੀ ਨੂੰ ਯਥੋਚਿਤ ਲਾਭ ਪਹੁੰਚਾਣ ਦੇ ਸਮਰਥ ਨਹੀਂ. ਬੜੇ ਹੀ ਭੱਦੇ ਤੇ ਅਣਢੁਕਵੇਂ ਤਰੀਕਿਆਂ ਦੁਆਰਾ ਉਹ ਗ਼ੈਰ ਬੋਲੀਆਂ ਦੇ ਅਤਿ ਸੋਹਣੇ ਤੇ ਚਮਕੀਲੇ, ਨਵੇਂ, ਸ਼ਬਦਾਂ ਨੂੰ ਪੰਜਾਬੀ ਦੇ ਪੁਰਾਣੇ ਪੋਂਡੂ ਸ਼ਬਦਾਂ ਨਾਲ ਆਣ ਬਿਠਾਂਦੇ ਹਨ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਬਾਰਤ ਵਿੱਚੋਂ ਉਹ ਖ਼ੂਬੀ ਬਿਲਕੁਲ ਹੀ ਗ਼ਾਇਬ ਹੋ ਜਾਂਦੀ ਹੈ ਜਿਸ ਨੂੰ ਉਹ ਵਿਸ਼ੇਸ਼ ਕਰਕੇ ਪਾਠਕ ਦੇ ਪੇਸ਼ ਕਰਨਾ ਚਾਹੁੰਦੇ ਹਨ. ਪੁਰਾਣੇ ਪੋਂਡੂ ਸ਼ਬਦ "ਰਾਬਿਨਸਨ ਕਰੂਸੋ" ਦੇ ਦਰਜੇ ਦੀ ਅੰਗ੍ਰੇਜ਼ੀ ਵਾਂਗ ਪੰਜਾਬੀ ਦੀ ਬਾਲ ਸ਼ਿਕਸ਼ਾ ਗ੍ਰੰਥਾਵਲੀ ਤਾਂ ਜ਼ਰੂਰ ਵਧਾਂਦੇ ਚਲੇ ਜਾਨਗੇ ਪਰ ਇਹ ਕਾਰਲਾਈਲ, ਐਮਰਸਨ, ਰਸਕਿਨ ਤੇ ਕਾਲਰਿਜ ਦੀ ਸ਼੍ਰੇਣੀ ਦਾ ਸਾਹਿਤਜ ਕਾਲ ਦੇ ਅੰਤ ਤਕ ਵੀ ਪੈਦਾ ਨ ਕਰ ਸਕਨਗੇ. ਪੋਂਡੂ ਸ਼ਬਦਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਅਲੰਕ੍ਰਿਤ ਰਚਨਾ ਦੀ ਇਬਾਰਤ ਵਿੱਚ, ਉੱਚ ਸ਼੍ਰੇਣੀ ਦੇ ਸ਼ੋਭਨੀਕ * ਸੰਸਕਾਰਜ (ਅਥਵਾ * ਸੰਸਕਾਰ ਪੂਤ, * ਸੰਸਕ੍ਰਿਤ ਯਾ * ਸੰਸਕਾਰ ਕ੍ਰਿਤ) ਸ਼ਬਦਾਂ ਨਾਲ, ਭਾਵੇਂ ਇਹ ਆਪਣੀ ਬੋਲੀ ਦੇ ਹੋਵਨ ਯਾ ਕਿਸੇ ਗ਼ੈਰ ਬੋਲੀ ਦੇ, ਰਲਾ ਕੇ ਵਰਤਣਾ ਏਦਾਂ ਹੀ ਹੈ ਜਿੱਦਾਂ ਅਣਘੜੇ ਵਟਿਆਂ ਨੂੰ ਕਿਸੇ ਸ਼ਾਨਦਾਰ ਇਮਾਰਤ ਵਿੱਚ ਘੜੇ ਹੋਏ ਵਟਿਆਂ ਨਾਲ, ਅਥਵਾ ਛਾਣ ਬੂਰੇ ਨੂੰ ਛਾਣੇ ਹੋਏ ਆਟੇ ਯਾ ਮੈਦੇ ਨਾਲ ਰਲਾ ਕੇ ਵਰਤਣਾ ਹੈ.

(੧੧) ਭਰਥਰੀ ਹਰੀ ਜੀ ਨੇ ਠੀਕ ਲਿਖਿਆ ਹੈ (ਨੀਤੀ ਸ਼ਤਕ, ੧੯) ਕਿ ਮਨੁੱਖ ਨੂੰ ਰਤਨ ਜੜਿਤ ਬਹੁੱਟੇ (ਬਾਜੂਬੰਦ), ਚੰਦ੍ਰਮਾ ਸਮਾਨ ਉੱਜਲ ਮੋਤੀਆਂ ਦੇ ਚਮਕੀਲੇ ਹਾਰ, ਇਸ਼ਨਾਨ, ਚੰਦਨ ਦੇ ਲੇਪ, ਫੁੱਲਾਂ ਦੇ ਸ਼ਿੰਗਾਰ ਅਰ ਸੁਧਰੇ ਹੋਏ ਕੇਸ (ਜ਼ੁਲਫ਼ਾਂ) ਤੇ ਘੁੰਘਰਾਲੇ ਵਾਲ ਸ਼ੋਭਨੀਕ ਨਹੀਂ ਬਣਾ ਸਕਦੇ, ਕੇਵਲ ਬਾਣੀ ਹੀ ਮਨੁੱਖ ਨੂੰ ਸੁੰਦਰ ਤੇ ਸ਼ੋਭਨੀਕ ਬਣਾ ਸਕਦੀ ਹੈ. ਪਰ, ਉਹ ਬਾਣੀ ਕੈਸੀ ਹੋਵੇ ? ਦਸਦੇ ਹਨ : "ਯਾ ਸੰਸਕ੍ਰਿਤਾ ਧਾਰਯਤੇ", ਅਰਥਾਤ, "ਜੇਹੜੀ ਸੰਸਕਾਰ ਯੁਕਤ ਕੀਤੀ ਜਾ ਚੁਕੀ ਹੋਵੇ," ਯਾਨੇ, "ਜਿਸ ਨੂੰ ਭਲੀ ਪ੍ਰਕਾਰ ਘੜਿਆ ਜਾ ਚੁਕਾ ਹੋਵੇ," "ਜੋ ਕਿਸੇ ਮਾਪ ਤੋਲ ਦੁਆਰਾ ਤੋਲੀ ਜਾ ਚੁਕੀ ਹੋਵੇ," ਯਾ, "ਜੋ ਕਿਸੇ ਢਾਂਚੇ ਵਿੱਚ ਢਾਲੀ ਜਾ ਚੁੱਕੀ ਹੋਵੇ." ਐਵੇਂ ਬੇ ਥਵ੍ਹੀ ਉਜੱਡ ਭਾਸ਼ਾ (ਕਿਧਰੇ ਦੀ ਇੱਟ ਤੇ ਕਿਧਰੇ ਦਾ ਰੋੜਾ ਕੱਠਾ ਕਰ ੨ ਕੇ ਰਚੀ ਹੋਈ ਭਾਸ਼ਾ) ਚਿਰੰਜੀਵੀ ਨਹੀਂ ਹੋ ਸਕਦੀ, ਅਰ ਜੋ ਸੁਯੰ ਸੰਸਕਾਰ ਯੁਕਤ ਨਹੀਂ ਉਹ ਮਨੁਖ ਨੂੰ ਵੀ ਕਦਾਪੀ ਅਲੰਕ੍ਰਿਤ ਨਹੀਂ ਕਰ ਸਕਦੀ. ਤੁੱਸੀ ਸਾਰੇ ਜਹਾਨ ਦੀਆਂ ਮੁਖ਼ਤਲਿਫ਼ ਧਾਤਾਂ ਯਾ ਪਥਰਾਂ ਦੇ ਮਣਕਿਆਂ ਦੀ ਅਤਿ ਸੁੰਦਰ ਮਾਲਾ ਬਣਾ ਸਕਦੇ ਹੋ ਪਰ ਸ਼ਰਤ ਇਹ ਹੈ ਕਿ, ਮੁਖ਼ਤਲਿਫ਼ ਧਾਤਾਂ ਯਾ ਪਥਰਾਂ ਦੇ ਮਣਕੇ, ਭਾਵੇਂ ਯਕਰੰਗ ਤੇ ਹਮਵਜ਼ਨ ਨਾਂ ਵੀ ਹੋਵਨ, ਤਾਂ ਵੀ, ਉਹ ਹਮਸ਼ਕਲ ਯਾ ਸਮਾਨਾਕਾਰ ਜ਼ਰੂਰ ਹੋਵਨ. ਮੁਢਲੇ ਪੌਂਡੂ ਸ਼ਬਦ ਬਿਲਕੁਲ ਹੀ ਮਹਦੂਦ ਹਲਕਿਆਂ ਦੇ ਖ਼ਿਆਲਾਂ ਤੋਂ ਬਿਨਾਂ ਹੋਰ ਕਿਸੇ ਪ੍ਰਕਾਰ ਦੇ ਵੀ ਉੱਚ ਖ਼ਿਆਲ ਪ੍ਰਗਟ ਕਰਨ ਦੀ ਹੈਸੀਅਤ ਤੇ ਕਾਬਲੀਅਤ ਨਹੀਂ ਰਖਦੇ. ਏਹਨਾਂ ਸ਼ਬਦਾਂ ਦੁਆਰਾ ਘਰ, ਖੇਤ, ਖੂਹ, ਖੇਡਾਂ ਤੇ ਤਿੰਜਣਾ, ਤੀਆਂ, ਮੁਕਦਮਿਆਂ, ਕੁਸ਼ਤੀਆਂ ਆਦਿਕ ਦੀਆਂ ਲੋੜਾਂ ਤੋਂ ਇਲਾਵਾ ਸੂਖਮ ਖ਼ਿਆਲਾਂ ਦਾ ਪ੍ਰਗਟ ਕਰਨਾ ਸੰਭਵ ਨਹੀਂ; ਅਤੇ ਗਾਰੇ ਦੀਆਂ

* 'Produced by purificatory rites, rendered pureor purified by refinement ; carefully or accurately formed, made or constr ucted, fabricated, elaborated, highly wrought, polished, cultiva ted, perfected, completed, finished, made ready, ornamented, embelished, moulded" A Sanskrit-English Dictionary by Monier Williams ; p. 1041, under ਸੁੰਸ੍ਕ੍ਰ

Sri Satguru Jagjit Singh Ji eLibrary NamdhariElibrary@gmail.com

ਕੱਚੀਆਂ ਯਾ ਪਕੀਆਂ ਇੱਟਾਂ ਦੀ, ਲਾਲ ਪੱਥਰ, ਸੰਗਮਰਮਰ, ਸੀਮੈਂਟ ਯਾ ਬਿਲੌਰੀ ਸ਼ੀਸ਼ੇ ਦੀਆਂ ਪਟੜੀਆਂ ਦੀ, ਉਸਰੀ ਹੋਈ ਕੰਧ ਦੀ ਬੈਰੂਨੀ ਸ਼ਾਨ ਵੀ, ਇੱਕੋ ਜਈ ਨਹੀਂ ਹੋਵੇਗੀ. ਜਿਨ੍ਹਾਂ ਪੰਜਾਬੀ ਵਿਦ੍ਵਾਨਾਂ ਦਾ ਮਤ ਹੈ ਕਿ 'ਠੇਠ' ਪੰਜਾਬੀ ਦੇ ਸ਼ਬਦ ਸਾਨੂੰ ਕੇਵਲ ਪੇਂਡੂ ਸ਼ਬਦਾਵਲੀ ਤੋਂ ਹੀ ਪ੍ਰਾਪਤ ਹੋ ਸਕਦੇ ਹਨ ਉਹ 'ਠੇਠ' ਸ਼ਬਦ ਦਾ ਪ੍ਰਯੋਗ ਯੋਗ ਨਹੀਂ ਕਰਦੇ. 'ਠੇਠ' ਦਾ ਮੂਲ 'ਸ਼੍ਰੇਸ਼ਠ' ਤੋਂ ਹੈ, ਅਰ ਕਿਸੇ ਵੀ ਦੇਸ਼ ਦੀ ਸ਼੍ਰੇਸ਼ਠ ਭਾਸ਼ਾ ਪੇਂਡੂ ਯਾ ਗ੍ਰਾਮੀਨ ਨਹੀਂ ਹੋ ਸਕਦੀ, ਇਹ ਅਵੱਸ਼ ਉਹ ਹੀ ਮਨਣੀ ਪਵੇਗੀ ਜੋ ਸ਼ਾਸਤ੍ਰਗਤ ਤੇ ਸਭਿਆਚਾਰੀ ਵਿਦ੍ਵਾਨਾਂ ਵਿੱਚ, ਕਿਸੇ ਦੇਸ਼ ਦੀ ਰਾਜਧਾਨੀ ਦੇ ਗਿਰਦ, ਪ੍ਰਚਲਿਤ ਹੈ, ਨਾਂ ਕਿ ਉਹ ਜੋ ਕਿਸੇ ਦੇਸ਼ ਦੇ ਕੇਂਦ੍ਰ ਤੋਂ ਦੂਰ ਲਾਂਭੇ ਤੇ ਦੁਰਾਡੇ, ਅਸਭਤਾ ਪਿੰਡਾਂ ਵਿੱਚ ਰਾਇਜ ਹੈ. ਪੇਂਡੂ ਸ਼ਬਦਾਵਲੀ ਮੁਢਲੇ ਯਾ ਆਰੰਭਕ ਸਾਹਿਤਯ ਦੇ ਠੀਕ ਕੰਮ ਆ ਸਕਦੀ ਹੈ ਪਰ ਮੱਧਯਮ ਤੇ ਉੱਚ ਸਾਹਿਤਯ ਲਈ ਇਸ ਦਾ ਪ੍ਰਯੋਗ ਅਤਯੰਤ ਮਹਿਦੂਦ ਹੈ.

(੧੨) ਪੰਜਾਬੀ ਨੂੰ ਗ੍ਰੀਬ ਤੋਂ ਅਮੀਰ ਬਣਾਣ ਵਾਲੀ, ਲਿੱਸੀ ਤੋਂ ਬਲਿਸ਼ਟ ਕਰਨ ਵਾਲੀ, ਬੁੱਸੀ (ਬੁੱਚੀ) ਤੋਂ ਗਹਿਣਿਆਂ ਨਾਲ ਸਜਾਣ ਵਾਲੀ, ਸਭ ਤੋਂ ਪਹਿਲਾਂ, ਇਸ ਦੀ ਸੱਕੀ, ਯਾ ਦੂਰ ਨੇੜੇ ਤੋਂ ਰਿਸ਼ਤੇ ਵਿੱਚ, ਇਸ ਦੀ ਭੈਣ, ਹਿੰਦੀ ਹੈ. ਇਸ ਤੋਂ ਬਾਦ ਇਸ ਦੀਆਂ ਲੋੜਾਂ ਤੇ ਥੁੜਾਂ ਨੂੰ ਪੂਰੀ ਕਰਨ ਵਾਲੀ ਇਸ ਦੀ ਮਾਂ, ਯਾ ਨਾਨੀ, ਸੰਸਕ੍ਰਿਤ ਹੈ. ਪਰ ਜਿਸ ਔਕੜ ਵਿੱਚ ਇਹ ਦੋਵੇਂ, ਸ੍ਵਦੇਸ਼ੀ ਹਿਤਕਾਰਨਾਂ, ਇਸ ਦੀਆਂ ਸਹਾਇਕ ਨਹੀਂ ਹੋ ਸਕਦੀਆਂ ਉੱਥੇ ਲੋੜ ਵੇਲੇ (ਪਰਦੇਸੀ ਦਵਾਈਆਂ, ਅਨਾਜਾਂ, ਹਥਿਆਰਾਂ, ਔਜ਼ਾਰਾਂ, ਅਜੂਬਿਆਂ ਆਦਿਕ ਵਾਂਗ) ਸਾਨੂੰ ਪਰਦੇਸੀ ਬੋਲੀਆਂ ਦਾ ਪ੍ਰਯੋਗ ਵੀ ਵਰਜਿਤ ਨਹੀਂ. ਸਾਡੇ ਦੇਸ ਦੇ ਪਰਮ ਸਨਮਾਨਿਤ ਤੇ ਸਾਹਿਤਯ ਵਿਸ਼ਾਰਦ, ਗੁਰਬਾਣੀ ਦੇ ਰਚਨਹਾਰ, ਸਤਿਗੁਰਾਂ ਨੇ ਵੀ ਆਪਣੀਆਂ ਸਾਹਿਤਯਕ ਲੋੜਾਂ ਨੂੰ ਪਰਦੇਸੀ ਸੋਮਿਆਂ ਤੇ ਮੰਡੀਆਂ ਤੋਂ ਪੂਰਾ ਕਰਨ ਵਿੱਚ ਕਦੇ ਸੰਕੋਚ ਨਹੀਂ ਕੀਤਾ. ਤਾਂ ਵੀ ਸਤਿਗੁਰਾਂ ਨੇ ਬਾਣੀ ਵਿੱਚ ਪ੍ਰਥਮਤਾ ਤੇ ਪ੍ਰਧਾਨਤਾ ਹਰ ਥਾਂ ਹਰ ਹਾਲਤ ਵਿੱਚ ਹਿੰਦੀ ਨੂੰ ਹੀ ਦਿੱਤੀ ਹੈ. ਹਿੰਦੀ ਦੇ ਮੁਕਾਬਲੇ ਵਿੱਚ ਉਹਨਾਂ ਨੇ ਵਿਦੇਸ਼ੀ ਸ਼ਬਦ ਬਹੁਤ ਹੀ ਘਟ ਵਰਤੇ ਹਨ. ਸੋ * ਸਾਡੇ ਲਈ ਵੀ ਸ਼ੋਭਨੀਕ ਤੇ

* ਇਸ ਸੰਬੰਧ ਵਿੱਚ ਮੈਂ ਆਪਣੇ ਖ਼ਿਆਲ ਆਪਣੀ (੧੯੬੧ ਵਿੱਚ ਪ੍ਰਕਾਸ਼ਿਤ ਹੋਈ) ਹਿੰਦੀ ਰਚਨਾ "ਮਹਾਤਮਾ ਗਾਂਧੀ ਚਮਤਕਾਰ" ਦੀ ਅੰਗ੍ਰੇਜ਼ੀ ਭੂਮਿਕਾ ਵਿੱਚ ਇਸ ਪ੍ਰਕਾਰ ਪ੍ਰਗਟ ਕਰ ਚੁਕਾ ਹਾਂ:--

It has long been my considered and cherished view that in the golden ornaments of chaste Panjabi the words of noble Hindi

ਬਾਕੀ ਸਫ਼ਾ ੨੩ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਯੁਕਤ ਏਹੋ ਹੈ ਕਿ ਅੱਸੀਂ ਪੰਜਾਬੀ ਵਿੱਚ ਲੋੜ ਵੇਲੇ ਪ੍ਰਥਮਤਾ ਤੇ ਪ੍ਰਧਾਨਤਾ ਹਿੰਦੀ ਨੂੰ ਹੀ ਦੇਵੀਏ. ਪਰ ਹਿੰਦੀ ਤੇ ਸੰਸਕ੍ਰਿਤ ਵਿਚੋਂ ਪੰਜਾਬੀ ਲਈ ਸ਼ਬਦ ਲੈਣ ਲਈ ਸਾਨੂੰ ਪਹਿਲਾਂ ਉਹ ਨਿਯਮ ਲਭਣੇ ਆਵਸ਼ਯਕ ਹਨ ਜਿਨ੍ਹਾਂ ਦੁਆਰਾ ਅੱਸੀਂ ਇਸ ਕਾਰਜ ਨੂੰ ਯੁਕਤ ਵਿਧੀ ਅਨੁਸਾਰ ਨਿਭਾ ਸਕੀਏ. ਕਿਉਂ ਕਿ ਸੰਸਕ੍ਰਿਤ ਦੇ ਉਹ ਸ਼ਬਦ ਜੋ ਹਿੰਦੀ ਵਿੱਚ ਤਤਸਮ ਰੂਪ ਹੀ ਪ੍ਰਚਲਿਤ ਹਨ ਉਹਨਾਂ ਵਿੱਚੋਂ ਬਹੁਤ ਹੀ ਘਟ ਐਸੇ ਹਨ ਜੋ ਪੰਜਾਬੀ ਵਿੱਚ ਲੈਣੇ ਪੂਰਨ ਉਚਿਤ ਤੇ ਸ਼ੋਭਨੀਕ ਹੋਨਗੇ. ਪੰਜਾਬੀ ਮਨੁਖ ਦਾ ਵਾਚਸ ਕਰਣ (Vocal Organ) ਹੀ ਐਸਾ ਨਹੀਂ ਕਿ ਉਹ, ਹਿੰਦੀ ਦੇ ਗਿਆਨ ਤੋਂ ਬਿਨਾਂ, ਵਿਸ਼ੇਸ਼ ਤਤਸਮ ਸੰਸਕ੍ਰਿਤ ਸ਼ਬਦਾਂ ਦਾ ਉੱਚਾਰਣ ਪੰਜਾਬੀ ਸ਼ਬਦਾਂ ਦੇ ਨਾਲ ਢੁਕਾ ਸਕੇ, ਜਿਹਾ ਕਿ ਹਿੰਦੀ ਬੋਲ ਚਾਲ ਵਿੱਚ ਏਹਨਾਂ ਸ਼ਬਦਾਂ ਨੂੰ ਪੂਰਬੀ ਮਨੁਖ ਆਪਣੇ ਮੂੰਹੋਂ ਢੁਕਾ ਸਕਦੇ ਹਨ. ਹਾਂ ਸੰਸਕ੍ਰਿਤ ਤੋਂ ਹਿੰਦੀ ਵਿੱਚ ਲਿਆਂਦੇ ਹੋਏ ਤਦਭਵ ਸ਼ਬਦਾਂ ਦਾ ਪ੍ਰਯੋਗ ਪੰਜਾਬੀ ਵਿੱਚ ਸੁਖੈਨ ਹੀ ਹੋ ਸਕਦਾ ਹੈ. ਇਸ ਵਿਆਖਿਆ ਤੋਂ ਇੱਕ ਅਤਯੰਤ ਗੁਪਤ ਅਰ ਅਤਯੰਤ ਹੀ ਆਵਸ਼ਯਕ ਨਿਯਮ ਤੇ ਰੋਸ਼ਨੀ ਜਾ ਪੈਂਦੀ ਹੈ ਉਹ ਇਹ ਕਿ, ਕਿਸੇ ਵੀ ਪੰਜਾਬੀ ਬਾਲਕ ਦਾ, ਸਾਹਿਤਯਕ ਵਿਚਾਰ ਦ੍ਰਿਸ਼ਟੀ ਤੋਂ, ਜੋ ਹਿੰਦੀ ਤੇ ਪੰਜਾਬੀ ਦੇ ਉੱਚ ਸ਼ਬਦਾਂ ਦਾ ਸ਼ੁੱਧ ਉੱਚਾਰਣ ਅਭਿਲਾਸ਼ਿਤ ਹੈ ਤਾਂ, ਬਾਲਕ ਨੂੰ ਪਹਿਲਾਂ ਹਿੰਦੀ ਤੇ ਮਗਰੋਂ ਪੰਜਾਬੀ ਪੜ੍ਹਾਣੀ ਉਚਿਤ ਹੈ. ਕਿਉਂਕਿ ਪੂਰਨ ਨਿਸ਼ਚਿਤ ਦਾਵਾ ਕੀਤਾ ਜਾ ਸਕਦਾ ਹੈ ਕਿ ਜੇ ਪੰਜਾਬੀ ਬਾਲਕ ਪਹਿਲਾਂ ਹਿੰਦੀ ਪੜ੍ਹ ਕੇ ਮਗਰੋਂ ਪੰਜਾਬੀ ਪੜ੍ਹੇ ਤਾਂ ਉਹ ਔਖੇ ਤੇ ਅਣੋਖੇ ਸੰਸਕ੍ਰਿਤ ਸ਼ਬਦਾਂ ਦਾ ਵੀ ਪੰਜਾਬੀ ਵਿੱਚ ਸ਼ੁੱਧ ਉੱਚਾਰਣ ਕਰੇਗਾ. ਪਰ ਜੇ ਪੰਜਾਬੀ ਪੜ੍ਹ ਕੇ ਮਗਰੋਂ ਹਿੰਦੀ ਯਾ ਸੰਸਕ੍ਰਿਤ ਪੜ੍ਹੇਗਾ ਤਾਂ ਉਹ ਉੱਚ ਹਿੰਦੀ ਤੇ ਸੰਸਕ੍ਰਿਤ ਦੋਹਾਂ ਹੀ ਬੋਲੀਆਂ ਦੇ ਔਖੇ ਤੇ ਅਣੋਖੇ ਸ਼ਬਦਾਂ ਦਾ ਉੱਚਾਰਣ ਸਦਾ ਹੀ ਅਸ਼ੁੱਧ ਕਰੇਗਾ. ਕਿਉਂਕਿ ਜੋ ਸ਼ਬਦ ਜਿਸ ਤਰ੍ਹਾਂ ਪਹਿਲਾਂ ਸਿਮ੍ਰਿਤੀ ਵਿੱਚ ਬੈਠ ਚੁਕਾ ਹੈ ਉਹ ਬੜੇ ਕਰੜੇ ਪ੍ਰੀਸ਼੍ਰਮ ਤੇ ਦੀਰਘ ਕਾਲੀਨ ਅਭਿਆਸ ਦੁਆਰਾ ਹੀ ਮੁੜ ਕਿਸੇ ਨਵੇਂ ਰੂਪ ਵਿੱਚ ਸਿਮ੍ਰਤੀ ਦਾ ਵਸਨੀਕ ਬਣ ਸਕਦਾ ਹੈ, ਵਰਨਾ ਨਹੀਂ. ਏਹੋ ਹਾਲ ਵਿਦੇਸ਼ੀ ਬੋਲੀਆਂ ਨੂੰ ਸਿੱਖਣ ਵਿਚ ਵੀ ਹੈ. ਜਿਨ੍ਹਾਂ ਅੰਗ੍ਰੇਜ਼ੀ ਸ਼ਬਦਾਂ ਦਾ ਅਸ਼ੁੱਧ ਉੱਚਾਰਣ ਮੁਢਲੀ ਤਾਲੀਮ ਦੇ ਦਿਨਾਂ

ਸਫ਼ੇ ੨੨ ਦੀ ਬਾਕੀ

shine like radiant gems. Standard Panjabi, the language of religious, philosophical, scientific and high literary taste, unadulterated with slang, obsolete and archaic words, will never attain its fullest bloom of sweet, strong and graceful adolescence unless its corpus is enriched with all the absorbable words of non-pedantic Hindi.

Sri Satguru Jagjit Singh Ji eLibrary NamdhariElibrary@gmail.com

ਵਿੱਚ ਸਿਮ੍ਰਿਤੀ ਵਿੱਚ ਇਸਥਿਤ ਹੋ ਚੁਕਾ ਹੈ ਉਹ, ਸਾਧਾਰਣ ਮਨੁਖ ਲਈ, ਆਯੂ ਭਰ ਵੈਸਾ ਅਸ਼ੁੱਧ ਹੀ ਰਹੇਗਾ, ਕਦੇ ਵੀ ਸ਼ੁੱਧ ਨ ਹੋ ਸਕੇਗਾ. ਮੈਂ ਅਕਸਰ ਰੇਡੀਓ ਦੀਆਂ ਅੰਗ੍ਰੇਜ਼ੀ ਤਕਰੀਰਾਂ ਸੁਣਦਾ ਹਾਂ ਤੇ ਬੜੇ ੨ ਨੇਤਿਆਂ, ਪੜਨੇਤਿਆਂ, ਮਾਨਨੀਯ ਭਦ੍ਰ ਮਨੁੱਖਾਂ ਤੇ ਦਕਸ਼ ਵਕਤਿਆਂ ਦਿਆਂ ਭਾਸ਼ਣਾਂ ਵਿੱਚ ਵੀ ਸ਼ਬਦਾਂ ਦੇ ਅਸ਼ੁੱਧ ਉੱਚਾਰਣ ਦਾ ਨੁਕਸ ਵੇਖਦਾ ਹਾਂ, ਤੇ ਸਾਫ਼ ਪਤਾ ਲਗਦਾ ਰਹਿੰਦਾ ਹੈ ਕਿ ਕੇਹੜੇ ਵਿਦ੍ਵਾਨ ਦੀ ਮੁਢਲੀ ਤਾਲੀਮ ਅੰਗ੍ਰੇਜ਼ ਉਸਤਾਦ ਦੁਆਰਾ ਹੋਈ ਹੈ ਤੇ ਕੇਹੜੇ ਦੀ ਨਸਲੀ-ਸ੍ਵਦੇਸ਼ੀ ਉਸਤਾਦ ਦੁਆਰਾ. ਇਸੇ ਨੁਕਸ ਨੂੰ ਹਟਾਣ ਲਈ ਹੁਣ ਸਿਆਣੇ ਮਾਪੇ, ਜੋ ਆਪਣੇ ਬਾਲਕਾਂ ਨੂੰ ਸ਼ੁੱਧ, ਉੱਚ ਤੇ ਨਿਰਦੋਸ਼ ਅੰਗ੍ਰੇਜ਼ੀ ਵਿਦਿਆ ਦੇਣਾ ਚਾਹੁੰਦੇ ਹਨ, ਉਹ ਉਹਨਾਂ (ਬਾਲਕਾਂ) ਨੂੰ ਅਰੰਭ ਤੋਂ ਹੀ ਕਿਸੇ ਐਸੇ ਅੰਗ੍ਰੇਜ਼ੀ ਸਕੂਲ ਵਿੱਚ ਦਾਖ਼ਲ ਕਰਾਂਦੇ ਹਨ ਜਿੱਥੇ ਅੰਗ੍ਰੇਜ਼ ਖ਼ੁਦ ਅੰਗ੍ਰੇਜ਼ੀ ਪੜ੍ਹਾਂਦੇ ਹੋਵਨ ਅਥਵਾ ਅੰਗ੍ਰੇਜ਼ਾਂ ਤੋਂ ਪੜ੍ਹੇ ਹੋਏ ਦੇਸੀ ਉਸਤਾਦ. ਮੇਰਾ ਪੂਰਨ ਵਿਸ਼੍ਵਾਸ ਹੈ ਕਿ ਸਾਡੇ ਸਤਿਗੁਰਾਂ ਨੇ ਪਹਿਲਾਂ ਹਿੰਦੀ ਤੇ ਸੰਸਕ੍ਰਿਤ ਦੀ ਸਿਖਿਆ ਪਾਈ ਹੈ, ਤੇ ਮਗਰੋਂ ਪੰਜਾਬੀ ਦੀ.

(੧੩) ਪਰ ਇਸ ਸੰਬੰਧ ਵਿੱਚ ਇੱਕ ਸ੍ਵਾਦਲੀ ਤੇ ਅਚੰਭੇ ਵਾਲੀ ਗਲ ਇਹ ਹੈ ਕਿ ਪੰਜਾਬੀ ਤੇ ਹਿੰਦੀ ਦੋਹਾਂ ਵਿੱਚ, ਅਰਬੀ, ਫ਼ਾਰਸੀ ਅੰਗ੍ਰੇਜ਼ੀ ਆਦਿਕ ਵਿਦੇਸ਼ੀ ਬੋਲੀਆਂ ਦੇ ਤਤਸਮ ਸ਼ਬਦ ਸਗੋਂ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਤੋਂ ਵਧੀਕ ਸੁਗਮਤਾ ਤੇ ਸ਼ੋਭਾ ਨਾਲ ਮਿਸ਼੍ਰਿਤ ਤੇ ਅਭੇਦ ਹੋ ਜਾਂਦੇ ਹਨ. ਬਲਕਿ ਜੇ ਫ਼ਾਰਸੀ, ਅਰਬੀ, ਅੰਗ੍ਰੇਜ਼ੀ ਆਦਿਕ ਬੋਲੀਆਂ ਦੇ ਸ਼ਬਦਾਂ ਨੂੰ ਵਿਕ੍ਰਿਤ ਕਰ ਕੇ (ਅਰਥਾਤ ਬਿਗਾੜ ਕੇ ਯਾ ਅਪਭ੍ਰਸ਼ਟ ਕਰ ਕੇ) ਪੰਜਾਬੀ ਯਾ ਹਿੰਦੀ ਨਾਲ ਰਲਾਇਆ ਜਾਏ ਤਾਂ ਉਹ ਇਤਨੇ ਸ਼ੋਭਨੀਕ ਤੇ ਸ਼ਾਨਦਾਰ ਪ੍ਰਤੀਤ ਨਹੀਂ ਹੁੰਦੇ ਜਿਤਨੇ ਕਿ ਤਤਸਮ ਰੂਪ ਵਿੱਚ ਪ੍ਰਤੀਤ ਹੁੰਦੇ ਹਨ; ਅਥਵਾ ਇਉਂ ਕਹੋ ਕਿ ਵਰਤਮਾਨ ਬੋਲੀਆਂ ਦੇ ਸ਼ਬਦ ਤਤਸਮ ਰੂਪ ਵਿੱਚ ਹੀ ਕਿਸੇ ਗ਼ੈਰ ਬੋਲੀ ਦੇ ਨਾਲ ਸ਼ੋਭਨੀਕ ਭਾਸਦੇ ਹਨ, ਤਦਭਵ ਰੂਪ ਵਿੱਚ ਉਹਨਾਂ ਦੀ ਸ਼ਾਨ ਬਿਲਕੁਲ ਹੀ ਲੋਪ ਹੋ ਜਾਂਦੀ ਹੈ. ਇਸ ਦਾ ਗੁਪੱਤ, ਪਰ ਯਥਾਰਥ, ਕਾਰਣ ਸਮਕਾਲੀਨਤਾ ਤੇ ਸਮਾਨ ਭਾਵਨਾ ਹੈ, ਅਰਥਾਤ, ਚੂੰਕਿ ਵਰਤਮਾਨ ਬੋਲੀਆਂ, ਵਰਤਮਾਨ ਦੁਨੀਆਂ ਵਿੱਚ, ਹਰ ਥਾਂ, ਤਕਰੀਬਨ ਇੱਕੋ ਜਈਆਂ ਬੈਰੂਨੀ ਤੇ ਅੰਦਰੂਨੀ ਲੋੜਾਂ ਨੂੰ ਮੁਖ ਰਖ ਕੇ ਘੜੀਆਂ ਹੋਈਆਂ ਹਨ ਇਸ ਲਈ ਉਹ ਸਭ ਨੂੰ ਤਤਸਮ ਰੂਪ ਵਿੱਚ ਹੀ ਮਕਬੂਲ ਤੇ ਸੁਗਮ ਪ੍ਰਤੀਤ ਹੁੰਦੀਆਂ ਹਨ. ਪਰ ਪੁਰਾਣੀਆਂ ਬੋਲੀਆਂ ਜਿਨ੍ਹਾਂ ਅੰਦਰੂਨੀ ਤੇ ਬੈਰੂਨੀ ਲੋੜਾਂ ਨੂੰ ਪੂਰਾ ਕਰਨ ਲਈ ਘੜੀਆਂ ਗਈਆਂ ਸਨ ਉਹ ਵਰਤਮਾਨ ਲੋੜਾਂ ਤੋਂ ਸਰਵਥਾ ਭਿੰਨ ਸਨ, ਇਸ ਲਈ ਵਰਤਮਾਨ ਬੋਲੀਆਂ ਦੇ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਨਾਲ ਪੁਰਾਤਨ ਬੋਲੀਆਂ ਦੇ ਸ਼ਬਦ ਤਤਸਮ ਰੂਪ ਵਿੱਚ ਅਤਿ ਓਪਰੇ, ਅਣੋਖੇ ਤੇ ਔਖੇ ਪ੍ਰਤੀਤ ਹੁੰਦੇ ਹਨ. ਫਿਰ, ਜੇਹੜੇ ਸ਼ਬਦ ਕਿਸੇ ਵੀ ਬੋਲੀ ਵਿੱਚ ਬੇਅੰਤ ਸਮੇਂ ਦੇ ਗੇੜਾਂ ਮਗਰੋਂ ਕਿਸੇ ਵਿਕ੍ਰਿਤ (ਯਾ ਅਪਭ੍ਰੰਸ਼) ਰੂਪ ਵਿੱਚ ਪ੍ਰਚਲਿਤ ਹੋ ਗਏ ਹਨ ਉਹਨਾਂ ਨੂੰ ਮੁੜ ਧਿੰਗੋਜੋਰੀ ਉਹਨਾਂ ਦੇ ਪੁਰਾਣੇ ਅਸਲੀ ਰੂਪ ਵਿੱਚ ਬਦਲ ਕੇ ਪ੍ਰਚਲਿਤ ਕਰਾਣਾ ਵੀ ਅਤਯੰਤ ਅਪ੍ਰਸ਼ੰਸਨੀਯ ਤੇ ਅਯੁਕਤ ਪ੍ਰਤੀਤ ਹੁੰਦਾ ਹੈ. ਇਕ ਹਜ਼ਾਰ ਵਿਕ੍ਰਿਤ, ਯਾ ਵਰਤਮਾਨ, ਸ਼ਬਦਾਂ ਦੇ ਨਾਲ ਕੋਈ ਇੱਕ ਵਿਸ਼ੇਸ਼ ਸ਼ਬਦ, ਜਿਸ ਦੀ ਵਿਕ੍ਰਿਤ ਸ਼ਕਲ ਕਲ ਤਕ ਪ੍ਰਚਲਿਤ ਸੀ, ਉਸ ਨੂੰ ਯਕਾ ਯਕ ਦੂਜਿਆਂ ਤੋਂ ਅੱਡ ਕਰ ਕੇ ਪੁਰਾਤਨ ਰੂਪ ਵਿੱਚ ਵਰਤਣਾ, ਕਿਸੇ ਤਰ੍ਹਾਂ ਵੀ ਯੁਕਤੀ ਅਨੁਕੂਲ ਸਿੱਧ ਨਹੀਂ ਹੋ ਸਕਦਾ. ਸਾਡਾ 'ਜਮਨਾ' ਨੂੰ 'ਯਮੁਨਾ' ਤੇ 'ਬਨਾਰਸ' ਨੂੰ 'ਵਾਰਾਨਸੀ' ਕਹਿਣਾ ਇਉਂ ਹੀ ਹੈ ਜਿਵੇਂ ਅੰਗ੍ਰੇਜ਼ 'ਲੰਡਨ' ਨੂੰ ਯਕਾ ਯਕ 'ਲੰਡੀਨੀਅਮ' ਤੇ 'ਕੇਮਬ੍ਰਿਜ' ਅਰ 'ਆਕਸਫ਼ਰਡ' ਨੂੰ 'ਕੈਂਟਾਬ੍ਰਿਜੀਆ' ਅਰ 'ਆਕਸੋਨੀਆ' ਕਹਿਣਾ ਸ਼ੁਰੂ ਕਰ ਦੇਵਨ ! ਪਰ, ਜੋ ਕਿਸੇ ਤਰ੍ਹਾਂ ਵੀ ਮੁਮਕਿਨ ਤੇ ਪ੍ਰਸ਼ੰਸਨੀਜ ਨਹੀਂ.

(੧੪) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਨੇ ਪ੍ਰਤਯੇਕ 'ਭਾਵ-ਰਸਾਮ੍ਰਿਤ-ਪੂਰਿਤ' ਸ਼ਬਦ, ਵਾਕ ਤੇ ਵਾਕਾਂਗ ਨੂੰ ਇਉਂ ਅਨੁਭਵ ਕੀਤਾ ਹੈ ਜਿਵੇਂ ਕੋਈ ਰਬ ਦੀ ਦਰਗਾਹ ਦਾ ਮਕਬੂਲ ਮਹਾਤਮਾ ਸੰਤ ਹੋਵੇ, ਜਿਸ ਦੇ ਮਸਤਕ ਵਿੱਚ ਨੂਰ, ਨੇਤ੍ਰਾਂ ਵਿੱਚ ਕਸ਼ਸ਼, ਦਿਲ ਵਿੱਚ ਸਰੂਰ, ਮੁਖਾਰਬਿੰਦ ਵਿੱਚ ਸ਼ਾਂਤਿ, ਹੱਥਾਂ-ਪੈਰਾਂ ਵਿੱਚ ਕੋਮਲਤਾ ਤੇ ਚਾਲ ਵਿੱਚ ਮਸਤੀ ਹੋਵੇ. ਇਸ ਪ੍ਰਕਾਰ, ਪ੍ਰਤਯੇਕ 'ਭਾਵ-ਰਸਾਮ੍ਰਿਤ-ਪੂਰਿਤ' ਸ਼ਬਦ, ਵਾਕ ਤੇ ਵਾਕਾਂਗ ਰੂਪੀ ਮੰਦਰ ਵਿੱਚ, ਸਤਿਗੁਰਾਂ ਨੇ ਆਪਣੀ ਸ਼ਖ਼ਸੀਅਤ ਦੀ ਜੀਉਂਦੀ ਜਾਗਦੀ ਮੂਰਤੀ ਹੀ ਅਸਥਾਪਨ ਕਰ ਦਿੱਤੀ ਹੈ. ਤਾਂਤੇ ਪ੍ਰਤੀਤ ਹੁੰਦਾ ਹੈ ਕਿ ਬਾਣੀ ਰਚਣ ਵਿੱਚ ਸਤਿਗੁਰਾਂ ਨੇ ਸ਼ਬਦਾਂ, ਵਾਕਾਂ ਤੇ ਵਾਕਾਂਗਾਂ ਦੀ ਚੋਣ ਕਰਨ ਲਗਿਆਂ ਅਨੇਕਾਂ ਹੀ ਗੱਲਾਂ ਨੂੰ ਦ੍ਰਿਸ਼ਟੀ ਗੋਚਰ ਰਖਿਆ ਹੈ. ਉਹਨਾਂ ਵਿੱਚੋਂ ਦਸ ਜੋ ਵਧੇਰੇ ਪ੍ਰਮੁਖ ਭਾਸਦੀਆਂ ਹਨ ਇਹ ਹਨ : ਸ਼ਬਦ, ਵਾਕ ਤੇ ਵਾਕਾਂਗ ਦੀ ਭਾਵ ਪੂਰਨਤਾ, ਸੁਗਿਆਨਿਕ ਗੌਰਵਤਾ (Philosophic Grandeur), ਉੱਚਾਰਣ ਸੁਗਮਤਾ, ਇਤਿਹਾਸਿਕ ਪਵਿਤ੍ਰਤਾ, ਸਾਹਿਤਜਕ ਮਹਤਤਾ, ਲਟਕ, ਮਟਕ, ਠੁਮਕ, ਲਚੱਕ ਤੇ ਗਮਕ. ਇਹ ਦਸ ਪਦਾਰਥ ਮਾਨੋਂ ਬਾਣੀ ਦੀ ਦੇਹ ਨੂੰ ਸਜਾਣ ਵਾਲੇ ਤੇ ਤੇਜੋ ਮਈ ਕਰਨ ਵਾਲੇ ਸ਼ਿੰਗਾਰ ਹਨ. ਬਾਣੀ ਦੇ ਸ਼ਬਦ (ਲਫ਼ਜ਼) ਬਾਣੀ ਦੀ ਦੇਹ ਹਨ. ਏਹਨਾਂ ਸ਼ਬਦਾਂ (ਲਫ਼ਜ਼ਾਂ) ਦਾ ਪਰਮਾਰਥ ਬਾਣੀ ਦਾ ਆਤਮਾ ਹੈ. ਸੋ ਉਪ੍ਰੋਕਤ ਦਸ਼ਾਂਗ ਸ਼ਿੰਗਾਰ ਵਿੱਚੋਂ ਪਹਿਲੇ ਪੰਜ ਪਦਾਰਥ ਸ਼ਬਦਾਂ (ਲਫ਼ਜ਼ਾਂ) ਦੇ ਵਸਤ੍ਰ ਹਨ ਤੇ ਪਿਛਲੇ ਪੰਜ ਸ਼ਬਦਾਂ (ਲਫ਼ਜ਼ਾਂ) ਦੇ ਭੂਸ਼ਣ. ਵਸਤ੍ਰਾਂ ਦੁਆਰਾ

Sri Satguru Jagjit Singh Ji eLibrary NamdhariElibrary@gmail.com

ਸ਼ਬਦਾਂ (ਲਫ਼ਜ਼ਾਂ) ਨਾਲ ਜਾਣ ਪਛਾਣ ਹੋਣੀ ਹੈ ਤੇ ਭੂਸ਼ਣਾਂ ਦੁਆਰਾ ਵਸਤ੍ਰਧਾਰੀ ਵਲ ਖਿੱਚ ਉਤਪਨ ਹੋਣੀ ਹੈ. ਲਟਕ ਤੋਂ ਇਸ਼ਾਰਾ ਕਿਸੇ ਸ਼ਬਦ ਦੇ ਉਸ ਗੁਣ ਵਲ ਹੈ ਜਿਸ ਦੁਆਰਾ ਉਹ ਵਾਕ ਦੇ ਕਿਸੇ ਦੂਜੇ ਸ਼ਬਦ ਨਾਲ ਇਉਂ ਲਟਕਾਇਆ (ਝੁਲਾਇਆ ਯਾ ਟੰਗਿਆ) ਜਾ ਸਕੇ ਜਿਵੇਂ ਟੰਗਣੇ ਨਾਲ ਕੋਈ ਪਦਾਰਥ ਟੰਗਿਆ ਜਾ ਸਕਦਾ ਹੈ. ਇਸ ਗੁਣ ਦੁਆਰਾ ਇੱਕ ਸ਼ਬਦ ਕਿਸੇ ਵਿਸ਼ੇਸ਼ ਛੰਦ ਵਿੱਚ, ਕਿਸੇ ਹੋਰ ਯੁਕਤ ਸ਼ਬਦ ਨਾਲ ਸੰਬੰਧਿਤ ਹੋ ਕੇ, ਤੇ ਕਾਵਜ ਦੇ ਚਮਤਕਾਰ ਨੂੰ ਪ੍ਰਗਟ ਕਰ ਕੇ, ਸੰਗੀਤ ਦੇ ਸ੍ਵਰੂਪ ਵਿੱਚ ਮਿਕਨਾਤੀਸੀ ਕਸ਼ਸ਼ ਪੈਦਾ ਕਰਦਾ ਹੈ. ਲਟਕ ਦਾ ਗੁਣ ਸ੍ਵਤੰਤ੍ਰ ਨਹੀਂ. ਇਹ ਉਸ ਸ਼ਬਦ ਦੇ ਅਧੀਨ ਹੈ ਜਿਸ ਦੁਆਰਾ ਇਸ ਦਾ ਇਹ ਗੁਣ ਉੱਤੇਜਿਤ ਹੋਣ ਦੇ ਯੋਗ ਹੁੰਦਾ ਹੈ. ਮਟਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੇ ਕਾਰਣ ਉਸ ਵਿੱਚ ਹੁਲਾਰਾ ਯਾ ਲਰਜ਼ਸ਼ ਮੌਜੂਦ ਹੈ; ਜਿਸ ਹੁਲਾਰੇ ਯਾ ਲਰਜ਼ਸ਼ ਦੇ ਕਾਰਣ ਇਹ ਛੰਦ ਨੂੰ ਵਿਭੂਸ਼ਿਤ ਕਰ ਕੇ ਸੰਗੀਤ ਨੂੰ ਰਸਦਾਇਕ ਬਣਾਂਦਾ ਹੈ. ਠੁਮਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੁਆਰਾ ਉਸ ਨੂੰ ਕਾਵਜ ਤੇ ਸੰਗੀਤ ਦੀ ਗਿਣੀ ਮਿਣੀ ਤੇ ਤੋਲੀ ਹੋਈ ਚਾਲ ਵਿੱਚ ਢੁਕਾਇਆ ਯਾ ਫਬਾਇਆ ਜਾ ਸਕਦਾ ਹੈ. ਲਚਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੁਆਰਾ ਉਸ ਨੂੰ ਛੰਦ ਤੇ ਸੰਗੀਤ ਵਿੱਚ ਲੋੜ ਅਨੁਸਾਰ ਲੰਮਾ ਕੀਤਾ ਜਾ ਸਕਦਾ ਹੈ; ਤੇ ਗਮਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੇ ਕਾਰਣ ਉਸ ਦੇ ਯੁਕਤ ਉੱਚਾਰਣ ਦੁਆਰਾ ਉਸ ਤੋਂ ਤਬਲੇ ਅਥਵਾ ਮ੍ਰਿਦੰਗ ਦੀ ਗੰਭੀਰ ਧੁਨੀ ਉਤਪਨ ਹੋ ਜਾਂਦੀ ਹੈ. ਇਹ ਦਸ਼ਾਂਗ ਸਿੰਗਾਰਾਤਮਕ ਸ਼ਬਦ (ਲਫ਼ਜ਼) ਚੂੰਕਿ ਪੰਜਾਬੀ, ਹਿੰਦੀ, ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਕਿਸੇ ਵੀ ਇੱਕ ਵਿਸ਼ੇਸ਼ ਭਾਸ਼ਾ ਵਿੱਚ ਇਤਨੀ ਕਾਫ਼ੀ ਗਿਣਤੀ ਵਿੱਚ ਮੌਜੂਦ ਨਹੀਂ ਜਿਤਨੀ ਵਿੱਚ ਕਿ ਸਤਿਗੁਰਾਂ ਨੂੰ ਬਾਣੀ ਦੀ ਰਚਨਾਂ ਲਈ ਲੋੜ ਸੀ, ਇਸ ਲਈ ਉਹਨਾਂ ਨੇ ਲੋੜ ਅਨੁਸਾਰ ਏਹਨਾਂ ਪੰਜਾਂ, ਤੇ ਹੋਰ ਵੀ ਭਾਰਤੀ, ਬੋਲੀਆਂ ਦੇ ਸ਼ਬਦ-ਕੋਸ਼ਾਂ ਨੂੰ ਬਿਨਾਂ ਸੰਕੋਚ ਦੇ ਵਰਤਿਆ. ਤਾਂ ਵੀ, ਬਾਰੰਬਾਰ, ਮੈਂ ਨਾਲ ਹੀ, ਡੰਕੇ ਦੀ ਚੋਟ ਦੁਆਰਾ ਪਾਠਕ ਨੂੰ ਚੇਤੇ ਕਰਾਣਾ ਚਾਹੁੰਦਾ ਹਾਂ ਕਿ ਸਤਿਗੁਰਾਂ ਨੇ ਹਰ ਥਾਂ, ਹਰ ਵੇਲੇ, ਹਰ ਹਾਲਤ ਵਿੱਚ ਪ੍ਰਥਮਤਾ ਤੇ ਪ੍ਰਧਾਨਤਾ (ਤਰਜੀਹ) ਪੰਜਾਬੀ, ਹਿੰਦੀ-ਤੇ ਸੰਸਕ੍ਰਿਤ ਨੂੰ ਹੀ ਦਿੱਤੀ ਹੈ, ਅਰ ਮੈਂ ਖ਼ੁਦ, ਆਪਣੀਆਂ ਲਿਖਤਾਂ ਦੇ ਵਿਸਥਾਰ ਵਿੱਚ ਇਸੇ ਨਿਯਮ ਤੇ ਅਮਲ ਕੀਤਾ ਹੈ ਤੇ ਕਰ ਰਿਹਾ ਹਾਂ. ਉਦਾਹਰਣ ਵੱਜੋਂ, ਆਓ, ਹੁਣ ਕੁਝੱਕ ਉਹ ਸ਼ਬਦ ਲਈਏ ਜਿਨ੍ਹਾਂ ਤੇ ਸੰਪੂਰਨ ਗੁਰਮਤਿ ਦੇ ਵਿਸ਼ੇਸ਼ ਸਿੱਧਾਂਤਾਂ ਦਾ ਆਧਾਰ ਹੈ; ਉਹਨਾਂ ਵਿੱਚੋਂ : ਅਰਜ਼ਦਾਸ਼ਤ (ਅਰਦਾਸ), ਸਿਫ਼ਤ ਸਾਲਾਹ, ਸਿਰਦਾਰ, ਸ਼ਾਹਿਬ, ਸ਼ਹੀਦ, ਹੁਕਮ, ਹਦੂਰ, ਕੁਦਰਤ,

Sri Satguru Jagjit Singh Ji eLibrary NamdhariElibrary@gmail.com

ਖ਼ਾਲਸਾ, ਗ਼ਰੀਬ, ਤਖ਼ਤ, ਤੇਗ਼, ਦਸਤਾਰ, ਦਰਗਹ, ਦਰਬਾਰ, ਦੀਵਾਨ, ਦੇਗ, ਨਦਰ, ਨਿਸ਼ਾਨ (ਯਥਾ ਨਿਸ਼ਾਣ ਸਾਹਿਬ), ਪਰਵਾਹ (ਯਥਾ ਬੇਪਰਵਾਹ), ਪਾਤਸ਼ਾਹ, ਫ਼ਤਹ, ਬਖ਼ਸ਼ਸ਼ (ਬਖ਼ਸ਼ੀਸ਼ ਆਦਿਕ), ਬੁੰਗਾ, ਮੋਹਰ, ਰਹਿਤ (ਯਥਾ ਰਹਿਤ ਨਾਮਾ) ਆਦਿਕ ਅਰਬੀ ਤੇ ਫ਼ਾਰਸੀ ਦੇ ਸ਼ਬਦ ਹਨ. ਪਰ ਐਂਨੇਂ ਹੀ, ਬਲਕਿ ਏਹਨਾਂ ਤੋਂ ਵੀ ਵਧੀਕ, ਜ਼ਰੂਰੀ ਸ਼ਬਦ, ਗੁਰਮਤਿ ਤੇ ਗੁਰਪੰਥ ਦੇ ਪ੍ਰਕਾਸ਼ ਤਥਾ ਪ੍ਰਚਾਰ ਲਈ ਸੰਸਕ੍ਰਿਤ ਵਿੱਚੋਂ ਲੀਤੇ ਹਨ : ਯਥਾ, ਓਂਕਾਰ, ਉਦਾਸੀ, ਅਕਾਲ, ਆਵਾਗਵਨ, ਅੰਮ੍ਰਿਤ, ਇਸ਼ਨਾਨ, ਏਕੰਕਾਰ, ਸੱਜਣਾ-ਸਜਾਣਾ (ਯਥਾ ਸਿੰਘ ਸੱਜਣਾ, ਸ਼ਬਦ, ਸੰਗਤਿ, ਸੰਮਤ (ਯਥਾ ਸੰਮਤ ਨਾਨਕ ਸ਼ਾਹੀ), ਸਰ (ਯਥਾ ਅੰਮ੍ਰਿਤਸਰ), ਸ਼੍ਰੀ, ਸ਼ਾਲਾ (ਯਥਾ ਧਰਮ ਸ਼ਾਲਾ), ਸਿੱਖ, ਸਿੰਘ, ਸਿਮ੍ਰਨ, ਸੁਥਰਾ, ਕਕਾਰ (ਯਥਾ ਪੰਜ ਕਕਾਰ), ਕੜਾ, ਕੱਛ, ਕ੍ਰਿਪਾਨ, ਕੇਸ, ਕੰਘਾ, ਖੰਡਾ, ਖੜਗ, ਗੱਦੀ (ਯਥਾ ਗੁਰ ਗੱਦੀ : ਇਸ ਸ਼ਬਦ ਦਾ ਮੂਲ ਸੰਸਕ੍ਰਿਤ ਦੇ ਗਾਧ ਤੋਂ ਪ੍ਰਤੀਤ ਹੁੰਦਾ ਹੈ, ਜਿਸ ਦੇ ਅਰਥ ਹਨ to stand firmly, to stay, remain)ਗੁਰੂ, ਗੁਰਮੁਖ, ਗਾਤ੍ਰਾ, ਗ੍ਰੰਥ, ਛਕਣਾ, ਜਥਾ, ਜੈਕਾਰਾ, ਜੀ, ਤਿਥਾਂ ਦੇ ਨਾਮ, ਤਿਲਕ, ਦਸਵੰਧ, ਦਲ, ਦੁਆਰਾ (ਯਥਾ ਗੁਰਦੁਆਰਾ), ਧਰਮ, ਨਾਮ, ਨਿਹੰਗ, ਨਿੱਤ ਨੇਮ, ਨਿਰਮਲਾ, ਪਾਠ, ਪੰਜ ਪਿਆਰੇ, ਪ੍ਰਸ਼ਾਦ, ਪੰਥ, ਬਾਣੀ, ਮਤਿ, ਮਹੀਨਿਆਂ ਦੇ ਨਾਮ, ਮੰਦਰ (ਯਥਾ ਹਰਿ ਮੰਦਰ), ਨੌਂ ਸਤਿਗੁਰਾਂ ਦੇ ਨਾਮ, ਯਾਤ੍ਰਾ, ਰਾਗਾਂ ਦੇ ਨਾਮ, ਵਾਰਾਂ ਦੇ ਨਾਮ (ਯਥਾ ਸੋਮ, ਮੰਗਲ) ਇਤਯਾਦਿਕ.

(੧੫) ਵਰਤਮਾਨ ਕਾਲ ਵਿੱਚ ਪ੍ਰਗਤੀਸ਼ੀਲ ਬੋਲੀ ਉਹ ਹੀ ਕਹੀ ਜਾ ਸਕਦੀ ਹੈ ਜਿਸ ਦੇ ਸ਼ਬਦਾਂ ਤੇ ਮੁਹਾਵਰਿਆਂ ਦੁਆਰਾ ਨੂਤਨ ਖ਼ਿਆਲਾਂ ਦੀ ਅਨੇਕ ਰੰਗੀ ਫੁਲਵਾੜੀ ਦੇ ਪ੍ਰਤਯੇਕ ਫੁੱਲ ਨੂੰ ਯਥੋਚਿਤ ਜਿਉਂ ਕਾ ਤਿਉਂ ਪ੍ਰਗਟ ਕੀਤਾ ਜਾ ਸਕੇ. ਇਹ ਕਾਰਜ ਅਤਯੰਤ ਕਠਿਨ ਹੈ. ਕਿਸੇ ਵੀ ਵਿਸ਼ੇਸ਼ ਖ਼ਿਆਲ ਨੂੰ ਪ੍ਰਗਟ ਕਰਨ ਲਈ ਬਿਲਕੁਲ ਹੀ ਵਿਸ਼ੇਸ਼ ਸ਼ਬਦ ਯਾ ਮੁਹਾਵਰਾ ਚਾਹੀਦਾ ਹੈ. ਅਟਕਲ ਪੱਚੂ ਦਸ ਵੀਹ ਸਦੀ ਨੇੜੇ ਦੇ ਠੀਕ ਸ਼ਬਦ ਦੁਆਰਾ ਇਹ ਕਾਰਜ ਸਿੱਧ ਨਹੀਂ ਹੋ ਸਕਦਾ. ਭਲਾ, ਜੇਹੜੇ ਖ਼ਿਆਲ ਤਾਂ ਪਹਿਲਾਂ ਹੀ ਸਾਰੀਆਂ ਕੌਮਾਂ ਵਿੱਚ ਮੌਜੂਦ ਹਨ, ਉਹ ਤਾਂ ਤਕਰੀਬਨ ਸਾਰੀਆਂ ਹੀ ਬੋਲੀਆਂ ਵਿੱਚ ਯਥੋਚਿਤ ਸ਼ਬਦਾਂ ਦੁਆਰਾ ਘਟ ਵਧ ਹਦ ਤਕ, ਪ੍ਰਗਟ ਕੀਤੇ ਜਾ ਸਕਦੇ ਹਨ; ਪਰ ਜੇਹੜੇ ਖ਼ਿਆਲ ਕਿਸੇ ਕੌਮ ਵਿੱਚ ਬਿਲਕੁਲ ਹੀ ਮੌਜੂਦ ਨਹੀਂ, ਉਹਨਾਂ ਨੂੰ ਉਸ ਕੌਮ ਦੀ ਬੋਲੀ ਦੇ ਪੁਰਾਣੇ ਪ੍ਰਚਲਿਤ ਸ਼ਬਦਾਂ ਦੁਆਰਾ ਕਿਸ ਤਰ੍ਹਾਂ ਪ੍ਰਗਟ ਕੀਤਾ ਜਾ ਸਕਦਾ ਹੈ ? ਉੱਤਰ ਵਿੱਚ ਮਜਬੂਰਨ ਕਹਿਣਾ ਪੈਂਦਾ ਹੈ ਕਿ ਬਿਲਕੁਲ ਨਹੀਂ. ਤਾਂ ਤੇ ਪ੍ਰਗਤੀਸ਼ੀਲ ਬੋਲੀ ਉਹ ਹੀ ਹੈ

Sri Satguru Jagjit Singh Ji eLibrary NamdhariElibrary@gmail.com

ਜੇਹੜੀ ਸ੍ਵਦੇਸ਼ੀ ਤੇ ਵਿਦੇਸ਼ੀ ਖ਼ਿਆਲਾਂ ਨੂੰ, ਆਪਣੇ ਸ਼ਬਦ-ਕੋਸ਼ ਦੁਆਰਾ, ਜਿਉਂ ਕਾ ਤਿਉਂ ਠੀਕ ਪ੍ਰਗਟ ਕਰਨ ਲਈ, ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਸਦਾ ਹੀ ਆਪਣੇ ਕਲੇਵਰ (corpus, ਸ਼ਰੀਰ) ਵਿੱਚ ਰਲਣ ਮਿਲਣ ਦਾ ਖੁਲਾ ਨਿਮੰਤ੍ਰਣ ਦੇਂਦੀ ਰਹੇ, ਅਰ ਬੜੇ ਆਦਰ ਸਤਕਾਰ ਨਾਲ ਵਿਦੇਸ਼ੀ ਸ਼ਬਦਾਂ ਨੂੰ ਆਪਣੀ ਗੋਦੀ ਦੇ ਵਿੱਚ ਅਸਥਾਨ ਦੇਂਦੀ ਰਹੇ. ਇਸੇ ਅਸੂਲ ਤੇ ਅਮਲ ਕਰਦਿਆਂ ਹੋਇਆਂ ਅੰਗ੍ਰੇਜ਼ੀ ਬੋਲੀ ਬੇ ਓੜਕ ਪ੍ਰਗਤੀ ਕਰ ਗਈ ਹੈ ਅਰ ਕਰਦੀ ਜਾ ਰਹੀ ਹੈ. ਜਦ ਅੰਗ੍ਰੇਜ਼ੀ ਦੇ ਕੋਸ਼ਕਾਰਾਂ ਨੇ ਵੇਖਿਆ ਕਿ ਕੁੱਤਾ (dog,) ਬਿੱਲੀ (cat,), ਸ਼ੇਰ (lion,), ਗਊ (cow,) ਆਦਿਕ ਸ਼ਬਦਾਂ ਦੇ ਆਪਣੀ ਬੋਲੀ ਵਿੱਚ ਵਿਸ਼ੇਸ਼ਣ ਨਹੀਂ ਬਣ ਸਕਦੇ ਤਾਂ ਉਹਨਾਂ ਨੇ ਬਿਨਾਂ ਸੰਕੋਚ ਯੂਨਾਨੀ ਤੇ ਲਾਤੀਨੀ ਸ਼ਬਦਾਂ ਦੁਆਰਾ ਏਹਨਾਂ ਦੇ ਵਿਸ਼ੇਸ਼ਣ ਘੜ ਦਿੱਤੇ, ਯਥਾ:- canine, feline, leonine, ਤੇ bovine. ਵੇਖਿਆ ਕਿ dinner, (ਭੋਜਨ ਵਿਸ਼ੇਸ਼) ਸ਼ਬਦ ਦਾ ਵਿਸ਼ੇਸ਼ਣ ਨਹੀਂ ਬਣ ਸਕਦਾ; ਬਸ ਕੀ ਸੀ, ਇਕ ਦਮ ਲਾਤੀਨੀ ਦੇ prandium ਤੋਂ dinner ਲਈ prandial ਵਿਸ਼ੇਸ਼ਣ ਕਾਇਮ ਕਰ ਦਿੱਤਾ. ਵੇਖਿਆ ਕਿ light (ਰੋਸ਼ਨੀ) ਸ਼ਬਦ ਦੁਆਰਾ ਉਹ ਯੋਜਕ ਸ਼ਬਦ ਨਹੀਂ ਘੜੇ ਜਾ ਸਕਦੇ ਜੋ light ਦੇ ਵਿਗਿਆਨ ਲਈ ਆਵਸ਼ਜਕ ਹਨ ਤਾਂ ਯਕਲਖ਼ਤ ਹੀ ਲਾਤੀਨੀ ਦੇ lumen ਤੇ luminis ਤੋਂ ਅਨੇਕਾਂ ਹੀ ਸ਼ਬਦ ਰੋਸ਼ਨੀ ਦੇ ਸੰਬੰਧ ਵਿੱਚ ਘੜ ਮਾਰੇ. ਹਾਂ ਜੀ ਇਸ ਪ੍ਰਕਾਰ ਅੰਗ੍ਰੇਜ਼ੀ ਜ਼ਬਾਨ ਅਮੀਰ, ਮੁਕੰਮਲ ਤੇ ਖ਼ੁਸ਼ਨਮਾ ਬਣੀ. ਜ਼ਰਾ ਵੈਬਸਟਰ ਦੇ ਮਹਾਨ ਅੰਗ੍ਰੇਜ਼ੀ-ਸ਼ਬਦ-ਕੋਸ਼ ਦੇ ਅਰੰਭ ਵਿੱਚ ਉਹਨਾਂ ਕਸੀਰੁਲ ਤਾਦਾਦ ਬੋਲੀਆਂ ਦੀ ਸੂਚੀ ਵੇਖੋ ਜਿਨ੍ਹਾਂ ਤੋਂ ਅੰਗ੍ਰੇਜ਼ੀ ਭਾਸ਼ਾ ਨੂੰ ਸਜਾਣ ਲਈ ਸ਼ਬਦ ਲਏ ਗਏ ਹਨ. ਜਿਸ ਪ੍ਰਕਾਰ ਹਰ ਇੱਕ ਪੌਦਾ ਆਪਣੇ ਵਾਧੇ ਲਈ ਆਪਣੇ ਚੌਗਿਰਦੇ ਵਿੱਚੋਂ ਖੁਰਾਕ ਲੈਂਦਾ ਹੈ, ਭਾਵੇਂ ਉਹ ਪਾਣੀ ਦੀ ਸ਼ਕਲ ਵਿੱਚ ਹੋਵੇ ਤੇ ਭਾਵੇਂ ਰੋਸ਼ਨੀ, ਖਾਦ ਆਦਿਕ ਦੀ ਸ਼ਕਲ ਵਿੱਚ, ਇਸੇ ਪ੍ਰਕਾਰ ਹਰ ਇਕ ਪ੍ਰਗਤੀ-ਸ਼ੀਲ ਭਾਸ਼ਾ ਨੂੰ ਵਧਣ ਲਈ ਅਰ ਮੁਕੰਮਲ ਤੇ ਖ਼ੁਸ਼ਨਮਾ ਹੋਣ ਲਈ ਆਪਣੇ ਚੌਗਿਰਦੇ ਦੀਆਂ ਬੋਲੀਆਂ ਤੋਂ, ਅਥਵਾ, ਹੋਰ ਦੂਰ ਨੇੜੇ ਦੀਆਂ ਬੋਲੀਆਂ ਤੋਂ ਸ਼ਬਦ ਲੈਣੇ ਪੈਂਦੇ ਹਨ.

(੧੬) ਮੈਨੂੰ ਤੈਲਗੂ, ਤਾਮਿਲ, ਮਲਿਆਲਮ ਤੇ ਕਨਾੜੀ ਦੀ ਪੂਰਨਤਾ ਦਾ, ਅਥਵਾ, ਬੰਗਲਾ, ਬਿਹਾਰੀ, ਉੜੀਆ, ਮਰਾਠੀ, ਗੁਜਰਾਤੀ, ਸਿੰਧੀ ਤੇ ਕਾਸ਼ਮੀਰੀ ਦੀ ਅੰਦਰੂਨੀ ਮੁਕੰਮਲਤਾ ਦਾ ਤਾਂ ਕਖ ਪਤਾ ਨਹੀਂ, ਪਰ ਮੈਨੂੰ ਇਤਨਾ ਪਤਾ ਜ਼ਰੂਰ ਹੈ ਕਿ ਜਦ ਵੀ ਦਿੱਲੀ, ਬੁੰਬਈ ਆਦਿਕ ਸ਼ਹਿਰਾਂ ਵਿੱਚ ਏਹਨਾਂ ਬੋਲੀਆਂ ਦੇ ਬੋਲਣ ਵਾਲੇ ਕਦੇ ਇਤ੍ਰਾਕੀਆ ਮੇਰੇ ਕੋਲੋਂ ਲੰਘਦੇ

Sri Satguru Jagjit Singh Ji eLibrary NamdhariElibrary@gmail.com

ਹਨ ਤਾਂ ਮੈਂ ਪੰਜਾਬੀਆਂ ਵਾਂਗ ਹੀ ਉਹਨਾਂ ਨੂੰ ਵੀ ਆਪਣੀ ਪ੍ਰਸਪਰ ਬੋਲਚਾਲ ਵਿੱਚ ਅੰਗ੍ਰੇਜ਼ੀ ਦੇ ਸ਼ਬਦ ਵਰਤਦਿਆਂ ਹੋਇਆਂ ਅਕਸਰ ਸੁਣਦਾ ਹਾਂ. ਨਾਲੇ ਜਦ ਮੈਨੂੰ ਅੰਗ੍ਰੇਜ਼ੀ ਦੇ ਕਿਸੇ ਸ਼ਬਦ ਲਈ ਪੰਜਾਬੀ ਤੇ ਹਿੰਦੀ ਵਿੱਚੋਂ ਕੋਈ ਸ਼ਬਦ ਨਹੀਂ ਜਚਦਾ ਤਾਂ ਮੈਂ ਬੰਗਲਾ, ਸਿੰਧੀ ਤੇ ਮਰਾਠੀ ਦੇ ਕੋਸ਼ਾਂ ਨੂੰ ਫਰੋਲਦਾ ਹਾਂ, ਤੇ ਉੱਥੇ ਵੀ ਵਿਸ਼ੇਸ਼ ਸ਼ਬਦਾਂ ਲਈ, ਉਰਦੂ ਦੇ ਹੀ ਸ਼ਬਦਾਂ ਦੁਆਰਾ, ਕੋਸ਼ਕਾਰਾਂ ਨੇ ਆਪਣਾ ਮਤਲਬ ਸਿੱਧ ਕੀਤਾ ਹੋਇਆ ਹੁੰਦਾ ਹੈ. ਇਸ ਤੋਂ ਸਪਸ਼ਟ ਸਿੱਧ ਹੈ ਕਿ ਉਰਦੂ ਤੇ ਅੰਗ੍ਰੇਜ਼ੀ ਬਿਨਾਂ ਅਸੀਂ ਪੰਜਾਬੀ ਤੇ ਹਿੰਦੀ ਬੋਲਣ ਵਾਲੇ, ਨੂਤਨ ਖ਼ਿਆਲਾਂ ਨੂੰ ਆਪਣੀ ਰੁਚੀ ਤੇ ਪੂਰੀ ਸੰਤੁਸ਼ਟਤਾ ਅਨੁਸਾਰ ਪ੍ਰਗਟ ਨਹੀਂ ਕਰ ਸਕਦੇ, ਅਰ ਇਹ ਵੀ ਸਿੱਧ ਹੈ ਕਿ ਸਾਡੀਆਂ ਦੋਹਾਂ ਬੋਲੀਆਂ ਤੋਂ ਉਰਦੂ ਦਾ ਸ਼ਬਦ ਭੰਡਾਰ ਬਹੁਤ ਜ਼ਿਆਦਾ ਵਸੀਹ ਹੈ ਤੇ ਵਰਤਮਾਨ ਕਾਲ ਦੀ ਅਨੇਕ ਰੰਗੀ ਪ੍ਰਗਤੀ ਦਾ ਕਾਫ਼ੀ ਹਦ ਤਕ ਪ੍ਰਕਾਸ਼ ਕਰਨ ਦੇ ਯੋਗ ਹੈ. ਕਾਰਣ ਇਹ ਹੈ ਕਿ ਜਿੱਥੇ ਹਿੰਦੀ ਤੇ ਪੰਜਾਬੀ ਦੀ ਮਦਦ ਲਈ ਕੇਵਲ ਇੱਕ ਸੰਸਕ੍ਰਿਤ ਹੈ, ਜੋ ਕਿ ਸ੍ਵਯੰ ਮਹਿਦੂਦ ਹੈ, ਉੱਥੇ ਉਰਦੂ ਦੀ ਮਦਦ ਲਈ ਫ਼ਾਰਸੀ, ਅਰਬੀ, ਤੇ ਤੁਰਕੀ ਹਨ, ਜੋ ਕਿ ਤਿੰਨੇ ਹੀ ਲਾ ਮਹਿਦੂਦ ਹਨ. ਫ਼ਾਰਸੀ ਨੂੰ ਪ੍ਰਾਚੀਨ ਈਰਾਨ, ਐਸੀਰੀਆ, ਬੈਬੀਲੋਨੀਆ ਤੇ ਅਰਬ ਦੀਆਂ ਬੋਲੀਆਂ ਦੇ ਵਸੀਹ ਸਰਮਾਏ; ਅਰਬੀ ਨੂੰ ਇਬ੍ਰਾਨੀ, ਫ਼ੀਨਿਸ਼ਯਾਨੀ, ਸ਼ਾਮੀ, ਲਾਤੀਨੀ ਤੇ ਯੂਨਾਨੀ ਦੇ ਅਖੁਟ ਸ਼ਹਨਸ਼ਾਹੀ ਭੰਡਾਰ; ਤੇ ਤੁਰਕੀ ਨੂੰ ਮਧ ਏਸ਼ੀਆ, ਮਿਸਰ ਤੇ ਅਫ਼ਰੀਕਾ ਦੀਆਂ ਤੇ ਹੋਰ ਵੀ ਅਨੇਕਾਂ ਹੀ ਬੋਲੀਆਂ ਦੇ ਭਰੇ ਭਰਾਏ ਹੋਏ ਅਜ਼ੀਮ ਗੰਜ ਵਿਰਸੇ ਵਿੱਚ ਮਿਲੇ ਹਨ. ਇਤਨੇ ਵਸੀਹ, ਲਾਮਹਿਦੂਦ ਸ਼ਬਦ ਭੰਡਾਰਾਂ ਦੇ ਮੁਕਾਬਲੇ ਵਿੱਚ ਕੇਵਲ ਇੱਕ ਬੋਲੀ, ਭਾਵੇਂ ਕਿੰਨੀ ਵੀ ਵਿਸ਼ਾਲ ਕਿਉਂ ਨ ਹੋਵੇ, ਕਿਸ ਤਰ੍ਹਾਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ ? "ਈਲੈਕਟ੍ਰਿਕ ਲਾਈਟਿੰਗ" ਦੇ ਇਤਿਹਾਸ ਵਿੱਚ ਲਿਖਿਆ ਹੈ ਕਿ ਅਮ੍ਰੀਕਾ ਦੇ ਮਹਾਂ ਪ੍ਰਸਿੱਧ ਈਜਾਦਾਂ ਕਰਨ ਵਾਲੇ ਜਗਤ ਵਖਜਾਤ ਟਾਮਸ ਐਲਵਾ ਐਡੀਸਨ ਨੂੰ ਜਦ ਇਤਮੀਨਾਨ ਹੋ ਗਿਆ ਕਿ ਬਿਜਲੀ ਤੋਂ ਤਪਸ਼ ਹੀ ਨਹੀਂ ਬਲਕਿ ਰੋਸ਼ਨੀ ਵੀ ਪੈਦਾ ਹੋ ਸਕਦੀ ਹੈ ਤਾਂ ਉਸ ਨੇ ਕਈ ਇਕ ਵਿਦ੍ਵਾਨਾਂ ਨੂੰ ਦੁਨੀਆਂ ਦੇ ਮੁਖ਼ਤਲਿਫ਼ ਹਿਸਿਆਂ ਵਿੱਚ ਘਲਿਆ ਕਿ ਕੋਈ ਐਸੀ ਚੀਜ਼ ਲਭ ਕੇ ਲਿਆਵਨ ਜੋ ਬਿਜਲੀ ਦੀ ਅਤਯੰਤ ਤਪਸ਼ ਨੂੰ ਸਹਾਰ ਕੇ, ਬਿਨਾਂ ਪਿਘਲਣ ਯਾ ਸੜਨ ਦੇ ਸੁਰਖ਼ ਹੋ ਕੇ, ਰੋਸ਼ਨੀ ਦੇਣ ਲਗ ਜਾਏ. ਸੋ ਹਿੰਦੀ ਦੇ ਸ਼ਬਦ ਭੰਡਾਰ ਭਰਨ ਲਈ ਸਾਨੂੰ ਸੰਸਕ੍ਰਿਤ ਤੋਂ ਇਲਾਵਾ ਪਹਿਲਾਂ ਤਾਂ ਭਾਰਤ ਦੀਆਂ ਬੋਲੀਆਂ ਤੋਂ, ਇਸ ਤੋਂ ਬਾਦ ਉਰਦੂ, ਫ਼ਾਰਸੀ, ਅਰਬੀ ਤੋਂ, ਅਰ ਇਸ ਤੋਂ ਬਾਦ ਸਾਰੇ ਏਸ਼ੀਆ ਤੇ ਅਫ਼ਰੀਕਾ ਦੀਆਂ ਬੋਲੀਆਂ

Sri Satguru Jagjit Singh Ji eLibrary NamdhariElibrary@gmail.com

ਤੋਂ ਮਦਦ ਲੈਣੀ ਚਾਹੀਦੀ ਹੈ. ਅੰਗ੍ਰੇਜ਼ੀ ਦੇ ਤਰੀਕਿਆਂ ਨੂੰ ਆਦਰਸ਼ ਬਣਾ ਕੇ, ਤੇ, ਉਸ ਦੇ ਸ਼ਬਦਾਂ ਨੂੰ ਬਤੌਰ ਨਮੂਨਿਆਂ ਦੇ ਤਸੱਵਰ ਵਿੱਚ ਰਖ ਕੇ, ਉਸ ਦੇ ਅਨੁਸਾਰ ਹਰ ਭਾਵ ਦੇ ਹਰ ਸੁਖ਼ਤਲਿਫ਼ ਰੂਪ ਲਈ ਮੁਖ਼ਤਲਿਫ਼ ਸ਼ਬਦ ਨਿਯਤ ਕਰਨਾ ਚਾਹੀਦਾ ਹੈ; ਅਰ ਫਿਰ ਸਾਹਿਤਜ ਨੂੰ ਓਜਸ੍ਵੀ, ਬਹੁਰੰਗੀ ਤੇ ਪ੍ਰਭਾਵ-ਸ਼ੀਲ ਬਣਾਣ ਲਈ ਇਹ ਵੀ ਆਵਸ਼ਜਕ ਹੈ ਕਿ ਅੰਗ੍ਰੇਜ਼ੀ ਵਾਂਗ ਇਕ ਹੀ ਭਾਵ ਨੂੰ ਪ੍ਰਗਟ ਕਰਨ ਲਈ ਅਨੇਕਾਂ ਸ਼ਬਦ ਹੋਵਨ. ਫਿਰ, ਜਿਸ ਪ੍ਰਕਾਰ ਅੰਗ੍ਰੇਜ਼ੀ ਵਿੱਚ ਕਾਫ਼ੀ ਸੰਖਿਆ ਲਾਤੀਨੀ, ਯੂਨਾਨੀ, ਫ਼ਰਾਂਸੀਸੀ ਆਦਿਕ ਯੂਰਪੀ ਜ਼ਬਾਨਾਂ ਦੇ ਛੋਟੇ ਛੋਟੇ ਕਲਮਿਆਂ ਤੇ ਮੁਹਾਵਰਿਆਂ ਦੀ ਵੀ ਸ਼ਾਮਿਲ ਕਰ ਲਈ ਗਈ ਹੈ ਜੋ ਵਿਗਜ ਜਨ ਆਪਣੇ ਲੇਖਾਂ ਤੇ ਭਾਸ਼ਣਾਂ ਵਿੱਚ ਵਰਤਦੇ ਹਨ, ਇਸੇ ਪ੍ਰਕਾਰ ਹਿੰਦੀ ਤੇ ਗੁਰਮੁਖੀ ਵਿੱਚ ਵੀ ਇਹ ਤਰੀਕਾ ਸ਼ਾਮਿਲ ਹੋਣਾ ਚਾਹੀਦਾ ਹੈ ਕਿ ਅਸੀਂ ਵੀ ਆਪਣੇ ਲੇਖਾਂ ਵਿੱਚ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ ਤੇ ਹੋਰ ਪ੍ਰਾਚੀਨ, ਅਥਵਾ ਅਰਵਾਚੀਨ, ਭਾਰਤੀ ਤੇ ਏਸ਼ਿਆਈ ਬੋਲੀਆਂ ਦੇ ਛੋਟੇ ਛੋਟੇ ਮੁਹਾਵਰੇ ਤੇ ਕਲਮੇਂ ਵਰਤ ਕੇ ਆਪਣੇ ਲੇਖਾਂ ਨੂੰ ਅਲੰਕ੍ਰਿਤ ਤੇ ਓਜਸ੍ਵੀ ਕਰ ਸਕੀਏ. ਸ਼ਬਦ ਕੋਸ਼ਰਚਨਹਾਰਾਂ ਨੂੰ ਉਚਿਤ ਹੈ ਕਿ ਇਸ ਮਨੋਰਥ ਦੀ ਸਿੱਧੀ ਲਈ "ਰੋਜੈਟ ਕ੍ਰਿਤ ਅੰਗ੍ਰੇਜ਼ੀ ਸ਼ਬਦ-ਗੰਜ" (Roget's Thesaurus of English Words and Phrases) ਵੇਖਨ. ਪਰ ਇਹ ਕਾਰਜ ਤਦ ਹੀ ਸਿਰੇ ਚੜ੍ਹ ਸਕਦਾ ਹੈ ਜੇ ਅੰਗ੍ਰੇਜ਼ੀ ਵਾਂਗ ਅਣਗਿਣਤ ਹੀ ਬੋਲੀਆਂ ਦੀ ਮਦਦ ਲੀਤੀ ਜਾਵੇ. ਇੱਕੋ ਭਾਵ ਲਈ ਅਨੇਕਾਂ (ਪਰਯਾਯ ਵਾਚੀ) ਸ਼ਬਦਾਂ ਦੀ ਵਿਚਾਰ ਦ੍ਰਿਸ਼ਟੀ ਤੋਂ ਕੀ ਹਿੰਦੀ ਤੇ ਕੀ ਪੰਜਾਬੀ ਦੋਵੇਂ ਹੀ ਯਥੋਚਿਤ ਵਿਸ਼ਾਲ ਨਹੀਂ ਕਹੀਆਂ ਜਾ ਸਕ-ਦੀਆਂ. ਅੱਵਲ ਤਾਂ ਅੰਗ੍ਰੇਜ਼ੀ ਦੇ ਪ੍ਰਤਯੇਕ ਭਾਵ ਨੂੰ ਪ੍ਰਗਟ ਕਰਨ ਲਈ ਸਾਡੀਆਂ ਬੋਲੀਆਂ ਵਿੱਚ ਸ਼ਬਦ ਹੀ ਕੋਈ ਨਹੀਂ, ਅਰ ਜੇ ਕਿਤੇ ਹੈ ਵੀ ਤਾਂ ਕੇਵਲ ਇੱਕੋ ਇੱਕੋ. ਜੋ ਕਿਸੇ ਇੱਕ ਭਾਵ ਲਈ ਅਨੇਕਾਂ ਸ਼ਬਦ ਮਿਲਦੇ ਵੀ ਹਨ ਤਾਂ ਐਸੇ ਭਾਵ ਲਈ ਜਿਸ ਨੂੰ ਪ੍ਰਗਟ ਕਰਨ ਦੀ ਬਹੁਤ ਹੀ ਘਟ ਲੋੜ ਪੈਂਦੀ ਹੈ. ਸਾਡੀਆਂ ਬੋਲੀਆਂ ਵਿੱਚ ਬਹੁਤ ਕਰਕੇ ਸੰਗਿਆਵਾਂ (ਨਾਵਾਂ) ਲਈ ਹੀ ਪਰਯਾਯ ਵਾਚੀ ਸ਼ਬਦ ਵੇਖੇ ਜਾਂਦੇ ਹਨ, ਕ੍ਰਿਯਾਵਾਂ ਲਈ ਤਕਰੀਬਨ ਬਿਲ-ਕੁਲ ਹੀ ਸ਼ੂਨ ਹੈ. ਉਰਦੂ ਵਿੱਚ ਇਹ ਨੁਕਸ ਘਟ ਹੈ. ਕਾਰਣ ਉਹੋ ਹੈ ਜੋ ਉੱਪਰ ਦਸਿਆ ਜਾ ਚੁਕਾ ਹੈ. ਇਸ ਬੋਲੀ ਨੇ ਆਪਣੇ ਵਾਧੇ ਲਈ ਹਰ ਪਾਸਿਓਂ ਆਪਣੇ ਦਰਵਾਜ਼ੇ ਖੋਲ੍ਹ ਰੱਖੇ ਹਨ. ਬਾਕੀ ਸੰਸਾਰ ਦੀਆਂ ਤਕਰੀਬਨ ਸਾਰੀਆਂ ਹੀ ਬੋਲੀਆਂ ਦੇ ਨਾਮ ਕਿਸੇ ਕੌਮ ਯਾ ਕਿਸੇ ਮੁਲਕ ਦੇ ਨਾਮ ਤੋਂ ਬਣੇ ਹਨ, ਪਰ "ਉਰਦੂ" ਹੀ ਇਕ ਐਸੀ ਬੋਲੀ ਹੈ ਜਿਸ ਦਾ ਨਾਮ ਨ ਤਾਂ ਕਿਸੇ ਮੁਲਕ ਤੋਂ ਅਰ ਨਾਂ ਹੀ ਕਿਸੇ ਕੌਮ ਤੋਂ ਰਖਿਆ ਗਿਆ ਹੈ. ਪ੍ਰਮਾਣੀਕ

Sri Satguru Jagjit Singh Ji eLibrary NamdhariElibrary@gmail.com

(ਅੰਗ੍ਰੇਜ਼ ਗ੍ਰੰਥਕਾਰਾਂ ਕ੍ਰਿਤ) ਉਰਦੂ-ਅੰਗ੍ਰੇਜ਼ੀ ਕੋਸ਼ਾਂ ਵਿੱਚ "ਉਰਦੂ" ਸ਼ਬਦ ਦੇ ਅਰਥ–ਲਸ਼ਕਰ, ਕੈਂਪ ਤੇ ਮੰਡੀ (an army, a camp, a market) ਦਿੱਤੇ ਹੋਏ ਹਨ, ਅਰ ਦਸਿਆ ਹੈ ਕਿ ਇਹ ਸ਼ਬਦ ਤੁਰਕੀ ਭਾਸ਼ਾ ਦਾ ਹੈ. ਤਾਂ ਤੇ ਉਰਦੂ ਮੁਕੰਮਲ ਤੌਰ ਤੇ ਹੀ ਮਿਸ਼੍ਰਿਤ ਭਾਸ਼ਾ ਹੈ. ਸੋ ਜਦ ਅਸੀਂ ਪੰਜਾਬੀ ਯਾ ਹਿੰਦੀ ਵਿੱਚ ਕੋਈ "ਉਰਦੂ" ਦਾ ਸ਼ਬਦ ਵਰਤਦੇ ਹਾਂ ਤਾਂ ਵਾਸਤਵ ਵਿੱਚ ਉਹ ਫ਼ਾਰਸੀ, ਅਰਬੀ, ਤੁਰਕੀ ਆਦਿ ਬੋਲੀਆਂ ਦਾ ਹੁੰਦਾ ਹੈ, ਅਰ ਜੈਸਾ ਹਕ ਉਰਦੂ ਲਈ ਏਹਨਾਂ ਬੋਲੀਆਂ ਦੇ ਸ਼ਬਦਾਂ ਨੂੰ ਆਪਣੇ ਕਲੇਵਰ ਵਿੱਚ ਮਿਲਾਣ ਦਾ ਹੈ ਵੈਸਾ ਹੀ ਹਿੰਦੀ ਤੇ ਪੰਜਾਬੀ ਲਈ ਵੀ ਹੈ. ਉਰਦੂ ਨੇ ਅਣਗਿਣਤ ਸ਼ਬਦ ਹਿੰਦੀ ਤੇ ਪੰਜਾਬੀ ਦੇ ਆਪਣੇ ਕਲੇਵਰ ਵਿੱਚ ਮਿਲਾ ਲਏ ਹਨ, ਪਰ ਏਹਨਾਂ ਸਾਰਿਆਂ ਸ਼ਬਦਾਂ ਵਿੱਚੋਂ "ਜੀ" ਇਕ ਐਸਾ ਅਨਮੋਲ ਤੇ ਅਦੁਤੀ ਰਤਨ ਹੈ ਜਿਸ ਤੋਂ ਬਿਨਾਂ ਉਰਦੂ ਖ਼ਾਨਾਂ ਦੇ ਸਾਰੇ ਅਦਬ ਦੀ ਸੂਰਤ ਨੂੰ ਹੀ ਲਕਵਾ ਹੋ ਜਾਣ ਦਾ ਖ਼ਤਰਾ ਹੈ. ਸੋ ਭਾਵੇਂ ਅਸੀਂ ਹਜ਼ਾਰਾਂ ਹੀ ਸ਼ਬਦ ਉਰਦੂ ਖ਼ਾਨਾਂ ਤੋਂ ਫ਼ਾਰਸੀ ਤੇ ਅਰਬੀ ਦੇ ਲਈਏ, ਤਾਂ ਵੀ ਉਹ ਸਾਡੇ ਇੱਕ "ਜੀ" ਦੇ ਬਰਾਬਰ ਨਹੀਂ. ਜੇ ਉਰਦੂ ਖ਼ਾਨ "ਹਜ਼ੂਰ", "ਸਾਹਿਬ", "ਜਨਾਬ" ਆਦਿਕ ਸ਼ਬਦਾਂ ਨੂੰ "ਜੀ" ਦੀ ਥਾਂ ਦੇਣਾ ਚਾਹੁਨ ਤਾਂ ਇਹ ਬਿਲਕੁਲ ਹੀ ਨਾ ਮੁਮਕਿਨ ਹੈ. "ਜੀ" ਦੀ ਆਨ ਸ਼ਾਨ ਨਿਰਾਲੀ ਹੈ, ਇਸ ਦੀ ਮਧੁਰਤਾ ਤੇ ਮ੍ਰਿਦੁਲਤਾ ਲਾਸਾਨੀ ਹੈ. ਫਿਰ, ਰਾਗਾਂ ਦੇ ਸਾਰੇ ਨਾਮ ਤੇ ਸੰਗੀਤ ਸ਼ਾਸਤ੍ਰ ਸੰਬੰਧੀ ਸਾਰੀਆਂ ਸੰਗਿਆਵਾਂ (ਇਸਤਲਾਹਾਂ, ਪਰਿਭਾਸ਼ਾਵਾਂ) ਵੀ ਉਰਦੂ ਖ਼ਾਨਾਂ ਨੇ, ਅਣਭੋਲ ਹੀ, ਹਿੰਦੀ ਤੇ ਸੰਸਕ੍ਰਿਤ ਦੀਆਂ ਆਪਣੀ ਸੰਸਕ੍ਰਿਤੀ ਦੇ ਪੱਲੇ ਬਧੀਆਂ ਹੋਈਆਂ ਹਨ. ਪਰ ਇਕ ਸਿਫ਼ਤ ਹਿੰਦੀ ਤੇ ਉਰਦੂ ਦੀ ਮਿਲਦੀ ਜੁਲਦੀ ਹੈ ਉਹ ਇਹ ਕਿ ਦੋਵੇਂ ਵਿਸ਼ਸਤ (universal) ਹਨ, ਤੇ ਪੰਜਾਬੀ ਬਿਲਕੁਲ ਹੀ ਸਥਾਨਕ ਪੰਛੀ ਹੈ. ਇਸ ਦੀ ਉਡਾਰੀ ਮਹਿ-ਦੂਦ ਆਕਾਸ਼ ਤੋਂ ਉੱਤੇ ਯਾ ਪਰੇ ਜਾਣੀ ਮੁਮਕਿਨ ਨਹੀਂ. ਅਰ ਇਹ ਤਾਂ ਹੁਣ ਸਾਰੇ ਭਾਰਤ ਵਾਸੀ ਆਸ ਰਖਦੇ ਹਨ ਕਿ ਕਦੇ ਛੇਤੀ ਹੀ ਹਿੰਦੀ ਸਾਰੇ ਭਾਰਤ ਦੀ ਰਾਸ਼ਟ੍ਰ ਭਾਸ਼ਾ ਬਣ ਜਾਵੇਗੀ, ਪਰ ਮੇਰਾ ਵਿਸ਼੍ਵਾਸ ਹੈ ਕਿ ਕਦੇ ਛੇਤੀ ਹੀ ਉਹ ਦਿਨ ਵੀ ਆਣ ਵਾਲਾ ਹੈ ਜਦੋਂ ਉਰਦੂ ਸਾਰੇ ਏਸ਼ੀਆ ਦੀ ਸਾਂਝੀ ਬੋਲੀ ਮੰਨੀ ਜਾਵੇਗੀ. ਹਾਂ ਜੀ, ਉਰਦੂ ਦੀ ਪੂਜਨੀਕ ਮਾਤਾ ਹਿੰਦੀ ਹੈ, ਜਿਸ ਨੂੰ ਪਹਿਲਾਂ ਕਦੇ ਹਿੰਦੁਸਤਾਨੀ ਤੇ ਭਾਸ਼ਾ ਵੀ ਆਖਦੇ ਸਨ. ਮੁਸਲਮਾਨਾਂ ਨੇ ਇਸ ਦੇ ਕਲੇਵਰ ਵਿੱਚੋਂ ਹੌਲੀ ਹੌਲੀ ਸੰਸਕ੍ਰਿਤ-ਮੂਲ ਦੇ ਸ਼ਬਦ ਹਟਾ ਕੇ ਫ਼ਾਰਸੀ, ਅਰਬੀ ਆਦਿਕ ਦੇ ਪਾ ਦਿੱਤੇ ਤੇ ਇਸ ਪ੍ਰਕਾਰ ਉਰਦੂ ਨਮੂਦਾਰ ਹੋ ਗਈ. ਹਿੰਦੀ-ਉਰਦੂ ਦਾ ਪ੍ਰਯੋਗ ਸਿਰਹਿੰਦ (ਯਾ ਸਰਹਿੰਦ ਨਾਮਕ ਅਸਥਾਨ ਤੋਂ

Sri Satguru Jagjit Singh Ji eLibrary NamdhariElibrary@gmail.com

ਅਰੰਭ ਹੁੰਦਾ ਹੈ ਤੇ ਪੰਜਾਬੀ ਹੌਲੀ ਹੌਲੀ ਬਦਲ ਕੇ ਸਹਾਰਨਪੁਰ ਵਿੱਚ ਸਾਫ਼ ਹਿੰਦੀ ਅਥਵਾ ਉਰਦੂ ਬਣ ਜਾਂਦੀ ਹੈ.

(੧੭) ਪਰ ਕਿਉਂ ਹਿੰਦੀ ਭਾਸ਼ਾ ਭਾਰਤ ਦੀ ਰਾਸਟ੍ਰ ਭਾਸ਼ਾ ਬਣੇ ਤੇ ਕਿਉਂ ਕਿਸੇ ਹੋਰ ਸੂਬੇ ਦੀ ਬੋਲੀ ਨੂੰ ਇਹ ਮਹਾਨ ਰੁਤਬਾ ਅਰਪਣ ਨ ਕੀਤਾ ਜਾਏ ? ਇਸ ਦੇ ਉੱਤਰ ਵਿੱਚ ਕਹਿਣਾ ਪੈਂਦਾ ਹੈ ਕਿ ਹਿੰਦੀ ਨੂੰ ਇਹ ਰੁਤਬਾ ਕੁਦਰਤ ਵਲੋਂ ਹੀ ਅਰਪਣ ਕੀਤਾ ਗਿਆ ਪ੍ਰਤੀਤ ਹੁੰਦਾ ਹੈ. ਮੈਨੂੰ, ਕੁਝ ਸਾਲ ਹੋਏ, ਪੰਡਿਤ ਪਰਮਾਨੰਦ ਜੀ ਝਾਂਸੀ ਨੇ ਦਸਿਆ ਸੀ ਕਿ ਜਿਨ੍ਹਾਂ ਦਿਨਾਂ ਵਿੱਚ ਮੈਂ ਮਹਾਤਮਾ ਗਾਂਧੀ (ਮੋਹਨ ਦਾਸ ਕਰਮ ਚੰਦ ਜੀ) ਦੇ ਨਾਲ ਰਹਿੰਦਾ ਸਾਂ ਤਾਂ ਇੱਕ ਦਿਨ ਗਾਂਧੀ ਜੀ ਨੇ ਮੈਨੂੰ ਕਿਹਾ ਕਿ "ਅਸਲੀ ਹਿੰਦੁਸਤਾਨੀ ਤਾਂ ਤੁੱਸੀ ਯੂ: ਪੀ (ਸੰਯੁਕਤ ਪ੍ਰਾਂਤ) ਦੇ ਵਸਨੀਕ ਹੀ ਹੋ. ਕਿਉਂ ਜੋ ਬਾਕੀ ਪ੍ਰਾਂਤਾਂ ਦੇ ਵਸਨੀਕ ਤਾਂ 'ਪੰਜਾਬੀ', 'ਬੰਗਾਲੀ', 'ਅਸਾਮੀ', 'ਬਿਹਾਰੀ', 'ਗੁਜਰਾਤੀ', 'ਮਾਰਵਾੜੀ', 'ਮਰਹਟਾ', 'ਮਦਰਾਸੀ', 'ਸਿੰਧੀ' ਆਦਿਕ ਸਥਾਨਕ 'ਸੂਬਾਈ' ਅਖਵਾਂਦੇ ਹਨ ਪਰ ਤੁਹਾਡੇ ਪ੍ਰਾਂਤ ਦਾ ਐਹਵਾ ਜਿਆ ਕੋਈ ਵਿਸ਼ੇਸ਼ ਨਾਮ ਨਹੀਂ, ਤੁੱਮੀ ਵਿਸ਼ੇਸਤ 'ਹਿੰਦੁਸਤਾਨੀ' ਕਹਾਂਦੇ ਹੋ, ਤੇ ਤੁਹਾਡੀ ਬੋਲੀ ਵੀ 'ਹਿੰਦੀ' ਯਾ 'ਹਿੰਦੁਸਤਾਨੀ' ਹੀ "ਕਹਾਂਦੀ ਹੈ". ਸੋ ਸਚ ਮੁਚ ਗਾਂਧੀ ਜੀ ਦਾ ਇਹ ਬਚਨ ਠੀਕ ਹੀ ਪ੍ਰਤੀਤ ਹੁੰਦਾ ਹੈ, ਅਰ 'ਵਾਸਤਵਿਕ ਤੇ ਮੂਲ-ਹਿੰਦੁਸਤਾਨ' ਵੀ ਇਸ ਦੇਸ਼ ਦੇ ਸੰਯੁਕਤ ਪ੍ਰਾਂਤ ਹੀ ਹਨ, ਤੇ ਬੋਲੀ ਵੀ ਉੱਥੋਂ ਦੀ ਹੀ ਰਾਸ਼ਟ੍ਰ ਭਾਸ਼ਾ ਹੋਣ ਦੇ ਲਾਇਕ ਹੈ. ਹਾਂ ਜੀ, ਖ਼ੁਦ 'ਭਾਰਤ' ਸ਼ਬਦ ਵੀ ਉਸੇ ਪਵਿਤ੍ਰ ਭੂਮੀ ਦੇ ਸਮੀਪ ਹੀ ਦੇਸ਼ ਦੇ ਵਿਸ਼ੇਸ਼ ਸਪੂਤ 'ਭਰਤ' ਦੇ ਨਾਮ ਤੋਂ ਪਿਆ ਹੈ. ਜਿਸ ਪ੍ਰਕਾਰ ਮੁਸਲਮਾਨੀ ਹਕੂਮਤ ਦੇ ਸਮੇਂ ਸਾਰੇ ਹੀ ਵਿਦ੍ਵਾਨ ਫ਼ਾਰਸੀ ਬੋਲਦੇ ਲਿਖਦੇ ਸਨ, ਅਰ ਜਿਸ ਪ੍ਰਕਾਰ ਅੰਗ੍ਰੇਜ਼ੀ ਹਕੂਮਤ ਦੇ ਸਮੇਂ ਤੋਂ ਭਾਰਤੀ ਵਿਦ੍ਵਾਨਾਂ ਦੀ ਰੁਚੀ ਅੰਗ੍ਰੇਜ਼ੀ ਬੋਲਣ ਤੇ ਲਿਖਣ ਦੀ ਅਰੰਭ ਹੋਈ ਹੈ, ਇਸੇ ਪ੍ਰਕਾਰ ਕੋਈ ਸਮਾਂ ਸੀ ਕਿ ਸੰਯੁਕਤ ਪ੍ਰਾਂਤੀਆਂ ਤੋਂ ਇਲਾਵਾ ਪੰਜਾਬੀ ਵਿਦ੍ਵਾਨ ਵੀ ਅਕਸਰ ਕਰ ਕੇ ਹਿੰਦੀ ਹੀ ਬੋਲਦੇ ਲਿਖਦੇ ਸਨ. ਸਿਖ ਰਿਆਸਤਾਂ ਦੇ ਵਿਦ੍ਵਾਨਾਂ ਵਿੱਚ ਮੈਂ ਇਹ ਪਰਿਪਾਟੀ ਆਪ ਪ੍ਰਚਲਿਤ ਵੇਖੀ ਹੈ, ਅਰ ਜਿਨ੍ਹਾਂ ਨੇ ਵੀ ਪੂਜਨੀਕ ਤੇ ਸਦਾ ਸਮਰਣਨੀਜ ਸ੍ਰਦਾਰ ਬਹਾਦਰ ਭਾਈ ਸਾਹਿਬ ਕਾਹਨ ਸਿੰਘ ਜੀ (ਨਾਭਾ ਨਿਵਾਸੀ) ਦੇ ਦਰਸ਼ਨ ਕੀਤੇ ਹਨ, ਉਹ ਜਾਣਦੇ ਹਨ ਕਿ ਭਾਈ ਸਾਹਿਬ ਵਿਦ੍ਵਾਨਾਂ ਨਾਲ ਸਦਾ ਹਿੰਦੀ ਭਾਸ਼ਾ ਵਿੱਚ ਹੀ ਬਚਨ ਬਿਲਾਸ ਕਰਿਆ ਕਰਦੇ ਸਨ, ਤੇ ਇਹ ਵੀ ਕਹਿੰਦੇ ਹੁੰਦੇ ਸਨ ਕਿ ਹਿੰਦੀ ਦੇ ਮੁਕੰਮਲ ਹੋਣ ਨਾਲ ਪੰਜਾਬੀ ਸੁਭਾਵਿਕ ਹੀ ਮੁਕੰਮਲ ਹੋ ਸਕਦੀ ਹੈ.

Sri Satguru Jagjit Singh Ji eLibrary NamdhariElibrary@gmail.com

(੧੮) ਪੰਜਾਬੀ ਦੀ ਲਿਪੀ, ਅਰਥਾਤ ਗੁਰਮੁਖੀ, ਦੀ ਉੱਨਤੀ ਤੇ ਪ੍ਰਸਿੱਧੀ ਲਈ ਸਭ ਤੋਂ ਪਹਿਲਾ ਗਿਆਤ ਯਤਨ, ਪੁਰੀ ਪਿਤਾ-ਪੁਤ੍ਰ ਤੋਂ ਇਲਾਵਾ, ਹੈਡ ਮਾਸਟਰ ਮੋਹਣ ਸਿੰਘ ਜੀ (ਪੰਜਾਬੀ ਵਿਆਕਰਣ ਦੇ ਕਰਤਾ) ਤੇ ਮਾਸਟਰ ਈਸ਼ਰ ਸਿੰਘ ਜੀ, ਰਾਵਲ ਪਿੰਡੀ ਨਿਵਾਸੀ ਨੇ ਕੀਤਾ. ਮਾਸਟਰ ਈਸ਼ਰ-ਸਿੰਘ ਜੀ ਸਦਰ ਰਾਵਲ ਪਿੰਡੀ ਵਿੱਚ, ਈਸਾਈਆਂ ਦੇ ਪ੍ਰਾਇਮਰੀ ਸਕੂਲ ਦੇ ਹੈਡ ਮਾਸਟਰ ਸਨ. ਉੱਥੋਂ ਇਹ ਸਨ ੧੯੦੫ ਵਿੱਚ ਖ਼ਾਲਸਾ ਕਾਲਿਜਿਏਟ ਸਕੂਲ, ਅੰਮ੍ਰਿਤਸਰ, ਵਿੱਚ ਆਏ ਤੇ ਰੇਲਵੇ ਟਿਕਟਾਂ ਪਰ ਗੁਰਮੁਖੀ ਵਿੱਚ ਸਟੇਸ਼ਨ ਦਾ ਨਾਮ, ਫ਼ਾਸਲਾ ਤੇ ਭਾੜਾ ਲਿਖਵਾਣ ਲਈ ਕੋਸ਼ਿਸ਼ ਕਰਦੇ ਰਹੇ ਤੇ ਛੇਤੀ ਹੀ ਆਪਣੇ ਪ੍ਰਯਤਨ ਵਿੱਚ ਸਫਲ ਹੋਏ. ਫਿਰ ਛੇਤੀ ਹੀ ਸਿੱਖ ਐਜੂਕੇਸ਼-ਨਲ (ਵਿਦਜਕ) ਕਾਨਫ਼ਰੰਸ ਕਾਇਮ ਹੋ ਗਈ ਤੇ ਚੀਫ਼ ਖ਼ਾਲਸਾ ਦੀਵਾਨ ਦੇ ਉੱਦਮ ਨਾਲ ਇਸ ਸੰਸਥਾ ਨੇ ਆਪਣੇ ਵਾਰਸ਼ਿਕ ਸਮਾਗਮਾਂ ਦੁਆਰਾ, ਪੰਜਾਹ ਵਰ੍ਹਿਆਂ ਤੋਂ ਉੱਪਰ, ਲਗਾਤਾਰ, ਪੰਜਾਬੀ ਦੀ ਜੋ ਸੇਵਾ ਕੀਤੀ ਉਸ ਦੀ ਪ੍ਰਸ਼ੰਸਾ ਇਸ ਮਹਿਦੂਦ ਮੁਖਬੰਧ ਵਿੱਚ ਕਰਨੀ ਅਸੰਭਵ ਹੈ. ਐਸੇ ਵਾਯੂਮੰਡਲ ਵਿੱਚ ਹੌਲੀ ਹੌਲੀ ਪੰਜਾਬੀ ਤੇ ਇਸ ਦੀ ਲਿਪੀ ਲਈ ਕੀ ਹਿੰਦੂ ਤੇ ਕੀ ਸਿੱਖ ਦੋਹਾਂ ਦੇ ਦਿਲਾਂ ਵਿੱਚ ਪਿਆਰ ਤੇ ਸਤਕਾਰ ਵਧਣਾ ਅਰੰਭ ਹੋਇਆ, ਪਰ ਮੁਸਲਮਾਨਾਂ ਨੇ ਪੰਜਾਬੀ ਨੂੰ ਉਰਦੂ ਲਿਪੀ ਵਿੱਚ ਹੀ ਲਿਖਣਾ ਜਾਰੀ ਰਖਿਆ. ਲਿਪੀ ਪੂਜਾ ਦਾ ਪ੍ਰਸ਼ਨ ਇਤਨਾ ਔਖਾ ਤੇ ਗੁੰਝਲਦਾਰ ਨਹੀਂ ਜਿਤਨਾ ਕਿ ਅਨੋਖਾ ਹੈ. ਭਾਵੇਂ ਕਿਸੇ ਹਦ ਤਕ, ਕੁੱਝਕ ਵਿਸ਼ੇਸ਼ ਚਿੰਨ੍ਹਾਂ ਤੇ ਸੰਕੇਤਾਂ ਦੀ ਮਦਦ ਦੁਆਰਾ, ਕੋਈ ਵੀ ਬੋਲੀ ਕਿਸੇ ਵੀ ਲਿਪੀ ਵਿੱਚ ਠੀਕ ਲਿਖੀ ਜਾ ਸਕਦੀ ਹੈ ਤਾਂ ਵੀ ਪ੍ਰਤਯੇਕ ਬੋਲੀ ਲਈ ਕੋਈ ਵਿਸ਼ੇਸ਼ ਲਿਪੀ ਹੀ ਸ੍ਵਭਾਵਿਕ ਤੇ ਯੁਕਤ ਪ੍ਰਤੀਤ ਹੁੰਦੀ ਹੈ, ਪਰ ਜਿਸ ਵੀ ਦੇਸ਼ ਵਿੱਚ ਕਿਸੇ ਪ੍ਰਮੁਖ ਤੇ ਉੱਚ ਮਹਾਂ ਪੁਰਖ ਨੇ ਕਿਸੇ ਵਿਸ਼ੇਸ਼ ਬੋਲੀ ਵਿੱਚ ਆਪਣੀ ਬਾਣੀ ਰਚ ਕੇ, ਜਿਸ ਵੀ ਵਿਸ਼ੇਸ਼ ਲਿਪੀ ਨੂੰ ਅਪਣਾ ਲਿਆ ਹੈ, ਬਸ ਉਹ ਹੀ ਲਿਪੀ ਉਸ ਮਹਾਂ ਪੁੰਰਖ ਦੇ ਮੁਰੀਦਾਂ ਲਈ ਪਵਿਤ੍ਰ ਤੇ ਪੂਜਨੀਕ ਹੋ ਗਈ ਹੈ. ਇਹ ਇਕ ਬੁਨਿਆਦੀ ਤੇ ਸ੍ਵਤ: ਪ੍ਰਕਾਸ਼ ਭੂਤ ਯਾ ਭਰਮ ਦਾ ਛਲਾਵਾ ਹੈ, ਜੋ ਅਮਲੀ ਜੀਵਨ ਵਿੱਚ ਪ੍ਰਤੀ ਦਿਨ ਵੇਖੀਦਾ ਹੈ, ਤੇ ਜਿਸ ਦਾ ਕਾਰਣ ਮਨੁਖ ਦੇ ਮਨ ਵਿੱਚ ਹੈ, ਪਰ ਜਿਸ ਤੇ ਮਨੁਖ ਦਾ ਕਾਬੂ ਕੋਈ ਨਹੀਂ; ਜੇ ਇਹ ਨਿਕਲ ਜਾਏ ਤਾਂ ਆਪੇ ਨਿਕਲ ਜਾਏ, ਜੇ ਨਾਂ ਨਿਕਲੇ ਤਾਂ ਨਾਂ ਵੀ ਨਿਕਲੇ. ਦਲੀਲ ਦੇ ਟਿਕਟ ਦੁਆਰਾ ਇਹ ਮਨ ਵਿੱਚ ਵੜਿਆ ਨਹੀਂ ਤੇ ਦਲੀਲ ਦੇ ਟਿਕਟ ਦੁਆਰਾ ਇਸ ਦਾ ਮਨ ਵਿਚੋਂ ਨਿਕਲਣਾ ਸੰਭਵ ਨਹੀਂ. ਇਸੇ ਕਾਰਣ ਇਸ ਸੰਬੰਧੀ ਸੁਆਲ ਨੂੰ ਔਖਾ ਨਹੀਂ ਕਿਹਾ ਅਨੋਖਾ ਕਿਹਾ ਹੈ. ਇਹ ਭੂਤ ਪੰਜਾਬੀਆਂ ਪਰ, ਅਥਵਾ ਭਾਰਤ ਦੇ ਹੋਰ ਪ੍ਰਾਂਤਾਂ ਦੇ ਲੋਕਾਂ ਪਰ,

Sri Satguru Jagjit Singh Ji eLibrary NamdhariElibrary@gmail.com

ਹੀ ਸਵਾਰ ਨਹੀਂ ਸਗੋਂ ਪੂਰਬੀ ਦੁਨੀਆ ਦੇ ਹੋਰ ਵੀ ਕਈ ਮੁਲਕਾਂ ਦੇ ਲੋਕਾਂ ਨੂੰ ਚੰਗੀ ਤਰ੍ਹਾਂ ਭੱਟ ਕੇ ਚਮੜਿਆ ਹੋਇਆ ਹੈ. ਈ. ਜੀ. ਬ੍ਰਾਉਨ, ਆਪਣੀ ਸਨ ੧੯੦੨ ਦੀ ਲਿਖੀ ਹੋਈ ਤੇ ਸਨ ੧੯੦੯ ਦੀ ਛਪੀ ਹੋਈ ਪੁਸਤਕ (A Literary History of Persia) ਵਿੱਚ, ਸਫ਼ਾ ੮ ਪਰ ਲਿਖਦਾ ਹੈ : "ਮਸ਼ਰਿਕ ਵਿੱਚ ਇਸ ਵੇਲੇ ਵੀ ਇਹ ਰਗ਼ਬਤ ਮੌਜੂਦ ਹੈ ਕਿ, ਬੋਲੀ ਦੀ ਨਿਸਬਤ ਲਿਪੀ ਨੂੰ ਬਹੁਤ ਜ਼ਿਆਦਾ ਮਜ਼ਹਬ ਨਾਲ ਸੰਬੰਧਿਤ ਕੀਤਾ ਜਾਂਦਾ ਹੈ. ਮੁਲਕ ਸ਼ਾਮ (Syria) ਦੇ ਕਈ ਈਸਾਈਆਂ ਦੀ ਬੋਲੀ ਭਾਵੇਂ ਅਰਬੀ ਹੈ ਤਾਂ ਵੀ ਉਹ ਆਪਣੀ ਅਰਬੀ ਨੂੰ ਮੁਲਕ ਸ਼ਾਮ ਦੀ ਲਿਪੀ ਵਿੱਚ ਹੀ ਲਿਖਦੇ ਹਨ. ਇਸੇ ਤਰ੍ਹਾਂ ਆਰਮੀਨਵੀ ਤੇ ਯੂਨਾਨੀ ਲੋਕ ਜਿਨ੍ਹਾਂ ਦੀ ਮਾਦਰੀ ਬੋਲੀ ਤੁਰਕੀ ਹੈ, ਉਹ ਵੀ ਜਦ ਤੁਰਕੀ ਲਿਖਦੇ ਹਨ ਤਾਂ ਆਰਮੀਨਵੀ ਅਰ ਯੂਨਾਨੀ ਲਿਪੀਆਂ ਦਾ ਹੀ ਪ੍ਰਯੋਗ ਕਰਦੇ ਹਨ. ਇਵੇਂ ਹੀ ਈਰਾਨੀ ਯਹੂਦੀਆਂ ਦਾ ਕਾਫ਼ੀ ਸਾਹਿਤਜ ਐਸਾ ਹੈ ਜਿਸ ਦੀ ਬੋਲੀ ਤਾਂ ਫ਼ਾਰਸੀ ਹੈ ਪਰ ਉਹ ਇਬ੍ਰਾਨੀ ਲਿਪੀ ਵਿੱਚ ਲਿਖਿਆ ਹੋਇਆ ਹੈ. ਸਪੇਨ ਦੇ ਮੂਰ ਮੁਸਲਮਾਣ ਜੋ ਅਰਬੀ ਬੋਲੀ ਭੁਲ ਚੁਕੇ ਸਨ ਉਹ ਵੀ ਸਪੈਨਿਸ਼ ਬੋਲੀ ਦੀਆਂ ਕਿਤਾਬਾਂ ਅਰਬੀ ਲਿਪੀ ਵਿੱਚ ਹੀ ਲਿਖਿਆ ਕਰਦੇ ਸਨ." ਤਾਂ ਤੇ ਪੰਜਾਬ ਵਿੱਚ ਜੇ ਹਿੰਦੂ ਭਾਈ ਪੰਜਾਬੀ ਬੋਲੀ ਆਪਣੀ ਪ੍ਰਿਯ, ਪਵਿਤ੍ਰ ਤੇ ਪਰਮ ਪੁਰਾਤਨ ਦੇਵ ਨਾਗਰੀ ਲਿਪੀ ਵਿੱਚ ਹੀ ਲਿਖਣਾ ਪਸੰਦ ਕਰਦੇ ਹਨ ਤਾਂ ਇਹ ਕੋਈ ਅਨਰਥ ਤੇ ਉਪਦ੍ਰਵ ਪੈਦਾ ਕਰਨ ਵਾਲੀ ਅਪ੍ਰਾਕ੍ਰਿਤਿਕ (unnatural) ਯਾਚਨਾ ਨਹੀਂ. ਸਗੋਂ ਜਿਸ ਤਰ੍ਹਾਂ ਪੰਜਾਬੀ ਲਿੱਖਣ ਦੀ ਵਨਗੀ ਉਰਦੂ ਵਿੱਚ ਮੁਸਲਮਾਣਾਂ ਨੇ ਪ੍ਰਚਲਿਤ ਕਰ ਲਈ ਹੈ, ਇਸੇ ਤਰ੍ਹਾਂ ਹਿੰਦੂ ਵੀ ਪੰਜਾਬੀ ਨੂੰ ਦੇਵ ਨਾਗਰੀ ਲਿਬਾਸ ਵਿੱਚ ਸਜਾਨਗੇ, ਅਰ ਸ਼ਾਇਦ ਦੇਵ ਨਾਗਰੀ ਲਿਪੀ ਤੋਂ ਪੰਜਾਬੀ ਬੋਲੀ ਭਾਰਤ ਦੀਆਂ ਬਾਕੀ ਵੀ ਅਨੇਕਾਂ ਹੀ ਲਿਪੀਆਂ ਵਿੱਚ ਪ੍ਰਗਟ ਹੋ ਕੇ ਗੁਰਬਾਣੀ ਦਾ ਪ੍ਰਚਾਰ ਕਰੇ. ਮੈਂ ਤਾਂ ਉਹ ਦਿਨ ਵੇਖਣਾ ਚਾਹੁੰਦਾ ਹਾਂ ਜਦੋਂ ਪੰਜਾਬੀ ਬੋਲੀ ਸੰਸਾਰ ਦੀਆਂ ੧੫੦੦ ਲਿਪੀਆਂ ਵਿੱਚ ਅਲੰਕ੍ਰਿਤ ਹੋ ਕੇ ਜਗਤ ਵਿੱਚ ਗੁਰੂ ਨਾਨਕ ਦੇ ਸੰਦੇਸ਼ ਦਾ ਢੰਢੋਰਾ ਦੇਵੇ ! ਇਤਨਾ ਤਾਂ ਈਸ਼ੁਰ ਦਾ ਹਜ਼ਾਰ ੨ ਸ਼ੁਕਰ ਹੈ ਕਿ ਪੰਜਾਬ ਰਿਸ਼ੀ-ਭੂਮੀ ਵਿੱਚ ਭਾਵੇਂ ਭਿੰਨ ੨ ਲਿਪੀਆਂ ਦਾ ਪ੍ਰਯੋਗ ਹੈ ਤਾਂ ਵੀ ਬੋਲੀ ਬਹੁਤ ਕਰ ਕੇ ਇੱਕੋ (ਪੰਜਾਬੀ) ਹੀ ਹੈ ਅਰ ਭਿੰਨ ੨ ਲਿਪੀਆਂ ਲਿੱਖਣ ਵਾਲਿਆਂ ਦਾ ਪ੍ਰਸਪਰ ਪ੍ਰੇਮ ਤੇ ਸਹਿਚਾਰ ਹੈ, ਵਰਨਾ ਦੁਨੀਆ ਵਿੱਚ ਐਸੇ ਸ਼ਹਿਰ ਤੇ ਐਸੇ ਲੋਕ ਵੀ ਮੌਜੂਦ ਹਨ ਜੋ ਗਵਾਂਢੀਆਂ ਵਾਂਗ ਇੱਕੋ ਹੀ ਸ਼ਹਿਰ ਵਿੱਚ ਵਸਦੇ ਹੋਏ ਫਿਰ ਵੀ ਇਕ ਦੂਜੇ ਲਈ ਨਿਪਟ ਓਪਰਿਆਂ ਤੇ ਅਜਨਬੀਆਂ ਵਾਂਗ ਰਹਿੰਦੇ ਹਨ. ਫ਼ਰੈਡ੍ਰਿਕ ਹੈਰੀਸਨ, ਇੰਗਲਿਸਤਾਨ ਦਾ ਇਕ ਪਰਮ ਚਤੁਰ

Sri Satguru Jagjit Singh Ji eLibrary NamdhariElibrary@gmail.com

ਲਿਖਾਰੀ, ਕਸਤਨਤਨੀਆ ਮਹਾਂ ਨਗਰ ਦੇ ਸੰਬੰਧ ਵਿੱਚ, ਜਿਸ ਨੂੰ ਹੁਣ ਇਸਤੰਬੋਲ ਆਖਦੇ ਹਨ, ਆਪਣੀ ਸਨ ੧੯੭੫ ਦੀ ਸੈਰ ਮਗਰੋਂ (The Meaning of History ਸਫ਼ਾ ੫੭ ਪਰ) ਇਉਂ ਲਿਖਦਾ ਹੈ: "ਮੁਸਲਮਾਣਾਂ, ਆਰਮੀਨਵੀਆਂ, ਯੂਨਾਨੀਆਂ, ਯਹੂਦੀਆਂ ਤੇ ਈਸਾਈਆਂ ਦੇ ਆਪੋ ਆਪਣੇ ਮਹੱਲੇ, ਆਪਣਾ ਪਹਿਰਾਵਾ, ਆਪਣੀ ਬੋਲੀ, ਆਪਣਾ ਧਰਮ, ਆਪਣਾ ਪੇਸ਼ਾ, ਆਪਣਾ ਕਾਨੂੰਨ ਤੇ ਆਪਣੀ ੨ ਹਕੂਮਤ ਹੈ. ਉਹ ਰਸਤੇ ਵਿੱਚ ਇਕ ਦੂਜੇ ਕੋਲੋਂ ਇਉਂ ਬੇ ਖਿਆਲੇ ਲੰਘ ਜਾਂਦੇ ਹਨ ਜਿਵੇਂ ਕਿ ਇਕ ਦੂਜੇ ਨੂੰ ਨਜ਼ਰ ਹੀ ਨਹੀਂ ਪਏ ਔਂਦੇ. ਉਹ ਨ ਤਾਂ ਮਿਲ ਕੇ ਖਾਂਦੇ ਹਨ, ਨ ਪ੍ਰਸਤਸ਼ ਕਰਦੇ ਹਨ, ਨ ਵਪਾਰ ਕਰਦੇ ਹਨ, ਨ ਮਜ਼ੂਰੀ ਕਰਦੇ ਹਨ, ਨ ਤਿਜਾਰਤ ਕਰਦੇ ਹਨ ਤੇ ਨ ਏਲਦੇ ਹਨ."

(੧੯) ਹਿੰਦੀ ਤੇ ਉਰਦੂ ਦੇ ਮੁਕਾਬਲੇ ਵਿੱਚ ਅਜੇ (ਜੂਨ ਸਨ ੧੯੬੨ ਤਕ) ਪੰਜਾਬੀ ਵਿੱਚ ਬਹੁਤ ਨਿਊਨਤਾਈਆਂ ਹਨ. ਹਿੰਦੀ ਤੇ ਉਰਦੂ ਦੋਹਾਂ ਦੀ, ਆਪੋ ਆਪਣੀ, ਸ਼ਬਦ ਰੂਪਾਵਲੀ ਬਿਲਕੁਲ ਸਹੀ ਤੇ ਸਾਰਿਆਂ ਵਿੱਚ ਇੱਕੋ ਜਈ ਪ੍ਰਚਲਿਤ ਹੈ. ਏਹਨਾਂ ਬੋਲੀਆਂ ਦੇ ਸ਼ਬਦਾਂ ਦੇ ਜੋੜ ਭਾਵੇਂ ਕੋਈ ਵੀ ਕਰੇ ਇੱਕੋ ਜਏ ਕਰੇਗਾ. ਪਰ ਇਹ ਦਾਵਾ ਪੰਜਾਬੀ ਦੇ ਸ਼ਬਦ-ਜੋੜਾਂ ਦੇ ਸੰਬੰਧ ਵਿੱਚ ਨਹੀਂ ਕੀਤਾ ਜਾ ਸਕਦਾ. ਮਸਲਨ, ਕੋਈ ਨਹੀਂ ਜਾਣਦਾ ਕਿ ਆਰੰਭ, ਆਵਸ਼ਯਕ, ਆਨੰਦ ਆਦਿਕ ਸੰਸਕ੍ਰੱਤ ਸ਼ਬਦਾਂ ਵਿੱਚੋਂ, ਏਹਨਾਂ ਨੂੰ ਪੰਜਾਬੀ ਵਿੱਚ ਵਰਤਣ ਲਈ, ਕੰਨਾ ਹਟਾਣਾ ਹੈ ਕਿ ਨਹੀਂ, ਜੇ ਹਟਾਣਾ ਹੈ ਤਾਂ ਕਿਉਂ? ਮਾਨਸਿਕ, ਸ਼ਾਰੀਰਿਕ, ਧਾਰਮਿਕ, ਆਤਮਿਕ ਆਦਿਕ ਵਿੱਚੋਂ ਸਿਹਾਰੀ ਹਟਾਣੀ ਹੈ ਕਿ ਨਹੀਂ, ਜੇ ਹਟਾਣੀ ਹੈ ਤਾਂ ਕਿਉਂ? ਅਜੇ ਚੰਗੇ ਤੇ ਉੱਘੇ ਵਿਦ੍ਵਾਨਾਂ ਨੂੰ ਵੀ ਅਣਾਣੇ ਤੇ ਨੰਨੇ ਦੇ ਯੁਕਤ ਪ੍ਰਯੋਗ ਦਾ ਗਿਆਨ ਨਹੀਂ: ਕੋਈ ਪਾਣੀ ਲਿਖਦਾ ਹੈ ਕੋਈ ਪਾਨੀ; ਕੋਈ ਰਾਣੀ ਕੋਈ ਰਾਨੀ; ਕੋਈ ਮਾਣਕ ਕੋਈ ਮਾਨਕ; ਫਿਰ, ਕੋਈ ਅਪਨੀ ਲਿਖਦਾ ਹੈ, ਕੋਈ ਆਪਨੀ, ਤੇ ਕੋਈ ਆਪਣੀ; ਕਹਿਣ, ਰਹਿਣ, ਬਹਿਣ, ਸ਼ਹਿਰ, ਜ਼ਹਿਰ, ਕਹਿਰ ਆਦਿਕ ਨੂੰ ਕਈ ਕੈਹਣ, ਰੈਹਣ, ਬੈਹਣ, ਸ਼ੈਹਰ, ਜ਼ੈਹਰ, ਕੈਹਰ ਲਿਖਦੇ ਹਨ. ਨਾਮ ਨੂੰ ਕਈ ਨਾਂ ਤੇ ਕੀ ਨੂੰ ਕਈ ਕੀਹ ਲਿਖਦੇ ਹਨ. ਪੈਰ ਵਿੱਚ ਲਗਣ ਵਾਲੇ ਹਾਹੇ, ਯੱਯੇ, ਰਾਂਦੇ, ਲੱਲੇ, ਵੱਵੇ, ਤੱਤੇ, ਟੈਂਕੇ, ਠੱਠੇ ਆਦਿਕ ਅਖਰਾਂ ਦੇ ਲੋਕਮਾਨ ਪ੍ਰਮਾਣੀਕ ਨਿਯਮ ਬਿਲਕੁਲ ਹੀ ਨਹੀਂ ਬਣੇ. 'ਅਧਿਕ' ਦੇ ਯੁਕਤ ਪ੍ਰਯੋਗ ਵਲ ਵੀ ਪੂਰਾ ੨ ਧਿਆਨ ਨਹੀਂ ਦਿੱਤਾ ਗਿਆ. ਈੜੀ (ਇ) ਅੱਖਰ ਜਦ ਬਿਨਾਂ ਸਿਹਾਰੀ ਦੇ ਹੀ ਲਘੂ ਯਾਨੇ ਛੋਟੀ (short) "ਇ" ਆਵਾਜ਼ ਦਾ ਚਿੰਨ੍ਹ ਹੈ ਤਾਂ ਫਿਰ ਇਸ ਨਾਲ ਲਘੂ ਦੀ ਮਾਤ੍ਰਾ ਸਿਹਾਰੀ ਕਿਉਂ ਲਾਈ ਜਾਂਦੀ ਹੈ? ਰੋਮਨ

Sri Satguru Jagjit Singh Ji eLibrary NamdhariElibrary@gmail.com

ਲਿਪੀ ਦੇ ਚਿੰਨ੍ਹਾਂ ਤੇ ਸੰਕੇਤਾਂ ਨੂੰ ਯੂਰਪੀ ਵਿਦ੍ਵਾਨਾਂ ਨੇ ਐਸੀ ਯਕਤਾਈ ਤਕ ਪਹੁੰਚਾ ਦਿੱਤਾ ਹੈ ਕਿ ਉਸ ਵਿੱਚ ਹੁਣ ਦੁਨੀਆ ਦੀ ਕੋਈ ਵੀ ਬੋਲੀ ਸਰਵਥਾ ਸ਼ੁੱਧ ਲਿਖੀ ਜਾ ਸਕਦੀ ਹੈ. ਕੀ ਵੇਦਿਕ ਸੂਕਤ ਤੇ ਕੀ ਪਾਲੀ, ਪ੍ਰਾਕ੍ਰਿਤ ਆਦਿਕ ਦੇ ਬੋਧੀ ਤੇ ਜੈਨੀ ਸੂਤ੍ਰ, ਸਭ ਯਥੋਚਿਤ ਯੁਕਤਤਾ ਸਹਿਤ ਰੋਮਨ ਲਿਪੀ ਵਿੱਚ ਸ਼ੁੱਧ ਪਾਠ ਲਈ ਮੌਜੂਦ ਹਨ. ਪਰ ਸ਼ੋਕ ਹੈ ਕਿ ਹੋਰ ਜ਼ਬਾਨਾਂ ਨੂੰ ਤਾਂ ਪੰਜਾਬੀ ਲਿਪੀ ਵਿੱਚ ਕੀ ਤਬਦੀਲ ਕਰਨਾ ਸੀ ਜਦ ਕਿ ਅਜੇ ਤਕ ਸ਼ੁੱਧ ਹਿੰਦੀ ਤੇ ਸੰਸਕ੍ਰਿਤ ਵੀ *ਇਸ ਲਿਪੀ ਵਿੱਚ ਜਿਉਂ ਕੀਆਂ ਤਿਉਂ ਤਬਦੀਲ transliterate ਨਹੀਂ ਹੋ ਸਕਦੀਆਂ. ਜਦ ਸਨ ੧੯੨੮ ਵਿੱਚ ਅੰਗ੍ਰੇਜ਼ੀ ਤੇ ਪੰਜਾਬੀ ਦੇ ਦਕਸ਼ ਵੇਤਾ, ਪ੍ਰਿਨਸੀਪਲ (ਤਦ ਪ੍ਰੋਫ਼ੈਸਰ) ਤੇਜਾ ਸਿੰਘ ਜੀ (ਹੁਣ ਸੱਚ ਖੰਡ ਵਾਸੀ) ਤੇ ਮੈਂ, ਸ੍ਰਦਾਰ ਬਹਾਦਰ ਭਾਈ ਸਾਹਿਬ ਕਾਹਨ ਸਿੰਘ ਜੀ (ਹੁਣ ਸੱਚ ਖੰਡ ਵਾਸੀ) ਦੇ 'ਗੁਰ ਸ਼ਬਦ ਰਤਨਾਕਰ ਮਹਾਂ ਕੋਸ਼' ਦੀ, ਛਪਣ ਵੇਲੇ, ਨਜ਼ਰ ਸਾਨੀ ਕਰ ਰਹੇ ਸਾਂ ਤਾਂ ਭਾਈ ਸਾਹਿਬ ਨੇ ਇਸ ਕੋਸ਼ ਵਿੱਚ ਪੰਜਾਬੀ ਸ਼ਬਦਾਂ ਦੀ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦਿਆਂ ਸ਼ਬਦਾਂ ਤੋਂ, ਪੰਜਾਬੀ ਵਿੱਚ ਸਹੀ ਵਿਯੁਤਪੱਤੀ ਦੱਸਣ ਲਈ ਅਨੇਕ ਪ੍ਰਕਾਰ ਦੇ ਚਿੰਨ੍ਹਾਂ ਵਾਲੇ ਪੰਜਾਬੀ ਅੱਖਰ ਬਣਵਾਏ ਸਨ, ਜੋ ਅੱਜ ਵੀ ਉਸ ਕੋਸ਼ ਵਿੱਚ ਵੇਖੇ ਜਾ ਸਕਦੇ ਹਨ, ਅਰ ਇਹ ਬੜੇ ਸੁਗਮ ਤੇ ਯੁਕਤ ਸਨ. ਪਰ, ਖੇਦ ਹੈ, ਪੰਜਾਬੀ ਵਿਦ੍ਵਾਨਾਂ ਨੂੰ ਵਿਦਿਆ ਦੀਆਂ ਅਪੂਰਬ ਸੂਕਸ਼ਮਤਾਈਆਂ ਤੇ ਕੋਮਲ ਕਾਢਾਂ ਨਹੀਂ ਭਾਈਆਂ ਤੇ ਉਹਨਾਂ ਨੇ ਉਹਨਾਂ ਚਿੰਨ੍ਹਾਂ ਨੂੰ ਪ੍ਰਚਲਿਤ ਨਹੀਂ ਕੀਤਾ, ਤੇ ਲਾਭ ਨਹੀਂ ਉਠਾਇਆ, ਅਰ ਨਾਂ ਹੀ ਇਸ ਮਤਲਿਬ ਲਈ ਕੋਈ ਹੋਰ ਮਾਰਗ ਲੱਭਾ ਹੈ. ਉਹਨਾਂ ਚਿੰਨ੍ਹਾਂ ਦੁਆਰਾ ਪੰਜਾਬੀ ਵਿੱਚ ਮਸ਼ਰਿਕੀ ਮੁਲਕਾਂ ਦੀਆਂ ਬਹੁਤ ਸਾਰੀਆਂ ਬੋਲੀਆਂ ਸ਼ੁੱਧ ਲਿਖੀਆਂ ਜਾ ਸਕਦੀਆਂ ਹਨ. ਜੋ ਏਹਨਾਂ ਨੂੰ ਔਖਾ ਸਮਝਦੇ ਹਨ ਉਹ ਜ਼ਰਾ ਵਰਤਮਾਨ ਰੂਸੀ, ਪ੍ਰਾਚੀਨ ਇਬ੍ਰਾਨੀ ਤੇ ਯੂਨਾਨੀ ਦੀਆਂ ਪੈਂਤੀਆਂ (ਵਰਣ ਮਾਲਾਂ) ਦੇ ਅੱਖਰਾਂ ਪਰ ਨਜ਼ਰ ਮਾਰਨ. "ਕਵਿਤਾ" ਜੋ ਅਜ ਕਲ ਪੰਜਾਬੀ ਵਿੱਚ ਪ੍ਰਚਲਿਤ ਹੈ ਉਸ ਦਾ ਤਾਂ ਮੂਲੋਂ ਹੀ ਕੋਈ ਵਲੀ ਵਾਰਸ ਨਹੀਂ. ਕੋਸ਼, ਵਿਆਕਰਣ, ਪਿੰਗਲ, ਇਤਿਹਾਸ, ਪੁਰਾਣ, ਸੰਪ੍ਰਦਾਏ, ਕਿਸੇ ਦੀ ਉਸ ਨੂੰ ਪਰਵਾਹ ਨਹੀਂ. ਪੰਜਾਬੀ ਕਵਿਤਾ ਦੀ ਅਦ-ਭੁਤ ਕਲਾ ਉੱਤੇ ਗਿਆਨ, ਵਿਗਿਆਨ ਅਥਵਾ ਬੋਲੀ ਦਾ ਕੋਈ ਅੰਕਸ ਨਹੀਂ. ਇਸੇ ਕਾਰਣ ਬੱਚੇ ਤੋਂ ਬੁੱਢੇ ਤਕ, ਪੜ੍ਹੇ ਅਨਪੜ੍ਹੇ, ਕੀ ਇਸਤ੍ਰੀ ਲਿੰਗ

* ਉਰਦੂ ਦਾ ਇਸਤਮਾਲ ਇਸ ਮਤਲਿਬ ਲਈ ਹੋਰ ਵੀ ਜ਼ਿਆਦਾ ਮਹਿਦੂਦ ਹੈ.

Sri Satguru Jagjit Singh Ji eLibrary NamdhariElibrary@gmail.com

ਤੇ ਕੀ ਪੁਲਿੰਗ, * ਸਭ ਕਵੀ ਹੋਣ ਦਾ ਦਾਵਾ ਕਰ ਰਹੇ ਹਨ. ਇਸ ਮਹਿੰਗ ਦੇ ਜ਼ਮਾਨੇ ਵਿੱਚ ਸ਼ਾਇਦ ਕਵਿਤਾ ਜਿੰਨੀ ਸਸਤੀ ਹੋਰ ਕੋਈ ਵਸਤੂ ਨਹੀਂ ! ਇਹ ਹੁਨਰ ਜੋ ਕਦੇ ਦਰਬਾਰੀ ਸੀ, ਤੇ ਆਪਣੇ ਹੁਨਰੀ ਲਈ ਸਦੀਵੀ ਜੀਵਨ, ਮਾਨ, ਪ੍ਰਤਿਸ਼ਠਾ, ਆਤਮਾਨੰਦ, ਧਰਮ, ਮੋਕਸ਼, ਅਰਥ ਤੇ ਕਾਮ ਦੇ ਦਾਵੇ ਕਰਦਾ ਸੀ, ਹੁਣ ਨਿਪਟ ਇਸ਼ਤਿਹਾਰੀ, ਅਖ਼ਬਾਰੀ, ਵਪਾਰੀ ਤੇ ਬਜਾਰੀ ਰਹਿ ਗਿਆ ਹੈ, ਤੇ ਸਿਵਾਏ ਪਿਛਲੇ ਦੋ ਦਾਵਿਆਂ ਦੇ ਹੋਰ ਸਾਰੇ ਹੀ ਦਾਵੇ ਛੋੜ ਬੈਠਾ ਹੈ.

(੨੦) ਨਵੇਂ ੨ ਵਿਸ਼੍ਵ ਵਿਦਿਆਲਿਆਂ ਦੀਆਂ ਡੂੰਘੀਆਂ ਨੀਹਾਂ ਰਖਣੀਆਂ ਤੇ ਉਹਨਾਂ ਪਰ ਅਤਿ ਉਚੀਆਂ ਆਸਮਾਨੀ ਇਮਾਰਤਾਂ ਖੜੀਆਂ ਕਰਨੀਆਂ; ਫਿਰ ਉਹਨਾਂ ਲਈ ਵਡੀਆਂ ਤੇ ਲੰਮੀਆਂ ੨ ਡਿਗਰੀਆਂ ਵਾਲੇ ਅਧਿਆਪਕ ਤੇ ਆਚਾਰਯ ਰਖਣੇ, ਅਣਗਿਣਤ ਦਫ਼ਤਰਾਂ ਦੇ ਵਿਭਾਗ, ਉਪ ਵਿਭਾਗ ਬਣਾਣੇ ਤੇ ਉਹਨਾਂ ਨੂੰ ਚਲਾਣ ਲਈ ਉੱਘੇ ਤੇ ਪੁਰਾਣੇ ਕਰਮਚਾਰੀ ਮੁਕੱਰਰ ਕਰਨੇ ਅਮੀਰ ਹਕੂਮਤਾਂ ਲਈ ਜ਼ਰਾ ਵੀ ਮੁਸ਼ਕਿਲ ਨਹੀਂ. ਇਸ ਕਿਸਮ ਦੇ ਮਨਸੂਬੇ ਅਮੂਮਨ ਇੱਕੋ ਗਲ ਨੂੰ ਸਾਬਤ ਕਰਨ ਲਈ ਹੁੰਦੇ ਹਨ ਕਿ ਪ੍ਰਜਾ ਦਾ ਬੇ ਅੰਦਾਜ਼ ਰੁਪੇਆ ਜੋ ਕਿਸੇ ਨ ਕਿਸੇ ਰੂਪ ਵਿੱਚ ਹਕੂਮਤ ਦੀ ਭੇਟ ਹੁੰਦਾ ਰਹਿੰਦਾ ਹੈ, ਉਹ ਪ੍ਰਜਾ ਦੀ ਹੀ ਬੇਹਤਰੀ ਤੇ ਖ਼ੁਸ਼ਹਾਲੀ ਲਈ ਖ਼ਰਚ ਹੋ ਰਿਹਾ ਹੈ. ਪਰੰਤੂ ਵਿਸ਼੍ਵ ਵਿਦਿਆਲਿਆਂ ਤੇ ਉਹਨਾਂ ਦੇ ਨਾਲ ਸੰਬੰਧਿਤ ਮਹਾਂ ਵਿਦਿਆਲਿਆਂ, ਤੇ ਉਹਨਾਂ ਅਧਿਆਪਕਾਂ, ਤੇ ਆਚਾਰਯਾਂ ਨੂੰ ਇਨਸਾਨੀ ਤੇ ਕੌਮੀ ਮਹੱਬਤ ਦੇ ਉੱਨਤੀ ਮਾਰਗ ਪਰ ਚਲਾਣ ਲਈ, ਤੇ ਉਹਨਾਂ ਦੇ ਮਾਸ-ਹਡੀਆਂ ਰਚਿਤ ਪਿੰਜਰ ਵਿੱਚ ਜਾਨ

---

* ਸ਼ਾਇਦ ਐਸੇ ਹਾਲਾਤ ਵਿੱਚ ਹੀ ਇੱਕ ਅੰਗ੍ਰੇਜ਼ ਕਵੀ ਨੇ ਕਿਹਾ ਸੀ:--

There breathes no being but has some pretence.
To that fine instinct called poetic sense." G. W. Holmes.

ਤੇ ਪੋਪ (Alexander Pope) ਮਹਾਂ ਕਵੀ ਨੇ ਵੀ ਸ਼ਾਇਦ ਐਹਵਾ ਜਏ "ਕਵੀਆਂ" ਦੀ "ਰਚਨਾ" ਨੂੰ ਹੀ ਵੇਖ ਕੇ ਆਖਿਆ ਸੀ : "It is not poetry, but prose run mad." ਯੂਨਾਨੀਆਂ ਨੇ ਈਸ਼੍ਵਰ ਨੂੰ "ਪੋਇਟ" (Poet ਯਾਨੇ ਕਵੀ) ਕਿਹਾ, ਹੈ ਤੇ ਰਿਗ ਵੇਦ ਵਿੱਚ ਵੀ ਪਰਬ੍ਰਹਮ ਨੂੰ ਕਵੀ ਕਿਹਾ ਹੈ, ਇਤਨਾ ਉੱਚਾ ਆਦਰਸ਼ ਕਵੀ ਦਾ ਮੰਨਿਆ ਗਿਆ ਸੀ :

"सुदक्षो दक्षैः क्रतुनासि सुक्रतुर्,
अग्ने कविः काव्येनासि विश्ववित् ।"

ਰਿਗ ਵੇਦ : ੧੦. ੯੧. ੩. ਹੋਰ ਵੇਖੋ, ੧੦. ੧੨੪. ੭, ਅਤੇ ੮. ੪੪. ੨੧.

Sri Satguru Jagjit Singh Ji eLibrary NamdhariElibrary@gmail.com

ਪਾਣ ਲਈ ਜਿਸ ਸਰੇਸ਼ਟ, ਸ਼ਕਤੀ ਸ਼ੀਲ, ਅਮੋਘ ਦਰਸ਼ਨ ਵਿਅਕਤੀ ਦੀ ਲੋੜ ਹੈ ਉਹ ਸੋਨੇ ਤੇ ਚਾਂਦੀ ਨਾਲ ਨਹੀਂ ਪ੍ਰਾਪਤ ਹੁੰਦੀ, ਉਸ ਦਾ ਮੇਲ ਕਦੇ ਕੌਮ ਦੇ ਚੰਗੇ ਭਾਗਾਂ ਨਾਲ *ਸੁਭਾਵਿਕ ਹੀ ਹੁੰਦਾ ਹੈ.

(੨੧) ਹਾਂ ਜੀ, 'ਪੰਜਾਬੀ ਯੂਨੀਵਰਸਿਟੀ' (ਭਾਰਤ ਵਿੱਚ ਗ਼ਾਲਬਨ ਸੈਂਤੀ-ਸਵੀਂ) ਨੇ (੨੪ ਜੂਨ ੧੯੬੨ ਨੂੰ ਪਟਿਆਲੇ) ਅਵਤਾਰ ਧਾਰਣ ਕਰ ਲਿਆ ਹੈ. ਇਸ ਦੇ ਸੁਲੱਖਣੇ ਚਮਤਕਾਰ ਲਈ ਤਰਸਦੇ ੨ ਤੇ ਇਸ ਦੀ ਆਰਤੀ ਉਤਾਰਨ ਦੀ ਤਾਂਘ ਵਿੱਚ ਪਿਛਲੇ ਪੰਜਾਹ ਵਰ੍ਹਿਆਂ ਵਿੱਚ ਪੰਜਾਬ ਦੇ †ਹਜ਼ਾਰਾਂ ਸਿੱਖ ਤੇ ਹਿੰਦੂ ਵਿਦ੍ਵਾਨ ਪਰਲੋਕ ਪਧਾਰ ਗਏ. ਇਸ ਦੇ ਕਈ ਸ਼ਰਧਾਲੂ ਇਸ ਦੇ

*ਐਲਬਰਟ ਆਇਨਸਟਾਇਨ(Albert Einstein)ਕੈਸੇ ਦਿਲ ਵੇਧਕ ਸ਼ਬਦਾਂ ਵਿੱਚ ਕਹਿੰਦਾ ਹੈ:"Academic chairs are many but wise and noble teachers are few;lecture-rooms are numerous and large,but the number of young people who genuinely thirst after truth and justice is small Nature scatters her common wares with a lavish hand, but the choice sort she produces but seldom." The World as I see it : pp. 5-6; (Thinker's Lib. No. 79; Watts)

ਪੰਜਾਬ ਦੇ ਮੌਜੂਦਾ ਗਵਰਨਰ ਸ਼੍ਰੀ ਐਨ. ਵੀ. ਗੈਡਗਿਲ ਨੇ ਵੀ ਪਟਿਆਲੇ (੨੪-੬-੧੯੬੨ ਨੂੰ) ਪੰਜਾਬੀ ਯਨੀਵਰਸਿਟੀ ਦੀ ਆਰੰਭਕ ਰਸਮ ਅਦਾਇਗੀ ਸਮੇਂ (ਦਸਿਆ ਗਿਆ ਹੈ ਕਿ) ਇਉਂ ਕਿਹਾ ਹੈ (ਦੇਖੋ, Tribune) 25. 6. 1962:--

'While holding that the aim of a University was not to create more scholars and gentlemen, but to create citizens with realisation of their responsibilities to a free country and to develop in them a balanced mind and a correct approach to all problems that faced individuals and the community, the Chancellor of the Punjab University, Mr. N. V. Gadgil expressed the hope that all efforts would be made to realize these ideals in the Punjabi University which was inaugurated to-day by the President ofIndia.'

† ਫ਼ਰੀ ਸਿੱਖ ਯੂਨੀਵਰਸਿਟੀ (Free Sikh University) ਦਾ ਪ੍ਰਥਮ ਫੁਰਨ ਸ੍ਰਦਾਰ ਰੂਪ ਸਿੰਘ ਜੀ (E. A C., ਐਬਟਾਬਾਦ ਨਿਵਾਸੀ) ਨੂੰ ਫੁਰਿਆ ਸੀ. ਇਹ ਬਜ਼ੁਰਗ ਬਲੰਦ ਇਲਮੀਅਤ ਤੇ ਅਜ਼ੀਮ ਬਲੰਦ ਅਖ਼ਲਾਕ ਦੇ ਧਨੀ, ਜਗਤ ਵਖਜਾਤ ਸ੍ਰਦਾਰ ਜੇ. ਜੇ. (ਜਗਜੀਤ) ਸਿੰਘ ਜੀ, ਪ੍ਰੇਜ਼ੀਡੈਂਟ, ਇੰਡੀਆ ਲੀਗ ਆਫ਼ ਅਮ੍ਰੀਕਾ ਦੇ ਪਿਤਾ ਸਨ, ਤੇ ਫ਼ਰਵਰੀ ਸਨ ੧੯੧੨ ਵਿੱਚ ਸਰਕਾਰੀ ਨੌਕਰੀ ਤੋਂ ਫ਼ਾਰਿਗ ਹੋ ਕੇ ਲਾਹੌਰ ਵਿੱਚ ਨਿਵਾਸ ਰੱਖਣ ਲਗ ਪਏ ਸਨ. ਇਸ (F. S. U.) ਦੇ ਸੰਬੰਧ ਵਿੱਚ ਦੇਖੋ, ਸ੍ਰਦਾਰ ਰੂਪ ਸਿੰਘ ਜੀ ਦੀ (An Important Announcement) "ਇੱਕ ਬੜੀ ਆਵਸ਼ਜਕ ਸੂਚਨਾ," ਜੋ ਫ਼ਰਵਰੀ ਸਨ ੧੯੧੫ ਦੇ ਇਕ ਅੰਗ੍ਰੇਜ਼ੀ ਰਸਾਲੇ(The Sikh Review) ਵਿੱਚ (ਉਸ ਦੇ ੩੮ ਤੋਂ ੪੩ ਪੰਨਿਆਂ ਪਰ) ਛਪੀ ਸੀ. ਇਹ ਰਸਾਲਾ

ਬਾਕੀ ਸਫ਼ੇ ੩੯ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਨਾਮ ਪਰ ਹੈਰਾਨ ਹੁੰਦੇ ਹਨ ਤੇ ਕਹਿੰਦੇ ਹਨ, ਇਸ ਦਾ ਨਾਮ "ਪਟਿਆਲਾ ਯੂਨੀਵਰਸਿਟੀ" ਕਿਉਂ ਨਹੀਂ ਰਖਿਆ ਗਿਆ ? ਸੋ ਇਸ ਵਿੱਚ ਇੱਕ ਦਿਲਚਸਪ ਤੇ ਖੁਸ਼ਗਵਾਰ ਰਹਸਜ ਹੈ, ਜਿਸ ਨੂੰ ਸਰਵ ਸਾਧਾਰਣ ਨਹੀਂ ਸਮਝਦੇ. 'ਪੰਜਾਬੀ' ਸ਼ਬਦ ਨਾਲ 'ਗੁਰਮੁਖੀ', 'ਸਿੱਖ' ਤੇ 'ਖ਼ਾਲਸਾ' ਸ਼ਬਦਾਂ ਦਾ ਸਿੱਧਾ ਤੇ ਘਨਿਸ਼ਟ ਸੰਬੰਧ ਹੈ, ਪਰ ਪਟਿਆਲੇ, ਲੁਧਿਆਣੇ, ਅੰਬਾਲੇ ਆਦਿਕ ਸ਼ਬਦਾਂ ਨਾਲ 'ਗੁਰ-ਮੁਖੀ'' 'ਸਿੱਖ' ਤੇ 'ਖ਼ਾਲਸਾ' ਦਾ ਮੁਤਲਿਕ ਕੋਈ ਤਅੱਲੁਕ ਨਹੀਂ. ਫਿਰ, 'ਪੰਜਾਬੀ ਯੂਨੀ' ਆਪਣਾ ਪਵਿਤ੍ਰ ਆਸਣ ਪਟਿਆਲੇ ਤੋਂ, ਜਦ ਜੀ ਚਾਹੇ, ਆਪਣੇ ਪੂਰਬ ਯਾ ਪੱਛਮ ਦੇ ਨਗਰਾਂ ਵਲ ਖਿਸਕਾ ਸਕਦੀ ਹੈ. ਮਸਲਨ, ਅੱਜ ਉਹ ਪਟਿਆਲੇ ਹੈ, ਤੇ ਕਲ ਜਲੰਧਰ ਰਹਿ ਕੇ, ਪਰਸੋਂ ਸ੍ਰੀ ਅੰਮ੍ਰਿਤਸਰ ਜੀ ਵਿੱਚ ਬਿਰਾਜਮਾਨ ਹੋ ਸਕਦੀ ਹੈ, ਪਰ, 'ਪਟਿਆਲਾ ਯੂਨੀ' ਸਦਾ ਲਈ ਪਟਿ-ਆਲੇ ਹੀ ਸ਼ੋਭਦੀ ਹੈ, ਤੇ ਉਸ ਹਾਲਤ ਵਿੱਚ ਮੇਰੇ ਇਸ ਲੇਖ ਨਾਲ ਵੀ ਕਿਸੇ ਪ੍ਰਕਾਰ ਸੰਬੰਧਿਤ ਨਹੀਂ ਹੋ ਸਕਦੀ. ਪੰਜਾਬ ਯੂਨੀਵਰਸਿਟੀ ਸੋਲਨ (ਪੰਜਾਬ ਵਿੱਚ) ਮਕਾਮ ਕਰਕੇ ਉੱਥੋਂ ਚੰਡੀਗੜ੍ਹ (ਪੰਜਾਬ) ਆ ਸਕਦੀ ਹੈ, ਪਰ 'ਕੁਰੁਕਸ਼ੇਤ੍ਰ' ਯੂਨੀਵਰਸਿਟੀ ਕੁਰੁਕਸ਼ੇਤ੍ਰ ਤੋਂ ਅੰਬਾਲੇ ਯਾ ਚੰਡੀ-ਗੜ੍ਹ ਆਣ ਵਿੱਚ ਸ਼ੋਭਾ ਨਹੀਂ ਪਾਉਂਦੀ, ਤੇ ਨਾਂ ਹੀ 'ਦੇਹਲੀ' ਯੂਨੀਵਰਸਿਟੀ ਦੇਹਲੀ ਤੋਂ ਮੇਰਠ, ਅਥਵਾ, 'ਅਲਾਹਾਬਾਦ' ਯੂਨੀ, ਅਲਾਹਾਬਾਦ ਤੋਂ ਆਗਰੇ ਜਾਣ ਵਿੱਚ ਸ਼ੋਭਾ ਪਾਉਂਦੀ ਹੈ. ਡਾਕਟਰ ਰਾਧਾ ਕ੍ਰਿਸ਼ਨਨ ਤੇ ਦੀਗਰ ਉਦਘਾਟਨੀ ਪ੍ਰਮੁਖਾਂ ਨੇ 'ਪੰਜਾਬੀ ਯੂਨੀਵਰਸਿਟੀ' ਦੇ ਉਦਘਾਟਨ ਸਮੇਂ ਬੜੀਆਂ ੨ ਲੰਮੀਆਂ ਤਸ਼ਰੀਹਾਂ ਦੁਆਰਾ ਸ੍ਰੋਤਿਆਂ ਨੂੰ ਵਿਦਿਤ ਕੀਤਾ ਕਿ ਇਸ ਯੂਨੀ ਦਾ ਨਾਮ ਭਾਵੇਂ ਪੰਜਾਬੀ ਯੂਨੀ ਹੈ ਤਾਂ ਵੀ ਇਹ ਹਰ ਪ੍ਰਕਾਰ ਦੇ ਇਲਮ ਤੇ ਹੁਨਰ ਦੀ ਦਰਸਗਾਹ ਹੋਵੇਗੀ, ਠੀਕ ਹੈ ? ਪਰ, ਜੇ ਕਿਸੇ ਦੁਕਾਨ ਦੇ ਮੱਥੇ ਪਰ ਫੱਟਾ "ਗੁੜ ਦੀ ਹੱਟੀ," "ਤਾਂਬੇ ਦੀ ਦੁਕਾਨ," ਜਾਂ "ਚਾਵਲਾਂ ਦੀ ਹੱਟੀ" ਦਾ ਲੱਗਾ ਹੋਇਆ ਹੋਵੇ ਤਾਂ ਕੇਹੜਾ ਸਿਆਣਾ

ਸਫ਼ੇ ੩੮ ਦੀ ਬਾਕੀ

(Messrs. Caveesieur and Co.) ਦੁਆਰਾ ਦਿੱਲੀ ਤੋਂ ਸੰਪਾਦਿਤ ਹੋਇਆ ਕਰਦਾ ਸੀ. ਫ਼ਰੀ ਸਿੱਖ ਯੂਨੀਵਰਸਿਟੀ ਦਾ ਸੁਪਨਾ ਜੋ ਸੂਦਾਰ ਰੂਪ ਸਿੰਘ ਜੀ ਨੂੰ ੧੯੧੨--੧੫ ਵਿੱਚ ਆਇਆ ਉਸ ਨੂੰ ਕਿਸੇ ਹਦ ਤਕ ਸੂਦਾਰ ਬਹਾਦਰ ਧਰਮ ਸਿੰਘ ਜੀ ਸੇਠੀ, ਪ੍ਰਸਿੱਧ ਠੇਕੇਦਾਰ, ਨਵੀਂ ਦਿੱਲੀ, ਨੇ ਆਪਣੇ ਫ਼ਰੀ, "ਗੁਰੂ ਨਾਨਕ ਵਿਦਿਆ ਭੰਡਾਰ" ਦੁਆਰਾ ਸੱਚਾ ਕਰ ਵਿਖਾਇਆ. ਭੰਡਾਰ ਟ੍ਰਸਟ (ਕਈ ਲਖ ਦੇ ਸਰਮਾਏ ਨਾਲ) ਪੰਜਾਬੀ ਦੀ ਉੱਨਤੀ ਲਈ ਸਨ ੧੯੩੨ ਵਿੱਚ ਰਜਿਸਟਰਡ ਹੋਇਆ ਤੇ ਵਿਸ਼ੇਸ਼ ਗੁਰਦੁਆਰਿਆਂ ਅਰ ਧਰਮਸਾਲਾਂ ਨੂੰ ਸਹਾਇਤਾ ਦੇਂਦਾ ਹੋਇਆ, ਉਹਨਾਂ ਦੁਆਰਾ, ਹੁਣ ਤਕ ਇਹ ਸੇਵਾ ਨਿਭਾ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਮਨੁਖ ਐਸੀ ਹੱਟੀ ਤੋਂ ਖੰਡ, ਸੋਨੇ ਯਾ ਮੋਤੀਆਂ ਦਾ ਭਾ ਪੁੱਛੇਗਾ ? ਖ਼ੈਰ, ਜਿੱਥੇ ਵੀ ਹੈ ਤੇ ਜਿਸ ਤਰ੍ਹਾਂ ਦੀ ਵੀ ਹੈ, ਹੁਣ 'ਪੰਜਾਬੀ ਯੂਨੀਵਰਸਿਟੀ' ਅਵਜ-ਕਤ ਤੋਂ ਵਜ਼ਕਤ ਜਾਮੇ ਵਿੱਚ ਸਨਮੁਖ ਆ ਗਈ ਹੈ ! ਦੇਖੀਏ ਇਹ ਪੰਜਾਬੀ ਬੋਲੀ, ਪੰਜਾਬੀ ਲਿਪੀ, ਪੰਜਾਬੀ ਸਾਹਿਤਜ ਤੇ ਪੰਜਾਬੀ ਸੰਸਕ੍ਰਿਤੀ ਨੂੰ ਕਿੰਨਾਕੁ ਅਗ੍ਰਸਰ ਕਰਦੀ ਹੈ; ਇਸ ਦਾ ਪ੍ਰਭਾਵ, ਕੌਮੀ ਵਿਚਾਰ ਦ੍ਰਿਸ਼ਟੀ ਤੋਂ, ਪੰਜਾਬ ਦੇ ਭਿੰਨ ੨ ਲੋਕਾਂ ਨੂੰ ਪ੍ਰਸਪਰ ਮਿਲਾਣ ਤੇ ਇੱਕ ਕਰਾਣ ਵਿੱਚ ਕਿਸ ਹਦ ਤਕ ਸਹਾਈ ਹੁੰਦਾ ਹੈ, ਤੇ ਇਹ 'ਪੰਜਾਬੀ' ਦੇ ਕੇਹੜੇ ਆਦਰਸ਼ ਅਥਵਾ ਆਦਰਸ਼ਾਂ ਨੂੰ ਅਨੁਭਵ ਵਿੱਚ ਰਖ ਕੇ ਉਹਨਾਂ ਦਾ ਸਾਖਿਆਤਕਾਰ ਕਰਨ ਲਈ ਸਚੇਸ਼ਟ ਪ੍ਰਯਤਨ ਕਰਦੀ ਹੈ. *ਮੇਰੀ ਅਰਦਾਸ ਹੈ ਕਿ ਸਤਜਮ-ਗਿਆਨਮ-ਅਨੰਤਮ ਬ੍ਰਹਮ ਇਸਦਾ ਸਹਾਈ ਹੋਵੇ ਤੇ ਇਸ ਨੂੰ ਸਦਾ ਹੀ ਹਨੇਰੇ ਦੇ ਟੋਇਆਂ ਟਿਬਿਆਂ ਤੋਂ ਲਾਂਭੇ ਰਖਦਾ ਹੋਇਆ ਪ੍ਰਕਾਸ਼ ਦੇ ਸਿੱਧੇ ਸੋਮੇ ਵਲ ਨਿਰੰਤਰ ਤੋਰੀ ਜਾਵੇ !

(੨੨) ਪੰਜਾਬੀ ਯੂਨੀ ਦੇ ਉਦਘਾਟਨ ਕਾਲ ਤੋਂ ਮੈਂ ਪਾਠਕ ਨੂੰ ਫਿਰ ਤਕਰੀਬਨ ਸਤਵੰਜਾ ਵੱਰ੍ਹੇ ਪਿੱਛੇ ਸਨ ੧੯੦੫ ਦੇ ਖ਼ਾਲਸਾ ਕਾਲਜ, ਅੰਮ੍ਰਿਤਸਰ, ਦਾ ਅਲਪ ਮਾਤ੍ਰ ਦ੍ਰਿਸ਼ਜ ਵਿਖਾਂਦਾ ਹਾਂ. ਭਾਵੇਂ ਕਾਲਜ ਤੇ ਸਕੂਲ ਦੋਹਾਂ ਦੇ ਅਧਿਆਪਕ ਜ਼ਿਆਦਾ ਤਰ ਸਿੱਖ ਹੀ ਸਨ ਤਾਂ ਵੀ ਦੋਹਾਂ ਦੇ ਅਧਿਆਪਕ ਮੰਡਲਾਂ ਵਿੱਚ ਹਿੰਦੂ ਜ਼ਰੂਰ ਦਿਸਦੇ ਸਨ ਤੇ ਕਦੇ ਵੀ ਕੋਈ ਉਹਨਾਂ ਵਲ ਓਪਰੀ ਦ੍ਰਿਸ਼ਟੀ ਨਾਲ ਨ ਵੇਖਦਾ ਸੀ. ਵਿਦਿਆਰਥੀਆਂ ਦਾ ਸਦਾਚਾਰ ਵੀ ਚੰਗਾ ਸੀ ਤੇ ਉੱਚ ਦਰਜੇ ਦੇ ਧਾਰਮਿਕ ਪ੍ਰੇਮੀ ਸਨ, ਪਰ ਅਧਿਆਪਕ ਜੇ ਸਾਰੇ ਦੇ ਸਾਰੇ ਹੀ ਸਬਰ, ਸਿਦਕ ਤੇ ਸਦਾਕਤ ਦੇ ਪੁਤਲੇ ਕਹਿ ਦਿੱਤੇ ਜਾਵਨ ਤਾਂ ਇਸ ਵਿੱਚ ਕੋਈ ਮੁਬਾਲਗ਼ੇ ਵਾਲੀ ਗਲ ਨ ਹੋਵੇਗੀ. ਮੇਰੇ ਜੀਵਨ ਪੁਰ ਇੱਥੋਂ

* ਪਰ ਵਿਦਿਤ ਹੋਵੇ ਕਿ ਪੰਜਾਬੀ ਯੂਨੀ ਦੇ ਉਦਘਾਟਨ ਸਮੇਂ ਇਸ ਦੇ ਮਾਨਨੀਯ ਕਰਮ ਚਾਰੀਆਂ ਵਿੱਚੋਂ ਕਿਸੇ ਨੇ ਵੀ ਪਰਮਾਤਮਾ ਅੱਗੇ ਕਾਰਜ ਦੀ ਸਿੱਧੀ ਤੇ ਬ੍ਰਿੱਧੀ ਲਈ ਕਿਸੇ ਪ੍ਰਕਾਰ ਦੀ ਯਾਚਨਾ ਨਹੀਂ ਕੀਤੀ. ਭਾਰਤ ਦੇ ਫ਼ਿਲਾਸਫ਼ਰ-ਪ੍ਰੇਜ਼ੀਡੈਂਟ, ਡਾਕਟਰ ਰਾਧਾ ਕ੍ਰਿਸ਼ਨਨ ਜੀ ਨੇ ਖ਼ੁਦ ਵੀ ਐਸਾ ਕਰਨ ਤੋਂ ਪੂਰਨ ਸੰਕੋਚ ਕੀਤਾ ਹੈ. (ਘੱਟੋ ਘਟ ਮੈਂ ਜੋ ਅੰਗ੍ਰੇਜ਼ੀ ਦਾ ਅਖ਼ਬਾਰ ਪੜ੍ਹਿਆ ਹੈ ਉਸ ਵਿੱਚ ਈਸ਼੍ਵਰ ਅਰਾਧਣਾ ਦਾ ਕੋਈ ਜ਼ਿਕਰ ਨਹੀਂ). ਜਦ ਲਾਪਲਾਸ (Laplace), ਫ਼ਰਾਂਸ ਦੇ ਪ੍ਰਸਿੱਧ ਮਹਾਂ ਵਿਗਿਆਨੀ ਨੇ ਆਪਣੀ ਪੁਸਤਕ (ਵਿਸ਼੍ਵ ਦੀ ਉਤਪੱਤੀ ਪਰ) ਨੈਪੋਲੀਅਨ ਬੋਨਾਪਾਰਟ ਦੇ ਪੇਸ਼ ਕੀਤੀ ਤਾਂ ਨੈਪੋਲੀ-ਅਨ ਨੇ ਮਹਾਂ ਵਿਗਿਆਨੀ ਨੂੰ ਕਿਹਾ, "ਮੈਸਿਊ, ਮੈਨੂੰ ਪਤਾ ਲੱਗਾ ਹੈ ਕਿ ਆਪ ਨੇ ਇਹ ਮਹਾਨ ਗ੍ਰੰਥ ਵਿਸ਼੍ਵ ਦੀ ਉਤਪੱਤੀ ਉੱਤੇ ਰਚਿਆ ਹੈ ਪਰ ਇਸ ਵਿਚ ਇਸ ਦੇ ਰਚਨਹਾਰ ਦਾ ਨਾਮ ਤਕ

ਬਾਕੀ ਸਫ਼ੇ ੪੧ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਨੋਂ ਸਿੱਧਾਂ ਦਾ ਪ੍ਰਭਾਵ ਪਿਆ ਉਹ ਇਹ ਸਨ : ਵਾਇਸ ਪ੍ਰਿਨਸੀਪਲ ਮਹਿਤਾ ਨਿਰੰਜਨ ਸਿੰਘ ਜੀ, ਪ੍ਰੋਫ਼ੈਸਰ ਨਿਹਾਲ ਸਿੰਘ ਜੀ, ਹੈਡਮਾਸਟਰ ਨਾਰਾਇਣ ਸਿੰਘ ਜੀ, ਮਾਸਟਰ ਘਸੀਟਾ ਸਿੰਘ ਜੀ, ਦੋਵੇਂ ਹਮਨਾਮ ਮਾਸਟਰ ਰਾਮ ਸਰਨ ਦਾਸ ਜੀ, ਗਿਆਨੀ ਠਾਕਰ ਸਿੰਘ ਜੀ, ਭਾਈ ਹਰੀ ਸਿੰਘ ਜੀ ਤੇ ਪੰਡਿਤ ਨਿਰੰਜਨ ਸਿੰਘ ਜੀ. ਮਹਿਤਾ ਨਿਰੰਜਨ ਸਿੰਘ ਜੀ ਲੂਣ ਦੇ ਮਹਿਕਮੇਂ ਤੋਂ ਚੰਗੀ ਉੱਚੀ ਮੁਲਾਜ਼ਮਤ ਛੱਡ ਕੇ ਥੋੜੀ ਹੀ ਤਨਖ਼ਾਹ ਪਰ ਖ਼ਾਲਸਾ ਕਾਲਿਜ ਆਏ ਸਨ ਤੇ ਡਾਕਟਰ ਰਲਿਆ ਰਾਮ, ਗੁਜਰਾਂ ਵਾਲਾ ਨਿਵਾਸੀ ਦੇ ਸੁਪੁਤ੍ਰ ਸਨ. ਆਪ ਨੂੰ ਘੋੜੇ ਰੱਖਣ ਦਾ ਬੜਾ ਸ਼ੌਕ ਸੀ ਤੇ ਦੋ ਘੋੜਿਆਂ ਤੋਂ

ਸਫ਼ੇ ੪੦ ਦੀ ਬਾਕੀ

ਵੀ ਨਹੀਂ ਲਿਆ !" ਤਾਂ ਲਾਪਲਾਸ ਝਟ ਖ਼ਬਰਦਾਰ ਹੋ ਗਿਆ ਤੇ ਕੋਰੇ ਸ਼ਬਦਾਂ ਵਿੱਚ ਕਹਿਣ ਲੱਗਾ, "ਮਹਾਰਾਜ, ਮੈਨੂੰ ਆਪਣੀ ਵਿਚਾਰ ਧਾਰਾ (ਵਿਧੀ ਪਧਤੀ, ਰੀਤੀ, System) ਵਿੱਚ ਕਿਸੇ ਪ੍ਰਕਾਰ ਵੀ ਐਸੀ ਫ਼ਰਜ਼ੀ ਹਸਤੀ (Hypothesis, ਕਲਪਣਾ) ਦੀ ਲੋੜ ਨਹੀਂ ਭਾਸੀ" ਪਰ, ਸਰ ਆਈਜ਼ਕ ਨਿਊਟਨ ਨੇ ਇਸ ਘਟਨਾ ਤੋਂ ਤਕਰੀਬਨ ਇੱਕ ਸੌ ਸਾਲ ਪਹਿਲਾਂ ਆਪਣੀ ਪ੍ਰਸਿੱਧ ਪੁਸਤਕ ਪ੍ਰਿਨਸਿਪੀਆ (Principia) ਦਾ ਏਹਨਾਂ ਸ਼ਾਨਦਾਰ ਸ਼ਬਦਾਂ ਦੁਆਰਾ ਭੋਗ ਪਾਇਆ ਸੀ, "The whole diversity of natural things can have arisen from nothing but the ideas and the will of one necessarily existing being, who is always and everywhere, God Supreme, infinite. omniscient, absolutely perfect." ਲਾਪਲਾਸ ਤੇ ਨਿਊਟਨ ਸੰਬੰਧੀ ਉਪ੍ਰੋਕਤ ਦੋਹਾਂ ਹਵਾਲਿਆਂ ਲਈ ਦੇਖੋ, "Naturalism and Agnosticism" by James Ward (London 1906) Vol I., pp. 3-4. ਭਾਰਤ ਤੋਂ ਅੰਗ੍ਰੇਜ਼ੀ ਰਾਜ ਦੇ ਜਾਣ ਮਗਰੋਂ ਜਦੋਂ ਲਾਰਡ ਮਾਊਂਟਬੈਟਨ ਤੋਂ ਭਾਰਤ ਦੇ ਰਾਜ ਦੀ ਵਾਗ ਡੋਰ ਸ੍ਰੀ ਚਕ੍ਰਵਰਤੀ ਰਾਜਗੋਪਾਲਾਚਾਰੀ ਦੇ ਸਪੁਰਦ ਹੋਈ ਸੀ ਤਾਂ ਉਸ ਮੌਕੇ ਦੀਆਂ ਸਰਕਾਰੀ ਰਸਮਾਂ ਵਿੱਚ ਲਾਰਡ ਮਾਊਂਟਬੈਟਨ ਤੇ ਰਾਜਗੋਪਾਲਾਚਾਰੀ ਜੀ ਨੇ ਬੜੀ ਸ਼ਰਧਾ ਭਗਤੀ ਦੁਆਰਾ ਅਕਾਲਪੁਰਖ ਤੋਂ ਅਸੀਸਾਂ ਦੀ ਯਾਚਨਾ ਕੀਤੀ ਸੀ (ਦੇਖੋ ਉਹਨਾਂ ਦਿਨਾਂ ਦਾ Indian Information ਨਾਮਕ, ਅੰਗ੍ਰੇਜ਼ੀ, ਤਸਵੀਰਾਂ ਵਾਲਾ, ਸਰਕਾਰੀ, ਅਰਧ ਮਾਸਕ ਰਸਾਲਾ.) ਪਰ ਹੁਣ ਤਾਂ ਲਾਪਲਾਸ ਨੂੰ ਗੁਜ਼ਰਿਆਂ ੧੩੫ ਵੱਰ੍ਹੇ ਬੀਤ ਚੁਕੇ ਹਨ ਤੇ ਯੂਰਪ ਸਿਆਣਪ ਦੀਆਂ ਉਡਾਰੀਆਂ ਮਾਰ ਮਾਰ ਕੇ ਸੱਤਾਂ ਅਕਾਸ਼ਾਂ ਵਿਚੋਂ ਹੀ ਨਹੀਂ ਸਗੋਂ (ਅੱਜ ਮੱਧ ੧੯੬੨ ਤਕ) ਸੈਂਕੜੇ ਤੇ ਹਜ਼ਾਰਾਂ ਹੀ ਆਕਾਸ਼ਾਂ ਵਿੱਚੋਂ ਵੀ ਲਭ ਲਭ ਕੇ ਥਕ ਦੁਕਾ ਹੈ ਤੇ ਤਸਦੀਕ ਕਰ ਰਿਹਾ ਹੈ "ਰੱਬ ਨੂੰ ਕਿਧਰੇ ਨਹੀਂ ਵੇਖਿਆ". ਬਸ ਯੂਰਪ ਦੇ ਨਾਲ ਕੁਦਰਤੀ ਤੌਰ ਪਰ ਬੀਥੇ, ਤੇ ਯੂਰਪੀ ਵਿਗਿਆਨ ਦੇ ਛਿਨਮਾਤ੍ਰਿਕ ਚਮਤਕਾਰਾਂ ਉੱਤੇ ਕੁਰਬਾਣ ਹੋਏ ਹੋਏ ਭਾਰਤ ਨੇ ਵੀ ਕੁਦਰਤੀ ਤੌਰ ਪਰ ਸਿਆਣਾ ਹੋਣਾ ਸੀ, ਤੇ ਭਾਰਤ ਦੀ ਅਪਾਰ ਸਿਆਣਪ ਨੇ ਪੰਜਾਬ ਪਰ ਆਪਣਾ ਅਸਰ ਪਾਣ ਤੋਂ ਕਿਵੇਂ ਰੁਕਣਾ ਸੀ, ਅਰ "ਫ਼ਰਜ਼ੀ ਹਸਤੀ" ਤੋਂ ਪੰਜਾਬ ਦੇ ਸਰਕਾਰੀ ਮਹੌਤਸਵਾਂ ਨੇ ਭਲਾ ਕੀ ਲੈਣਾ ਸੀ ਤੇ ਇਸ ਤੋਂ ਅਸੀਸਾਂ ਦੀ ਯਾਚਨਾ ਕਰਨ

ਬਾਕੀ ਸਫ਼ੇ ੪੨ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਇਲਾਵਾ ਆਪ ਨੇ ਇਕ ਨਿਹਾਇਤ ਖ਼ੂਬਸੂਰਤ ਜਾਪਾਨੀ ਗਿਗ (gig) ਵੀ ਰੱਖੀ ਹੋਈ ਸੀ ਜਿਸ ਨੂੰ ਇੱਕੋ ਘੋੜਾ ਖਿਚਦਾ ਸੀ. ਆਪ ਭਾਵੇਂ ਟੱਬਰਦਾਰ ਸਨ ਤੇ ਇੱਕ ਲੜਕੇ ਦੇ ਪਿਤਾ ਵੀ ਸਨ ਪਰ ਅਤਿ ਉਦਾਰ ਤੇ ਵੈਰਾਗ ਚਿੱਤ ਸਨ. ਅੰਜੀਲ ਦੇ ਵਾਕ ਆਪ ਨੂੰ ਕਾਫ਼ੀ ਕੰਠ ਸਨ. ਅਕਸਰ ਕਰਕੇ ਕਾਲਿਜ ਦੀਆਂ ਸੜਕਾਂ ਪਰ ਚਲਦੇ ਚਲਦੇ, ਅਰ ਵਿਸ਼ੇਸ਼ ਕਰ ਕੇ ਗੁਰਦੁਆਰੇ ਅੱਗੋਂ ਲੰਘਦੇ ਲੰਘਦੇ, ਆਪ ਰੂਹਾਨੀ ਮਸਤੀ ਵਿੱਚ ਆ ਜਾਂਦੇ ਸਨ ਤੇ ਆਸਮਾਨ ਵਲ ਦੋਵੇਂ ਭੁਜਾ ਫੈਲਾ ਕੇ ਬੜੀ ੨ ਉੱਚੀ ਆਵਾਜ਼ ਵਿੱਚ ਅੰਜੀਲ

ਸਫ਼ੇ ੪੧ ਦੀ ਬਾਕੀ

ਦੀ ਵੀ ਵਾਕਈ, ਕੀ ਲੋੜ ਸੀ ! "ਕਹਿ ਕਬੀਰ ਤਬ ਹੀ ਨਰੁ ਜਾਗੈ । ਜਮ ਕਾ ਡੰਡੁ ਮੂੰਡ ਮਹਿ ਲਾਗੈ ॥" ਗੌਂਡ ਕਬੀਰ ਜੀ ॥ ਪੰਨਾ ੮੭੦ ॥ ਸ੍ਰੀ. ਗੁ. ਗ੍ਰੰ. ਸਾਹਿਬ ॥ ਪਰ ਕੀ ਈਸ਼੍ਵਰ ਦੀ ਹਸਤੀ ਸੱਚੀ ਹੈ ਯਾ ਫ਼ਰਜ਼ੀ ? ਇਸ ਦਾ ਫ਼ੈਸਲਾ ਵੀ, ਕਬੀਰ ਜੀ ਉੱਤਰ ਦੇਂਦੇ ਹਨ, ਬਹਿਸਾਂ ਤੇ ਦਲੀਲਾਂ ਨਾਲ ਨਹੀਂ ਹੋਣਾ, ਪਰ, "ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥" ਆਸਾ ਕਬੀਰ ਜੀ ॥ ਪੰਨਾ ੪੭੯ ॥ ਜੇ ਕਬੀਰ ਜੀ ਦੇ ਏਹਨਾਂ ਮਹਾਂ ਵਾਕਾਂ ਦੀ ਸਦਾਕਤ ਸਾਬਤ ਕਰਨਾ ਚਾਹੋ ਤਾਂ "Last Words of Five Hundred Remarkable Persons (compiled by J.M.H. and published by Partridge & Co., 9, Paternoster Row, London, E. C.) ਪੜ੍ਹੋ ਇਸ ਪੁਸਤਕ ਵਿੱਚ ੪੨੯ ਪੂਰਵੀਸ੍ਰੀ ਤੋਂ ਲੈਕੇ ਸਨ ੧੮੭੧ ਈਸਵੀ ਤਕਦੇ ਸ਼ਾਹਾਂ,ਸ਼ਹਨਸ਼ਾਹਾਂ, ਜਰਨੈਲਾਂ, ਫ਼ਿਲਾਸਫ਼ਰਾਂ, ਮਹਾਂ ਧਨਾਢਾਂ, ਨਾਸਤਿਕਾਂ ਤੇ ਆਸਤਿਕਾਂ ਦੇ ਉਹ ਸ਼ਬਦ ਯਾ ਵਾਕ ਦਿੱਤੇ ਹਨ ਜੋ ਉਹਨਾਂ ਨੇ ਆਪਣੇ ਮਰਨ ਵੇਲੇ ਉਚਾਰੇ ਹਨ. ਏਹਨਾਂ ੫੦੦ ਸ਼ਬਦਾਂ ਯਾ ਵਾਕਾਂ ਤੋਂ ਭਲੀ ਪ੍ਰਕਾਰ ਵਿਦਿਤ ਹੋ ਜਾਂਦਾ ਹੈ ਕਿ ਬਾਜੇ ਮਨੁੱਖਾਂ ਦੇ ਜੀਵਨ ਦੀ ਸ਼ਿਖਰ ਦੁਪਹਿਰ ਵਿੱਚ ਜੋ ਖ਼ਿਆਲ ਹੁੰਦੇ ਹਨ ਉਹ ਉਹਨਾਂ ਦੇ ਮ੍ਰਿਤੂ ਕਾਲ ਦੇ ਖ਼ਿਆਲਾਂ ਤੋਂ ਕਿੰਨੇਕੁ ਭਿੰਨ ਹੁੰਦੇ ਹਨ.

ਇੱਕ ਅਤਯੰਤ ਹੈਰਤ ਅੰਗੇਜ਼ ਗਲ ਜੋ ਫ਼ਿਲਾਸਫ਼ਰ-ਪ੍ਰੈਜ਼ੀਡੈਂਟ ਸਾਹਿਬ ਨੇ ਪਟਿਆਲੇ (੨੪ ਜੂਨ ੧੯੬੨ ਨੂੰ) ਪੰਜਾਬੀ ਯੂਨੀ ਦੇ ਉਦਘਾਟਨ ਸਮੇਂ ਕਹੀ ਉਹ ਇਹ ਸੀ :--

"The Punjab, he said, had been for centuries open in mind and heart. It had been the home of great Vedas. It welcomed the Greeks and others." (Tribune, Monday, June 25, 1962).

ਪੰਜਾਬ ਵਾਕਈ ਅਜ਼ੀਮ ਵੇਦਾਂ ਦਾ ਵਤਨ ਤਾਂ ਰਿਹਾ ਹੈ, ਅਰ ਹੁਣ ਵੀ ਨਿਰਸੰਦੇਹ ਹੈ, ਪਰ, ਪਤਾ ਨਹੀਂ ਪੰਜਾਬ ਨੇ ਯੂਨਾਨੀਆਂ ਨੂੰ ਤੇ ਯੂਨਾਨੀਆਂ ਵਰਗੇ ਹੋਰ ਹਮਲਾ ਆਵਰਾਂ ਨੂੰ, "ਜੀ ਆਇਆਂ" ਕਦੋਂ ਕਹੀ ਸੀ !

ਪੰਜਾਬੀ ਦੀ ਪ੍ਰਵ੍ਰਿੱਧੀ (improvement) ਲਈ ਮੈਂ ਆਪਣੇ ਹੋਰ ਵਿਚਾਰ ਆਪਣੇ ਅੰਗ੍ਰੇਜ਼ੀ ਨਿਬੰਧ (A short Critical Essay on the Improvement of the Punjabi Language) ਵਿੱਚ ਵਧੇਰੀ ਸੂਖਮਤਾ ਤੇ ਵਿਸਥਾਰ ਨਾਲ; ਸਨ ੧੯੩੪ ਵਿੱਚ ਪ੍ਰਗਟ ਕਰ ਚੁਕਾ ਹਾਂ.

Sri Satguru Jagjit Singh Ji eLibrary NamdhariElibrary@gmail.com

ਦੀਆਂ ਆਇਤਾਂ ਉਚਰਣ ਲਗ ਪੈਂਦੇ ਸਨ, ਫਿਰ ਪ੍ਰੇਮੀ ਲੜਕੇ ਝਟ ਏਹਨਾਂ ਦੇ ਚੌਗਿਰਦੇ ਇਕੱਠੇ ਹੋ ਜਾਂਦੇ ਸਨ ਤੇ ਕੋਈ ਸ਼ਬਦ ਗਾਣ ਲਗ ਪੈਂਦੇ ਸਨ, ਅਰ ਸਾਰੇ ਮਿਲਕੇ ਹੌਲੀ ੨ ਗੁਰਦੁਆਰੇ ਜਾ ਵੜਦੇ ਸਨ. ਇੱਕ ਦਿਨ ਸ਼ਾਮ ਦੇ ਵੇਲੇ ਇਹ ਆਪਣੀ ਧਰਮ ਪਤਨੀ ਨਾਲ ਦਰਬਾਰ ਸਾਹਿਬ ਤੋਂ ਗਿਗ ਪੁਰ ਕਾਲਿਜ ਨੂੰ ਵਾਪਿਸ ਆ ਰਹੇ ਸਨ ਕਿ ਕੀ ਵੇਖਦੇ ਹਨ : ਹਾਲ (ਹੁਣ ਗਾਂਧੀ) ਬਜਾਰ ਦੇ ਘੜੀ ਵਾਲੇ ਦਰਵਾਜ਼ੇ ਦੇ ਪਾਸ ਜੋ ਰੇਲਵੇ ਸਟੇਸ਼ਨ ਵਲ ਹੈ, ਇਕ ਬੜਾ ਭਾਰਾ ਹਜੂਮ ਵੇਹਲਿਆਂ ਤੇ ਲਫ਼ੰਗਿਆਂ ਦਾ ਇੱਕ ਗਰੀਬ, ਗੰਦੀ, ਨੀਮ-ਸੁਦਾਈ, ਬੁੱਢੀ ਮਾਈ ਮੁਸਲਮਾਣੀ ਦੇ ਗਿਰਦ ਇਕੱਠਾ ਹੋਇਆ ੨ ਹੈ ਤੇ ਉਸ ਨੂੰ ਟਿਚਕਰਾਂ ਤੇ ਨਾ ਜਾਇਜ਼ ਬੋਲੀਆਂ ਨਾਲ ਤੰਗ ਕਰ ਰਿਹਾ ਹੈ. ਆਪ ਨੇ ਯਕ-ਲਖ਼ਤ ਸਾਈਸ ਨੂੰ ਗੱਡੀ ਖੜੀ ਕਰਨ ਨੂੰ ਕਿਹਾ ਤੇ ਉਤਰ ਕੇ ਫਟਾ ਫਟ ਉੱਚੀ ਉੱਚੀ ਇਹ ਕਹਿੰਦੇ ਹੋਏ, "ਹਟੋ ਹਟੋ, ਮੇਰੀ ਮਾਤਾ ਨੂੰ ਕਿਉਂ ਤੰਗ ਕਰ ਰਹੇ ਹੋ," ਛੇਤੀ ਛੇਤੀ ਹਜੂਮ ਨੂੰ ਚੀਰ ਕੇ ਅੰਦਰ ਜਾ ਵੜੇ ਤੇ ਸੁਦਾਈ ਮਾਈ ਨੂੰ ਸਾਈਸ ਦੀ ਸਹਾਇਤਾ ਨਾਲ ਚੁਕ ਕੇ, ਗਿਗ ਵਿੱਚ ਬਿਠਾ ਕੇ ਕਾਲਿਜ ਲੈ ਗਏ ਤੇ ਉੱਥੇ ਉਸ ਦਾ ਯੋਗ ਇਲਾਜ ਕਰਵਾਇਆ. ਕੁੱਝ ਦਿਨਾਂ ਦੇ ਬਾਦ ਉਹ ਰਾਜ਼ੀ ਹੋ ਗਈ ਤੇ ਆਪੇ ਕਿਧਰੇ ਚਲੀ ਗਈ. ਮਹਿਤਾ ਨਿਰੰਜਨ ਸਿੰਘ ਜੀ ਛੇਤੀ ਹੀ ਸੰਤ ਅਤਰ ਸਿੰਘ ਜੀ ਮਹਾਰਾਜ ਤੋਂ ਅੰਮ੍ਰਿਤ ਛਕ ਕੇ ਤੇਜਾ ਸਿੰਘ ਹੋ ਗਏ. ਇਹ ਸਨ ੧੯੧੦ ਦੇ ਅੰਤ ਵਿੱਚ ਅਮ੍ਰੀਕਾ ਤੋਂ ਹੋ ਕੇ ਲੰਡਨ ਆ ਗਏ. ਮੈਂ ਵੀ ਉੱਥੇ ਹੀ ਸਾਂ ਤੇ ਇਹ ਕੁੱਝ ਦਿਨ ਲਈ ਪਰਿਵਾਰ ਸਹਿਤ ਮੇਰੇ ਪਾਸ ਹੀ, ਨੰਬਰ ੨, ਦੀ ਗ੍ਰੋਵ, ਵਾਂਡਜ਼ਵਰਥ, ਵਿੱਚ ਠਹਿਰੇ ਹੋਏ ਸਨ. ਉਸ ਤੋਂ ਕੁਝ ਸਾਲ ਪਹਿਲਾਂ, ਕੇਂਬ੍ਰਿਜ ਵਿੱਚ, ਇੱਕ ਵੇਰ ਮੈਨੂੰ ਬਚਨ ਬਿਲਾਸ ਵਿੱਚ ਏਹਨਾਂ ਨੇ ਏਕਾਂਤ ਦੀ ਸ਼ਾਂਤ ਵਿੱਚ ਕਿਹਾ ਸੀ ਕਿ ਅਕਾਲ ਪੁਰਖ ਜਾਗਦੀ ਜੋਤਿ ਹੈ ਤੇ ਸਦਾ ਹੀ ਭਗਤਾਂ ਦੇ ਅੰਗ ਸੰਗ ਹੈ, ਤੇ ਹਰ ਥਾਂ, ਹਰ ਵੇਲੇ, ਹਰ ਹਾਲਤ ਵਿੱਚ ਭਗਤਾਂ ਦੀ ਲਾਜ ਰਖਦਾ ਹੈ. ਮੈਂ ਇਸ ਕਥਨ ਤੇ ਕਈ ਪ੍ਰਕਾਰ ਦੀਆਂ ਸ਼ੰਕਾਂਵਾਂ ਕੀਤੀਆਂ. ਆਪ ਨਾਲ ਕਿੰਨਾਂ ਹੀ ਚਿਰ ਗਿਆਨ ਗੋਸ਼ਟੀ ਹੁੰਦੀ ਰਹੀ. ਮੈਂ ਦਿਲ ਹੀ ਦਿਲ ਵਿੱਚ ਪ੍ਰਣ ਕਰ ਲਿਆ ਕਿ ਮੈਂ ਇਸ ਗਲ ਦੀ ਕਦੇ ਏਹਨਾਂ ਪਰ ਹੀ ਪ੍ਰੀਖਿਆ ਕਰਾਂਗਾ. ਕਿਉਂ ਜੋ ਏਹਨਾਂ ਦੀ ਸ਼ਰਧਾ, ਸੁੱਚਤਾ ਤੇ ਪ੍ਰੇਮਾ ਭਗਤੀ ਪਰ ਸਾਨੂੰ ਪੂਰਨ ਵਿਸ਼ਵਾਸ ਹੈ. ਸੋ ਹੁਣ ਜਦ ਇਹ ਮੇਰੇ ਪਾਸ ਠਹਿਰੇ ਹੋਏ ਸਨ ਇਹ ਹਰ ਰਾਤ ਨੂੰ ਆਪਣਾ ਬਟੂਆ ਤੇ ਚੈਕ ਬੁਕ ਮੇਰੇ ਹਵਾਲੇ ਕਰਕੇ ਸੌਂ ਜਾਇਆ ਕਰਦੇ ਸਨ. ਮੈਂ ਹਰ ਰੋਜ਼ ਸਵੇਰੇ ਬਿਲਾ ਨਾਗਾ ਏਹਨਾਂ ਦੀ ਇਮਾਨਤ ਏਹਨਾਂ ਦੇ ਹਵਾਲੇ ਕਰ ਦੇਂਦਾ ਹੁੰਦਾ ਸਾਂ. ਇੱਕ ਵਿਸ਼ੇਸ਼ ਦਿਨ ਐਸਾ ਭਾਣਾ ਵਰਤਿਆ ਕਿ ਇਹ ਤੜਕੇ ਹੀ

Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਸਹਿਤ ਬਿਨਾ ਮੈਨੂੰ ਮਿਲਣ ਦੇ ਹੀ ਟੈਕਸੀ ਲੈ ਕੇ ਬਾਹਿਰ ਚਲੇ ਗਏ. ਪਿਛਲੀ ਰਾਤ ਦੇ ਬਚਨ ਬਿਲਾਸ ਤੋਂ ਮੈਨੂੰ ਏਹਨਾਂ ਦੇ ਪ੍ਰੋਗ੍ਰਾਮ ਦਾ ਤਾਂ ਠੀਕ ਪਤਾ ਸੀ ਕਿ ਉਹ ਕਿੱਥੇ ਕਿੱਥੇ ਤੇ ਕਿੰਨੇ ਕਿੰਨੇ ਚਿਰ ਲਈ ਜਾਨਗੇ, ਤੇ ਇਸ ਪ੍ਰੋਗ੍ਰਾਮ ਦੀ ਅਮਲ ਦਰਾਮਦੀ ਵਿੱਚ ਮੈਨੂੰ ਇਹ ਵੀ ਪਤਾ ਸੀ ਕਿ ਕਾਫ਼ੀ ਖਰਚ ਆਣਾ ਹੈ, ਪਰ ਜਦ ਮੈਂ ਦੇਖਿਆ ਕਿ ਉਹਨਾਂ ਦਾ ਬਟੂਆ ਤੇ ਚੈਕ ਬੁਕ ਮੇਰੇ ਪਾਸ ਹੀ ਰਹਿ ਗਏ ਹਨ, ਮੇਰਾ ਦਿਲ ਫ਼ਿਕਰ ਨਾਲ ਧੜਕਣ ਲਗ ਗਿਆ ਅਰ ਮੈਂ ਬੇਚੈਨ ਹੋ ਗਿਆ, ਕਿਉਂ ਕਿ ਉਹਨਾਂ ਨੇ ਟੈਕਸੀ ਤੋਂ ਉਤਰ ਕੇ ਹੋਰ ਵੀ ਕਈ ਅੰਦਰੂਨੀ ਤੇ ਬੈਰੂਨੀ ਸਟੇਸ਼ਨਾਂ ਤੇ ਜਾਣਾ ਸੀ. ਸਵੇਰ ਦੇ ਅਠ ਵਜ ਗਏ, ਨੌਂ ਵਜ ਗਏ. ਉਹਨਾਂ ਨੂੰ ਮਿੱਲਣ ਲਈ ਦੋ ਚੰਗੇ ਮਾਨਨੀਯ ਸੱਜਣ ਆ ਗਏ ਤੇ ਮੇਰੇ ਨਾਲ ਹੀ ਵਿਚਾਰ ਵਿਹਾਰ ਵਿੱਚ ਸਮਾਂ ਬਿਤੀਤ ਕਰਨ ਲਗ ਪਏ, ਪਰ ਮੇਰਾ ਮਨ ਟਿਕਾਣੇ ਨ ਸੀ. ਯਕਾ-ਯਕ ਸ੍ਰਦਾਰ ਕਰਤਾਰ ਸਿੰਘ ਨਾਮਕ ਇੱਕ ਤੀਜਾ ਸੱਜਣ (ਜੋ ਉਸ ਜ਼ਮਾਨੇ ਵਿੱਚ ਪਟਿਆਲੇ ਮੈਜਿਸਟ੍ਰੇਟ ਸੀ) ਉਹਨਾਂ ਨੂੰ ਮਿਲਣ ਲਈ ਆ ਗਿਆ. ਉਹ ਵੀ ਸਾਡੇ ਨਾਲ ਹੀ ਗੱਲੀਂ ਲਗ ਪਿਆ, ਪਰ ਅਚਣਚੇਤ ਯਾਰਾਂਕੁ ਵਜੇ ਕਹਿਣ ਲੱਗਾ ਕਿ ਤੇਜਾ ਸਿੰਘ ਜੀ ਇਸ ਵੇਲੇ ਕਿੱਥੇ ਕੁ ਹੋਨਗੇ ? ਮੈਂ ਇੱਕ ਰੇਲਵੇ ਸਟੇਸ਼ਨ ਦਾ ਨਾਮ ਦਸਿਆ ਕਿ ਸਾਢੇ ਬਾਰਾਂ ਵਜੇ ਉਹਨਾਂ ਨੇ ਉੱਥੇ ਕਿਤੋਂ ਪ੍ਰਸ਼ਾਦ ਛੱਕ ਕੇ ਅੱਗੇ ਸਫ਼ਰ ਕਰਨਾ ਹੈ, ਤੇ ਰਾਤ ਨੂੰ ਸਾਢੇ ਨੌਂ ਵਜੇ ਸਾਡੇ ਘਰ ਮੁੜਨਾ ਹੈ. ਉਹ ਇਹ ਗਲ ਸੁਣਦਿਆਂ ਹੀ ਬੇ ਚੈਨ ਹੋ ਗਿਆ ਤੇ ਹਕੀਕੀ ਮਾਨਿਆਂ ਵਿੱਚ ਦੌੜਨ ਲੱਗਾ ਤੇ ਕਹਿਣ ਲੱਗਾ, ਮੈਂ ਉਹਨਾਂ ਨੂੰ ਉੱਥੇ ਹੀ ਜਾ ਮਿਲਦਾ ਹਾਂ. ਅੱਸਾਂ ਤਿੰਨਾਂ ਨੇ ਹੀ ਉਸ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਕਿ ਇੱਥੇ ਹੀ ਠਹਿਰੋ, ਉਹਨਾਂ ਦਾ ਹੁਣ ਇਸ ਤਰ੍ਹਾਂ ਮਿਲਣਾ ਨਾ ਮੁਮਕਿਨ ਹੈ, ਪਰ ਉਹ ਸਾਨੂੰ ਛੌਰਨ ਹੀ ਪਿਠ ਦੇ ਕੇ ਬਾਹਿਰ ਧਾ ਪਿਆ. ਮੇਰੇ ਮਨ ਵਿੱਚ ਇਹ ਯਕ ਲਖ਼ਤ ਖੁੜਕੀ ਕਿ ਏਸੇ ਆਦਮੀ ਨੇ ਅੱਜ ਅਕਾਲ ਪੁਰਖ ਦਾ ਉਹ ਮਿਸ਼ਨ ਪੂਰਾ ਕਰਨਾ ਹੈ ਜਿਸਦੀ ਮੈਂ ਚਿਰ ਤੋਂ ਪਰੀਖਿਆ ਕਰਨਾ ਚਾਹੁੰਦਾ ਸਾਂ. ਮੈਨੂੰ ਪੂਰਨ ਵਿਸ਼੍ਵਾਸ ਹੋ ਗਿਆ ਕਿ ਏਸੇ ਨੇ ਅੱਜ ਤੇਜਾ ਸਿੰਘ ਜੀ ਦੇ ਸਾਰੇ ਖ਼ਰਚ ਬਰਦਾਸ਼ਤ ਕਰਨੇ ਹਨ ! ਲੌ, ਉਹੋ ਗਲ ਹੋਈ ! ਕਰਤਾਰ ਸਿੰਘ ਉਹਨਾਂ ਤੋਂ ਪੰਜ ਮਿੰਟ ਪਹਿਲਾਂ ਹੀ ਉਸ ਸਟੇਸ਼ਨ ਤੇ ਪਹੁੰਚ ਗਿਆ ਜਿੱਥੇ ਉਹਨਾਂ ਨੇ ਚਾਰ ਘੰਟਿਆਂ ਮਗਰੋਂ ਟੈਕਸੀ ਨੂੰ ਛਡਣਾ ਸੀ ਤੇ ਉਸ ਦਾ ਕਿਰਾਇਆ ਅਦਾ ਕਰਨਾ ਸੀ. ਇਸ ਤਰ੍ਹਾਂ ਸਾਰਾ ਦਿਨ ਕਰਤਾਰ ਦੇ ਖ਼ਜ਼ਾਨਚੀ ਕਰਤਾਰ ਸਿੰਘ ਦਾ ਡੇੜ੍ਹ ਸੌ ਰੁਪੇਆ ਖ਼ਰਚ ਕਰਵਾ ਕੇ ਆਪ ਸਾਰੇ ਹੀ ਰਾਤ ਦੇ ਦਸ

Sri Satguru Jagjit Singh Ji eLibrary NamdhariElibrary@gmail.com

ਵਜੇ ਸਾਡੇ ਘਰ ਆ ਵੜੇ. ਮੈਂ ਵੇਖਿਆ ਕਿ ਕਰਤਾਰ ਸਿੰਘ ਵੀ ਨਾਲ ਹੀ ਹੈ. ਪਰ ਇਸ ਨੂੰ ਖ਼ਬਰ ਨਹੀਂ ਸੀ ਕਿ ਉਹਨਾਂ ਦੀਆਂ ਜੇਬਾਂ ਖ਼ਾਲੀ ਸਨ ਤੇ ਲੁਤਫ਼ ਇਹ ਕਿ ਮੇਰੇ ਆਖਣ ਪਰ ਤੇਜਾ ਸਿੰਘ ਜੀ ਨੂੰ ਵੀ ਪਤਾ ਲੱਗਾ ਕਿ ਉਹ ਬਟੂਆ ਤੇ ਚੈਕ ਬੁਕ ਘਰ ਹੀ ਛੱਡ ਗਏ ਸਨ. ਮੈਂ ਹਸਦਿਆਂ ਹਸਦਿਆਂ ਪੁਛਿਆ ਕਿ ਜੀ, ਜੇ ਕਰਤਾਰ ਸਿੰਘ ਹੋਰੀ ਨ ਪਹੁੰਚਦੇ ਤਾਂ ਤੁੱਸੀ ਕੀ ਕਰਦੇ ? ਉਹਨਾਂ ਅੱਖਾਂ ਨੀਵੀਂਆਂ ਕਰਕੇ ਹੌਲੀ ਜੀਕਣ ਉੱਤਰ ਦਿੱਤਾ, ਮੈਂ ਤੁਹਾਨੂੰ ਕਦੇ ਆਖਿਆ ਨ ਸੀ ਕਿ ਅਕਾਲ ਪੁਰਖ ਨਿਤਾਣਿਆਂ ਦਾ ਤਾਣ ਤੇ ਨਿਮਾਣਿਆਂ ਦਾ ਮਾਣ ਹੈ ? ਇੱਕ ਦਿਨ ਆਪ ਮੈਨੂੰ ਆਖਣ ਲੱਗੇ ਕਿ ਚਲੋ ਤੁਹਾਨੂੰ ਜੈਨਰਲ ਵਿਲਿਅਮ ਬੂਥ, ਮੁਕਤੀ ਫ਼ੌਜ (Salvation Army) ਦੇ ਸੰਸਥਾਪਕ ਨੂੰ ਮਿਲਾ ਲਿਆਵੀਏ. ਮੈਂ ਆਖਿਆ, ਜੀ ਚੰਗਾ. ਸੋ ਅਸੀਂ ਥੋੜੀ ਹੀ ਦੇਰ ਵਿੱਚ ਬੂਥ ਸਾਹਿਬ ਦੇ ਗਿਰਜਾ ਭਵਨ ਵਿੱਚ ਜਾ ਪਹੁੰਚੇ, ਅੱਗੇ ਕਈ ਇੱਕ ਬਾ-ਵਰਦੀ ਤੇ ਬਾ-ਰਸੂਖ ਪਾਦਰੀਆਂ ਦੇ ਵਿਚਕਾਰ ਬੂਥ ਸਾਹਿਬ ਬੜੇ ਪੁਰ ਸਰੂਰ ਤੇ ਵਿਸ਼ੇਸ਼ ਇਕਤਦਾਰੀ ਹਸਤੀ ਦੀ ਹੈਸੀਅਤ ਵਿੱਚ ਬਿਰਾਜਮਾਨ ਦ੍ਰਿਸ਼ਟੀ ਪਏ, ਅਰ ਬਾਕੀ ਸਾਰੇ ਉਹਨਾਂ ਦੇ ਸਾਹਮਣੇ ਖੜੇ ਹੀ ਖੜੇ ਗੱਲਾਂ ਕਰਦੇ ਦਿੱਸੇ. ਸਾਨੂੰ ਵੇਖਦਿਆਂ ਹੀ ਉਹ ਚੁਪ ਕਰ ਗਏ ਤੇ ਹੈਰਾਨਗੀ ਨਾਲ ਸਾਡੇ ਮੂੰਹਾਂ ਅਤੇ ਪਗੜੀਆਂ ਵਲ ਝਾਕਣ ਲਗ ਪਏ. ਤੇਜਾ ਸਿੰਘ ਜੀ ਨੇ ਬੂਥ ਵਲ ਜ਼ਰਾ ਝੁਕ ਕੇ "ਗੁਡ ਆਫ਼ਟਰ ਨੂਨ" (Good After-noon) ਬਾਦ ਦੁਪਹਿਰ ਦੀ ਸ਼ੁਭ ਆਸ਼ੀਸ਼) ਆਖੀ. ਬੂਥ ਨੇ ਆਸ਼ੀਸ਼ ਕਬੂਲ ਕਰਨ ਤੋਂ ਬਿਨਾ ਹੀ ਪੁਛਿਆ, "ਆਪ ਕਿੱਥੋਂ ਆਏ ਹੋ ?" ਤੇਜਾ ਸਿੰਘ ਜੀ ਨੇ ਕਿਹਾ, "ਕੈਨੇਡਾ-ਅਮ੍ਰੀਕਾ (Canada America) ਤੋਂ." "ਉੱਥੇ ਤੁੱਸੀਂ ਕੀ ਕਰਦੇ ਰਹੇ ਹੋ ?" "ਗੁਰੂ ਨਾਨਕ ਦੇ ਸੰਦੇਸ਼ ਦਾ ਪ੍ਰਚਾਰ ਕਰਦਾ ਰਿਹਾ ਹਾਂ." ਤਾਂ ਬੂਥ ਸਾਹਿਬ ਜ਼ਰਾ ਅੱਗੇ ਤੋਂ ਵੀ ਵਧੀਕ ਸਿੱਧੇ ਹੋ ਕੇ ਆਖਣ ਲੱਗੇ, "ਮੇਰੇ ਵੀ ਕਿੰਨੇ ਹੀ ਪ੍ਰਚਾਰਕ ਉੱਥੇ ਪ੍ਰਚਾਰ ਕਰ ਰਹੇ ਹਨ." ਤਾਂ ਤੇਜਾ ਸਿੰਘ ਜੀ ਜੋ ਬੜੇ ਅਸਾਧਾਰਣ ਸੁੰਦਰ ਤੇ ਇੱਕ ਖ਼ਾਸ ਪ੍ਰਿਯਾ ਦਰਸ਼ੀ ਛੇ ਫੁੱਟੇ, ਵਿਅਕਤੀ ਸਨ, ਕਹਿਣ ਲੱਗੇ, "ਹਾਂ, ਪਰ, ਉਹ ਮਸੀਹ ਦੇ ਪ੍ਰਚਾਰਕ ਹਨ, ਤੁਹਾਡੇ ਤਾਂ ਨਹੀਂ." ਬਸ, ਫਿਰ ਕੀ ਸੀ, ਇੱਕ ਛਿਨ ਮਾਤ੍ਰ ਵਿੱਚ ਹੀ ਬੂਥ ਸਾਹਿਬ ਝੁਕ ਗਏ, ਤੇ ਕਦ ਵਿੱਚ ਮਾਨੋਂ ਇੱਕ ਫੁਟ ਧਰਤੀ ਵਿੱਚ ਹੀ ਧਸ ਗਏ, ਯਾ ਸੁੰਗੜ ਗਏ, ਤੇ ਦਬੀ ਹੋਈ ਆਵਾਜ਼ ਵਿੱਚ ਆਖਣ ਲੱਗੇ, "ਹਾਂ ਮੇਰਾ ਵੀ ਮਤਲਿਬ ਏਹੋ ਸੀ." ਚਾਰੋਂ ਪਾਸੇ ਜੋ ਪਾਦਰੀ ਖੜੇ ਸੇਨ, ਉਹਨਾਂ ਵਿੱਚੋਂ ਇੱਕ ਨੇ, ਜੋ ਮੇਰੇ ਅਤਿ ਸਮੀਪ ਸੀ, ਦੂਜੇ ਦੇ ਕੰਨ ਵਿੱਚ ਫੂਕਿਆ, "ਖੂਬ ਕਿਹਾ ਸੂ, ਸੇਂਟ ਪਾਲ

Sri Satguru Jagjit Singh Ji eLibrary NamdhariElibrary@gmail.com

ਵਾਂਗ, ਨਿਰਭੈਤਾ ਤੇ ਦਾਨਸ਼ਮੰਦੀ ਨਾਲ.'' ਫਿਰ, ਸਾਰਿਆਂ ਨੇ ਸਾਨੂੰ ਬੂਥ ਸਮੇਤ, ਬੜਾ ਕਿਹਾ ਕਿ ਚਾਹ ਤਕ ਠਹਿਰੋ, ਪਰ ਤੇਜਾ ਸਿੰਘ ਜੀ ਨਹੀਂ ਮੰਨੇ.'' ਬੂਥ ਸਾਹਿਬ ਉਦੋਂ ੭੧ ਵੱਰ੍ਹਿਆਂ ਦੇ ਸਨ ਤੇ ਤੇਜਾ ਸਿੰਘ ਜੀ ਤਕਰੀਬਨ ਇਕੱਤੀਆਂ ਦੇ. ਘਰ ਮੁੜਦਿਆਂ ਰਸਤੇ ਵਿੱਚ ਤੇਜਾ ਸਿੰਘ ਜੀ ਮੈਨੂੰ ਆਖਣ ਲੱਗੇ, ਇਹ ਪੱਛਮੀ ਲੋਕ ਮਸੀਹੀ ਮਤ ਨੂੰ ਕੀ ਜਾਣਨ! ਏਹਨਾਂ ਤੋਂ ਅਮਲੀ ਰੂਹਾਨੀਅਤ ਐਨੀ ਹੀ ਦੂਰ ਹੈ ਜਿੰਨਾਂ ਧਰਤੀ ਤੋਂ ਧ੍ਰੁਵ ਤਾਰਾ. ਪਰਮਾਨੰਦੀ ਗੁਣਾਂ (Beautitudes: New Testament, Mathew V. & Luke VI.)ਨੂੰ,ਜਿਨ੍ਹਾਂਦੀ ਵਡਿਆਈ ਮਸੀਹ ਨੇ ਸਭਤੋਂ ਵਧੀਕ, ਆਪਣੇ ਪਰਬਤੀ ਉਪਦੇਸ਼ (Sermon on the Mount) ਵਿੱਚ ਦੱਸੀ ਹੈ, ਧਾਰਨ ਕਰਨਾ ਮੌਜੂਦਾ ਯੂਰਪੀ ਜਾਮੇ ਵਿੱਚ ਤਕਰੀਬਨ ਅਸੰਭਵ ਹੈ. ਤੇਜਾ ਸਿੰਘ ਜੀ ਦੀਆਂ ਸਾਖੀਆਂ ਬੇ ਓੜਕ ਹਨ. ਇਹ ਓਦੋਂ ਮੇਰੇ ਉੱਥੇ ਰਾਖੇ ਤੇ ਉਪਦੇਸ਼ਟਰੀ ਹੀ ਨ ਸਨ ਬਲਕਿ ਅੰਨਦਾਤਾ ਵੀ ਸਨ. ਕਈ ਸਾਲ ਯੂਰਪ, ਅਮ੍ਰੀਕਾ ਤੇ ਏਸ਼ੀਆ ਵਿੱਚ ਭਾਰਤ ਤੇ ਗੁਰਸਿੱਖੀ ਦਾ ਝੰਡਾ ਝੁਲਾ ਝੁਲਾ ਕੇ ਹੁਣ ਅੱਸੀ ਵੱਰ੍ਹਿਆਂ ਤੋਂ ਉੱਪਰ ਦੀ ਆਯੂ ਵਿੱਚ, ਚਾਲ੍ਹੀ ਪੈਂਤਾਲੀ ਵੱਰ੍ਹਿਆਂ ਤੋਂ, ਮਸਤੂਆਨੇ ਤੇ ਚੀਮੇ (ਸੰਗਰੂਰ-ਸੁਨਾਮ ਦੇ ਨੇੜੇ, ਗੁਰੂ ਆਸ਼੍ਰਮਾਂ) ਵਿੱਚ ਗੁਰ ਸੰਗਤਾਂ ਨੂੰ, ਸੰਤ ਭੇਖ ਵਿੱਚ, ਆਪਣੀ ਪਰਮ ਪ੍ਰਭਾਵ ਸ਼ੀਲ ਸ਼ਖ਼ਸੀਅਤ ਨਾਲ ਕ੍ਰਿਤਾਰਥ ਕਰ ਰਹੇ ਹਨ. ਆਪ ਸਤਜਵਕਤਾ ਹਨ, ਨਾੜੇ ਦੇ ਪੂਰੇ ਸੁੱਚੇ ਹਨ.

ਪ੍ਰੋਫ਼ੈਸਰ ਨਿਹਾਲ ਸਿੰਘ ਜੀ, ਅੰਬਾਲਵੀ, ਇੱਕ ਅਦੁਤੀ ਤਾਲਿਬ ਇਲਮ ਤੇ ਆਲਿਮ ਸਨ. ਆਪ ਹਾਲ ਬਜ਼ਾਰ ਦੇ ਅੰਦਰ ਦਾਖ਼ਿਲ ਹੁੰਦਿਆਂ ਹੀ ਸੱਜੇ ਪਾਸੇ, ਇੱਕ ਚਬਾਰੇ ਵਿੱਚ ਰਹਿੰਦੇ ਸਨ, ਜਿਸ ਦੀਆਂ ਚਵ੍ਹਾਂ ਕੰਧਾਂ ਦੀ ਖ਼ਾਲੀ ਥਾਂ ਵਿੱਚ ਸਾਦਾ ਲਕੜੀ ਦੇ, ਫ਼ਰਸ਼ ਤੋਂ ਛਤ ਤਕ, ਅਣਰੋਗਨੀ, ਖ਼ਾਨੇ ਬੜੀ ਮਜ਼ਬੂਤੀ ਨਾਲ ਜੜੇ ਹੋਏ ਸਨ ਤੇ ਹਰ ਪ੍ਰਕਾਰ ਦੀਆਂ ਅੰਗ੍ਰੇਜ਼ੀ, ਯੂਨਾਨੀ ਤੇ ਲਾਤੀਨੀ ਸਾਹਿਤਜ ਦੀਆਂ ਕਿਤਾਬਾਂ ਨਾਲ ਲਬਾ ਲਬ ਭਰਪੂਰ ਸਨ. ਇਹ ਕੋਈ ਬਿਤਾਲੀ ਸਾਲ ਦੇ, ਜ਼ਰਾ ਪਤਲੇ, ਪਰ ਕਾਫ਼ੀ ਲੰਮੇ ਤੇ ਸਡੌਲ, ਕੁਦਰਤੀ ਹੀ ਫ਼ਰਾਂਸੀਸੀ ਦਾੜ੍ਹੇ ਨਾਲ ਸੁਸੱਜਿਤ ਵਿਅਕਤੀ ਸਨ, ਤੇ ਘਰ ਵਿੱਚ ਅਕਸਰ ਕਰ ਕੇ ਬੰਗਾਲੀ ਤਰੀਕੇ ਦੀ ਧੋਤੀ ਹੀ ਬੰਨ੍ਹ ਕੇ ਵਿਚਰਦੇ ਸਨ. ਸੁਣਿਆ ਸੀ ਕਿ ਐਕਾਡੈਮਿਕ ਡਿਗਰੀ ਆਪ ਦੇ ਪਾਸ ਕੋਈ ਨ ਸੀ ਪਰ ਕਾਲਿਜ ਵਿੱਚ ਅੰਗ੍ਰੇਜ਼ੀ ਪੜ੍ਹਾਂਦੇ ਸਨ. ਆਪ ਆਯੂ ਦੀ ਮੱਧ ਅਵਸਥਾ ਵਿੱਚ ਹੀ ਅਸਾਰ ਸੰਸਾਰ ਤੋਂ ਕੂਚ ਕਰ ਗਏ. ਆਪ ਦੇ ਪਿਛਾਵੇਂ ਹੇਠ ਔਣਾ ਵੀ ਮਾਨੋਂ ਵਿਦਿਆ ਤੇ ਆਸ਼ਿਕ ਹੋਣਾ ਸੀ!

Sri Satguru Jagjit Singh Ji eLibrary NamdhariElibrary@gmail.com

ਹੈਡਮਾਸਟਰ ਨਾਰਾਇਣ ਸਿੰਘ ਜੀ ਦਾ ਜੀਵਨ ਇਸ ਮਾਤ ਲੋਕ ਵਿੱਚ ਰਹਿੰਦਿਆਂ ਵੀ ਪਾਰਲੌਕਿਕ ਅਰਸ਼ੀ ਜੀਵਨ ਹੈ. ਜੇ ਕਿਸੇ ਵੀ ਵਿਦ੍ਵਾਨ ਨੇ ਸਾਰੀ ਦੁਨੀਆਂ ਵਿੱਚ ਸੋਲਾਂ ਆਨੇ ਪੂਰੇ ਅਖ਼ਤਿਆਰਾਂ ਨਾਲ ਕਿਸੇ ਹਾਈ ਸਕੂਲ ਦੀ ਬਾ ਵਕਾਰ ਹੈਡ ਮਾਸਟ੍ਰੀ ਕੀਤੀ ਹੈ ਤਾਂ ਉਹ ਏਹਨਾਂ ਤੋਂ ਵਧੀਕ ਕਾਮਯਾਬ ਤੇ ਖੁਸ਼ ਨਸੀਬ ਨਹੀਂ ਹੋ ਸਕਦਾ. ਉਹ ਕੇਹੜੀ ਸਿਫ਼ਤ ਹੈ ਜੋ ਏਹਨਾਂ ਵਿੱਚ ਨਹੀਂ ਸੀ ? ਆਪ ਕਮ ਗੋ ਸਨ, ਸੰਜਮੀ ਸਨ, ਮਿਤ੍ਰ ਵਤਸਲ ਸਨ, ਨਿਰ ਅਭਿਮਾਨ ਸਨ ਤੇ ਵੈਰ ਵਿਰੋਧ ਤੋਂ ਸਰਵਥਾ ਸ਼ੂਨ ਸਨ. ਆਪ ਨੂੰ ਆਪਣੇ ਮਨ ਤੇ ਪੂਰਾ ਕਾਬੂ ਸੀ, ਤੇ ਏਹੋ ਕਾਰਣ ਹੈ ਕਿ ਅੱਜ ਇਕਾਨਵੇਂ ਵੱਰ੍ਹਿਆਂ ਦੀ ਉਮਰ ਵਿੱਚ ਵੀ ਆਪ ਦੀਆਂ ਪੰਜੇ ਗਿਆਨ ਇੰਦ੍ਰੀਆਂ ਤੇ ਪੰਜੇ ਕਰਮ ਇੰਦ੍ਰੀਆਂ ਆਪ ਦੀ ਆਗਿਆ ਦੇ ਅਧੀਨ ਹਨ. ਆਪ ਖ਼ਾਲਸਾ ਕਾਲਜ ਵਿੱਚ ਅਨੇਕਾਂ ਵੱਰ੍ਹੇ ਵਾਇਸ ਪ੍ਰਿਨਸੀਪਲ ਰਹੇ, ਤੇ ਹੁਣ ਚਿਰ ਤੋਂ ਉਥੋਂ ਸੁਰਖ਼ਰੂ ਹੋ ਕੇ, ਮੇਹ ਗਵਾਂਢ ਵਿੱਚ, ਮਹਾਂ ਮਹਾਂ ਪਿਤਾਮਾ ਦੀ ਉੱਚ ਮਸਨਦ ਪਰ, ਪਿਆਰ ਸਤਕਾਰ ਦੇ ਗੁਲਸ਼ਨ ਵਿੱਚ, ਕਾਲ ਬਿਤੀਤ ਕਰ ਰਹੇ ਹਨ. ਮੈਂ ਅਜੇ ਵੀ ਗਾਹੇ ਬਗਾਹੇ ਏਹਨਾਂ ਦੀ ਆਸ਼ੀਰਵਾਦ ਦਾ ਪਾਤ੍ਰ ਬਣਿਆ ਰਹਿੰਦਾ ਹਾਂ.

ਮਾਸਟਰ ਘਸੀਟਾ ਸਿੰਘ ਜੀ ਨੂੰ ਤੀਹ ਵਰ੍ਹਿਆਂ ਤੋਂ ਪਹਿਲਾਂ ਹੀ ਇਸ ਮ੍ਰਿਤ ਭੁਵਨ ਤੋਂ ਸਤਿਗੁਰੂ ਜੀ ਘਸੀਟ ਕੇ ਅਮਰ ਮੰਡਲ ਨੂੰ ਲੈ ਗਏ. ਆਪ ਜੁਗਰਾਫ਼ੀਏ ਦੇ ਅਧਿਆਪਕ ਸਨ, ਪਰ ਆਪ ਦਾ ਦਮਾਗ਼ ਗੁਰਬਾਣੀ ਦਾ ਅਮਿਤ ਤੇ ਅਸਚਰਜ ਭੰਡਾਰ ਸੀ. ਆਪ ਦੀ ਰਸਨਾ ਤੇ ਹਿਰਦੇ ਵਿੱਚ ਸਦਾ ਗੁਰੂ ਨਾਨਕ ਹੀ ਗੁਰੂ ਨਾਨਕ ਵਸਦਾ ਸੀ. ਕੇਹੜਾ ਵਿਦਿਆਰਥੀ ਸੀ ਜੋ ਆਪ ਦੀ ਮੌਜੂਦਗੀ ਵਿੱਚ ਸਚ ਖੰਡ ਨੂੰ ਫ਼ਰਜ਼ੀ ਸਮਝੇ ਤੇ ਜੁਗਰਾਫ਼ੀਆ ਪੜ੍ਹ-ਦਿਆਂ ਹੋਇਆਂ ਵੀ ਨਾਲ ਹੀ ਵਾਹਿਗੁਰੂ ਵਾਹਿਗੁਰੂ ਨ ਸਿਮਰੇ ? ਕੀ ਐਹਵਾ ਜਈ ਹਸਤੀ ਇਸ ਕੀਟ ਅਨੰਤ ਦੀ ਯਾਦ ਤੋਂ ਕਦੇ ਲਾਂਭੇ ਹੋ ਸਕਦੀ ਹੈ ? ਆਪ ਨੂੰ ਮੈਂ ਇਸ ਵਿਸ਼ੇਸ਼ ਛਿਨ ਵਿੱਚ ਵੀ ਆਪਣੇ ਅੰਗ ਸੰਗ ਮਹਿਸੂਸ ਕਰਦਾ ਹਾਂ.

ਵੱਡੇ ਮਾਸਟਰ ਰਾਮਸਰਨ ਦਾਸ ਜੀ ਅੰਗ੍ਰੇਜ਼ੀ ਦੇ ਉਸਤਾਦ ਸਨ ਤੇ ਅਜੀਬ ਹੀ ਕਿਸਮ ਦੀ ਸ਼ਾਂਤ ਮੂਰਤੀ ਸਨ. ਆਪ ਨੂੰ ਪਾਤੰਜਲ ਯੋਗ ਦਰ-ਸ਼ਨ ਸਾਰਾ ਹਿਫ਼ਜ਼ ਸੀ ਤੇ ਜੇ ਕਦੇ ਚੰਗੇ ਭਾਗਾਂ ਨਾਲ ਏਕਾਂਤ ਵਿੱਚ ਏਹਨਾਂ ਦੀ ਸੰਗਤ ਨਸੀਬ ਹੋ ਜਾਏ ਤਾਂ ਵਿਆਖਿਆ ਨਾਲ ਹੀ ਕੈਸੀਆਂ ਬਲੰਦ ਮਨਜ਼ਿਲਾਂ ਦੀ ਰੂਹਾਨੀਅਤ ਵਲ ਖਿਚ ਲੈ ਜਾਂਦੇ ਸਨ ! ਪਰ ਇਹ

Sri Satguru Jagjit Singh Ji eLibrary NamdhariElibrary@gmail.com

ਛੁਪੇ ਰੁਸਤਮ ਸਨ. ਵਿਦਿਆਰਥੀਆਂ ਤੇ ਅਧਿਆਪਕਾਂ ਦੋਹਾਂ ਵਿੱਚੋਂ ਬਹੁਤ ਹੀ ਘਟ ਸਨ ਜੋ ਏਹਨਾਂ ਦੀ ਇਸ ਖ਼ਾਸ ਖ਼ੂਬੀ ਤੋਂ ਵਾਕਿਫ਼ ਸਨ.

ਛੋਟੇ ਰਾਮ ਸਰਨਦਾਸ ਜੀ ਇਤਿਹਾਸ ਪੁੜ੍ਹਾਂਦੇ ਸਨ, ਪਰ ਏਹਨਾਂ ਨੂੰ ਗੁਰਬਾਣੀ ਨਾਲ ਗੀਤਾ ਦੇ ਸ਼ਲੋਕਾਂ ਤੇ ਵੇਦ ਮੰਤ੍ਰਾਂ ਦੇ ਮਿਲਾਣ ਦਾ ਡਾਢਾ ਸ਼ੌਕ ਸੀ ਤੇ ਤਕਰੀਬਨ ਹਰ ਗੁਰਵਾਕ ਦੇ ਮੁਕਾਬਲੇ ਵਿੱਚ ਕੋਈ ਨ ਕੋਈ ਵੇਦ ਮੰਤ੍ਰ ਯਾ ਗੀਤਾ ਦਾ ਸ਼ਲੋਕ ਛਿਨ ਮਾਤ੍ਰ ਵਿੱਚ ਹੀ ਸਿਮ੍ਰਿਤੀ ਤੋਂ ਸੁਣਾ ਦੇਂਦੇ ਸਨ.

ਭਾਈ ਹਰੀ ਸਿੰਘ ਜੀ ਮੁੱਖ ਪੰਜਾਬੀ ਅਧਿਆਪਕ ਜਿੰਨ੍ਹਾਂ ਦਾ ਨਾਮ ਉੱਪਰ ਧਾਰਾ ੮ ਵਿੱਚ ਵੀ ਆ ਚੁਕਾ ਹੈ, ਘੋਰ ਤੋਂ ਘੋਰ ਨਾਸਤਿਕ ਜੁਗ ਵਿੱਚ ਵੀ ਗੁਰ ਸਿੱਖਾਂ ਦੇ ਹਿਰਦਿਆਂ ਨੂੰ ਗੁਰਚਰਨਾਂ ਵਲ ਲਿਜਾਣ ਦੀ ਸ਼ਕਤੀ ਰਖਦੇ ਸਨ. ਕੈਸੇ ਕੋਮਲ ਤੇ ਮਧੁਰ ਸ਼ਬਦਾਂ ਵਿੱਚ ਕੈਸੀਆਂ ਉੱਤਮ ਤੇ ਅਦਭੁਤ ਸਾਖੀਆਂ ਸੁਣਾਂਦੇ ਸਨ! ਕੇਹੜਾ ਮੁੰਡਾ ਉਹਨਾਂ ਦੀ ਕਲਾਸ ਤੋਂ ਕਦੇ ਭੁਲ ਕੇ ਵੀ ਗ਼ੈਰ ਹਾਜ਼ਰ ਰਹਿਣ ਦਾ ਇਰਾਦਾ ਕਰ ਸਕਦਾ ਸੀ? ਬੀਮਾਰ ਤੇ ਛੁੱਟੀ ਪਰ ਸ਼ੈਹਰ ਗਏ ਹੋਏ ਵਿਦਿਆਰਥੀ ਵੀ ਏਹਨਾਂ ਦੀ ਸੁਧਾ ਫੁਹਾਰ ਦੇ, ਜ਼ਰੂਰ ਹੀ, ਛੱਟੇ ਲੈਣ ਆ ਪਹੁੰਚਦੇ ਸਨ.

ਭਾਈ ਠਾਕਰ ਸਿੰਘ ਜੀ ਗਿਆਨੀ ਸਨ ੧੯੦੫ ਵਿੱਚ ਆਪਣੀ ਉਮਰ ਸੱਠ ਸਾਲ ਦੀ ਦਸਿਆ ਕਰਦੇ ਸਨ. ਆਪ ਨੂੰ ਅੰਗ੍ਰੇਜ਼ ਅਫ਼ਸਰਾਂ ਵੱਲੋਂ ਸਿੱਖਾਂ ਦੀਆਂ ਫੌਜਾਂ ਵਿੱਚ ਗੁਰਮਤਿ ਪ੍ਰਚਾਰ ਦੀ ਖੁਲ੍ਹੀ ਖੁਲ੍ਹ ਸੀ. ਸਨ ੧੯੦੪ ਦੇ ਅੰਤ ਤਕ ਆਪ ਸੱਠ ਹਜ਼ਾਰ ਫ਼ੌਜੀ ਸਿੱਖਾਂ ਨੂੰ ਅੰਮ੍ਰਿਤ ਛਕਾਕੇ ਪੰਜ ਕਕਾਰ ਧਾਰੀ ਸਿੰਘ ਸਜਾ ਚੁਕੇ ਸਨ. ਆਪ ਨੂੰ ਖ਼ਾਲਸਾ ਫੌਜਾਂ ਦੇ ਉੱਚ ਅੰਗ੍ਰੇਜ਼ ਅਫ਼ਸਰਾਂ ਨੇ ਆਪ ਦੇ ਪ੍ਰਚਾਰ ਦੀ ਹਰ ਦਿਲ ਅਜ਼ੀਜ਼ ਤਰਜ਼ ਤੋਂ ਪ੍ਰਸੰਨ ਹੋ ਕੇ ਇੱਕ ਉੱਤਮ ਕੀਮਤੀ ਤਲਵਾਰ ਬਤੌਰ ਨਜ਼ਰਾਨਾ ਪੇਸ਼ ਕੀਤੀ ਹੋਈ ਸੀ, ਜਿਸ ਨੂੰ ਉਹ ਅਮੂਮਨ ਆਪਣੇ ਨਾਲ ਹੀ ਸਜਾਈ ਰਖਦੇ ਸਨ. ਵਿਆਖਿਆਨ ਸਮੇਂ ਆਪਦੀ ਅਵਾਜ਼ ਉੱਚੀ ਮੇਘ ਦੀ ਗਰਜ ਵਾਂਗ ਤੇ ਸੁਰ ਸੰਗੀਤ ਦੀ ਲੈ ਵਿੰਚ ਭਲੀ ਪ੍ਰਕਾਰ ਤੁਲੀ ਹੋਈ ਹੁੰਦੀ ਸੀ. ਅਨੇਕਾਂ ਪ੍ਰਾਚੀਨ ਗ੍ਰੰਥਾਂ ਦੇ ਗਿਆਤਾ ਹੋਣ ਦੇ ਕਾਰਣ ਆਪ ਦਾ ਭਾਸ਼ਣ, ਭਾਵੇਂ ਵਿਆਖਿਆਨ ਹੋਵੇ ਤੇ ਭਾਵੇਂ ਕਥਾ, ਇੱਕ ਅਨੰਤ ਰੰਗੀ ਸ਼ਾਹੀ ਦਾਵਤ ਦੇ ਭਿੰਨ ਭਿੰਨ ਸ੍ਵਾਦਾਂ ਦੇ ਭੋਜਨਾਂ ਵਾਂਗ, ਅਣਗਿਣਤ ਦਿਲਚਸਪ ਤੇ ਦਿਲਕਸ਼ ਪ੍ਰਮਾਣਾਂ ਨਾਲ ਪੂਰੀ ਤਰ੍ਹਾਂ ਵਿਭੂਸ਼ਤ ਹੁੰਦਾ ਸੀ. ਆਪਨੇ ਜਦ ਕੋਈ ਕਹਾਣੀ ਸੁਣਾਣੀ ਹੁੰਦੀ ਸੀ ਤਾਂ ਉਸਨੂੰ ਯਕਲਖ਼ਤ ਐਸੇ ਨੁਕਤੇ ਤੇ ਛੱਡ ਕੇ ਜਿਸ ਤੋਂ

Sri Satguru Jagjit Singh Ji eLibrary NamdhariElibrary@gmail.com

ਅੱਗੇ ਉਸ ਨੂੰ ਸੁਣੇ ਇਨਾਂ ਸ੍ਰੋਤਾ ਜਨ ਉਠ ਕੇ ਨ ਜਾ ਸਕਨ, ਥੋੜੀ ਦੇਰ ਲਈ, ਕੋਈ ਹੋਰ ਉਤਨੀ ਹੀ ਮਨੋਹਰ ਵਿਚਾਰ ਛੇੜ ਦੇਂਦੇ ਸਨ ਤੇ ਬਾਦ ਵਿੱਚ ਕਹਾਣੀ ਦਾ ਭੋਗ ਪਾਂਦੇ ਸਨ. ਇਸੇ ਪ੍ਰਕਾਰ ਕਵਿਤਾ ਦਾ ਕੋਈ ਅੱਧਾ ਹੀ ਬੰਦ ਸੁਣਾਕੇ ਯਕਲਖ਼ਤ ਉਸੇ ਸੰਬੰਧ ਵਿੱਚ ਕੋਈ ਹੋਰ ਤੱਤ ਸਮਝਾਣ ਲਗ ਪੈਂਦੇ ਸਨ ਤੇ ਸ੍ਰੋਤਾ ਜਨ ਬੰਦ ਦੇ ਅਗਲੇ ਹਿੱਸੇ ਨੂੰ ਸੁਣਨ ਦੀ ਬੇਤਾਬੀ ਵਿੱਚ ਜਿਉਂ ਕੇ ਤਿਉਂ ਬੈਠੇ ਰਹਿੰਦੇ ਸਨ. ਆਪ ਨੇ ਸ੍ਰੀ ਦਰਬਾਰ ਸਾਹਿਬ ਦੇ ਗਿਰਦ "ਫੁਹਾਰਿਆਂ" ਨਾਮਕ ਕਥਾ-ਅਸਥਾਨ ਪਰ ਸਨ ੧੯੦੬ ਦੀ ਜੁਲਾਈ ਵਿੱਚ ਠੀਕ ਅਠਾਰਾਂ ਵਰ੍ਹਿਆਂ ਦੀ ਰੋਜ਼ਾਨਾ ਕਥਾ ਮਗਰੋਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਭੋਗ ਪਾਇਆ. ਮੈਂ ਆਪ ਉਸ ਸੁਭਾਗੇ ਤੇ ਅਤਿ ਸ਼ਾਨ-ਦਾਰ ਸਮਾਗਮ ਵਿੱਚ ਮੌਜੂਦ ਸਾਂ. ਆਪ ਕਵੀ ਵੀ ਸਨ ਤੇ ਅਨੇਕਾਂ ਪੁਰ ਅਸਰ ਗ੍ਰੰਥਾਂ ਦੇ ਰਚਨ ਹਾਰ ਸਨ. ਸਦਾ ਸਿਮ੍ਰਨ ਯੋਗ ਸ੍ਰਦਾਰ ਬਹਾਦਰ ਸਰ ਸੁੰਦਰ ਸਿੰਘ ਜੀ ਮਜੀਠੀਆ ਦੇ ਚਲਾਣੇ ਪਰ ਉਹਨਾਂ ਦੇ ਅੰਗੀਠੇ ਪਾਸ ਆਪ ਨੇ ਜਿਸ ਅਕਥਨੀਯ ਸੁਰੀਲੀ ਆਵਾਜ਼ ਨਾਲ, ਚਿੱਤ ਨੂੰ ਏਕਾ-ਗਰ ਕਰ ਕੇ, ਸ੍ਰੀ ਜਪੁਜੀ ਦਾ ਪਾਠ ਕੀਤਾ, ਉਸ ਨੇ ਸਰ ਸੁੰਦਰ ਸਿੰਘ ਜੀ ਦੇ ਵੱਡੇ ਭ੍ਰਾਤਾ, ਸ੍ਰਦਾਰ ਉਮਰਾਓ ਸਿੰਘ ਜੀ ਦੇ ਮਨ ਵਿੱਚ ਪਰਮ ਵੈਰਾਗ ਉਤਪੰਨ ਕਰ ਦਿੱਤਾ, ਤੇ ਆਪ ਨੂੰ ਇਹ ਸ੍ਰਦਾਰ ਸਾਹਿਬ ਬਜ਼ਾਤ ਖ਼ੁਦ ਆਪਣੇ ਨਾਲ ਮੋਟਰ ਕਾਰ ਵਿੱਚ ਬਿਠਾ ਕੇ ਆਪ ਦੇ ਘਰ, ਸ਼ੈਹਰ, ਛੱਡਣ ਲੈ ਗਏ. ਇਸੇ ਪ੍ਰਕਾਰ, ਇਸੇ ਸੰਬੰਧ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਮਗਰੋਂ ਜਦ ਆਪ ਨੇ ਅਰਦਾਸਾ ਸੋਧਿਆ ਤਾਂ ਸਰ ਸਿਕੰਦਰ ਹਯਾਤ ਖ਼ਾਨ ਦੇ ਨੇਤ੍ਰਾਂ ਵਿੱਚੋਂ ਵੀ ਹੰਝੂਆਂ ਦੀ ਧਾਰ ਬਹਿ ਨਿਕਲੀ. ਉਸ ਵਿਸਮਾਦ ਮਈ ਅਰਦਾਸੇ ਦੀ ਲਾਸਾਨੀਅਤ ਦੀ ਹਕੀਕਤ ਨੂੰ ਸਿਵਾਏ ਟੇਪ ਰੈਕਾਰਡਰ (Tape Recorder) ਦੇ ਹੁਣ ਹੋਰ ਕੌਣ ਬਿਆਨ ਕਰਕੇ ਸਾਬਤ ਕਰੇ! ਆਪਦੀ ਅੰਤਿਮ ਕਥਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਇੱਕ ਸਮਾਗਮ ਵਿੱਚ, ਜਿੱਥੇ ਜ਼ਿਆਦਾ ਤਰ ਅੰਮ੍ਰਿਤਸਰ ਦੇ ਵਕੀਲ ਤੇ ਜਜ ਮੈਜਿਸਟ੍ਰੇਟ ਆਦਿਕ ਹੀ ਸਨ, ਮੈਂ ਸੁਣ ਕੇ ਚਕਿਤ ਰਹਿ ਗਿਆ. ਆਪ ਉਸ ਸਮੇਂ ਸਨ ੧੯੩੧ ਵਿੱਚ ੮੫ ਵਰ੍ਹਿਆਂ ਦੇ ਸਨ. ਆਪ ਦੇ ਸੁੰਦਰ, ਨਵੀਨ ਤੇ ਨੂਤਨ ਰੰਗੀ ਪ੍ਰਮਾਣ ਸੁਣ ਸੁਣ ਕੇ ਸ੍ਰੋਤਾ ਜਨ ਵਜਦ ਵਿੱਚ ਆ ਗਏ, ਮਾਨੀਆਂ ਦੇ ਹੰਕਾਰ ਕੁਚਲੇ ਗਏ, ਤੇ ਆਪਦੀ ਪ੍ਰਸ਼ੰਸਾ ਦੇ ਨਾਰੇ ਤੇ ਜੈਕਾਰੇ ਬਲੰਦ ਹੋਏ! ਇਹ ਸਨ ਮੇਰੇ ਧਾਰਮਿਕ ਸ਼ਿਕਸ਼ਕ, ਮੈਨੂੰ ਗੁਰਮਤਿ ਦਾ ਜਲਵਾ ਵਿਖਾਣ ਵਾਲੇ, ਮੈਨੂੰ ਵੇਦ ਦੁਆਰਾ ਗੁਰਮਤਿ ਦੀਆਂ, ਤੇ ਗੁਰਮਤਿ ਦੁਆਰਾ ਵੇਦ ਦੀਆਂ ਗੂੜ੍ਹ ਰਮਜ਼ਾਂ ਸੁਝਾਣ ਬੁਝਾਣ ਵਾਲੇ!

Sri Satguru Jagjit Singh Ji eLibrary NamdhariElibrary@gmail.com

ਪੰਡਿਤ ਨਿਰੰਜਨ ਸਿੰਘ ਜੀ ਸੰਸਕ੍ਰਿਤ ਦੇ ਅਧਿਆਪਕ, ਕੋਈ ਪੁਰਾਤਨ ਸਿੱਖੀ ਦਾ ਨਮੂਨਾ ਸਨ, ਅਰ ਸ਼ਾਇਦ ਬਾਲ ਅਵਸਥਾ ਤੋਂ ਬਾਦ, ਜੁਆਨੀ ਤੋਂ ਉਂਹੀ ਟੱਪ ਕੇ, ਬ੍ਰਿੱਧ ਅਵਸਥਾ ਵਿੱਚ ਆ ਪਹੁੰਚੇ ਸਨ, ਜਦ ਕਿ ਗਿਆਨੀ ਠਾਕਰ ਸਿੰਘ ਜੀ ਨੂੰ ਕਿਸੇ ਬ੍ਰਿੱਧ ਨਹੀਂ ਸੀ ਵੇਖਿਆ, ਸਾਡੇ ਪੰਡਿਤ ਜੀ ਨੂੰ ਕਿਸੇ ਨੇ ਜੁਆਨ ਨਹੀਂ ਵੇਖਿਆ. ਪੜ੍ਹਾਣ ਲਈ ਜਦ ਵੀ ਆਂਦੇ ਸਨ, ਪ੍ਰਤੀ ਦਿਨ, ਕਦੇ ਕਿਸੇ ਕਲਾਸ ਲਈ ਤੇ ਕਦੇ ਕਿਸੇ ਲਈ, ਗੁਲਾਬ ਜਾਮਨਾਂ ਦੇ ਯਾ ਰਸ ਗੁੱਲਿਆਂ ਦੇ ਦੋ ਕੁੱਜੇ ਵੀ ਨਾਲ ਹੀ ਚੁੱਕੀ ਲਿਆਂਦੇ ਸਨ. ਐਉਂ ਪ੍ਰਤੀਤ ਹੁੰਦਾ ਸੀ ਜਿਵੇਂ ਕੋਈ ਸਤਿਜੁਗੀ ਰਿਸ਼ੀ ਭੁੱਲ ਕੇ ਕਲਜੁਗ ਵਿੱਚ ਆ ਵੜਿਆ ਹੈ. ਈਸ਼ਰ ਜਾਣੇ ਉਹ ਕਪੜੇ ਆਪਣੇ ਕੇਹੜੇ ਦਰਜ਼ੀ ਤੋਂ ਸਿਵਾਂਦੇ ਸਨ ਤੇ ਉਹ ਉਹਨਾਂ ਨੂੰ ਕੀ ਸਮਝ ਕੇ ਉਹਨਾਂ ਦੇ ਕਪੜੇ ਸਿਉਂਦਾ ਸੀ. ਪਜਾਮੇ ਦਾ ਇੱਕ ਪਾਚਾ ਮੋਕਲਾ ਦੂਜਾ ਤੰਗ, ਇੱਕ ਉੱਚਾ ਦੂਜਾ ਨੀਵਾਂ, ਕੋਟ ਦੇ ਉਪਰਲੇ ਅੱਧੇ ਬੱਟਣ ਸੱਜੇ ਪਾਸੇ ਤੇ ਹੇਠਲੇ ਅੱਧੇ ਖੱਬੇ ਪਾਸੇ, ਤੇ ਕਮੀਜ਼ ਬਿਲਕੁਲ ਹੀ ਬਟਣਾਂ ਤੋਂ ਬਿਨਾਂ. ਭਲਾ ਸੰਸਕ੍ਰਿਤ ਦਾ ਕੇਹੜਾ ਗ੍ਰੰਥ ਸੀ ਜੋ ਉਹਨਾਂ ਦੇ ਅਧਯੈਨ ਤੋਂ ਬਾਕੀ ਰਿਹਾ ਹੋਵੇ. ਪੰਜਾਬੀ ਤੋਂ ਕਿਤੇ ਬੜ੍ਹ ਚੜ੍ਹ ਕੇ ਸੰਸਕ੍ਰਿਤ ਸਰਲ ਤੇ ਸ਼ੁੱਧ ਬੋਲਦੇ ਸਨ. ਮੇਰੇ ਖ਼ਿਆਲ ਵਿੱਚ ਸ਼ਾਇਦ ਉਹਨਾਂ ਤੋਂ ਬਿਨਾ ਖ਼ਾਲਸਾ ਕਾਲਜ ਤੋਂ ਅਧਿਆਪਕਾਂ ਵਿਚੋਂ ਹੋਰ ਕਿਸੇ ਨੂੰ ਵੀ ਪੈਨਸ਼ਨ ਪ੍ਰਾਪਤ ਨਹੀਂ ਹੋਈ.

ਬੋਰਡਿੰਗ ਦੇ ਜਿਸ ਕਮਰੇ ਵਿੱਚ ਮੇਰਾ ਨਿਵਾਸ ਸੀ ਉਸ ਵਿੱਚ ਜੋ ਤਿੰਨ ਹੋਰ ਵਿਦਿਆਰਥੀ ਰਹਿੰਦੇ ਸਨ ਉਹਨਾਂ ਵਿਚੋਂ ਇੱਕ ਦਾ ਨਾਮ ਬਖ਼ਸ਼ੀ ਪ੍ਰੀਤਮ ਸਿੰਘ ਸੀ, ਇਸਦਾ ਨੌਕਰ ਧਨਪਤਿ ਕਹੂਟਾ (ਜ਼ਿਲਾ ਰਾਵਲ ਪਿੰਡੀ) ਨਿਵਾਸੀ, ਹਾਲਾਂ ਕਿ ਪਹਾੜੀ ਹਿੰਦੂ ਸੀ ਪਰ ਸ੍ਰੀ ਦਰਬਾਰ ਸਾਹਿਬ ਦਾ ਅਨੰਨ ਸ਼ਰਧਾਲੂ ਸੀ. ਇਸ ਨੇ ਮੈਨੂੰ ਪ੍ਰੇਰਿਆ ਕਿ ਰਾਤ ਦੇ ਦੋ ਵਜੇ, ਚੁਪ ਚੁਪੀਤੇ, ਸ੍ਰੀ ਹਰਿ-ਮੰਦਰ ਦੀ ਯਾਤ੍ਰਾ ਨੂੰ ਚਲਿਆ ਕਰੀਏ ਤੇ ਸਵੇਰੇ ਪੰਜ ਵਜੇ ਧੌਂਸਾ ਵਜੱਣ ਤੋਂ ਪਹਿਲਾਂ ਹੀ ਬੋਰਡਿੰਗ ਵਿੱਚ ਵਾਪਸ ਆ ਗਿਆ ਕਰੀਏ, ਮੈਂ ਮੰਨ ਗਿਆ, ਤੇ ਜੁਲਾਈ ਸਨ ੧੯੦੫ ਤੋਂ ਲਗਾਤਾਰ ਨਵੰਬਰ ਸਨ ੧੯੦੫ ਦੇ ਅੰਤ ਤਕ ਅਸੀਂ ਬਿਲਾ ਨਾਗਾ ਇਸ ਪ੍ਰਤਿਗਿਆ ਨੂੰ ਪਾਲਦੇ ਰਹੇ. ਸ਼ੈਹਰ ਪਹੁੰਚ ਕੇ ਪਹਿਲਾਂ ਅਸੀਂ ਪੰਜਾਂ ਹੀ ਸਰੋਵਰਾਂ (ਸੰਤੋਖਸਰ, ਰਾਮਸਰ, ਬਿਬੇਕ ਸਰ, ਕੌਲ ਸਰ ਤੇ ਅੰਮ੍ਰਿਤਸਰ ਦੇ ਇਸ਼ਨਾਨ ਕਰਦੇ, ਮਗਰੋਂ ਕੁੱਝ ਚਿਰ ਸ੍ਰੀ ਹਰਿਮੰਦਰ ਵਿੱਚ ਅਕਾਲ ਪੁਰਖ ਦਾ ਜੱਸ ਸੁਣ ਕੇ ਠੀਕ ਪੰਜ ਵਜੇ ਖ਼ਾਲਸਾ ਕਾਲਿਜ ਪਹੁੰਚ ਕੇ ਸੌਂ ਜਾਂਦੇ. ਇਸ ਦੀ ਖ਼ਬਰ ਜਦ ਦੂਜੇ ਪ੍ਰੇਮੀ ਵਿਦਿਆਰਥੀਆਂ ਨੂੰ ਲੱਗੀ ਤਾਂ ਉਹ ਵੀ ਸ਼ਾਮਿਲ ਹੋਣ ਲਗ ਪਏ. ਇੱਕ ਮਹੀਨੇ ਇਸ ਗੁਪਤ ਚੌਂਕੀ ਦੀ ਸੰਖਿਆ ਚਾਲ੍ਹੀ ਤਕ ਜਾ ਪਹੁੰਚੀ. ਪਰ ਪ੍ਰਬੰਧਕਾਂ ਨੂੰ ਕੱਖ ਪਤਾ ਨ ਲੱਗਾ;

Sri Satguru Jagjit Singh Ji eLibrary NamdhariElibrary@gmail.com

ਅਸੀਂ ਸ਼ਬਦ ਗਾਂਦੇ ਗਾਂਦੇ ਜਾਂਦੇ ਤੇ ਸ਼ਬਦ ਗਾਂਦੇ ਗਾਂਦੇ ਵਾਪਿਸ ਪਹੁੰਚਦੇ. ਆਖ਼ਿਰ, ਹੌਲੀ ਹੌਲੀ ਜਦ, ਸਖ਼ਤ ਸਰਦੀ ਦੀਆਂ ਰਾਤਾਂ ਸ਼ੁਰੂ ਹੋ ਗਈਆਂ ਤਾਂ ਧਨਪਤਿ ਤੇ ਮੈਂ ਹੀ ਰਹਿ ਗਏ. ਇੱਕੁਰ ਇੱਕ ਮਹੀਨਾ ਹੋਰ ਨਿਭਿਆ. ਪਰ, ਕਿਰੇ ਹੋਏ, ਹੌਸਲਾ ਹਾਰੇ ਹੋਏ, ਵਿਦਿਆਰਥੀਆਂ ਵਿੱਚੋਂ ਈਰਖਾ ਦੇ ਕਾਰਣ ਕਿਸੇ ਨੇ ਹੈਡ ਮਾਸਟਰ (ਸੂਦਾਰ ਨਾਰਾਇਣ ਸਿੰਘ) ਸਾਹਿਬ ਪਾਸ ਚੁਗ਼ਲੀ ਲਾਈ ਕਿ ਘੋਰ ਰਾਤ ਦੇ ਹਨੇਰੇ ਵਿੱਚ ਇਹ ਵਿਦਿਆਰਥੀ (ਯਾਨੇ ਅਨੰਤ ਆਦਿਕ) ਨਾ ਮਾਲੂਮ ਕਿੱਥੇ ਚਲੇ ਜਾਂਦੇ ਹਨ. ਹੈਡਮਾਸਟਰ ਸਾਹਿਬ ਨੇ ਮੈਨੂੰ ਜਵਾਬ ਦੇਹੀ ਲਈ ਬੁਲਾਇਆ. ਮੈਂ ਕੰਬਦਾ ੨ ਤੇ ਜਪੁਜੀ ਦਾ ਪਾਠ ਕਰਦਾ ਕਰਦਾ ਉਹਨਾਂ ਦੇ ਦਫ਼ਤਰ ਵਿੱਚ ਪਹੁੰਚਿਆ. ਮੈਂ ਬੜੇ ਹੀ ਉਜ਼ਰ ਪੇਸ਼ ਕੀਤੇ, ਤੇ ਕਿਹਾ, ਅੱਸੀਂ ਸ੍ਰੀ ਦਰਬਾਰ ਸਾਹਿਬ ਜਾਂਦੇ ਹਾਂ ਪਰ ਉਹਨਾਂ ਇੱਕ ਨਾਂ ਮੰਨੀਂ. ਉਹ ਕਹਿਣ ਲੱਗੇ, "ਦਿਵਾਲੀ ਨੇੜੇ ਆ ਰਹੀ ਹੈ, ਤੁੱਸੀ ਜੂਆ ਖੇਡਣ ਜਾਂਦੇ ਹੋ," ਸੋ ਉਹਨਾਂ ਨੇ ਆਪਣੇ ਸੱਜੇ ਕਰ ਕਮਲ ਨਾਲ ਮੇਰੇ ਸੱਜੇ ਹਥ ਪਰ ਇੱਕ ਚੰਗਾ ਤਕੜਾ ਬੈਤ ਛੁਹਾ ਹੀ ਦਿੱਤਾ. ਚੁਗ਼ਲ ਖ਼ੋਰ ਨੇ ਮੇਰਾ ਹੀ ਨਾਮ ਦਸਿਆ ਸੀ ਤੇ ਮੈਂ ਕਿਸੇ ਵੀ ਹੋਰ ਦਾ ਨਾਮ ਬਿਲਕੁਲ ਨ ਦਸਿਆ, ਇਸ ਲਈ ਕੁਰਬਾਨੀ ਦਾ ਬਕਰਾ ਮੈਂ ਹੀ ਬਣਿਆ. ਇਸ ਤੋਂ ਬਾਦ ਕੁੱਝ ਮਹੀਨਿਆਂ ਦਾ ਵਕਫ਼ਾ ਪਾ ਕੇ, ਜਦ ਚੁਗ਼ਲੀ ਦਾ ਅਸਰ ਮੱਠਾ ਪੈ ਗਿਆ ਤਾਂ ਫਿਰ ਉਸੇ ਤਰ੍ਹਾਂ ਚੁਪ ਚੁਪੀਤੇ ਧਨਪਤਿ, ਮੈਂ ਤੇ ਇੱਕ ਹੋਰ ਅਤਿ ਪ੍ਰੇਮੀ ਮੁੰਡਾ, ਸੁਰੈਣ ਸਿੰਘ (ਵੈਰੋਵਾਲ ਦਾ) ਹਰ ਰਾਤ ਸ੍ਰੀ ਹਰਿ ਮੰਦਰ ਦੀ ਯਾਤ੍ਰਾ ਲਈ ਜਾਂਦੇ ਰਹੇ. ਇੱਕ ਹਨੇਰੀ ਰਾਤ, ਸਖ਼ਤ ਸਰਦੀ ਵਿੱਚ, ਜਦ ਅੱਸੀਂ ਤਿੰਨੇ, ਹੌਲੀ ੨ ਸ਼ਬਦ ਗਾਂਦੇ ਹੋਏ, ਗ੍ਰੈਂਡ ਟ੍ਰੰਕ ਰੋਡ ਤੇ, ਦਰਬਾਰ ਸਾਹਿਬ ਜਾ ਰਹੇ ਸਾਂ ਤਾਂ ਅੱਗੋਂ, ਕਾਲੇ ਸੂਟ ਵਿੱਚ, ਚੁਪ ਚੁਪੀਤੇ, ਸ਼ੈਹਰ ਤੋਂ ਵਾਪਿਸ ਔਂਦੇ ਹੋਏ, ਇੱਕ ਸਿੱਖ ਪ੍ਰੇਮੀ ਸੱਜਨ ਮਿਲ ਪਏ. ਉਹਨਾਂ ਨੇ ਸਾਨੂੰ ਫ਼ਤਹ ਗਜਾਈ, ਅੱਸੀਂ ਖੜੇ ਹੋ ਗਏ. ਇਹ ਸਰਕਾਰੀ ਵਰਕ ਸ਼ਾਪ ਵਾਲੀ ਥਾਂ ਦੇ ਸਾਹਮਣੇ ਦੀ ਘਟਨਾ ਹੈ. ਅਸੀਂ ਸ਼ਬਦ ਦੀ ਅੰਤਿਮ ਤੁਕ ਪੜ੍ਹ ਰਹੇ ਸਾਂ, "ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ," (ਗਉ : ਪੂ : ਮ : ੫ ॥ ਪੰ: ॥੧੩॥) ਇਹ ਵਾਇਸ ਪ੍ਰਿਨਸੀਪਲ ਮਹਿਤਾ ਨਿਰੰਜਨ ਸਿੰਘ ਜੀ ਸਨ. ਪਤਾ ਲੱਗਾ ਕਿ ਇਹ ਵੀ ਰੋਜ਼ ਸ੍ਰੀ ਹਰਿ ਮੰਦਰ ਦੀ ਯਾਤ੍ਰਾ ਦਾ ਇਕੇਲੇ ਤੇ ਪੈਦਲ ਅਨੰਦ ਲੈਂਦੇ ਹਨ. ਏਹਨਾਂ ਨੇ ਸਾਨੂੰ ਸਭ ਨੂੰ ਗਲੇ ਨਾਲ ਲਗਾ ਲਿਆ, ਤੇ ਇਸ ਪ੍ਰਕਾਰ ਐਸੇ ਕੋਟਾਂ ਵਿੱਚੋਂ ਵਿਰਲੇ ਮਹਾਂ ਪੁਰਖ ਨਾਲ ਮੇਰੀ ਆਰੰਭਕ ਪਰਿਚੈ ਹੋਈ. ਸਾਡੇ ਇਸ ਹੈਰਤ ਅੰਗੇਜ਼ ਉੱਦਮ ਤੇ ਸਤਿਗੁਰਾਂ ਦੇ ਫ਼ਜ਼ਲ ਦਾ ਮੂਲ ਕਾਰਣ ਪਹਾੜੀ ਬ੍ਰਾਹਮਣ ਧਨਪਤਿ ਹਿੰਦੂ ਬਣਿਆ. ਸ਼ਹਿਰ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਵਿੱਚ ਉਹਨੀਂ ਦਿਨੀਂ ਮਾਸਟਰ ਫ਼ਕੀਰ ਚੰਦ ਜੀ ਤੇ ਬਾਬਾ ਕੇਸਰ ਜੀ ਦੇ ਸਿੱਖੀ ਜੀਵਨ ਦੀ ਬੜੀ ਚਰਚਾ ਸੀ ਤੇ ਉਹਨਾਂ ਦੀ ਮਹਿਮਾ, ਪ੍ਰਸਿੱਧੀ ਦੀ ਉੱਚ ਸ਼ਿਖਰ ਤੇ ਨਿੱਤ ਬ੍ਰਿੱਧੀ ਨਾਲ ਚੜ੍ਹ ਰਹੀ ਸੀ. ਮਾਸਟਰ ਜੀ ਗਵਰਨਮੈਂਟ ਹਾਈ ਸਕੂਲ ਵਿੱਚ ਉਸਤਾਦ ਸਨ. ਆਪ ਨੂੰ ੮੦ ਰੁਪਏ ਮਾਹਵਾਰ ਤਨਖ਼ਾਹ ਮਿਲਦੀ ਸੀ, ਜੋ ਉਸ ਜ਼ਮਾਨੇ ਵਿੱਚ ਅੱਜ (੧੯੬੨) ਦੇ ੪੦੦ ਰੁਪੈਆਂ ਤੋਂ ਕਮ ਨ ਸੀ. ਆਪ ਸਕੂਲ ਦੇ ਨਜ਼ਦੀਕ ਹੀ ਇੱਕ ਚਬਾਰੇ ਵਿੱਚ ਤਨ ਤਨਹਾ ਰਹਿੰਦੇ ਸਨ. ਅੰਦਰ ਕੁੱਝ ਮਮੂਲੀ ਭਾਂਡੇ ਤੇ ਸਫ਼ਰੀ ਕਪੜੇ. ਕੋਈ ਮੰਜੀ ਨਹੀਂ, ਕੋਈ ਮੇਜ਼, ਕੁਰਸੀ ਨਹੀਂ. ਕੋਈ ਸੰਦੂਕ ਨਹੀਂ, ਕੋਈ ਟਰੰਕ ਨਹੀਂ. ਕੋਈ ਕਲਮ ਨਹੀਂ, ਕੋਈ ਦਵਾਤ ਨਹੀਂ. ਰਸੋਈ ਗੁਸਲ ਖ਼ਾਨੇ ਆਦਿਕ ਤੋਂ ਇਲਾਵਾ ਇੱਕ ਹੋਰ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ. ਬਸ ਜੋ ਵੀ ਆਵੇ ਉੱਥੇ ਹੀ ਭੁੰਜੇ ਸਫ਼ ਤੇ ਬੈਠੇ. ਆਪ ਖ਼ੁਦ ਅਕਸਰ ਤਾਥੇ ਹੀ ਸਜੇ ਹੋਏ ਪਾਠ ਕਰ ਰਹੇ ਹੁੰਦੇ ਸਨ ਤੇ ਉੱਥੇ ਹੀ ਜਦ ਊਂਘ ਆਵੇ ਲੇਟ ਜਾਇਆ ਕਰਦੇ ਸਨ. ਸਕੂਲ ਸਮੇਂ ਤੋਂ ਬਿਨਾ ਰਾਤ ਦਿਨ ਦਾ ਏਹੋ ਵਿਹਾਰ ਸੀ. ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ ਦੇ ਦਰਵਾਜ਼ੇ ਦੇ ਦੋਹਾਂ ਪਾਸੇ ਕੰਧ ਵਿੱਚ ਦੋ ਵੱਡੇ ਵੱਡੇ ਆਲੇ ਸਨ. ਸੋ ਤਨਖ਼ਾਹ ਤਾਂ ਲਿਆ ਕੇ ਸੱਜੇ ਵਿੱਚ ਰੱਖ ਦੇਂਦੇ ਸਨ ਤੇ ਖੱਬੇ ਵਿੱਚ ਕੋਈ ਕਿਤਾਬਾਂ, ਕਾਪੀਆਂ ਤੇ ਪਿਨਸਲਾਂ ਵਗ਼ੈਰਾ ਪਈਆਂ ਰਹਿੰਦੀਆਂ ਸਨ. ਉਹਨਾਂ ਦੇ ਜਿਨ੍ਹਾਂ ਸਤਸੰਗੀਆਂ ਨੂੰ ਉਸ ਚੁਬਾਰੇ ਵਿੱਚ ਜਾਣ ਦੀ ਖੁਲ੍ਹ ਸੀ ਉਹ ਮਾਸਟਰ ਜੀ ਦੀਆਂ ਅਥਵਾ ਆਪਣੀਆਂ ਲੋੜਾਂ ਲਈ ਬਿਲਾ ਇਜਾ-ਜ਼ਤ ਆਲੇ ਵਾਲੇ ਰੁਪਏ ਨੂੰ ਖ਼ਰਚ ਕਰ ਸਕਦੇ ਸਨ. ਸੁਣਿਆ ਸੀ ਕਿ ਆਲੇ ਵਿੱਚੋਂ ਰੁਪੈਆ ਮੁਕਿਆ ਹੋਇਆ ਕਦੇ ਵੀ ਕਿਸੇ ਨ ਵੇਖਿਆ ਸੀ. ਗਰਮੀਆਂ ਵਿੱਚ ਆਪ ਅਕਸਰ ਕਰ ਕੇ ਸਿਮਲੇ ਚਲੇ ਜਾਂਦੇ ਸਨ ਤੇ ਸਿਮਲਾ ਰੇਲ ਦੇ ਬਣਨ ਮਗਰੋਂ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਤੋਂ ਉਪਰਲੇ ਬਰਥ (Berth) ਵਿੱਚ, ਬਰਥ ਨੂੰ ਰੀਜ਼ਰਵ ਕਰਵਾ ਕੇ ਨਾਲ ਲੈ ਜਾਂਦੇ ਸਨ ਤੇ ਸਿਮਲੇ ਵਿੱਚ ਗੁਰਮਤਿ ਪ੍ਰਚਾਰ ਦੇ ਨਿਰਸੰਦੇਹ ਏਹੋ ਮੋਢੀ ਸਨ. ਮਾਸਟਰ ਜੀ ਦੇ ਸਤਿਸੰਗੀ ਅਜ ਤੋਂ ਦਸ ਸਾਲ ਪਿੱਛੇ ਤਕ ਬਕਸਰਤ ਮਿਲਦੇ ਸਨ ਤੇ ਸਾਰੇ ਇਸ ਦਾਵੇ ਦੀ ਸਾਖ ਭਰਦੇ ਸਨ ਕਿ ਮਾਸਟਰ ਜੀ ਸਤਿਗੁਰਾਂ ਦੇ ਅਨੰਨ ਭਗਤ ਸਨ ਤੇ ਮੁਕੰਮਲ ਰੋਸ਼ਨ ਜ਼ਮੀਰ ਸਨ.

(੨੩) ਮੈਂ ਉੱਪਰ ਦੱਸੀ ਰਾਤ ਦੀ ਨਿਰਾਲੀ ਘਟਨਾ ਮਗਰੋਂ ਮਹਿਤਾ ਨਿਰੰਜਨ ਸਿੰਘ ਜੀ ਨੂੰ, ਜੋ ਹੁਣ ਤਕ ਭਾਈ ਤੇਜਾ ਸਿੰਘ ਸਜ ਚੁਕੇ ਸਨ, ਲਗਾਤਾਰ ਉਹਨਾਂ ਦੇ ਡੇਰੇ ਪਰ ਮਿਲਦਾ ਰਿਹਾ. ਯਕਾ ਯਕ ਆਪ ਦਾ ਇਰਾਦਾ ਯੂਰਪ ਅਮਰੀਕਾ ਆਦਿ ਪੱਛਮੀ ਦੇਸ਼ਾਂ ਵਲ ਜਾਣ ਦਾ ਹੋ ਗਿਆ ਤੇ

Sri Satguru Jagjit Singh Ji eLibrary NamdhariElibrary@gmail.com

ਮੇਰੇ ਪਿਤਾ ਨੇ ਵੀ ਮੈਨੂੰ ਉਹਨਾਂ ਨਾਲ ਜਾਣ ਦੀ ਆਗਿਆ ਦੇ ਦਿੱਤੀ. ਮੇਰੇ ਪਿਤਾ ਮੱਧ ਸ਼੍ਰੇਣੀ ਦੇ ਉੱਚ ਅਮੀਰਾਂ ਵਿੱਚੋਂ ਮੱਧ ਸ਼੍ਰੇਣੀ ਦੇ ਗ਼ਰੀਬ ਸਨ. ਕੁੱਝ ਖ਼ਰਚ ਆਪ ਨੇ ਬਰਦਾਸ਼ਤ ਕਰਨ ਦਾ ਬਚਨ ਦਿੱਤਾ ਤੇ ਕੁੱਝ ਤੇਜਾ ਸਿੰਘ ਜੀ ਨੇ ਯਕੀਨ ਦਿਲਾਇਆ ਕਿ ਅੱਸੀਂ ਬਰਦਾਸ਼ਤ ਕਰਾਂਗੇ. ਦੋਹਾਂ ਨੇ ਇਹ ਬਚਨ ਨਿਬਾਹੇ. ਸਮਾਂ ਜੁਲਾਈ ਸਨ ੧੯੦੬ ਦਾ ਅੰਤ ਸੀ. ਤੇਜਾ ਸਿੰਘ ਜੀ ਕੁੱਝ ਚਿਰ ਲਈ ਆਪਣੇ ਵਾਲਦੈਨ ਨੂੰ ਮਿੱਲਣ ਗੁਜਰਾਂਵਾਲੇ ਚਲੇ ਗਏ. ਮੈਂ ਵੀ ਬਲਕਸਰ, ਤਹਸੀਲ ਚਕਵਾਲ, ਜ਼ਿਲਾ ਜੇਹਲਮ ਵਿੱਚ, ਆਪਣੇ ਮਾਤਾ ਪਿਤਾ ਦੇ ਪਾਸ ਚਲਾ ਗਿਆ. ਉੱਥੋਂ ਛੇਤੀ ਹੀ ਵਾਪਿਸ ਆ ਕੇ ਮੈਂ ਖ਼ਾਲਸਾ ਕਾਲਜ ਵਿੱਚ ਪਹੁੰਚ ਕੇ, ਜੋ ਗਰਮੀ ਦੀਆਂ ਰੁਖ਼ਸਤਾਂ ਲਈ ਬੰਦ ਸੀ, ਤੇਜਾ ਸਿੰਘ ਜੀ ਨੂੰ ਉਡੀਕਣ ਲਗ ਗਿਆ. ਏਹਨਾਂ ਨੂੰ ਮੁੜਨ ਵਿੱਚ ਕੁੱਝ ਜ਼ਿਆਦਾ ਦਿਨ ਲਗ ਗਏ. ਮੈਂ ਗੋਇੰਦਵਾਲ ਸਾਹਿਬ ਦੀ ਯਾਤ੍ਰਾ ਨੂੰ ਚਲਾ ਗਿਆ. ਉੱਥੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਸਨ ੧੫੫੯ ਵਿੱਚ ਇੱਕ ਬੜੀ ਮਨੋਹਰ ਤੇ ਵਿਸ਼ਾਲ ਬਾਵਲੀ ਬਣਵਾਈ ਸੀ ਜਿਸਦੀਆਂ ੮੪ ਪੌੜੀਆਂ ਹਨ. ਇਹ ਨਿਸ਼ਚਿਤ ਨਹੀਂ ਕਿ ਸੱਚੇ ਪਾਤਿਸ਼ਾਹੁ ਨੇ ਪੌੜੀਆਂ ਦੀ ਇਹ ਸੰਖਿਆ ਇਰਾਦਤਨ ਰੱਖੀ ਸੀ ਯਾ ਇਤਫ਼ਾਕੀਆ ਹੀ ਹੋ ਗਈ, ਪਰ ਗੁਰੂ ਕੀਆਂ ਸੰਗਤਾਂ ਦਾ ਇਹ ਵਿਸ਼੍ਵਾਸ ਹੈ ਕਿ ਜੇ ਚਿੱਤ ਨੂੰ ਏਕਾਗ੍ਰ ਕਰਕੇ ਪ੍ਰਤਯੇਕ ਪੌੜੀ ਪਰ ਬਾਵਲੀ ਸਾਹਿਬ ਵਿੱਚ ਸਨਾਨ ਕਰ ਕੇ ਜਪੁ ਸਾਹਿਬ ਦਾ ਇੱਕ ਪਾਠ ਕੀਤਾ ਜਾਏ, ਭਾਵ ਚੌਰਾਸੀ ਵੇਰ ਸਨਾਨ ਤੇ ਚੌਰਾਸੀ ਪਾਠ ਕੀਤੇ ਜਾਵਨ ਤਾਂ ਜ਼ਰੂਰ ਚੌਰਾਸੀ ਲਖ ਜਨਮਾਂ ਦੇ ਗੇੜ ਤੋਂ ਖਲਾਸੀ ਹੋ ਜਾਂਦੀ ਹੈ. ਸੋ ਮੈਂ ਵੀ ਰਾਤ ਨੂੰ ਦੋ ਵਜੇ ਯਥਾ ਸੰਭਵ ਚਿੱਤ ਦੀਆਂ ਵ੍ਰਿਤੀਆਂ ਦਾ ਨਿਰੋਧ ਕਰਕੇ ਸਨਾਨ-ਪਾਠ-ਸਨਾਨ-ਪਾਠ ਅਰੰਭ ਕਰ ਦਿੱਤੇ. ਅਰ ਮੈਂ ਇਹ ਦ੍ਰਿਵਿਧਾ ਸੰਕਲਪ ਬੜੀ ਦ੍ਰਿੜ੍ਹਤਾ ਤੇ ਸਾਵਧਾਨਤਾ ਨਾਲ ੬੦ ਦੀ ਸੰਖਿਆ ਤਕ ਨਿਬਾਹੁੰਦਾ ਰਿਹਾ. ਮੈਂ ਪੰਜ ਸਨਾਨ-ਪਾਠ ਫ਼ੀ ਘੰਟੇ ਵਿੱਚ ਕਰ ਰਿਹਾ ਸਾਂ. ਸੋ ਬਾਰਾਂ ਘੰਟੇ ਬੀਤ ਗਏ. ਦਿਨ ਦੇ ਦੋ ਬਜ ਚੁਕੇ ਸਨ. ਜੁਲਾਈ ਦਾ ਮਹੀਨਾ ਸੀ, ਮੈਂ ਅਤਯੰਤ ਭੁੱਖਾ ਤੇ ਤਿਹਾਇਆ ਮਹਿਸੂਸ ਕੀਤਾ. ਲਘੁ ਸ਼ੰਕਾ ਆਦਿਕ ਦੀ ਆਵਸ਼ਜਕਤਾ ਨੇ ਵੀ ਗ਼ਲਬਾ ਪਾਇਆ, ਤਾਂ ਵੀ ਮੈਂ ਹਠ ਨੂੰ ਸਥਿਰ ਰਖਿਆ. ਪਰ ਦੋ ਵਜੇ ਦੁਪਹਿਰ ਦੇ ਕਰੀਬ ਸਖ਼ਤ ਰੌਲਾ ਮਚ ਗਿਆ. ਅਤਰ ਸਿੰਘ ਨਾਮ ਦਾ ਕੋਈ ਪੰਦਰਾਂ ਸੋਲਾਂ ਸਾਲ ਦਾ ਮੁੰਡਾ, ਕੋਈ ਗੁਪਾਲ ਸਿੰਘ ਨਾਮਕ ਆਦਮੀ ਨਸਾ ਕੇ ਲੈ ਗਿਆ ਸੀ. ਪੁਲਸ ਨੂੰ ਸੂਹ ਮਿਲੀ ਕਿ ਗੁਪਾਲ ਸਿੰਘ ਤੇ ਅਤਰ ਸਿੰਘ ਦੋਵੇਂ ਬਾਵਲੀ ਸਾਹਿਬ ਦੇ ਵਿੱਚ ਹਨ. ਚੁਨਾਂਚਿ ਪੁਲਸ ਨੇ ਮਜ਼ਬੂਰ ਕੀਤਾ ਕਿ ਏਹਨਾਂ ਦੋਹਾਂ ਨਾਮਾਂ ਦੇ ਬੰਦਿਆਂ ਨੂੰ ਬਾਹਿਰ

Sri Satguru Jagjit Singh Ji eLibrary NamdhariElibrary@gmail.com

ਕਢਿਆ ਜਾਵੇ, ਤਫ਼ਤੀਸ਼ ਲਈ ਕੁਵੇਲ ਹੋ ਰਹੀ ਹੈ. ਕੁਦਰਤ ਮਹਾਰਾਜ ਦੀ ਇਉਂ ਵਰਤੀ ਕਿ ਮੇਰੇ ਵੀ ਸਾਥੀ ਗੁਪਾਲ ਸਿੰਘ ਆਦਮੀ ਤੇ ਮੁੰਡਾ ਅਤਰ ਸਿੰਘ ਅੰਦਰ ਸਨ. ਬਸ, ਉਹਨਾਂ ਨੂੰ ਬਾਹਿਰ ਆਣਾ ਪਿਆ ਤੇ ਸਖ਼ਤ ਰੌਲੇ ਤੇ ਘੜਮਸ ਵਿੱਚ ਕਈ ਹੋਰ ਨੇਮੀਆਂ ਪ੍ਰੇਮੀਆਂ ਦੇ ਨਾਲ ਮੇਰੀ ਪ੍ਰਤਿਗਿਆ ਵੀ ਖੰਡਿਤ ਹੋ ਗਈ. ਪਰ ਸੱਚ ਤਾਂ ਇਹ ਹੈ ਕਿ ਇਸ ਸ਼ੋਕਮਈ ਘਟਨਾ ਤੋਂ ਕੁੱਝ ਛਿਨ ਪਹਿਲੇ ਹੀ ਮੇਰੇ ਸਿਦਕ ਵਿੱਚ ਫ਼ਰਕ ਆ ਚੁਕਾ ਸੀ, ਤੇ ਮੇਰੀ ਬਿਰਤੀ ਬਿਲਕੁਲ ਉਖੜ ਚੁਕੀ ਸੀ ਤੇ ਮੇਰਾ ਮਨ ਮੈਨੂੰ ਕੋਸ ਰਿਹਾ ਸੀ ਕਿ ਮੈਂ ਜਾਣ ਬੁੱਝ ਕੇ ਇਹ ਬਿਪਤਾ ਕਿਉਂ ਸਹੇੜ ਲਈ ਹੈ ! ਖ਼ੈਰ, ਜਦ ਬਾਵਲੀ ਤੋਂ ਬਾਹਿਰ ਨਿਕਲੇ ਤਾਂ ਇਸ਼ਤਿਹਾਰੀ ਹੁਲੀਏ ਦੇ ਮੁਤਾਬਕ ਮੇਰੇ ਸਾਥੀ ਗੁਪਾਲ ਸਿੰਘ (ਆਦਮੀ) ਤੇ (ਮੁੰਡਾ) ਅਤਰ ਸਿੰਘ ਬਿਲਕੁਲ ਹੀ ਹੋਰ ਬੰਦੇ ਨਿਕਲੇ. ਪੁਲਸ ਵਾਲੇ ਸਿੱਖ ਸਨ ਤੇ ਉਹਨਾਂ ਨੇ ਬੜੀਆਂ ਮਾਫ਼ੀਆਂ ਮੰਗੀਆਂ, ਪਰ ਹੁਣ ਕੀ ਹੋ ਸਕਦਾ ਸੀ. ਕਿਸੇ ਨੇਮੀ ਦੇ ਕੁਲ ਦਸ ਪਾਠ ਬਾਕੀ ਰਹਿ ਗਏ ਸਨ, ਕਿਸੇ ਦੇ ਪੰਜ, ਤੇ ਕਿਸੇ ਦਾ ਕੇਵਲ ਇੱਕ. ਮੈਂ ਸਾਰੀ ਉਮਰ ਇਸ ਕਲੇਸ਼ ਜਨਕ, ਵਿਘਨ ਕਾਰੀ, ਦੁਰਘਟਨਾ ਲਈ ਹੈਰਾਨ ਤੇ ਪਸ਼ੇਮਾਨ ਹੁੰਦਾ ਰਿਹਾ ! ਕਿਉਂ ਜੋ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਤੱਤ ਵੇਤਾ ਮਹਾਂ ਪੁਰਸ਼ਾਂ ਨੇ ਆਮ ਜੀਵਾਂ ਦੇ ਵਿਸ਼ਵਾਸ ਤੇ ਸ਼ੱਧਾ ਨੂੰ ਨਿਰੰਤਰ ਸਜੀਵ ਰੱਖਣ ਲਈ ਇਸ ਪ੍ਰਕਾਰ ਦੇ ਭਿੰਨ ੨ ਅਸਥੂਲ ਸਾਧਨ ਨਿਯਤ ਕੀਤੇ ਹੋਏ ਹਨ, ਅਰ ਏਹਨਾਂ ਦਾ *ਲਾਭ ਕੋਈ ਲੁਕਿਆ ਛੁਪਿਆ ਹੋਇਆ ਨਹੀਂ; ਅੱਸੀਂ

---

* ਇਸ ਦਾਵੇ ਦਾ ਸਾਬਤ ਕਰਨਾ ਮਾਦੀ ਮਨਤਿਕ (Material Logic) ਦੁਆਰਾ ਸੰਭਵ ਨਹੀਂ, ਕਿਉਂ ਜੋ ਇਹ ਵਿਸ਼ਾ ਅਨੁਭਵੀ ਮਨਤਿਕ (Intuitional Logic) ਦਾ ਹੈ. ਮਾਦੀ ਮਨਤਿਕ ਦੀ ਨੀਂਹ ਇੰਦ੍ਰੇ ਜਨਿਤ ਬੋਧ (Sensory Perceptions) ਤੇ ਕਾਇਮ ਹੈ ਤੇ ਇਸ ਦਾ ਆਧਾਰ ਵਿਚਾਰ (Thought) ਦੇ ਏਹਨਾਂ ਤਿੰਨ ਨਿਯਮਾਂ (Laws) ਪਰ ਮੰਨਿਆ ਗਿਆ ਹੈ:--

1. The Law of Identity, which relates that "Whatever is, is"
2. The Law of Contradiction, viz., "a thing cannot both be and not be."
3. The Law of Excluded Middle, which says that "a thing either is or is not."

ਪਰ, ਅਨੁਭਵੀ ਮਨਤਿਕ ਦਾ ਆਧਾਰ ਆਤਮ ਬੋਧ (Extra Sensory Perceptions) ਪਰ ਹੈ, ਤੇ ਇਹ ਵਿਚਾਰ ਦੇ ਉਪ੍ਰੋਕਤ ਤਿੰਨਾਂ ਹੀ ਨਿਯਮਾਂ ਤੋਂ ਆਜ਼ਾਦ ਹੈ ਕਿਉਂ ਜੋ ਅਨੁਭਵੀ ਮਨਤਿਕ ਮੰਨਦਾ ਹੈ ਕਿ :

1. Whatever is, is, and is not.
2. A thing can both be and not be.
3. A thing neither is nor is not.

Sri Satguru Jagjit Singh Ji eLibrary NamdhariElibrary@gmail.com

ਇਸ ਨੂੰ ਸਾਧਾਰਣ ਧਾਰਮਿਕ ਮਨੁੱਖਾਂ ਦੇ ਜੀਵਨ ਵਿੱਚ ਪ੍ਰਤੀ ਦਿਨ ਵੇਖਦੇ ਹਾਂ. ਰੂਹਾਨੀ ਮੰਡਲ ਦੇ ਸਭ ਤੋਂ ਪਹਿਲੇ ਖੰਡ ਵਿੱਚ, ਜਿਸ ਦਾ ਨਾਮ ਵਿਸ਼੍ਵਾਸ ਖੰਡ ਹੈ, ਪ੍ਰਵੇਸ਼ ਕਰਨ ਲਈ ਨਿਰਮਲ ਭੈ ਦੀ ਲੋੜ ਹੈ, ਅਰ ਨਿਰਮਲ ਭੈ ਦੀ ਉਤਪਤੀ ਮਗਰੋਂ ਸ੍ਵਭਾਵਿਕ ਹੀ ਵੈਰਾਗ ਦੀ ਉਤਪਤੀ ਹੋ ਜਾਂਦੀ ਹੈ.

ਸਫ਼ੇ ੫੪ ਦੀ ਬਾਕੀ

ਮਾਦੀ ਮਨਤਿਕ ਦੀ ਬੁਨਿਆਦ ਇਲਮ (Knowledge)ਤੇ ਅਕਲ (Intelligence) ਪਰ ਹੈ, ਜਿੰਨਾਂ ਵੀ ਇਲਮ ਜ਼ਿਆਦਾ ਤੇ ਸਹੀ, ਅਰ ਜਿੰਨੀਂ ਵੀ ਅਕਲ ਤੀਖ਼੍ਣ (Sharp), ਸੂਖਮ (Subtle), ਤੇ ਸਚੇਸ਼ਟ (Dynamic) ਹੋਵੇਗੀ, ਉੰਨੀਆਂ ਹੀ ਇਸ (ਮਾਦੀ ਮਨਤਿਕ) ਦੀਆਂ ਦਲੀਲਾਂ ਵਜ਼ਨਦਾਰ ਤੇ ਨਤੀਜੇ ਸਹੀ ਹੋਨਗੇ. ਪਰ ਅਨੁਭਵੀ ਮਨਤਿਕ ਦਾ ਬਲ ਇਲਮ ਹੁੰਦਿਆਂ ਹੋਇਆਂ ਲਾ-ਇਲਮ ਹੋਣ ਪਰ, ਅਰ, ਅਕਲ ਦੀ ਤੇਜ਼ੀ, ਲਤਾਫ਼ਤ ਤੇ ਫੁਰਤੀ ਤੋਂ ਰੁਖ਼ਸਤ ਲੈਣ ਪਰ ਨਮੂਦਾਰ ਹੁੰਦਾ ਹੈ. ਇਸ ਦੀ ਨੀਂਹ ਵਿਸ਼੍ਵਾਸ (ਯਕੀਨ, Belief) ਦੀ ਦ੍ਰਿੜ੍ਹਤਾ (ਮਜ਼ਬੂਤੀ, ਅਡੋਲਤਾ) ਤੇ ਸ਼ਰਧਾ (ਸਿਦਕ, Faith) ਦੀ ਸ਼ੁੱਧੀ (ਨਿਰਮਲਤਾ, ਪਾਕੀਜ਼ਗੀ, ਸਦਾਕਤ) ਪਰ ਕਾਇਮ ਹੈ, ਤੇ ਜਿਸ ਨਿਸਬਤ (Ratio) ਵਿੱਚ ਏਹਨਾਂ ਦੋਹਾਂ ਦੀ ਮਜ਼ਬੂਤੀ ਤੇ ਪਾਕੀਜ਼ਗੀ ਹੋਵੇਗੀ, ਉਸੇ ਨਿਸਬਤ ਵਿੱਚ ਮਨ ਦੀ ਅਭਿਲਾਸ਼ਿਤ ਆਸ਼ਾ, ਭਾਵੇਂ ਉਹ ਦ੍ਰਿਸ਼ਜ ਪਦਾਰਥ ਦੀ ਹੋਵੇ, ਭਾਵੇਂ ਅਦ੍ਰਿਸ਼ਜ ਦੀ, ਸਹਜੇ ਹੀ ਪੂਰਨ ਹੋਵੇਗੀ.

"Certainty derived from science is very different from that derived from faith. The latter is more profound. It cannot be shaken by arguments. It resembles the certainty given by clairvoyance. But, strange to say, it is not completely foreign to science Obviously, great discoveries are not the product of intelligence alone. Men of genius, in addition to their powers of observation and comprehension, possess other qualities, such as intuition and creative imagination. Through intuition they learn things ignored by other men, they perceive relations between seemingly isolated phenomena, they unconsciously feel the presence of the unknown treasure. All great men are endowed with intuition. They know, without analysis, without reasoning, what is important for them to know ..... This phenomenon, in former times, was called inspiration." Man, The Unknown, by Alexis Carrel, pp. 119-120. (Pelican Books : A 181) ਵੇਦ (ਰਿਗ. ੧੦. ੧੫੧. ੧-੫.), ਪੁਰਾਨ, ਸ਼੍ਰੀ ਗੁਰੂ ਗ੍ਰੰਥ ਸਾਹਿਬ, ਅੰਜੀਲ, ਕੁਰਾਨ ਆਦਿ ਸਭ ਸ੍ਰੇਸ਼ਠ ਪੁਸਤਕਾਂ ਨੇ ਸ਼ਰਧਾ ਤੇ ਵਿਸ਼੍ਵਾਸ ਦੀ ਮਹਿਮਾ ਗਾਈ ਹੈ. ਵਰਤਮਾਨ ਕਾਲ ਵਿੱਚ ਜਿਨ੍ਹਾਂ ਪੁਸਤਕਾਂ ਨੇ ਏਹਨਾਂ ਦੀ ਮਹਤਤਾ ਦਰਸਾਈ ਹੈ ਉਹਨਾਂ ਦਾ ਕੋਈ ਅੰਤ ਨਹੀਂ ਵਿਸ਼ੇਸ਼ ਕਰਕੇ ਵੇਖੋ, The Varieties of Religious Experience, by William James (Longmans, Green & Co.)

Sri Satguru Jagjit Singh Ji eLibrary NamdhariElibrary@gmail.com

ਬਸ, ਸਾਂਸਾਰਿਕ ਪਦਾਰਥਾਂ ਤੋਂ ਵੈਰਾਗ ਹੋਣ ਦਾ ਨਾਮ ਹੀ ਪ੍ਰੇਮਾ ਭਗਤੀ ਦਾ ਅਰੰਭ ਹੈ. ਇਸ ਦੇ ਮਗਰੋਂ ਜਿਗਿਆਸੂ (ਅਥਵਾ ਸਾਧਕ) ਦੇ ਮਨ ਵਿੱਚ ਨਿਰਮਲ ਸ਼੍ਰੱਧਾ ਦਾ ਪ੍ਰਕਾਸ਼ ਉਦੇ ਹੁੰਦਾ ਹੈ, ਇਹ ਰੂਹਾਨੀ ਮੰਡਲ ਦਾ ਦੂਜਾ ਖੰਡ ਹੈ. ਇਸ ਤੋਂ ਬਾਦ ਧਰਮ ਖੰਡ, ਗਿਆਨ ਖੰਡ ਆਦਿਕ ਪੰਜ ਮਹਾਨ ਖੰਡ ਅਰੰਭ ਹੁੰਦੇ ਹਨ ਜਿਨ੍ਹਾਂ ਦਾ ਵਰਣਨ ਸ੍ਰੀ ਜਪੁ ਜੀ ਵਿੱਚ ਔਂਦਾ ਹੈ.

ਮੈਂ ਤੀਜੇ ਹੀ ਦਿਨ ਸ੍ਰੀ ਗੋਇੰਦਵਾਲ ਸਾਹਿਬ ਤੋਂ ਵਾਪਿਸ ਖ਼ਾਲਸਾ ਕਾਲਿਜ ਪਹੁੰਚ ਗਿਆ; ਅੱਗੇ ਤੇਜਾ ਸਿੰਘ ਜੀ ਤੇ ਉਹਨਾਂ ਦੀ ਪਾਰਟੀ ਮੈਨੂੰ ਉਡੀਕ ਰਹੇ ਸਨ. ਮੈਂ ਛੇਤੀ ਹੀ ਭਾਈ ਸੁੱਚਾ ਸਿੰਘ ਜੀ ਕੋਹਲੀ, ਕੈਮਿਸਟ, ਐਂਡ ਡ੍ਰੱਗਿਸਟ ਦੇ ਘਰ ਪਹੁੰਚਿਆ. ਕਿਉਂ ਜੋ ਇਤਨੇ ਲੰਮੇਂ, ਔਕੜਾਂ ਤੇ ਖ਼ਤਰਿਆਂ ਨਾਲ ਭਰੇ ਹੋਏ ਸਫ਼ਰ ਤੇ ਜਾਣ ਲਗਿਆਂ ਮੈਂ ਏਹਨਾਂ ਦੀਆਂ ਅਸੀਸਾਂ ਤੇ ਪਿਆਰ ਦੀਆਂ ਥਾਪੀਆਂ ਲੈਣ ਵਿੱਚ ਵਿਸ਼ੇਸ਼ ਫ਼ਖ਼ਰ ਸਮਝਦਾ ਸਾਂ ਤੇ ਏਹਨਾਂ ਦੀਆਂ ਪੁਰ ਤਾਸੀਰ ਨਸੀਹਤਾਂ ਨੂੰ ਆਪਣੇ ਭਵਿਸ਼ਯਤ ਦੀ ਸ਼ਾਨਤੀ ਲਈ ਇੱਕ ਅਖੁੱਟ ਤੇ ਕੀਮਤੀ ਤੋਸ਼ਾ ਸਮਝਦਾ ਸਾਂ. ਇਹ ਮੇਰੇ ਪੈਤ੍ਰਿਕ ਪਿੰਡ ਤੋਂ ਪੰਜ ਕੋਹ ਦੇ ਪੈਂਡੇ ਪਰ, ਮੌਜ਼ਾ ਗਾਹਾ (ਤਹਸੀਲ ਚਕਵਾਲ, ਜ਼ਿਲ੍ਹਾ ਜੇਹਲਮ) ਦੇ ਵਾਸੀ ਸਨ. ਰਾਵਲ ਪਿੰਡੀ ਕੁੱਝ ਚਿਰ ਮੇਰੇ ਬਚਪਨ ਦੇ ਜ਼ਮਾਨੇ ਵਿੱਚ, ਸਾਡੇ ਘਰ ਨਿਵਾਸ ਕਰ ਚੁਕੇ ਸਨ ਤੇ ਮੇਰੇ ਵਿਸ਼ੇਸ਼ ਸਨੇਹੀ ਸਨ. ਅੰਮ੍ਰਿਤਸਰ ਵਿੱਚ ਦੋ ਵੱਰ੍ਹੇ ਜੋ ਸੁਹਿਰਦਤਾ, ਮੋਹ, ਮਹੱਬਤ ਤੇ ਆਦਰ †ਇਹ ਮੇਰੇ ਪਰ ਨਿਛਾਵਰ ਕਰਦੇ ਰਹੇ ਹਨ ਉਸ ਦਾ ਰਿਣ ਮੈਂ ਆਯੂ ਭਰ ਏਹਨਾਂ ਨੂੰ ਅਦਾ ਨਹੀਂ ਕਰ ਸਕਿਆ. ਮੇਰੇ ਵਤਨੀ ਨਜ਼ਦੀਕੀਆਂ ਵਿੱਚੋਂ ਏਹਨਾਂ ਤੋਂ ਵਧੀਕ ਮੇਰਾ ਹੋਰ ਕੋਈ ਵੀ ਹਮਦਰਦ ਨ ਸੀ. ਏਹਨਾਂ ਦੀ ਆਸ਼ੀਰਵਾਦ

† ਆਪ ਹੁਣੇ ੧੫ ਅਪ੍ਰੈਲ ਸਨ ੧੯੬੨ ਨੂੰ ੮੪ ਵੱਰ੍ਹੇ ਦੇਸ਼-ਕਾਲ ਦੇ ਰਸ ਭੋਗਦੇ ਹੋਏ ਸਾਡੇ ਨੇਤ੍ਰਾਂ ਤੋਂ ਲੋਪ ਹੋਏ ਹਨ. ਮੈਂ ਜੋ ਬ੍ਰਿਹਤ ਵਿਛੋੜਾ ਪਤ੍ਰ ਏਹਨਾਂ ਦੇ ਸਮਾਰਕ ਸਮਾਗਮ ਪਰ ੨੭-੪-੬੨ ਨੂੰ ਪੜ੍ਹ ਕੇ ਸੁਣਾਇਆ ਤੇ ਛਪਵਾ ਕੇ ਵੰਡਿਆ, ਉਸਦੇ ਕੁੱਝਕ ਛੰਦ ਇਹ ਹਨ:--

ਕੀਕਣ ਕਰਾਂ ਬਿਆਨ ਵਖਿਆਨ ਰਾਹੀਂ,
ਆ ਨਹੀਂ ਸਕਦਾ ਜੋ ਗੁਫ਼ਤਾਰ ਦੇ ਵਿੱਚ।
ਹਰਖ ਸ਼ੋਕ ਦੋਵੇਂ ਵਿਸ਼ੇ ਅਨੁਭਵੀ ਹਨ,
ਰਹਿੰਦੇ ਅਬਦ ਤੋਂ ਹੀ ਮਾਨਸ ਧਾਰ ਦੇ ਵਿੱਚ।
ਜੰਮਣ ਮਰਨ ਦਾ ਸਿਲਸਲਾ ਚਲਾ ਆਇਆ,
ਆਦਿ ਕਾਲ ਤੋਂ ਮਿਰਤ ਸੰਸਾਰ ਦੇ ਵਿੱਚ।
ਵਾਪਸ ਗਏ ਜ਼ਰੂਰ ਹੀ ਸੈਰ ਕਰਕੇ,
ਜੋ ਵੀ ਆਏ ਨੇਂ ਇਸ ਗੁਲਜ਼ਾਰ ਦੇ ਵਿੱਚ ॥੧॥

ਸ਼ਾਕੀ ਸਫ਼ਾ ੫੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਧਰਮਾਨੰਤ ਸਿੰਘ—ਸਿਤੰਬਰ ੧੯੦੬
(ਲੰਡਨ ਪਹੁੰਚਣ ਵੇਲੇ)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਮੇਰੇ ਖੇਮ ਕੁਸ਼ਲ ਲਈ ਆਮ, ਜ਼ਾਹਿਰਾ, ਜ਼ਬਾਨੀ, ਰਸਮੀ ਆਸ਼ੀਰਵਾਦ ਨ ਸੀ ਬਲਕਿ ਦਿਲੀ ਦੁਆ ਤੇ ਪੁਰ ਜੋਸ਼ ਆਰਜ਼ੂ ਸੀ ਕਿ ਮੈਂ ਕਿਸੇ ਆਦਰਸ਼ਕ ਬਲੰਦੀ ਪਰ ਪਹੁੰਚਾਂ ਤੇ ਜਨਮ ਸਫਲ ਕਰਾਂ. ਏਹਨਾਂ ਤੋਂ ਵਿਦਾ ਹੋ ਕੇ ਤੇਜਾ ਸਿੰਘ ਜੀ, ਉਹਨਾਂ ਦੀ ਪਤਨੀ ਤੇ ਦੋ ਬੱਚੇ, ਅਮਰ ਸਿੰਘ ਜੀ ਤਰਨ ਤਾਰਨਵੀ, ਹਰੀ ਸਿੰਘ ਜੀ ਗੁਜਰਾਂਵਾਲਾ ਨਿਵਾਸੀ ਤੇ ਮੈਂ, ਇਕੱਠੇ, ਇੱਕੋ ਦਿਨ ਬੜੇ

ਸਫ਼ੇ ੫੬ ਦੀ ਬਾਕੀ

ਆਏ ਤਿੰਨ ਪਰਕਾਰ ਦੇ ਜੀਵ ਇੱਥੇ,
ਖਰਚਣ, ਪੱਟਣ ਤੇ ਨਿਰੇ ਕੁਵਾਣ ਵਾਲੇ।
ਜਾਗਣ, ਸੌਣ, ਤੇ ਸੌਂ ਕੇ ਉੱਠਣ ਵਾਲੇ,
ਨਾਲ ਹੋਰਨਾਂ ਨੂੰ ਵੀ ਉਠਾਣ ਵਾਲੇ।
ਵਸਤੂ ਪੱਖ ਕੇ ਵਿੱਤ ਦੀ ਚਿੱਤ ਅੰਦਰ,
ਬਿਰਤੀ ਨਹੀਂ ਜੋ ਜ਼ਰਾ ਭੁਲਾਣ ਵਾਲੇ।
ਧੰਨ ਵੰਸ਼, ਪਰਵਾਰ ਤੇ ਭੂਮ, ਮਾਪੇ,
ਐਸੇ ਪੁਤ ਸਪੁਤ ਜਮਾਣ ਵਾਲੇ ॥੨॥
ਸੁੱਚਾ ਸਿਘ, ਸਿਰਦਾਰ, ਤੇ ਭਾਈ, ਬਾਬੂ,
ਭਾਈਆ, ਡਾਕਟਰ ਸਾਹਬ, ਸਦਾਣ ਵਾਲੇ।
ਬਾਲ, ਯੁਵਕ, ਤੇ ਤਰੁਣ ਤੋਂ, ਬਿੱਧਤਾ ਤਕ,
ਕਾਬੂ ਆਪਣੇ ਆਪ ਤੇ ਪਾਣ ਵਾਲੇ।
ਅੰਮਿਤ ਪਾਨ ਦੇ ਆਦਿ ਤੋਂ, ਅੰਤ ਤੀਕਰ,
ਭਾਣੇ ਵਿੱਚ ਹੀ ਉਮਰ ਬਿਤਾਣ ਵਾਲੇ।
ਕਦੇ ਭੁੱਲ ਕੇ ਇੱਕ ਵੀ ਵੇਰ ਕਿਧਰੇ,
ਕੂੜ ਕਪਟ ਦੇ ਰਾਹ ਨ ਜਾਣ ਵਾਲੇ ॥੩॥
ਇਵੇਂ ਲੱਗਦਾ ਏ ਮੈਨੂੰ ਜੁੱਗ ਬੀਤੇ,
ਰਾਵਲ ਪਿੰਡੀ ਦੇ ਵਿੱਚ ਪੜ੍ਹਾਣ ਵਾਲੇ।
ਸਾਡੇ ਨਾਲ ਪਰਵਾਰ ਦੇ ਵਿੱਚ ਰਹਿੰਦੇ,
ਉੱਤਮ ਸਾਖੀਆਂ ਸਦਾ ਸੁਣਾਣ ਵਾਲੇ।
ਜੇ ਕੋਈ ਕਰਾਂ ਕਰਤੂਤ ਅਯੋਗ ਮੰਦੀ,
ਚੰਡਾਂ ਮਾਰ ਕੇ ਗੱਲ੍ਹਾਂ ਸੁਜਾਣ ਵਾਲੇ।
ਕਾਲਜ ਖ਼ਾਲਸਾ ਤੋਂ ਮੈਨੂੰ ਸੁਧਾ ਨਗਰੋਂ,
ਲੰਡਨ ਦੇਸ ਵਲੈਤ ਭਿਜਵਾਣ ਵਾਲੇ ॥੧੨॥

ਬਾਕੀ ਸਫ਼ਾ ੫੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਉੱਦਮ ਤੇ ਉਤਸ਼ਾਹ ਨਾਲ, ਸ਼੍ਰੀ ਦਰਬਾਰ ਸਾਹਿਬ, ਸਤਿਗੁਰਾਂ ਦੀ ਹਾਜ਼ਰੀ ਭਰ ਕੇ ਤੇ ਅਨੇਕਾਂ ਗੁਪਤ (ਬਾਬਾ ਸਾਹਿਬ ਸਿੰਘ ਜੀ ਫੌੜੀ ਵਾਲਿਆਂ ਵਰਗੇ) ਸੰਤਾਂ, ਮਹੰਤਾਂ ਤੇ ਗੁਣੀਆਂ ਗਿਆਨੀਆਂ ਤੋਂ ਅਰਦਾਸੇ ਸੁਧਵਾ ਕੇ, ਲੰਡਨ ਜਾਣ ਲਈ ਤਿਆਰ ਹੋ ਗਏ. ਲੰਡਨ ਜਾਣਾ ਓਦੋਂ ਵਰਤਮਾਨ ਸਮੇਂ ਦੇ ਰੂਸੀ ਸਪੂਟਨਿਕ ਵਿੱਚ ਅੰਤਰਿਕਸ਼ ਦੀ ਯਾਤ੍ਰਾ ਤੋਂ ਘਟ ਅਜੀਬ ਨ ਸੀ ਤੇ ਵਾਪਸੀ ਪਰ ਰਿਸ਼ਤੇ ਦਾਰ ਤੇ ਮਿਤ੍ਰ ਜੋ ਪੁਸ਼ਪਾਂ, ਆਤਿਸ਼ਬਾਜ਼ੀਆਂ, ਵਾਜਿਆਂ ਤੇ ਭਾਰੀ ਹਜੂਮਾਂ ਦੁਆਰਾ ਸ਼ਾਨਦਾਰ ਸ੍ਵਾਗਤ ਕਰਦੇ ਸਨ ਉਹ ਵੀ ਕਾਮਯਾਬ ਅੰਤਰਿਕਸ਼ੀ ਯਾਤ੍ਰੀ ਦੀ ਸ੍ਵਾਗਤ ਤੋਂ ਘਟ ਨ ਹੁੰਦੀ ਸੀ. ਬਸ, ਸ਼੍ਰੀ ਦਰਬਾਰ ਸਾਹਿਬ ਨੂੰ ਅੰਤਿਮ ਮੱਥਾ ਟੇਕ ਕੇ ਤੇ ਖ਼ਾਲਸਾ ਕਾਲਿਜ ਨੂੰ ਫ਼ਤਹ ਸ਼੍ਰੀ ਵਾਹਿਗੁਰੂ ਜੀ ਕੀ ਗਜਾ ਕੇ ਅੱਸੀਂ ਸਭ ਸ਼੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਪਰ ਜਾ ਪਹੁੰਚੇ. ਦਰਬਾਰ ਸਾਹਿਬ ਅੱਜ ਵੀ ਉਸੇ ਤਰ੍ਹਾਂ ਮੌਜੂਦ ਹੈ ਤੇ ਅੱਜ ਵੀ ਉਸੇ ਸੱਚੇ ਸਾਹਿਬ ਦਾ ਦਰਬਾਰ ਹੈ ਜੋ ਦੇਸ਼-ਕਾਲ-ਕਾਰਣ ਤੋਂ ਰਹਿਤ ਹੈ : ਅੱਜ ਵੀ ਅਖੰਡ ਹਰਿਕੀਰਤਨ ਹੈ, ਉਸੇ ਜਾਗਦੀ ਜੋਤਿ ਦਾ ਨਿਸਬਾਸਰ ਸਿਮ੍ਰਨ ਹੈ ! ਖ਼ਾਲਸਾ ਕਾਲਜ ਵੀ ਚੜ੍ਹਦੀ ਕਲਾ ਤੇ ਹੈ, ਜਿਸ ਦਾ ਜੱਸ ਮੈਂ ਉੱਪਰ ਗਾ ਚੁਕਾ ਹਾਂ, ਤੇ ਜਿਸ ਦੀ ਆਰਤੀ ਮਾਸਟਰ ਇੰਦਰ ਸਿੰਘ ਜੀ ਗੁਜਰਾਂ ਵਾਲੀਏ, ਨੇ (੧੯੦੧ ਵਿੱਚ) ਆਪਣੀ ਉਰਦੂ ਨਜ਼ਮ 'ਤੋਹਫ਼ਾ-ਇ-ਨਾਦਰ' ਵਿੱਚ ਉਤਾਰੀ ਸੀ, ਉਸ ਦੀ ਸ਼ਾਨ, ਉਸ ਦੇ ਸੁੰਦਰ, ਮਨਹਰਨ, ਕਲੇਵਰ ਵਿੱਚ, ਹੁਣ ਅੱਗੇ ਤੋਂ ਵੀ ਕਿਤੇ ਅਜ਼ੀਮ ਹੈ. ਉਹ ਬੜੀ ਤੇਜ਼ ਰਫ਼ਤਾਰੀ ਤੇ ਵਫ਼ਾਦਾਰੀ ਨਾਲ ਹੋਰ ਕਾਲਜਾਂ ਵਾਂਗ ਪ੍ਰਕ੍ਰਿਤੀ ਮਾਤਾ ਦੇ ਮਗਰ ਮਗਰ ਤੁਰਿਆ ਜਾ ਰਿਹਾ ਹੈ, ਪਰ ਸਾਡੇ ਸਿਦਕ ਦੇ ਹਕੀਕੀ ਕਾਲਜ ਦੇ ਕਾਲਜੇ ਵਿੱਚੋਂ ਮਿਹਰ ਮਹੱਬਤ ਦੀ ਪੂੰਜੀ ਕੁੱਝ ਖ਼ਤਮ ਹੁੰਦੀ ਨਜ਼ਰ ਔਂਦੀ ਹੈ. ਉਸ ਵਿੱਚ ਹੁਣ ਨ ਉਹ ਮਨ ਹੈ, ਨ ਬੁੱਧੀ ਨ

ਸਫ਼ੇ ੫੭ ਦੀ ਬਾਕੀ

ਦੀਰਘ ਕਾਲ ਤੋਂ ਸਿੰਮ੍ਰਿਤੀ ਭਵਨ ਅੰਦਰ,
ਜੋ ਜੋ ਵਲਵਲੇ ਆਏ ਪਿਆਰ ਦੇ ਵਿੱਚ।
ਇਹ ਹੈ ਉਹਨਾਂ ਦੀ ਤੁੱਛ ਤਸਵੀਰ ਖਿੱਚੀ,
ਧਰਮਾਨੰਤ ਨੇ ਅੱਜ ਸਤਕਾਰ ਦੇ ਵਿੱਚ।
ਆਖਣ ਕਹਿਣ ਕਹਾਣ ਤੇ ਪ੍ਰੇਰਨਾ ਦੇ,
ਰੰਗ ਨਹੀਂ ਹਨ ਇਸ ਪ੍ਰਸਤਾਰ ਦੇ ਵਿੱਚ।
ਭੋਲੀ ਪ੍ਰੀਤ ਦੀ ਰੀਤ ਦੀ ਸਾਦਗੀ ਦਾ,
ਮੁੱਲ ਪਵੇਗਾ ਪ੍ਰੀਤ ਦਰਬਾਰ ਦੇ ਵਿੱਚ ॥੧੫॥

Sri Satguru Jagjit Singh Ji eLibrary NamdhariElibrary@gmail.com

ਚਿੱਤ, ਕੇਵਲ ਹੰਕਾਰ ਹੀ ਹੰਕਾਰ ਬਾਕੀ ਹੈ: ਨ ਸੇਵਾ ਹੈ, ਨ ਸਾਧਨ, ਨ ਸੰਜਮ, ਨ ਸੱਤ; ਨ ਧਾਰਣਾ, ਨ ਧਿਆਨ, ਨ ਧ੍ਰਿਤੀ ਨ ਸਿਮ੍ਰਨ. ਤੁੱਸੀ ਕਹੋਗੇ, ਜੀ, ਬੀਜ ਤਾਂ ਕਿਸੇ ਚੀਜ਼ ਦਾ ਵੀ ਨਾਸ ਨਹੀਂ ਹੁੰਦਾ. ਮੈਂ ਕਹਿੰਦਾ ਹਾਂ, ਇਹ ਗਲ ਗ਼ਲਤ ਹੈ ! ਇਹ ਮਹਾਂ ਮੂੜ੍ਹਾਂ ਦਾ ਕਥਨ ਹੈ, ਕੋਈ ਵੇਦ ਵਾਕ ਨਹੀਂ ! ਬੀਜ ਅਣਗਿਣਤ ਵਸਤਾਂ ਦੇ ਨਾਸ ਹੋ ਗਏ ਹਨ. ਪਰਮ ਪ੍ਰਾਚੀਨ ਸਮੇਂ ਦੇ ਅਨੇਕਾਂ ਹੀ ਜਾਨਵਰ ਤੇ ਪੌਦੇ ਸਦਾ ਲਈ ਇਸ ਧਰਤੀ ਤੋਂ ਲੋਪ ਹੋ ਚੁਕੇ ਹਨ, ਜੋ ਹੁਣ ਕਦੇ ਵੀ ਫਿਰ ਪ੍ਰਗਟ ਨਹੀਂ ਹੋ ਸਕਦੇ. ਝੂਠੇ ਖ਼ਿਆਲਾਂ ਤੇ ਸਿੱਧਾਂਤਾਂ ਦੇ ਬੀਜਾਂ ਦਾ ਵੀ ਨੂਤਨ ਵਿਗਿਆਨ ਦੇ ਪ੍ਰਕਾਸ਼ ਵਿੱਚ ਪ੍ਰਧ੍ਵੰਸ ਹੋ ਰਿਹਾ ਹੈ. ਫਿਰ ਵੀ ਮੈਂ ਤਾਂ ਇਹ ਕਿਹਾ ਹੈ ਕਿ ਸਾਡੇ ਕਾਲਜ ਦੇ ਅੰਤਹ ਕਰਣ ਦਾ ਹੰਕਾਰ ਅਜੇ ਬਰ ਕਰਾਰ ਹੈ, ਤੇ ਹੰਕਾਰ ਭਾਵੇਂ ਸਾਰੇ ਹੀ ਔਗੁਣਾਂ ਦਾ ਮੰਬਾ ਹੈ ਤਾਂ ਵੀ ਸਾਰੇ ਗੁਣਾਂ ਦਾ ਮੰਬਾ ਵੀ ਏਹੋ ਹੈ. ਹਾਂ ਜੀ, ਮਨ, ਬੁੱਧੀ ਤੇ ਚਿੱਤ ਦੀ ਸ਼ੁੱਧੀ ਤੋਂ ਬਿਨਾ ਇਹ ਦੀਰਘ ਰੋਗ ਹੈ; ਤੇ ਸ਼ੁੱਧ ਮਨ, ਸ਼ੁੱਧ ਬੁੱਧੀ ਤੇ ਸ਼ੁੱਧ ਚਿੱਤ ਦੇ ਹੁੰਦਿਆਂ ਇਹ ਦੀਰਘ ਰੋਗ ਦਾ ਦਾਰੂ ਹੈ. ਖ਼ਾਲਸਾ ਕਾਲਜ ਵਿੱਚ (ਹੁਣ ਗੁਰਪੁਰਵਾਸੀ) ਸ੍ਰਦਾਰ ਕ੍ਰਿਪਾਲ ਸਿੰਘ ਜੀ ਮਜੀਠੀਏ; ਸ੍ਰਦਾਰ (ਹੁਣ ਸ੍ਰਦਾਰ ਬਹਾਦਰ) ਗੁਰਬਚਨ ਸਿੰਘ ਜੀ ਅਲਾਵਲ ਪੁਰੀਏ; ਸ੍ਰਦਾਰ (ਹੁਣ ਸ੍ਰ. ਬ. ਸਰ) ਸੋਭਾ ਸਿੰਘ ਜੀ ਸ਼ਾਹਪੁਰੀਏ, ਨਵੀਂ ਦਿੱਲੀ ਵਾਲੇ; ਤੇ ਸ੍ਰਦਾਰ (ਹੁਣ ਗੁਰਪੁਰਵਾਸੀ, ਸ੍ਰਦਾਰ ਬਹਾਦਰ) ਸੁੰਦਰ ਸਿੰਘ ਜੀ ਧੂਪੀਏ, ਨਵੀਂ ਦਿੱਲੀ ਵਾਲੇ; ਚਾਰੇ, ਆਪਣੇ ਜੀਵਨ ਦੀ ਸ਼ਿਖਰ ਦੁਪ-ਹਿਰ ਵਿੱਚ, ਇੱਕ ਦੂਜੇ ਤੋਂ ਵੱਧ ਆਲੀ ਦਮਾਗ਼, ਇੱਕ ਦੂਜੇ ਤੋਂ ਵੱਧ ਆਲੀ ਰੁਤਬਾ, ਇੱਕ ਦੂਜੇ ਤੋਂ ਵੱਧ ਸਮਾਜ (Society) ਦੇ ਰੁਕਨ ਤੇ ਇੱਕ ਦੂਜੇ ਤੋਂ ਵੱਧ ਫ਼ਰਿ-ਸ਼ਤਾ ਸੀਰਤ, ਮੁੱਝ ਨਾ ਚੀਜ਼ ਦੇ ਜਮਾਤੀ ਸਨ. ਇਹ ਔਕੜਾਂ ਵਿੱਚ ਲੋੜ ਦੇ ਵੇਲੇ ਮੇਰੇ ਨਿਰੰਤਰ ਸਹਾਈ ਹੁੰਦੇ ਰਹੇ ਹਨ, ਤੇ ਮੈਂ ਸਦਾ ਹੀ ਏਹਨਾਂ ਨੂੰ ਆਪਣੀਆਂ ਅਸੀਸਾਂ ਦਾ ਪਾਤ੍ਰ ਬਣਾਈ ਰਖਿਆ ਹੈ. ਉੱਜਲ ਸਿੰਘ ਜੀ (ਸ੍ਰਦਾਰ ਬਹਾਦਰ) ਸ੍ਵਭਾਵਿਕ ਹੀ ਸ਼ੀਲਵੰਤ ਹੁੰਦੇ ਹੋਏ, ਭਾਵੇਂ ਉੱਥੇ ਕਿਸੇ ਹੋਰ ਜਮਾਤ ਵਿੱਚ ਪੜ੍ਹਦੇ ਸਨ, ਮੇਰੇ ਪਰ ਲਗਾਤਾਰ ਦਯਾ ਦ੍ਰਿਸ਼ਟੀ ਰਖਦੇ ਆਏ ਹਨ.

(੨੪) ਸਟੇਸ਼ਨ ਅੰਮ੍ਰਿਤਸਰ ਤੋਂ, ੮ ਅਗਸਤ ਸਨ ੧੯੦੬ ਨੂੰ, ਪਹਿਲਾਂ ਅੱਸਾਂ ਅੰਬਾਲੇ ਸ਼ਹਿਰ ਦੇ ਟਿਕਟ ਲਏ ਤੇ ਛੇ ਦਿਨ ਉੱਥੇ ਸੁਘੜ, ਸੁਜਾਨ ਤੇ ਸਨਮਾਨਿਤ ਵੀਰ ਮਾਨ ਸਿੰਘ ਜੀ (ਮਗਰੋਂ, ਵਕੀਲ ਤੇ ਜੱਜ) ਪਾਸ ਠਹਿਰੇ. ਉਥੇ ਵਿਲੱਖਣ ਤੇ ਮਨ ਹਰਨ ਮੂਰਤੀ ਅਕਾਲੀ ਕੌਰ ਸਿੰਘ ਜੀ ਨਿਹੰਗ (ਮਗਰੋਂ, ਕਰਤਾ, ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ) ਪਹਿਲਾਂ ਤੋਂ ਹੀ ਆਏ ਹੋਏ ਸਨ, ਜੋ

Sri Satguru Jagjit Singh Ji eLibrary NamdhariElibrary@gmail.com

ਓਦੋਂ ਵੀ ਆਪਣਾ ਅੱਠ ਪਹਿਰਾ ਪ੍ਰਸ਼ਾਦਾ, ਆਪ ਹੀ ਸਜਾਂਦੇ ਸਨ. ਉੱਥੋਂ ਹੀ ਕੁੱਝ ਮੀਲ ਦੇ ਫ਼ਾਸਲੇ ਪਰ, ਜਿਹਾ ਕਿ ਉੱਪਰ ਦਸਿਆ ਹੈ, ਮੈਂ ਸੰਤ ਅਤਰ ਸਿੰਘ ਜੀ ਮਹਾਰਾਜ ਤੋਂ ਅੰਮ੍ਰਿਤ ਛਕਿਆ. ਫਿਰ, ਅੰਬਾਲਿਓਂ ਅੱਸੀਂ ਜੈਪੁਰ ਪਹੁੰਚੇ. ਉੱਥੇ ਡਾਕਟਰ ਦਲਜੰਗ ਸਿੰਘ ਜੀ ਨੈਪਾਲੀ, ਤੇਜਾ ਸਿੰਘ ਜੀ ਦੇ ਮਿਤ੍ਰ, ਸਟੇਟ ਮੈਡੀਕਲ ਅਫ਼ਸਰ ਸਨ, ਇਹ ਉੱਚ ਕੋਟੀ ਦੇ ਭਦ੍ਰ ਪੁਰਸ਼ ਸਨ ਤੇ ਏਹਨਾਂ ਦੀ ਅਤਿਥੀ ਸੇਵਾ ਬ੍ਰਿੱਤੀ ਤੋਂ ਮੈਂ ਜੋ ਸਬਕ ਸਿੱਖੇ ਉਹ ਮੈਨੂੰ ਅਜ ਤਕ ਵਿਸਮਰਣ ਨਹੀਂ ਹੋਏ. ਉੱਥੇ ਓਦੋਂ ਏਹਨਾਂ ਦੇ ਪਾਸ ਕਾਹਨ ਚੰਦ੍ਰ ਜੀ ਵਰਮਾ (Kahna Chandra Verma) ਵੀ ਠਹਿਰੇ ਹੋਏ ਸਨ. ਇਹ ਮਹਾਨ ਮੇਹਨਤੀ, ਵਿਗਿਆਨ ਭਿਕਸ਼ੂ ਤੇ ਅਥੱਕ ਖੋਜੀ ਆਰਯ ਸਮਾਜੀ ਸਨ. ਏਹਨਾਂ ਨੇ ਓਦੋਂ ਹੀ ਆਪਣੀ, "ਮਸੀਹ ਦੀ ਰਵਾਯਤ" (Historicity of Christ) ਨਾਮਕ ਅੰਗ੍ਰੇਜ਼ੀ ਦੀ ਪੁਸਤਕ ਛਪਵਾਈ ਤੇ ਪ੍ਰਕਾਸ਼ਿਤ ਕੀਤੀ ਸੀ ਤੇ ਉਸੇ ਦੇ ਪ੍ਰਚਾਰ ਦੇ ਸੰਬੰਧ ਵਿੱਚ ਉੱਥੇ ਆਏ ਹੋਏ ਸਨ. ਇਹ ਪੁਸਤਕ ਹਰ ਬਿਲਾਸ ਸਾਰਦਾ ਜੀ ਦੀ "ਹਿੰਦੂ ਫ਼ਜ਼ੀਲਤ" (*Hindu Superiority) ਵਾਂਗ (ਜਿਸ ਦੀ ਪਹਿਲੀ ਐਡਿਸ਼ਨ ਨਵੰਬਰ ਸਨ ੧੯੦੬ ਤੋਂ ਬਾਦ ਛਪੀ ਸੀ) ਵਿਸ਼ੇਸ਼ ਪੁਰਸ਼ਾਰਥ ਤੇ ਪ੍ਰੀਸ਼੍ਰਮ ਦਾ ਪਰਿਣਾਮ ਸੀ. ਮੈਂ ਭਲਾ, ਮਸੀਹ ਦੀ ਰਵਾਯਤ, ਵਰਗੀ ਮਹਾਨ ਰਚਨਾ ਨੂੰ ਉਸ ਜ਼ਮਾਨੇ ਵਿੱਚ ਕੀ ਸਮਝ ਸਕਦਾ ਸਾਂ! ਪਰ, ਛੇ ਮਹੀਨੇ ਲੰਡਨ ਰਹਿਣ ਮਗਰੋਂ ਮੈਂ ਜਦ ਇਸ ਨੂੰ ਵਾਚਿਆ ਤਾਂ ਮੈਨੂੰ ਯਕੀਨ ਹੋ ਗਿਆ ਕਿ ਕਾਹਨ ਚੰਦ੍ਰ ਜੀ ਨੇ ਪ੍ਰਾਚੀਨ ਯੂਨਾਨ ਤੇ ਰੋਮਾ ਦੀ ਕੋਈ ਵੀ ਐਸੀ ਇਤਿਹਾਸਿਕ ਪੁਸਤਕ ਮੁਤਾਲਿਆ ਕਰਨ ਤੋਂ ਬਿਨਾ ਨਹੀਂ ਛੱਡੀ ਜਿਸ ਵਿੱਚ ਰੱਤਾ ਜਿੰਨਾ ਵੀ ਕੋਈ ਬ੍ਰਿਤਾਂਤ ਮਸੀਹ ਦੇ ਸੰਬੰਧ ਵਿੱਚ ਦਰਜ ਸੀ. ਏਹਨਾਂ ਸਾਰਿਆਂ ਬ੍ਰਿਤਾਂਤਾਂ ਨੂੰ, ਅੰਜੀਲ ਦੇ ਹਵਾਲਿਆਂ ਨਾਲ ਮਿਲਾ ਮਿਲਾ ਕੇ, ਅਤਯੰਤ ਏਹਤਿਯਾਤ, ਬਾਰੀਕ ਬੀਨੀ ਤੇ ਮਨਤਿਕੀ ਵਿਚਾਰ, ਨਾਲ ਆਪੋ ਆਪਣੀ ਥਾਂ ਤੇ ਇਕੱਠਾ ਕੀਤਾ ਗਿਆ ਹੈ, ਤੇ ਮਗਰੋਂ ਅਤਿ ਅਦਬ ਤੇ ਪ੍ਰੇਮ ਪੂਰਿਤ ਸ਼ਬਦਾਂ ਵਿੱਚ ਬਾਰੰਬਾਰ ਇਹ ਨਤੀਜਾ ਕੱਢ ਕੇ ਦਰਸਾਇਆ ਗਿਆ ਹੈ ਕਿ ਮਸੀਹ ਦੀ ਕਥਾ ਨਿਰੀ ਕਲਪਿਤ ਹੈ, ਅਰ ਮਸੀਹ ਦੀ ਸ਼ਖ਼ਸੀਅਤ ਸਰਵਥਾ ਮਿਥਿਹਾਸਿਕ (Mythological) ਹੈ. ਪਿਛਲੇ ਛਿਵੰਜਾ ਵਰ੍ਹਿਆਂ ਵਿੱਚ †ਰੈਸ਼ਨਲਿਸਟ-ਪ੍ਰੈਸ-ਐਸੋਸੀਏਸ਼ਨ (ਲੰਡਨ)

*Printed at the Vedic Yantralaya, and published by the author, from Civil Lines, Ajmer 3rd Edition, 1922

†Rationalist Press Association (R. P. A.) ਬੜੀ ਪ੍ਰਸਿੱਧ ਸੋਸਾਇਟੀ ਹੈ ਤੇ ਲੰਡਨ ਵਿੱਚ ਇਸ ਦਾ ਮੁਖ ਦਫ਼ਤਰ ਹੈ.

Sri Satguru Jagjit Singh Ji eLibrary NamdhariElibrary@gmail.com

ਨੇ ਇਸ ਵਿਸ਼ੇ ਪਰ ਹੋਰ ਵੀ ਸੈਂਕੜੇ ਹੀ ਪੁਸਤਕ ਪ੍ਰਕਾਸ਼ਿਤ ਕੀਤੇ ਹਨ, ਪਰ ਏਹਨਾਂ ਸਾਰਿਆਂ ਦੀ ਮੌਜੂਦਗੀ ਵਿੱਚ ਵੀ ‡ ਕਾਹਨ ਚੰਦ੍ਰ ਜੀ ਦੇ ਪੁਸਤਕ ਦੀ ਮਹਤਤਾ ਤੇ ਆਵਸ਼ਜਕਤਾ ਉਸੇ ਤਰ੍ਹਾਂ ਕਾਇਮ ਹੈ. ਸ਼ੋਕ ਹੈ ਕਿ ਐਸੇ ਉੱਤਮ ਜ਼ਖ਼ੀਰੇ ਦੇ ਹੁੰਦਿਆਂ ਹੋਇਆਂ ਫਿਰ ਵੀ ਸਾਡੇ ਆਰਯ, ਸਨਾਤਨੀ ਤੇ ਸਿੱਖ ਧਾਰਮਿਕ ਪ੍ਰਚਾਰਕ ਮਸੀਹ ਤੇ ਮਸੀਹੀ ਮਤ (Christ and Christianity) ਨੂੰ ਪੁਰਾਣੀ ਹੀ ਨਿਗਾਹ ਨਾਲ (ਅਰਥਾਤ, ਇਤਿਹਾਸਿਕ ਦ੍ਰਿਸ਼ਟੀ ਨਾਲ) ਵੇਖਦੇ ਹਨ, ਤੇ ਪੁਰਾਣੀਆਂ ਹੀ ਦਲੀਲਾਂ ਦੁਆਰਾ ਮਸੀਹ-ਇਜ਼ਮ ਦਾ ਖੰਡਨ ਕਰਦੇ ਹਨ. ਸਾਡੇ ਧਰਮ ਪ੍ਰਚਾਰਕ ਵਿਦਿਆਲਿਆਂ ਨੂੰ ਚਾਹੀਦਾ ਹੈ ਕਿ ਆਪਣੇ ਵਿਦਿਆਰਥੀਆਂ ਨੂੰ (Historicity of Christ) ਤੇ *ਆਰ. ਪੀ. ਏ. (Rationalist Press Association) ਦੀਆਂ

‡Indian Catholic Truth Society, Trichinopoly, Cantonment, ਨੇ The Historicity of Christ" ਨਾਮ ਦੇ ਕਈ ਟ੍ਰੈਕਟ ਸਨ ੧੯੨੫ ਵਿੱਚ ਪ੍ਰਕਾਸ਼ਿਤ ਕੀਤੇ ਸਨ ਜੋ Father A. Lebeau, S. J. ਦੇ ਲਿਖੇ ਹੋਏ ਸਨ. ਏਹਨਾਂ ਵਿੱਚ ਕਾਹਨ ਚੰਦ੍ਰ ਜੀ ਦੇ ਪੁਸਤਕ ਦਾ ਖੰਡਨ ਕੀਤਾ ਹੋਇਆ ਹੈ ਪਰ ਕਿਸੇ ਪ੍ਰਕਾਰ ਵੀ ਤਸੱਲੀ ਬਖ਼ਸ਼ ਨਹੀਂ, "Examiner" ਨਾਮ ਦਾ ਅਖ਼ਬਾਰ ਜੋ ਦੱਖਣ ਭਾਰਤ ਵਿੱਚੋਂ ਨਿਕਲਦਾ ਸੀ ਉਸ ਵਿੱਚ ਵੀ ਸਨ ੧੯੨੮ ਤਕ "ਮਸੀਹ ਦੀ ਰਵਾਯਤ" ਸੰਬੰਧੀ ਕਾਫ਼ੀ ਰੌਲਾ ਪਿਆ ਰਿਹਾ ਹੈ ਪਰ ਬਿਅਰਥ : ਕਾਹਨ ਚੰਦ੍ਰ ਜੀ ਨਿਧੜਕ ਆਪਣੇ ਪੁਸਤਕ ਦਾ ਪ੍ਰਚਾਰ ਪਬਲਿਕ ਲੈਕਚਰਾਂ ਦੁਆਰਾ ਈਸਾਈਆਂ ਦੇ ਮੁੱਖ ਕੇਂਦ੍ਰਾਂ ਦੇ ਗਿਰਦ ਕਰਦੇ ਹੀ ਰਹੇ ਹਨ.

* ਮੈਂ ਇਸ ਐਸੋਸੀਏਸ਼ਨ ਦੀਆਂ ਕੁੱਝਕ ਅਤਿ ਆਵਸ਼ਜਕ ਪੁਸਤਕਾਂ ਦੇ ਵਨਗੀ ਮਾਤ੍ਰ ਨਾਮ ਦੇਂਦਾ ਹਾਂ :

(1) The Enigma of Jesus, by Dr. P. L. Couchoud.
(2) Shaken Creeds: The Resurrection Doctrines, by Jocelyn Rhys.
(3) Shaken Creeds: The Virgin Birth Doctrine, by Jocelyn Rhys.
(4) The solution of the Synoptic Problem: by Robinson Smith.
(5) The Apostles, by Ernest Renan.
(6) Jesus of Nazareth, by Edward Clodd.
(7) The Origins of Christianity, by Thomas Whittaker.
(8) The Jesus Problem, by the Rt. Hon. J. M. Robertson.
(9) A short History of Christianity, by the above.
(10) The Historical Jesus, by the above.
(11) The Source of the Christian Tradition, by Edouard Dujardin
(12) The Rival Philosophies of Jesus & of Paul, by Ignatius Singer.

ਬਾਕੀ ਸਫ਼ੇ ੬੨ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਪੁਸਤਕਾਂ ਦਾ ਗੂੜ੍ਹ ਮੁਤਾਲਿਆ ਕਰਾਵਨ ਤੇ ਭਾਰਤ ਦੇ ਜਿਨ੍ਹਾਂ ਵਿਸ਼ੇਸ਼ ਲੋਕਾਂ ਵਿੱਚ ਮਸੀਹੀ ਮਿਸ਼ਨਰੀ ਪ੍ਰਚਾਰ ਕਰਦੇ ਹਨ ਉਹਨਾਂ ਦੀਆਂ ਅੱਖਾਂ ਖੋਲ੍ਹਨ. ਆਰ. ਪੀ. ਏ. ਨੇ ਯੂਰਪ ਤੇ ਅਮ੍ਰੀਕਾ ਦੇ ਨਗਰ ਨਗਰ ਤੇ ਪਿੰਡ ਪਿੰਡ ਵਿੱਚ ਮਸੀਹ-ਇਜ਼ਮ ਦੇ ਵਿਰੁੱਧ ਬੜਬੱਲ੍ਹੀ ਮਚਾਈ ਹੋਈ ਹੈ ਤੇ ਏਹੋ ਵਜਹ ਹੈ ਕਿ ਹੁਣ ਉਹਨਾਂ ਮੁਲਕਾਂ ਵਿੱਚ ਮਸੀਹੀ ਪ੍ਰਚਾਰਕਾਂ ਦੀ ਆਵਾਜ਼ ਕੋਈ ਨਹੀਂ ਸੁਣਦਾ ਤੇ ਉਹ ਏਸ਼ੀਆ ਤੇ ਅਫ਼ਰੀਕਾ ਦੇ ਅਨਪੜ੍ਹ ਯਾ ਹੋਛੀਆਂ ਗ਼ਰਜ਼ਾਂ ਦੇ ਗ਼ੁਲਾਮਾਂ ਵਿੱਚ ਆਪਣਾ ਫੋਕਾ ਜੋਸ਼ ਦਿਖਾਂਦੇ ਫਿਰਦੇ ਹਨ. ਜਿਨ੍ਹਾਂ ਸਿੱਧਾਂਤਾਂ ਤੇ ਉਪਦੇਸ਼ਾਂ ਨੂੰ "ਮਸੀਹੀ" ਕਿਹਾ ਜਾਂਦਾ ਹੈ ਤੇ ਇਸ ਨਾਮ ਦੇ ਹੇਠਾਂ ਉਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਉਹਨਾਂ ਵਿੱਚੋਂ ਤਕਰੀਬਨ ਨੱਵੇ ਫ਼ੀ ਸਦੀ ਸਰਵ ਸਾਧਾਰਣ (ਸਾਂਝੇ) ਧਾਰਮਿਕ ਸਿੱਧਾਂਤ ਹਨ. ਉਹਨਾਂ ਨਾਲ ਸ਼ਾਇਦ ਹੀ ਕਿਸੇ ਧਾਰਮਿਕ ਵਿਦ੍ਵਾਨ, ਪ੍ਰਚਾਰਕ ਯਾ ਮਹਾਤਮਾ ਦਾ ਮਤ-ਭੇਦ ਯਾ ਵਿਰੋਧ ਹੋਵੇ! ਪਰ, ਇਹ ਸਿੱਧਾਂਤ ਤੇ ਉਪਦੇਸ਼ ਸਭ ‡ਪੁਰਾਣੇ ਯਹੂਦੀ, ਯੂਨਾਨੀ, ਰੋਮਾਨੀ, ਮਿਸ੍ਰੀ, ਬਾਬੀਲੋਨੀ, ਈਰਾਨੀ ਤੇ ‡ਹਿੰਦੁਸਤਾਨੀ ਮਤਾਂ ਤੇ

ਸਫ਼ੇ ੬੧ ਦੀ ਬਾਕੀ

(13) The Sources of the Morality of the Gospels, by Joseph Mc Cabe.
(14) Christianity & Conduct, by Hypatia B. Bonner.
(15) Radical Views about the New Testament, by Dr. G. A. Van Den Bergh Van Eysinga.
(16) Pagan Christs, by J. M. Robertson.
(17) Christianity & Mythology, by the above.
(18) Witnesses to the Historicity of Jesus, by Prof. Arthur-Drews.
(19) The Christ Myth, by the above author.
(20) Ecce Deus, by Prof. W. B. Smith.

ਇਹ ਤੇ ਹੋਰ ਅਣਗਿਣਤ ਪੁਸਤਕਾਂ ਇਸ ਵਿਸ਼ੇ ਪਰ Messrs. Watts & Co. Johnson's Court, Fleet Street, London, E. C. 4. ਤੋਂ ਅਤੇ R. P. A. ਤੋਂ ਮਿਲ ਸਕਦੀਆਂ ਹਨ.

‡ ਇਸ ਦਾਵੇ (Assertion) ਲਈ ਦੇਖੋ ਦੋ ਮਹਾਂ ਪ੍ਰਸਿੱਧ ਗ੍ਰੰਥ,--ਪਹਿਲਾ : "The Fathers of Jesus" (2 Volumes) A study of the Lineage of the Christian Doctrine and Traditions, by Keningale Cook, M. A. LL. D., London : Kegan Paul, Trench & Co., Paternoster Square, 1886, ਦੂਜਾ ਗ੍ਰੰਥ "The Bible in India" ਹੈ, ਜਿਸ ਦਾ ਕਰਤਾ ਫ਼ਰਾਂਸੀਸੀ ਜੱਜ, Louis Jacolliot ਸੀ, ਤੇ ਇਹ ਪਹਿਲਾਂ ਸਨ ੧੮੬੯ ਵਿੱਚ, ਫ਼ਰੈਂਚ ਵਿੱਚ, ਚੰਦਰ ਨਗਰ, ਫ਼ਰਾਂਸੀਸੀ ਹਿੰਦ ਵਿੱਚ, ਛਪਿਆ ਸੀ. ਛੇਤੀ ਹੀ ਇਸ ਦਾ ਅੰਗ੍ਰੇਜ਼ੀ ਉਲਥਾ ਵੀ ਪ੍ਰਕਾਸ਼ਿਤ ਹੋ

ਬਾਕੀ ਸਫ਼ੇ ੬੩ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਫ਼ਿਲਾਸਫ਼ੀਆਂ ਦੇ ਅਖੁੱਟ ਗੰਜਾਂ ਵਿੱਚੋਂ ਚੁਣ ਚੁਣ ਕੇ ਇਕੱਠੇ ਕੀਤੇ ਹੋਏ ਹਨ ਤੇ ਨਾਲ ਹੀ ਇਕ ਵਾਧੂ ਫ਼ਰਜ਼ੀ ਸ਼ਖ਼ਸੀਅਤ ਖੜੀ ਕਰ ਕੇ, ਉਸ ਦੇ ਇਰਦ ਗਿਰਦ, ਏਹਨਾਂ ਸਾਰਿਆਂ ਵਾਕਾਂ ਨੂੰ ਜੋੜ ਜੋੜ ਕੇ ਸਜਾਵਣ ਤੇ ਢੁਕਾਵਣ ਦੀ ਕੋਸ਼ਿਸ਼ ਕੀਤੀ ਗਈ ਹੈ. ਪਰ ਚੂੰਕਿ ਏਹਨਾਂ ਵਾਕਾਂ ਲਈ ਆਸਰਾ ਸਰਵਥਾ ਕਲਪਿਤ ਸ਼ਖ਼ਸੀਅਤ ਦਾ ਲਿਆ ਗਿਆ ਹੈ, ਜਿਸ ਦੇ ਨਾਲ ਸਰਵਥਾ ਕਲਪਿਤ ਹੀ ਕਾਰਨਾਮੇ ਵੀ ਜੜੇ ਗਏ ਹਨ, ਇਸ ਲਈ ਇਹ ਕੋਸ਼ਿਸ਼ ਪੂਰੀ ਤਰ੍ਹਾਂ ਸਿਰੇ ਨਹੀਂ ਚੜ੍ਹ ਸਕੀ, ਤੇ ਬਾਵਜੂਦ ਪੁਰਾਣੇ ਜ਼ਮਾਨੇ ਦੇ ਸਿਆਣਿਆਂ ਦੀਆਂ ਮੁਕੰਮਲ ਉਸਤਾਦੀਆਂ ਤੇ ਗੰਢਾਂ-ਤੁੱਪਾਂ ਦੇ, ਫਿਰ ਵੀ ਮੌਜੂਦਾ ਵਿਦਵਾਨਾਂ ਦੀ ਵਿਗਿਆਨਿਕ ਬਾਰੀਕ ਬੀਨੀ ਨੇ ਕਥਾ ਦੀਆਂ ਬੇਸ਼ੁਮਾਰ ਚੂਕਾਂ, ਤਰੁਟੀਆਂ ਤੇ ਗ਼ੈਰ ਕੁਦਰਤੀ (Unnatural) ਬਿਆਨਾਂ ਤੋਂ ਕਥਾ ਦਾ ਮਿਥਿਆ ਪਨ ਚੰਗੀ ਤਰ੍ਹਾਂ ਲਭ ਲਿਆ ਹੈ.

(੨੫) ਇਸ ਮਤ ਦੀ ਹਕੀਕਤ ਪਛਾਣਨ ਲਈ ਮੈਂ ਪਾਠਕ ਨੂੰ (ਫ਼ੁਟਨੋਟ ਵਿੱਚ) ਜਿਨ੍ਹਾਂ ਪੁਸਤਕਾਂ ਦੇ ਮੁਤਾਲਿਆ ਦੀ ਸਲਾਹ ਦਿੱਤੀ ਹੈ ਉਹਨਾਂ ਵਿੱਚੋਂ "The Jesus Problem" ਦੀ ਸਮਾਲੋਚਨਾ ਕਰਨ ਵਾਲਾ (in the Literary Guide & Rationalist Review for October 1921 on Cover page ii) ਲਿਖਦਾ ਹੈ: "The notion that Jesus never existed comes at first as a shock but here we have a mass of evidence reviewed with impressive skill to show that Christianity is founded on a myth & that the Gospel story is literally a story" ਅਰਥਾਤ, "ਪਹਿਲਾਂ

ਸਫ਼ੇ ੬੨ ਦੀ ਬਾਕੀ

ਗਿਆ, ਜਿਸ ਨੂੰ ਮੁੜ ਸਨ ੧੯੧੬ ਵਿੱਚ 'ਪਾਣਿਨੀ ਆਫ਼ਿਸ,' ਬਹਾਦੁਰਗੰਜ, ਅਲਾਹਾਬਾਦ, ਨੇ ਛਾਪਿਆ. ਮੇਰੀ ਨਾਕਸ ਕਲਮ ਵਿੱਚ ਤਾਕਤ ਨਹੀਂ ਕਿ ਏਹਨਾਂ ਗ੍ਰੰਥਾਂ ਦੀ ਯਥਾ ਯੋਗ ਪ੍ਰਸ਼ੰਸਾ ਕਰ ਸਕੇ. ਦੋਵੇਂ ਹੀ ਡੂੰਘੀ ਵਿਚਾਰ ਦੇ ਭਰਪੂਰ ਭੰਡਾਰ ਹਨ. ਸੰਭਵ ਹੈ ਕਿ ਏਹਨਾਂ ਵਿੱਚੋਂ ਪਹਿਲਾ ਗ੍ਰੰਥ ਸਾਧਾਰਣ ਪਾਠਕਾਂ ਲਈ ਉਪਲਭਜ ਨ ਹੋਵੇ, ਇਸ ਲਈ ਮੈਂ ਇਸ ਦੇ ਸੰਬੰਧ ਵਿੱਚ ਕੁੱਝ ਸਰਸਰੀ ਜਿਹਾ ਹਾਲ ਦਸਣਾ ਬੇ ਮੁਨਾਸਬ ਨਹੀਂ ਸਮਝਦਾ : ਇਹ ੧੮×੨੨/੮ ਆਕਾਰ ਦੀਆਂ ਦੋ ਜਿਲਦਾਂ ਵਿੱਚ ਹੈ, ਤੇ ਦੋਹਾਂ ਦੇ ੮੨੩ ਪੰਨੇ ਤੇ ੧੨ ਅਧਿਆਏ ਹਨ. ਪਹਿਲੀ ਜਿਲਦ ਦੇ ਦੂਜੇ ਅਧਿਆਏ ਦਾ ਨਾਮ ਹੈ, An Aryan Ancestor; ਤੀਜੇ ਦਾ Primitive Buddhism; ਚੌਥੇ ਦਾ Theism & Ethics in Ancient Greece; ਪੰਜਵੇਂ ਦਾ The Schoolof Pythagoras, ਤੇ ਛੇਵੇਂ ਦਾ A Ray from the Sphere of Plato. ਜਿਸ ਆਰਯ (Arya—Noble— ਸ਼੍ਰੇਸ਼ਠ)

ਬਾਕੀ ਸਫ਼ਾ ੬੪ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਤਾਂ ਜ਼ਰੂਰ ਇਸ ਖ਼ਿਆਲ ਤੋਂ ਸਦਮਾ ਪਹੁੰਚਦਾ ਹੈ ਕਿ ਈਸਾ ਕਦੇ ਹੋਇਆ ਹੀ ਨਹੀਂ, ਪਰ ਇਥੇ (ਭਾਵ ਇਸ ਪੁਸਤਕ ਵਿੱਚ) ਸਾਡੇ ਪਾਸ ਸ਼ਹਾਦਤ ਦਾ ਇੱਕ ਅੰਬਾਰ ਹੈ, ਜਿਸ ਦੀ ਪੜਚੋਲ ਪ੍ਰਭਾਵ ਸ਼ੀਲ ਚਤੁਰਤਾ ਦੁਆਰਾ ਕੀਤੀ ਗਈ ਹੈ, ਇਹ ਪ੍ਰਗਟ ਕਰਨ ਲਈ ਕਿ ਮਸੀਹੀ ਮਤ ਇੱਕ ਕਲਪਿਤ ਬਾਨੀ ਦੀ ਹਸਤੀ ਪੁਰ ਕਾਇਮ ਹੈ, ਅਰ ਅੰਜੀਲ ਦੀ ਕਹਾਣੀ ਦਰ ਅਸਲ ਕਹਾਣੀ ਹੀ ਹੈ." ਦੁਨੀਆਂ ਦੇ ਹੋਰ ਜਿਤਨੇ ਵੀ ਪ੍ਰਸਿੱਧ ਮਹਾਂ ਪੁਰਖ ਹੋਏ ਹਨ,

---

ਸਫ਼ੇ ੬੩ ਦੀ ਬਾਕੀ

ਸ਼ਬਦ ਦੇ ਨਾਮ ਤੇ ਮਹਤਤਾ ਨੂੰ ਸਾਰੇ ਭਾਰਤ ਵਰਸ਼ ਵਿੱਚ ਸ੍ਵਾਮੀ ਦਯਾਨੰਦ ਜੀ ਸਰਸਵਤੀ ਤੋਂ ਪਹਿਲਾਂ ਕਈ ਸਦੀਆਂ ਤੋਂ,ਕਿਸੇ ਹੋਰ ਮਹਾਂ ਪੁਰਖ ਨੇ ਮੁੜ ਕੇ ਸੁਰਜੀਤ(ਸਜੀਵ, Revive) ਨਹੀਂ ਕੀਤਾ, ਤੇ ਹੁਣ ਵੀ ਸਿਵਾਏ ਏਹਨਾਂ ਹੀ ਸ੍ਵਾਮੀ ਜੀ ਦੀ ਅਸਥਾਪਨ ਕੀਤੀ ਹੋਈ ਆਰਯ ਸਮਾਜ ਦੇ ਹੋਰ ਕੋਈ ਭਾਰਤ ਵਰਸ਼ੀ ਇਸ ਨਾਮ ਦੁਆਰਾ ਗਿਆਤ ਯਾ ਪ੍ਰਸਿੱਧ ਹੋਣ ਵਿੱਚ ਫ਼ਖ਼ਰ ਨਹੀਂ ਸਮਝਦਾ.ਦੇਖੋ An Aryan Ancestor ਵਿੱਚ(ਪੰਨਾ੭੧ਪਰ) ਕੈਨਿੰਗਲ ਕੁਕ ਇਸਦੇ ਸੰਬੰਧ ਵਿੱਚ ਕੀ ਆਖਦਾ ਹੈ: ਇਹ ਪਾਰਸੀਆਂ ਦੇ ਧਰਮ ਪੁਸਤਕ (Khordah Avesta, Farvardin Yasht, 24, 87,) ਦਾ ਹਵਾਲਾ ਪੇਸ਼ ਕਰਦਾ ਹੈ:"We praise, the Fravashi (angelic Counterpart) of the pure Gayo-marathan, who first heard the mind of Ahura-Mazda, & his Commands, from which he created the race of the Aryan regions." ਇਸ ਤੋਂ ਅਗਲਾ ਹਵਾਲਾ (Avesta, Yacna, XIX, 16 ਦਾ) ਇਹ ਹੈ : "This word have I (Ahura Mazda) spoken....before the creation of this heaven, before the water, before....., before the birth of the pure man, the two legged....."ਗ੍ਰੰਥ ਕਰਤਾ ਨਿਰਸੰਦੇਹ ਇਹ ਦਸਣਾ ਚਾਹੁੰਦਾ ਹੈ ਕਿ ਹਜ਼ਰਤ ਜ਼ਰਥੁਸ਼ਤ੍ਰ ਦੇ ਮਤ ਅਨੁਸਾਰ ਮਨੁਖ ਦੀ ਜਿਸ ਪਵਿਤ੍ਰ ਕੁਲ ਨੇ ਪਹਿਲਾਂ ਪਹਿਲ ਆਹੁਰਾ-ਮਜ਼ਦਾ (ਪਰਮਾਤਮਾ) ਦੇ ਮਨ ਦੇ ਵਿਚਾਰ ਅਰ ਉਸ ਦੇ ਹੁਕਮ ਸੁਣੇ, ਉਹ ਆਰਯ ਕੁਲ ਦੇ ਮਨੁਖ ਹੀ ਸਨ. ਸੋ ਇਹ ਪਵਿਤ੍ਰ ਮਨੁਖ (ਹਜ਼ਰਤ ਜ਼ਰਥੁਸ਼ਤ੍ਰ ਕਥਿਤ Kiomart ਅਥਵਾ Gayo marathan) ਸਿਵਾਏ ਵੇਦਿਕ ਰਿਸ਼ੀਆਂ ਦੇ ਹੋਰ ਕੌਣ ਸਨ,ਤੇ ਪਰਮਾਤਮਾ ਆਹੁਰਾ-ਮਜ਼ਦਾ ਦੇ ਮਨ ਦੇ ਵਿਚਾਰ ਅਰ ਉਸ ਦੇ ਹੁਕਮ ਸਿਵਾਏ ਚਾਰ ਵੇਦਾਂ ਦੇ ਹੋਰ ਕੇਹੜੇ ਹੋ ਸਕਦੇ ਹਨ ? ਇਸ ਤੋਂ ਅੱਗੇ ਇਸੇ ਅਧਿਆਏ ਦੇ ਪੰਨੇ ੮੨ ਪਰ ਲਿਖਿਆ ਹੈ : "Kiomart or the pure man, as manifested in the Aryan books, is represented as the summit of the animai creation...by his response to the mind of the Heavenly Supreme."ਫਿਰ, ਇਸੇ ਪੰਨੇ ਪਰ ਅੱਗੇ ਚਲ ਕੇ ਕਿਹਾ ਹੈ: "As the name of the Hebrew Haadmah (ਆਦਮ) implies a reddish colour, the essential difference of the Aryan prototype is that he is white. We

ਬਾਕੀ ਸਫ਼ਾ ੬੫ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਉਹਨਾਂ ਵਿੱਚੋਂ ਜੇ ਕਿਸੇ ਦਾ ਕੋਈ ਖੰਡਨ ਕਰੇ ਤਾਂ ਉਸ ਦੇ ਸਿੱਧਾਂਤਾਂ ਦਾ ਖੰਡਨ ਕਰਦਾ ਹੈ; ਇਹ ਕੋਈ ਨਹੀਂ ਕਹਿੰਦਾ ਕਿ "ਉਹ ਹੋਇਆ ਹੀ ਕੋਈ ਨਹੀਂ". ਮਸਲਨ, ਕਿਸੇ ਨੇ ਕਿਸੇ ਨੂੰ ਕਦੋਂ ਕਹਿੰਦਾ ਸੁਣਿਆ ਹੈ ਕਿ ਇਬ੍ਰਾਹੀਮ, ਮੂਸਾ, ਯਾਕੂਬ, ਯੂਸਫ਼, ਦਾਊਦ, ਸੁਲੇਮਾਨ, ਜ਼ਕਰੀਆ, ਯਰਮੀਆਂ, ਦਾਨਿਆਲ,

ਸਫ਼ੇ ੬੪ ਦੀ ਬਾਕੀ

estcem this whiteness and privilege . . . But Kiomart, or the ideal man, was not only white & radiant; he is represented as by origin an immortal being, with eyes looking up to heaven. The liquid of life had been applied to him in creation which rendered him ever beautiful and radiant, as a spiritual being who could dominate this body of mortality." 'ਆਰਯ' ਸ਼ਬਦ ਦੀ ਇਹ ਵਿਸ਼ੇਸ਼ ਤੇ ਵਿਲੱਖਣ ਸ੍ਰੇਸ਼ਠਤਾ ਪਾਰਸੀ ਧਰਮ ਪੁਸਤਕਾਂ ਦੇ ਆਧਾਰ ਪਰ ਪ੍ਰਤਿਪਾਦਿਤ ਹੋਈ ੨ ਪੜ੍ਹ ਕੇ ਇਉਂ ਨਿਸ਼ਚਿਤ ਹੁੰਦਾ ਹੈ ਕਿ ਅਵੱਸ਼ ਕਿਸੇ ਦਿਵਜ ਸ਼ਕਤੀ ਦੇ ਪ੍ਰਭਾਵ ਦੁਆਰਾ, ਨਾਂ ਕਿ ਕੇਵਲ ਸੰਸਕ੍ਰਿਤ ਗ੍ਰੰਥਾਂ ਦੇ ਗਿਆਨ ਤੋਂ ਹੀ, ਸ੍ਵਾਮੀ ਜੀ ਦੇ ਮਨ ਵਿੱਚ ਵੀ ਆਰਯ ਸ਼ਬਦ ਦੀ ਵਡਿਆਈ ਦਾ ਭਾਨੂੰ ਉਦੇ ਹੋਇਆ. ਪੱਛਮੀ ਦੁਨੀਆ ਵਿੱਚ ਆਰਯ ਸ਼ਬਦ ਦੀ ਮਹਤਤਾ ਪ੍ਰਗਟ ਕਰਨ ਦਾ ਸੇਹਰਾ ਪ੍ਰਸਿੱਧ ਆਕਸਫ਼ੋਰਡ (Oxford) ਦੇ ਪ੍ਰੋਫ਼ੈਸਰ ਮੈਕਸ ਮਿਊਲਰ ਦੇ ਸਿਰ ਪਰ ਹੈ. ਸ੍ਵਾਮੀ ਜੀ ਤੇ ਮੈਕਸ ਮਿਊਲਰ, ਦੋਹਾਂ ਦਾ ਜਨਮ ਵਿਕ੍ਰਮੀ ਸੰਮਤ ੧੮੮੧ ਦਾ ਹੀ ਹੈ. ਮੈ. ਮਿਊਲਰ ਨੇ ਆਪਣੇ "Lectures on the Science of Language ਵਿੱਚ, ਜੋ ਉਸਨੇ ਅਪ੍ਰੈਲ, ਮਈ, ਜੂਨ, ਸਨ ੧੮੬੧ ਵਿੱਚ Royal Institution of Great Britain ਵਿੱਚ ਦਿੱਤੇ, ਤੇ ਜੋ ਦੂਜੀ ਵੇਰ, ਸਨ ੧੮੬੨ ਵਿੱਚ, Longman, Green, Longman, and Roberts, London, ਨੇ ਪ੍ਰਕਾਸ਼ਿਤ ਕੀਤੇ, ਉਹਨਾਂ ਵਿੱਚ ਛੇਵੇਂ ਲੈਕਚਰ ਦਾ ਸ਼ੀਸ਼ਕ Comparative Grammar ਹੈ, ਜਿਸ ਨੇ ਬ੍ਰਿਹਤ ਆਕਾਰੀ ੩੭ ਸਫ਼ੇ ਮੱਲੇ ਹੋਏ ਹਨ. ਇਸ ਲੈਕਚਰ ਵਿੱਚ ਭਿੰਨ ਭਿੰਨ ਦ੍ਰਿਸ਼ਟੀਆਂ ਤੋਂ ਕੇਵਲ 'ਆਰਯ' ਸ਼ਬਦ ਦੀ ਹੀ ਵਿਚਾਰ ਹੈ, ਤੇ ਇਸੇ ਦੀ ਪਰਮ ਪ੍ਰਾਚੀਨਤਾ, ਪਰਮ ਪ੍ਰਿਯਤਾ, ਪਰਮ ਵਿਆਪਕਤਾ ਤੇ ਮਹਾਨਤਾ ਦਰਸਾਈ ਹੋਈ ਹੈ. ਇਸ ਵਿੱਚ ਉਹ ਕਾਰਣ ਵੀ ਦੱਸੇ ਗਏ ਹਨ ਜਿਨ੍ਹਾਂ ਕਰ ਕੇ ਉਹਨਾਂ ਸ਼੍ਰੇਣੀਆਂ ਦੀਆਂ ਬੋਲੀਆਂ ਨੂੰ ਜਿਨ੍ਹਾਂ ਨੂੰ ਪਹਿਲਾਂ Indo-Germanic, Indo-European, Caucasian, ਅਥਵਾ Japhetic ਕਿਹਾ ਜਾਂਦਾ ਸੀ, ਹੁਣ ਕਿਉਂ Aryan ਕਹਿਣਾ ਅਰੰਭ ਕਰ ਦਿੱਤਾ ਗਿਆ ਹੈ. ਇਸ ਵਿੱਚ ਦਸਿਆ ਹੈ ਕਿ ਆਰਯ ਬਜ਼ੁਰਗਾਂ ਨੇ ਖ਼ਾਨਾ ਬਦੋਸ਼ੀ (Nomadic, ਫਿਰਤੂ ਵਾਸ, ਰਮਤੇ ਜੀਵਨ) ਦੀ ਦਸ਼ਾ ਵਿੱਚ 'ਆਰਯ' ਸ਼ਬਦ ਨੂੰ (ਜਿਸ ਦਾ ਧਾਤੂ AR, ਅਰ, to plough ਤੋਂ ਹੈ) 'ਤੂਰਾ' (Tura, which implies the swiftness of the horseman) ਤੋਂ ਜ਼ਿਆਦਾ ਪਸੰਦ ਕੀਤਾ, ਤੇ ਉਹ ਬਜਾਏ 'ਤਰਾਨੀ' ਅਖਵਾਣ ਦੇ 'ਆਰਯ' ਅਖਵਾਏ. ਇਸ ਵਿੱਚ ਵਿਦਿਤ ਕੀਤਾ ਹੈ :

ਬਾਕੀ ਸਫ਼ਾ ੬੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਮਹੱਮਦ ਆਦਿਕਾਂ ਵਿੱਚੋਂ ਫ਼ਲਾਣਾ ਫ਼ਲਾਣਾ ਨਬੀ ਹੋਇਆ ਹੀ ਕੋਈ ਨਹੀਂ ? ਪਰ ਕਿਉਂ ਕੇਵਲ ਮਸੀਹ ਦੇ ਹੀ ਨ ਹੋਣ ਦਾ ਸਾਰੇ ਮਸ਼ਰਿਕ ਤੇ ਮਗ਼ਰਿਬ ਦੇ ਵੈਗਿਆਨਿਕ ਵਿਦ੍ਵਾਨਾਂ ਵਿੱਚ ਅਰੁੱਕਣੀਜ ਰੌਲਾ ਪੈ ਗਿਆ ਹੈ ? ਕੀ ਦੁਨੀਆ ਦਾ ਕੇਵਲ ਇਸੇ ਵਿਸ਼ੇਸ਼ ਮਤ ਨਾਲ ਕੋਈ ਜ਼ਾਤੀ ਯੁੱਧ ਛਿੜ ਪਿਆ ਹੈ ?

ਸਫ਼ੇ ੬੫ ਦੀ ਬਾਕੀ

(p. 241) "That Aryan was used as a title of honour in the Persian Empire is clearly shown by the cuneiform inscriptions of Darius. He calls himself Ariya and Ariya-chitra, an Aryan and of Aryan descent; and Ahuramazda, or, as he is called by Darius, Auramazda, is rendered in the Turanian translation of the inscription of Behistun, "the god of the Aryans."

ਹੋਰ, ਇਸੇ ਵਿਆਖਿਆਨ ਵਿੱਚ ਮੈਕਸ ਮਿਊਲਰ ਇਕ ਪ੍ਰਾਚੀਨ ਯੂਨਾਨੀ ਪੁਸਤਕ ਦਾ ਹਵਾਲਾ ਦੇਂਦਾ ਹੈ ਕਿ ਉਸ ਵਿੱਚ Damascius ਨੇ ਲਿਖਿਆ ਹੈ ਕਿ ਅਰਸਤੂ (Aristotle) ਦੇ ਸ਼ਿਸ਼ ਯੂਡੀਮੋਸ (Eudemos) ਨੇ ਵੀ "ਮਾਗੀ ਤੇ ਸਮਗ੍ਰ ਆਰਯ ਵੰਸ਼" ਦਾ ਜ਼ਿਕਰ ਕੀਤਾ ਹੈ. ਫਿਰ, ਇਸੇ ਲੈਕਚਰ ਵਿੱਚ ਰਿਗ ਵੇਦ ਵਿੱਚੋਂ ਇੱਕ (1. 57. 8.) ਮੰਤ੍ਰ ਦਾ; ਤੇ ਅਥਰਵ ਵਿੱਚੋਂ (iv. 20. 4; xix. 62. 1.) ਦੋ ਮੰਤ੍ਰਾਂ ਦੇ ਹਵਾਲੇ ਵੀ ਦਿੱਤੇ ਹਨ, ਜਿਨ੍ਹਾਂ ਵਿੱਚ 'ਆਰਯ' ਸ਼ਬਦ ਦਾ ਬੜੀ ਸਪਸ਼ਟਤਾ ਨਾਲ ਵਰਣਨ ਹੈ. ਮੈਕਸ ਮਿਊਲਰ ਨੇ ਹੋਰ ਵੀ ਅਨੇਕਾਂ ਗ੍ਰੰਥਾਂ ਵਿੱਚ 'ਆਰਯ' ਸ਼ਬਦ ਤੇ 'ਆਰਯ-ਵੰਸ਼' ਦੀ ਬੜੀ ਮਹਿਮਾ ਗਾਇਨ ਕੀਤੀ ਹੈ. ਉਸ ਨੂੰ ਅਮੂਮਨ ਮਹਾਂ ਸਭਾਵਾਂ ਦੇ ਜਲਸਿਆਂ ਦੇ ਖ਼ਾਤਮੇ ਪਰ ਰਿਗ ਵੇਦ ਦੇ ਅੰਤਿਮ ਮੰਡਲ ਦੇ, ਅੰਤਿਮ ਸੂਕਤ ਦੇ, ਅੰਤਿਮ ਤਿੰਨ ਮੰਤ੍ਰ ("ਸੰ ਗਚ੍ਛਧ੍ਵੰ ਸੰ ਵਦ੍ਧ੍ਵੰ" ਤੋਂ "ਸੁਸਹਾਸਤਿ" ਤਕ) ਗਾਵਣ ਦੀ ਬੜੀ ਉਮੰਗ ਰਹਿੰਦੀ ਸੀ ਤੇ ਕਹਿੰਦਾ ਹੁੰਦਾ ਸੀ (ਯਥਾ, ਵੇਖੋ, "Chips from a German Workshop" Vol. 4. 1875. p 371) : "ਏਦਾਂ ਹੀ ਪਰਮ ਪ੍ਰਾਚੀਨ ਸਮੇਂ ਵਿੱਚ, ਅੱਜ ਤੋਂ ਕਈ ਹਜ਼ਾਰ ਵੱਰ੍ਹੇ ਪਿੱਛੇ ਸਾਡੇ ਆਰਯ ਮਿਤ੍ਰਾਂ ਦੀਆਂ ਸਭਾਵਾਂ ਦਾ ਭੋਗ ਪੈਂਦਾ ਹੋਣਾ ਹੈ!" ਮੈਕਸ ਮਿਊਲਰ ਜਨਮ ਤੋਂ ਜਰਮਨ ਸੀ. ਇਸ ਤੋਂ ਬਾਦ ਜਰਮਨ ਐਡਾਲਫ਼ ਹਿਟਲਰ ਦੀ My Struggle ("ਮੇਰਾ ਪ੍ਰਯਾਸ," ਯਾ "ਮੇਰਾ ਪ੍ਰਯਤਨ") ਨਾਮਕ ਪੁਸਤਕ ਨੂੰ ਜੇ ਆਰਯ ਵੰਸ਼ ਦਾ ਸਤੋਤ੍ਰ ਹੀ ਕਹਿ ਦਿੱਤਾ ਜਾਏ ਤਾਂ ਵੀ ਇਹ ਕੋਈ ਬੇ ਮੁਨਾਸਬ ਦਾਵਾ ਨਹੀਂ. ਹਿਟਲਰ ਬਾਰੰਬਾਰ ਆਰਯ ਨਸਲ ਦੇ ਮਨੁੱਖਾਂ ਦਾ ਸਭ ਤੋਂ ਵਡਾ ਵਸਫ਼ ਏਹੋ ਦਸਦਾ ਹੈ ਕਿ ਉਹ ਆਪਣੀ ਸ੍ਵਤੰਤ੍ਰਤਾ ਦੀ ਸਦਾ ਰਖਿਆ ਕਰਦੇ ਹਨ, ਆਪਣੇ ਅਧੀਨ ਅਨਾਰਯਾਂ ਪਰ ਜ਼ੁਲਮ ਨਹੀਂ ਕਰਦੇ, ਤੇ ਅਨਾਰਯਾਂ ਨਾਲ ਵਿਵਾਹ-ਸੰਬੰਧ ਕਦੇ ਨਹੀਂ ਜੋੜਦੇ, ਕਿਉਂ ਜੋ ਇਹ ਸੰਬੰਧ ਅਤਯੰਤ ਉਪਦ੍ਰਵ ਜਨਕ ਹੈ. ਯਥਾ, "My Struggle" p. 120 —" There are number-

ਬਾਕੀ ਸਫ਼ਾ ੬੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਨਹੀਂ, ਮਿਤ੍ਰੋ, ਹਰਗਿਜ਼ ਨਹੀਂ ! ਕਾਰਣ ਮੁੱਖ ਇਹ ਹੈ ਕਿ ਕੇਵਲ ਇਸੇ ਮਤ ਦੇ ਧਰਮ ਪੁਸਤਕ ਵਿੱਚ, ਆਦਿ ਤੋਂ ਅੰਤ ਤਕ, ਜੋ ਕੁੱਝ ਵੀ ਇਸ ਦੇ ਬਾਨੀ ਦੀ ਜ਼ਾਤੀ ਹਯਾਤ ਦੇ ਸੰਬੰਧ ਵਿੱਚ ਲਿਖਿਆ ਹੋਇਆ ਹੈ ਉਹ ਸਾਰੇ ਦਾ ਸਾਰਾ ਹੀ ਇਨਸਾਨੀ ਮਨਤਿਕ ਤੇ ਰੱਬੀ ਕੁਦਰਤ ਦੇ ਨਿਯਮਾਂ ਦੇ ਵਿਰੁੱਧ

ਸਫੇ ੬੬ ਦੀ ਬਾਕੀ

less examples in history, showing with terrible plainness how each time Aryan blood became mixed with that of inferior peoples the result has been the end of the culture-sustaining race." p. 121-" If we divide the human race into three categories—founders, maintainers, & destroyers of culture-the Aryan stock alone can be considered as representing the first category." p.123-"The Aryan renounced purity of his own and with it his right to stay in the Eden which he had created for himself." p. 150—"Human culture and civilization are inextricably bound up with the presence of the Aryan element. If it died out or went under the black veil of a cultureless period would once again descend upon the globe." p. 154—"There might be hundreds of model states in the world, and yet; if the Aryan conserver of culture died out, there would be in existence no culture on an intellectual level with that of the highest nations of today." (My Struggle : Hurst & Blacket. London, 1934.) ਬਸ, ਹਿਟਲਰ ਦੇ ਸਾਗਰ ਦੇ ਰਤਨ ਏਹਨਾਂ ਚੰਦ ਵਾਕਾਂ ਦੀ ਗਾਗਰ ਵਿੱਚ ਆ ਗਏ ਹਨ. ਕੀ ਇਹ ਵਾਕ ਰਿਗ ਵੇਦ ਦੇ ਵਿਸ਼ੇਸ਼ ਵਿਸ਼ੇਸ਼ ਮੰਤ੍ਰਾਂ ਦੇ, ਸ਼੍ਰੀ ਗੁਰੂ ਦਸ਼ਮੇਸ਼ ਜੀ ਦੀ "ਕਬਿਉ ਵਾਚ ਬੇਨਤੀ ਚੌਪਈ" ਦੀਆਂ ਵਿਸ਼ੇਸ਼ ਵਿਸ਼ੇਸ਼ ਤੁਕਾਂ ਦੇ, ਤੇ ਸ਼੍ਰੀ ਦਸ਼ਮੇਸ਼ ਕ੍ਰਿਤ "ਜ਼ਫ਼ਰ ਨਾਮੇ" ਦੇ ਵਿਸ਼ੇਸ਼ ਵਿਸ਼ੇਸ਼ ਸ਼ੇਅਰਾਂ ਦੇ ਅਨੁਕੂਲ ਨਹੀਂ ? ਅਰ ਫਿਰ, ਜੇ ਸੁਖਮ ਤੇ ਸ਼ੁੱਧ ਦ੍ਰਿਸ਼ਟੀ ਦੁਆਰਾ ਵੇਖਿਆ ਜਾਏ ਤਾਂ ਕੀ ਇਹ ਵਾਕ ਸ਼੍ਰੀ ਗੁਰੂ ਨਾਨਕ ਦੇਵ ਦੇ ਵੀ ਇਸ ਮਹਾਂ ਵਾਕ ਦੇ ਅਨੁਸਾਰ ਨਹੀਂ ? "ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥" ਧਨਾਸਰੀ ਮ: ੧ ॥ ਪੰ: ੬੬੩ ॥ ਪਾਠਕਾਂ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਹਿਟਲਰ ਦਾ ਭਾਵ ਆਰਯ ਜਾਤਿ, ਆਰਯ ਸਭਯਤਾ ਤੇ ਆਰਯ ਸੰਸਕ੍ਰਿਤੀ ਤੋਂ ਉਹ ਹੀ ਸੀ ਜੋ ਮੈਕਸ ਮਿਊਲਰ ਦਾ ਸੀ. ਆਰਯ ਨਸਲ ਦੀ ਵਡਿਆਈ ਤੇ ਵਿਸ਼ੇਸ਼ ਉਤੱਮਤਾ ਦਾ ਵਰਣਨ ਟਾਮਸ ਹਕਸਲੇ ਨੇ (Man's Place in Nature & other Essays ਵਿੱਚ) ਅਰ ਮੈਡਮ ਬਲਵੈਤਸਖੀ (H. P. Blavatsky) ਨੇ (Secret Doctrine ਦੀ ਵਿਸ਼ੇਸ਼ ਕਰ ਕੇ ਦੂਜੀ ਜਿਲਦ ਵਿੱਚ) ਬੜੇ ਵਿਸਥਾਰ ਨਾਲ ਕੀਤਾ ਹੈ. ਖੋਜੀ ਜਨਾਂ ਨੂੰ ਅਵੱਸ਼ ਇਹ ਆਤਮ ਪ੍ਰਬੋਧਕ ਬ੍ਰਿਤਾਂਤ ਏਹਨਾਂ ਪੁਸਤਕਾਂ ਵਿੱਚੋਂ ਪੜ੍ਹਨੇ ਚਾਹੀਦੇ ਹਨ. ਮੇਰਾ ਵਿਸ਼੍ਵਾਸ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਆਰਯ ਨਸਲ ਦੇ ਮਨੁੱਖ ਹੋਰ ਸਾਰੀਆਂ ਹੀ ਵਿਸ਼ੇਸ਼ ਵਿਸ਼ੇਸ਼

ਬਾਕੀ ਸਫ਼ਾ ੬੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਹੈ. ਹੋਰ ਵੀ ਤਕਰੀਬਨ ਸਾਰੇ ਹੀ ਮਹਾਂ ਪੁਰਖਾਂ ਦੀ ਜ਼ਾਤ ਦੇ ਸੰਬੰਧ ਵਿੱਚ ਉਹਨਾਂ ਦੇ ਕੁੱਝ ਸ਼ਰਧਾਲੂ ਜ਼ਰੂਰ ਕੁੱਝਕ ਗੱਲਾਂ ਐਸੀਆਂ ਜੋੜ ਲੈਂਦੇ ਹਨ ਜਿਨ੍ਹਾਂ ਨੂੰ ਮਨਤਿਕੀ ਅਕਲ ਕਬੂਲ ਨਹੀਂ ਕਰਦੀ. ਪਰ, ਫਿਰ ਵੀ ਹਰ ਇੱਕ ਦੇ ਸੰਬੰਧ ਵਿੱਚ ਕੋਈ ਦਸ, ਪੰਦਰਾਂ, ਪੱਚੀ, ਪੰਜਾਹ, ਯਾ ਪੰਝੱਤਰ ਫ਼ੀ ਸਦੀ

ਸਫ਼ੇ ੬੭ ਦੀ ਬਾਕੀ

ਜਾਤੀਆਂ, ਵੰਸ਼ਾਂ, ਕੁਲਾਂ, ਗੋਤਾਂ ਤੇ ਅੱਲਾਂ ਦੇ ਅਰਥਹੀਨ, ਮੋਹਮਲ, ਬੇ ਬੁਨਿਆਦ ਨਾਮਾਂ ਦਾ ਪਰਿਤਿਆਗ ਕਰ ਕੇ, ਕੇਵਲ 'ਆਰਯ' ਹੀ ਕਹਾਣ ਵਿੱਚ ਆਪਣੀ ਸ਼ਾਨ, ਮਹਿਮਾ ਤੇ ਮਹਾਨਤਾ ਸਮਝਣਗੇ; ਤੇ ਪ੍ਰਸਪਰ ਇੱਕ ਦੂਜੇ ਨੂੰ ਮਿਲਣ ਪਰ ਸਦਾ "ਕ੍ਰਿਣਵੰਤੋ ਵਿਸ਼੍ਵਮ ਆਰਯਮ" ("कृण्वन्तो विश्वमार्यम् ।" ਰਿਗ ਵੇਦ : ੯. ੬੩. ੫. ਜਿਸ ਦੇ ਅਰਥ, ਵਿਲਸਨ ਅਨੁਸਾਰ "Making all our acts prosperous;" ਗ੍ਰਿੱਫਿਥ ਅਨੁਸਾਰ "Performing every noble work"; ਤੇ ਮੇਰੀ ਆਪਣੀ ਤੁੱਛ ਬੁੱਧੀ ਅਨੁਸਾਰ "Make the World Noble", ਅਥਵਾ, "Do All Noble Deeds" ਹਨ.) ਦਾ ਰੱਬੀ ਨਾਅਰਾ ਬੁਲੰਦ ਕਰਨਗੇ; ਤੇ ਅਪੂਰਨ, ਭੁੱਲਣਹਾਰ ਵਿਦ੍ਵਾਨਾਂ ਦੇ ਰਸ ਹੀਨ, ਬੇ ਜਾਨ ਕੌਮੀ ਗੀਤਾਂ ਨੂੰ ਛੱਡ ਕੇ, ਸਾਰੇ (ਆਰਯ ਜਨ) ਇਸੇ ਮਹਾਂ ਵਾਕ ਦੇ ਆਧਾਰ ਉੱਤੇ ਕੋਈ ਇੱਕੋ ਸਾਂਝਾ ਕੌਮੀ ਗੀਤ ਬਣਾਕੇ ਗਾਣਗੇ !

ਜਿਹਾ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ, ਮੈਕਸ ਮਿਊਲਰ ਤੇ ਸ੍ਵਾਮੀ ਦਯਾਨੰਦ ਜੀ ਤੋਂ ਪਹਿਲੇ, ਕਈ ਸਦੀਆਂ ਤੋਂ ਭਾਰਤੀ ਗ੍ਰੰਥਾਂ ਵਿੱਚ 'ਆਰਯ' ਸ਼ਬਦ ਦਾ ਪ੍ਰਯੋਗ ਬੰਦ ਹੋ ਚੁਕਾ ਸੀ, ਇਸ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਹੋਰ ਗੁਰਬਾਣੀ ਦੇ ਗ੍ਰੰਥਾਂ ਵਿੱਚ ਵੀ ਇਹ ਸ਼ਬਦ ਨਹੀਂ ਆਇਆ. ਪਰ, ਇਸ ਦੀ ਥਾਂ ਇਸ ਦੇ ਪਰਯਾਯ ਵਾਚੀ ਸ਼ਬਦ ਆਏ ਹਨ, ਮਸਲਨ : ਨਿਰਮਲ ਤੇ ਖ਼ਾਲਸਾ; ਫਿਰ, ਸਾਧੁ, ਦੇਵਤਾ, ਹਰਿਜਨ, ਗੁਰਮੁਖਿ, ਖੜ੍ਹੀ ਆਦਿਕ.

"ਸਾਧੁ ਨਾਮ ਨਿਰਮਲ ਤਾ ਕੋ ਕਰਮ ॥" ਗਉੜੀ ਸੁਖਮਨੀ ॥ ਮਃ ੫ ॥ ਪੰਨਾ ੨੯੬ ॥

"ਸਾਧੁ ਕਰਮ ਜੋ ਪੁਰਖ ਕਮਾਵੈ ॥ ਨਾਮ ਦੇਵਤਾ ਜਗਤ ਕਹਾਵੈ ॥"

ਦਸਮ ਗ੍ਰੰਥ ॥ ਵਿ. ਅ. ੨, ਛੰਦ ੧੨ ॥

'ਖ਼ਾਲਸਾ' ਤੇ 'ਨਿਰਮਲ' ਸ਼ਬਦਾਂ ਦਾ ਅਰਥ 'ਪਾਕ', 'ਪਾਕੀਜ਼ਾ'; 'ਮਲ ਰਹਿਤ' ਹੈ; ਅਰ ਇਹ ਪਾਰਸੀ ਧਰਮ ਪੁਸਤਕ ਵਿੱਚ 'ਆਰਯ' ਸ਼ਬਦ ਦੇ ਦਿੱਤੇ ਅਰਥ ਨਾਲ ਹੂਬਹੂ ਮਿਲਦਾ ਹੈ, ਯਥਾ :--"ਜਾਗਤਿ ਜੋਤਿ ਜਪੈ ਨਿਸਬਾਸਰ, ਏਕ ਬਿਨਾ ਮਨ ਨੈਕ ਨ ਆਨੈ ।

ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ ।
ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ।
ਪਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ *ਨਖਾਲਸ ਜਾਨੈ ॥"

ਦਸਮ ਗ੍ਰੰਥ ॥ ੩੩ ਸਵੈਯੇ ॥ ੧ ॥

ਬਾਕੀ ਸਫ਼ਾ ੬੯ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਗੱਲਾਂ ਐਸੀਆਂ ਵੀ ਹੁੰਦੀਆਂ ਹਨ ਜੋ ਸਹੀ, ਹਕੀਕੀ ਤੇ ਕੁਦਰਤੀ ਪ੍ਰਤੀਤ ਹੁੰਦੀਆਂ ਹਨ, ਪਰ, ਜਿਸ ਮਤ ਦੀ ਹੁਣ ਸਮਾਲੋਚਨਾ ਹੋ ਰਹੀ ਹੈ ਉਸ ਦੇ ਬਾਨੀ ਦੇ ਸੰਬੰਧ ਵਿੱਚ ਇੱਕ ਫ਼ੀ ਸਦੀ ਬ੍ਰਿਤਾਂਤ ਵੀ ਐਸੇ ਨਹੀਂ ਹਨ ਜੋ ਇਨਸਾਨੀ ਅਕਲ ਤੇ ਰੱਬੀ ਕੁਦਰਤ ਦੇ ਅਨੁਕੂਲ ਹੋਵਨ, ਫਿਰ ਕਿਸ ਤਰ੍ਹਾਂ ਵਰਤਮਾਨ ਵਿਗਿਆਨ ਦੇ ਪ੍ਰਕਾਸ਼ ਵਿੱਚ ਐਸੇ ਮਤ ਦੇ ਵਿਰੁੱਧ ਸਮਾਂ ਆਵਾਜ਼ ਨ ਉਠਾਵੇ ! ਦੂਜਾ ਕਾਰਣ ਇਹ ਹੈ ਕਿ ਆਪ ਐਹਵਾ ਜਏ ਕੱਚੇ ਕੱਚ ਦੇ ਕੋਟ ਤੇ ਕਿਲੇ

ਸਫ਼ੇ ੬੮ ਦੀ ਬਾਕੀ

(ਨੋਟ : *ਇਹ ਸ਼ਬਦ ਸ਼ੁੱਧ ਅਰਬੀ ਵਿੱਚ "ਨਿਖ਼ਾਲਸ" ਹੈ (verb "ਖ਼ੁਲਾਸਾ" ਤੋਂ); ਇਸ ਦਾ ਅਰਥ ਹੈ, essence, etc. ਦੇਖੋ, "ਅਰਬੀ--ਅੰਗ੍ਰੇਜ਼ੀ" ਕੋਸ਼.)

ਜੇ ਹਿੰਦ ਤੋਂ ਅੰਗ੍ਰੇਜ਼ਾਂ ਦੇ ਚਲੇ ਜਾਣ ਮਗਰੋਂ ਹਿੰਦ ਦਾ ਨਾਮ ਬਜਾਏ ਭਾਰਤ ਦੇ ਆਰਯਾਵਰਤ ਰਖ ਲਿਆ ਜਾਂਦਾ ਤਾਂ ਸਾਰੀ ਦੁਨੀਆਂ ਵਿੱਚ ਆਰਯ ਨਸਲ ਦਾ ਆਦਮੀ ਆਪਣੇ ਆਪ ਨੂੰ ਇਸ ਦੇਸ਼ ਨਾਲ ਸੰਬੰਧਿਤ ਸਮਝਦਾ ਤੇ ਇਸ ਨੂੰ ਆਪਣੀ ਨਸਲ ਦੀ ਪਵਿਤ੍ਰ ਜਨਮ ਭੂਮੀ ਮੰਨ ਕੇ ਪੂਜਦਾ. ਫਿਰ, ਹੋਰ ਵੀ ਕਿਹਾ ਸ਼ਾਨਦਾਰ ਹੁੰਦਾ ਜੇ ਆਰਯਾਵਰਤ ਵਿੱਚ ਖ਼ਿਤਾਬਾਂ ਦੇ ਨਾਮ ਵੀ ਜੋ ਸਰਕਾਰ ਵੱਲੋਂ ਯੋਗ ਵਿਅਕਤੀਆਂ ਨੂੰ ਮਿਲਦੇ ਹਨ--'ਆਰਯ ਵੀਰ,' 'ਆਰਯ ਪੁੰਗਵ,' 'ਆਰਯ ਕੇਸਰੀ', ਆਦਿਕ ਹੀ ਹੁੰਦੇ ! ਮੇਰੇ ਲਈ ਤਾਂ ਇਸ ਤੋਂ ਵਧੀਕ ਹੋਰ ਸ਼ਾਇਦ ਹੀ ਕੋਈ ਹੈਰਾਨਗੀ ਵਾਲੀ ਗਲ ਹੋਵੇ ਕਿ ਐਸੇ ਪਰਮ ਸ੍ਰੇਸ਼ਠ ਤੇ ਅਤਯੰਤ ਪ੍ਰਿਯ ਸ਼ਬਦ ਦਾ ਪ੍ਰਯੋਗ ਯਕਾ ਯਕ ਯਾ ਹੌਲੀ ੨ ਰੋਜ਼-ਮੱਰਾ ਦੀ ਲੌਕਿਕ ਬੋਲੀ ਵਿੱਚੋਂ ਤੇ ਗ੍ਰੰਥਾਂ ਵਿੱਚੋਂ ਗ਼ਾਇਬ ਕਿਵੇਂ ਹੋ ਗਿਆ. ਮੇਰਾ ਵਿਸ਼੍ਵਾਸ ਹੈ ਕਿ ਇਹ ਜ਼ਰੂਰ ਕਿਸੇ ਜ਼ਬਰਦਸਤ ਹਕੂਮਤ ਦੇ ਫ਼ਰਮਾਨ ਦਾ ਨਤੀਜਾ ਹੈ. ਜਦ ਰਾਏ ਸੀਨਾ (ਦਿੱਲੀ) ਦਾ ਨਾਮ ਅੰਗ੍ਰੇਜ਼ੀ ਸਰਕਾਰ ਨੇ ਨਵੀਂ ਦਿੱਲੀ (NewDelhi) ਰੱਖ ਦਿੱਤਾ ਪਰ ਲੋਕੀ ਅਜੇ ਵੀ 'ਰਾਏ ਸੀਨਾ' ਹੀ ਲਿੱਖਣ ਬੋਲਣ ਤੋਂ ਬਾਜ਼ ਨ ਆਏ ਤਾਂ ਹਕੂਮਤ ਵਲੋਂ ਫ਼ਰਮਾਨ ਨਿਕਲਿਆ ਕਿ ਜਿਸ ਖ਼ਤ ਪਤ੍ਰ ਪਰ 'ਨਵੀਂ ਦਿੱਲੀ' ਨਾਮ ਨਹੀਂ ਹੋਵੇਗਾ, ਮਹਕਮਾ ਡਾਕ ਉਸ ਦੀ ਪਹੁੰਚ ਦਾ ਜ਼ਿੰਮੇਵਾਰ ਨਹੀਂ ਹੋਵੇਗਾ. ਇਸੇ ਪ੍ਰਕਾਰ, ਮਲੂਮ ਹੁੰਦਾ ਹੈ ਕਿ ਕਿਸੇ ਤਅੱਸਬੀ ਹਾਕਮ ਵਲੋਂ ਜ਼ਰੂਰ ਹੀ ਇਹ ਕੋਈ ਰੱਬੀ ਭਾਣਾ ਵਰਤਿਆ ਹੈ ਕਿ ਬਜਾਏ 'ਆਰਯ' ਸ਼ਬਦ ਦੇ 'ਹਿੰਦੂ' ਸ਼ਬਦ ਦਾ ਪ੍ਰਯੋਗ ਕੀਤਾ ਜਾਏ, ਕਿਉਂ ਜੋ ਅਨਾੜੀ (ਅਨਾਰਯ) ਤੇ ਮਲੇਛ ਦੋਵੇਂ ਸ਼ਬਦ ਜੋ 'ਆਰਯ' ਦੇ ਵਿਰੋਧੀ (Antonyms) ਹਨ ਉਹ ਤਾਂ ਤਕਰੀਬਨ ਸਾਰੀਆਂ ਹੀ ਭਾਰਤੀ ਬੋਲੀਆਂ ਵਿੱਚ ਜਿਉਂਦੇ ਰਹਿ ਗਏ, ਪਰ 'ਆਰਯ' ਲੋਪ ਹੋ ਗਿਆ ! ਹਾਂ, ਪੰਜਾਬੀ ਦਾ ਸ਼ਬਦ 'ਆਹੜੀ', ਜਿਸ ਦਾ ਅਰਥ 'ਮਿਤ੍ਰ' ਹੈ, ਉਹ ਭਾਵੇਂ 'ਆਰਯ' ਦਾ ਹੀ ਦੋਹਰਾ ਯਾ ਤੇਹਰਾ ਵਿਕ੍ਰਿਤ ਰੂਪ ਹੋਵੇ. ਫਿਰ, ਇੱਕ ਹੋਰ ਸ਼ਬਦ 'ਅਰੇ' ਹੈ, ਮੈਨੂੰ ਇਸ ਤੇ ਵੀ ਸ਼ਕ ਪੈਂਦਾ ਹੈ ਕਿ ਇਹ ਹੀ ਸ਼ਾਇਦ 'ਆਰਯੇ,' ਅਰਥਾਤ, ਹੇ ਆਰਯ, ਦਾ ਬਿਗੜਿਆ ਹੋਇਆ, ਯਾ ਦੂਜਾ, ਸੁਗਮ, ਸੰਖੇਪ ਰੂਪ, ਨ ਹੋਵੇ ! ਕਿਉਂ ਜੋ 'ਅਰੇ' ਜੋ ਅਪਮਾਨ ਵਾਚਕ

ਬਾਕੀ ਵੇਖੋ ਸਫ਼ਾ ੭੦ ਤੇ

Sri Satguru Jagjit Singh Ji eLibrary NamdhariElibrary@gmail.com

ਅੰਦਰ ਵਸਣ ਵਾਲੇ, ਹਮਲੇ ਦੂਜੇ ਮਤਾਂ ਦੀਆਂ ਆਹਨੀ ਦੀਵਾਰਾਂ ਉੱਤੇ ਕਰਦੇ ਫਿਰਦੇ ਹਨ. ਸਿਵਾਏ ਇਸ ਦੇ ਕਿ ਇਸ "ਮਤ" ਦੇ ਪ੍ਰਚਾਰਕ ਅੰਨ ਮਤਾਂ ਦੇ ਸਿੱਧਾਂਤਾਂ ਤੇ ਉਹਨਾਂ ਦੀਆਂ ਮੁਬਾਰਕ ਹਸਤੀਆਂ ਨੂੰ ਗ਼ਲਤ ਬਿਆਨੀਆਂ ਤੇ ਲਗ਼ਵ ਕਲਾਮੀਆਂ ਦੁਆਰਾ ਦੁਨੀਆ ਦੇ ਸਾਹਮਣੇ ਪੇਸ਼ ਕਰ ਕੇ, ਆਪਣੇ "ਮਤ" ਦਾ ਪ੍ਰਚਾਰ ਕਰਨ, ਹੋਰ ਕੋਈ ਵੀ ਹਕੀਕੀ, ਨੇਕ ਤੇ ਸੁੰਦਰ ਤਰੀਕਾ ਨਿਜ "ਮਤ" ਦੇ ਪ੍ਰਚਾਰ ਦਾ ਏਹਨਾਂ ਨੇ ਨ ਲਭਿਆ ਹੈ, ਤੇ ਨ ਲੱਭਣ

ਸਫ਼ੇ ੬੯ ਦੀ ਬਾਕੀ

ਹੁੰਦਾ ਤਾਂ ਮਹਰਸ਼ੀ ਯਾਗਜਵਲਕਯ ਕਦੇ ਵੀ ਆਪਣੀ, ਬ੍ਰਹਮ ਵਿਦੁਸ਼ੀ ਪ੍ਰਿਯਾ ਪਤਨੀ, ਮੈਤ੍ਰੇਯੀ, ਨੂੰ (ਬ੍ਰਿਹਦਾਰਣਯਕ ਉਪਨਿਸ਼ਦ, ਅਧ. ੨, ਬ੍ਰਾਹਮਣ ੪, ਦੇ ਚੌਦਾਂ ਮੰਤ੍ਰਾਂ ਵਿੱਚ ਵੀਹ ਵੇਰ) 'ਅਰੇ' ਕਹਿ ਕੇ ਸੰਬੋਧਨ ਨ ਕਰਦੇ.— ਪ੍ਰੰਤੂ ਆਰਤਾ ਸੁਧ ਕਬਹੂ ਹੈ।

ਕੈਨਿੰਗੇਲ ਕੁਕ ਨੇ ਆਪਣੇ ਗ੍ਰੰਥ (The Fathers of Jesus) ਵਿੱਚ ਹਰ ਉਸ ਵਾਕ ਦਾ ਸਾਨੀ ਵਾਕ ਜਿਸ ਪਰ ਮਸੀਹੀ ਆਪਣਾ ਵਾਹਿਦ ਦਾਵਾ ਜਮਾਂਦੇ ਹਨ, ਮਸੀਹ ਤੋਂ ਪਹਿਲੇ ਦੇ, ਅਥਵਾ ਉਸ ਦੇ ਸਮਕਾਲੀ, ਗ੍ਰੰਥਾਂ ਵਿੱਚੋਂ ਕੱਢ ਕੇ ਵਿਖਾਇਆ ਹੈ. ਅਰ, ਇੱਥੇ ਮੈਂ ਇਹ ਵੀ ਦਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਕੁਕ ਮਸੀਹੀ ਸੀ. ਉਹ "A Ray from the Sphere of Plato (ਪੰ: ੩੨੬-੨੭. Vol. I) ਵਿੱਚ ਲਿਖਦਾ ਹੈ, "Dr. C. Ackerman, Archdeacon at Jena, wrote, in 1835: "The deeper we penetrate into the writings of the ancients the less can we ward off the conviction that they contain, not only almost all the moral doctrines and sublime sayings which the Gospel has given us, but many of these are even more sharply conceived and more beautifully presented in the former than in the latter."

ਦੂਜਾ ਗ੍ਰੰਥ ਜੱਜ ਜੈਕਾਲੀਓ ਦਾ "ਬਾਈਬਲ-ਇਨ-ਇੰਡੀਆ" ਹੈ. ਜੈਕਾਲੀਓ 'ਮਸੀਹੀ' ਨ ਸੀ. ਉਸ ਨੇ ਬਾਈਬਲ ਦੇ ਪੁਰਾਣੇ ਤੇ ਨਵੇਂ ਦੋਹਾਂ ਅਹਿਦ ਨਾਮਿਆਂ ਨੂੰ ਲਿਆ ਹੈ. ਆਫ਼ਰੀਨ ਹੈ ਇਸ ਆਲਿਮ ਦੇ ਇਲਮ, ਅਕਲ, ਬਾਰੀਕ ਬੀਨੀ ਤੇ ਮੇਹਨਤ ਨੂੰ, ਅਰ ਫਿਰ, ਉਸ ਹੌਸਲੇ ਨੂੰ ਜਿਸ ਦੁਆਰਾ ਇਸ ਨੇ ਆਪਣੀ ਖੋਜ ਦੀਆਂ ਖਰਵੀਆਂ ਹਕੀਕਤਾਂ ਨੂੰ ਬਿਲਕੁਲ ਸਪਸ਼ਟ ਤੇ ਜ਼ੋਰਦਾਰ ਸ਼ਬਦਾਂ ਵਿੱਚ ਬਿਆਨ ਕੀਤਾ ਹੈ. ਇਸ ਨੇ ਪੁਰਾਣੇ ਤੇ ਨਵੇਂ ਅਹਿਦ ਨਾਮੇਂ ਦੇ ਹਰ ਉਸ ਬਿਆਨ ਦਾ ਜੋ ਇਨਸਾਨੀ ਅਕਲ ਤੇ ਰੱਬੀ ਕੁਦਰਤ ਦੇ ਨਿਯਮਾਂ ਦੇ ਜ਼ਰਾ ਜਿੰਨਾਂ ਵੀ ਵਿਰੁੱਧ ਹੈ ਖੰਡਨ ਕਰਨ ਵਿੱਚ ਲਿਹਾਜ਼ ਨਹੀਂ ਕੀਤਾ, ਤੇ ਹਰ ਇੱਕ ਚੰਗੇ ਸਿੱਧਾਂਤ ਦਾ ਮੰਬਾ (source) ਹਿੰਦੁਸਤਾਨ ਨੂੰ ਹੀ ਸਾਬਤ ਕੀਤਾ ਹੈ, ਤੇ, ਪਹਿਲਾਂ ਪੰਨਾ ੨੦੦ ਪਰ ਏਹਨਾਂ ਸ਼ਬਦਾਂ ਵਿੱਚ : "The Hebrews had no sciences—moral or philosophic. Read the Bible,

"Tis always the Bible—still the Bible. Everything is in that book. Well, then, frankly, that cannot content me, and, if I must say so, the most insignificant page of Plato or of Vyas, the most simple tragedy of Sophoctles or of Euripides, or a scene from

ਬਾਕੀ ਸਫ਼ਾ ੭੧ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਇੱਕ ਸੌ ਤੋਂ ਜ਼ਿਆਦਾ ਵਰ੍ਹਿਆਂ ਵਿੱਚ ਏਹਨਾਂ ਦੀਆਂ ਪ੍ਰਚਾਰਕ ਸੰਸਥਾਵਾਂ ਨੇ ਅਣਗਿਣਤ ਪੁਸਤਕਾਂ ਵੇਦਾਂ, ਸ਼ਾਸਤ੍ਰਾਂ, ਸਿੰਮ੍ਰਿਤੀਆਂ ਤੇ ਪੁਰਾਨਾਂ ਦੇ ਵਿਰੁੱਧ ਛਾਪੀਆਂ, ਸਭ ਦਾ ਆਧਾਰ ਗ਼ਲਤ ਬਿਆਨੀਆਂ ਪਰ ਹੈ. ਏਹਨਾਂ ਦੀ ਕੇਹੜੀ ਕੇਹੜੀ ਜ਼ਿਆਦਤੀ ਦਾ ਜ਼ਿਕਰ ਕੀਤਾ ਜਾਵੇ, ਤੇ ਏਹਨਾਂ ਦਾ ਕੇਹੜਾ ਚੰਗਾ ਤੋਹਫ਼ਾ ਪਾਠਕ ਦੀ ਭੇਟ ਕੀਤਾ ਜਾਵੇ, ਮੈਨੂੰ ਪਤਾ ਨਹੀਂ! ਪਰ, ਜੇਹੜੇ ਸਿੱਖ ਸਤਿਗੁਰਾਂ ਦੀਆਂ ਅਪਾਰ ਮੇਹਰਾਂ ਦੇ ਸਦਕੇ ਬੇ ਫ਼ਿਕਰੀ ਨਾਲ ਸੁਖ ਦੀ ਦੋ ਡੰਗ ਰੋਟੀ ਖਾਣ ਦੇ ਲਾਇਕ ਹੋ ਜਾਂਦੇ ਹਨ, ਅਰ ਚੰਗੇ ਪਹਿਰਨ ਦੇ ਤੇ ਸੰਤੁਸ਼ਟਤਾ ਨਾਲ ਰਹਿਣ ਦੇ ਚੰਗੇ ਸਾਮਾਨ ਤੇ ਸੰਤਾਨ ਵੀ ਪ੍ਰਾਪਤ ਕਰ ਲੈਂਦੇ ਹਨ, ਤੇ ਜਿਨ੍ਹਾਂ ਨੂੰ ਸਭ ਤੋਂ ਪਹਿਲੀ ਗਲ ਫਿਰ ਇਹ ਹੀ ਸੁਝਦੀ ਹੈ ਕਿ ਬੱਚੇ ਬੱਚੀਆਂ ਨੂੰ ਕਿਸੇ ਤਰ੍ਹਾਂ ਈਸਾਈਆਂ ਦੇ ਸਕੂਲਾਂ ਵਿੱਚ ਦਾਖ਼ਲ ਕਰਵਾਈਏ ਤੇ ਬਚਪਨ ਤੋਂ ਹੀ ਉਹਨਾਂ ਨੂੰ ਆਪਣੇ ਮੇਹਰਾਂ ਦੇ ਸਾਈਂ ਸਤਿਗੁਰਾਂ ਦੇ ਨਿੰਦਕਾਂ ਦੇ ਹਵਾਲੇ ਕਰੀਏ; ਫਿਰ, ਜਿਨ੍ਹਾਂ ਸਿੱਖਾਂ ਨੂੰ ਤਨਕ ਪਰਵਾਹ ਨਹੀਂ ਕਿ ਐਸਾ ਕਰਨ ਨਾਲ ਉਹਨਾਂ ਦੇ ਬੱਚੇ ਆਪਣੀ ਸਭਯਤਾ, ਸੰਸਕ੍ਰਿਤੀ ਤੇ ਸਾਹਿਤਯ ਤੋਂ ਵਾਂਜੇ ਰਹਿ ਜਾਨਗੇ, ਅਰ, ਹਾਂ ਜੀ, ਜਿਨ੍ਹਾਂ ਨੂੰ ਇਹ ਵੀ ਭੈ ਨਹੀਂ ਕਿ ਉਹਨਾਂ ਦੇ ਨੌ ਨਿਹਾਲ ਅਮਿਤ ਫ਼ਜ਼ੂਲ ਖ਼ਰਚੀ ਸਿੱਖਨਗੇ, ਆਪ ਹੁਦਰੇ ਹੋ ਕੇ ਮਗਰੋਂ ਬੇਸ਼ੁਮਾਰ ਔਕੜਾਂ ਦਾ ਕਾਰਣ ਬਣਨਗੇ ਤੇ ਗੁਰ ਨਿੰਦਾ ਨੂੰ ਖ਼ੰਦਾ ਪੇਸ਼ਾਨੀ ਨਾਲ ਸੁਣਨ ਦੇ ਆਦੀ ਹੋ ਜਾਨਗੇ; ਉਹਨਾਂ ਸਿੱਖਾਂ ਵਿੱਚੋਂ ਭੋਲੇ ਤੇ ਅਜਾਣ ਸਿਦਕੀ ਭਾਈਆਂ ਦੀ ਜਾਣ ਪਛਾਣ ਲਈ ਮੈਂ ਜ਼ਰੂਰ ਨਮੂਨਾ ਮਾਤ੍ਰ ਦਸਣਾ ਚਾਹੁੰਦਾ ਹਾਂ ਕਿ ਇਹ ਮਸਕੀਨ ਮਸੀਹੀ ਮੁਸੱਵਰ ਗੁਰਮਤਿ ਦੀਆਂ ਕਿਸ ਪ੍ਰਕਾਰ ਦੀਆਂ ਤਸਵੀਰਾਂ ਆਪਣੇ ਦਿਲਕਸ਼ ਕਲਾ ਭਵਨਾਂ ਵਿੱਚ ਖਿਚਦੇ ਰਹਿੰਦੇ ਹਨ: ਮੇਰੇ ਸਾਹਮਣੇ ਇਸ ਵੇਲੇ ਇੱਕ ਅੰਗ੍ਰੇਜ਼ੀ-ਪੰਜਾਬੀ ਦੀ ਬ੍ਰਿਹਤਾਕਾਰੀ ਸਫ਼ਿਆਂ ਦੀ ਪੁਸਤਕ ਹੈ. ਇਹ ਲੁਧਿਆਣਾ-ਮਿਸ਼ਨ ਦੁਆਰਾ ਸਨ ੧੮੯੬ ਦੀ ਛਪੀ

ਸਫ਼ੇ ੭੦ ਦੀ ਬਾਕੀ

Shakuntala, a broken arm from a statue by Phydias, or a sculpture of Dahouta, would be much more instructive to me," ਪੁਰਾਣੇ ਐਹਦ ਨਾਮੇਂ ਨੂੰ ਰਦ ਕਰ ਕੇ ਮਗਰੋਂ ੩੩੪ ਤੋਂ ਪੁਸਤਕ ਦੇ ਅੰਤ (ਪੰਨਾ ੩੭੬) ਤਕ ਨਵੇਂ ਐਹਦ ਨਾਮੇਂ ਦੀ ਹਕੀਕਤ ਖੋਲ੍ਹੀ ਹੈ, ਤੇ ਜਿਸ ਦਾ ਸਾਰਾਂਸ਼ ਇਸ ਦੇ ਆਰੰਭਕ ਦੋ ਸ਼ੀਸ਼ਕ ਰੂਪੀ ਵਾਕਾਂ ਤੋਂ ਗਿਆਤ ਹੋ ਜਾਂਦਾ ਹੈ ਜੋ ਇਹ ਹਨ: (1) "Hindoo Origin of the Christian Idea." (2) "If I believed in the Catholic religion, I should commence by becoming a Jew, and being a Jew I should lose no time in adopting Brahminism."

Sri Satguru Jagjit Singh Ji eLibrary NamdhariElibrary@gmail.com

ਹੋਈ ਹੈ. ਇਸਦਾ ਕਰਤਾ ਬੋਰਸਦ, ਜ਼ਿਲਾ ਖੇੜਾ, (ਬੁੰਬਈ), ਨਿਵਾਸੀ ਪੰਡਿਤ ਵਾਲਜੀ ਭਾਈ ਹੈ. ਇਸ ਦਾ ਨਾਮ ਹੈ "ਹਰੀ ਚਰਿਤ੍ਰ"(or Comparison Between The Ad Granth and the Bible) ਲੇਖਕ ਜੀ ਪੰਨਾ ੪ ਪਰ ਆਪਣੇ ਪਾਠਕ ਨਾਲ ਵਾਦਾ ਕਰਦੇ ਹਨ ਕਿ "ਮੈਂ ਹੋਰਨਾਂ ਵਾਂਗ ਇਹ ਪੁਸਤਕ ਸੁਣੀਆਂ ਸੁਣਾਈਆਂ ਗੱਲਾਂ ਤੋਂ ਨਹੀਂ ਲਿੱਖੀ ਬਲਕਿ "Having thoroughly learnt and understood the Ad Granth in Gurmukhi, and after having fully examined it ਲਿੱਖੀ ਹੈ." ਹੁਣ ਅੱਗੇ ਆਪਣੇ ਇਲਮ ਦੀ ਇਉਂ ਨਮਾਇਸ਼ ਕਰਦੇ ਹਨ : ਪੰ: ੬– "ਆਦ ਗ੍ਰੰਥ ਵਿੱਚ ਪਹਿਲੇ ਨੌਂ ਗੁਰੂਆਂ ਦੀ, ਤੇ (ਪੰ: ੭) ਵੀਹ ਭਗਤਾਂ ਦੀ ਬਾਣੀ ਹੈ. (ਪੰ: ੭) "If there is any need of printing it, the weight of papers must not be less than 28 lbs. The fat which is mixed with ink used for the purpose of printing must be taken from the neck of a ram slain at one stroke. Whoever will act contrary to these rules will be responsible according to the Penal Code." ਪੰ: ੮–"The doctrine of transmigration and some other errors occur in the Ad Granth, also there are certain other defects from which we clearly see that the Granth is not divine. ਪੰ: ੯–"Nanak Sahib calls God of gods is Christ the son of God."ਪੰ: ੧੨–The name Nanak is from Latin 'nuncio' which means messenger ਪੰ: ੧੩–" The title Nuncio was given to the man who was sent into the Panjab (by the Pope) to preach the Gospel of Jesus Christ."

ਪੰ:–੧੫ :–"੧ ੳ ਦਾ "ੳ" ਯੂਨਾਨੀ ਹੈ ਨਾਂ ਕਿ ਸੰਸਕ੍ਰਿਤ : ਇਸਦਾ ਅਰਥ ਹੈ God and His Son."

ਪੰ: ੫੬–"Hari is the Son of God."

ਪੰ:੮੪–'Hari's name is Mosiu.'

ਪੰ: ੪–'We learn from the Ad Granth that Nanak Sahib and his successors repented of and confessed their sins."

ਪੰ: ੪–"Nanak after wandering from jungle to jungle at last became acquainted with Satguru Hari, the Son of God and began to worship him with heart and soul."

ਇਸ ਪ੍ਰਕਾਰ ਦਾ "ਗੂੜ੍ਹ ਤੇ ਸਹੀ ਗਿਆਨ" ਪੰਡਿਤ ਵਾਲਜੀ ਭਾਈ ਨੇ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਗਟ ਕੀਤਾ ਹੈ. ਇਹ ਬੜੀ ਪੁਰਾਣੀ ਕਿਤਾਬ ਹੈ. ਇਹ ਸਾਰੇ ਪਾਠਕਾਂ ਨੂੰ ਪ੍ਰਾਪਤ ਹੋਣੀ ਨਾ ਮੁਮਕਿਨ ਹੈ. ਪਰ ਜੇ ਗੁਰਮਤਿ ਦੀ ਹੋਰ ਨਵੀਂ ਤਸਵੀਰ ਵਰਤਮਾਨ ਮਸੀਹੀ ਮੁਸੱਵਰ ਦੁਆਰਾ ਖਿੱਚੀ ਹੋਈ ਵੇਖਣੀ ਹੋਵੇ ਤਾਂ ਦੇਖੋ, 'The Sikhs and thier Scriptures by C. H. Loehlin, Ph. D. (The Lucknow Publishing House, 1958) ਨਮੂਨਾ ਪੰ: ੪੪-੪੫:" Guru Arjan says in the Sukhmani "By Grace, all may be saved." "It is quite possible that Guru Arjan heard thus emphasized in New Testament teaching, as there were many christian theologians and teachers in India in 1600."ਪੰ: ੫੮-"The names of Nanak and Kabir are linked together, and it seems clear that, whether Nanak can be called a disciple of Kabir or not "

ਹੁਣ ਸਿਦਕੀ ਸਿੱਖ (ਭਾਵੇਂ ਉਹ ਰਈਸ ਹੋਵਨ ਤੇ ਭਾਵੇਂ ਮੱਧ ਸ਼੍ਰੇਣੀ ਦੇ) ਆਪੇ ਵਿਚਾਰ ਲੈਨ ਕਿ ਉਹਨਾਂ ਦੇ ਬੱਚੇ ਮਸੀਹੀ ਵਿਦਜਾ ਆਸ਼੍ਰਮਾਂ ਤੋਂ ਕਿੰਨਾਂ ਕੁ ਲਾਭ ਉਠਾ ਸਕਦੇ ਹਨ.

(੨੬) ਭਗਵਦਗੀਤਾ ਇੱਕ ਐਸੀ ਅਦੁਤੀ ਪੁਸਤਕ ਹੈ ਜਿਸ ਦੀ ਰੂਹਾਨੀ ਤਾਲੀਮ ਦਾ ਪਿਛਲੇ ਤਕਰੀਬਨ ਦੋ ਸੌ ਵਰ੍ਹਿਆਂ ਤੋਂ ਯੂਰਪ ਤੇ ਅਮ੍ਰੀਕਾ ਵਿੱਚ ਡੰਕਾ ਵਜ ਰਿਹਾ ਹੈ. ਏਹਨਾਂ ਦੋਹਾਂ ਮਹਾਂ ਦ੍ਰੀਪਾਂ ਦੇ ਜਗਤ ਵਿਖਯਾਤ ਵਿਦ੍ਵਾਨਾਂ ਤੇ ਗੰਭੀਰ ਚਿੰਤਕਾਂ ਵਿੱਚੋਂ ਸ਼ਾਇਦ ਹੀ ਕੋਈ ਐਸਾ ਹੋਵੇ ਜਿਸ ਨੇ ਇਸਨੂੰ ਆਪਣੀ ਸ਼੍ਰੱਧਾਂਜਲੀ ਪੇਸ਼ ਨ ਕੀਤੀ ਹੋਵੇ, ਪਰ ਮਸੀਹੀ ਨਿੰਦਾ-ਭਵਨ ਦੇ ਹਮਲਿਆਂ ਤੋਂ ਇਹ ਵੀ ਨਹੀਂ ਬਚ ਸਕੀ. ਅਨੇਕਾਂ ਪੱਛਮੀ ਮਸੀਹੀ ਮੌਲਾਣਿਆਂ ਨੇ ਇਸ ਦੀ ਸਮੇਂ ਸਮੇਂ ਪਰ ਨੁਕਤਾ ਚੀਨੀ ਕੀਤੀ ਹੈ, ਪਰ ਹੁਣ ਸਭ ਤੋਂ ਤਾਜ਼ਾ ਨੁਕਤਾਚੀਨੀ ਇਸਦੀ ਇੱਕ ਦੇਸੀ ਈਸਾਈ ਨੇ ਕੀਤੀ ਹੈ, ਕਿਤਾਬ ਬ੍ਰਿਹਤਾਕਾਰੀ ਹੈ; ਇਸਦਾ ਨਾਮ "A Christian Approach to the Bhagwad Gita" ਹੈ, ਲੇਖਕ ਦਾ ਨਾਮ P. S. Mathai ਹੈ (ਇਸ ਨੂੰ Y. M. C. A. Publishing House, 5, Russel St. Calcutta, 16 ਨੇ ਸਨ ੧੯੫੬ ਵਿੱਚ ਪ੍ਰਕਾਸ਼ਿਤ ਕੀਤਾ ਹੈ.) ਇਸ ਦੇ ੧੧੬ ਪੰਨੇ ਹਨ. ਅਰੰਭ ਵਿੱਚ ਲੇਖਕ ਕਹਿੰਦਾ ਹੈ ਕਿ ਮੈਂ ਭਗਵਦਗੀਤਾ ਦਾ ਮੁਤਾਲਿਆ ਰਾਧਾ ਕ੍ਰਿਸ਼ਨਨ ਜੀ (ਹੁਣ President of India) ਦੇ ਤਰਜਮੇ ਤੋਂ ਕੀਤਾ ਹੈ, ਤੇ, ਫਿਰ ਪੁਸਤਕ ਦੇ ਆਦਿ ਤੋਂ ਅੰਤ ਤਕ ਰਾਧਾ ਕ੍ਰਿਸ਼ਨਨ ਜੀ ਪਰ ਪ੍ਰਚੰਡ ਕ੍ਰੋਧ ਦੇ ਬਾਣ ਚਲਾਏ ਹੋਏ ਹਨ ਕਿ ਉਹਨਾਂ ਨੇ ਗੀਤਾ ਦੇ ਸ਼ਲੋਕਾਂ ਦੇ ਨਾਲ

Sri Satguru Jagjit Singh Ji eLibrary NamdhariElibrary@gmail.com

ਨਾਲ ਇੰਜੀਲ (New Testament) ਵਿੱਚੋਂ ਈਸਾ ਦੇ ਰੂਹਾਨੀ ਜੀਵਨ ਸੰਬੰਧੀ ਵਾਕ ਭੀ ਕਿਉਂ ਦਿੱਤੇ ਹਨ. ਗੁੱਸਾ ਸਾਰਾ (ਮਠਾਈ ਨੇ) ਇਸ ਗਲ ਦਾ ਕੀਤਾ ਹੈ ਕਿ "ਈਸਾ ਮਸੀਹ ਜੋ ਕਿ ਇੱਕ ਇਤਿਹਾਸਿਕ ਹਸਤੀ ਸੀ ਕਿਉਂ ਉਸਦੇ ਮੁਕਾਬਲੇ ਵਿੱਚ ਕ੍ਰਿਸ਼ਨ ਵਰਗੀ ਫ਼ਰਜ਼ੀ ਸ਼ਖ਼ਸੀਅਤ ਦੇ ਵਾਕਾਂ ਨੂੰ ਪੇਸ਼ ਕੀਤਾ ਗਿਆ ਹੈ." ਮਠਾਈ ਦੀ ਇਸ ਪੁਸਤਕ ਦੀ ਹੱਡੀ ਲੰਮੀ ਚੌੜੀ ਸਮਾਲੋਚਨਾ ਕਿਸੇ ਚੰਗੇ ਲਾਇਕ ਵਿਦ੍ਵਾਨ ਨੇ Hindustan Times, Delhi ਦੇ ੭ ਅਪ੍ਰੈਲ, ਸਨ ੧੯੫੭ ਦੇ ਪਰਚੇ ਵਿੱਚ ਕੀਤੀ ਸੀ ਜਿਸਦਾ heading ਸੀ "Seeing Through Jaundiced Eyes" ਤੇ ਜਿਸਦੇ ਅੰਤਿਮ ਫ਼ਿਕਰਿਆਂ ਵਿੱਚੋਂ ਇੱਕ ਇਹ ਸੀ: "One is surprized that the Y. M. C. A., which one had thought of as representing liberal christianity should give its support to a book of this kind by publishing it. When will christians like our author learn that the way of spreading their gospel is not by vilifying, misinterpreting and attacking the sacred books and teachings of other religions ?" ਅਰਥਾਤ, "ਯਰਕਾਨੀ ਅੱਖਾਂ ਦੁਆਰਾ ਵੇਖਣਾ:—ਸਾਨੂੰ ਇਹ ਵੇਖ ਕੇ ਹੈਰਾਨਗੀ ਹੁੰਦੀ ਹੈ ਕਿ ਯੰਗ ਮੈਨਜ਼ ਕ੍ਰਿਸਟੀਅਨ ਐਸੋਸੀਏਸ਼ਨ, ਜੋ ਸਾਡੇ ਖ਼ਿਆਲ ਵਿੱਚ ਫ਼ਰਾਖ਼ਦਿਲ ਈਸਾਈਆਂ ਦੀ ਸੰਸਥਾ ਸੀ, ਕਿਉਂ ਇਸ ਕਿਸਮ ਦੀ ਕਿਤਾਬ ਨੂੰ ਪ੍ਰਕਾਸ਼ਿਤ ਕਰਨ ਵਿੱਚ ਸਹਾਇਤਾ ਦੇਂਦੀ ਹੈ. ਰੱਬਾ, ਕਦੋਂ ਇਸ ਗ੍ਰੰਥ ਕਰਤਾ ਵਰਗੇ ਈਸਾਈ ਸਿੱਖਨਗੇ ਕਿ ਉਹਨਾਂ ਦੇ ਮਤ ਦਾ ਪ੍ਰਚਾਰ ਇਸ ਤਰੀਕੇ ਦੁਆਰਾ ਨਹੀਂ ਹੋਣਾ ਕਿ ਉਹ ਹੋਰ ਧਰਮਾਂ ਪਰ ਹਮਲੇ ਕਰਨ, ਉਹਨਾਂ ਦੇ ਪਵਿਤ੍ਰ ਗ੍ਰੰਥਾਂ ਨੂੰ ਨਿੰਦਨ, ਤੇ ਉਹਨਾਂ ਦੇ ਉਪਦੇਸ਼ਾਂ ਦੇ ਗ਼ਲਤ ਅਰਥ ਕਰਨ !"

(੨੭) ਕੁੱਝਕ ਸਤਰਾਂ ਉੱਪਰ ਮੈਂ ਸਿਦਕੀ ਸਿੱਖਾਂ ਨੂੰ ਸੰਬੋਧਨ ਕਰ ਕੇ ਲਿਖੀਆਂ ਹਨ, ਅਰ ਐਸੀਆਂ ਪੁਸਤਕਾਂ ਦੇ ਆਧਾਰ ਪਰ ਜੋ ਸਾਧਾਰਣ ਤਨਖ਼ਾਹਦਾਰ ਈਸਾਈਆਂ ਦੀਆਂ ਰਚੀਆਂ ਹੋਈਆਂ ਹਨ. ਮੈਂ ਉਹਨਾਂ ਨੂੰ ਖ਼ਬਰਦਾਰ ਕੀਤਾ ਸੀ ਕਿ ਉਹ ਆਪਣੇ ਬੱਚਿਆਂ ਨੂੰ ਜਾਣ ਬੁੱਝ ਕੇ ਗੁਰ ਸਿੱਖੀ ਤੋਂ ਦੂਰ ਨ ਹੋਣ ਦੇਵਣ. ਹੁਣ ਮੈਂ ਨਿਖਲ ਗੁਰ ਪੰਥ ਨੂੰ ਸੰਬੋਧਨ ਕਰਦਾ ਹਾਂ ਤੇ ਦਸਣਾ ਚਾਹੁੰਦਾ ਹਾਂ ਕਿ ਇੰਜੀਲ ਮੁਕੱਦਸ ਸ੍ਵਯੰ (Itself) ਕੇਸਾਂ ਦੇ ਸੰਬੰਧ ਵਿੱਚ ਕੀ ਸਿਖਿਆ ਦੇਂਦੀ ਹੈ. ਹਾਲਾਂ ਕਿ ਖ਼ੁਦ ਹਜ਼ਰਤ ਈਸਾ ਦੇ, ਜਿਹਾ ਕਿ ਉਹਨਾਂ ਦੇ ਹਰ ਇੱਕ ਚਿਤ੍ਰ ਤੋਂ ਪਤਾ ਲਗਦਾ ਹੈ, ਲੰਮੇ ਕੇਸ ਸਨ; ਤੇ ਖ਼ੁਦ *ਇੰਜੀਲ ਦੀ ਸ਼ਹਾਦਤ ਤੋਂ ਸਾਬਤ ਹੁੰਦਾ ਹੈ ਕਿ ਯੂਹੱਨਾ

* See, A Concise Bible Dictionary, based on the Cambridge Companion to the Bible, p. 110, under 'Nazarite.'

Sri Satguru Jagjit Singh Ji eLibrary NamdhariElibrary@gmail.com

ਬਪਤਿਸਮੀ ਨਜ਼ੀਰੀਤੀ (John the Baptist, the Nazarite) ਦੇ ਵੀ ਲੰਮੇ ਵਾਲ ਸਨ, ਜਿਸ ਤੋਂ ਕਿ ਹਜ਼ਰਤ ਈਸਾ ਨੇ ਬਪਤਿਸਮਾ ਲਿਆ ਸੀ; ਤਾਂ ਵੀ ਇੰਜੀਲ ਕਹਿੰਦੀ ਹੈ : *"Doth not even nature itself teach you, that, if a man have long hair, it is a shame unto him ? But, if a woman have long hair, it is a glory to her ? (N. T. I. Corinthians 11. 14-15) ਅਰਥਾਤ, "ਕੀ ਤੁਹਾਨੂੰ ਕੁਦਰਤ ਆਪ ਹੀ ਨਹੀਂ ਸਿਖਾਂਦੀ ਕਿ ਜੇ ਪੁਰਖ ਲੰਮੇ ਵਾਲ ਰੱਖੇ ਤਾਂ ਇਹ ਉਸ ਲਈ ਸ਼ਰਮ ਦੀ ਗਲ ਹੈ. ਪਰ, ਜੇ ਤੀਮੀਂ ਲੰਮੇ ਵਾਲ ਰੱਖੇ ਤਾਂ ਇਹ ਉਸ ਲਈ ਸ਼ੋਭਾ ਦੀ ਗਲ ਹੈ." ਇੰਜੀਲ ਦੇ ਏਹਨਾਂ ਵਾਕਾਂ ਤੋਂ ਗੁਰ ਸਿੰਘਾਂ ਨੂੰ ਸਪਸ਼ਟ ਸ਼ਬਦਾਂ ਵਿੱਚ ਪਤਾ ਲਗ ਜਾਣਾ ਚਾਹੀਦਾ ਹੈ ਕਿ ਕੇਸਾਂ ਦੇ ਸੰਬੰਧ ਵਿੱਚ, ਪੁਰਖ ਲਈ, ਇੰਜੀਲ ਮੁਕੱਦਸ ਦਾ ਕੀ ਫ਼ਰਮਾਨ ਹੈ.

(੨੮) ਹੁਣ ਮੈਂ ਸਾਰੇ ਸੰਸਾਰ ਦੇ ਸਿੱਖਾਂ ਤੇ ਸਿੰਘਾਂ ਦੇ ਸਮਸ਼ਟੀ ਅੰਤਹ ਕਰਣ (Collective ਅੰਤਹ ਕਰਣ) ਵਿੱਚ, ਉਸ ਪਰਮ ਪੁਰਾਤਨ, ਪਰਮ ਉਤਕ੍ਰਿਸ਼ਟ, ਪਰਮ ਆਹਲਾਦ ਜਨਕ, ਤੇ ਪਰਮ ਕੀਰਤੀਵੰਤ ਵੇਦ ਮੰਤ੍ਰ ਦੀ ਜੋਤਿ ਜਗਾਣਾ ਚਾਹੁੰਦਾ ਹਾਂ ਜਿਸ ਨੂੰ ਸ੍ਰਿਸ਼ਟੀ ਦੇ ਇਸ ਸਰਗ (Creation) ਦੇ ਅਰੰਭ ਵਿੱਚ (ਤਕਰੀਬਨ ਦੋ ਅਰਬ ਵੱਰ੍ਹੇ ਬੀਤੇ ਹਨ) ਜਗਤ ਪਿਤਾ ਨੇ ਆਪ ਹੀ ਆਪਣੇ ਸੁਪ੍ਰਬੱਧ (Self Awakened) ਰਿਸ਼ੀ ਦੇ ਹਿਰਦੇ ਵਿੱਚ ਪ੍ਰਕਾਸ਼ਿਤ ਕੀਤਾ ਤੇ ਉਸ ਦੀ ਪਵਿਤ੍ਰ ਰਸਨਾ ਦੁਆਰਾ ਸ੍ਰਿਸ਼ਟੀ ਨੂੰ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ, ਤਕਰੀਬਨ ਦੋ ਅਰਬ ਵੱਰ੍ਹੇ ਮਗਰੋਂ ਹੋਣ ਵਾਲੇ, ਸਿੰਘਾਂ ਦੀਆਂ ਸਕੋਸ਼, ਸਦਾ ਚੜ੍ਹਦੀਆਂ ਕਲਾਂ ਤੇ ਰਹਿਣ ਵਾਲੀਆਂ, ਖ਼ੂਬ ਛਕਣ ਛਕਾਣ ਵਾਲੀਆਂ, ਤੇ ਮੇਘ ਨਾਦ ਦੁਆਰਾ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਣ ਵਾਲੀਆਂ, ਦੇਸ਼ ਤੇ ਧਰਮ ਪਰ ਕੁਰਬਾਣ ਹੋਣ ਵਾਲੀਆਂ, ਫ਼ੌਜਾਂ ਦਾ ਸਤਕਾਰ ਕਰਨਾ, ਤੇ ਉਹਨਾਂ ਨੂੰ ਨਮਸਕਾਰ ਕਰਨਾ ਸਿਖਾਇਆ ! ਲੋ, ਸ਼ਰੀਰ ਤੇ ਮਨ ਨੂੰ ਅੰਦਰੋਂ ਬਾਹਰੋਂ ਸ਼ੁੱਧ ਤੇ ਸ੍ਹੱਛ ਕਰ ਕੇ ਉਸ ਪਾਵਨ ਮੰਤ੍ਰ ਦਾ ਪਾਠ ਕਰੋ:-

*ਮੈਂ ਇੰਜੀਲ ਦੀ ਇਸ ਆਇਤ ਪੁਰ ਆਪਣੇ "Plato and the True Enlightener of the Soul (Luzac & Co. London, 1912)" ਵਿੱਚ, ਪੰਜ ਕਕਾਰਾਂ ਦੇ ਪ੍ਰਕਰਣ ਵਿੱਚ, ਕਾਫ਼ੀ ਤਬੱਸਰਾ ਕੀਤਾ ਹੈ.

Sri Satguru Jagjit Singh Ji eLibrary NamdhariElibrary@gmail.com

*"ਨਮਸਤੇ ਘੋਸ਼ਿ-ਣੀ-ਭਯੋ, ਨਮਸਤੇ ਕੇਸ਼ਿ-ਨੀ-ਭਯਹ ।
ਨਮੋ ਨਮਸ-ਕ੍ਰਿਤਾ-ਭਯੋ, ਨਮਹ ਸਮ੍-ਭੁੰਜਤੀ-ਭਯਹ ।
ਨਮਸਤੇ ਦੇਵ ਸੇਨਾ-ਭਯਹ, ਸ੍ਵਸਤਿ ਨੋ ਅਭਯੰ ਚ ਨਹ ॥"
(ਅਥਰਵ ਵੇਦ. ਕਾਂਡ ੧੧. ਸੂਕਤ ੨. ਮੰਤ੍ਰ ੩੧)

ਅਨਵੈ (अन्वयः i. e Logical connection of words) ਤੇ ਸ਼ਬਦਾਰਥ:–(ਦੇਵ) ਹੇ ਅਕਾਲ ਪੁਰਖ; (ਤੇ) ਤੇਰੀਆਂ; (ਸੇਨਾਭਯਹ) ਫ਼ੌਜਾਂ ਨੂੰ; (ਨਮਹ) ਨਮਸਕਾਰ ਹੈ; (ਤੇ) ਤੇਰੀਆਂ; (ਘੋਸ਼ਿ-ਣੀ-ਭਯਹ) ਅਤਿ ਉੱਚਾ ਨਾਦ ਕਰਨ ਵਾਲੀਆਂ ਨੂੰ; (ਨਮਹ) ਨਮਸਕਾਰ ਹੈ; (ਤੇ) ਤੇਰੀਆਂ; (ਕੇਸ਼ਿ-ਨੀ-ਭਯਹ) ਕੇਸਾਂ ਵਾਲੀਆਂ ਨੂੰ; (ਨਮਹ) ਨਮਸਕਾਰ ਹੈ; (ਨਮਸ-ਕ੍ਰਿਤਾ-ਭਯਹ) ਸਤਕਾਰਿਤ ਨੂੰ ਨਮਸਕਾਰ ਹੈ; (ਨਮਹ) ਨਮਸਕਾਰ ਹੈ; (ਨਮਹ) ਨਮਸਕਾਰ ਹੈ; (ਸਮ੍-ਭੁੰਜਤੀ-ਭਯਹ) ਚੰਗੀ ਤਰ੍ਹਾਂ ਭੋਜਨ ਕਰਨ ਵਾਲੀਆਂ ਨੂੰ;(ਸ੍ਵਸਤਿ)ਕਲਿਆਣ ਹੋਵੇ; (ਨਹ) ਸਾਡਾ; (ਅਭਯੰ) ਨਿਰਭੈ ਹੋਵੀਏ; (ਚ) ਅਤੇ; (ਨਹ) ਅੱਸੀਂ.

ਸਰਲ ਅਰਥ : "ਨਮਸਕਾਰ ਹੋਵੇ, ਤੇਰੀਆਂ ਉੱਚ ਨਾਦ ਕਰਨ ਵਾਲੀਆਂ ਤੇ ਕੇਸਾਂ ਵਾਲੀਆਂ ਫ਼ੌਜਾਂ ਨੂੰ;
ਨਮਸਕਾਰ ਹੋਵੇ, ਤੇਰੀਆਂ ਸਤਕਾਰਿਤ ਤੇ ਖ਼ੂਬ ਭੋਜਨ ਕਰਨ ਵਾਲੀਆਂ ਫ਼ੌਜਾਂ ਨੂੰ;
ਹੇ ਅਕਾਲ ਪੁਰਖ! ਸਾਡਾ ਕਲਿਆਣ ਹੋਵੇ ਤੇ ਅੱਸੀਂ ਨਿਰਭੈ ਹੋਵੀਏ!"

ਹੁਣ ਇਨਸਾਫ਼ ਨਾਲ ਵਿਚਾਰ ਕੀਤੀ ਜਾਏ ਕਿ ਇਹ ਵੇਦ ਮੰਤ੍ਰ ਯਾ ਕਿ ਉੱਪਰ ਦਿੱਤਾ ਇੰਜੀਲ ਦਾ ਵਾਕ, ਜਿਸ ਵਿੱਚ ਰੱਬ ਆਪਣੇ ਇਕਲੌਤੇ ਪੁਤ੍ਰ ਦੇ ਰਸੂਲ ਪਾਸੋਂ ਅਖਵਾਂਦਾ ਹੈ ਕਿ "ਤੀਮੀਆਂ" ਦੇ ਸਿਰ ਪੁਰ ਤਾਂ ਲੰਮੇ ਵਾਲ ਸ਼ਾਨਦਾਰ ਲਗਦੇ ਹਨ ਪਰ ਮਰਦਾਂ ਦੇ ਸਿਰ ਪੁਰ ਇਹ ਸ਼ਰਮ ਦਾ ਬਾਇਸ ਹਨ," ਏਹਨਾਂ ਦੋਹਾਂ ਵਾਕਾਂ ਵਿੱਚੋਂ ਕੇਹੜਾ "ਕੁਦਰਤ ਦੇ ਕਾਦਰ" ਦਾ ਹੋ ਸਕਦਾ ਹੈ. ਤਾਰਿਆਂ ਦੇ ਰੱਬ ਦੀ ਸਹੁੰ! ਜੇ ਮੇਰੇ ਵਿੱਚ ਬੁੱਧੀ ਤੇ ਪ੍ਰਾਕ੍ਰਮ

* "नमस्ते घोषिणीभ्यो नमस्ते केशिनीभ्यः ।
नमो नमस्कृताभ्यो नमः सम्भुञ्जतीभ्यः ।
नमस्ते देव सेनाभ्यः स्वस्ति नो अभयं च नः ।"

ਰੈਲਫ਼ ਟੀ. ਐਚ ਗ੍ਰਿਫ਼ਿਥ (Ralph T. H. Griffith) ਨੇ ਆਪਣੇ ਅਥਰਵ ਵੇਦ ਦੇ ਉਲਥੇ ਵਿੱਚ ਇਸ ਮੰਤ੍ਰ ਦਾ ਤਰਜਮਾ ਇਉਂ ਕੀਤਾ ਹੈ:--

"Homage to thy loud-shouting and long-haired hosts;
Homage to thy hosts that are adored,
Homage to thy armies that enjoy,
Homage to all thy troops, O God, Security and Bliss be ours."

ਪਰ ਜੋ ਤਰਜਮਾ ਮੈਂ ਉੱਪਰ ਪੇਸ਼ ਕੀਤਾ ਹੈ ਉਹ ਜ਼ਿਆਦਾ ਸ਼ੁੱਧ ਹੈ.

Sri Satguru Jagjit Singh Ji eLibrary NamdhariElibrary@gmail.com

ਹੋਵਨ ਤਾਂ ਮੈਂ ਇਸ ਮੰਤ੍ਰ ਦੇ ਆਧਾਰ ਪਰ ਸੰਸਾਰ ਦੀਆਂ ਸਾਰੀਆਂ ਪ੍ਰਮੁਖ ਬੋਲੀਆਂ ਵਿੱਚ ਇੱਕ ਬ੍ਰਿਹਤ ਗ੍ਰੰਥ ਰਚਾਂ; ਜੇ ਮੇਰੇ ਕੋਲ ਵਿੱਤ ਦੇ ਅਮਿਤ ਰੀਜ ਹੋਵਨ ਤਾਂ ਮੈਂ ਇਸ ਮਹਾਂ ਵਾਕ ਨੂੰ ਸ੍ਵਰਣ ਪੱਟਾਂ ਪੁਰ ਉਕ੍ਰਵਾ ਕੇ ਸਾਰੇ ਸਿੱਖਾਂ ਦੀ ਭੇਟਾ ਕਰਨ ਵਿੱਚ ਜ਼ਰਾ ਵੀ ਢਿਲ ਨ ਲਾਵਾਂ; ਜੇ ਮੇਰੇ ਵਿੱਚ ਹਰੀ ਕ੍ਰਿਪਾ ਦੁਆਰਾ ਪ੍ਰਤਜਗਾਤਮਨ (Inner Soul) ਦੀ ਸ਼ਕਤੀ ਸਚੇਸ਼ਟ ਹੋ ਜਾਏ ਤਾਂ ਮੈਂ ਨਿਖਲ ਨਰ ਨਾਰੀਆਂ ਦੇ ਹਿਰਦਿਆਂ ਵਿੱਚ ਹੁਣੇ ਪ੍ਰਵੇਸ਼ ਕਰਕੇ ਉਹਨਾਂ ਨੂੰ ਇਸ ਪਰਮ ਆਦਿ ਈਸ਼ੁਰੀ ਰਚਨਾ ਦਾ ਇੱਕ ੨ ਅੱਖਰ ਕੰਠ ਕਰਵਾ ਦਿਆਂ !

(੨੯) ਸਪਸ਼ਟ ਹੈ ਕਿ ਉਪ੍ਰੋਕਤ ਮੰਤ੍ਰ ਦਾ ਸ੍ਰੀ ਗੁਰੂ ਕਲਗੀ ਧਰ ਜੀ ਦੀਆਂ ਫ਼ੌਜਾਂ ਵਲ ਇਸ਼ਾਰਾ ਹੈ. ਪਰ, ਜੇ ਕਿਸੇ ਪਾਠਕ ਨੂੰ ਇਸ ਦੀ ਤਕਰੀਬਨ ਦੋ-ਅਰਬ-ਸਾਲਾ ਪ੍ਰਾਚੀਨਤਾ ਪੁਰ ਏਤਰਾਜ਼ ਹੈ ਤਾਂ ਚਲੋ ਉਹ ਇਸ ਨੂੰ ਨਾਂ ਮੰਨੇ ! ਤਾਂ ਵੀ ਹਰ ਇੱਕ ਪਾਠਕ ਵੇਦ ਦੀ ਉਤਨੀ ਪ੍ਰਾਚੀਨਤਾ ਨੂੰ ਤਾਂ ਜ਼ਰੂਰ ਮੰਨੇਗਾ ਜਿਤਨੀ ਕਿ ਇਸ ਲਈ ਪੱਛਮੀ ਖੋਜੀਆਂ ਨੇ ਮੰਨੀ ਹੈ; ਅਰਥਾਤ, ਡੇੜ੍ਹ ਤੋਂ ਦੋ ਯਾ ਢਾਈ ਹਜ਼ਾਰ ਵੱਰ੍ਹੇ ਮਸੀਹ ਤੋਂ ਪਹਿਲੇ. ਸੋ, ਫਿਰ ਵੀ ਇਹ ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਧਾਰਨ ਤੋਂ ਘਟੋ ਘਟ ਚਾਰ ਹਜ਼ਾਰ ਵੱਰ੍ਹੇ ਪਹਿਲੇ ਦਾ ਹੈ. ਕੀ ਸੰਸਾਰ ਦੇ ਕਿਸੇ ਵੀ ਹੋਰ ਧਾਰਮਿਕ ਯਾ ਨਾਨ-ਧਾਰਮਿਕ ਪੁਸਤਕ ਵਿੱਚ ਐਸਾ ਸਪਸ਼ਟ ਵਾਕ ਕਿਸੇ ਵੀ ਭਵਿਸ਼ਜਤ ਘਟਨਾ ਦੇ ਸੰਬੰਧ ਵਿੱਚ ਮੌਜੂਦ ਹੈ ? ਨਿਸ਼ਚਿਤ ਹੀ ਕਿਤੇ ਨਹੀਂ ! ਪਰ ਜੇ ਏਤਰਾਜ਼ ਕੀਤਾ ਜਾਏ ਕਿ ਇਹ ਖ਼ਾਲਸਾ ਜੀ ਦੇ ਸੰਬੰਧ ਵਿੱਚ ਨਹੀਂ, ਅਰ ਭਵਿਸ਼ਜਤ ਵਿੱਚ ਹੋਣ ਵਾਲੀਆਂ ਫ਼ੌਜਾਂ ਦੇ ਸੰਬੰਧ ਵਿੱਚ ਵੀ ਨਹੀਂ ਤਾਂ ਫਿਰ ਉਸ ਸੂਰਤ ਵਿੱਚ ਕੇਵਲ ਦੋ ਹੀ ਗੱਲਾਂ ਹੋਰ ਹੋ ਸਕਦੀਆਂ ਹਨ : ਪਹਿਲੀ ਇਹ ਕਿ ਜਦੋਂ ਇਹ ਵਾਕ ਰਚਿਆ ਗਿਆ ਸੀ ਓਦੋਂ ਕੋਈ ਕੇਸਾਂ ਵਾਲੀਆਂ ਫ਼ੌਜਾਂ ਹੁੰਦੀਆਂ ਹੋਨਗੀਆਂ, ਜਿਨ੍ਹਾਂ ਦਾ ਵਰਣਨ ਸਾਡੇ ਇਤਿਹਾਸ ਕਾਰਾਂ ਨੇ ਨਹੀਂ ਕੀਤਾ, ਤੇ ਹੋ ਸਕਦਾ ਹੈ ਕਿ ਇਸ ਦਾ ਇਸ਼ਾਰਾ ਉਹਨਾਂ ਵਲ ਹੋਵੇ. ਦੂਜੀ ਇਹ ਕਿ ਸ਼ਾਇਦ ਇਸ ਦਾ ਇਸ਼ਾਰਾ ਪ੍ਰਿਥ੍ਵੀ ਦੇ ਕਿਸੇ ਹੋਰ ਦੇਸ਼ ਦੀਆਂ ਲੰਮੇ ਵਾਲਾਂ ਵਾਲੀਆਂ ਫ਼ੌਜਾਂ ਵਲ ਹੋਵੇ, ਜਿਹਾ ਕਿ ਕਦੇ ਬਲੋਚਾਂ ਯਾ ਰੂਸੀ ਕੱਜ਼ਾਕਾਂ ਦੇ ਲੰਮੇ ਵਾਲ ਹੁੰਦੇ ਸਨ, ਯਾ ਜਿਹਾ ਕਿ ਕਵੀ ਹੋਮਰ ਦੇ ਕਥਨ ਅਨੁਸਾਰ ਪ੍ਰਾਚੀਨ ਯੂਨਾਨ ਦੇ 'ਆਖ਼ੀਆ' ਪ੍ਰਾਂਤ ਵਾਸੀਆਂ ਦੇ ਵੀ ਹੁੰਦੇ ਸਨ. (ਦੇਖੋ, Homer's Iliad, Book 2, between 1 and 16 verses, and between 17 and 51 verses, and Book 7 between 316 and 352 verses.)

10215

Sri Satguru Jagjit Singh Ji eLibrary NamdhariElibrary@gmail.com

ਜੇ ਇਹ ਦੋਵੇਂ ਹੀ ਗੱਲਾਂ ਠੀਕ ਹੋਵਨ ਤਦ ਵੀ ਇਹ ਅਨੂਪਮ ਮੰਤ੍ਰ ਖ਼ਾਲਸਾ ਫ਼ੌਜਾਂ ਨਾਲ ਪੂਰਾ ਸੰਬੰਧ ਰਖਦਾ ਹੈ. ਪਰ ਜੇ ਪੁਛਿਆ ਜਾਏ ਕਿ ਕਿਉਂ ਇਸ ਵਿੱਚ ਕੇਵਲ ਕੇਸਾਂ ਵਾਲੀਆਂ ਫ਼ੌਜਾਂ ਨੂੰ ਨਮਸਕਾਰ ਕੀਤਾ ਗਿਆ ਹੈ ਤਾਂ ਇਸ ਦਾ ਉੱਤਰ ਇਤਨਾ ਹੀ ਹੈ ਕਿ ਸਾਨੂੰ ਈਸ਼ੂਰ ਦੀ ਇਛਜਾ ਤੇ ਰਦਨਾਂ ਦੇ ਕਾਰਣਾਂ ਦਾ ਮੂਲੋਂ ਹੀ ਪਤਾ ਨਹੀਂ.

(੩੦) ਸਾਡੇ ਦਸਾਂ ਸਤਿਗੁਰਾਂ ਦਾ ਜ਼ਮਾਨਾ ਸਨ ੧੪੬੯ ਤੋਂ ੧੭੦੮ ਤਕ ਦਾ, ਭਾਵ, ਬਾਬਰ ਤੋਂ ਬਹਾਦਰ ਸ਼ਾਹ ਤਕ, ੨੩੯ ਵਰ੍ਹੇ ਸੀ. ਸਨ ੧੭੦੮ ਵਿੱਚ ੨੩੯ ਵਰ੍ਹੇ ਹੋਰ ਜਮਾਂ ਕਰੋ ਤਾਂ ੧੯੪੭ ਸਨ ਬਣਦਾ ਹੈ, ਜਿਸ ਨਾਲ ਸੰਮਤ ੪੭੮ ਨਾਨਕ ਸ਼ਾਹੀ ਵੀ ਆ ਮਿਲਦਾ ਹੈ. ਪਰ ਏਹਨਾਂ ਪਿਛਲੀਆਂ ਦੋ ਸਤਰਾਂ ਦਾ ਪ੍ਰਸੰਗ ਨਾਲ ਕੋਈ ਸੰਬੰਧ ਨਹੀਂ. ਕੇਵਲ ਵਿਸ-ਮਾਦ ਮਈ ਹੋਣ ਦੇ ਕਾਰਣ ਲਿਖੀਆਂ ਹਨ ! ਯੂਰਪ ਤੋਂ ਹਿੰਦੁਸਤਾਨ ਦਾ ਬੈਹਰੀ ਰਸਤਾ, ਵਾਸਕੋਡਾ ਗਾਮਾ ਦੁਆਰਾ ਸਨ ੧੪੯੮ ਵਿੱਚ ਮਲੂਮ ਹੋ ਚੁਕਾ ਸੀ. ੧੪੯੮ ਤੋਂ ੧੭੦੮ ਤਕ ਦੋ ਸੌ ਦਸ ਵਰ੍ਹੇ ਬਣਦੇ ਹਨ. ਇਸ ਲੰਮੇ ਅਰਸੇ ਵਿੱਚ ਅਨੇਕਾਂ ਹੀ ਯੂਰਪੀਨ ਤੇ ਈਸਾਈ ਹਿੰਦ ਵਿੱਚ ਆਏ ਹੋਨਗੇ ਅਰ ਦਿੱਲੀ ਤਕ ਜ਼ਰੂਰ ਹੀ ਪਹੁੰਚਦੇ ਰਹੇ ਹੋਨਗੇ, ਪਰ ਨ ਤਾਂ ਇਤਿਹਾਸ ਤੋਂ ਅਰ ਨਾਂ ਹੀ ਗੁਰਮਤਿ ਦੀਆਂ ਪ੍ਰਮਾਣੀਕ ਬਾਣੀਆਂ ਤੋਂ ਵਿਦਿਤ ਹੁੰਦਾ ਹੈ ਕਿ ਕੋਈ ਵੀ ਯੂਰਪੀਨ ਯਾ ਈਸਾਈ ਕਿਸੇ ਵੀ ਸਤਿਗੁਰੂ ਨੂੰ ਕਦੇ ਮਿਲਿਆ ਹੋਵੇ. ਤਾਂ ਵੀ, ਗੁਰਮਤਿ ਦੇ ਪ੍ਰਮੁਖ ਤੇ ਪ੍ਰਥਮ ਪ੍ਰਚਾਰਕ ਭਾਈ ਗੁਰਦਾਸ ਜੀ ਜੋ ਵਿਦ੍ਵਾਨ ਹੀ ਨ ਸਨ ਬਲਕਿ ਬ੍ਰਹਮ ਵੇਤਾ ਵੀ ਸਨ ਉਹਨਾਂ ਦਾ ਜ਼ਰੂਰ ਕਿਧਰੇ ਯਹੂਦੀਆਂ ਤੇ ਈਸਾਈਆਂ ਨਾਲ ਟਾਕਰਾ ਹੋਇਆ ਹੈ, ਤੇ ਉਹਨਾਂ ਨੇ ਆਪਣੀ ਬਾਣੀ ਵਿੱਚ ਏਹਨਾਂ ਸੰਬੰਧੀ ਕੋਈ ਸ਼ਲਾਘਾ ਯੋਗ ਰਾਏ ਕਲਮ ਬੰਦ ਨਹੀਂ ਕੀਤੀ, ਜੋ ਇਹ ਹੈ:–

"ਕਿਤੜੇ ਸੁੰਨੀ ਆਖੀਅਨ, ਕਿਤੜੇ ਈਸਾਈ ਮੂਸਾਈ ।
ਕੇਤੜਿਆਂ ਹੀ ਰਾਫ਼ਿਜ਼ੀ, ਕਿਤੜੇ ਮੁਲਹਦ, ਗਣਤ ਨ ਆਈ ।
ਲੱਖ ਫ਼ਿਰੰਗੀ, ਅਰਮਨੀ, ਰੂਮੀ, ਜੰਗੀ ਦੁਸ਼ਮਨ ਦਾਈ ।
ਕਿਤੜੇ ਸਈਅਦ ਆਖੀਅਨ, ਕਿਤੜੇ ਤੁਰਕਮਾਨ ਦੁਨਿਆਈ ।
ਕਿਤੜੇ ਮੁਗ਼ਲ ਪਠਾਣ ਹਨ, ਹਬਸ਼ੀ ਤੇ ਕਿਲਮਾਕ ਅਵਾਈ ।
ਕੇਤੜਿਆਂ ਈਮਾਨ ਵਿੱਚ ਕਿਤਨੇ ਬੇ ਈਮਾਨ ਬਲਾਈ ।
ਨੇਕੀ ਬਦੀ ਨ ਲੁਕੇ ਲੁਕਾਈ ॥" ਵਾਰ ੮, ਪਉ. ੧੬.

"ਸੁਖ ਸਾਗਰ ਗੁਰ ਛੱਡ ਕੈ, ਭਵਜਲ ਅੰਦਰ ਭੰਭਲ ਭੂਸੇ ।
ਲਹਰੀਂ ਨਾਲ ਪਛਾੜੀਅਨ, ਹਉਮੈ ਅਗਨੀ ਅੰਦਰ ਲੂਸੇ ।

Sri Satguru Jagjit Singh Ji eLibrary NamdhariElibrary@gmail.com

ਜਮ ਦਰ ਬੱਧੇ ਮਾਰੀਅਨਿ, ਜਮ ਦੂਤਾਂ ਦੇ ਧੱਕੇ ਧੂਸੇ।
ਗੋਇਲ ਵਾਸਾ ਚਾਰ ਦਿਨ, ਨਾਉਂ ਧਰਾਇਨ ਈਸੇ ਮੂਸੇ।
ਘਟ ਨ ਕੋਇ ਅਖਾਇੰਦਾ, ਆਪੋ ਧਾਪੀ ਹੈਰਤ ਹੂਸੇ।
ਸਾਇਰ ਦੇ ਮਰਜੀਵੜੇ ਕਰਮ ਮਜੂਰੀ ਖੋਚਲ ਖੂਸੇ।
ਗੁਰ ਪੂਰੇ ਵਿਣ ਡਾਂਗ ਡੰਗੂਸੇ ॥'' ਵਾਰ ੧੫, ਪਉ. ੧੩.
"ਬਹੁ ਸੁੰਨੀ ਸ਼ੀਅ ਰਾਫ਼ਿਜ਼ੀ, ਮਜ਼ਹਬ ਮਨ ਭਾਣੇ।
ਮੁਲਹਦ ਹੋਇ ਮੁਨਾਫ਼ਿਕਾਂ, ਸਭ ਭਰਮ ਭੁਲਾਣੇ।
ਈਸਾਈ ਮੂਸਾਈਆਂ, ਹਉਮੈਂ ਵਿੱਚ ਫਿਰਨ ਹੈਰਾਣੇ।
ਹੋਇ ਫ਼ਿਰੰਗੀ, ਅਰਮਨੀ, ਰੂਮੀ ਗਰਬਾਣੇ।
ਕਾਲੀ ਪੋਸ਼ ਕਲੰਦਰਾ ਦਰਵੇਸ਼ ਦੁਗਾਣੇ।
ਗੁਰ ਸਿਖ ਰੋਮ ਨ ਪੁੱਜਨੀ, ਗੁਰ ਹੱਟ ਵਿਕਾਣੇ ॥'' ਵਾਰ ੩੮, ਪਉ. ੧੧.

ਭਾਈ ਸਾਹਿਬ ਦਾ ਸਮਾਂ ਚੌਥੇ ਸਤਿਗੁਰਾਂ ਤੋਂ ਛੇਵੇਂ ਸਤਿਗੁਰਾਂ ਤਕ ਦਾ ਹੈ. ਆਪ ਨੇ ਸਨ ੧੬੩੭ ਵਿੱਚ ਗੋਇੰਦਵਾਲ ਸਾਹਿਬ ਦੇਹ ਤਿਆਗੀ, ਜਿਸ ਦਾ ਸਸਕਾਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਾਹਮਣੇ ਉੱਥੇ ਹੀ ਹੋਇਆ.

(੩੧) ਈਸਾਈਆਂ ਦੇ ਇੰਜੀਲ-ਪ੍ਰਚਾਰ ਦੇ ਰਥ ਨੂੰ ਆਰੰਭ ਤੋਂ ਹੀ ਰਾਜ ਤੇ ਧਨ ਦੇ ਘੋੜੇ ਖਿਚਦੇ ਰਹੇ ਹਨ. ਜਿਉਂ ਜਿਉਂ ਤੇ ਜਿੱਥੇ ਜਿੱਥੇ ਏਹਨਾਂ ਘੋੜਿਆਂ ਦਾ ਬਲ ਘਟਦਾ ਜਾਵੇਗਾ. ਤਿਉਂ ਤਿਉਂ ਤੇ ਤਿੱਥੇ ਤਿੱਥੇ ਇਸ ਪ੍ਰਚਾਰ ਦਾ ਵੀ ਖ਼ਾਤਮਾ ਹੁੰਦਾ ਜਾਵੇਗਾ. ਮੈਂ ਇੰਜੀਲ ਮੁਕੱਦਸ ਦਾ ਮੁਤਾਲਿਆ ਕਾਹਨ ਚੰਦ੍ਰ ਜੀ ਵਰਮਾ ਦੀ ਪ੍ਰੇਰਨਾ ਦੁਆਰਾ, ਜਿਨ੍ਹਾਂ ਦੇ ਉਪ੍ਰੋਕਤ ਵਰਣਨ ਤੋਂ ਇਹ ਪ੍ਰਕਰਣ ਚਲਿਆ ਸੀ, ਅਗਸਤ ਸਨ ੧੯੦੬ ਵਿੱਰ ਸ਼ੁਰੂ ਕੀਤਾ ਤੇ ਅਜ ਤਕ ਜਾਰੀ ਹੈ. ਮੈਂ ਇਸ ਨੂੰ ਬਹੁਤ ਕਰਕੇ ਅੰਗ੍ਰੇਜ਼ੀ ਵਿੱਚ ਹੀ ਪੜ੍ਹਿਆ ਹੈ, ਪਰ ਇਸ ਦੇ ਕਾਫ਼ੀ ਹਿੱਸੇ ਇਸ ਦੀ ਅਤਿ ਆਸਾਨ ਮੂਲ ਯੂਨਾਨੀ ਭਾਸ਼ਾ ਵਿੱਚ ਵੀ (ਜੋ ਉਸ ਜ਼ਮਾਨੇ ਵਿੱਚ ਸਰਵ ਸਾਧਾਰਣ ਦੀ ਬਾਜ਼ਾਰੀ ਬੋਲੀ ਸੀ) ਅਧਯੈਨ ਕੀਤੇ ਹਨ; ਅਰ ਲਗਾਤਾਰ ਅਜੇ ਵੀ ਜਦ ਕਿਸੇ ਆਇਤ ਦੇ, ਯਾ ਲਫ਼ਜ਼ ਦੇ, ਅਰਥਾਂ ਦਾ ਸ਼ਕ ਪੈਂਦਾ ਹੈ, ਫ਼ੌਰਨ ਮੂਲ ਦੇ ਨਾਲ ਅੰਗ੍ਰੇਜ਼ੀ ਦਾ ਮੁਕਾਬਲਾ ਕਰਦਾ ਹਾਂ. ਇਸ ਦੀਆਂ ਰੋਚਕ ਤੇ ਭਿਆਨਕ ਕਥਾਵਾਂ ਤੋਂ ਬਿਨਾ, ਇਸ ਦੇ ਅਪ੍ਰਮਾਣੀਕ ਇਤਿਹਾਸਿਕ ਹਵਾਲਿਆਂ ਨੂੰ ਛੱਡ ਕੇ, ਇਸ ਦੇ ਕਲਪਿਤ ਮਸਲਿਆਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ, ਇਸ ਦੀਆਂ ਸਾਹਿਤਯਿਕ ਖ਼ੁਸ਼ ਬਿਆਨੀਆਂ ਨੂੰ ਮੈਹਜ਼ ਲਿਖਾਰੀਆਂ ਦੀ ਲੇਖਣੀ ਦਾ ਫੋਕਟ, ਅਰਥਹੀਨ, ਸ਼ਿੰਗਾਰ ਸਮਝ ਕੇ, ਬਾਕੀ ਜੋ ਇਸ ਵਿੱਚ ਇਖ਼ਲਾਕੀ,

Sri Satguru Jagjit Singh Ji eLibrary NamdhariElibrary@gmail.com

ਇਲਮੀ ਤੇ ਰੂਹਾਨੀ ਯਥਾਰਥ ਤੱਤ ਹੈ ਉਹ ਗੁਰਮਤਿ ਅਨੁਕੂਲ ਹੈ. ਮੈਂ ਉਸ ਦੇ ਨਾਲ ਸਹਮਤ ਹਾਂ. ਸਨ ੧੯੧੫ ਵਿੱਚ, ਤਰਨ ਤਾਰਨ, ਜਦ ਮੈਂ ਖ਼ਾਲਸਾ ਪ੍ਰਚਾਰਕ ਵਿਦਿਆਲੇ ਦਾ ਪ੍ਰਿਨਸੀਪਲ ਸਾਂ, ਪ੍ਰਸਿੱਧ ਮਹਾਤਮਾ ਹੰਸ-ਰਾਜ ਜੀ (ਹੁਣ ਗੁਰਪੁਰਵਾਸੀ) ਸਾਡਾ ਵਿਦਿਆਲਾ ਵੇਖਣ ਆਏ. ਇਤਿਫ਼ਾ-ਕੀਆ ਮੈਂ ਉਸ ਵੇਲੇ ਵਿਦਿਆਰਥੀਆਂ ਨੂੰ ਇੰਜੀਲ ਪੜ੍ਹਾ ਰਿਹਾ ਸਾਂ ਤੇ ਏਹੋ ਉਪਰਲੀ ਰਾਏ ਪ੍ਰਗਟ ਕਰ ਰਿਹਾ ਸਾਂ, ਮਹਾਤਮਾ ਜੀ ਇਸ ਨੂੰ ਸੁਣ ਕੇ ਅਤਿ ਪ੍ਰਸੰਨ ਹੋਏ ਤੇ ਫ਼ਰਮਾਣ ਲੱਗੇ, "ਬਿਲਕੁਲ ਠੀਕ ਕਹਿ ਰਹੇ ਹੋ, ਸੱਚ ਮੰਨਣ ਵਿੱਚ ਸਾਨੂੰ ਕਦੇ ਵੀ ਸੰਕੋਚ ਨਹੀਂ ਹੋਣਾ ਚਾਹੀਦਾ."

(੩੨) ਮੇਰਾ ਹਿੰਦੁਸਤਾਨ ਵਿੱਚ ਈਸਾਈ ਪ੍ਰਚਾਰਕਾਂ ਨਾਲ ਬਹੁਤ ਹੀ ਘਟ ਵਾਹ ਪਿਆ ਸੀ, ਇਸ ਲਈ ਮੈਨੂੰ ਏਹਨਾਂ ਦੀਆਂ ਤਬਲੀਗ਼ੀ ਉਸਤਾ-ਦੀਆਂ ਤੋਂ ਬਿਲਕੁਲ ਹੀ ਵਾਕਫ਼ੀਅਤ ਨ ਸੀ. ਅਕਤੂਬਰ ਸਨ ੧੯੩੦ ਵਿੱਚ ਮੈਨੂੰ ਨਿਜ ਪਤਨੀ ਦੇ ਕਿਸੇ ਰੋਗ ਦੀ ਚਿਕਿਤਸਾ ਦੇ ਸੰਬੰਧ ਵਿੱਚ ਲੁਧਿਆਣੇ ਬ੍ਰਾਉਨ ਜ਼ਨਾਨਾ ਹਸਪਤਾਲ ਦੇ ਨੇੜੇ ਰਹਿਣਾ ਪਿਆ. ਉੱਥੇ ਇੱਕ ਦਿਨ ਸਵੇਰੇ ਹੀ ਮੈਂ ਇਸ ਹਸਪਤਾਲ ਦੇ ਨੇੜੇ ਇੱਕ ਖੁਲ੍ਹੇ ਕਮਰੇ ਵਿੱਚ ਕੁੱਝ ਆਦ-ਮੀਆਂ ਦੀ ਇੱਕ ਸਭਾ ਜਈ ਲੱਗੀ ਹੋਈ ਵੇਖੀ. ਮੈਂ ਵੀ ਹੌਲੀ ਹੌਲੀ ਉਹਨਾਂ ਵਿੱਚ ਸ਼ਾਮਿਲ ਹੋ ਗਿਆ. ਮੇਰੇ ਨਾਲ ਹੀ ਮੇਰੇ ਇੱਕ ਮਿਤ੍ਰ ਪੰਡਿਤ ਵ੍ਰਿੰਦਾਵਨ ਵੀ ਆਣ ਪਹੁੰਚੇ. ਅੰਦਰ ਵੜਦਿਆਂ ਹੀ ਸਾਨੂੰ ਪਤਾ ਲੱਗਾ ਕਿ ਸੱਜੇ ਪਾਸੇ ਜੋ ਇੱਕ ਸੱਜਣ ਲੰਮੇ ਦਾੜ੍ਹੇ ਵਾਲੇ ਬੈਠੇ ਹਨ ਉਹ ਤਾਂ ਪਾਦਰੀ ਸੋਭਾ ਸਿੰਘ ਜੀ ਹਨ ਤੇ ਖੱਬੇ ਪਾਸੇ ਜੋ ਸੰਨਿਆਸੀ ਜਏ ਨਜ਼ਰ ਔਂਦੇ ਹਨ ਉਹ ਕੋਈ ਪਾਦਰੀ ਪੰਡਿਤ ਰਾਮ ਲਾਲ ਜੀ ਹਨ. ਸਾਨੂੰ ਦੋਹਾਂ ਨੂੰ ਆਪੋ ਆਪਣੇ ਪਾਸੇ ਦੋਹਾਂ ਪਾਦਰੀਆਂ ਨੇ ਆਦਰ ਨਾਲ ਬਿਠਾ ਲਿਆ. ਪਾਦਰੀ ਸੋਭਾ ਸਿੰਘ ਜੀ ਦਾ ਦਾੜ੍ਹਾ ਵੇਖ ਕੇ ਮੈਨੂੰ ਹਜ਼ਰਤ ਮੂਸਾ ਦੇ ਬੁਤ ਦਾ ਅਤਯੰਤ ਲੰਮਾ ਦਾੜ੍ਹਾ ਚੇਤੇ ਆ ਗਿਆ ਜੋ ਮੈਂ ਕਦੇ ਬ੍ਰਿਟਿਸ਼ ਮਿਊਜ਼ਿਅਮ, ਲੰਡਨ, ਵਿੱਚ ਵੇਖਿਆ ਸੀ, ਪਰ ਸੋਭਾ ਸਿੰਘ ਜੀ ਸਿਰ ਤੋਂ ਸੋਲਾ ਹੀ ਆਨੇ ਰੋੜੇ ਸਨ. ਬਸ, ਮੇਰੇ ਬੈਠਦਿਆਂ ਹੀ ਉਹ ਮੈਨੂੰ ਕਹਿਣ ਲੱਗੇ, "ਬੜੇ ਚੰਗੇ ਵੇਲੇ ਆਣ ਪਹੁੰਚੇ ਹੋ. ਭਾਈਆ ਜੀ, ਤੁੱਸੀ ਬੜੇ ਵਡ ਭਾਗੀ ਹੋ ! ਮੈਂ ਹੁਣੇ ਏਹਨਾਂ ਸਿਰਦਾਰਾਂ ਨੂੰ ਦੱਸਣ ਹੀ ਲੱਗਾ ਸੀ ਕਿ ਸਾਡੇ ਦੱਸੇ ਗੁਰੂ ਖ਼ੁਦਾਵੰਦ ਯਸੂ ਮਸੀਹ, ਖ਼ੁਦਾ ਦੇ ਇਕਲੌਤੇ ਪੁਤ੍ਰ, ਦੇ ਮਤ ਦਾ ਹੀ ਪ੍ਰਚਾਰ ਕਰਦੇ ਰਹੇ ਹਨ ਤੇ ਦੱਸੋ ਹੀ ਕੱਟਰ ਮਸੀਹੀ ਸਨ. ਮੈਂ ਆਪ ਪਹਿਲਾਂ ਭੁੱਲਾ ਰਿਹਾ ਤੇ ਪੰਜਾਹ ਸਾਲ ਦੀ ਉਮਰ ਬਿਅਰਥ ਬਿਤਾ ਕੇ ਹੋਸ਼ ਆਈ ! ਮੈਨੂੰ ਤਰਨ ਤਾਰਨ ਦੇ ਸੂਬੇਦਾਰ

Sri Satguru Jagjit Singh Ji eLibrary NamdhariElibrary@gmail.com

*ਮਿਤ ਸਿੰਘ ਜੀ ਨੇ ਇਸ ਰਸਤੇ ਪਾਇਆ ਸੀ. ਦੇਖੋ, ਭਾਈਆ ਜੀ, ਦਸਵੇਂ ਗੁਰੂ ਜੀ ਆਪਣੀ ਮੁਬਾਰਕ ਜ਼ਬਾਨ ਤੋਂ ਕੀ ਫ਼ਰਮਾਂਦੇ ਹਨ":-

"ਪੁਨ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਕੇਤੁ ਜਗਤ ਕੇ ਈਸਾ।"

(ਚਰਿਤ੍ਰ ੪੦੪. ਛੰਦ ੩੭੫. ਦਸਮ ਗ੍ਰੰਥ.)

ਇਹ ਹਵਾਲਾ ਦੇ ਕੇ ਪਾਦਰੀ ਨੇ ਇਸ ਦੇ ਅਸ਼ੁੱਧ ਤੇ ਅਸੰਗਤ ਅਰਥ ਦੱਸੇ. ਫਿਰ, ਸੋਭਾ ਸਿੰਘ ਈਸਾਈ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਵਾਕ ਦਾ ਹਵਾਲਾ ਦਿੱਤਾ. ਉਸ ਨੇ ਕਿਹਾ, "ਭਾਈਆ ਜੀ, ਦਸਮ ਗੁਰੂ ਜੀ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਉਂ ਫ਼ਰਮਾਇਆ ਸੀ:-

"ਸੋ ਈਸਾ ਭਗਵੰਤ, ਸੋ ਸਚੁ ਸੰਪੈ ਹਰ ਰਾਸਿ।
ਨਾਨਕ ਸਚੁ ਸੁਚਿ ਪਾਈਐ ਤਿਨ ਸੰਤਨ ਕੈ ਪਾਸਿ।"

(ਗਉ. ਬਾਵਨ ਅਖਰੀ, ਮ : ੫ ॥ ਪੰ: ੨੫੦ ॥)

(ਪਾਦਰੀ ਨੇ ਇਸ ਮਹਾਂ ਵਾਕ ਨੂੰ ਤੋੜ ਫੋੜ ਕੇ ਦਸਿਆ ਤੇ ਫਿਰ ਆਪਣੇ ਮਤਲਬ ਦੇ ਅਰਥ ਕਰ ਸੁਣਾਏ.)

ਪਾਦਰੀ ਨੇ ਫਿਰ ਹੋਰ ਹਵਾਲਾ ਦਿੱਤਾ ਤੇ ਕਿਹਾ : "ਦੇਖੋ, ਭਾਈਆ ਜੀ, ਗੁਰੂ ਅਰਜਨ ਦੇਵ ਨੇ ਸੁਖਮਨੀ ਸਾਹਿਬ ਵਿੱਚ ਤਾਂ ਮਸੀਹ ਦੇ 'ਬਾਰਾਂ ਚੇਲਿਆਂ' ਦਾ ਵੀ ਜ਼ਿਕਰ ਕੀਤਾ ਹੈ ਤੇ ਸਾਫ਼ ਦਸਿਆ ਹੈ ਕਿ ਮਸੀਹ ਨੇ

*ਸੂਬੇਦਾਰ ਮਿਤ ਸਿੰਘ ਜੀ (ਚੌਥੇ ਪੋੜੇ ਦੇ) ਕਦੇ ਬੜੇ ਸਿਦਕੀ ਸਿੰਘ ਸਨ, ਤੇ ਹੇਠ ਲਿਖਿਆ ਬ੍ਰਿਤਾਂਤ ਉਹਨਾਂ ਨੇ ਆਪ ਮੈਨੂੰ ਆਪਣੀ ਜ਼ਬਾਨ 'ਮੁਬਾਰਕ' ਤੋਂ ਜੁਲਾਈ ਸਨ ੧੯੧੫ ਵਿੱਚ ਤਰਨ ਤਾਰਨ ਸੁਣਾਇਆ ਸੀ. ਉਹਨਾਂ ਦੇ ਹਥ ਵਿੱਚ ਇੰਜੀਲ ਮੁਕੱਦਸ ਸੀ ਤੇ ਗਿਰਦ ਨਵਾਹ ਦੇ ਪਿੰਡਾਂ ਵਿੱਚ ਈਸਾਈ ਮਤ ਦਾ ਪ੍ਰਚਾਰ ਕਰਨ ਚੱਲੇ ਸਨ. ਉਹਨਾਂ ਕਿਹਾ, "ਸਿਰਦਾਰ ਜੀ, ਮੈਂ ਜਦ ਪੈਨਸ਼ਨ ਪਾ ਕੇ ਆਇਆ ਤਾਂ ਰੇਲ ਗੱਡੀ ਤੋਂ ਉਤਰਦਾ ਹੀ ਪ੍ਰਸ਼ਾਦ ਲੈ ਕੇ ਪਹਿਲਾਂ ਸ੍ਰੀ ਦਰਬਾਰ ਸਾਹਿਬ(ਤਰਨਤਾਰਨ) ਹਾਜ਼ਰ ਹੋਇਆ. ਉਸ ਵੇਲੇ ਸਵੇਰ ਦੇ ਹਾਲੀ ਸਤ ਹੀ ਵਜੇ ਸਨ. ਪੁਜਾਰੀ ਕਹਿਣ ਲੱਗੇ, 'ਤੁੱਸਾਂ ਲੋਕਾਂ ਦਾ ਪ੍ਰਸ਼ਾਦ ੯ ਵਜੇ ਤੋਂ ਬਾਦ ਪ੍ਰਵਾਣ ਹੁੰਦਾ ਹੈ.' ਮੈਂ ਬਹੁਤ ਹੀ ਮਿੰਨਤਾਂ ਕੀਤੀਆਂ ਪਰ ਪੁਜਾਰੀ ਨ ਮੰਨੇ. ਮੈਂ ਕੁੜ੍ਹਦਾ ਤੇ ਕ੍ਰਿਝਦਾ ਹੋਇਆ ਪਾਦਰੀ ਗਿਲਫ਼ਰਡ ਸਾਹਿਬ ਦੇ ਪਾਸ ਚਲਾ ਗਿਆ ਕਿ ਮੈਨੂੰ ਹੁਣੇ ਈਸਾਈ ਬਣਾਓ ਤੇ ਮੇਰੇ ਨਾਲ ਇਹ ਪ੍ਰਸ਼ਾਦ ਚੁਕਵਾ ਕੇ ਦਰਬਾਰ ਸਾਹਿਬ ਚਲੋ. ਪਾਦਰੀ ਸਾਹਿਬ ਨੇ ਬੜਾ ਕਿਹਾ ਕਿ 'ਜਲਦੀ ਮਤ ਕਰੋ' ਪਰ ਮੈਂ ਜ਼ਿਦ ਕੀਤੀ. ਚੁਨਾਂਚਿ ਮੈਂ ਸਿੱਖੀ ਤੋਂ ਪਤਿਤ ਹੋ ਕੇ ਪਾਦਰੀ ਗਿਲੰਫ਼ਰਡ ਸਾਹਿਬ ਦੇ ਨਾਲ ਉਹੋ ਪ੍ਰਸ਼ਾਦ ਚੁਕਵਾ ਕੇ ਨੌਂ ਵਜੇ ਤੋਂ ਪਹਿਲੇ ਦਰਬਾਰ ਸਾਹਿਬ ਪਹੁੰਚਿਆ ਤੇ ਪੁਜਾਰੀਆਂ ਨੇ ਪ੍ਰਸ਼ਾਦ ਪਰਵਾਣ ਕਰਨ ਤੋਂ ਇਨਕਾਰ ਨ ਕੀਤਾ. ਮੈਂ ਇਸ ਇਲਾਕੇ ਵਿੱਚ ੨੦੦ ਤੋਂ ਉੱਪਰ ਆਦਮੀਆਂ ਨੂੰ ਬਪਤਿਸਮਾ ਦਿਲਵਾ ਚੁਕਾ ਹਾਂ."

Sri Satguru Jagjit Singh Ji eLibrary NamdhariElibrary@gmail.com

ਸਲੀਬ ਉੱਤੇ ਚੜ੍ਹਨ ਤੋਂ ਪਹਿਲਾਂ ਬਾਰਾਂ ਨਾਲ ਮਿਲ ਕੇ ਭੋਜਨ ਯਾਨੇ ਪ੍ਰਸ਼ਾਦ ਖਾਧਾ. ਹੁਣ ਦੱਸੋ ਹੋਰ ਕੀ ਚਾਹੁੰਦੇ ਹੋ:-

"ਜਿਹ ਪ੍ਰਸਾਦਿ ਬਾਰਾ ਮਿਲ ਖਦਨਾ ॥"

(ਗਉ. ਸੁ. ਮਨੀ ਮ: ੫ ॥ ਪੰ: ੨੭੦ ॥

ਅਰਥਾਤ, ਜਿਸ ਭੋਜਨ (Lord's Supper) ਨੂੰ ਮਸੀਹ ਨੇ ਆਪਣੇ 'ਬਾਰਾਂ' ਚੇਲਿਆਂ ਨਾਲ ਮਿਲ ਕੇ ਖਾਧਾ.

(ਇਹ ਹਵਾਲਾ ਵੀ ਬਿਲਕੁਲ ਅਸ਼ੁੱਧ ਹੈ ਤੇ ਇਸ ਦਾ ਪ੍ਰਯੋਗ ਵੀ ਸਰਵਥਾ ਅਯੋਗ ਤੇ ਅਸੰਗਤ ਹੈ.)

੨. ਮੈਂ ਇੱਕ ਚਵਲ ਦੇ ਮੂੰਹੋਂ ਇਸਤਰ੍ਹਾਂ ਗੁਰਬਾਣੀ ਦੀ ਵਿਕ੍ਰਿਤੀ ਹੁੰਦੀ ਸੁਣ ਕੇ ਤੇ ਇਸਤਰ੍ਹਾਂ ਬਾਣੀ ਦੀਆਂ ਤੁਕਾਂ ਦਾ ਅਯੋਗ ਪ੍ਰਯੋਗ ਵੇਖ ਕੇ ਡਾਢਾ ਦੁਖੀ ਹੋਇਆ, ਪਰ ਜ਼ਬਤ ਕਰ ਗਿਆ, ਤੇ ਚੁਪ ਚਾਪ ਪੰਡਿਤ ਰਾਮ ਲਾਲ ਪਾਦਰੀ ਵਲ ਮੂੰਹ ਫੇਰ ਕੇ ਬੈਠ ਗਿਆ. ਉਧਰ ਵੀ ਝਗੜਾ ਸ਼ੁਰੂ ਸੀ. ਰਾਮ ਲਾਲ ਈਸਾਈ ਵੀ ਜਨਮ ਦਾ ਬ੍ਰਾਹਮਣ ਤੇ ਮੇਰਾ ਮਿਤ੍ਰ ਵ੍ਰਿੰਦਾਵਨ ਵੀ ਚੰਗਾ ਵਿਦ੍ਵਾਨ ਪੰਡਿਤ ਤੇ ਬ੍ਰਾਹਮਣ! ਸੋ, ਪਾਦਰੀ ਨੇ ਰਿਗ ਵੇਦ, ਸੰਸਕ੍ਰਿਤ ਦਾ ਕਢਿਆ ਹੋਇਆ ਸੀ, ਤੇ ਉਸ ਵਿੱਚੋਂ ਵ੍ਰਿੰਦਾਵਨ ਨੂੰ ਇਹ ਮੰਤ੍ਰ ਵਿਖਾ ਰਿਹਾ ਸੀ:-

*"ਨਮਸਤੇ ਅਗਨ ਓਜਸੇ-ਗ੍ਰਿਣੰਤਿ ਦੇਵ ਕ੍ਰਿਸ਼ਟਯਹ । ਅਮੈਰਮਿਤ੍ਰ ਮਰਦਯ ॥"

ਈਸਾਈ ਕਹਿੰਦਾ ਸੀ ਕਿ ਇਸ ਮੰਤ੍ਰ ਵਿੱਚ ਬਿਲਕੁਲ ਹੀ ਸਪਸ਼ਟ 'ਦੇਵ ਕ੍ਰਿਸ਼ਟ' ਸ਼ਬਦਾਂ ਦੁਆਰਾ, ਖ਼ੁਦਾਵੰਦ ਕ੍ਰਿਸ਼ਟ (ਯਾਨੇ Christ, ਮਸੀਹ) ਦੀ ਅਰਾਧਨਾ ਕੀਤੀ ਹੈ. ਹਿੰਦੂ ਕਹਿੰਦਾ ਸੀ ਕਿ ਮੈਂ ਵੇਦ ਨਹੀਂ ਪੜ੍ਹਿਆ, ਪਰ ਇਸਦੇ ਅਰਥ ਜ਼ਰੂਰ ਕੋਈ ਹੋਰ ਹੋਣੇ ਹਨ. ਰਾਮ ਲਾਲ ਕਹਿਣ ਲੱਗਾ ਕਿ ਇਸਦੇ ਅਰਥ ਤਾਂ ਸਾਫ਼ ਹੀ ਹਨ, "ਹੇ ਅਗਨਿ ਮਈ ਸ਼ਕਤੀ (ਭਾਵ, ਪਰਮਾਤਮਾ), ਤੈਨੂੰ ਨਮਸਕਾਰ ਹੈ; ਹੇ ਦੇਵ, ਮਨੁਖ ਤੇਰੀ ਉਸਤਤੀ ਕਰਦੇ ਹਨ, ਕ੍ਰਿਸ਼ਟ (Christ) ਦੁਆਰਾ; ਤੂੰ ਬਲ ਦੁਆਰਾ ਦੁਸ਼ਮਣ (ਯਾਨੇ ਮਨੁਖ ਜਾਤਿ ਦੇ ਵੈਰੀ, ਅਮਿਤ੍ਰ, fiend, Devil, Satan) ਦਾ ਨਾਸ਼ ਕਰ." ਬਹਿਸ ਜ਼ਿਆਦਾ ਤੇਜ਼ ਹੋ ਗਈ. ਫ਼ਸਾਦ ਤਕ ਨੌਬਤ ਆਣ ਪਹੁੰਚੀ. ਸੋਭਾ ਸਿੰਘ ਨੇ ਵੀ ਆਪਣੀ

*"नमस्ते अग्न ओजसे, गृणन्ति देव कृष्टयः ।
अमैरमित्रमर्दय ॥" ऋग् ८, ७५: १० ॥

ਐਚ. ਐਚ. ਵਿਲਸਨ (H. H. Wilson) ਨੇ ਇਸ ਦੇ ਅਰਥ ਇਉਂ ਕੀਤੇ ਹਨ :

"Divine Agni, men utter thy praises for the attainment of strength by strength destroy the enemy."

Sri Satguru Jagjit Singh Ji eLibrary NamdhariElibrary@gmail.com

ਮੰਡਲੀ ਬਰਖ਼ਾਸਤ ਕਰ ਦਿੱਤੀ. ਰਾਮ ਲਾਲ ਨੇ ਕਿਹਾ ਕਿ "ਹਮ ਕੋ ਇਸ ਮੰਤ੍ਰ ਕੇ ਯਹ ਹੀ ਅਰਥ ਬਤਲਾ ਕਰ ਈਸਾਈ ਕੀਆ ਗਿਆ ਥਾ, ਔਰ ਆਜ ਹੀ ਮੈਨੇ ਅਪਨੇ ਦੋ ਲੜਕੇ ਭੀ ਈਸਾਈ ਹੋਨੇ ਕੇ ਲੀਏ ਬੁਲਾਏ ਹੂਏ ਹੈਂ. ਅਗਰ ਇਸ ਕੇ ਕੁੱਛ ਔਰ ਅਰਥ ਹੂਏ ਤੋ ਹਮ ਭੀ ਫਿਰ ਸੇ (ਉਸ ਨੇ 'ਮੁੜ ਕੇ' ਕਿਹਾ ਸੀ) ਹਿੰਦੂ ਹੋ ਜਾਏਂਗੇ." ਇਉਂ ਝਗੜਦੇ ਝਗੜਦੇ ਵਡੇ ਪਾਦਰੀ, ਨਿਊਟਨ, ਦੀ ਕੋਠੀ ਜਾ ਪਹੁੰਚੇ. ਮੈਨੂੰ ਨਿਊਟਨ ਸਾਹਬ ਜਾਣਦੇ ਸਨ. ਮੈਂ ਸਲਾਹ ਦਿੱਤੀ ਕਿ "ਵਿਲਸਨ ਯਾ ਗ੍ਰਿਫ਼ਿਥ ਦਾ ਤਰਜਮਾ ਵੇਖੋ." ਇਹ ਗੱਲ ਉਹਨਾਂ ਦੇ ਪਸੰਦ ਆ ਗਈ. ਮਿਸਟਰ ਲੈਵੈਲਿਨ (ਕਸੂਰ ਦੇ ਪਾਦਰੀ) ਨੂੰ ਸਾਡੇ ਨਾਲ ਮਿਸ਼ਨ ਦੀ ਲਾਇਬ੍ਰੇਰੀ ਵਿੱਚ ਘਲਿਆ ਗਿਆ. ਉੱਥੇ ਪਹਿਲਾਂ ਗ੍ਰਿਫ਼ਿਥ ਦਾ ਤਰਜਮਾ ਲੱਭਾ. ਮੰਤ੍ਰ ਦੇ ਅਰਥ ਕੱਢੇ, ਪਰ ਅਤਿ ਹੈਰਾਨਗੀ ਹੋਈ ਕਿ ਜਿੱਥੇ ਹੋਰ ਸਾਰੇ ਸੂਕ੍ਤਾਂ ਦੇ, ਮੁਕੰਮਲ ਮੰਤ੍ਰਾਂ ਦੇ, ਅਰਥ ਦਿੱਤੇ ਹੋਏ ਸਨ, ਇਸ ਸੂਕਤ ਦੇ ਸੋਲ੍ਹਾਂ ਮੰਤ੍ਰਾਂ ਵਿੱਚੋਂ ਕੁਲ ਪੰਜ ਹੀ ਮੰਤ੍ਰਾਂ ਦੇ ਅਰਥ ਦਿੱਤੇ ਸਨ, ਬਾਕੀ ਯਾਰਾਂ ਮੰਤ੍ਰ ਹੀ ਲੋਪ (missing) ਸਨ. ਬੜੀ ਨਿਰਾਸ਼ਤਾ ਹੋਈ, ਪਰ ਮੈਨੇ ਨੂੰ ਨੇਕ ਮਿਸਟਰ ਲੈਵੈਲਿਨ ਨੇ ਵਿਲਸਨ ਦਾ ਟੀਕਾ ਲਭ ਲਿਆ. ਜਦ ਉਸ ਵਿੱਚੋਂ ਅਰਥ ਵੇਖੇ ਤਾਂ ਬਿਲਕੁਲ ਹੀ ਹੋਰ ਦੇ ਹੋਰ ਨਿਕਲੇ. ਉੱਥੇ ਕੋਈ 'ਕ੍ਰਿਸ਼ਟ' ਵਗ਼ੈਰਾ ਦਾ ਨਾਮ ਨਿਸ਼ਾਨ ਵੀ ਨ ਸੀ. ਹੁਣ ਰਾਮ ਲਾਲ ਨੂੰ ਪੂਰਾ ੨ ਯਕੀਨ ਆ ਗਿਆ ਕਿ ਧੋਖੇ ਨਾਲ ਹੀ ਉਸਦਾ ਵੀ ਧਰਮ ਭ੍ਰਸ਼ਟ ਕੀਤਾ ਗਿਆ ਸੀ. ਚੁਨਾਂਚਿ ਉਹ ਆਪਣੇ ਲੜਕਿਆਂ ਸਮੇਤ ਗੁਪਤੋ ਗੁਪਤੀ ਨਸ ਗਿਆ—ਤਦ ਮੈਂ ਤਿੰਨ ਚਾਰ ਦਿਨ ਬਾਦ ਸੋਭਾ ਸਿੰਘ ਨੂੰ ਕਿਹਾ "ਤੂੰ ਵੀ ਸਿੱਧੇ ਰਸਤੇ ਆ ਜਾ" ਤਾਂ ਕਹਿਣ ਲੱਗਾ "ਰਾਮ ਲਾਲ ਗਿੱਦੜ ਸੀ, ਅੱਸੀਂ ਸ਼ੇਰ ਹਾਂ, ਅੱਸੀਂ ਅਰਥਾਂ ਸ਼ਰਥਾਂ ਦੀ ਪਰਵਾਹ ਨਹੀਂ ਕਰਦੇ, ਸਾਡਾ ਪੀਰ ਤਾਂ ਪੈਸਾ ਹੈ". ਸੋਭਾ ਸਿੰਘ ਨੇ ਜੋ ਬਾਣੀ ਦੀਆਂ ਤੁਕਾਂ ਪੜ੍ਹੀਆਂ ਸਨ, ਵਾਸਤਵ ਵਿੱਚ ਇਉਂ ਹਨ (ੳ) ਦਸਮ ਗ੍ਰੰਥ ਦੀ ਤੁਕ ਤਾਂ ਠੀਕ ਹੈ, ਅਰਥ ਅਸ਼ੁੱਧ ਸਨ : 'ਈਸਾ' ਸ਼ਬਦ ਨਾਲ ਕੰਨਾ ਕੇਵਲ ਚੌਪਈ ਦੀ ਪਾਦ ਪੂਰਤੀ ਵਾਸਤੇ ਹੀ ਹੈ. ਵਾਸਤਵ ਵਿੱਚ ਸ਼ਬਦ 'ਈਸ' ਹੈ ਯਾਨੇ 'ਈਸ਼', 'ਜਗਤ ਈਸ਼,' (ਅ) 'ਸੋ ਈਸਾ ਭਗਵੰਤ' ਦੀ ਤੁਕ ਵਾਸਤਵ ਵਿੱਚ 'ਸੋਈ ਸਾਹ ਭਗਵੰਤ', ਯਾਨੇ ਉਹ ਹੀ 'ਸ਼ਾਹ-ਭਗਵੰਤ' ਹੈ, ਤੇ (ੲ) 'ਜਿਹ ਪ੍ਰਸਾਦਿ ਬਾਰਾ ਮਿਲ ਖਦਨਾ' ਦਾ ਸ਼ੁੱਧ ਪਾਠ ਹੈ, 'ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥" ਪਾਦ-ਰੀਆਂ ਦੇ ਪ੍ਰਚਾਰ ਦਾ ਇਹ ਤੇ ਇਸ ਤੋਂ ਵੀ ਹੋਰ ਅਤਿ ਵਧੀਕ ਨਿਰਲੱਜ ਤਮਾਸ਼ਾ ਵੇਖਕੇ ਮੈਂ ਜਦ ਰਾਤ ਨੂੰ ਸੁੱਤਾ ਤਾਂ ਅਚਣ ਚੇਤ ਰਾਤ ਦੇ ਠੀਕ ਢਾਈ ਵਜੇ, ੧੦ ਨਵੰਬਰ ੧੯੩੦ ਨੂੰ, ਮੇਰੇ ਮਨ ਵਿੱਚ ਇਹ ਬੈਂਤ ਫੁਰਿਆ, ਜੋ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਮੈਂ ਉਠ ਕੇ ਫ਼ੌਰਨ ਲਿਖ ਲਿਆ:–
ਜੇ ਕਰ ਵਿਸ਼ੂ ਪਰਮਾਣੂਆਂ ਸਾਰਿਆਂ ਨੂੰ,
ਜੀਭਾਂ ਲਗਨ ਤੇ ਬੋਲਕੇ ਕਹਿਨ ਸਾਰੇ :
ਨਾਲੇ ਦੇਨ ਸ਼ਹਾਦਤਾਂ ਪਸ਼ੂ ਪੰਛੀ,
ਸੂਰਜ, ਚੰਦ੍ਰਮਾ, ਗ੍ਰੈਹ, ਅਨੰਤ ਤਾਰੇ–
ਨਾਰੀ ਪੁਰਖ ਤ੍ਰੈ ਕਾਲ ਦੇ ਹੋਨ ਹਾਜ਼ਰ–
ਆਖਨ:–"ਕਥਾ ਇੰਜੀਲ ਦੀ ਸੱਚ, ਪਿਆਰੇ";
ਧਰਮਾਨੰਤ ਨ ਫੇਰ ਵੀ ਕਦੇ ਮੰਨੇ,
ਇਸ "ਇੰਜੀਲ" ਦੀ ਕਥਾ ਮਸੀਹ ਬਾਰੇ ॥

ਬਸ, ਮੇਰਾ ਤਾਂ ਏਹੋ ਵਿਸ਼੍ਵਾਸ ਹੈ ਕਿ ਹਜ਼ਰਤ ਮਸੀਹ ਦੀ ਕਥਾ ਨਿਪਟ ਮਿਥਿਹਾਸਿਕ ਹੈ.

(੩੩) ਮੁਸਲਮਾਣਾਂ ਦੀ ਐਹਮਦੀਆ ਜਮਾਤ, ਜਿਸ ਦਾ ਪ੍ਰਮੁਖ ਅਸਥਾਨ ਭਾਰਤ ਵਿੱਚ ਕਾਦੀਆਨ, ਜ਼ਿਲਾ ਗੁਰਦਾਸ ਪੁਰ ਹੈ, ਤੇ ਪਾਕਿਸਤਾਨ ਵਿੱਚ ਰੱਬਵਾਹ ਹੈ, ਉਸ ਦਾ ਯਕੀਨ ਹੈ ਕਿ "ਹਜ਼ਰਤ ਈਸਾ ਹੋਏ ਤਾਂ ਜ਼ਰੂਰ ਹਨ, ਕਿਉਂ ਜੋ ਕੁਰਾਨ ਸ਼ਰੀਫ਼ ਉਹਨਾਂ ਬਾਰੇ ਸ਼ਹਾਦਤ ਦੇਂਦਾ ਹੈ, ਪਰ ਉਹ ਆਮ ਨਬੀਆਂ ਵਾਂਗ ਇਨਸਾਨ ਸਨ. ਉਹ ਸਲੀਬ ਤੇ ਵੀ ਚੜ੍ਹਾਏ ਗਏ, ਪਰ ਸਲੀਬ ਉੱਤੇ ਉਹਨਾਂ ਦੀ ਮ੍ਰਿਤੂ ਨਹੀਂ ਹੋਈ ਤੇ ਉਹਨਾਂ ਨੂੰ ਜਿਸ ਕਬਰ ਵਿੱਚ ਅਧਮੋਈ ਹਾਲਤ ਵਿੱਚ ਦਫ਼ਨਾਇਆ ਗਿਆ ਸੀ, ਉਸਦਾ ਪੱਥਰ ਰਾਤ ਨੂੰ ਭੂਚਾਲ ਨਾਲ ਹਟ ਗਿਆ, ਤੇ ਉਹ ਬਾਹਰ ਆ ਗਏ ਤੇ ਬਾਗ਼ਬਾਨ ਦੇ ਭੇਸ ਵਿੱਚ ਖਿਸਕ ਗਏ; ਅਰ ਹੌਲੀ ੨ ਕਿਸੇ ਗੁਪਤ ਪਿੰਡ ਵਿੱਚ, ਯਹੂਦੀਆਂ ਤੋਂ ਲੁਕ ਕੇ, ਆਪਣੇ ਜ਼ਖ਼ਮਾਂ ਦਾ ਇਲਾਜ ਕਰਵਾਂਦੇ ਰਹੇ. ਫਿਰ, ਕਿਸੇ ਬਹੁਤ ਹੀ ਕਾਰਗਰ ਮਰਹਮ ਨਾਲ ਚਾਲ੍ਹੀ ਦਿਨਾਂ ਵਿੱਚ ਰਾਜ਼ੀ ਹੋ ਕੇ, ਬਰਾਸਤਾ ਨਸੀਬਿਨ, ਈਰਾਨ, ਅਫ਼ਗ਼ਾਨਿਸਤਾਨ ਤੇ ਪੰਜਾਬ, ਕਸ਼ਮੀਰ ਪਹੁੰਚੇ, ਤੇ ਉੱਥੇ, ਕਦੇ ਆਪਣੇ ਤੋਂ ਪਹਿਲਾਂ ਪਹੁੰਚੇ ਹੋਏ, ਯਹੂਦੀਆਂ ਵਿੱਚ ਪ੍ਰਚਾਰ ਕਰਦੇ ਰਹੇ, ਅਰ ਸਮਾਂ ਪਾਕੇ, ਰੱਬ ਦੀ ਯਾਦ ਵਿੱਚ ਸੰਸਾਰ ਤੋਂ ਕੂਚ ਕਰ ਗਏ." ਇਸ ਵਿਸ਼ੇ ਪਰ ਮੇਰੇ ਮਿਤ੍ਰ ਮੌਲਵੀ ਜੇ. ਡੀ. ਸ਼ਮਸ ਸਾਹਿਬ ਨੇ ਬੜੀ ਖੋਜ ਭਰੀ ਪੁਸਤਕ ਲਿਖੀ, ਤੇ ਸਨ ੧੯੪੫ ਵਿੱਚ ਲੰਡਨ ਤੋਂ ਪ੍ਰਕਾਸ਼ਤ ਕੀਤੀ, ਤੇ ੨੯ ਦਸੰਬਰ ੧੯੪੬ ਨੂੰ ਕਾਦੀਆਨ ਵਿੱਚ ਖ਼ੁਦ ਇਸਦੀ ਇੱਕ ਕਾਪੀ ਮੈਨੂੰ ਬਖ਼ਸ਼ੀ, ਇਸ ਦਾ ਨਾਮ ਹੈ "Where Did Jesus Die," ਅਰਥਾਤ, "ਈਸਾ ਕਿੱਥੇ ਮੋਇਆ". ਇਹ ਇੱਕ ਉੱਚ ਕੋਟੀ ਦੇ ਵਿਦ੍ਵਾਨ ਦੀ ਕਲਮ ਤੋਂ ਨਿਕਲੀ ਹੋਈ ਖੋਜ ਦਾ ਖ਼ਜ਼ਾਨਾ ਹੈ, ਜਿਸ ਵਿੱਚ ਆਪਣੇ ਦਾਵੇ ਦੇ ਸਬੂਤ

Sri Satguru Jagjit Singh Ji eLibrary NamdhariElibrary@gmail.com

ਵਿੱਚ ਆਲਿਮ ਮੁਸੱਨਫ਼ ਨੇ ਸੈਂਕੜੇਂ ਹੀ ਅੰਗ੍ਰੇਜ਼ੀ ਤੇ ਅਰਬੀ ਕਿਤਾਬਾਂ ਦੇ ਹਵਾਲੇ ਦਿੱਤੇ ਹਨ. ਸੋ ਉਪ੍ਰੋਕਤ ਮੁਕੰਮਲ ਲੇਖ ਨੂੰ ਦ੍ਰਿਸ਼ਟੀ ਗੋਚਰ ਰਖਦੇ ਹੋਏ ਮੇਰਾ ਯਕੀਨ ਹੈ ਕਿ ਈਸਾਈਆਂ ਦਾ ਇਹ ਜੋ ਸ਼ੌਕ ਹੈ, ਕਿ ਇੰਜੀਲ ਦਾ ਸਾਰੇ ਜਹਾਨ ਦੀਆਂ ਜ਼ਬਾਨਾਂ ਵਿੱਚ ਉਲਥਾ ਕਰਵਾ ਕੇ ਇਸ ਨੂੰ ਹਰ ਕੌਮ ਦੇ ਹਰ ਫ਼ਰਦ ਤਕ ਪਹੁੰਚਾਇਆ ਜਾਏ, ਇਹ ਵੀ ਅਕਾਲ ਪੁਰਖ ਨੇ ਆਪ ਹੀ ਏਹਨਾਂ ਨੂੰ ਓਝੜ ਵਿੱਚ ਪਾਇਆ ਹੋਇਆ ਹੈ. ਕਿਉਂ ਜੋ ਜਿੱਥੇ ੨ ਇਹ ਤਰਜਮੇਂ ਪਹੁੰਚਦੇ ਹਨ ਉੱਥੇ ੨ ਹੀ ਆਰ. ਪੀ. ਏ. ਦਾ ਸਾਹਿਤਜ, ਤੇ ਐਹਮ-ਦੀਏ ਵੀ ਪਹੁੰਚਦੇ ਜਾਂਦੇ ਹਨ, ਤੇ ਇਸ ਤਰ੍ਹਾਂ ਖ਼ੁਦ ਬਖ਼ੁਦ ਹੀ, ਦੁਨੀਆਂ ਦੇ ਹਰ ਨਿੱਕੇ-ਵੱਡੇ ਨੂੰ, ਤੇ ਚੰਗੇ-ਮੰਦੇ ਨੂੰ, ਇੰਜੀਲ ਦੀ ਹਕੀਕਤ ਤੋਂ ਖ਼ੂਬ ਵਾਕਫ਼ੀਅਤ ਹੁੰਦੀ ਜਾਂਦੀ ਹੈ. ਵਾਹ, ਸੱਚ ਹੀ ਸਰ ਆਲਿਵਰ ਲਾਜ ਨੇ ਕਿਹਾ ਸੀ ਕਿ "ਜੋ ਮਤ ਇਤਿਹਾਸ ਦੀ ਨੀਂਹ ਪਰ ਕਾਇਮ ਹੈ, ਉਹ ਜੇ ਅਜ ਹੈ, ਤਾਂ ਕਲ ਹੈ ਨਹੀਂ; ਉਸਦੀ ਬੁਨਿਆਦ ਲਗਾਤਾਰ ਖਿਸਕਣਹਾਰ ਹੈ." ਮਜ਼-ਹਬ ਉਹ ਹੀ ਪਕਿਆਂ ਪੈਰਾਂ ਪੁਰ ਸਦੀਵਕਾਲ ਲਈ ਅਬਿਚਲ ਰਹਿ ਸਕਦਾ ਹੈ, ਜਿਸ ਦੀ ਨੀਂਹ ਉਸ ਦੇ ਬਾਨੀ ਦੀ ਬਾਣੀ ਦੀ ਸਦਾਕਤ ਪੁਰ ਕਾਇਮ ਹੈ. ਜੇ ਬਾਣੀ ਵਿੱਚ ਮੁਕੰਮਲ ਸਦਾਕਤ ਹੈ ਤਾਂ ਮੈਨੂੰ ਉਸਦੇ ਰਚਨ-ਹਾਰ ਦੀ ਜ਼ਾਤੀ, ਘਰੋਗੀ, ਨਸਲੀ, ਯਾ ਕੌਮੀ ਕਥਾ ਦੇ ਨਾਲ ਕੀ ਮਤਲਬ ? ਹਾਂ, ਜੇ ਕੋਈ ਮੁਕੰਮਲ ਹਕੀਕਤ ਭਰੀ ਕਥਾ ਪਤਾ ਲਗ ਜਾਏ ਤਾਂ ਬੜਾ ਹੀ ਚੰਗਾ ਹੈ. ਪਰ, ਜੇ ਮੁਕੰਮਲ ਹਕੀਕਤ ਦਾ ਪਤਾ ਨ ਲਗੇ ਤਾਂ ਅਧੂਰੀ ਯਾ ਗ਼ਲਤ ਹਕੀਕਤ ਦਾ ਕੋਈ ਲਾਭ ਨਹੀਂ. ਬਾਣੀ ਦੇ ਰਚਨਹਾਰ ਦੀ ਇਤਿਹਾ-ਸਿਕ ਕਥਾ ਦੇ ਇਲਮ ਦਾ ਬਾਣੀ ਦੀ ਸਦਾਕਤ ਪਰ ਕੋਈ ਅਸਰ ਨਹੀਂ ਪੈਂਦਾ, ਕੀ ਯੂਕਲਿਡ ਦੀ "ਜੀਓਮੈਟਰੀਕਲ ਰਚਨਾ" ਪੁਰ ਯੂਕਲਿਡ ਦੇ ਜ਼ਾਤੀ ਇਤਿਹਾਸ ਦਾ ਕੋਈ ਪ੍ਰਭਾਵ ਪੈਂਦਾ ਹੈ ? ਜ਼ਰਾ ਵੀ ਨਹੀਂ ! ਕੀ ਪਲੇਟੋ ਦੀਆਂ ਬਾਣੀਆਂ ਪੁਰ ਪਲੇਟੋ ਦੀ ਜ਼ਾਤੀ ਕਥਾ ਦਾ ਕੋਈ ਅਸਰ ਪੈ ਸਕਦਾ ਹੈ ? ਬਿਲਕੁਲ ਨਹੀਂ ! ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਇੱਕ ਗੁਰ ਸ਼ਬਦ ਨਾਲ ਉਸ ਦੇ ਰਚਨਹਾਰ ਗੁਰੂ ਦੇ ਜ਼ਾਤੀ ਜੀਵਨ ਦਾ ਕਿਸੇ ਪ੍ਰਕਾਰ ਵੀ ਕੋਈ ਸੰਬੰਧ ਹੈ ? ਹਰਗਿਜ਼ ਨਹੀਂ ! ਜੇ ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਸਾਰੇ ਜੀਵਨ ਵਿੱਚ ਇੱਕ ਵੀ ਕਰਾਮਾਤ ਨ ਵਿਖਾਈ ਹੋਵੇ ਤਾਂ ਕੀ ਜਪੁਜੀ ਦੀ ਹਕੀਕਤ, ਕੀਮਤ, ਯਾ ਸਦਾਕਤ ਦਾ ਕੋਈ ਅੰਗ, ਕਿਸੇ ਤਰ੍ਹਾਂ ਵੀ ਘਟ ਹੋ ਜਾਏਗਾ ? ਨਹੀਂ ! ਕੀ ਵੇਦਿਕ ਮਤ ਕਿਸੇ ਵਿਸ਼ੇਸ਼ ਮਨੁਖ ਦੀ ਜੀਵਨ ਕਥਾ ਤੇ ਕਾਇਮ ਹੈ ? ਬਿਲਕੁਲ ਨਹੀਂ. ਜੇ ਅਜ ਸਾਬਤ ਹੋ ਜਾਏ ਕਿ ੨੪ ਅਵਤਾਰਾਂ ਵਿੱਚੋਂ ਕੋਈ ਵੀ ਨਹੀਂ ਹੋਇਆ, ਤਾਂ ਕੀ ਵੇਦ

Sri Satguru Jagjit Singh Ji eLibrary NamdhariElibrary@gmail.com

ਮੰਤ੍ਰਾਂ ਦੀ ਸਚਾਈ ਘਟ ਜਾਏਗੀ ? ਹਰਗਿਜ਼ ਨਹੀਂ. ਜਿੱਥੇ ਇੰਜੀਲ ਵਿੱਚ, ਮਸੀਹ ਦੇ ਪਿਤਾਮਾ, ਪਰ ਪਿਤਾਮਾ, ਮਹਾਂ ਪਰ ਪਿਤਾਮਾ, ਪੁਨਰ ਮਹਾਂ ਪਰ ਪਿਤਾਮਾ ਦੇ ਬਿਤਾਲੀ, ਤੇ ਇਸਤੋਂ ਵੀ ਵਧੀਕ ੨, ਪਿਤ੍ਰਾਂ ਦੇ ਨਾਮ ਦਿੱਤੇ ਹੋਏ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਤਨੀ ਬ੍ਰਿਹਤ ਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਦੇ ਪਿਤਾ ਤਕ ਦਾ ਵੀ ਨਾਮ ਨਹੀਂ ! ਕਿੰਨੇ ਕੁ ਆਰਯ ਸਭਾ-ਸਦ ਸ੍ਵਾਮੀ ਜੀ ਦੇ ਪਿਤਾ ਦਾ ਨਾਮ ਜਾਣਦੇ ਹਨ ? ਜੇ ਸ਼ਿਵਰਾਤ੍ਰੀ ਦੀ ਕਥਾ ਮੂਲੋਂ ਹੀ ਮਿਥਿਆ ਹੋਵੇ ਤਾਂ ਕੀ ਭਲਾ ਸ੍ਵਾਮੀ ਜੀ ਦੇ ਵੇਦਿਕ ਉਪਦੇਸ਼ਾਂ ਵਿੱਚ ਕੋਈ ਫ਼ਰਕ ਪੈ ਸਕਦਾ ਹੈ ? ਜ਼ਰਾ ਵੀ ਨਹੀਂ. ਤਾਂ ਤੇ ਜਿਨ੍ਹਾਂ ਮਤਾਂ ਦਾ ਮੁੱਖ ਆਧਾਰ ਆਪਣੇ ਬਾਨੀਆਂ ਦੇ ਕਰਾਮਾਤੀ ਇਤਿਹਾਸਾਂ ਪੁਰ ਹੀ ਸਥਾਪਿਤ ਹੈ, ਉਹ ਸੁਰਖਿਜਤ ਨਹੀਂ. ਇਤਿਹਾਸ ਪ੍ਰਮਾਣ ਦੀ ਕੀਮਤ ਨੰਨਾ ਹੈ, ਇਹ ਕਦੇ ਵੀ ਮੁਕੰਮਲ ਸੱਤ ਨਹੀਂ ਹੋ ਸਕਦਾ. ਪਰਸੋਂ ਰਾਤ ਹੀ ਸ੍ਰੀ ਦਰਬਾਰ ਸਾਹਿਬ ਵਿੱਚ ਜੋ ਕੋਈ ਹਾਦਸਾ ਹੋਇਆ ਹੈ ਸਾਨੂੰ ਉਸ ਦੀ ਵੀ ਸੌਲ੍ਹਾਂ ਆਨੇ ਸੱਚ ਖ਼ਬਰ ਪਹੁੰਚਣੀ ਮੁਸ਼ਕਿਲ ਹੈ. ਮੇਰੇ ਘਰ ਦੇ ਬਾਹਿਰ ਇਸ ਵੇਲੇ ਹੀ ਜੋ ਇੱਕ ਝਗੜਾ ਹੋ ਰਿਹਾ ਹੈ, ਮੈਨੂੰ ਉਸ ਦੀ ਵੀ ਮੁਕੰਮਲ, ਹਕੀਕੀ ਖ਼ਬਰ ਮਿਲਣੀ ਸੰਭਵ ਨਹੀਂ. ਇਸ ਲਈ *ਇਤਿਹਾਸ ਪ੍ਰਮਾਣ ਦੀ ਕੋਈ ਕੀਮਤ ਨਹੀਂ. ਹਕੀਕੀ, ਪੁਖ਼ਤਾ, ਤੇ ਅਚਲ ਕੀਮਤ ਕੇਵਲ ਕਿਸੇ ਬਾਣੀ ਦੀ ਅੰਦਰੂਨੀ ਸਦਾਕਤ ਪਰ ਹੀ ਹੈ. ਜੇ ਇਸ ਵਿੱਚ ਕੋਈ ਖ਼ਾਮੀ, ਯਾ ਕਮੀ ਹੈ ਤਾਂ ਉਸ ਮਜ਼ਹਬ ਵਿੱਚ ਸਿਵਾਏ ਢੋਂਗ ਦੇ ਹੋਰ ਕੁੱਝ ਨਹੀਂ. ਕਿਸੇ ਮਹਾਤਮਾ ਦੇ ਜੀਵਨ ਦੇ ਨਾਲ ਮਿਥਿਆ ਕਹਾਣੀਆਂ ਜੋੜ ਕੇ ਉਸ ਮਹਾਤਮਾ ਦੀ ਬਾਣੀ ਤੋਂ ਜੋ ਅਕਲੀ, ਈਮਾਨੀ, ਇਖ਼ਲਾਕੀ ਤੇ ਰੂਹਾਨੀ, ਅਸਰ ਪੈਣਾ ਸੀ ਉਹ ਵੀ ਗ਼ਾਇਬ ਹੋ ਜਾਂਦਾ ਹੈ. †ਜੇ ਹਜ਼ਰਤ

*ਇਸ ਵਿਸ਼ੇ ਪਰ ਹੋਰ ਵਧੀਕ ਦੇਖ ਭਾਲ ਲਈ ਦੇਖੋ, "Historical Evidence" by The Rev. H. B. George, M. A., (Oxford, At the Clarendon Press).

†ਪਿਛਲੇ ਸਾਲ (੧੯੬੧ ਵਿੱਚ) ਖ਼ਾਲਸਾ ਕਾਲਜ ਦੇ ਕੁੱਝ ਪ੍ਰੋਫ਼ੈਸਰਾਂ ਨੂੰ ਤੇ ਮੈਨੂੰ ਇੱਕ ਮੁਖੀ ਸਿੱਖ ਸੋਸਾਇਟੀ, ਅੰਮ੍ਰਿਤਸਰ, ਵੱਲੋਂ ਇੱਕ ਪਤ੍ਰਕਾ ਆਈ, ਜਿਸ ਵਿੱਚ ਇਹ ਲਿਖਿਆ ਹੋਇਆ ਸੀ ਕਿ ਅਮ੍ਰੀਕਾ ਤੇ ਇੰਗਲਿਸਤਾਨ ਵਿੱਚ ਈਸਾਈ ਪਾਦਰੀ ਸਿੱਖ ਵਿਦਿਆਰਥੀਆਂ ਨੂੰ ਗੁਮਰਾਹ ਕਰਨ ਤੇ ਤੁਲੇ ਹੋਏ ਹਨ, ਤਾਂ ਤੇ ਕੋਈ ਐਸੀ ਪੁਸਤਕ ਤਿਆਰ ਕੀਤੀ ਜਾਏ ਜਿਸ ਤੋਂ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਫ਼ਜ਼ੀਲਤ ਦਾ ਪਤਾ ਲਗੇ. ਸੋ ਮੇਰਾ ਉਸ ਸੋਸਾਇਟੀ ਦੀ ਸੇਵਾ ਵਿੱਚ ਉੱਤਰ ਹੈ ਕਿ ਗੁਰਮਤਿ ਦੀ

ਬਾਕੀ ਅਗੇ ੮੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਮਸੀਹ ਦੀ ਕਥਾ ਲਿਖਣੀ ਹੀ ਸੀ ਤਾਂ ਕੋਈ ਕੁਦਰਤੀ ਲਿੱਖੀ ਜਾਂਦੀ, ਵਰਨਾ ਇਤਨਾ ਹੀ ਕਹਿਣਾ ਕਾਫ਼ੀ ਸੀ ਕਿ ਕਿਸੇ ਮਹਾਤਮਾ ਨੇ ਇਹ ਇਹ ਉਪਦੇਸ਼ ਕੀਤੇ ਹਨ. ਉਹ ਸਾਰੇ ਯੂਰਪ ਨੂੰ, ਤੇ ਸ਼ਾਇਦ ਬਾਕੀ ਮੁਲਕਾਂ ਦੇ ਲੋਕਾਂ ਨੂੰ ਵੀ ਪਰਵਾਣ ਹੁੰਦੇ. ਭਲਾ, ਕੇਹੜੇ ਅਖਾਣ (Proverb) ਦੇ ਰਚਣਹਾਰ ਦੇ ਨਾਮ ਦਾ ਯਾ ਉਸ ਦੇ ਜੀਵਨ ਦਾ ਸਾਨੂੰ ਪਤਾ ਹੈ ? ਤਕਰੀਬਨ ਕਿਸੇ ਦਾ ਵੀ ਨਹੀਂ. ਕੀ ਫਿਰ, ਮੁਹਾਵਰਿਆਂ ਦਾ ਪ੍ਰਭਾਵ ਸਾਡੇ ਪੁਰ ਨਹੀਂ ਪੈਂਦਾ ? ਜ਼ਰੂਰ ਪੈਂਦਾ ਹੈ. ਜੇ ਕੇਵਲ "ਬਕੌਲ ਸ਼ਖ਼ਸੇ ਕਿ" ਆਖ ਕੇ ਯਾ ਇਹ ਆਖ ਕੇ ਕਿ "ਦੇਖੋ, ਕਿਸੇ ਮਹਾਤਮਾ ਨੇ ਕੈਸਾ ਉੱਤਮ ਉਪਦੇਸ਼ ਕੀਤਾ ਹੈ," ਮਗਰੋਂ "Sermon on the Mount" ਵਾਲਾ ਉਪਦੇਸ਼ ਸੁਣਾ ਦਿੱਤਾ ਜਾਂਦਾ ਤਾਂ ਕੀ ਉਸ ਦਾ ਘਟ ਪ੍ਰਭਾਵ ਪੈਂਦਾ, ਹਰਗਿਜ਼ ਨਹੀਂ. ਹਜ਼ਾਰਾਂ ਪਰਮ ਪ੍ਰਭਾਵ ਸ਼ੀਲ ਸ਼ੇਅਰਾਂ (Poetical Verses) ਦੇ ਰਚਣ ਵਾਲਿਆਂ ਦੇ ਨਾਮਾਂ ਦਾ ਸਾਨੂੰ ਕੁੱਝ ਵੀ ਪਤਾ ਨਹੀਂ ! ਸਾਨੂੰ ਸੋਨੇ ਦੀ ਅਸਲੀਅਤ ਨਾਲ ਗ਼ਰਜ਼ ਹੈ ਨ ਕਿ ਇਸ ਇਤਿਹਾਸ ਨਾਲ ਕਿ ਉਹ

ਸਫ਼ੇ ੮੬ ਦੀ ਬਾਕੀ

ਫ਼ਜ਼ੀਲਤ ਤਾਂ ਸਿਵਾਏ ਭਾਈ ਗੁਰਦਾਸ ਜੀ ਦੀ ਬਾਣੀ ਦੇ ਹੋਰ ਕੋਈ ਦੱਸਣ ਦੇ ਸਮਰਥ ਨਹੀਂ; ਜਦ ਤਕ ਇਸ ਬਾਣੀ ਦੇ ਸੰਸਾਰ ਦੀਆਂ ਮੁੱਖ ਬੋਲੀਆਂ ਵਿੱਚ ਉਲਥੇ ਨਹੀਂ ਹੁੰਦੇ ਤਦ ਤਕ ਸਾਡੇ ਪ੍ਰਚਾਰ ਦਾ ਇਹ ਅੰਗ ਅਧੂਰਾ ਹੀ ਰਹੇਗਾ. ਸੋ ਅਨੇਕਾਂ ਹੀ ਹਿੰਦੂ ਤੇ ਸਿੱਖ ਵਿਦ੍ਵਾਨਾਂ ਦੀ ਸਹਾਇਤਾ ਦੁਆਰਾ ਇਸ ਸੇਵਾ ਨੂੰ ਹਥ ਵਿੱਚ ਲਿਆ ਜਾਵੇ. ਹਾਥੀ-ਸਵਾਰ ਸਿੱਖ-ਆਗੂ ਜੋ ਗੁਰ ਪੰਥ ਦੀ ਇੱਜ਼ਤ, ਦੌਲਤ ਤੇ ਤਾਕਤ ਨੂੰ ਆਪਣੀ ਹਉਮੈਂ ਦੀ ਹਨੇਰੀ ਵਿੱਚ ਰੁਲਾ ਰੁਲਾ ਕੇ ਬਿਅਰਥ ਉਡਾ ਰਹੇ ਹਨ ਉਹ ਵੀ ਕੁੱਝ ਤਰਸ ਕਰਨ ਤੇ ਏਧਰ ਧਿਆਨ ਦੇਵਨ ! ਪਰ, ਸਿੱਖ ਵਿਦਿਆਰਥੀ, ਯਾ ਹੋਰ ਗ਼ੈਰ ਈਸਾਈ, ਜਿਨ੍ਹਾਂ ਨੂੰ ਈਸਾਈਆਂ ਦਾ ਖ਼ਤਰਾ ਹੈ, ਬੇਹਤਰ ਹੈ ਕਿ ਖ਼ਤਰਨਾਕ ਪਦਾਰਥ ਦੀਆਂ ਖ਼ਾਮੀਆਂ ਤੇ ਖ਼ਰਾਬੀਆਂ ਤੋਂ ਵੀ ਭਲੀ ਪ੍ਰਕਾਰ ਵਾਕਿਫ਼ ਹੋਵਨ ! ਨ ਕਿ ਕੇਵਲ ਆਪਣੇ ਮਤ ਦੀਆਂ ਖ਼ੂਬੀਆਂ ਤੋਂ ਹੀ, ਯੁੱਧ ਵਿੱਚ ਆਪਣੀ ਸੈਨਾ ਦੀਆਂ ਖ਼ੂਬੀਆਂ ਤੋਂ ਇਲਾਵਾ ਅਤਿ ਆਵਸ਼ਯਕ ਹੈ ਕਿ ਕਾਮਯਾਬੀ ਲਈ ਵੈਰੀ ਦੀ ਸੈਨਾ ਦੇ ਗੁਣ ਔਗੁਣਾਂ ਦੀ ਵੀ ਚੰਗੀ ਤਰ੍ਹਾਂ ਵਾਕਫ਼ੀਅਤ ਹੋਵੇ. ਫਿਰ, ਜੇ ਕਿਸੇ ਨੂੰ ਠਗਾਂ ਤੋਂ ਬਚਾਣਾ ਹੋਵੇ ਤਾਂ ਜ਼ਰੂਰੀ ਹੈ ਕਿ ਉਸ ਨੂੰ ਠਗਾਂ ਦੀਆਂ ਚਲਾਕੀਆਂ ਤੇ ਚਾਲਬਾਜ਼ੀਆਂ ਤੋਂ ਆਗਾਹ ਕੀਤਾ ਜਾਵੇ ਨ ਕਿ ਸਾਧਾਂ ਦੀਆਂ ਸਾਧੁਤਾਈਆਂ ਤੋਂ. ਜੇ ਕਿਧਰੇ ਬਨਾਵਟੀ ਘੀ, ਸ਼ੈਹਦ, ਕੇਸਰ, ਬੰਸ ਲੋਚਨ ਆਦਿਕ ਦੀ ਵਿਕਰੀ ਹਕੀਕੀ ਪਦਾਰਥਾਂ ਦੇ ਨਾਮਾਂ ਹੇਠਾਂ ਹੋ ਰਹੀ ਹੋਵੇ ਤਾਂ ਬਨਾਵਟੀ ਪਦਾਰਥਾਂ ਦੇ ਨੁਕਸਾਨ ਤੇ ਉਹਨਾਂ ਨੂੰ ਪਰਖਣ ਦੇ ਤਰੀਕੇ ਵੀ

ਬਾਕੀ ਸਫ਼ੇ ੮੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਕੋਹੜੀ ਖਾਣ ਤੋਂ ਆਇਆ ਹੈ; ਦੁੱਧ ਤੇ ਘਿਉ ਦੀ ਨਿਰਮਲਤਾ ਨਾਲ ਵਾਸਤਾ ਹੈ ਨ ਕਿ ਇਸ ਦਿਲਚਸਪੀ ਨਾਲ ਕਿ ਉਹ ਕੋਹੜੀ ਵਿਸ਼ੇਸ਼ ਗਊ ਭੈਂਸ, ਯਾ ਕੋਹੜੀ ਮੰਡੀ ਦੇ ਹਨ; ਤਬੀਬ, ਵੈਦ ਯਾ ਡਾਕਟਰ ਦੇ ਸੰਬੰਧ ਵਿੱਚ ਉਸ ਦੀ ਰੋਗ ਪ੍ਰੀਖਿਆ ਤੇ ਚਿਕਿਤਸਾ ਸ਼ਕਤੀ ਦੀ ਤਸਦੀਕ ਕੀਤੀ ਜਾਂਦੀ ਹੈ ਨ ਕਿ ਉਸ ਦੀ ਕੌਮੀਅਤ ਦੀ; ਆਸ਼ਿਕ ਨੂੰ ਮਾਸ਼ੂਕ ਦੇ ਹੁਸਨ ਤੇ ਹੁਸਨ ਇਖ਼ਲਾਕੀ ਦੀ ਖਿੱਚ ਹੁੰਦੀ ਹੈ ਨ ਕਿ ਉਸ ਦੇ ਵਾਲਦੈਨ ਦੀ ਖ਼ੁਸ਼ਹਾਲੀ ਯਾ ਲਿਆਕਤ ਦੀ. ਪਰ, ਗਲ ਤਾਂ ਸਾਰੀ ਇਹ ਹੈ ਕਿ ਜੇ ਕਹਾਣੀ ਨ ਘੜੀ ਜਾਵੇ ਤਾਂ ਫਿਰ ਢੋਂਗ ਕਿਵੇਂ ਬਣੇਂ, ਅਰ, ਕਮਜ਼ੋਰ ਦਿਲ ਸ਼ਾਹਾਂ, ਸ਼ਹਨਸ਼ਾਹਾਂ, ਰਈਸਾਂ, ਤੇ ਚੰਗਿਆਂ ਮੰਦਿਆਂ ਗ਼ਰੀਬਾਂ ਨੂੰ ਕਾਬੂ ਕਿਵੇਂ ਕੀਤਾ ਜਾਵੇ, ਅਰ ਮਹੰਤੀ ਹਕੂਮਤਾਂ, ਤੇ ਉਹਨਾਂ ਦੇ ਸ਼ਾਨਦਾਰ ਸਿਲਸਿਲੇ ਕਿਸ ਤਰ੍ਹਾਂ ਚੱਲਨ, ਤੇ ਅਰਬਾਂ ਖਰਬਾਂ ਵੇਹਲਿਆਂ ਤੇ ਮਖੱਟੂਆਂ ਦੀ ਪੇਟ ਪੂਰਤੀ ਕਿਵੇਂ ਹੋਵੇ ?

ਸਫ਼ੇ ੮੭ ਦੀ ਬਾਕੀ

ਦਸਣੇ ਚਾਹੀਦੇ ਹਨ ਨ ਕਿ ਕੇਵਲ ਹਕੀਕੀ ਪਦਾਰਥਾਂ ਦੇ ਫ਼ਾਇਦੇ ਤੇ ਉਹਨਾਂ ਦੀਆਂ ਨਿਸ਼ਾਣੀਆਂ. ਸੋ ਸਾਡੀਆਂ ਹਿੰਦੂ ਤੇ ਸਿੱਖ ਸੋਸਾਇਟੀਆਂ ਨੂੰ ਉਚਿਤ ਹੈ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਸਾਰੀ ਦੁਨੀਆ ਵਿੱਚ ਇਸ ਪ੍ਰਕਾਰ ਦੇ ਲੇਖਾਂ ਤੋਂ ਵਿਦਿਤ ਕਰਨ ਜਿਹਾ ਕਿ ਲਿੱਖਣ ਦੀ ਤੁੱਛ ਕੋਸ਼ਿਸ਼ ਇਸ ਕੀਟ ਨੇ ਉੱਪਰ ਮੂਲ ਨਿਬੰਧ ਵਿੱਚ ਕੀਤੀ ਹੈ, ਤੇ ਪਾਠਕ ਜਨ ਹੇਠਲੀਆਂ ਸਤਰਾਂ ਵੀ ਧਿਆਨ ਨਾਲ ਪੜ੍ਹਨ !

Miss F. P. Cobbe observes, in Broken Lights, "For ages back markedly since the days of Spinoza, facts have been known to learned men utterly at variance with the received doctrines of the infallibility of Scripture, or even of its historical accuracy."
Froude says : (in his Short Studies on Great Subjects, Vol. I, p. 278.) "The truth of the Gospel history is now more widely doubted in Europe than at any time since the conversion of Constantine (in 312 A. D.)."
Bishop Colenso says : (in his Pentateuch and Book of Joshua, Part 2, Preface.) "I assert without fear of contradiction that there are multitudes now of the more intelligent clergy who do not believe in the reality of Noachian deluge as described in the Book of Genesis."
J. A. Langland says : (in Religious Scepticism & Infidelity) "The Philosophy and the religion of to-day (Christianity) are opposed. The teachings of our divines and the teachings of our thinkers are antagonistic."
The Countess of Jersey says in the Nineteenth Century (reproduced in the Times of India, Weekly Edition, for 25th. May, 1889) "Christianity has nothing to offer to those who are dissatisfied with Hinduism."

Sri Satguru Jagjit Singh Ji eLibrary NamdhariElibrary@gmail.com

(੩੪) ਪਾਠਕ ਨੂੰ ਭਾਵੇਂ ਚੇਤੇ ਹੀ ਨ ਰਿਹਾ ਹੋਵੇ ਕਿ ਮੈਂ ਆਪਣੀ ਪਰਦੇਸ਼ ਯਾਤ੍ਰਾ ਵਿੱਚ ਕੇਹੜੀ ਮਨਜ਼ਿਲ ਤੇ ਪਹੁੰਚਿਆ ਸਾਂ. ਹਾਂ ਜੀ, ਮੈਂ ਜੈ ਪੁਰ ਪਹੁੰਚਿਆ ਸਾਂ. ਸੋ ਜੈ ਪੁਰ ਤੋਂ ਰਵਾਨਾ ਹੋ ਕੇ ਮੈਂ ਤੇ ਮੇਰੇ ਸਾਥੀ ਆਬੂ ਪਰਬਤ ਪਰ ਪਹੁੰਚੇ ਤੇ ਚਵ੍ਹੀ ਘੰਟੇ ਉੱਥੇ ਰਹਿ ਕੇ ਉੱਥੋਂ ਦੇ ਜੈਨ ਮੰਦਿਰ ਵੇਖੇ. ਉੱਥੋਂ ਸਿੱਧੇ ਬੰਬਈ ਪਹੁੰਚੇ, ਜਿੱਥੇ ਪਹਿਲਾਂ ਕੁੱਝ ਦਿਨ ਬ੍ਰਹਮੂ ਸਮਾਜ ਵਿੱਚ ਬਤੌਰ ਅਤਿਥੀ ਰਹਿ ਕੇ ਮਗਰੋਂ ਅੱਠ ਦਿਨ ਅੱਸਾਂ ਇੱਕ ਕਿਰਾਏ ਦੇ ਮਕਾਨ ਵਿੱਚ ਗੁਜ਼ਾਰੇ. ਫਿਰ, ੬ ਸਤੰਬਰ ੧੯੦੬ ਨੂੰ ਸ਼ਾਮ ਦੇ ੫ ਵਜੇ ਜਹਾਜ਼ ਚੜ੍ਹੇ, ਜੋ ਸਵੇਰੇ ਪੁਹ ਫੁੱਟਣ ਤੋਂ ਥੋੜਾ ਚਿਰ ਪਹਿਲਾਂ ਭਾਰਤ ਨੂੰ ਨਮਸਕਾਰ ਕਰ ਕੇ ਸਾਗਰ ਵਿੱਚ ਠਿਲ ਪਿਆ. ਜਹਾਜ਼ ਦੇ ਕੈਬਿਨ ਵਿੱਚ ਮੇਰੇ ਨਾਲ ਕੇਵਲ ਤਿੰਨ ਹੋਰ ਮੁਸਾਫ਼ਰ ਸਨ : ਪ੍ਰਸਿੱਧ ਲਾਲਾ ਹਰਦਿਆਲ ਐਮ. ਏ, ਇੱਕ ਜਰਮਨ, ਤੇ ਇੱਕ ਬ੍ਰਾਜ਼ੀਲਿਅਨ. ਹਰਦਿਆਲ ਜੀ ਦਾ ਇੰਗਲਿਸਤਾਨ ਵਲ ਇਹ ਦੂਜਾ ਸਫ਼ਰ ਸੀ. ਉਹਨਾਂ ਦੀ ਪਤਨੀ ਵੀ ਨਾਲ ਸੀ, ਜੋ ਤੇਜਾ ਸਿੰਘ ਜੀ ਦੀ ਪਤਨੀ ਦੇ ਨਾਲ ਅਲਗ ਕੈਬਿਨ ਵਿੱਚ ਸੀ. ਹਰਦਿਆਲ ਜੀ ਦਾ ਬਰਥ ਮੇਰੇ ਬਰਥ ਦੇ ਉੱਪਰ ਸੀ, ਤੇ ਉਹ ਜਦ ਵੀ ਮੇਰੇ ਬਰਥ ਤੇ ਪੈਰ ਰੱਖਕੇ ਆਪਣੇ ਬਰਥ ਉੱਤੇ ਚੜ੍ਹਦੇ ਸਨ, ਜ਼ਰੂਰ ਹੀ ਕੋਈ ਨ ਕੋਈ ਪਿਆਰ ਯਾ ਹਾਸੇ ਦਾ ਕਲਮਾ ਬੋਲ ਕੇ ਚੜ੍ਹਦੇ ਸਨ. ਮੈਂ ਉਹਨਾਂ ਦੇ ਹੈਰਤ ਅੰਗੇਜ਼ ਹਾਫ਼ਜੇ ਦੀ ਸ਼ੋਹਰਤ ਚੰਗੀ ਤਰ੍ਹਾਂ ਸੁਣੀ ਹੋਈ ਸੀ; ਤੇ ਮੈਂ ਲਗਾਤਾਰ ਉਹਨਾਂ ਦੀ ਇਸ ਅਪੂਰਬ ਸ਼ਕਤੀ ਦਾ ਚਮਤਕਾਰ ਵੇਖਣ ਲਈ ਮੌਕਾ ਤਾੜਦਾ ਰਹਿੰਦਾ ਸਾਂ. ਮੇਰੀ ਇਹ ਖ਼ਾਹਿਸ਼ ਦਿਨ ਵਿੱਚ ਜ਼ਰੂਰ ਹੀ ਦੋ ਤਿੰਨ ਵੇਰ ਪੂਰੀ ਹੋ ਜਾਂਦੀ ਸੀ, ਤੇ ਮੈਂ ਆਪਣੀ ਬਾਲ ਪ੍ਰਕ੍ਰਿਤੀ ਅਨੁਸਾਰ ਬੜਾ ਪ੍ਰਸੰਨ ਮਹਸੂਸ ਕਰਦਾ ਸਾਂ. ਉਹਨਾਂ ਦਾ ਤਰੀਕਾ ਇਹ ਸੀ ! ਪਹਿਲਾਂ ਪੰਜ ਅੰਗ੍ਰੇਜ਼ੀ ਸਤਰਾਂ ਉੱਚੀ ਉੱਚੀ ਪੜ੍ਹਦੇ ਸਨ. ਫਿਰ, ਦੋ ਤਿੰਨ ਮਿੰਟ ਲਫ਼ਜ਼ਾਂ ਵਲ ਵੇਖਦੇ ਰਹਿੰਦੇ ਸਨ. ਉਸ ਤੋਂ ਬਾਦ ਅੱਖਾਂ ਮੀਟ ਕੇ ਪੰਜੇ ਸਤਰਾਂ ਜਿਉਂ ਕੀਆਂ ਤਿਉਂ ਠੀਕ ੨ ਸੁਣਾ ਦੇਂਦੇ ਸਨ. ਇੱਕ ਵੇਰ ਇਸੇ ਤਰ੍ਹਾਂ ਉਹਨਾਂ ਨੇ ਬਿਲਕੁਲ ਹੀ ਓਪਰੀਆਂ ਦਸ ਸਤਰਾਂ ਵੀ ਸੁਣਾ ਦਿਤੀਆਂ ਸਨ. ਜਹਾਜ਼ ਵਿੱਚ ਕੁਲ ਸੱਠ ਹਿੰਦੁਸਤਾਨੀ ਸਨ ਤੇ ਸ੍ਰਦਾਰ ਅਮਰ ਸਿੰਘ ਤੇ ਮੀਆਂ (ਮਗਰੋਂ ਡਾਕਟਰ) ਗੁਲਾਮ ਰਸੂਲ ਐਬਟਾਬਾਦੀ ਦੇ ਹੋਰ ਸਭ ਨੂੰ ਹਿੰਦ ਮਹਾਂਸਾਗਰ ਵਿੱਚ ਬੈਹਰੀ ਬੀਮਾਰੀ ਹੋ ਗਈ, ਤੇ ਅਦਨ ਤਕ ਸਭ ਨੇ ਅਤਯੰਤ ਕਲੇਸ਼ ਦੇ ਦਿਨ ਕੱਟੇ. ੨੨ ਸਤੰਬਰ ਨੂੰ ਅੱਸੀਂ ਲੰਡਨ ਪਹੁੰਚੇ ਤੇ ਪਹਿਲਾਂ ਇੰਡੀਆ ਹਾਊਸ ਵਿੱਚ ਠਹਿਰੇ, ਜਿੱਥੇ

Sri Satguru Jagjit Singh Ji eLibrary NamdhariElibrary@gmail.com

ਜਗਤ ਵਖਯਾਤ ਹਿੰਦੁਸਤਾਨੀ *ਮਹਾਂ ਵਿਦ੍ਵਾਨ ਸ਼ਿਆਮ ਜੀ ਕ੍ਰਿਸ਼ਨ ਵਰਮਾ, ਮਿਸਟਰ ਬਾਪਟ, ਤੇ ਵਿਨਾਯਕ ਦਾਮੋਦਰ ਸਾਵਰਕਰ ਜੀ ਦੇ ਦਰਸ਼ਨ ਹੋਏ. (ਕੀ ਹੁਣ ਕਦੇ ਕਿਸੇ ਵੀ ਦੁਨਿਆਵੀ ਕੁਰਬਾਨੀ ਯਾ ਕੀਮਤ ਦੁਆਰਾ, ਉਹ ਅਦਭੁਤ ਸਮਾਂ ਮੁੜ ਸਾਡੇ ਅਨੁਭਵ ਗੋਚਰ ਹੋ ਸਕਦਾ ਹੈ ? ਮੇਰਾ ਵਿਸ਼੍ਵਾਸ ਹੈ ਕਿ ਕਾਲ ਦੇ ਚਕ੍ਰ ਨੂੰ ਉਲਟਾ ਫੇਰ ਕੇ ਅਕਾਲ ਪੁਰਖ ਜ਼ਰੂਰ, ਮੁੜ ਕੇ ਉਹੋ ਘਟਨਾਵਾਂ, ਜੇ ਚਾਹੇ ਤਾਂ, ਉਸੇ ਕ੍ਰਮ ਅਨੁਸਾਰ ਦੇਸ਼ ਕਾਲ ਦੀ ਚੱਦਰ ਉੱਤੇ ਖਿਲਾਰ ਕੇ, ਮਾਨੁਖੀ ਆਤਮਾ ਦੀ ਦ੍ਰਿਸ਼ਟੀ ਗੋਚਰ ਕਰ ਸਕਦਾ ਹੈ,) ਥੋੜੇ ਹੀ ਦਿਨਾਂ ਮਗਰੋਂ ਸਾਡੀ ਪਾਰਟੀ ਖਿੰਡ ਪੁੰਡ ਗਈ. ਕੋਈ ਕੇਂਬ੍ਰਿਜ ਚਲਾ ਗਿਆ, ਕੋਈ ਮੈਨਚੈਸਟਰ, ਤੇ ਕੋਈ ਐਡਨਬਰਾ. ਲੰਡਨ ਵਿੱਚ ਕੇਵਲ ਮੈਂ ਹੀ ਰਹਿ ਗਿਆ. ਉਸ ਤੋਂ ਡੇੜ੍ਹ ਸਾਲ ਬਾਦ ਤਾਂ ਉੱਥੇ ਕਾਫ਼ੀ ਸਿੱਖ ਵਿਦਿਆਰਥੀ ਇੱਕਠੇ ਹੋ ਗਏ, ਪ੍ਰੰਤੂ ੧੯੦੭ ਦੇ ਸਤੰਬਰ ਤਕ ਮੈਨੂੰ ਕਦੇ ਕਦੇ ਪਿਆਰੇ ਹਰਨਾਮ ਸਿੰਘ ਜੀ (ਅੰਮ੍ਰਿਤਸਰੀ ਮਗਰੋਂ ਬੈਰਿਸਟਰ-ਐਟ-ਲਾ) ਤੋਂ ਬਿਨਾਂ ਹੋਰ ਕੋਈ ਵੀ ਕੇਸਧਾਰੀ ਨਰ-ਵਿਅਕਤੀ ਕਈ ਕਈ ਹਫ਼ਤੇ, ਨਜ਼ਰ ਨ ਆਇਆ ਕਰਦਾ ਸੀ. ਐਸੀ ਦਸ਼ਾ ਵਿੱਚ ਉੱਥੇ ਪੂਰੇ ਦੋ ਸਾਲ, ਗਿਰਧਾਰੀ ਲਾਲ ਜੀ ਮਹੇਸ਼੍ਰੀ ਅੰਮ੍ਰਿਤਸਰੀ (ਮਗਰੋਂ ਬੈਰਿਸਟਰ-ਐਟ-ਲਾ) ਹੀ ਮੇਰੇ ਧਰਮ, ਕਰਮ, ਤਾਲੀਮ ਤੇ ਸੇਹਤ ਦੇ ਮੁਹਾਫ਼ਿਜ਼ ਰਹੇ.

*"ਇੰਡੀਆ ਹਾਊਸ," ਇੱਕ ਲੱਖ ਰੁਪਏ ਦੀ ਲਾਗਤ ਨਾਲ ਸ਼ਿਆਮ ਜੀ ਨੇ ਹੀ ਬਣਵਾਇਆ ਸੀ. ("Punjab's Prominent Hindus" p. 124, under, Dr. Har Dayal) "Dayananda Commemoration Volume," (edited by Harbilas Sarda, M. L. A. Ajmer., 1933) ਦੇ ੧੯੨ ਪੰਨੇ ਦੇ ਸਾਹਮਣੇ ਸ੍ਵਾਮੀ ਜੀ ਦੀ ਇੱਕ ਹਸਤ ਲਿਖਿਤ ਸੰਸਕ੍ਰਿਤ ਪਤ੍ਰਿਕਾ ਦੀ ਫ਼ੋਟੋ-ਤਸਵੀਰ ਦਿੱਤੀ ਹੋਈ ਹੈ, ਜੋ ਸ੍ਵਾਮੀ ਜੀ ਨੇ ਵਰਮਾ ਜੀ ਨੂੰ ੧੩ ਜੁਲਾਈ ਸਨ ੧੮੮੦ ਵਿੱਚ ਆਕਸਫ਼ੋਰਡ (ਇੰਗਲੈਂਡ), ਘੱਲੀ ਸੀ. ਇਸੇ ਪੁਸਤਕ ਦੇ ਪੰਨੇ ੧੯੪ ਦੇ ਸਾਹਮਣੇ ਵਰਮਾ ਜੀ ਦੀ ਆਪਣੀ ਵੀ ਇੱਕ ਨਫ਼ੀਸ ਤਸਵੀਰ ਮੌਜੂਦ ਹੈ, ਜਿਸ ਦਾ ਬਲਾਕ ਉਸ ਫ਼ੋਟੋ ਤੋਂ ਬਣਵਾਇਆ ਗਿਆ ਸੀ ਜੋ ਉਹਨਾਂ ਦੀ ਧਰਮ ਪਤਨੀ ਨੇ ਜੈਨੀਵਾ (Geneva) ਤੋਂ ਘੱਲੀ ਸੀ. "In 1881 Mr. Varma was holding a high position in a native State, and for a number of years after that he enjoyed the confidence of high British officials." (The Arya Samaj, by Lajpat Rai, Longmans & Co., London, 1915, p. 164) "In 1881, Mr. S. K. Varma was sent to Berlin as a delegate of the Government of India, where he read, before the International Congress of Orientalists, a paper on the 14th September, and demolished all the arguments advanced against Sanskrit language having ever been a spoken vernacular of India." (Hindu Superiority, by Harbilas Sarda, p. 177)

Sri Satguru Jagjit Singh Ji eLibrary NamdhariElibrary@gmail.com

ਅੱਸੀਂ ਇੱਕੋ ਹੀ ਜਹਾਜ਼ ਵਿੱਚ ਗਏ ਸਾਂ ਤੇ ਪੈਰਿਸ ਦੇ ਹੋਟਲਾਂ ਵਿੱਚ ਵੀ ਇੱਕਠੇ ਹੀ ਵਿਚਰੇ ਸਾਂ, ਐਸੇ ਸੁਹਿਰਦ ਸਖਾ ਇਸ ਤੁੱਛ ਮ੍ਰਿਤਮੰਡਲ ਵਿੱਚ ਤਾਂ ਕੀ, ਸ਼ਾਇਦ ਬੈਕੁੰਠ ਵਿੱਚ ਵੀ ਨ ਮਿਲਨ ! ਅੱਸੀਂ ਦੋਵੇਂ ਵੈਸ਼ਨਵ ਸਾਂ ਤੇ ਅੰਡਾ ਮੱਛੀ ਵੀ ਨ ਖਾਂਦੇ ਸਾਂ. ਮੇਰੇ ਸਾਹਮਣੇ ਹੀ ਲੰਡਨ ਵਿੱਚ ਖ਼ਾਲਸਾ ਜਥਾ ਕਾਇਮ ਹੋਇਆ, ਮੇਰੇ ਸਾਹਮਣੇ ਹੀ ਗੁਰਦੁਆਰਾ ਸਜਿਆ.

(੩੫) ਓਦੋਂ ਤਕਰੀਬਨ ਸਾਰੇ ਯੂਰਪ ਤੇ ਅਮ੍ਰੀਕਾ ਵਿੱਚ ਭਾਰਤ ਦੇ ਅੰਗ੍ਰੇਜ਼ੀ ਰਾਜ ਦੇ ਵਿਰੁੱਧ ਜ਼ਬਰਦਸਤ ਲਹਿਰ ਚਲੀ ਹੋਈ ਸੀ, ਤੇ ਇਸ ਵਿੱਚ ਕੋਈ ਟਾਂਵਾਂ ਟਾਂਵਾਂ ਮੁਸਲਮਾਣ ਤਾਂ ਜ਼ਰੂਰ ਹਿੱਸਾ ਲੈ ਰਿਹਾ ਸੀ ਪਰ ਯਕੀਨੀ ਤੌਰ ਤੇ ਸਾਰੀ ਦੁਨੀਆ ਵਿੱਚ, ੧੯੦੫ ਤਕ ਇਸ ਆਜ਼ਾਦੀ-ਇ-ਹਿੰਦ ਦੀ ਲਹਿਰ ਵਿੱਚ ਇੱਕ ਵੀ ਕੇਸ ਧਾਰੀ *ਸਿੱਖ ਸ਼ਾਮਿਲ ਨ ਸੀ. ਆਫ਼ਰੀਨ ਸਦ ਆਫ਼ਰੀਨ ! ਇਸ ਪਰਮ ਪ੍ਰਾਚੀਨ ਹਿੰਦੂ ਜਾਤਿ ਨੂੰ, ਜੋ, ਅਣਗਿਣਤ ਨਸਲ-ਨਾਸ਼ਕ ਬੈਰੂਨੀ ਹਮਲਿਆਂ ਤੇ ਘਰੋਗੀ ਝਗੜਿਆਂ ਦੇ ਬਾਦ, ਅੱਜ ਵੀ ਆਪਣੀ ਸ਼ਾਨ ਵਿੱਚ ਕ੍ਰਿਸ਼ਣ ਤੇ ਯੁਧਿਸ਼ਟਰ ਯੁਗ ਦੇ ਤੇਜ ਪ੍ਰਤਾਪ ਤੋਂ ਘਟ ਨਹੀਂ. ਇਹ, ਸਗੋਂ, ਓਦੋਂ ਤੋਂ ਵੀ, ਹੁਣ, ਵਧੀਕ ਜਿਉਂਦੀ ਜਾਗਦੀ ਹੈ ! ਇਸ ਦੀਆਂ ਅਕਲੀ, ਜਿਸਮਾਨੀ, ਅਦਦੀ (Numerical), ਮਾਲੀ, ਮਜ਼ਹਬੀ ਤੇ ਰੂਹਾਨੀ ਸ਼ਕਤੀਆਂ ਵਿੱਚ ਜ਼ਰਾ ਵੀ ਫ਼ਰਕ ਨਹੀਂ ਆਇਆ. ਲੰਡਨ ਉਸ ਜ਼ਮਾਨੇ ਵਿੱਚ ਇਸ ਆਜ਼ਾਦੀ-ਇ-ਹਿੰਦ-ਲਹਿਰ ਦਾ ਇੱਕ ਮਰਕਜ਼ ਸੀ, ਤੇ ਇੰਡੀਆ ਹਾਊਸ ਇਸ ਮਰਕਜ਼ ਦਾ ਰਹਿਨੁਮਾ. ਦੇਖੋ ਹਿੰਦੂ ਜਾਤਿ ਦੇ ਪ੍ਰਾਕ੍ਰਮੀ ਤੇ ਪੁਰਸ਼ਾਰਥੀ ਮਹਾਨੁਭਾਵਾਂ ਦੇ ਹੌਸਲੇ ! ਮੇਰੀ ਮੌਜੂਦਗੀ ਵਿੱਚ, ਅਕਤੂਬਰ ਸਨ ੧੯੦੬ ਦਾ ਜ਼ਿਕਰ ਹੈ, ਸ੍ਰੀ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਸਤਕਾਰਿਤ ਤੇਜਾ ਸਿੰਘ ਨੂੰ ਪੁਛਿਆ, "ਹਿੰਦੁਸਤਾਨ ਵਿੱਚ

*ਦੇਖੋ, ਇੰਡੀਅਨ ਨੈਸ਼ਨਲ ਕਾਂਗ੍ਰਸ ਦਾ, ਥੀਓਸਾਂਫ਼ੀਕਲ ਸੋਸਾਇਟੀ ਦਾ, ਤੇ ਇਸ ਪ੍ਰਕਾਰ ਦੀਆਂ ਹੋਰ ਸਭਾ ਸੋਸਾਇਟੀਆਂ ਦਾ ਸਾਹਿਤਯ, ਅਰ ਅਨੇਕਾਂ ਹੀ ਪ੍ਰਸਿੱਧ ਭਾਰਤੀ ਰਸਾਲੇ ਤੇ ਸਮਾਚਾਰ ਪਤ੍ਰ. ਪੜ੍ਹੋ ਘਟੋ ਘਟ, Ganesh & Co., ਮਦਰਾਸ, ਦੀ Indian Nation Builders, ਪੁਸਤਕ ਦੀਆਂ ਤਿੰਨ ਜਿਲਦਾਂ; ਤੇ ਉਹਨਾਂ ਹਿੰਦੁਸਤਾਨੀਆਂ ਦੇ ਕਾਰਨਾਮੇਂ ਜੋ ੧੯੦੬ ਤਕ ਭਾਰਤ ਤੋਂ ਬਾਹਿਰ, ਵਿਸ਼ੇਸ਼ ਕਰਕੇ ਯੂਰਪ, ਅਮ੍ਰੀਕਾ ਤੇ ਜਾਪਾਨ ਵਿੱਚ, ਫਿਰਦੇ ਰਹੇ ਹਨ. ਏਹਨਾਂ ਵਿੱਚ ਕਿਸੇ ਥਾਂ ਕਿਸੇ ਕੇਸ ਧਾਰੀ ਸਿੱਖ ਦਾ ਸਿਆਸੀ ਮੰਡਲ ਵਿੱਚ ਨਾਮ ਨਹੀਂ. ਇਸ ਕਥਨ ਦੀ ਤਸਦੀਕ ਲਈ ਸ੍ਰਦਾਰ ਜਗਜੀਤ ਸਿੰਘ (ਆਫ਼ ਸ਼ੌਕਰ ਸ਼ਾਹ ਰੋਡ, ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ) ਕ੍ਰਿਤ, ਪੰਜਾਬੀ ਪੁਸਤਕ, ਗ਼ਦਰ ਪਾਰਟੀ ਲਹਿਰ, ੧੯੫੫ ਦੀ ਪ੍ਰਕਾਸ਼ਿਤ, ਅਧਯੈਨ ਕਰਨ ਦੇ ਯੋਗ ਹੈ.

Sri Satguru Jagjit Singh Ji eLibrary NamdhariElibrary@gmail.com

ਸਿੱਖ-ਫ਼ੌਜ ਦੀ ਕੁਲ ਕਿੰਨੀ ਕੁ ਸੰਖਿਆ ਹੋਣੀ ਹੈ ?" ਜਦ ਤੇਜਾ ਸਿੰਘ ਜੀ ਨੇ ਠੀਕ ਯਾ ਤਕਰੀਬਨ ਠੀਕ ਸੰਖਿਆ ਦੱਸੀ ਤਾਂ ਸ਼ਿਆਮ ਜੀ ਝਟ ਇਸ ਸੰਖਿਆ ਦੀ ਮਾਹਵਾਰੀ ਤਨਖ਼ਾਹ ਦਾ ਹਿਸਾਬ ਲਾਣ ਵਿੱਚ ਮਸਰੂਫ਼ ਹੋ ਗਏ, ਅਰ ਥੋੜੀ ਦੇਰ ਬਾਦ ਕਹਿਣ ਲੱਗੇ, "ਯੇਹ ਤੋ ਏਕ ਕ੍ਰੋੜ ਰੁਪੇਆ ਭੀ ਨ ਹੂਆ !" ਹਿੰਦੂ ਜਾਤਿ ਦੀ ਸਭਜਤਾ ਤੇ ਸੰਸਕ੍ਰਿਤੀ ਤੋਂ ਵਧੀਕ ਕਿਸੇ ਵੀ ਹੋਰ ਨਾਨ-ਯੂਰਪੀ ਜਾਤਿ ਦੀ ਸਭਯਤਾ ਤੇ ਸੰਸਕ੍ਰਿਤੀ ਨੇ ਜਗਤ ਵਖਿਯਾਤ ਵਿਦ੍ਵਾਨਾਂ ਦੇ ਧਿਆਨ ਨੂੰ ਆਪਣੇ ਵਲ ਨਹੀਂ ਖਿਚਿਆ. ਹਾਂ ਜੀ, ਅਣਗਿਣਤ ਪੱਛਮੀ ਨੌਜੁਆਨ ਇਸ ਦੇ ਆਰਸ਼ ਵਿਦ੍ਵਾਨਾਂ ਦੇ ਸਾਹਿਤਜ ਸਾਗਰ ਤੋਂ ਸ਼ੁੱਧ ਤੇ ਪਵਿਤ੍ਰ ਹੋ ਕੇ, ਪਰਵਾਨਿਆਂ ਵਾਂਗ ਇਸ ਦੀ ਗਿਆਨ ਜੋਤੀ ਪਰ ਆਪਣਾ ਮਾਲ, ਧਨ, ਜੋਬਨ ਤੇ ਜੀਵਨ, ਸਭ ਕੁੱਝ, ਨਿਸਾਰ ਕਰ ਗਏ. ਹੈ ਕੋਈ ਜਾਤਿ ਜੋ ਇਸ ਜਾਤਿ ਤੋਂ ਵਧੀਕ ਪੁਰਾਣੀ ਹੋਵੇ ? ਤੇ, ਹੈ ਕੋਈ *ਧਰਮ ਜੋ ਇਸ ਜਾਤਿ ਦੇ ਧਰਮ ਤੋਂ ਵਧੀਕ ਸ਼ਾਸ਼੍ਵਤ ਤੇ ਅਟਲ ਹੋਵੇ ? ਹੈ ਕੋਈ *ਦੇਸ਼ ਜਿਸ ਦੇ ਪਿਛਲਿਆਂ ਨੇ ਇਸ ਦੇ ਪਿਛਲਿਆਂ ਤੋਂ ਵਧੀਕ ਸ਼ਬਦਾਂ

— "If I were to look over the whole world to find out the country most richly endowed with all the wealth, power, and beauty that nature can bestow—in some parts a very paradise on earth--I should point to India. If I were asked under what sky the human mind has most fully developed some of its choicest gifts, has most deeply pondered on the greatest problems of life and has found solutions of some of them which well deserve the attention even of those who have studied Plato and Kant— I should point to India. And if I were to ask myself from what literature we, here in Europe, who have been nurtured almost exclusively on the thoughts of Greeks & Romans, and of one Semitic race, the Jewish, may draw that corrective which is most wanted in order tomake our inner life more perfect, more comprehensive, more universal, in fact more truly human, a life, not for this life only, but a transfigured and eternal life— again I should point to India—I am thinking chiefly of India, such as it was a thousand, two thousand, it may be three thousand years ago—I look to the India of the village communities the true India of the Indians." Max Muller's India : What Can It Teach Us ? pp. 6-7., London, 1883, Longmans, Green, & Co.

"If then I consider that Sultan Mohammed Dara Shukoh, the brother of Aurangzeb, was born and bred in India, was a learned thoughtful, and enquiring man, and therefore probably understood his Sanskrit about as well as we our Latin, that moreover he was assisted by a number of the most learned Pandits, all this together gives me at once a high opinion of his translation of the Vedic Upanishads into Persian. If, besides this, I see with what

ਬਾਕੀ ਸਫ਼ੇ ੯੩ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਦੇ ਅੱਮਿਤ ਤੇ ਅਖੁਟ ਭੰਡਾਰ ਛੱਡੇ ਹੋਵਨ ? ਕੀ ਕਿਹਾ ਜੇ, ਯਹੂਦੀ ਜਾਤਿ ? ਵਾਹ ! ਯਹੂਦੀਆਂ ਦਾ ਭੰਡਾਰ ਤਾਂ ਕੇਵਲ ਪੁਰਾਣਾ ਅਹਿਦਨਾਮਾ ਹੀ ਹੈਗਾ ਜੇ, ਜੋ ਹਿੰਦੂਆਂ ਦੇ ਸਾਰੇ ਗ੍ਰੰਥਾਂ ਦੀ ਮੁਕੰਮਲ ਸੂਚੀ ਤੋਂ ਵੀ ਕਿਤੇ ਛੋਟਾ ਹੈ ! ਯਹੂਦੀ ਨਬੀਆਂ ਦੀਆਂ ਰਚਨਾਵਾਂ ਜੋ ਵੀ ਹਨ, ਬਸ, ਇਸ ਅਹਿਦਨਾਮੇ ਵਿੱਚ ਹੀ ਹਨ, ਇਸ ਤੋਂ ਬਾਹਿਰ ਇਸ ਦੇ ਟੀਕੇ, ਇਤਿਹਾਸ, ਤੇ ਭਾਸ਼ਜ, ਮੂਲ ਕੁੱਝ ਨਹੀਂ ! ਪਰ ਕੌਣ, ਗਿਣਤੀ ਕਰੇ, ਹਿੰਦੂ ਨਬੀਆਂ ਦੇ ਗ੍ਰੰਥਾਂ ਦੀ ? ਮੇਰਾ ਖ਼ਿਆਲ ਹੈ, ਸ਼ਾਇਦ ਬ੍ਰਹਮਾ ਤੇ ਸ਼ਾਰਦਾ ਸ੍ਵਯੰ ਵੀ ਇਹ ਕਾਰਜ ਸਿਰੇ ਨ ਚੜ੍ਹਾ ਸਕਨ ! ਹਾਂ ਹਿੰਦੂਆਂ ਦਾ ਮੁਕਾਬਲਾ ਯੂਨਾਨੀ ਜ਼ਰੂਰ ਕਰ ਸਕਦੇ ਸਨ, ਪਰ, ਸ਼ੋਕ, ਉਹ ਨਸ਼ਟ ਹੋ ਗਏ, ਤੇ ਨਾਲ ਹੀ ਉਹਨਾਂ ਦੇ, ਮੁਕਾਬਲੇ ਪੁਰ ਖੜੇ ਹੋਣ ਵਾਲੇ, ਵਿਸ਼ੇਸ਼ ਸਾਹਿਤਜ-ਭੰਡਾਰ !

(੩੬) ਬਸ, ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਤੇ ਸਾਹਿਤਜ ਲਈ ਯੂਰਪ ਤੇ ਅਮ੍ਰੀਕਾ ਦੇ ਅਸੀਮ ਪਿਆਰ ਤੇ ਸਤਕਾਰ ਦਾ ਹੀ ਇਹ ਨਤੀਜਾ ਸੀ ਕਿ ਏਹਨਾਂ ਦੋ ਮਹਾਂ ਦ੍ਵੀਪਾਂ ਦੇ ਵਿਦ੍ਵਾਨਾਂ ਤੇ ਸਾਧੂ-ਸੁਭਾ ਮਨੁੱਖਾਂ ਦੇ ਦਿਲਾਂ ਵਿੱਚ ਭਾਰਤ ਦੀ ਆਜ਼ਾਦੀ ਲਈ ਹਮਦਰਦੀ ਪੈਦਾ ਹੋ ਗਈ. ਜਿਸ ਤਰ੍ਹਾਂ ਯੂਨਾਨ ਨੂੰ (੧੮੨੧-੧੮੩੦ ਤਕ) ਤੁਰਕਾਂ ਤੋਂ ਆਜ਼ਾਦ ਕਰਵਾਣ ਲਈ ਯੂਰਪ ਦੀਆਂ ਉੱਨਤ ਕੌਮਾਂ ਨੇ ਯੂਨਾਨੀਆਂ ਦੀ ਸਹਾਇਤਾ ਕੀਤੀ ਸੀ, ਅਰ ਜਿਸ ਤਹਰੀਕ ਵਿੱਚ ਕਵੀ ਲਾਰਡ ਬਾਇਰਨ ਵਰਗੇ ਅੰਗ੍ਰੇਜ਼ ਵੀ ਸ਼ਾਮਿਲ ਸਨ, ਇਸੇ

ਸਫ਼ੇ ੯੨ ਦੀ ਬਾਕੀ

profound and quite appropriate reverence Anquetil Duperron has treated that Persian translation, rendering it in Latin word by word, I feel the most perfect confidence in reading that translation, and that confidence soon receives its most perfect justification. For how entirely does the Oupnekhat breathe through out the holy spirit of the Vedas! How is every one who by a diligent study of its Persian-Latin has become familiar with that incomparable book, stirred by that spirit to the very depth of his soul. How does every line display its firm, definite, and throughout harmonious meaning ! From every sentence deep original, and sublime thoughts arise, and the whole is pervaded by a high and holy and earnest spirit. Indian air surrounds us, and original thoughts of kindred spirits. And oh! how thoroughly is the mind here washed clean of all early engrafted Jewish superstitions, and of all philosopy that cringes before those superstitions ! In the whole world there is no study, except that of the originals, so beneficial and so elevating as that of the Oupnekhat. It has been the solace of my life, it will be the solace of my death." Schopenhauer, Parerga. Third Edition, II, p. 426.

Sri Satguru Jagjit Singh Ji eLibrary NamdhariElibrary@gmail.com

ਪ੍ਰਕਾਰ ਆਜ਼ਾਦੀ-ਇ-ਹਿੰਦ ਦੀ ਤਹਰੀਕ ਵਿੱਚ ਯੂਰਪ ਤੇ ਅਮ੍ਰੀਕਾ (ਅਰ ਹੋਰ ਵੀ, ਸ਼ਾਇਦ, ਕਈ ਮੁਲਕਾਂ) ਨੇ ਹਿੰਦੀਆਂ ਦੀ ਵੀ ਗੁਪਤ ਯਾ ਪ੍ਰਗਟ ਸਹਾਇਤਾ ਕੀਤੀ. ਬਲਕਿ ਆਜ਼ਾਦੀ-ਇ-ਯੂਨਾਨ ਦੀ ਤਹਰੀਕ ਵਿੱਚ ਤੁਰਕ ਖ਼ੁਦ ਤਾਂ ਕੋਈ ਇੱਕ ਵੀ ਯੂਨਾਨ ਦੀ ਮਦਦ ਕਰਨ ਵਾਲਾ ਨਜ਼ਰ ਨ ਆਇਆ, ਪਰ ਆਜ਼ਾਦੀ-ਇ-ਹਿੰਦ ਦੇ ਜੰਗ ਵਿੱਚ ਖ਼ੁਦ ਅੰਗ੍ਰੇਜ਼ਾਂ ਨੇ ਵੀ ਹਿੰਦੀਆਂ ਦੀ ਸ਼ਲਾਘਾ ਯੋਗ ਸਹਾਇਤਾ ਕੀਤੀ; ਪਰ, ਕੇਵਲ ਇਸ ਲਈ ਕਿ ਜਿਸ ਤਰ੍ਹਾਂ ਪ੍ਰਾਚੀਨ ਯੂਨਾਨ ਨਾਲ ਵਰਤਮਾਨ ਯੂਨਾਨ ਦੇ ਪ੍ਰੇਮੀਆਂ ਦੀ ਪ੍ਰੀਤ ਸੀ ਉਸੇ ਪ੍ਰਕਾਰ ਪ੍ਰਾਚੀਨ ਹਿੰਦ ਨਾਲ ਵੀ ਮੌਜੂਦਾ ਹਿੰਦ ਦੇ ਹਾਮੀਆਂ ਦੀ ਮਹੱਬਤ ਪੈ ਚੁਕੀ ਸੀ. ਫਿਰ, ਕੀ ਕਾਰਣ ਕਿ ਜਿਸ ਆਲਮੀ ਤਹਰੀਕ ਵਿੱਚ ਹਿੰਦੂਆਂ ਦੇ ਨਾਲ ਉਹਨਾਂ ਦੇ ਦੇਸ਼ ਵਾਸੀ ਮੁਸਲਮਾਣ ਹੀ ਨਹੀਂ ਸਗੋਂ ਵਿਦੇਸ਼ਾਂ ਦੇ ਚੀਦਾ ਚੀਦਾ ਆਦਮੀ ਵੀ ਸ਼ਾਮਿਲ ਹੋ ਗਏ ਪਰ ਸਿੱਖ ਉਸ ਤੋਂ ੧੯੦੫, ਯਾ ੧੯੦੭-੮ ਤਕ ਦੂਰ ਰਹੇ ? ਇਸ ਦਾ ਕਾਰਣ ਲੱਭਣ ਲਈ ਸਾਨੂੰ ਸਨ ੧੮੫੭ ਦੀ ਉਸ ਘਟਨਾ ਦੀ ਨਜ਼ਰ ਸਾਨੀ ਕਰਨੀ ਪਵੇਗੀ ਜਿਸ ਨੂੰ "ਗ਼ਦਰ" ਯਾ "ਜੰਗ-ਇ-ਆਜ਼ਾਦੀ" ਕਿਹਾ ਜਾਂਦਾ ਹੈ. ਕਿਉਂ ਜੋ ਉਸ ਵਿੱਚ ਵੀ ਸਿੱਖ "ਬਾਗ਼ੀ" *ਹਿੰਦੁਸਤਾਨ ਦੇ ਸਿਪਾਹੀਆਂ ਨਾਲ ਨਹੀਂ ਮਿਲੇ ਤੇ ਅੰਗ੍ਰੇਜ਼ਾਂ ਨਾਲ ਨਹੀਂ ਲੜੇ, ਅਰ ਇਹ ਇੱਕ ਬੜੇ ਅਚੰਭੇ ਦੀ ਗਲ ਸੀ. ਮੈਂ ਆਪ ਜੋ ਪ੍ਰਾਚੀਨ, ਮੱਧ-ਕਾਲੀਨ ਤੇ ਅਰਵਾਚੀਨ ਕੌਮਾਂ ਦੇ ਇਤਿਹਾਸ ਪੜ੍ਹੇ ਹਨ ਉਹਨਾਂ ਵਿੱਚ ਇਸ ਦੀ ਮਿਸਾਲ ਕਿਧਰੇ ਘਟ ਹੀ ਮਿਲਦੀ ਹੈ ਕਿ ਕਿਸ ਤਰ੍ਹਾਂ ਇੱਕ ਬਹਾਦਰ ਤੇ ਸਿਦਕੀ ਫ਼ਿਰਕੇ ਦੇ ਲੋਕ ਜੋ ਕੁਲ ਅੱਠ ਵੱਰ੍ਹੇ ਪਹਿਲਾਂ ਤਾਂ ਇੱਕ ਵਿਦੇਸ਼ੀ ਕੌਮ ਨੂੰ ਜੱਬਾਰ, ਵਿਦ੍ਰੋਹੀ ਤੇ ਵੈਰੀ ਸਮਝ ਕੇ ਉਸ ਦਾ ਆਪਣੀ ਉਗ੍ਰ ਸਾਂਗ੍ਰਾਮਿਕ ਨਿਪੁਣਤਾ ਤੇ ਅਲੌਕਿਕ ਬੀਰਤਾ ਦੁਆਰਾ ਰਣ ਭੂਮੀ ਦੀ ਪ੍ਰਚੰਡ ਪ੍ਰਲੈ ਵਿੱਚ ਯਥਾ ਸੰਭਵ ਮੂਲੋਂ ਹੀ ਸੰਘਾਰ ਕਰਨ ਵਿੱਚ ਡਟੇ ਹੋਏ ਦਿੱਸਨ, ਤੇ ਫਿਰ ਉਸੇ ਫ਼ਿਰਕੇ ਦੇ

*The Presidency of Madras remained unaffected all through. In Bengal the sepoys rose in many places but received no sympathy from the local people. The educated citizens of Calcutta and the landed aristocracy of Bengal did not lag behind their compatriots of Madras in their open denunciation of the Mutiny and the Mutineers. In Assam, Orissa and Bihar too the revolt did not attain success. The Bombay Presidency witnessed risings at Satara and some other places, but at Bombay itself the rising was nipped in the bud. So it was in the North-Western Provinces, Oudh and Rohilkhand that the revolt attained the greatest success. (Based on pp. 407-409 of "Eighteen Fifty Seven" by Surendra Nath Sen.)

Sri Satguru Jagjit Singh Ji eLibrary NamdhariElibrary@gmail.com

ਉਹੋ ਲੋਕ ਉਸੇ ਵੈਰੀ ਦੀ, ਆਪਣੇ ਹਥੋਂ ਨਿਕਲੀ ਹੋਈ, ਹਕੂਮਤ ਦੇ ਅੱਠ ਸਾਲ ਮਗਰੋਂ, ਉਹਨਾਂ ਨੂੰ ਆਪਣਾਂ ਇਸ਼ਟ-ਮਿਤ੍ਰ ਤੇ ਪਰਮ ਹਿਤੂ ਮੰਨ ਲੈਨ; ਤੇ ਉਸ ਦੇ ਪੱਖ ਵਿੱਚ, ਆਪਣੀ ਨਿਮਕ ਹਲਾਲੀ ਤੇ ਵਫ਼ਾਦਾਰੀ ਦਾ ਸਬੂਤ ਦੇਣ ਲਈ, ਤੇ ਉਸ ਦੀ ਉਸ, ਚਾਲਬਾਜ਼ੀਆਂ ਦੁਆਰਾ ਉਹਨਾਂ ਤੋਂ ਹੀ ਠਗੀ ਹੋਈ, ਹਕੂਮਤ ਨੂੰ ਸਦਾ ਲਈ ਆਪਣੇ ਦੇਸ਼ ਵਿੱਚ ਪੱਕੀ ਤਰ੍ਹਾਂ ਕਾਇਮ ਰੱਖਣ ਲਈ, ਆਪਣੇ ਹੀ ਦੇਸੀ ਭਾਈਆਂ ਦੇ ਖ਼ਿਲਾਫ਼, ਜੋ ਦੇਸ਼ ਦੇ ਵਿਦੇਸ਼ੀ ਵੈਰੀਆਂ ਨੂੰ ਦੇਸ਼ ਤੋਂ ਬਾਹਿਰ ਕਢਣਾ ਚਾਹੁਣ, ਮੈਦਾਨ ਜੰਗ ਵਿੱਚ ਸਾਮਨਾ ਕਰਨ! ਦਸੰਬਰ ਸਨ ੧੮੪੫ ਤੋਂ ਮੱਧ ਫ਼ਰਵਰੀ ਸਨ ੧੮੪੬ ਤਕ (ਮੁਦਕੀ, ਫ਼ੀਰੋਜ਼ ਸ਼ਾਹ, ਅਲੀਵਾਲ ਤੇ ਸਭਰਾਓਂ ਦੇ ਪਿੰਡਾਂ ਪਾਸ-ਸਤਲੁਜ ਦੇ ਕਿਨਾਰੇ—ਫ਼ੀਰੋਜ਼-ਪੁਰ ਅਰ ਲੁਧਿਆਣੇ ਦਿਆਂ ਰਕਬਿਆਂ ਵਿੱਚ) ਅਰ, ਫਿਰ, ਸਨ ੧੮੪੯ ਵਿੱਚ ਜਨਵਰੀ ਤੋਂ ਮਾਰਚ ਤਕ (ਚੇਲੀਆਂਵਾਲੇ ਪਿੰਡ ਦੇ ਨੇੜੇ—ਜੇਹਲਮ ਪਾਸ; ਅਰ, ਗੁਜਰਾਤ ਕੋਲ—ਚਨਾਬ ਦੇ ਨੇੜੇ) ਤਾਂ ਸਿੱਖ ਯੋਧੇ, ਆਪਣਾ ਦੇਸ਼, ਧਨ, ਧਾਮ, ਧਰਮ ਤੇ ਪੰਥ ਬਚਾਣ ਲਈ ਅੰਗ੍ਰੇਜ਼ਾਂ ਨਾਲ ਗ਼ਾਰਤ ਗ਼ੋਲ, ਘਮਰੋਲ ਤੇ ਘਾਘਰਾ ਘੋਲ *ਮੁਠ ਭੀੜਾਂ ਵਿੱਚ ਜੂਝਦੇ ਹਨ, ਪਰ ਏਹੋ ਸਿੱਖ

*ਜਿਨ੍ਹਾਂ ਵਿੱਚੋਂ ਪਹਿਲੀਆਂ ਚਵ੍ਹਾਂ ਮੁਠਭੀੜਾਂ ਦਾ ਚਸ਼ਮ ਦੀਦ, ਸੱਚਾ ਤੇ ਸਵਿਸਥਰ ਬ੍ਰਿਤਾਂਤ ਲਿਖ ਕੇ ਕੈਪਟਨ ਜੋਜ਼ਫ਼ ਡੇਵੀ ਕਨਿੰਗਹੇਮ ਨੇ ਆਪਣਾ ਨਾਮ, ਸੰਸਾਰ ਦੇ ਪ੍ਰਸਿੱਧ ਇਤਿਹਾਸਕਾਰਾਂ ਵਾਂਗ, ਅਮਰ ਕਰ ਲਿਆ ਹੈ; ਅਰ ਇਹ ਬ੍ਰਿਤਾਂਤ ਐਸਾ ਹੈ ਜਿਸ ਦਾ ਪਾਠ ਹਰ ਮੁਲਕ ਤੇ ਹਰ ਕੌਮ ਦੇ ਕਾਇਰ ਤੋਂ ਕਾਇਰ ਸਿਪਾਹੀ ਨੂੰ ਵੀ ਯੁੱਧ ਭੂਮੀ ਵਿੱਚ, ਬਲੀ ਤੋਂ ਬਲੀ ਵੈਰੀ ਦੇ ਸਨਮੁਖ, ਰੁਦ੍ਰ ਤੇ ਬੀਰ ਰਸਾਂ ਨਾਲ ਮਖ਼ਮੂਰ ਕਰ ਕੇ ਅੱਗੇ ਵਧਣ ਲਈ ਤੇ ਦੁਸ਼ਮਣ ਪਰ ਵਿਜੈ ਪਾਣ ਲਈ, ਯਾ ਟੋਟੇ ਟੋਟੇ ਹੋ ਕੇ ਸ਼ਹੀਦ ਹੋਣ ਲਈ ਪ੍ਰੇਰਦਾ ਹੈ. ਹਾਂ ਜੀ, ਇਹ ਬ੍ਰਿਤਾਂਤ, ਜਿਸ ਦਾ ਅੰਤਿਮ ਭਾਗ ਹੇਠਾਂ ਦਿੱਤਾ ਜਾਂਦਾ ਹੈ, ਐਸਾ ਹੈ ਜਿਸ ਨੂੰ ਪੜ੍ਹ ਕੇ ਇੱਕ ਪਾਸੇ ਸਿਕੰਦਰ, ਸੀਜ਼ਰ ਤੇ ਨੈਪੋਲੀਅਨ ਅਰ ਦੂਜੇ ਪਾਸੇ ਥਿਊਸਿਡੀਡੀਜ਼, ਪਲੂਟਾਰਕ ਤੇ ਗਿੱਬਨ ਵੀ ਜੋਸ਼ ਵਿੱਚ ਆ ਕੇ ਸ਼ਲਾਘਾ ਦੇ ਨਾਅਰੇ ਬੁਲੰਦ ਕਰਦੇ! Scene of the Battle of Sabraon, 10th. February, 1846:

"The English batteries opened at sunrise, and for upwards of three hours an incessant play of artillery was kept up upon the general mass of the enemy. The round shot exploded tumbrils, or dashed heaps of sand into the air; the hollow shells cast their fatal contents fully before them, and the devious rockets sprang aloft with fury to fall hissing amid a flood of men; but all was in vain. The Seiks stood unappalled, and 'flash for flash returned, and fire for fire.' The field was resplendent with embattled warriors." Cunningham's History of the Sikhs, Chapter 9. The following lines are from Hugh Murray's History of British India (T. Nelson & Sons,

ਬਾਕੀ ਸਫ਼ਾ ੯੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਸਨ ੧੮੫੭ ਦੇ ਮੱਧ ਵਿੱਚ ਅੰਗ੍ਰੇਜ਼ਾਂ ਦੀ ਇੱਜ਼ਤ, ਹਕੂਮਤ, ਜਾਨ ਤੇ ਮਾਲ ਬਚਾਣ ਲਈ ਆਪਣੀ ਪੂਰੀ ਪੂਰੀ ਸ਼ੁਜਾਇਤ ਤੇ ਮਰਦਾਨਗੀ ਨਾਲ ਆਪਣੇ ਹੀ 'ਦੇਸ਼' ਵਿੱਚ ਆਪਣੇ 'ਕੌਮੀ' ਵੀਰਾਂ ਨਾਲ ਜੰਗ ਵਿੱਚ ਜੂਝਦੇ ਹਨ. ਕਿਉਂ ? ਇਸ ਪ੍ਰਸ਼ਨ ਦਾ ਉੱਤਰ ਅੱਜ ਪ੍ਰਤਯੇਕ ਵਿਦ੍ਵਾਨ ਨੇ, ਆਪਣੀ

ਸਫ਼ੇ ੯੫ ਦੀ ਬਾਕੀ

London & Edinburgh: 1852, pp. 718—720), containing the required passage of Cunningham's History of the Sikhs. Murray adds still greater lustre to the glory of Sikh Martyrs of Subhraon, and retains some lines of Cunningham's earlier edition which are not found in the subsequent editions of that work: "The resistance of the Seiks was terrible. The deadly fire of their muskets and well-served artillery mowed down the advancing lines of the British, and compelled them to give way. The first assailants were repulsed, but they rallied and returned to the charge, and, supported by the advance of the second division, after a severe struggle, they obtained possession of some of the enemy's most important batteries in the front. Still the Seiks stood their ground. No panic seized these hardy enthusiasts, though thus assailed within their own intrenchments. One point after an other was forced. The sappers levelled spaces sufficient for the cavalry to pour into their camp, and sustain the efforts of the infantry who had borne the brunt of the deadly struggle. But still the Seiks fought with all wild fury of the despair. Single batteries still held out, and hundreds fell in the attempt to arrest their persevering efforts to retrieve the hopeless fortunes of the Khalsa. 'The interior', says Captain Cunningham, 'was filled with courageous men, who took advantage of every obstacle, and fought fiercely for every spot of ground. The traitor, ‡Tej Singh, indeed, instead of leading fresh men to sustain the failing strength of the troops on his right, fled on the first assault, and, either accidentally or by design, sank a boat in the middle of the bridge of communication. But the ancient SHAM SINGH remembered his vow; he clothed himself in simple white attire, as one devoted to death, and calling on all around him to fight for the Gooroo, who had promised everlasting bliss to the brave, he repeatedly rallied his shattered ranks, and atlast fell a MARTYR on a heap of his slain countrymen. Others might be seen standing on the ramparts amid showers of balls, waving defiance with swords, or telling the gun-

‡Tej Singh was neither a Punjabi nor born of Sikh parents. He was son of Niddha, a native of village Ikri, in the pargana of Meerut. He and his uncle, Jamadar Khushal Singh, were converted to Sikhism by the wish of Maharaja Ranjit Singh. (Bhai Kahn Singh's Mahan Kosh, under Tej Singh and Khushal Singh.)

ਬਾਕੀ ਸਫ਼ਾ ੯੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਪ੍ਰਯੋਜਨ ਸਿੱਧੀ ਲਈ, ਆਪਣੀ ਵਿਦਿਆ ਦੀ ਵਿਸ਼ਾਲਤਾ ਅਰ ਆਪਣੇ ਵਿਚਾਰਾਂ ਦੇ ਰੁਖ਼ ਅਨੁਸਾਰ, ਭਿੰਨ ਭਿੰਨ ਤਿਆਰ ਕੀਤਾ ਹੋਇਆ ਹੈ. ਪਰ ਜੇ ਅੱਸੀਂ ਥੋੜੀ ਦੇਰ ਲਈ ਆਪਣੀ ਵਿਚਾਰ ਧਾਰਾ ਤੇ ਮੁਨਸਿਫ਼ ਮਿਜ਼ਾਜੀ ਨੂੰ ਸਨ ੧੮੫੭ ਵਿੱਚ ਪਹੁੰਚਾ ਕੇ ਓਦੋਂ ਦੇ ਹਾਲਾਤ ਦਾ ਮੁਤਾਲਿਆ ਕਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਓਦੋਂ ਅੰਗ੍ਰੇਜ਼ਾਂ ਤੇ ਯੂਰਪ ਦੀਆਂ ਹੋਰ ਵੀ ਸਾਰੀਆਂ ਹੀ

ਸਫ਼ੇ ੯੬ ਦੀ ਬਾਕੀ

ners where the fair haired English pressed thickest together. Along the stronger half of the battlements, and for the period of half an hour, the conflict raged sublime in all its terrors. The parapets were sprinkled with blood from end to end; the trenches were filled with the dead and the dying. Amid the deafening roar of canon, and the multitudinous fire of musketry, the shouts of triumph or of scorn were yet heard, and the flashing of innumerable swords was yet visible; or from t me to time exploding magazines of powder threw bursting shells and beams of wood and banks of earth high above the agitated sea of smoke and flame which enveloped the host of combatants, and for a moment arrested the attention amid all the din and tumult of the trem ndous conflict. But gradually each defensible position was captured, and the enemy was pressed towards the scarcely fordable river. Yet, although assailed on either side by squadrons of horse and battalions of foot, NO SEIK OFFERED TO SUBMIT, AND NO DISCIPLE OF GOVIND ASKED FOR QUARTER. They every where showed affront to the victors, and stalked slowly and sullenly away while many rushed singly forth to meet assured death by contending with a multitude. The victors looked with stolid wonderment upon the indomitable courage of the vanquished, and forbore to strike where the helpless and the dying frowned unavailing hatred. But the warlike rage, or the calculating policy of the leaders, had yet to be satisfied, and, standing with the slain heaped on all sides around them, they urged troops of artillery almost into the waters of Sutlege to more thoroughly destroy the army which had so long scorned their power. No deity of heroic fable received the living within the oozy gulphs of the oppressed stream, and its current was choked with added numbers of the dead, and crimsoned with the blood of a fugitive multitude.

'Such is the lust of never dying fame.'

But vengeance was complete; the troops defiled with dust and smoke and carnage, stood mute indeed for a moment, until the glory of their success rushing upon their minds, they gave expression to their feelings and hailed their victorious commanders with reiterated shouts of triumph and congratulation.'

Never before had British arms been opposed to such determined bravery and skill, as strove with them on that bloody plain."

Sri Satguru Jagjit Singh Ji eLibrary NamdhariElibrary@gmail.com

ਕੌਮਾਂ ਵਿੱਚੋਂ ਹਰ ਇੱਕ ਨੇ, ਜੋ ਭਾਰਤ ਵਿੱਚ ਆਪਣੀ ਹਕੂਮਤ ਕਾਇਮ ਕਰਨ ਦੇ ਸੁਪਨੇ ਲੈ ਰਹੀ ਸੀ, ਆਪਣੀਆਂ ਫ਼ੌਜਾਂ ਵਿੱਚ ਭਾਰਤੀ ਜੁਆਨ ਵੀ (Murray, p. 704) ਕਾਫ਼ੀ ਭਰਤੀ ਕੀਤੇ ਹੋਏ ਸਨ, ਤੇ ਏਹਨਾਂ ਤਨਖ਼ਾਹਦਾਰ ਹਿੰਦੀ ਸਿਪਾਹੀਆਂ ਨੂੰ ਸੁਦੇਸ਼ ਅਰ ਵਿਦੇਸ਼ ਵਿੱਚ (Cunningham quoted by Murray p. 705.) ਹਰ ਜਗਹ ਆਪਣੀ ਸਰਕਾਰ ਦੀ ਖ਼ੈਰ ਖ਼ਾਹੀ ਲਈ ਲੜਨਾ ਪੈਂਦਾ ਸੀ. ਚੁਨਾਂਚਿ ਜੋ ਅੰਗ੍ਰੇਜ਼ੀ ਫ਼ੌਜਾਂ ਸਿੱਖਾਂ ਨਾਲ ਲੜੀਆਂ ਉਹਨਾਂ ਵਿੱਚ ਕਾਫ਼ੀ ਦੇਸੀ ਸਿਪਾਹੀ ਸਨ (Cunningham quoted by Murray p. 705), ਅਰ ਹੋ ਸਕਦਾ ਹੈ ਕਿ ਸਤਲੁਜ-ਅਰ-ਜਮਨਾ-ਵਿਚਕਾਰ-ਯਾ-ਪਾਰ ਨਿਵਾਸੀ ਸਿੱਖ ਵੀ ਹੋਵਨ. ਕਿਉਂ ਜੋ ਓਦੋਂ ਵੀ ਹੁਣ ਵਾਂਗ ਰਿਆਇਆ ਦੇ ਜਨ ਸਾਧਾਰਣ ਨੂੰ ਤੇ ਰਾਜਿਆਂ ਅਰ ਰਈਸਾਂ ਨੂੰ ਯੁੱਧ ਕਾਲ ਵਿੱਚ ਆਪਣੀ ਹਕੂਮਤ ਦੀ (ਮਾਇਆ, ਮਨੁੱਖਾਂ, ਮਾਲ ਤੇ ਮੁਵੈਸ਼ੀਆਂ ਦੁਆਰਾ) ਸੇਵਾ ਅਰ ਸਹਾਇਤਾ ਕਰਨੀ ਪੈਂਦੀ ਸੀ. ਐਸੇ ਹਾਲਾਤ ਵਿੱਚ ਅੰਗ੍ਰੇਜ਼ਾਂ ਦੇ ਮਾਤਹਿਤ ਸਿੱਖਾਂ ਨੇ ਕਿਵੇਂ ਨ ਆਜ਼ਾਦ ਸਿੱਖਾਂ ਦੇ ਵਿਰੁੱਧ, ਦੋ ਐਂਗਲੋ-ਸਿੱਖ ਮਹਾਂ ਯੁੱਧਾਂ ਵਿੱਚ, ਅੰਗ੍ਰੇਜ਼ਾਂ ਦੀ ਮਦਦ ਕੀਤੀ ਹੋਊ ? ਹਿਊ ਮੱਰੇ (ਆਪਣੀ History of British India, 5th Edn. 1849 p. 701 ਵਿੱਚ) ਲਿਖਦਾ ਹੈ ਕਿ ਪਹਿਲੇ ਯੁੱਧ ਦੀ ਪਹਿਲੀ ਮਹਾਂ ਝੜਪ ਫ਼ੀਰੋਜ਼ਪੁਰ ਤੋਂ ਵੀਹ ਮੀਲ ਦੇ ਫ਼ਾਸਲੇ ਪਰ, ਮੁਦਕੀ ਦੇ ਮਕਾਮ ਤੇ, ੧੮ ਦਸੰਬਰ, ਸਨ ੧੮੪੬ ਵਿੱਚ ਹੋਈ, ਅਰ "੧੩ ਦਸੰਬਰ ਨੂੰ ਗਵਰਨਰ ਜੈਨਰਲ (ਲਾਰਡ ਹਾਰਡਿੰਗ) ਨੇ ਐਲਾਨ ਕਢਿਆ, ਜਿਸ ਦੁਆਰਾ ਉਸ ਨੇ ਸਰਕਾਰ ਅੰਗ੍ਰੇਜ਼ੀ ਦੇ ਵਿਚਾਰ ਤੇ ਮਨੋਰਥ ਪ੍ਰਗਟ ਕੀਤੇ, ਅਰ ਆਪਣੀ ਰਖਿਆ ਵਿੱਚ ਲਏ ਹੋਏ ਇਲਾਕਿਆਂ ਦੇ ਸਾਰੇ ਰਾਜਿਆਂ ਤੇ ਸਿਰਦਾਰਾਂ ਨੂੰ, ਸਾਂਝੇ ਵੈਰੀ ਦੇ ਵਿਰੁੱਧ ਵਫ਼ਾਦਾਰੀ ਨਾਲ ਖ਼ਿਦਮਤ ਗੁਜ਼ਾਰੀ ਕਰਨ ਲਈ, ਤਲਬ ਕੀਤਾ." (Murray's p. 700) ਇਸ ਤੋਂ ਵੀ ਸਪਸ਼ਟ ਹੈ ਕਿ ਸਿੱਖਾਂ ਨੇ ਆਪਣੀ ਖ਼ੁਸ਼ੀ ਨਾਲ, ਯਾ ਮਜਬੂਰ ਹੋ ਕੇ, ਸਿੱਖਾਂ ਦੇ ਵਿਰੁੱਧ ਉਪ੍ਰੋਕਤ ਯੁੱਧਾਂ ਵਿੱਚ ਜ਼ਰੂਰ ਅੰਗ੍ਰੇਜ਼ਾਂ ਦੀ ਮਦਦ ਕੀਤੀ ਹੋਣੀ ਹੈ. ਗਲ ਇਹ ਹੈ ਕਿ ਹੁਣ ਵਾਂਗ ਓਦੋਂ ਵੀ ਪਰਾਧੀਨ ਪੁਰਖਾਂ ਦੀ ਪ੍ਰਕ੍ਰਿਤੀ ਏਹੋ ਸੀ ਕਿ ਔਕੜ ਸਮੇਂ ਆਪਣੇ ਮਾਲਿਕ, ਰੱਛਕ ਯਾ ਹਾਕਮ ਦੀ ਤਨ ਮਨ ਧਨ ਨਾਲ ਸਹਾਇਤਾ ਕੀਤੀ ਜਾਏ; ਅਰ ਇਹ ਬਿਲਕੁਲ ਵਾਜਬ ਹੈ, ਇਸ ਵਿੱਚ ਕੋਈ ਅਯੋਗਤਾ ਨਹੀਂ. ਇਹ ਧਰਮ ਤੇ ਨੀਤੀ ਦੇ ਅਨੁਕੂਲ ਹੈ. ਪਰ ਇੱਥੇ ਮੈਂ ਆਪਣੇ ਮੁੱਖ ਪ੍ਰਸੰਗ ਤੋਂ ਥੋੜੀ ਜਈ ਦੇਰ ਲਈ, ਕੁੱਝ ਲਾਂਭੇ ਹੋ ਕੇ, ਇੱਕ ਹੋਰ ਅਤਿ ਜ਼ਰੂਰੀ ਹਕੀਕਤ ਵਲ ਪਾਠਕ ਦੀ ਦ੍ਰਿਸ਼ਟੀ ਲਿਆਉਣਾ ਚਾਹੁੰਦਾ ਹਾਂ; ਕਿਉਂ ਜੋ ਉਸ ਦਾ ਵਰਣਨ ਕਰਨਾ ਇੱਥੇ ਹੀ ਯੁਕਤ

Sri Satguru Jagjit Singh Ji eLibrary NamdhariElibrary@gmail.com

ਹੈ; ਅਰ ਉਹ ਇਹ ਹੈ ਕਿ ਖ਼ਾਲਸੇ ਦੀਆਂ ਅੰਗ੍ਰੇਜ਼ਾਂ ਨਾਲ ਏਹਨਾਂ ਤੁੰਦ ਝੜਪਾਂ ਦੇ ਅੰਤਿਮ ਪਰਿਣਾਮ ਲਈ ਸਾਰੇ ਭਾਰਤ ਦੇ ਹਿੰਦੂ ਬੜੀ ਹਮਦਰਦੀ ਤੇ ਦਿਲਚਸਪੀ ਨਾਲ ਇੰਤਜ਼ਾਰ ਕਰ ਰਹੇ ਸਨ. ਕਿਉਂ ਜੋ ਭਾਰਤ ਮਾਤਾ ਦੀ ਪਵਿਤ੍ਰ ਗੋਦ ਵਿੱਚ ਹੁਣ ਸਿਵਾਏ ਸਿੱਖਾਂ ਦੀ ਇਸ ਨਿੱਕੀ ਜਈ ਗੁੱਠ ਦੇ ਹੋਰ ਹਰ ਗਿੱਠ ਗਿੱਠ ਥਾਂ ਉੱਤੇ ਜ਼ਬਰਦਸਤ ਤੇ ਗੁਸਤਾਖ਼ ਅਰ ਨਾ ਸ਼ੁਕਰੇ ਵਿਦੇਸ਼ੀ ਪ੍ਰਾਹੁਣਿਆਂ ਨੇ ਆਪਣੇ ਪੱਕੇ ਡੇਰੇ ਲਾ ਲਏ ਸਨ : ੧੮੧੮ ਈਸ੍ਵੀ ਵਿੱਚ ਮਰਹਟਿਆਂ ਦੇ ਅੰਤਿਮ ਪੇਸ਼ਵਾ ਬਾਜੀ ਰਾਓ (ਦੋਇਮ) ਦਾ ਦੇਸ਼ ਈਸਟ ਇੰਡੀਆ ਕੰਪਨੀ ਦੀ ਹਕੂਮਤ ਦਾ ਹਿੱਸਾ ਬਣ ਚੁਕਾ ਸੀ; ੧੮੩੦ ਵਿੱਚ ਕੁਰਗ ਤੇ ਮੈਸੂਰ ਵੀ ਇਸੇ ਮਹਾਂ ਸ਼ਿਕਾਰਨ ਦੇ ਥੈਲੇ ਵਿੱਚ ਪੈ ਚੁਕੇ ਸਨ; ਅਰ ੧੮੪੨ ਵਿੱਚ ਸਿੰਧ ਦੀ ਆਕੜ ਵੀ ਪੂਰੀ ਤਰ੍ਹਾਂ ਭਜ ਚੁਕੀ ਸੀ. ਸੀਂਧੀਆ, ਹੁਲਕਰ, ਭੋਂਸਲਾ ਤੇ ਗਾਇਕਵਾੜ 'ਕੰਪਨੀ' ਦਾ ਲੁਕਮਾ ਹੋ ਚੁਕੇ ਸਨ, ਭਾਵੇਂ ਏਹਨਾਂ ਨੂੰ ਆਪੋ ਆਪਣੀਆਂ ਰਿਆਸਤਾਂ ਵਿੱਚ, 'ਕੰਪਨੀ' ਦੇ ਅਧੀਨ ਰਾਜ ਕਰਨ ਦੀ ਇਜਾਜ਼ਤ ਸੀ. ਐਸੀ ਦਸ਼ਾ ਵਿੱਚ ਅੱਸੀਂ ਚੰਗੀ ਤਰ੍ਹਾਂ ਅਨੁਭਵ ਕਰ ਸਕਦੇ ਹਾਂ ਕਿ ਭਾਰਤ ਦੇ ਉਹ ਸਮਝਦਾਰ ਹਿੰਦੂ, ਜੋ ਕਿਸੇ ਸ੍ਵਾਰਥ ਦੇ ਕਾਰਣ ਅਜੇ ਫ਼ਿਰੰਗੀਆਂ ਦੀ ਲਪੇਟ ਵਿੱਚ ਨ ਆਏ ਸਨ, ਕਿਸ ਤਾਂਘ, ਉਮੰਗ ਤੇ ਚਿੰਤਾ ਨਾਲ ਸਿੱਖਾਂ ਦੀ ਜਿੱਤ ਲਈ ਆਸਾਂ ਬੰਨ੍ਹੀਂ ਬੈਠੇ ਹੋਨਗੇ, ਤੇ ਇਸ ਮੰਗਲ ਮਈ ਸਮਾਚਾਰ ਲਈ ਮੰਨਤਾਂ ਵੀ ਮੰਨ ਰਹੇ ਹੋਨਗੇ ! ਕਿਉਂ ਜੋ ਇਸ ਦੇਸ਼ ਵਿੱਚ ਭਾਵੇਂ ਜਾਤਿ, ਵਰਣ, ਆਸ਼੍ਰਮ, ਸ੍ਵਾਰਥ, ਸਾਮਾਜਿਕ ਪਦ, ਪ੍ਰਤਿਸ਼ਠਾ, ਸੰਪ੍ਰਦਾਏ, ਪ੍ਰਾਂਤ ਤੇ ਭਾਸ਼ਾ ਰੂਪੀ ਭਾਵਾਂ ਦੇ ਅਨੇਕਾਂ ਹੀ ਭਿਆਨਕ ਭੂਤਾਂ ਨੇ ਅਮਿਤ ਕਾਲ ਤੋਂ ਨਫ਼ਰਤ ਤੇ ਨਿਫ਼ਾਕ ਦੇ ਜ਼ਬਰਦਸਤ ਤੂਫ਼ਾਨ ਬਰਪਾ ਕਰ ਰੱਖੇ ਸਨ, ਤਾਂ ਵੀ ਹਿੰਦੁਤ੍ਵ (ਹਿੰਦੂਪਨ) ਤੋਂ ਮੁਨਕਰ ਕਰਾਣ ਵਾਲਾ ਭੂਤ ਅਜੇ ਆਪਣੀ ਜਨਨੀ ਦੇ ਗਰਭ ਵਿੱਚ ਹੀ ਸੀ, ਤੇ ਪ੍ਰਗਟ ਨ ਹੋਇਆ ਸੀ, ਜੋ ਅਣਗਿਣਤ ਤੇ ਵਿਭਿੰਨ ਆਰਯ-ਮਤ-ਸੰਪ੍ਰਦਾਵਾਂ ਦੀ, ਕਿਸੇ ਇੱਕ ਵੀ ਸੰਪ੍ਰਦਾਏ ਦੇ ਅਨੁਯਾਈਆਂ ਵਿੱਚ, ਪ੍ਰਵੇਸ਼ਿਤ ਹੋ ਕੇ ਉਹਨਾਂ ਤੋਂ "ਅੱਸੀਂ ਹਿੰਦੂ ਨਹੀਂ" ਅਖਵਾਂਦਾ, ਤੇ ਇਸ ਦੇਸ਼ ਦੇ ਵਾਸੀਆਂ ਵਿੱਚ ਪ੍ਰਸਪਰ ਫੁਟ ਦਾ ਇੱਕ ਹੋਰ ਨਵਾਂ ਕਾਰਣ ਪੈਦਾ ਕਰਦਾ. 'ਗੁਲਾਬ,' ਮੰਨ ਲਿਆ ਕਿ, ਚੰਬੇਲੀ ਨਹੀਂ, ਪਰ ਗੁਲਾਬ ਇਹ ਤਾਂ ਨਹੀਂ ਕਹਿੰਦਾ ਕਿ ਮੈਂ 'ਫੁੱਲ' ਵਰਗ ਵਿੱਚੋਂ ਹੀ ਨਹੀਂ. 'ਸੋਨਾ,' ਮੰਨ ਲਿਆ (i. e. granted that) ਕਿ 'ਚਾਂਦੀ' ਨਹੀਂ, ਪਰ ਸੋਨਾ ਇਹ ਤਾਂ ਨਹੀਂ ਕਹਿ ਸਕਦਾ ਕਿ ਮੈਂ ਧਾਤੂ ਵਰਗ ਵਿੱਚੋਂ ਹੀ ਨਹੀਂ. 'ਸ਼ੇਰ', ਮੰਨ ਲਿਆ ਕਿ, ਭਘਿਆੜ ਨਹੀਂ, ਪਰ ਸ਼ੇਰ ਇਹ ਤਾਂ ਨਹੀਂ ਕਹਿ

Sri Satguru Jagjit Singh Ji eLibrary NamdhariElibrary@gmail.com

ਸਕਦਾ, ਮੈਂ ਦਰਿੰਦਾ ਹੀ ਨਹੀਂ. ਤਕਰੀਬਨ ਚਾਰ ਸੌ ਵਿਭਿੰਨ ਸੰਪ੍ਰਦਾਵਾਂ ਦੇ ਈਸਾਈ ਆਪੋ ਆਪਣੀ ਵਿਸ਼ੇਸ਼ ਸੰਪ੍ਰਦਾਏ ਦੇ ਹੀ ਅਨੁਯਾਈ ਹਨ ਪਰ ਉਹਨਾਂ ਵਿੱਚੋਂ ਕਿਸੇ ਵੀ ਸੰਪ੍ਰਦਾਏ ਦੇ ਅਨੁਯਾਈ (Followers) ਇਹ ਤਾਂ ਭੁਲ ਕੇ ਵੀ ਨਹੀਂ ਕਹਿੰਦੇ ਕਿ ਅੱਸੀਂ ਈਸਾਈ ਹੀ ਨਹੀਂ. ਇਸੇ ਪ੍ਰਕਾਰ ਮੁਸਲਮਾਨਾਂ ਦੀਆਂ ਵੀ ਅਣਗਿਣਤ ਸ਼੍ਰੇਣੀਆਂ ਦੀ ਮਰਯਾਦਾ ਹੈ. ਭਾਰਤ ਵਿੱਚ ਸਨਾਤਨ ਧਰਮੀਆਂ ਅਰ ਜੈਨੀਆਂ ਦੇ ਪਰਮ ਪੁਰਾਤਨ ਤੇ ਪੁਰਾ-ਤਨ ਮਤਾਂ ਤੋਂ ਲੈ ਕੇ ਬ੍ਰਹਮੂ ਸਮਾਜੀਆਂ, ਰਾਧਾ ਸ੍ਵਾਮੀਆਂ ਅਰ ਦੇਵ ਸਮਾਜੀਆਂ ਦੇ ਅਤਿ ਨਵੀਨ ਮਤਾਂ ਤਕ ਜੋ ਅਣਗਿਣਤ ਹੀ ਛੋਟੇ ਮੋਟੇ ਮਤ ਨਜ਼ਰ ਆ ਰਹੇ ਹਨ ਉਹਨਾਂ ਵਿੱਚੋਂ ਪ੍ਰਤਯੇਕ ਮਤ ਦਾ ਆਪਣਾ ਇਸ਼ਟ, ਆਪਣਾ ਧਰਮ ਗ੍ਰੰਥ, ਆਪਣਾ ਇਤਿਹਾਸ, ਆਪਣੀ ਭਗਤ ਮਾਲ, ਆਪਣੇ ਬੀਰ, ਆਪਣੀ ਉਪਾਸਨਾ, ਆਪਣੀ ਮਰਯਾਦਾ, ਆਪਣੇ ਤਿਉਹਾਰ, ਆਪਣੀ ਨਮੋ ਨਮਾ (i. e. Particular Way of Salutation), ਆਪਣੇ ਖਾਨ ਪਾਨ ਦੀ ਤੇ ਰਹਿਤ ਬਹਿਤ ਦੀ ਨਿਯਮਾਵਲੀ, ਆਪਣੇ ਹੀ ਪਵਿਤ੍ਰ ਅਸਥਾਨ ਤੇ ਆਪਣੇ ਹੀ ਦਾਨ ਪਾਤ੍ਰ ਹਨ. ਇਸ ਤਰ੍ਹਾਂ ਪ੍ਰਤਯੇਕ ਮਤ ਦੇ ਅਨੁਯਾਈ ਆਪਣੇ ਹੀ ਵਿਸ਼ੇਸ਼ ਮਤ ਦੇ ਹਾਮੀ ਤੇ ਅਨੁਗਾਮੀ ਹਨ. ਪਰ, ਉਹਨਾਂ ਵਿੱਚੋਂ, ਜਿੱਥੋਂ ਤਕ ਮੈਨੂੰ ਵਾਕਫ਼ੀਅਤ ਹੈ, ਐਸਾ ਤਾਂ ਕੋਈ ਵੀ ਨਹੀਂ ਜਿਸ ਦੇ ਪੈਰੋ ਆਪਣੇ ਆਪ ਨੂੰ 'ਹਿੰਦੂ' ਹੀ ਨ ਕਹਿਨ, ਬਲਕਿ ਮੇਰਾ ਤਾਂ ਵਿਸ਼੍ਵਾਸ ਹੈ ਕਿ ਭਾਰਤ ਦੇ ਨਾਸਤਿਕ ਵੀ ਆਪਣੇ ਆਪ ਨੂੰ 'ਹਿੰਦੂ' ਹੀ ਆਖਦੇ ਹੋਨਗੇ. ਸੰਸਾਰ ਦੇ ਸਮਸਤ ਪਦਾਰਥ, ਕੀ ਸਜੀਵ, ਕੀ ਨਿਰਜੀਵ, ਤੇ ਕੀ ਮਾਨਸਕ ਵਿਚਾਰ (ਅਰਥਾਤ, All things, perceptual and conceptual), ਵਰਗਾਂ ਤੇ ਜਾਤੀਆਂ ਵਿੱਚ ਵੰਡੇ ਹੋਏ ਹਨ. ਹਰ ਵਿਸ਼ੇਸ਼ ਵਰਗ (Genus) ਵਿੱਚ ਕਈ ਕਈ ਜਾਤੀਆਂ (Species) ਹੁੰਦੀਆਂ ਹਨ. ਪਰ ਹਰ ਜਾਤਿ ਕੁੱਝ ਸਾਂਝੇ (ਸਾਧਾਰਣ) ਗੁਣਾਂ ਕਰਕੇ ਆਪਣੇ ਕਿਸੇ ਵਿਸ਼ੇਸ਼ ਵਰਗ ਨਾਲ ਸੰਬੰਧਿਤ ਹੁੰਦੀ ਹੈ, ਅਰ ਹਰ ਜਾਤਿ ਆਪਣੇ ਵਿਸ਼ੇਸ਼ ਗੁਣਾਂ ਕਰ ਕੇ ਕਿਸੇ ਵਿਸ਼ੇਸ਼ ਵਰਗ ਦੀ ਵਿਸ਼ੇਸ਼ ਜਾਤਿ ਹੁੰਦੀ ਹੈ. ਮਸਲਨ ਸੋਨੇ, ਚਾਂਦੀ ਤੇ ਪਲਾਟੀਨਮ ਦੇ ਜੋ ਵੀ ਸਾਂਝੇ ਗੁਣ ਹਨ ਉਹਨਾਂ ਕਰ ਕੇ ਇਹ ਤਿੰਨੇ ਪਦਾਰਥ ਧਾਤਾਂ ਵਿੱਚ ਗਿਣੇ ਜਾਂਦੇ ਹਨ; ਏਹਨਾਂ ਵਿੱਚ ਲੱਕੜ ਕੋਈ ਵੀ ਨਹੀਂ. ਇਸੇ ਪ੍ਰਕਾਰ ਵਿਚਾਰਾਂ ਦੇ ਵੀ ਵਰਗ ਤੇ ਜਾਤੀਆਂ ਹਨ. ਸੋ ਅਧਿਆਤਮਕ ਵਿਚਾਰਾਂ ਦੇ ਦੋ ਵਰਗ ਹਨ : ਆਸਤਿਕ ਤੇ ਨਾਸਤਿਕ. ਆਸਤਿਕ ਵਰਗ ਦੇ ਸਾਂਝੇ ਗੁਣ (ਯਾ ਸਿੱਧਾਂਤ) ਇਹ ਹਨ : ੧ ਪਰਮਾਤਮਾ ਦੀ ਹਸਤੀ ਨੂੰ ਮੰਨਣਾ ਤੇ ਜ਼ੀਰ ਮਾਦੀ ਮੰਨਣਾ; ੨ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਕਰਤਾ

Sri Satguru Jagjit Singh Ji eLibrary NamdhariElibrary@gmail.com

ਮੰਨਣਾ; (੩) ਆਤਮਾ ਦੀ ਹਸਤੀ ਨੂੰ ਮੰਨਣਾ ਤੇ ਗ਼ੈਰ ਮਾਦੀ ਮੰਨਣਾ; (੪) ਆਤਮਾ ਨੂੰ ਸਦੀਵੀ ਮੰਨਣਾ; (੫) ਪਰਮਾਤਮਾ ਨੂੰ ਮਨੁਖ ਦੇ ਕਰਮਾਂ ਦਾ ਨਿਯੰਤਾ (Judge, ਮੁਨਸਿਫ਼) ਮੰਨਣਾ; (੬) ਪਰਮਾਤਮਾ ਨੂੰ ਸ੍ਰਿਸ਼ਟੀ ਦਾ ਪਾਲਕ, ਰਖਜਕ, ਸੰਘਾਰਕ ਤੇ ਮਾਲਿਕ ਮੰਨਣਾ; ਅਰ, (੭) ਪਰਮਾਤਮਾ ਦੇ ਸਾਰੇ ਉਹ ਵਿਸ਼ੇਸ਼ਣ ਮੰਨਣੇ ਜੋ ਆਦਿ ਤੋਂ ਆਸਤਿਕ ਮੰਨਦੇ ਚਲੇ ਆਂਦੇ ਹਨ. ਬਸ ਇਹ, ਯਾ ਇਸ ਪ੍ਰਕਾਰ ਦੇ ਹੋਰ ਕੋਈ ਘਟ ਵਧ ਗੁਣ ਆਸਤਿਕ ਵਰਗ ਦੇ ਹਨ. ਅੱਗੇ ਆਸਤਿਕ ਵਰਗ ਦੇ ਕਈ ਉਪਵਰਗ, ਤੇ ਹਰ ਉਪਵਰਗ ਦੀਆਂ ਕਈ ਕਈ ਜਾਤੀਆਂ, ਤੇ ਹਰ ਜਾਤਿ ਦੀਆਂ ਕਈ ਕਈ ਉਪ ਜਾਤੀਆਂ ਹਨ.

(੩੭) ਆਸਤਿਕ ਵਰਗ ਦੇ ਉਪਵਰਗਾਂ ਵਿੱਚੋਂ ਇੱਕ ਉਹ ਉਪਵਰਗ ਹੈ ਜਿਸ ਨੂੰ ਪ੍ਰਾਚੀਨ ਭਾਰਤ ਵਿੱਚ ਆਰਯ ਮਤ ਆਖਦੇ ਸਨ ਤੇ ਹੁਣ ਕੋਈ ਸਵਾ ਯਾ ਡੇੜ੍ਹ ਹਜ਼ਾਰ ਵਰ੍ਹਿਆਂ ਤੋਂ ਹਿੰਦੂ ਮਤ ਆਖਦੇ ਹਨ. ਇਸ ਮਤ ਦੇ ਧਰਮ ਗ੍ਰੰਥ ਚਾਰ ਵੇਦ ਸਨ ਤੇ ਹੁਣ ਵੀ ਹਨ. ਉਪਵਰਗੀਯ ਸਿੰਧਾਂਤ ਤਿੰਨ ਪ੍ਰਕਾਰ ਦੇ ਹਨ : (੧) ਉੱਚ ਸ਼ਾਸਤ੍ਰੀਯ (Supreme Scriptural);(੨) ਉਪ ਸ਼ਾਸਤ੍ਰੀਯ(Sub Scriptural);(੩) ਪਰੰਪਰੀਯ(Traditional). ਆਰਯ ਉਪਵਰਗ ਦੇ ਮੁੱਖ ਉੱਚ ਸ਼ਾਸਤ੍ਰੀਯ ਸਿੱਧਾਂਤ ਇਹ ਹਨ : (੧) ਪਰਮਾਤਮਾ ਦਾ ਪਰਮ ਨਾਮ ਓਮ ਯਾ ਓਂਕਾਰ ਹੈ. (੨) ਜੀਵ ਆਤਮਾ ਬੇ ਸ਼ੁਮਾਰ ਜਨਮਾਂ ਦੇ ਗੇੜ (ਆਵਾਗਵਨ) ਵਿੱਚ ਕੈਦ ਹੈ, ਅਰਥਾਤ, ਪ੍ਰਤਯੇਕ ਸ਼ਰੀਰ ਧਾਰੀ ਜੀਵ, ਇਸ ਜਨਮ ਤੋਂ ਪਹਿਲੇ ਵੀ ਕੋਈ ਸ਼ਰੀਰ ਧਾਰੀ ਜੀਵ ਹੀ ਸੀ, ਤੇ ਵਰਤਮਾਨ ਸ਼ਰੀਰ ਤੋਂ ਬਾਦ ਵੀ ਜ਼ਰੂਰ ਕੋਈ ਹੋਰ ਸ਼ਰੀਰ ਧਾਰਣ ਕਰੇਗਾ : (ਪੂਰਬ ਜਨਮ, ਵਰਤਮਾਨ ਜਨਮ ਤੇ ਪੁਨਰ ਜਨਮ ਧਾਰਣ ਦੇ ਅਟੁਟ ਸਿਲਸਿਲੇ ਦਾ ਨਾਮ ਆਵਾਗਵਨ ਹੈ.) (੩) ਵਰਤਮਾਨ ਸ਼ਰੀਰ ਦੀ ਵਿਸ਼ੇਸ਼ ਜਾਤਿ (Species) ਤੇ ਇਸ ਦੀ ਚੰਗੀ ਮੰਦੀ, ਉੱਚੀ ਨੀਵੀਂ ਕਿਸਮ ਦੀ ਪ੍ਰਾਪਤੀ ਪੂਰਬ ਜਨਮ ਯਾ ਜਨਮਾਂ ਦੇ ਸ਼ੁਭਾਸ਼ੁਭ ਕਰਮਾਂ ਦੇ ਅਧੀਨ ਹੈ. (੪) ਆਵਾਗਵਨ ਤੋਂ ਜੀਵਾਤਮਾ ਦੀ ਅੰਤਿਮ ਖ਼ਲਾਸੀ (ਮੁਕਤੀ), ਪਹਿਲੇ ਸ੍ਰੇਸ਼ਠ ਤੇ ਸ੍ਵਚ ਕਰਮਾਂ ਦੇ ਅਭਿਆਸ ਤੋਂ ਗਿਆਨ ਦੀ ਪ੍ਰਾਪਤੀ, ਤੇ ਫਿਰ ਗਿਆਨ ਅਰ ਭਗਤੀ ਦੇ ਪ੍ਰਭਾਵ ਤੋਂ, ਸ੍ਵਭਾਵਿਕ ਹੀ, ਪ੍ਰਭੂ ਕ੍ਰਿਪਾ ਦੁਆਰਾ ਹੁੰਦੀ ਹੈ. (੫) ਸੱਤ ਤੇ ਅਸੱਤ ਵਸਤੂ ਦੇ ਵਿਵੇਕ ਲਈ ਅਰ ਆਤਮ ਗਿਆਨ ਦੀ ਪ੍ਰਾਪਤੀ ਲਈ ਬ੍ਰਹਮ ਨਿਸ਼ਠ ਗੁਰੂ ਦੀ ਆਵਸ਼ਜਕਤਾ ਹੈ. ਅਰ, (੬) ਸ਼ਰੀਰ ਤੇ ਜੀਵਾਤਮਾ ਦੀ ਪ੍ਰਕ੍ਰਿਤੀ ਤ੍ਰਿਗੁਣਾਤਮਕ (ਅਰਥਾਤ : ਸਤੋਗੁਣੀ ਰਜੋਗੁਣੀ ਤੇ ਤਮੋਗੁਣੀ) ਹੈ. ਬਸ, ਆਰਯ ਧਰਮ ਦੇ ਮੁੱਖ ਉੱਚ-ਸ਼ਾਸਤ੍ਰੀਯ ਸਿੱਧਾਂਤ ਏਹੋ ਹਨ. ਜੋ ਵੀ ਏਹਨਾਂ ਨੂੰ ਮੰਨਦਾ

Sri Satguru Jagjit Singh Ji eLibrary NamdhariElibrary@gmail.com

ਹੈ ਉਹ ਆਰਯ ਧਰਮਾਵਲੰਬੀ ਹੈ. ਉਪ-ਸ਼ਾਸਤ੍ਰੀਯ ਤੇ ਪਰੰਪਰੀਯ ਆਰਯ ਸਿੱਧਾਂਤਾਂ ਵਿੱਚ ਉਪ੍ਰੋਕਤ ਹੀ ਖਟ ਸਿੱਧਾਂਤਾਂ ਦੀ ਕਿਸੇ ਨ ਕਿਸੇ ਸ਼ਕਲ ਵਿੱਚ ਦੀਰਘ ਵਿਚਾਰ, ਦ੍ਰਿਸ਼ਟਾਂਤਾਂ ਸਹਿਤ ਵਿਸਥਾਰ, ਸਪਸ਼ਟੀਕਰਣ ਤੇ ਸਮਾਧਾਨ ਹਨ. ਏਹਨਾਂ ਵਿੱਚ ਹੀ ਮ੍ਰਿਤਕ ਦੀ ਦੇਹ ਨੂੰ ਸਾੜਨਾ ਤੇ ਗਊ ਦੀ ਰਖਿਆ ਵਿਧਾਨ ਹੈ. ਇਸ ਪ੍ਰਕਾਰ ਉਪ੍ਰੋਕਤ ਛੇ 'ਮੁੱਖ', ਤੇ ਇਹ ਦੋ ਪਿਛਲੇ 'ਉਪ', ਕੁਲ ਅੱਠ ਸਿੱਧਾਂਤ, ਪ੍ਰਾਚੀਨ ਆਰਯ ਧਰਮ ਦਾ ਮੂਲਾਧਾਰ ਤੱਤ ਹਨ. ਜੋ ਏਹਨਾਂ ਅੱਠਾਂ ਨੂੰ ਮੰਨੇ ਤੇ ਏਹਨਾਂ ਦਾ ਅਧਯੈਨ ਤੇ ਪ੍ਰਚਾਰ ਵੀ ਕਰੇ, ਪਰ ਮੂੰਹੋਂ ਕਹੇ, 'ਮੈਂ ਵੇਦ ਨੂੰ ਪ੍ਰਮਾਣ ਨਹੀਂ ਮੰਨਦਾ, ਮੈਂ ਆਰਯ ਧਰਮਾਵਲੰਬੀ, ਅਥਵਾ ਹਿੰਦੂ ਨਹੀਂ,' ਉਸ ਨੂੰ ਬ੍ਰਹਮਾ ਆਪ ਵੀ ਇਹ ਆਖਣ ਤੋਂ ਨਹੀਂ ਹਟਾ ਸਕਦਾ. ਸ਼ਾਰੀਰਿਕ ਚਿੰਨ੍ਹਾਂ ਦੀ ਭਿੰਨ ਨਮਾਇਸ਼, ਸਾਮਾਜਿਕ ਵਿਖਾਵਿਆਂ ਦੀ ਵਿਸ਼ੇਸ਼ਤਾ, ਆਰਜ਼ੀ ਰਿਵਾਜਾਂ ਦੀ ਅਦਲਾ-ਬਦਲੀ, ਅਰ ਫ਼ਾਨੀ ਜੀ ਪਰਚਾਵਿਆਂ ਦੀ ਭਿੰਨਤਾ ਦੁਆਰਾ ਕੋਈ ਜਾਤਿ-ਮਤ ਯਾ ਉਪ-ਜਾਤਿ-ਮਤ ਆਪਣੇ ਉਪ ਵਰਗੀਯ, ਯਾ ਪੈਤ੍ਰਿਕ ਮਤ, ਤੋਂ ਜੁਦਾ ਨਹੀਂ ਹੋ ਸਕਦਾ. ਭਾਵ, ਜਦ ਤਕ ਕੋਈ ਸ਼ਾਖਾ-ਮਤ ਕਿਸੇ ਵਿਸ਼ੇਸ਼ ਮੂਲ-ਮਤ ਦੇ ਮੁੱਖ ਸਿੱਧਾਂਤਾਂ ਨੂੰ ਮੰਨਦਾ ਹੈ ਤਦ ਤਕ ਉਹ ਉਸੇ ਮੂਲ-ਮਤ (ਯਾ ਉਪ-ਵਰਗੀਯ-ਮਤ) ਦਾ ਜਾਤਿ ਯਾ ਉਪ-ਜਾਤਿ ਮਤ ਕਹਾਵੇਗਾ. ਹਕੀਕਤ ਵਿੱਚ ਉਹ ਉਸ ਤੋਂ ਵਖਰਾ ਨਹੀਂ ਹੋ ਸਕਦਾ. ਹਾਂ ਆਪਣੇ ਅਨੁਯਾਈਆਂ ਲਈ ਸਾਂਸਾਰਿਕ ਸਹੂਲਤਾਂ ਦੇ ਰਾਹ ਬਣਾਣ ਲਈ, ਅਥਵਾ, ਹੋਰ ਐਸੇ ਹੀ ਸਵਾਰਥਾਂ ਦੀ ਮਨੋਰਥ ਪੂਰਤੀ ਲਈ ਜੇ ਕੋਈ ਜਾਤਿ-ਯਾ ਉਪ-ਜਾਤਿ ਮਤ ਆਪਣੇ ਵਖਰੇ ਨਾਮ ਦੁਆਰਾ ਵਖਜਾਤ ਹੋਣਾ ਚਾਹੇ ਤਾਂ ਉਹ ਸਰਵਥਾ ਹੋਰ ਮਾਮਲਾ ਹੈ. ਪਰ ਉਸ ਦੀ ਹਸਤੀ ਆਪਣੇ ਮੂਲ (ਅਰਥਾਤ ਉਪ ਵਰਗ) ਵਿੱਚ ਲੀਨ ਹੈ, ਉਸ ਤੋਂ ਵਖਰੀ ਹੋਣੀ ਅਸੰਭਵ ਹੈ.

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਪ੍ਰੋਕਤ ਹੀ ਖਟ ਸਿੱਧਾਂਤਾਂ ਨੂੰ ਮੁਖ ਤੇ ਸਾਰਵੰਤ (Positive) ਮੰਨਿਆ ਹੈ. ਸਾਰੀ ਅਕਾਲੀ ਬਾਣੀ ਵਿੱਚ ਆਦਿ ਤੋਂ ਅੰਤ ਤਕ ਏਹਨਾਂ ਦਾ ਹੀ ਵਿਚਾਰ, ਵਿਸਥਾਰ, ਸਮਾਧਾਨ ਤੇ ਪ੍ਰਚਾਰ ਹੈ. ਏਹਨਾਂ ਤੋਂ ਸ਼ੇਸ਼ ਜੋ ਕੁੱਝ ਵੀ ਹੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦ੍ਰਿਸ਼ਟੀ ਔਂਦਾ ਹੈ ਉਹ ਏਹਨਾਂ ਸਿੱਧਾਂਤਾਂ ਵਲ ਧਿਆਨ ਨ ਦੇਣ ਵਾਲੇ, ਨ ਸਮਝਣ ਵਾਲੇ, ਨ ਮੰਨਣ ਵਾਲੇ, ਅਮਲ ਵਿੱਚ ਨ ਲਿਔਣ ਵਾਲੇ ਤੇ ਏਹਨਾਂ ਤੋਂ ਇਲਾਵਾ ਹੋਰ ਮਨਮਤਾਂ ਦੇ ਮਗਰ ਪੈ ਕੇ ਆਪਣੇ ਅਮੋਲਕ ਜਨਮ ਬਰਬਾਦ ਕਰਨ ਵਾਲੇ ਅਭਾਗਿਆਂ, ਦੰਭੀਆਂ, ਸਾਕਤਾਂ ਪ੍ਰਤੀ ਉਪਦੇਸ਼ ਤੇ ਤਾੜਨਾ ਹੈ. ਮ੍ਰਿਤਕ ਦਾਹ ਦੇ ਸੰਬੰਧ ਵਿੱਚ ਕੁੱਝ ਵੀ ਕਹਿਣਾ ਉਚਿਤ ਨਹੀਂ. ਇਸ ਦੇ

Sri Satguru Jagjit Singh Ji eLibrary NamdhariElibrary@gmail.com

ਵਿਰੁੱਧ ਕੋਈ ਵੀ ਗੁਰ ਸਿੱਖ ਨ ਤਾਂ ਕਦੇ ਕਿਧਰੇ ਸਾਡੀ ਆਪਣੀ ਦ੍ਰਿਸ਼ਟੀ ਪਿਆ ਹੈ ਤੇ ਨਾਂ ਹੀ ਅੱਸਾਂ ਕਦੇ ਕਿਸੇ ਹੋਰ ਦੀ ਦ੍ਰਿਸ਼ਟੀ ਪਿਆ ਸੁਣਿਆ ਹੈ. ਅੰਤ ਵਿੱਚ, ਗੋ ਹਤਜਾ ਦੇ ਵਿਰੁੱਧ ਤੇ ਗੋ ਰਖਿਆ ਦੇ ਹੱਕ ਵਿੱਚ ਪੜਤਾਲ ਕਰਨੀ ਜ਼ਰੂਰੀ ਹੈ. ਕਿਉਂ ਜੋ ਰੋਜ਼ ਮੱਰਹ ਦੇ ਅਮਲੀ ਜੀਵਨ ਵਿੱਚ, ਏਹੋ ਇੱਕੋ. ਦੋਹਰਾ-ਅਸੂਲ, ਐਸਾ ਪਰਮ ਸ੍ਰੇਸ਼ਠ ਹੈ ਕਿ ਇਸ ਦਾ ਦ੍ਰਿੜ੍ਹ ਪਾਲਕ, ਭਾਰਤ ਵਿੱਚ, ਕਦੇ ਆਰਯ ਧਰਮੀਆਂ ਦੀ, ਕਿਸੇ ਵੀ ਸ਼੍ਰੇਣੀ ਦੇ ਪਿਆਰ-ਸਤਕਾਰ ਤੋਂ ਦੂਰ ਨਹੀਂ ਹੋ ਸਕਦਾ, ਭਾਵੇਂ ਉਹ ਉਪਰਲੇ ਸੱਤਾਂ ਹੀ ਸਿੱਧਾਂਤਾਂ ਨੂੰ ਨ ਮੰਨੇ; ਹਾਂ ਜੀ, ਉਹ ਭਾਵੇਂ ਨਾਸਤਿਕ ਹੀ ਕਿਉਂ ਨ ਹੋਵੇ, ਆਰਯ-ਹਿੰਦੂ ਉਸ ਨੂੰ ਆਪਣਾ ਸੁਹਿਰਦ ਹਿਤਕਾਰੀ ਮੰਨਨਗੇ ! ਪਰ, ਜੋ ਇਸ ਤੋਂ ਉਲਟ ਗੋ ਹਤਜਾ ਦਾ ਹਾਮੀ ਤੇ ਗੋ ਰਖਿਆ ਦਾ ਵਿਰੋਧੀ ਹੋਵੇਗਾ ਉਹ, ਉਪਰਲੇ ਸੱਤਾਂ ਸਿਧਾਂਤਾਂ ਦਾ ਅਨੁਯਾਈ ਤਾਂ ਕੀ, ਭਾਵੇਂ ਸੋਲਾਂ ਕਲਾ ਸੰਪੂਰਨ ਅਵਤਾਰ ਹੀ ਕਿਉਂ ਨ ਹੋਵੇ, ਆਰਯ ਧਰਮੀਆਂ ਨੂੰ ਮੁਜੱਸਮ ਸ਼ੈਤਾਨ ਹੀ ਨਜ਼ਰ ਆਵੇਗਾ; ਅਤ, ਖ਼ਾਲਸੇ ਤੋਂ ਵਧੀਕ ਇਸ ਅਸੂਲ ਦੀ ਦ੍ਰਿੜ੍ਹ ਤੇ ਸੱਚੀ ਪਾਲਨਾ ਹੋਰ ਕਿਸ ਕੌਮ ਨੇ ਇਤਨੀ ਜੁੱਰਤ ਤੇ ਮਰਦਾਨਗੀ ਨਾਲ ਕਰਨੀ ਹੈ ਜਿਸ ਨੇ ਆਪਣੇ ਜਨਮ (ਵਿਸਾਖੀ, ਸੰਮਤ ੧੭੫੬) ਤੋਂ ਅੱਜ ਤਕ, ਗੋ ਰਖਿਆ ਲਈ ਉਹ ਲਾਸਾਨੀ ਦਿਲ ਚਸਪੀ ਲਈ ਹੈ ਤੇ ਉਹ ਕੀਮਤੀ ਕੁਰਬਾਨੀਆਂ ਕੀਤੀਆਂ ਹਨ ਜਿਨ੍ਹਾਂ ਦਾ ਵਰਣਨ ਕਰ-ਦਿਆਂ ਹੋਇਆਂ ਨੇਤ੍ਰ ਸਜਲ ਹੁੰਦੇ ਹਨ, ਦਿਲ ਧੜਕਦਾ ਹੈ, ਤੇ ਹਥ ਕੰਬਦੇ ਹਨ ! ੧੦ ਫ਼ਰਵਰੀ ਸਨ ੧੮੪੬ ਨੂੰ ਸਭਰਾਓਂ ਦੀ ਜਿਤ ਦੇ ਬਾਦ ਅੰਗ੍ਰੇਜ਼ੀ ਫ਼ੌਜ ਵਿਜੈ ਦਾ ਡੰਕਾ ਵਜਾਂਦੀ ਹੋਈ ਸਿੰਘਾਂ ਦੀ ਰਾਜ ਧਾਨੀ, ਲਹੌਰ, ਵਿੱਚ ਜਾ ਵੜੀ. ਪਰ ਇੱਥੇ ਮੁੜ ਅੰਗ੍ਰੇਜ਼ਾਂ ਤੇ ਸਿੱਖਾਂ ਦੀ ਸੁਲਹ ਹੋ ਗਈ, ਤੇ ਅਮਨ ਪਤ੍ਰ (Treaty of Peace) ਪਰ ੯ ਮਾਰਚ ਨੂੰ ਮਹਾਰਾਜਾ ਦਲੀਪ ਸਿੰਘ (ਉਮਰ ੮-੯ ਸਾਲ) ਤੇ ਸਰ ਹੈਨਰੀ ਹਾਰਡਿੰਗ, ਗਵਰਨਰ ਜੈਨਰਲ ਹਿੰਦ, ਦੇ ਦਸਤਖ਼ਤ ਹੋ ਗਏ. ਇਸ ਤੋਂ ਬਾਦ ਲਹੌਰ ਸਰਕਾਰ ਨੇ ਤੀਬ੍ਰ ਯਾਚਨਾ ਕੀਤੀ ਕਿ ਕੁੱਝ ਚਿਰ ਲਈ, ਇੰਤਜ਼ਾਮ ਤੇ ਹਿਫ਼ਾਜ਼ਤ ਵਜੋਂ, ਕੁੱਝ ਅੰਗ੍ਰੇਜ਼ੀ ਫ਼ੌਜ ਲਹੌਰ ਰਹਿਣ ਦਿੱਤੀ ਜਾਏ ਕਿਉਂ ਜੋ ਪਿਛਲੇ ਮਹੀਨੇ ਦੇ ਯੁੱਧ ਦੇ ਕਾਰਣ ਖ਼ਾਲਸਾ ਫ਼ੌਜ ਦੀ ਢਿੱਲੀ ਜਥਾ ਬੰਦੀ ਪਰ ਪੂਰਾ ਪੂਰਾ ਏਤਿਮਾਦ ਨਹੀਂ ਕੀਤਾ ਜਾ ਸਕਦਾ. ਹਾਰਡਿੰਗ ਨੇ ਇਹ ਗਲ ਮੰਨ ਲਈ ਪਰ ਕਿਹਾ ਕਿ "ਇਹ ਫ਼ੌਜ ਜ਼ਿਆਦਾ ਤੋਂ ਜ਼ਿਆਦਾ ਇਸ ਸਾਲ ਦੇ ਅੰਤ ਤਕ ਇੱਥੇ ਰਹੇਗੀ, ਇਸ ਤੋਂ ਬਾਦ ਨਹੀਂ, ਕਿਉਂ ਜੋ ਮੈਂ ਚਾਹੁੰਦਾ ਹਾਂ ਕਿ ਹਰ ਇੱਕ ਅੰਗ੍ਰੇਜ਼ ਸਿਪਾਹੀ ਇੱਥੋਂ ਜਿਤਨੀ ਛੇਤੀ

Sri Satguru Jagjit Singh Ji eLibrary NamdhariElibrary@gmail.com

ਹੋ ਸਕੇ ਚਲਾ ਜਾਏ," (W. L. Mc Gregor's History of the Sikhs, London:1846, pp. 233—241) ਚੁਨਾਂਚਿ ਇਸ ਅੰਗ੍ਰੇਜ਼ੀ ਫ਼ੌਜ ਨੂੰ ਲਹੌਰ ਰਹਿਣ ਦੇ ਦਿਨਾਂ ਵਿੱਚ, ਗੋ ਹਤਯਾ ਕਰਵਾਣ ਦੀ ਸਖ਼ਤ ਮੁਮਾਨਿਅਤ ਸੀ. ਡਾਕਟਰ ਮੈਗ੍ਰੈਗਰ, ਜੋ ਈਸਟ ਇੰਡੀਆ ਕੰਪਨੀ ਦੀ ਇੱਕ ਫ਼ੌਜ ਦਾ ਸਰਜਨ ਸੀ, ਅਰ ਅਕਸਰ ਕਰ ਕੇ ਮਹਾਰਾਜਾ ਰੰਜੀਤ ਸਿੰਘ ਦੇ ਪਾਸ ਆ ਕੇ ਠਹਿਰਿਆ ਕਰਦਾ ਸੀ, ਆਪਣੇ, ਉਕੁ ਕਥਿਤ, 'ਸਿੱਖਾਂ ਦੇ ਇਤਿਹਾਸ (ਜਿਲਦ ੨, ਸਫ਼ੇ ੨੮੦-੨੮੩) ਵਿੱਚ ਅਤਿ ਕ੍ਰੋਧ ਸਿੰਚਿਤ ਸ਼ਬਦਾਂ ਵਿੱਚ ਲਿਖਦਾ ਹੈ : "ਇਹ ਆਮ ਪ੍ਰਸਿੱਧ ਹੈ ਕਿ ਸਿੱਖਾਂ ਵਿੱਚ ਗਊ ਤੇ ਉਸ ਦੀ ਔਲਾਦ ਲਈ ਬੜਾ ਜ਼ਬਰਦਸਤ ਤਅੱਸੁਬ ਹੈ. ਸੋ ਇਉਂ ਜਾਪਦਾ ਹੈ ਕਿ ਤੋਪਖ਼ਾਨੇ ਦੇ ਕਿਸੇ ਸੰਤਰੀ ਦੇ ਰਸਤੇ ਵਿੱਚ, ਜੋ ਆਪਣਾ ਕੋਈ ਫ਼ਰਜ਼ ਅਦਾ ਕਰ ਰਿਹਾ ਸੀ, ਕਿਸੇ ਗਊ ਦੇ ਦੋ ਬੱਚੇ ਆ ਗਏ ਸਨ, ਤੇ ਉਸ ਨੇ ਉਹਨਾਂ ਨੂੰ ਜ਼ਰਾ ਗ਼ੁੱਸੇ ਨਾਲ ਧੱਕਾ ਦੇ ਕੇ ਪਰੇ ਕਰ ਦਿੱਤਾ ਸੀ : ਨਤੀਜਾ ਇਹ ਹੋਇਆ ਹੈ ਕਿ ਲਹੌਰ ਦੇ ਸਾਰੇ ਬਜ਼ਾਰ ਨੇ ਹੜਤਾਲ ਕੀਤੀ ਹੋਈ ਹੈ... ਗਊ ਲਈ ਇਸ ਜ਼ਬਰਦਸਤ ਤਅੱਸੁਬ ਦੇ ਕਾਰਣ ਲਹੌਰ ਵਿੱਚ ਜ਼ਿੰਮੇਵਾਰ ਹਾਕਮਾਂ ਨੂੰ ਗਊ ਤੇ ਉਸ ਦੀ ਔਲਾਦ ਨੂੰ ਬਚਾਣ ਦੀ ਖ਼ਾਤਰ ਇਹ ਖ਼ਾਸ ਐਲਾਨ ਕਢਣਾ ਪਿਆ ਹੈ ਕਿ 'ਯੂਰਪੀਨਾਂ ਦੇ ਇੱਥੇ ਨਿਵਾਸ ਦੇ ਦਿਨਾਂ ਵਿੱਚ, ਖ਼ਬਰਦਾਰ, ਜੇ ਕੋਈ ਉਹਨਾਂ ਦੀ ਖ਼ੁਰਾਕ ਦੇ ਬਹਾਨੇ ਵੀ ਗਊਆਂ ਤੇ ਬਲਦਾਂ ਨੂੰ ਕਤਲ ਕਰੇ !' ਸਾਨੂੰ ਠੀਕ ਪਤਾ ਨਹੀਂ ਕਿ ਫ਼ੌਜੀ ਖ਼ੁਰਾਕ ਦੇ ਮਹਿਕਮੇ ਪੁਰ ਇਸ ਹੁਕਮ ਦਾ ਕੀ ਅਸਰ ਪਿਆ ਹੈ ਪਰ ਸਾਨੂੰ ਇਤਨਾ ਪਤਾ ਜ਼ਰੂਰ ਹੈ ਕਿ ਨਿਜੀ ਦਸਤਰ ਖ਼ਾਨਾਂ ਉੱਤੇ (at private messes) ਅੱਸਾਂ ਉਸ ਤੋਂ ਬਾਦ ਗੋ ਮਾਂਸ ਕਦੇ ਨਹੀਂ ਚਖਿਆ ! ਕੈਸੀ ਬੇ-ਹੂਦਗੀ ਹੈ ਕਿ ਕਿਸੇ ਫ਼ੌਜ ਤੇ ਉਸ ਦਾ ਉਹ ਵੈਰੀ ਹੁਕਮ ਚਲਾਵੇ ਜੋ ਉਸ ਦੇ ਅੱਗੇ ਲੰਮਾਂ ਪੈ ਚੁਕਾ ਹੈ ! ਜੇ ਅੰਗ੍ਰੇਜ਼ ਕਿਸੇ ਸੁਭਾਗ ਸਮੇਂ ਲਹੌਰ ਔਂਦੇ, ਜਿਹਾ ਕਿ ਸਨ ੧੮੩੭ ਵਿੱਚ ਨੌ ਨਿਹਾਲ ਸਿੰਘ ਦੀ ਸ਼ਾਦੀ ਦੇ ਮੌਕੇ ਜਦ ਕਮਾਂਡਰ-ਇਨ-ਚੀਫ਼, ਸਰ ਹੈਨਰੀ-ਫ਼ੇਨ, ਆਇਆ ਸੀ, ਤਾਂ ਵਾਕਈ ਓਦੋਂ ਗਊਆਂ ਦੇ ਕਤਲ ਦੀ ਮਨਾਹੀ ਬਿਲਕੁਲ ਜਾਇਜ਼ ਸੀ. ਪਰ, ਹੁਣ, ੧੮੪੬ ਵਿੱਚ, ਮੈਹਜ਼ ਸਿੱਖ ਹਕੂਮਤ ਦੇ ਵੈਹਮ ਤੇ ਤਅੱਸੁਬ ਦੇ ਅਨੁਸਾਰੀ ਬਣਨ ਲਈ, ਅੰਗ੍ਰੇਜ਼ ਸਿਪਾਹੀ ਨੂੰ ਉਸ ਦੇ ਭੁੱਜੇ ਹੋਏ ਗੋ ਮਾਂਸ ਤੋਂ ਮਹਿਰੂਮ ਰਖਣਾ ਕੁੱਝ ਨਾ ਮੁਨਾਸਬ ਜਈ ਗਲ ਹੈ. ਇਸ ਤੋਂ ਘਟ ਹੋਰ ਕੀ ਕਿਹਾ ਜਾ ਸਕਦਾ ਹੈ. ਸਿੱਖਾਂ ਨੂੰ ਜ਼ਰੂਰ ਇਸ ਵਿਸ਼ਵਾਸ ਦੀ ਕਲਪਣਾ ਹੋ ਗਈ ਹੋਵੇਗੀ ਕਿ ਮੌਜੂਦਾ ਸੂਰਤ ਵਿੱਚ ਅੱਸੀਂ ਇੱਥੇ ਦੁਖ ਹੀ ਭੋਗਣ ਲਈ ਆਏ ਹੋਏ ਹਾਂ. ਉਹ ਤਾਂ ਸਾਥੋਂ ਲੰਮੇ ਪਿਆਂ ਹੋਇਆਂ ਵੀ

Sri Satguru Jagjit Singh Ji eLibrary NamdhariElibrary@gmail.com

ਆਪਣਾ ਹੁਕਮ ਮਨਾਣ ਲਗ ਪਏ ਹਨ. ਜ਼ਰਾ ਉਹਨਾਂ ਨੂੰ ਮਹਿਸੂਸ ਤਾਂ ਕਰਾਣਾ ਚਾਹੀਦਾ ਹੈ ਕਿ ਅੱਸੀਂ ਉਹਨਾਂ ਤੋਂ, ਬਿਨਾਂ ਉਹਨਾਂ ਦੇ ਵਾਹਯਾਤ ਅਕੀਦਿਆਂ ਦੀ ਪਰਵਾਹ ਕਰਨ ਦੇ, ਸਰਵਥਾ ਆਪਣੀ ਇਛਾ ਅਨੁਸਾਰ, ਜੋ ਵੀ ਸਾਡਾ ਜੀ ਚਾਹੇ, ਕਰਵਾਣ ਦੇ ਸਮਰਥ ਹਾਂ. ਅੱਸੀਂ ਮੇਜਰ ਲਾਰੰਸ (Brevet-Major Henry Montgomery Lawrence, Political Agent) ਦੀ ਮਜ਼ਬੂਤ ਦਿਲੀ ਤੇ ਮੁਸਤਕਿਲ ਮਿਜ਼ਾਜੀ ਤੋਂ ਖ਼ੂਬ ਚੰਗੀ ਤਰ੍ਹਾਂ ਵਾਕਿਫ ਹਾਂ, ਅਰ ਸਾਨੂੰ ਯਕੀਨ ਹੈ ਕਿ ਸਿੱਖ ਉਹਦੇ ਨਾਲ ਕੋਈ ਛੇੜ ਖ਼ਾਨੀ ਕਰਨ ਦਾ ਕਦੇ ਵੀ ਹੌਸਲਾ ਨ ਕਰਨ ਗੇ, ਤੇ ਉਹਨਾਂ ਨੂੰ ਇਸ ਗਲ ਦੀ ਹੋਸ਼ ਕਰਨੀ ਚਾਹੀਦੀ ਹੈ ਕਿ ਉਹਨੇ ਆਪਣੇ ਕਰੜੇ ਫ਼ਰਜ਼ਾਂ ਦੀ ਅਦਾਇਗੀ ਵਿੱਚ ਉਹਨਾਂ ਦੇ ਵਾਹਯਾਤ ਵੈਹਮਾਂ ਦੀ ਦਸਤ ਅੰਦਾਜ਼ੀ ਨਹੀਂ ਹੋਣ ਦੇਣੀ ! ਅਜੇ ਥੋੜੇ ਹੀ ਦਿਨ ਹੋਏ ਹਨ ਕਿ ਉਹਦੇ ਆਪਣੇ ਨਾਇਬਾਂ ਵਿੱਚੋਂ ਇੱਕ ਨੂੰ ਕਿਸੇ ਨੇ ਸਿਰ ਵਿੱਚ ਵੱਟਾ ਕੱਢ ਮਾਰਿਆ ਸੀ ਜਿਸ ਤੋਂ ਉਸ ਨੂੰ ਸਖ਼ਤ ਚੋਟ ਆਈ ਸੀ. ਗਵਰਨਰ ਜੈਨਰਲ ਦੇ ਲਿਖਵਾਏ ਹੋਏ ਸੰਧੀ ਪਤ੍ਰਾਂ ਦੀ ਤਸਦੀਕ ਹੋਇਆਂ ਅਜੇ ਮੱਸਾਂ ਇੱਕੋ ਮਹੀਨਾ ਲੰਘਿਆ ਸੀ ਕਿ ਖ਼ਾਸ ਲਹੌਰ ਦੀਆਂ ਗਲੀਆਂ ਦੇ ਅੰਦਰ ਉਹਦੇ (ਗਵਰਨਰ ਜੈਨਰਲ ਦੇ) ਪ੍ਰਤਿਨਿਧ ਦੀ ਸਖ਼ਤ ਬੇ ਪੱਤੀ ਕੀਤੀ ਗਈ. ਹਿੰਦੁਸਤਾਨ ਦੇ ਵਾਸੀ (Natives) ਐਹਵਾ ਜਏ ਹਾਦਸਿਆਂ ਤੇ ਮੁਸਕਰਾ ਛਡਦੇ ਹਨ ਤੇ ਸਿਰ ਫੇਰ ਛਡਦੇ ਹਨ ਤੇ ਪੁਕਾਰ ਪੁਕਾਰ ਕੇ ਆਖਦੇ ਹਨ, 'ਅੰਗ੍ਰੇਜ਼ ਬਹਾਦਰ ਫ਼ਤਹ ਤਾਂ ਸਭ ਨੂੰ ਕਰ ਸਕਦੇ ਹਨ, ਪਰ ਉਹ ਰਾਜ ਕਰਨਾ ਨਹੀਂ ਜਾਣਦੇ.' ਹੁਣ ਗੋ ਰਖਿਆ ਸੰਬੰਧੀ ਏਹਨਾਂ ਹਾਦਸਿਆਂ ਦੇ ਮੁਕਾਬਲੇ ਵਿੱਚ ਉਹਨਾਂ ਹੀ ਦਿਨਾਂ ਦਾ ਹਾਲ, ਅੰਗ੍ਰੇਜ਼ੀ ਇਲਾਕੇ (ਅਰਥਾਤ, ਸਤਲੁਜ ਤੋਂ ਪਾਰ ਲੁਧਿਆਣੇ ਆਦਿਕ ਇਲਾਕਿਆਂ), ਦਾ ਇਸੇ ਇਤਿਹਾਸਕਾਰ ਤੋਂ ਸੁਣੋ. ਇਹ (Mc Gregor's History pp. 280-281) ਲਿਖਦਾ ਹੈ ਕਿ "ਸਾਡੇ ਆਪਣੇ ਬਜ਼ਾਰਾਂ ਵਿੱਚ ਵੀ ਏਹੋ ਜਏ ਹਾਦਸੇ ਅਕਸਰ ਹੁੰਦੇ ਰਹਿੰਦੇ ਹਨ, ਤੇ ਇੱਕ ਵੇਰ ਜਦ ਮੈਂ ਲੁਧਿਆਣੇ ਵਿੱਚ ਪੋਲਿਟੀਕਲ ਏਜੰਟ ਦੀ ਗ਼ੈਰ ਹਾਜ਼ਰੀ ਦੇ ਕਾਰਣ ਆਰਜ਼ੀ ਤੌਰ ਤੇ ਇਸ ਦੀ ਜਗਹ ਤਾਈਨਾਤ ਸਾਂ ਤਾਂ ਇੱਕ ਦਿਨ ਕਿਸੇ ਘੋੜਿਆਂ ਦੇ ਮੁਸਲਮਾਣ ਸੁਦਾਗਰ ਨੇ ਆਪਣੇ ਨੌਕਰਾਂ ਦੀ ਖ਼ੁਰਾਕ ਲਈ ਦਿਨ ਦੁਪਹਿਰ ਦੇ ਵੇਲੇ ਇੱਕ ਗਊ ਨੂੰ ਸ਼ਹਿਰ ਲੁਧਿਆਣੇ ਦੇ ਬਿਲਕੁਲ ਨੇੜੇ ਜ਼ਬਹ ਕਰ ਦਿੱਤਾ. ਨਤੀਜਾ ਇਹ ਹੋਇਆ ਕਿ ਸਾਰੇ ਸ਼ਹਿਰ ਦੀਆਂ ਦੁਕਾਨਾਂ ਬੰਦ ਹੋ ਗਈਆਂ ਤੇ ਮਾਲਕਾਂ ਨੇ ਮਜ਼ਬੂਤ ਦਿਲੀ ਨਾਲ ਛੌਣੀ ਦੇ ਸਿਪਾਹੀਆਂ ਨੂੰ ਕੋਈ ਵੀ ਚੀਜ਼ ਵੇਚਣ ਤੋਂ ਇਨਕਾਰ ਕਰ ਦਿੱਤਾ. ਇਹ

Sri Satguru Jagjit Singh Ji eLibrary NamdhariElibrary@gmail.com

ਸਾਂਗ (Farce) ਦੋ ਦਿਨ ਜਾਰੀ ਰਿਹਾ, ਜਿਸ ਦੇ ਬਾਦ ਮੈਨੂੰ (ਅਰਥਾਤ W. L. Mc. Gregor ਨੂੰ) ਕਮਾਨ ਅਫ਼ਸਰ ਨੇ ਖ਼ਬਰ ਭੇਜੀ ਕਿ ਜੇ ਥੋੜਾ ਚਿਰ ਹੋਰ ਏਹੋ ਹਾਲਤ ਰਹੀ ਤਾਂ ਸਿਪਾਹੀ ਜ਼ਰੂਰ ਹੀ ਭੁੱਖੇ ਮਰ ਜਾਨਗੇ. ਮੈਂ ਇਹ ਸੁਣਦਿਆਂ ਹੀ ਸ਼ਹਿਰ ਦੇ ਵੱਡੇ ਦੇਸੀ ਕੋਤਵਾਲ ਨੂੰ ਹੁਕਮ ਦਿੱਤਾ ਕਿ ਫ਼ੌਰਨ ਇਹ ਐਲਾਨ ਕਰ ਦੇਵੇ ਕਿ 'ਜੇ ਇੱਕ ਵਿਸ਼ੇਸ਼ ਸਮੇਂ ਤਕ ਦੁਕਾਨਦਾਰ ਆਪਣੀਆਂ ਦੁਕਾਨਾਂ ਨ ਖੋਲ੍ਹ ਦੇਨਗੇ ਤਾਂ ਉਹਨਾਂ ਨੂੰ ਬਜ਼ਾਰਾਂ ਵਿੱਚੋਂ ਕੱਢ ਦਿੱਤਾ ਜਾਵੇਗਾ ਤੇ ਉਹਨਾਂ ਦਾ ਸੌਦਾ ਜ਼ਬਤ ਕਰ ਲਿਆ ਜਾਏਗਾ'. ਬਸ, ਇਹ ਐਲਾਨ ਨਿਕਲਦਿਆਂ ਹੀ ਦੁਕਾਨਾਂ ਖੁਲ੍ਹ ਗਈਆਂ." ਗੋ ਹਤਜਾ ਦੇ ਵਿਰੁੱਧ ਜੋਸ਼, ਤੇ ਗੋ ਰਖਜਾ ਦੇ ਹੱਕ ਵਿੱਚ ਉਤ-ਸ਼ਾਹ ਤੇ ਹਮਦਰਦੀ, ਜਿਸ ਦੇ ਹਵਾਲੇ ਉੱਪਰ ਦਿੱਤੇ ਗਏ ਹਨ, ਇਹ ਸਨ ੧੮੪੬ ਅਰ ਇਸ ਤੋਂ ਕੁੱਝ ਪਹਿਲੇ ਦੇ ਹਨ; ਅਰ ਉਸ ਜ਼ਮਾਨੇ ਦੇ ਹਨ ਜਦੋਂ ਸਿੱਖ ਆਪਣਾ ਰਾਜ, ਮਾਨ ਤੇ ਪ੍ਰਤਿਸ਼ਠਾ ਅੰਗ੍ਰੇਜ਼ਾਂ ਦੀ ਨਜ਼ਰ ਵਿੱਚ ਬਿਲਕੁਲ ਖੋਹ ਚੁਕੇ ਸਨ. ਜਿਸ ਦਾ ਅੰਦਾਜ਼ਾ ਡਾਕਟਰ ਮੈਕ ਗ੍ਰੈਗਰ ਦੀ ਇਬਾਰਤ ਤੋਂ ਭਲੀ ਪ੍ਰਕਾਰ ਲਗ ਸਕਦਾ ਹੈ. ਸੱਚ ਮੁੱਚ ਜਿਸ ਬੇ-ਦਰਦ ਮਨੁਖ ਨੇ ਕੁਲ ਡੇੜ੍ਹ ਦੋ ਮਹੀਨੇ ਪਹਿਲਾਂ ਯੁੱਧ ਭੂਮੀ ਪੁਰ ਜਿੱਤੇ ਹੋਏ ਵੈਰੀ ਦੇ ਹੱਥੋਂ *ਬੇ ਸ਼ੁਮਾਰ ਸਿੱਖਾਂ ਦਾ ਭਿਆਨਕ ਖ਼ੂਨ ਵਗਦਾ ਵੇਖਿਆ ਹੋਵੇ ਅਰ ਉਹਨਾਂ ਨੂੰ ਸਰਵਥਾ ਲਾਚਾਰ ਦਸ਼ਾ ਵਿੱਚ ਘਾਤ ਹੁੰਦਿਆਂ, ਡਿਗਦਿਆਂ, ਡੁਬਦਿਆਂ, ਕੁਚਲੀਂਦਿਆਂ ਤੇ ਸਿਸਕ ਸਿਸਕ ਕੇ ਜਾਨਾਂ ਦੇਂਦਿਆਂ ਵੇਖਿਆ ਹੋਵੇ, ਹਾਂ ਜੀ, ਉਸ ਬੇ-ਦਰਦ, ਬੇ-ਰਹਿਮ, ਦਰਿੰਦੇ-ਮਨੁੱਖ ਦੇ ਹਿਰਦੇ ਵਿੱਚ, ਸਿੱਖਾਂ ਦੀ ਮਾਤਮ ਗ੍ਰਸਿਤ ਰਾਜ ਧਾਨੀ ਵਿੱਚ, ਸਿੱਖਾਂ ਦੇ ਕੋਮਲ ਭਾਵਾਂ ਤੇ ਉਹਨਾਂ ਦੇ ਪਵਿਤ੍ਰ ਸਨਮਾਨਿਤ ਅਕੀਦਿਆਂ ਲਈ ਕੀ ਸਤਕਾਰ ਹੋ ਸਕਦਾ ਹੈ, ਅਰ, ਵਿਸ਼ੇਸ਼ ਕਰ ਕੇ ਐਸੀ ਦਸ਼ਾ ਵਿੱਚ ਜਦ ਕਿ ਜ਼ਬਰਦਸਤ, ਨਿਰਲੱਜ,

*ਸਭਰਾਓਂ ਦੀ ਲੜਾਈ ਦੇ ਬਾਦ ਦਾ ਦ੍ਰਿਸ਼ਜ : ਮੈਕ ਗ੍ਰੈਗਰ ਦਾ ਸਿੱਖ ਇਤਿਹਾਸ, ਜਿਲਦ ੨, ਪੰਨਾ ੧੬੫, "In their efforts to reach the right bank (of Sutlej) through the deepened water, they suffered a terrible carnage from our horse artillery.

'Hundreds fell under this cannonade; hundreds upon hundreds were drowned in attempting the perilous passage.' This awful slaughter, confusion, and dismay, were such as would have excited compassion in the hearts of their generous conquerors, if the Khalsa troops had not, in the earlier part of the action; sullied their gallantry, by slaughtering and barbarously mangling every wounded soldier, whom, in the vicissitudes of attack, the fortune of war left at their mercy."

Sri Satguru Jagjit Singh Ji eLibrary NamdhariElibrary@gmail.com

ਹਥਿਆਰ ਬੰਦ ਵੈਰੀ ਦੀ ਭੁੱਖੀ ਫ਼ੌਜ ਦਾ ਦਸਤਾ ਨਗਰ ਦੇ ਸਿਰ ਤੇ ਕੁਦ ਰਿਹਾ ਹੋਵੇ ! ਹਾਂ ਜੀ, ਐਸੀ ਦਸ਼ਾ ਵਿੱਚ ਸਿੱਖਾਂ ਲਈ ਗੌ ਹਤਜਾ ਦੇ ਵਿਰੁੱਧ ਤੇ ਗੌ ਰਖਜਾ ਦੇ ਹੱਕ ਵਿੱਚ ਆਪਣੇ ਪੁਰਾਣੇ (ਬਰ ਸਰੇ ਤਾਕਤ ਤੇ ਇਕਤਦਾਰ ਦੇ ਜ਼ਮਾਨੇ ਵਾਲੇ) ਜੋਸ਼ ਤੇ ਸਤਕਾਰ ਪਰ, ਜਿਉਂ ਕੇ ਤਿਉਂ, ਡਟੇ-ਰਹਿਣਾ ਕੈਸੀ ਅਸਾਧਾਰਣ ਤੇ ਖ਼ਤਰ ਨਾਕ ਗਲ ਸੀ ! ਤਾਂ ਵੀ ਅੱਸੀਂ ਵੇਖ ਚੁਕੇ ਹਾਂ ਕਿ ਐਸੇ ਨਾਜ਼ਕ ਸਮੇਂ ਵੀ ਉਹਨਾਂ ਦਾ ਗਊ ਲਈ ਆਪਣਾ ਜੋਸ਼ ਤੇ ਸਤਕਾਰ ਨਹੀਂ ਘਟਿਆ. ਕੀ ਇਸ ਅਸਚਰਜ ਹੌਸਲੇ, ਕੁਰਬਾਨੀ ਤੇ ਮਰਦਾਨਗੀ ਦੀ ਹੋਰ ਕਿਸੇ ਕੌਮ ਦੇ ਇਤਿਹਾਸ ਵਿੱਚ ਆਪਣੇ ਅਸੂਲਾਂ ਤੇ ਕਾਇਮ ਰਹਿਣ ਲਈ ਐਸੀ ਕੋਈ ਮਿਸਾਲ ਮੌਜੂਦ ਹੈ ? ਮੇਰਾ ਯਕੀਨ ਹੈ ਕਿ ਨਹੀਂ. ੧੮੪੬ ਤੋਂ, ਅਰ ਵਿਸ਼ੇਸ਼ ਕਰ ਕੇ ੧੮੪੯ ਵਿੱਚ ਅੰਗ੍ਰੇਜ਼ਾਂ ਨਾਲ ਦੂਜੀ ਟੱਕਰ ਦੇ ਭੈੜੇ ਨਤੀਜੇ ਮਗਰੋਂ ਆਮ ਤੌਰ ਤੇ ਸਿੱਖਾਂ ਦਾ ਕੌਮੀ ਵਕਾਰ ਘਟਦਾ ਗਿਆ ਤੇ ਇਸ ਦੇ ਨਾਲ ਹੀ, ਇਹ ਸਦਾਚਾਰ ਦੇ ਉੱਚ ਪੱਧਰ ਤੋਂ ਵੀ ਪਤਨ ਹੁੰਦੇ ਗਏ ਪਰ ਗਊ ਹਤਜਾ ਦੇ ਵਿਰੁੱਧ ਏਹਨਾਂ ਦਾ ਜੋਸ਼ ਤਿਲ ਮਾਤਰ ਵੀ ਮੱਠਾ ਨਹੀਂ ਪਿਆ. ਸਨ ੧੮੭੨ ਵਿੱਚ ਅਮੋਘ ਦਰਸ਼ਨ ਬਾਬਾ ਰਾਮ ਸਿੰਘ ਜੀ ਦੇ ਕੁੱਝ ਸਤਿਸੰਗੀ ਸਿੱਖਾਂ ਨੇ ਮਲੌਦ ਤੇ ਮਲੇਰ ਕੋਟਲੇ ਦੇ ਦੁਸ਼ਟ ਗੌ ਘਾਤਕ ਕਸਾਈਆਂ ਦੀ ਅਲਖ ਮੁਕਾ ਕੇ ਉਸ ਅਪਾਰ ਸਾਹਸ, ਨਿਰਭੈਤਾ ਤੇ ਬਲੰਦ ਇਖ਼ਲਾਕੀ ਦਾ ਸੰਦੇਹ-ਰਹਿਤ ਸਬੂਤ ਦਿੱਤਾ ਜੋ ਈਸਾਈ ਸ਼ਹੀਦਾਂ ਨੇ ਰੋਮ ਵਿੱਚ ਤੇ ਮੁਸਲਮਾਣਾਂ ਨੇ ਕਰਬਲਾ ਵਿੱਚ, ਸਾਨੂੰ ਯਕੀਨ ਹੈ, ਕਿ, ਨਹੀਂ ਦਿੱਤਾ. ਲੁਧਿਆਣੇ ਦੇ ਮਦ ਮਾਤੇ, ਮੂੜ੍ਹ ਮਤਿ ਡਿਪਟੀ ਕਮਿਸ਼ਨਰ, ਕੋਵਨ (Cowan) ਨੇ, ਨੀਰੋ, ਮਿਹਿਰਕੁਲ ਤੇ ਹਲਾਕੂ ਤੋਂ ਵੀ ਵਧੀਕ ਹਕੂਮਤ ਦੇ ਨਸ਼ੇ ਵਿੱਚ ਮਖ਼ਮੂਰ ਹੋ ਕੇ ਬਿਨਾਂ ਪੂਰੀ ਤਰ੍ਹਾਂ ਤਫ਼ਤੀਸ਼ ਕਰਨ ਦੇ ਗੁਰੂ ਕਲਗੀ ਧਰ ਦੇ ੪੯ ਪਵਿਤ੍ਰ ਆਤਮਾ ਨਾਮ ਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਵਾ ਦਿੱਤਾ ਤੇ ਉਸੇ ਕਲੰਕਿਤ ਕੋਵਨ (Cowan) ਦੇ ਕੁਕਰਮੀ ਕਮਿਸ਼ਨਰ ਫ਼ਾਰਸਿਥ (Forsyth) ਨੇ ਤੀਹ ਹੋਰ ਇਸੇ ਨਿਰਮਾਣ ਫ਼ਿਰਕੇ ਦੇ ਸਿਦਕੀ ਸਿੱਖਾਂ ਨੂੰ ਫਾਂਸੀ ਲਟਕਵਾ ਦਿੱਤਾ, ਤੇ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਘਲ ਦਿੱਤਾ. (ਦੇਖੋ, ਮਹਾਂ ਕੋਸ਼ ਕ੍ਰਿਤ ਭਾਈ ਕਾਹਨ ਸਿੰਘ ਵਿੱਚ 'ਰਾਮ ਸਿੰਘ').

(੩੮) ਮੈਂ ਨਾਮ ਧਾਰੀ ਸਿੰਘਾਂ ਦੀ ਸ਼ਹੀਦੀ ਦੇ ਸੰਬੰਧ ਵਿੱਚ ਆਪਣੀ ਸਹਿਵੇਦਨਾ ਤੇ ਪ੍ਰਸ਼ੰਸਾ ਇਸ ਲਈ ਪ੍ਰਗਟ ਕੀਤੀ ਹੈ ਕਿ ਉਹਨਾਂ ਨੇ ਜੋ ਕੁੱਝ ਵੀ ਕੀਤਾ ਲੁਕ ਛਿਪ ਕੇ ਨਹੀਂ ਕੀਤਾ, ਕਿਸੇ ਸ੍ਵਾਰਥ ਨੂੰ ਮੁੱਖ ਰੱਖ ਕੇ ਨਹੀਂ ਕੀਤਾ, ਬਲਕਿ ਇਸ ਵਿਸ਼੍ਵਾਸ ਨਾਲ ਕੀਤਾ ਕਿ ਗਊ ਹਤਜਾ ਤੋਂ ਹਰ ਹਿੰਦੂ-

Sri Satguru Jagjit Singh Ji eLibrary NamdhariElibrary@gmail.com

ਸਿੱਖ ਦਾ ਦਿਲ ਦੁਖਦਾ ਹੈ; ਫਿਰ, ਇਸ ਆਸ ਤੋਂ ਵੀ ਕਿ ਸਾਡੇ ਕੰਮ ਨੂੰ ਹਿੰਦੂ ਤੇ ਸਿੱਖ ਦੋਵੇਂ, ਸਦਾ ਲਈ, ਸ਼ਲਾਘਾ-ਦ੍ਰਿਸ਼ਟੀ ਨਾਲ ਵੇਖਨ ਗੇ; ਕਿ ਕੁੱਝਕੁ ਗਊ ਹਿੰਸਕਾਂ ਦੀ ਹਿੰਸਾ ਤੋਂ ਸ਼ਾਇਦ ਅੱਗੋਂ ਇਸ ਨੀਚ ਪੇਸ਼ੇ ਦੇ ਲੋਕ ਆਪਣੇ ਇਸ ਪੇਸ਼ੇ ਨੂੰ ਛੱਡ ਦੇਵਨ; ਕਿ ਗਊ, ਗੁਰੂ, ਗਰੀਬ, ਅਬਲਾ, ਅਨਾਥ, ਆਜਿਜ਼, ਦੇਸ਼ ਭਗਤ, ਧਰਮ ਵੀਰ, ਰਾਜ ਪਾਲ ਆਦਿਕ ਦੇ ਘਾਤਕ ਦਾ ਘਾਤ ਕਰਨਾ ਯਾ ਉਸ ਦੇ ਘਾਤ ਵਿੱਚ ਸਹਿਕਾਰੀ ਹੋਣਾ ਆਪਣੇ ਆਪ ਵਿੱਚ ਸਵਾਬ ਤੇ ਉਪਕਾਰ ਦਾ ਕੰਮ ਹੈ. ਇਹ ਓਦੋਂ ਇਸ ਦੇਸ਼ ਵਿੱਚ ਹਿੰਦੂ ਮਾਤ੍ਰ ਦਾ ਨਿਸ਼ਚਿਤ ਤੇ ਨਿਰਣੀਤ ਵਿਸ਼੍ਵਾਸ ਸੀ, ਜੋ ਪਰਮ ਪ੍ਰਾਚੀਨ ਸਮੇਂ ਤੋਂ ਇੱਥੇ ਲੋਕਾਂ ਦੇ ਹਿਰਦਿਆਂ ਵਿੱਚ ਇਸਥਿਤ ਸੀ. ਪਰ ਕੋਈ ਵੀ ਦੇਸ਼ ਐਸੇ ਆਦਮੀਆਂ ਤੋਂ, ਕਦੇ ਵੀ ਮੁਕੰਮਲ ਤੌਰ ਤੇ, ਖ਼ਾਲੀ ਨਹੀਂ ਹੋ ਸਕਦਾ, ਜਿਨ੍ਹਾਂ ਦੇ ਜੀਵਨ ਦੀ ਕਿਸ਼ਤੀ ਉਹਨਾਂ ਦੇ ਆਪਣੇ ਜ਼ਬਰ ਦਸਤ ਵਲਵਲਿਆਂ ਦੇ ਸਮੁੰਦਰ ਵਿੱਚ ਗ਼ਾਇਬ ਹੋ ਕੇ, ਵੇਖਣ ਵਾਲਿਆਂ ਦੀ ਨਜ਼ਰ ਤੋਂ ਉਹਲੇ ਨ ਹੋ ਜਾਏ! ਨਿਰਸੰਦੇਹ ਵਲਵਲਿਆਂ ਦੇ ਤੂਫ਼ਾਨੀ ਸਮੁੰਦਰ ਵਿੱਚੋਂ, ਸਹੀ ਸਲਾਮਤ ਕਿਨਾਰੇ ਤੇ ਉਤਰਨ ਲਈ, ਸਾਡੇ ਪਾਸ ਜ਼ਰੂਰ ਕੋਈ ਦਰੁਸਤ ਤੇ ਮਾਕੂਲ ਕੁਤਬ ਨੁਮਾ ਚਾਹੀਦਾ ਹੈ; ਪਰ, ਨਿਰਸੰਦੇਹ ਉਹ ਤੂਫ਼ਾਨ ਤੂਫ਼ਾਨ ਹੀ ਨਹੀਂ ਜਿਸ ਦੇ ਬੇ-ਕਾਬੂ ਹਲੂਣਿਆਂ ਨਾਲ ਕੁਤਬ ਨੁਮਾ ਵੀ ਆਪਣੀ ਕਿਸ਼ਤੀ ਦੇ ਨਾਲ ਹੀ ਤਬਾਹ ਨ ਹੋ ਜਾਏ! ਇਸ ਲਈ ਕੀ ਪੁਰਾਣੇ ਜ਼ਮਾਨੇ ਵਿੱਚ ਤੇ ਕੀ ਅੱਜ ਕੱਲ, ਜਦ ਤਕ ਤੂਫ਼ਾਨੀ ਵਲਵਲਿਆਂ ਦੇ ਕਿਧਰੇ ਵੀ ਕਾਰਣ ਮੌਜੂਦ ਰਹਿਨਗੇ ਤਦ ਤਕ ਉੱਥੇ ਐਸੇ ਮਨੁੱਖ ਵੀ ਜ਼ਰੂਰ ਹੀ ਨਮੂਦਾਰ ਹੁੰਦੇ ਰਹਿਨਗੇ ਜੋ ਹਕੂਮਤ ਦੇ ਸ਼ਾਂਤ ਸਾਗਰ ਵਿੱਚ ਖ਼ਲਲ ਅੰਦਾਜ਼ ਹੋਵਨ. ਏਹਨਾਂ ਦੇ ਜ਼ਹੂਰ ਨੂੰ ਫਾਂਸੀ, ਤਲ-ਵਾਰ, ਤੋਪ ਤੇ ਬੰਦੂਕ ਰੋਕਣ ਦੇ ਸਮਰਥ ਨਹੀਂ. ਕਿਉਂ ਅਕਬਰ ਤੇ ਰੰਜੀਤ-ਸਿੰਘ ਦੇ ਰਾਜ ਵਿੱਚ ਆਮ ਪ੍ਰਜਾ ਐਸੇ ਵਲਵਲਿਆਂ ਦਾ ਸ਼ਿਕਾਰ ਨਹੀਂ ਹੋਈ? ਗਲ ਇਹ ਹੈ ਕਿ ਜੇਹੜੀ ਹਕੂਮਤ ਆਪਣੇ ਵਾਧੂ ਐਸ਼ਾਂ, ਆਰਾਮਾਂ, ਸੁਆਦਾਂ, ਸਹੂਲਤਾਂ ਤੇ ਆਸਾਇਸ਼ਾਂ ਦੇ ਨਾ ਜਾਇਜ਼ ਵਲਵਲਿਆਂ ਨੂੰ ਦੁਖੀ ਪ੍ਰਜਾ ਦੇ ਜਾਇਜ਼ ਵਲਵਲਿਆਂ ਤੋਂ ਕੁਰਬਾਣ ਨਹੀਂ ਕਰ ਸਕਦੀ ਉਹ ਕਦੇ ਵੀ ਵਲਵਲਿਆਂ ਦੀ ਭਿਆਨਕ ਔਲਾਦ ਨੂੰ, ਪ੍ਰਜਾ ਦੇ ਹਿਰਦਿਆਂ ਵਿੱਚ ਉਤਪੰਨ ਹੋਣ ਤੋਂ ਅਰ, ਬੈਰੂਨੀ ਜਗਤ ਵਿੱਚ ਤੂਫ਼ਾਨ ਬਰਪਾ ਕਰਨ ਤੋਂ ਰੋਕ ਨਹੀਂ ਸਕਦੀ! ਪ੍ਰਜਾ ਨੂੰ ਕਮਜ਼ੋਰ, ਲਾਚਾਰ ਤੇ ਬੇ ਕਸ ਸਮਝ ਕੇ ਭਾਵੇਂ ਕੋਈ ਹਕੂਮਤ, ਕਿੰਨੇਂ ਹੀ ਲੰਮੇਂ ਚਿਰ ਤਕ, ਭੈ ਦੇ ਹਥਿਆਰਾਂ ਨਾਲ, ਰਾਜ ਕਰਦੀ ਰਹੇ, ਸੰਭਵ ਹੈ, ਪਰ ਅੰਤ ਵਿੱਚ ਉਸ ਦਾ ਖ਼ਾਤਮਾ ਹਸਰਤ ਆਲੂਦਾ ਹੀ ਹੋਵੇਗਾ! ਇਹ ਅਟਲ ਪ੍ਰਾਕ੍ਰਿਤਿਕ ਨਿਯਮ ਹੈ; ਜਗਤ ਦਾ ਪ੍ਰਾਚੀਨ, ਮੱਧਕਾਲੀਨ ਤੇ ਅਰਵਾਚੀਨ

Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਇਸ ਨਿਯਮ ਪੂਰਤੀ ਦਾ ਜਿਊਂਦਾ ਜਾਗਦਾ ਗਵਾਹ ਹੈ! ਕੇਵਲ ਦੋ ਗੱਲਾਂ ਜੇ ਅੰਗ੍ਰੇਜ਼ ਨ ਕਰਦੇ, ਤੇ ਇੱਕ ਤੀਜੀ ਜ਼ਰੂਰ ਹੀ ਕਰਦੇ ਤਾਂ ਕੋਈ ਵਜਹ ਨਹੀਂ ਕਿ ਕਿਉਂ ਕਲਿਜੁਗ ਦੇ ਅੰਤ ਤਕ ਉਹਨਾਂ ਦਾ ਰਾਜ ਭਾਰਤ ਵਰਸ਼ ਵਿੱਚ ਕਾਇਮ ਨ ਰਹਿੰਦਾ. ਇੱਕ ਗਊ ਕੁਸ਼ੀ ਨ ਕਰਵਾਂਦੇ, ਦੂਜੇ, ਈਸਾਈ ਮਤ ਦੇ ਪ੍ਰਚਾਰ ਵਿੱਚ ਖ਼ੁਦ, ਹਾਕਿਮ ਹੋਣ ਦੀ ਹੈਸੀਅਤ ਵਿੱਚ, ਨ ਜ਼ਾਹਿਰਾ, ਨ ਦਰ ਪਰਦਾ, ਕੋਈ ਹਿੱਸਾ ਲੈਂਦੇ; ਤੀਜੇ, ਹਿੰਦ ਤੇ ਹਿੰਦੁਸਤਾਨੀਆਂ ਨਾਲ ਸਰਵਥਾ ਆਪਣੇ ਮੁਲਕ ਤੇ ਆਪਣੀ ਕੌਮ ਵਰਗਾ ਸਲੂਕ ਕਰਦੇ, ਬਾਕੀ, ਹੋਰ ਸਭ ਕੁੱਝ ਠੀਕ ਤੋਂ ਬੇਹਤਰ ਹੀ ਹੁੰਦਾ ਜਾਣਾ ਸੀ. ਮਲੋਦ ਤੇ ਮਲੇਰ ਕੋਟਲੇ ਦਾ ਹਾਦਸਾ ੧੫ ਜਨਵਰੀ ਸਨ ੧੮੭੨ ਵਿੱਚ ਹੋਇਆ ਸੀ, ਪਰ ਅੱਜ ਵੀ ਜੇ ਸਾਰੇ ਭਾਰਤ ਦੇ ਹਿੰਦੂ ਤੇ ਸਿੱਖਾਂ ਦੀ ਕਿਸੇ ਗੁਪਤ ਤਰੀਕੇ ਦੁਆਰਾ ਰਾਏ-ਸ਼ੁਮਾਰੀ ਕਰਾਈ ਜਾਵੇ ਤਾਂ ਮੇਰਾ ਯਕੀਨ ਹੈ ਕਿ ਤਕਰੀਬਨ ਹਰ ਇੱਕ ਫ਼ਰਦ, ਭਾਵੇਂ ਇਆਣਾ ਹੋਵੇ ਭਾਵੇਂ ਸਿਆਣਾ, ਗੌ ਹਤਜਾ ਦੇ ਵਿਰੁੱਧ ਤੇ ਗੌ ਰਖਜਾ ਦੇ ਹੱਕ ਵਿੱਚ ਹੀ ਆਪਣੀ ਰਾਏ ਦੇਵੇਗਾ. ਭਾਵ ਇਹ ਹੈ ਕਿ ਭਾਰਤ ਵਿੱਚ ਕਾਲ ਦੇ ਅੰਤ ਤਕ ਵੀ ਕੌਮੀ ਤੌਰ ਤੇ ਗਊ ਰਖਜਕਾਂ ਤੇ ਗਊ ਹਿੰਸਕਾਂ ਦੀ ਮੁਕੰਮਲ ਤੇ ਮੁਸਤਕਿਲ ਸੁਲਹ ਨਹੀਂ ਹੋ ਸਕਦੀ, ਨਹੀਂ ਹੋ ਸਕਦੀ! ਕੋਵਨ, ਡਿਪਟੀ ਕਮਿਸ਼ਨਰ (ਲੁਧਿਆਣਾ) ਦੀ, ਤੇ ਫ਼ਾਰਸਿਥ, ਅੰਬਾਲੇ ਦੇ ਕਮਿਸ਼ਨਰ ਦੀ, ਮੈਂ ਇਸ ਲਈ ਨਿੰਦਾ ਕੀਤੀ ਹੈ ਕਿ ਉਹਨਾਂ ਨੇ ਜ਼ਿੰਮੇਵਾਰ ਹਾਕਿਮ ਹੁੰਦਿਆਂ ਹੋਇਆਂ ਐਸੇ ਸੰਜੀਦਾ ਮਾਮਲੇ ਦੀ ਪੂਰੀ ਤਰ੍ਹਾਂ ਤਹਕੀਕਾਤ ਨਹੀਂ ਕਰਵਾਈ, ਅਰ *ਛੇਤੀ ਤੋਂ ਛੇਤੀ ਆਪਣੀ ਤਾਕਤ ਨੂੰ, ਬੁਰੀ ਤੋਂ ਬੁਰੀ ਤਰ੍ਹਾਂ, ਇਸਤਮਾਲ ਕਰ ਕੇ ਆਪਣੇ ਹੰਕਾਰ ਦੀ ਮਕਰੂਹ ਨਮਾਇਸ਼ ਕੀਤੀ ਹੈ. ਜਿਨ੍ਹਾਂ ਪਾਠਕਾਂ ਨੇ "Famous Trials of England" ਨਾਮ ਕਿਤਾਬ ਦੀਆਂ ਕਈ ਜਿਲਦਾਂ

*੧੭ ਜਨਵਰੀ (੧੮੭੨) ਨੂੰ ਪਹਿਲਾਂ ਮਲੋਦ, ਤੇ ਫਿਰ ਮਲੇਰ ਕੋਟਲੇ, ਦਾ ਸਾਕਾ ਹੋਇਆ. ੧੭ ਜਨਵਰੀ ਸ਼ਾਮ ਨੂੰ, ੪-੫ ਵਜੇ, ੪੯ ਸਿੰਘਾਂ ਨੂੰ ਕੋਵਨ (L. Cowan) ਨੇ ਮਲੇਰ ਕੋਟਲੇ ਤੋਪ ਨਾਲ ਉਡਵਾ ਦਿੱਤਾ, ਤੇ ਇੱਕ, ਭਾਈ ਬਿਸ਼ਨ ਸਿੰਘ ਨੂੰ (ਜਿਸ ਨੇ ਤੋਪਾਂ ਤੇ ਫ਼ੌਜ ਵਿੱਚੋਂ ਨਿਕਲ ਕੇ, "ਕੋਵਨ ਨੂੰ ਸੰਘੀਓਂ ਜਾ ਫੜਿਆ, ਜਿਸ ਦੀ ਟੋਪੀ ਲਹਿ ਗਈ ਤੇ ਘੋਰਤੂ ਵੱਜਣ ਲੱਗਾ," (ਨਾਮ ਧਾਰੀ ਇਤਿਹਾਸ, ਕ੍ਰਿਤ ਸ੍ਰ: ਨਾਹਰ ਸਿੰਘ ਐਮ. ਏ. ਪੰ: ੪੩੮) ਅਰ ਮੁਸ਼ਕਿਲ ਨਾਲ ਬਚਿਆ) ਤਲਵਾਰ ਨਾਲ ਟੋਟੇ ੨ ਕੀਤਾ ਗਿਆ. ਫਿਰ, ਫ਼ਾਰਸਿਥ (T. D. Forsyth) ਨੇ ੧੮ ਜਨਵਰੀ ਨੂੰ ੧੬ ਸਿੰਘ ਹੋਰ, ਮਲੋਦ ਵਿਖੇ, ਤੋਪ ਨਾਲ ਉਡਵਾਏ, ਬਾਕੀ ੧੦ ਫੱਟੜ ਤੇ ਕਤਲ ਹੋ ਕੇ ਸ਼ਹੀਦ ਹੋਏ. ਕੁਲ ੭੬ ਸਨ. ਇਹ ਬਿਆਨ ਸ੍ਰ. ਨਾਹਰ ਸਿੰਘ ਜੀ ਦੇ ਇਤਿਹਾਸ ਅਨੁਸਾਰ ਹੈ. ਪਹਿਲਾ ਜੋ ਉੱਪਰ ਮੂਲ ਵਿੱਚ ਬਿਆਨ ਹੈ, ਉਸ ਦੇ ਮੰਨੇ (Sources of Information) ਉੱਪਰ ਹੀ ਦਸ ਦਿੱਤੇ ਗਏ ਹਨ

Sri Satguru Jagjit Singh Ji eLibrary NamdhariElibrary@gmail.com

ਪੜ੍ਹੀਆਂ ਹਨ ਉਹ ਜਾਣਦੇ ਹਨ ਕਿ ਉਹਨਾਂ ਦੇ ਮੁਜਰਮਾਂ ਨੇ ਕੈਸੇ ਕੈਸੇ ਸੰਗੀਨ, ਸ਼ਦੀਦ ਤੇ ਭਿਆਨਕ ਜੁਰਮ ਕੀਤੇ ਪਰ ਉਹਨਾਂ ਦੇ ਵੀ ਕਾਨੂਨ ਦਾਨਾਂ ਨੇ ਕਾਨੂਨ ਦੁਆਰਾ, ਕੈਸੀ ਬਾਰੀਕ ਬੀਨੀ ਤੇ ਮੁਨਸਿਫ਼ ਮਿਜ਼ਾਜੀ ਨਾਲ ਫ਼ੈਸਲੇ ਕੀਤੇ ਤੇ ਕੈਸੇ ਅਫ਼ਸੋਸ ਅਰ ਅਫ਼ਸੁਰਦਗੀ ਵਿੱਚ, ਸੀਤਲ ਹਿਰਦੇ ਨਾਲ ਉਹਨਾਂ ਨੂੰ ਦੰਡ ਦਿੱਤੇ ! ਪਰ ਕੋਵਨ ਤੇ ਫ਼ਾਰਸਿਥ ਨੇ ਇੱਕ-ਪਖਤਾ ਦੇ ਅੰਧਕਾਰ ਵਿੱਚ ਆਪਣੀ ਸਾਰੀ ਅਦਾਲਤੀ ਕਾਰਵਾਈ ਕ੍ਰੋਧ, ਕਮਅਕਲੀ, ਬੁਜ਼ਦਿਲੀ ਤੇ ਹਕੂਮਤੀ ਘਮੰਡ ਦੇ ਆਸਰੇ ਕੀਤੀ ਹੈ. ਬੂਚੜ-ਘਾਤਕ ਠਗ, ਰਾਹਜ਼ਨ, ਡਾਕੂ ਯਾ ਧਾੜੇ ਮਾਰ ਨਹੀਂ ਸਨ; ਜਰਾਇਮ ਪੇਸ਼ਾ ਨਹੀਂ ਸਨ; ਸਾਧਾਰਣ ਕਾਤਿਲ ਨਹੀਂ ਸਨ; ਰਾਜ ਵਿਦ੍ਰੋਹੀ ਵੀ ਨਹੀਂ ਸਨ; ਬਲਕਿ ਇੱਕ ਅਤਯੰਤ ਸਾਦਾ, ਬੇ-ਜ਼ਰਰ, ਭਜਨੀਕ, ਹਰ ਦਿਲ ਅਜ਼ੀਜ਼, ਨਿਸ਼ ਕਲੰਕ ਤੇ ਅਹਿੰਸਕ ਮਹਾਤਮਾ ਦੇ ਸਤਿਸੰਗੀ ਸਨ. ਉਹਨਾਂ ਨੇ ਜੋ ਕੁੱਝ ਵੀ ਕੀਤਾ ਬੂਚੜਾਂ ਦੀਆਂ ਮਲੀਨ, ਨਫ਼ਰਤ ਅੰਗੇਜ਼ ਤੇ ਭੜਕਾਊ ਹਰਕਤਾਂ ਤੋਂ ਭੜਕ ਕੇ ਕੀਤਾ. ਉਹ ਆਪਣੇ ਜਜ਼ਬਾਤੀ ਜੋਸ਼ ਨੂੰ, ਜਿਸ ਦੇ ਨਾਲ ਯੁਗਾਂ ਯੁਗਾਂਤਰਾਂ ਤੋਂ ਉਹਨਾਂ ਦਾ ਖ਼ੂਨ ਸਿੰਚਿਤ ਸੀ, ਰੋਕਣ ਦੇ ਕਾਬਿਲ ਨ ਰਹੇ. ਇਸ ਹਕੀਕਤ ਦਾ ਉਹਨਾਂ ਦੇ ਮੁਨਸਿਫ਼ਾਂ ਨੂੰ ਆਦਿ ਤੋਂ ਅੰਤ ਤਕ ਧਿਆਨ ਰਖਣਾ ਚਾਹੀਦਾ ਸੀ. ਫਿਰ, ਭਲਾ ਬਾਬਾ ਰਾਮ ਸਿੰਘ ਜੀ ਨੇ ਕੀ ਅਪ੍ਰਾਧ ਕੀਤਾ ਸੀ ? ਸਰਕਾਰੀ ਕਾਗ਼ਜ਼ਾਤ ਤੇ ਅੰਗ੍ਰੇਜ਼ ਗ੍ਰੰਥਕਾਰ ਆਪ ਲਿਖਦੇ ਹਨ ਕਿ 'ਰਾਮ ਸਿੰਘ ਨੇ ਪੁਲਸ ਨੂੰ ਇਸ ਮਾਮਲੇ ਦੀ ਪਹਿਲਾਂ ਹੀ ਖ਼ਬਰ ਕਰ ਦਿੱਤੀ ਸੀ ਕਿ ਇਹ ਲੋਕ ਕੋਈ ਖਰਾਬੀ ਕਰਨਗੇ, ਪਰ ਇਹ ਮੇਰੇ ਕਾਬੂ ਵਿੱਚ ਨਹੀਂ ਹਨ.' ('Ram Singh informed the police of their intention to do some mischief, saying that he had no control over them.' Gazetteer of the Ludhiana District 1888-9, p. 34. ਹੋਰ ਦੇਖੋ, The Punjab, North West Frontier Province & Kashmir, by Sir James Douie, p. 192; ਅਤੇ 'Correspondence Extracts Relating to the Kuka Outbreak, India Office, 26th July, 1872: Ordered by the House of Commons to be Printed, Ist. August 1872.) ਅੰਤ ਵਿੱਚ ਪਾਠਕ ਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਕੋਵਨ ਉਸੇ ਅਭਾਗੇ ਜ਼ਿਲੇ ਦਾ ਡਿਪਟੀ ਕਮਿਸ਼ਨਰ ਸੀ ਜਿੱਥੇ ਕੁਲ ੨੮ ਸਾਲ ਪਹਿਲਾਂ ਡਾਕਟਰ ਮੈਕ ਗ੍ਰੈਗਰ (ਸਿਖ ਇਤਿਹਾਸ ਦਾ ਕਰਤਾ) ਆਰਜ਼ੀ ਪੁਲਿਟੀਕਲ ਏਜੰਟ ਰਹਿ ਚੁਕਾ ਸੀ ਤੇ, ਗਊ ਕੁਸ਼ੀ ਦੇ ਸੰਬੰਧ ਵਿੱਚ, ਹਿੰਦੂ ਦੁਕਾਨਦਾਰਾਂ ਨੂੰ ਆਪਣੀ ਸਖ਼ਤੀ ਦਾ ਸੁਆਦ ਚਖਾ ਚੁਕਾ ਸੀ.

Sri Satguru Jagjit Singh Ji eLibrary NamdhariElibrary@gmail.com

(੩੯) ਮੇਰੇ ਲਈ ਇਹ ਅਕੀਦਾ ਅਨੂਪਮ ਤੇ ਅਸਚਰਜ ਹੈ, ਮੇਰੇ ਲਈ ਇਹ ਮੁਅੱਮਾ ਅਗਮ ਤੇ ਅਗੋਚਰ ਹੈ ਕਿ ਕਿਉਂ ਹਿੰਦੂ ਤੇ ਸਿੱਖਾਂ ਦੀ ਦ੍ਰਿਸ਼ਟੀ ਵਿੱਚ ਕਿਸੇ ਵੀ ਹੋਰ ਮਜ਼ਹਬੀ ਯਾ ਇਖ਼ਲਾਕੀ ਪਾਪ ਨੂੰ, ਯਾ ਹਕੂਮਤ ਦੀ ਕਿਸੇ ਵਿਸ਼ੇਸ਼ ਕਾਨੂਨ ਸ਼ਿਕਨੀ ਨੂੰ, ਉਪਦ੍ਰਵ ਨਹੀਂ ਮੰਨਿਆ ਗਿਆ, ਅਰ ਕਿਉਂ ਗਊ ਹਤਜਾ ਨੂੰ ਮਹਾਂ ਉਪਦ੍ਰਵ ਮੰਨਿਆ ਗਿਆ ਹੈ. ਕਿਸੇ ਵੀ ਹੋਰ ਅਨਰਥ ਦੇ ਹੋਣ ਪਰ ਸੌ ਫ਼ੀ ਸਦੀ ਹਿੰਦੂ ਤੇ ਸਿੱਖ ਕਦੇ ਵੀ ਤਤ ਕਾਲ ਸਹਮਤਿ ਹੁੰਦੇ ਤੇ ਇਕੱਠੇ ਹੁੰਦੇ ਨਹੀਂ ਵੇਖੇ ਜਿੰਨੇ ਕਿ ਗਊ ਹਤਜਾ ਦੇ ਉਪਦ੍ਰਵ ਪਰ. ਗੁਰ ਸਿੱਖਾਂ ਵਿੱਚ ਕੇਸਾਂ ਦੀ ਬੇ-ਅਦਬੀ ਨੂੰ ਇੱਕ ਮਹਾਂ ਉਗ੍ਰ ਪਾਪ ਮੰਨਿਆ ਗਿਆ ਹੈ. ਪਰ, ਜਿੱਥੇ ਕਿ ਮਮੂਲੀ ਜਈ ਸਿਰ ਦੀ ਬੀਮਾਰੀ ਹੋਣ ਤੇ, ਯਾ ਕਿਸੇ ਸਰਜੀਕਲ ਆਪ੍ਰੇਸ਼ਨ (ਜੱਰਾਹੀ ਚੀਰ ਫਾੜ) ਦੀ ਆਵਸ਼ਜਕਤਾ ਦੇ ਅਧੀਨ, ਬਿਲਾ ਹੁੱਜਤ, ਢਿੱਲੜ ਸਿੱਖ ਅਮੂਮਨ ਇਸ ਬੇ-ਅਦਬੀ ਨੂੰ, ਸਾਫ਼ ਜ਼ਾਹਿਰ ਤੌਰ ਤੇ, ਸਹਾਰਨ, ਯਾ ਨਜ਼ਰ ਅੰਦਾਜ਼ ਕਰਨ, ਲਈ ਤਿਆਰ ਹੋ ਜਾਂਦੇ ਹਨ, ਉੱਥੇ ਕਿੰਨੇਕੁ ਐਸੇ ਢਿੱਲੜ ਯਾ ਕੱਟੜ ਹਿੰਦੂਆਂ ਯਾ ਸਿੱਖਾਂ ਦਾ ਖ਼ਿਆਲ ਕੀਤਾ ਜਾ ਸਕਦਾ ਹੈ ਜੋ ਕਿਸੇ ਐਸੀ ਹੀ ਅਟਲ ਬਿਪਤਾ ਨੂੰ ਟਾਲਣ ਲਈ, ਗੁਪਤ ਯਾ ਪ੍ਰਗਟ ਤੌਰ ਤੇ, ਆਪਣੀ ਸਚੇਤ ਦਸ਼ਾ (Conscious state) ਵਿੱਚ, ਗੌ ਮਾਂਸ ਭਕਸ਼ਣ ਲਈ ਰਜ਼ਾਮੰਦ ਹੋਨਗੇ ? ਪਾਠਕ ਆਪ ਹੀ ਅਨੁਭਵ ਕਰੋ ! ਮੇਰੇ ਇੱਥੇ ਅੰਮ੍ਰਿਤਸਰ ਵਿੱਚ ਇੱਕ ਬੜੇ ਮੇਹਰਬਾਨ ਤੇ ਬਜ਼ੁਰਗ, ਕੱਟਰ ਈਸਾਈ ਮਿਤ੍ਰ ਸਨ. ਏਹਨਾਂ ਦਾ ਨਾਮ ਇਰਫ਼ਾਨ ਸਿੰਘ ਸੀ. ਇਹ ਲਖਨਵੀ ਸਨ ਤੇ ਸੱਤਰ ਵਰ੍ਹਿਆਂ ਤੋਂ ਇੱਥੇ ਰਹਿ ਰਹੇ ਸਨ. ਏਹਨਾਂ ਦਸਿਆ ਸੀ ਕਿ "ਮੇਰਾ ਪੜਦਾਦਾ, ਕਿਤੇ ਸਨ ੧੮੧੪ ਵਿੱਚ, ਈਸਾਈ ਹੋਇਆ ਸੀ; ਪਰ ਨ ਮੇਰੇ ਪੜਦਾਦੇ, ਨ ਦਾਦੇ, ਨ ਵਾਲਿਦ ਨੇ, ਅਰ ਨ ਮੈਂ ਹੀ ਆਯੂ ਭਰ ਵਿੱਚ ਬੀਫ ਖਾਧਾ ਹੈ; ਪਰ ਮੈਂ ਖ਼ੁਦ ਬੀਫ ਵਲ ਵੇਖ ਵੀ ਨਹੀਂ ਸਕਦਾ, ਤੇ ਹੱਤਲਵਸਾ, ਜਿਸ ਮੇਜ਼ ਤੇ ਇਹ ਪਿਆ ਹੋਵੇ,ਉਸ ਤੇ ਰੋਟੀ ਵੀ ਨਹੀਂ ਖਾਂਦਾ." ਭਾਵੇਂ ਇਸ ਸ਼੍ਰੇਣੀ ਦੇ, ਹਿੰਦੂਓਂ ਈਸਾਈ ਹੋਏ ਹੋਏ, ਵਿਅਕਤੀ ਬਹੁਤ ਹੀ ਘਟ ਮਿਲਨਗੇ ਤਾਂ ਵੀ ਇਸ ਤੋਂ ਇਤਨਾਂ ਤਾਂ ਜ਼ਰੂਰ ਸਿੱਧ ਹੁੰਦਾ ਹੈ ਕਿ ਅਚੇਤ ਮਨ ਵਿੱਚ ਜਨਮ ਜਨਮਾਂਤਰਾਂ ਦੇ ਸੰਸਕਾਰਾਂ ਦੇ ਬੀਜ ਵੀ ਇਵੇਂ ਹੀ ਕਾਇਮ ਰਹਿੰਦੇ ਹਨ ਜਿਵੇਂ ਰਜ ਤੇ ਬੀਰਜ ਦੇ ਕਿਰਮਾਣੂ-ਪ੍ਰਕੇਂਦ੍ਰਾਂ ਦੇ ਵਾਸੀ ਪ੍ਰਕ੍ਰਿਤਾ-ਣੂਆਂ ਦੇ ਵਿੱਚ ਪਿਛਲੇ ਬਜ਼ੁਰਗਾਂ ਦੇ ਨਸਲੀ ਸੁਭਾਵ. (ਪ੍ਰਕੇਂਦ੍ਰ ਤੇ ਪ੍ਰਕ੍ਰਿਤਾਣੂ : self coined words for Nucleus and Chromosome)

ਜਿਸ ਪੰਜਾਬ ਕੇਸਰੀ, ਮਹਾਰਾਜਾ ਰੰਜੀਤ ਸਿੰਘ, ਦੀ ਅਵਰਣਨੀਯ ਸ਼ੋਕ ਪੂਰਿਤ ਕੁਵੇਲੀ ਮ੍ਰਿਤੂ ਮਗਰੋਂ ਸਖ਼ਤ ਲਾਚਾਰੀ ਤੇ ਬੇਜ਼ਾਰੀ ਦੀ ਹਾਲਤ ਵਿੱਚ,

Sri Satguru Jagjit Singh Ji eLibrary NamdhariElibrary@gmail.com

ਜਿਹਾ ਕਿ ਉੱਪਰ ਦਸਿਆ ਹੈ, ਸਿੱਖਾਂ ਨੇ, ਆਪਣੀ ਹਕੂਮਤ ਦੀ ਡਿਗਦੀ ਢਹਿੰਦੀ ਕਲਾ ਵਿੱਚ ਵੀ ਗੋ ਹਤਜਾ ਦੇ ਉਪਦ੍ਰਵ ਨੂੰ ਰੋਕਣ ਲਈ, ਤਾਂ ਕਿੰਨਾਂ ਪ੍ਰਸ਼ੰਸਨੀਯ ਵਾਹ ਲਾਇਆ, ਪਰ ਸਿੰਘਾਂ ਦੇ ਕੇਸਾਂ ਤੇ ਦਾਹੜੇ ਮੁੱਛਾਂ ਦੀ ਬੇ-ਅਦਬੀ ਦਾ ਸਨੇਹਾ ਸੁਣ ਕੇ ਪੰਜਾਬ ਕੇਸਰੀ ਨੇ ਖ਼ੁਦ, ਆਪਣੇ ਤੇਜ ਮਾਰਤੰਡ ਦੀ ਸ਼ਿਖਰ ਦੁਪਹਿਰ ਵਿੱਚ, ਸਿਵਾਏ ‡ਚੁੱਪ ਦੇ ਹੋਰ ਕਿਸੇ ਜੋਸ਼ ਯਾ ਕੋਪ-ਵ੍ਰਿਤੀ ਦਾ ਇਜ਼ਹਾਰ ਨਹੀਂ ਕੀਤਾ.

‡"1813 (10). News of the Deorhi of Sirdar Ranjit Singh Bahadur. Monday, 31 st. May, 1813 (29 th. Jamadi-ul-Awwal, 1228 A. H.), the Royal Fort, Lahore.

The Noble Sarkar got up early in the morning, and came out to the Saman Burj when the day had advanced four hours. The sirdars usually present came in and made a courteous bow. He showed his pulse to the physician who made him drink a cold refreshing drink. The messengers (Jauri) came from the army of Sirdar Fateh Khan Wazir and said that his horsemen had captu. red some of the Sikhs and put them to death after shaving their beards, moustaches and the hair of their heads. Another messen. ger (Jauri) took a letter from the Noble Sarkar to the "Wazir-i-Azam" to the effect that as soon as he should bring about the evacuation of the fort of Multan and hand the same over to the Noble Sarkar, the latter would immediately release the fortof Att. ock to him."(Punjab Govt. Record officePublications.Monograph No.17. Events at the Court of Ranjit Singh, 1810-17. Translated from the (Persian) papers in the Alienation Office, Poona, (By Courtesy of the Bombay Govt.) Edited by Lt. Col. H. L. O. Garrett, M. A., I E. S., Keeper of the Records of the Punjab, Govt. and G. L. Chopra, M. A. Ph.D., P. E. S., Deputy Keeper of the records. 1935. p. 67. Price: Rs. 8—8—0 or 12s. 9d.

ਲੁੜੀਂਦੇ ਹਵਾਲੇ ਤੋਂ ਜ਼ਿਆਦਾ ਕੁੱਝ ਅੱਗੇ ਪਿੱਛੇ ਦੀਆਂ ਸਤਰਾਂ ਵੀ ਇਸ ਲਈ ਦੇ ਦਿਤੀਆਂ ਹਨ ਕਿ ਪਾਠਕ ਨੂੰ ਯਕੀਨ ਆ ਜਾਏ ਜੁ ਮਹਾਰਾਜਾ ਸਾਹਿਬ ਨੇ ਕਾਸਿਦ ਦਾ ਸਨੇਹਾ ਸੁਣ ਕੇ ਸਿਵਾਏ ਚੁਪ ਦੇ ਹੋਰ ਕੁੱਝ ਨਹੀਂ ਕੀਤਾ. ਇਸ ਸਾਰੇ ਸਤ ਸਾਲ ਦੇ ਰੋਜ਼ ਨਾਮਚੇ ਵਿੱਚ ਸ਼ੇਰ ਪੰਜਾਬ ਮਹਾਰਾਜਾ ਰੰਜੀਤ ਸਿੰਘ ਜੀ ਦੇ ਵਾਸਤੇ ਆਰੰਭਕ ਸਿਰਲੇਖਾਂ ਵਿੱਚ ਹਰ ਥਾਂ 'ਸਰਦਾਰ' ਦਾ ਲਕਬ ਹੀ ਵਰਤਿਆ ਗਿਆ ਹੈ, ਪਰ ਹੇਠਾਂ ਮਜ਼ਮੂਨਾਂ ਵਿੱਚ ਕਿਤੇ ਕਿਤੇ 'ਮਹਾਰਾਜਾ ਬਹਾਦਰ', ਅਰ ਕਿਸੇ ਕਿਸੇ ਥਾਂ ਪੁਰ 'ਖਾਲਸਾ ਰੰਜੀਤ ਸਿੰਘ ਬਹਾਦਰ' ਵੀ ਆਇਆ ਹੈ, ਮਸਲਨ ੨੧ ਅਗਸਤ ੧੮੧੭ ਦੇ ਇੰਦਿਰਾਜ ਦਾ ਆਰੰਭ ਹੈ : "The news reached Nawab Sahib that Mulkahas of the Jini tribe had been appointed by Khalsa Ranjit Singh to devastate the country of Multan, . . . p. 278; ਤੇ ਫਿਰ, ੨ ਸਤੰਬਰ ੧੮੧੭ ਦਾ ਆਰੰਭ ਹੈ : "Khalsa Ranjit Singh Bahadur is in Lahore and has ordered .." p. 178. Ibid. "The word 'Deorhi' here stands for the court of Ranjit Singh." p. 282. Ibid.

Sri Satguru Jagjit Singh Ji eLibrary NamdhariElibrary@gmail.com

ਸ੍ਵਾਮੀ ਦਯਾਨੰਦ ਜੀ ਸਰਸ੍ਵਤੀ ਨੇ ਵੀ (ਬਾਵਜੂਦ, ਵੇਦਿਕ ਧਰਮ ਪ੍ਰਚਾਰ ਸੰਬੰਧੀ, ਅਣਗਿਣਤ ਰੁਝੇਵਿਆਂ ਦੇ, ਗਊ ਰਖਜਾ ਦੇ ਮਹਾਨ ਕਾਰਜ ਵਲ, ਸਾਰੀਆਂ ਹੀ ਕੌਮਾਂ ਦਾ ਬੜੀ ਨਿਰਭੈਤਾ ਤੇ ਸ਼ੰਕਾ ਨਿਵਾਰਕ ਉਕਤੀਆਂ-ਯੁਕਤੀਆਂ ਦੁਆਰਾ ਧਿਆਨ ਦਿਵਾਇਆ: ਦੇਸ਼ ਦੇ ਹਰ ਵੱਡੇ ਨਗਰ ਵਿੱਚ ਰਟਨ ਕਰ ਕਰ ਕੇ ਵਿਆਖਿਆਨ ਦਿੱਤੇ; ੧੮੮੨ ਵਿੱਚ 'ਗਊ ਰਕਸ਼ਿਣੀ ਸਭਾ' ਅਸਥਾਪਨ ਕੀਤੀ; ਅਰ, 'ਗੌ ਕਰੁਣਾ ਨਿਧੀ' ਨਾਮਕ ਪੁਸਤਕ ਵੀ ਰਚੀ. (ਦੇਖੋ, The Life and Teachings of Swami Dayanand Saraswati by Bawa Chhajju Singh, pp. 726-30)

(੪੦) ਕੁੱਝਕ ਹੋਰ ਆਵਸ਼ਜਕ ਗੱਲਾਂ ਤੇ ਵਿਚਾਰ ਕਰ ਕੇ ਮੈਂ ਛੇਤੀ ਹੀ ਮੁੜ ਆਪਣੇ ਮੁੱਖ ਪ੍ਰਕਰਣ ਵਲ ਔਂਦਾ ਹਾਂ. ਉੱਪਰ ਜੋ ਵਿਸ਼੍ਵਾਸ, ਅਭਿਆਸ ਤੇ ਸਿੱਧਾਂਤ, ਵੇਦਿਕ ਹਿੰਦੂਆਂ ਤੇ ਗੁਰਸਿੱਖਾਂ ਦੇ ਸਾਂਝੇ ਦਰਸਾਉਣ ਦਾ ਪ੍ਰਯਤਨ ਕੀਤਾ ਗਿਆ ਹੈ, ਉਹਨਾਂ ਤੋਂ ਇਲਾਵਾ ਪੰਜ ਹੋਰ ਵਿਸ਼ਿਆਂ ਦਾ ਗੂੜ੍ਹ ਅਧਜੈਨ ਕਰਨਾ ਹੈ. (੧) ਸਾਂਝੇ ਤਹਿਵਾਰਾਂ ਸੰਬੰਧੀ; (੨) ਸਾਂਝੇ ਪਾਵਨ ਅਸਥਾਨਾਂ ਸੰਬੰਧੀ; (੩) ਸਾਂਝੇ ਮਹਾਂ ਪੁਰਖਾਂ ਸੰਬੰਧੀ; (੪) ਸਾਂਝੇ ਪਵਿਤ੍ਰ ਗ੍ਰੰਥਾਂ ਸੰਬੰਧੀ; ਤੇ (੫) ਕਿਸੇ ਸਾਂਝੇ ਇਸ਼ਟ ਸੰਬੰਧੀ.

ਮੈਂ ਉੱਪਰ ਇੱਕ ਥਾਂ ਤੇ ਦਸ ਚੁਕਾ ਹਾਂ ਕਿ ਜਿਸ ਤਰ੍ਹਾਂ ਈਸਾਈਆਂ ਤੇ ਮੁਸਲਮਾਣਾਂ ਦੋਹਾਂ ਮਤਾਂ ਦੇ, ਅਨੇਕਾਂ ਹੀ ਭਿੰਨ ਭਿੰਨ ਫ਼ਿਰਕੇ ਹਨ, ਇਵੇਂ ਹੀ ਵੇਦਿਕ ਹਿੰਦੂਆਂ ਦੇ ਫ਼ਿਰਕਿਆਂ ਦਾ ਵੀ ਕੋਈ ਓੜਕ ਨਹੀਂ. ਪਰ, ਏਹਨਾਂ ਸਾਰਿਆਂ ਹੀ ਫ਼ਿਰਕਿਆਂ ਦੇ ਅੱਡ ਅੱਡ ਤਹਿਵਾਰ, ਪਵਿਤ੍ਰ ਅਸਥਾਨ, ਪੂਜਨੀਕ ਬਜ਼ੁਰਗ, ਪੂਜਨੀਕ ਗ੍ਰੰਥ ਤੇ ਆਪੋ ਆਪਣੇ ਵਿਸ਼ੇਸ਼ ਇਸ਼ਟ ਹੁੰਦਿਆਂ ਹੋਇਆਂ, ਫਿਰ ਵੀ, ਇਹ 'ਆਦਿ ਪੰਜੇ' ਸਾਰਿਆਂ ਫ਼ਿਰਕਿਆਂ ਦੇ ਸਾਂਝੇ ਹੀ ਹਨ; ਅਰ ਇਸੇ 'ਆਦਿ ਸਾਂਝ' ਦੇ ਕਾਰਣ ਕੋਈ ਫ਼ਿਰਕਾ, ਭਾਵੇਂ ਕਿੰਨੀ ਵੀ ਲੰਮੀ, ਤੇ ਟੇਢੀ-ਵਿੰਗੀ, ਛਾਲ ਕਿਉਂ ਨ ਮਾਰੇ, ਉਹ ਆਪਣੇ ਪੈਤ੍ਰਿਕ ਮਤ ਦੇ ਮੰਡਲ ਤੋਂ ਬਾਹਿਰ ਨਹੀਂ ਨਿਕਲ ਸਕਦਾ. ਹਾਂ ਜਦ ਕੋਈ ਵਿਅਕਤੀ ਯਾ ਗਣ ਏਹਨਾਂ 'ਆਦਿ ਪੰਜਾਂ' ਦੀ 'ਆਦਿ ਸਾਂਝ' ਦਾ ਪਰਿਤਿਆਗ ਕਰ ਦੇਵੇ ਤਾਂ ਫਿਰ ਉਹ ਨਿਸੰਦੇਹ ਆਪਣੇ ਪੈਤ੍ਰਿਕ ਮਤ ਦੇ ਮੰਡਲ ਤੋਂ ਲਾਂਭੇ ਹੋ ਸਕਦਾ ਹੈ. ਅੱਸਾਂ ਗੁਰ ਸਿੱਖਾਂ ਤੇ ਵੇਦਿਕ ਹਿੰਦੂਆਂ ਦੇ (੧) ਲੋਹੜੀ, ਬਸੰਤ, ਪੰਚਮੀ, ਹੋਲੀ–ਹੋਲਾ, ਵਿਸਾਖੀ, ਦੁਸਹਿਰਾ ਤੇ ਦਿਵਾਲੀ, ਪੁਰਾਤਨ, ਸਾਂਝੇ ਤਹਿਵਾਰ ਹਨ; ਅਰ ਸੰਗ੍ਰਾਂਦਾਂ, ਅਮਾਵਸਾਂ ਤੇ ਪੂਰਨਮਾਸ਼ੀਆਂ ਸਣੇ ਏਹਨਾਂ ਪਰਬਾਂ ਨੇ ਵੇਦਿਕ ਹਿੰਦੂਆਂ ਦੇ, ਮੁਖ਼ਤਲਿਫ਼ ਫ਼ਿਰਕਿਆਂ ਦੇ, ਸਾਰੇ ਪਰਿਵਾਰ ਨੂੰ, ਪ੍ਰਸਪਰ, ਗੁਰਸਿੱਖਾਂ ਸਮੇਤ, ਆਪਣੀਆਂ ਸੁਨਹਿਰੀ ਤਾਰਾਂ ਨਾਲ, ਅਜੇ ਤਕ ਖ਼ੂਬ ਜਕੜਿਆ ਹੋਇਆ ਹੈ. ਤਹਿਵਾਰ ਕੀ ਹਨ ? ਖ਼ੁਸ਼ੀ, ਜੋੜ ਮੇਲ; ਸੁੰਦਰਤਾ,

Sri Satguru Jagjit Singh Ji eLibrary NamdhariElibrary@gmail.com

ਦਾਨ ਤੇ ਪੂਜਾ ਦੇ ਅਲਮਬਰਦਾਰ ਹਨ; ਤੇ ਭਾਵੇਂ ਹਰ ਪ੍ਰਾਂਤ ਦਾ ਹਰ ਫ਼ਿਰਕਾ ਏਹਨਾਂ ਨੂੰ ਭਿੰਨ ਭਿੰਨ ਤਰੀਕਿਆਂ ਦੁਆਰਾ ਮਨਾਂਦਾ ਹੈ ਤਾਂ ਵੀ ਮਨਾਵਣ ਦੇ ਹਰ ਤਰੀਕੇ ਵਿੱਚ ਤਹਿਵਾਰ ਦਾ ਇਹ ਪੰਚਾਂਗ ਚਿੰਨ੍ਹ ਪੂਰੀ ਤਰ੍ਹਾਂ ਵਿਦਜਮਾਨ ਰਹਿੰਦਾ ਹੈ, ਭਾਵੇਂ ਇਸ ਨੂੰ ਅੰਮ੍ਰਿਤਸਰ ਵਿੱਚ ਸਿੱਖ, ਬੁੰਬਈ ਵਿੱਚ ਹਿੰਦੂ, ਮੱਕੇ ਵਿੱਚ ਮੁਸਲਮਾਣ, ਲੰਡਨ ਵਿੱਚ ਈਸਾਈ ਤੇ ਯਰੂਸਲਮ ਵਿੱਚ ਯਹੂਦੀ ਹੀ ਕਿਉਂ ਨ ਮਨਾਵਨ ! ਤਾਂ ਤੇ ਜੋ ਵੀ ਕੋਈ ਤਹਿਵਾਰ ਯਥਾਰਥ ਅਰਥਾਂ ਵਿੱਚ ਤਹਿਵਾਰ ਹੈ ਉਸ ਵਿੱਚ ਹਰਸ਼ (ਖ਼ੁਸ਼ੀ), ਜੋੜ ਮੇਲ, ਸੁੰਦਰਤਾ, ਦਾਨ ਤੇ ਪੂਜਾ ਦੇ ਨਵੇਂ ਤੋਂ ਨਵੇਂ ਸਾਮਾਨ ਐਸੀ ਯੁਕੁ ਰੀਤੀ ਅਨੁਸਾਰ ਆਪਣੇ ਆਪ ਹੀ ਉਦਰਿਕਤ (ਨਮੂਦਾਰ) ਹੋਨਗੇ ਕਿ ਉਹਨਾਂ ਤੋਂ ਉਸ ਦੇ ਮਨਾਵਣ ਵਾਲਿਆਂ ਦੇ ਧਰਮ, ਨੀਤੀ, ਕੌਮੀ-ਖ਼ੁਸ਼ਹਾਲੀ, ਇਖ਼ਲਾਕ, ਸਭਜਤਾ ਤੇ ਸੰਸਕ੍ਰਿਤੀ ਦੀ ਉੱਚਤਾ ਤੇ ਸ੍ਰੇਸ਼ਠਤਾ ਦਾ ਬਿਲਕੁਲ ਠੀਕ ਠੀਕ ਅੰਦਾਜ਼ਾ ਲਗ ਸਕੇਗਾ ਅਰ ਇਹ ਵੀ ਸਾਫ਼ ਪਤਾ ਲਗਦਾ ਰਹੇਗਾ ਕਿ ਮਨਾਵਣ ਵਾਲਿਆਂ ਦਾ ਕਿਸ ਪੈਤ੍ਰਿਕ ਵਰਗ (Ancestral Race) ਦੇ ਨਾਲ ਸੰਬੰਧ ਹੈ. ਹੁਣ ਸਪਸ਼ਟ ਹੈ ਕਿ ਉਕਤ ਵਵਣਿਤ ਪਰਬ ਜਿਨ੍ਹਾਂ ਦੀ ਨਾਮਾਵਲੀ ਤੇ ਜਿਨ੍ਹਾਂ ਲਈ ਉਤਸ਼ਾਹ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਣ ਤੋਂ ਪਹਿਲਾਂ ਹੀ, ਵੇਦਿਕ ਹਿੰਦੂਆਂ ਵਿੱਚ ਪ੍ਰਸਤੁਤ ਸਨ, ਉਹਨਾਂ ਨੂੰ ਈਸਾਈਆਂ ਤੇ ਮੁਸਲਮਾਣਾਂ ਨੇ ਨਹੀਂ ਅਪਣਾਇਆ, ਪਰ ਸਾਡੇ ਸਤਿਗੁਰਾਂ ਤੇ ਉਹਨਾਂ ਦੇ ਸਿੱਖਾਂ ਨੇ ਅਪਣਾਇਆ ਹੈ, ਤੇ ਉਹਨਾਂ ਦੀ ਪੰਚਾਂਗੀ ਵਿਸ਼ੇਸ਼ਤਾ ਵੀ ਮੰਨੀ ਹੈ. ਦੂਜੇ ਬੰਨੇ ਮੁਸਲਮਾਣਾਂ ਦੇ ਕਿਸੇ ਵੀ ਤਹਿਵਾਰ ਨੂੰ, ਨ ਤਾਂ ਸਾਡੇ ਸਤਿਗੁਰਾਂ ਨੇ, ਤੇ ਨਾਂ ਹੀ ਸਤਿਗੁਰਾਂ ਦੇ ਸਿੱਖਾਂ ਯਾ ਸ਼ਰਧਾਲੂਆਂ ਨੇ ਹੀ ਅਪਣਾਇਆ ਹੈ. ਸਿੱਖ ਇਤਿਹਾਸ ਅਨੁਸਾਰ, ਪੂਰਬ-ਸਿੰਘ-ਸਭਾਈ ਕਾਲ ਵਿੱਚ (ਅਰਥਾਤ, ਸਨ ੧੮੭੨ ਵਿੱਚ ਸਿੰਘ ਸਭਾ ਦੇ ਅਸਥਾਪਨ ਹੋਣ ਤੋਂ ਪਹਿਲਾਂ) ਸਾਡੇ ਬਜ਼ੁਰਗਾਂ ਨੇ, ਕੀ ਰਾਜੇ ਰਈਸਾਂ ਨੇ ਤੇ ਕੀ ਸਾਧਾਰਣ ਜਨਤਾ, ਸਭ ਨੇ, ਗੁਰ ਪੁਰਬਾਂ ਦੀ ਮਹਾਨਤਾ ਨੂੰ ਅਨੁਭਵ ਕਰਨ ਤੋਂ ਪਹਿਲਾਂ, ਏਹਨਾਂ ਪੁਰਾਤਨ ਪਰਬਾਂ ਨੂੰ ਹੀ ਆਪਣੀ ਦਿਲਜੋਈ ਤੇ ਜੀ ਪਰਚਾਵੇ ਦਾ ਅਭੀਸ਼ਟ ਸਾਧਨ ਬਣਾਇਆ ਹੋਇਆ ਸੀ; ਅਰ ਹੁਣ (ਉੱਤਰ-ਸਿੰਘ-ਸਭਾਈ ਕਾਲ ਵਿੱਚ, ਅਰਥਾਤ ਸਿੰਘ ਸਭਾ ਦੇ ਅਸਥਾਪਨ ਹੋ ਜਾਣ ਤੋਂ ਬਾਦ) ਗੁਰਪੁਰਬਾਂ ਨੂੰ ਮਨੌਂਦਿਆਂ ਹੋਇਆਂ ਵੀ ਸਿੱਖਾਂ ਨੇ ਆਰਯ ਭਾਰਤ ਦੇ ਪੁਰਾਤਨ ਤਹਿਵਾਰਾਂ ਦਾ ਪਰਿਤਿਆਗ ਨਹੀਂ ਕੀਤਾ. ਮੈਂ ਇੱਥੇ ਲਿਖਣੋਂ ਸੰਕੋਚ ਕਰਦਾ ਹਾਂ ਪਰ ਖੋਜੀ ਜਨ ਆਪ ਹੀ ਵੇਖਨ ਕਿ ਸੰਪੂਰਨ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਕਿੰਨੇਕੁ ਵੇਰ ਗੁਰਪੁਰਬਾਂ ਦੇ ਮਨਾਵਣ ਦਾ ਜ਼ਿਕਰ ਆਇਆ ਹੈ. ਮਹਾਰਾਜਾ ਰੰਜੀਤ ਸਿੰਘ ਦੇ ਉਕਤ ਵਰਣਿਤ

Sri Satguru Jagjit Singh Ji eLibrary NamdhariElibrary@gmail.com

ਰੋਜ਼ ਨਾਮਚੇ (Events at the Court of RanjitSingh, 1810–1817) ਵਿੱਚ ਜਿੱਥੇ ਕਿੱਥੇ ਵੀ ਕੋਈ ਜ਼ਿਕਰ ਮਿਲਦਾ ਹੈ, *ਪੁਰਾਤਨ ਪਰਬਾਂ ਦੇ ਮਨਾਵਣ ਦਾ ਹੀ ਮਿਲਦਾ ਹੈ.

*ਦੇਖੋ, "ਮੰਗਲ ਵਾਰ, ੧੧ ਫ਼ਰਵਰੀ, ੧੮੧੨, (ਸੰਕ੍ਰਾਂਤ) ਅੰਮ੍ਰਿਤਸਰ, ਪੰ: ੩੧--੨: The Brahmans said that it was the 'Sankrant' of Phagan on that day and asked the Noble Sarkar, to make some offering on Harmandir Sahib. Thereupon the Noble Sarkar, mounting on elephant, went to the city, took a bath at the sacred tank of Harmandir, offered about five hundred rupees to its Bungas, and riding from that place. . . . . ."

"੧੩ ਮਾਰਚ, ਸ਼ਨੀਵਾਰ ੧੮੧੩, (ਹੋਲੀ) ਸ਼ਾਹੀ ਕਿਲਾ, ਲਹੌਰ, ਪੰ: ੫੭: Yesterday the Noble Sarkar remained busy in enjoying the dance of the dancing girls and in sprinkling lac dye on the occasion of Holi."

"੯ ਜੂਨ, ੧੮੧੩, (ਏਕਾਦਸ਼ੀ) ਲਹੌਰ, ਪੰ: ੭੦; To-day he got up early in the morning, and came out. The staff and the servants made a courteous bow to him. After that he got into a palanquin, went to the bank of the river Ravi where he took a sacred bath, and distributed in charity to the Brahmans on the sacred occasion of the performance of his 'Sankalp' and 'Ekadashi,' some fifty maunds of sweets, several huge trays full of slabs of sugar, fifty-one bottles containing syrup, and eleven rupees in cash. Later when the day had advanced one quarter the Noble Sarkar rode from that place and returned into the garden where he distributed sweetened butter-cakes and other similar preparations of confectionary to about two hundred Brahmans, in addition to one rupee in cash to each of them. The Noble Sarkar also gave them in charity five cows, each covered over by a shawl and being made to stand under a canopy with its horns decorated in gold and silver, together with several other articles."

੧੫ ਨਵੰਬਰ, ੧੮੧੪, (ਦਿਵਾਲੀ) ਅੰਮ੍ਰਿਤਸਰ, ਪੰ: ੧੭੯,...The Noble Sarkar ordered the staff in charge of the floorings to pitch a 'Kanat' near the 'Bunga' of the Noble Sarkar besides the tank of Amritsar, because he intended watching the sight of the fair from there."

"ਸ਼ਨੀਵਾਰ, ੧੩ ਜਨਵਰੀ, ੧੮੧੬, (ਲੋਹੜੀ) ਅੰਮ੍ਰਿਤਸਰ, ਪੰ: ੨੨੭; The Noble Sarkar went to the tank of Harmandir Sahib early in the morning because it was the 'Sankrant' day, and, taking his bath and offering charities and Nazars before the Granth Sahib and the other shrines of Guru Sahib came over to the place where he always held his court. He got himself weighed seven times

ਬਾਕੀ ਸਫ਼ਾ ੧੧੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਤੇ ਉਸ ਜ਼ਮਾਨੇ ਦੀ ਸਿੱਖੀ ਦੇ ਪੱਧਰ (Standard) ਯਾ ਨਮੂਨੇ ਦੀ ਜਾਂਚ, ਯਾ ਪਰਖ, ਅੱਸੀਂ ਕੇਵਲ ਮਹਾਰਾਜਾ ਰੰਜੀਤ ਸਿੰਘ ਤੇ ਉਸ ਦੀ ਉੱਚ, ਮੱਧ ਤੇ ਹੀਨ ਦਰਜਿਆਂ ਦੀ ਸਿੱਖ ਪ੍ਰਜਾ ਦੇ ਅਮਲੀ ਜੀਵਨ ਤੋਂ ਹੀ ਕਰ ਸਕਦੇ ਹਾਂ, ਹੋਰ ਕਿਸੇ ਵਸੀਲੇ ਤੋਂ ਨਹੀਂ; ਅਰ ਏਹਨਾਂ ਤਿੰਨਾਂ ਸ਼੍ਰੇਣੀਆਂ ਦੀ

ਸਫ਼ੇ ੧੧੫ ਦੀ ਬਾਕੀ

with 'Ghee', 'Shakartari,' rice, 'Mash,' linseed, vessels of copper, bronze, gold and silver, all of which he distributed together with 5 cows and some pictures of gold and silver worth two thousand rupees, by way of charity, among those who wore the sacred thread. He afterwards returned to his place after distributing one rupee to each of them and serving them with 'Halwa' and 'Puris'."

"ਮੰਗਲਵਾਰ, ੧੫ ਜੁਲਾਈ, ੧੮੧੭, (੨੮ ਤੇ ੨੯ ਸ਼ਾਅਬਾਨ, ੧੨੩੨ ਹਿਜਰੀ: ਸੋਮਤੀ ਅਮਾਵਸ), ਪੰ: ੨੭੦; To-day the Noble Sarkar rode out to the bank of the river Ravi and gave away in charity five buffaloes, five suits of clothes, five hundred rupees in cash and several other suitable things on the occasion of 'Somti Amawas.' Later he returned to his abode and distributed food to two hundred men who wore the sacred thread."

ਸਿੰਘ ਸਾਹਿਬ ਖ਼ਾਲਸਾ ਰੰਜੀਤ ਸਿੰਘ ਬਹਾਦਰ ਦੁਸਹਿਰੇ ਦਾ ਤਹਿਵਾਰ ਕਿਸ ਅਜ਼ੀਮ ਜੰਗੀ ਸ਼ਾਨ ਨਾਲ ਮਨਾਂਦੇ ਸਨ ਇਸ ਦਾ ਨਮੂਨਾ ਮੈਂ ਡਾਕਟਰ ਮੈਕ ਗ੍ਰੈਗਰ ਦੇ 'ਸਿੱਖ ਇਤਿਹਾਸ' ਦੀ ਪਹਿਲੀ ਜਿਲਦ ਦੇ ੨੪੦ਵੇਂ ਤੇ ੨੪੧ਵੇਂ ਪੰਨਿਆਂ ਤੋਂ ਪੇਸ਼ ਕਰਦਾ ਹਾਂ. ਇਸ ਬ੍ਰਿਤਾਂਤ ਵਿੱਚ ਰਾਵਣ ਤੇ ਉਸ ਦੀ ਸੈਨਾ ਦੇ ਯੋਧਿਆਂ ਦੇ, ਪਟਾਕੇ-ਦਾਰ ਕਾਗ਼ਜ਼ੀ-ਕਲੇਵਰਾਂ ਦੇ ਟੋਲੇ ਨੂੰ, ਬਨਾਵਟੀ ਸ੍ਵਰੂਪਾਂ ਤੋਂ, ਨਾਸ਼ ਕਰਵਾਣ ਦਾ ਕੋਈ ਵਰਣਨ ਨਹੀਂ. ਸਗੋਂ ਬ੍ਰਿਤਾਂਤ ਦੇ ਪਾਠ ਤੋਂ ਗਿਆਤ ਹੁੰਦਾ ਹੈ ਕਿ ਬੀਰ ਅਵਤਾਰ ਭਗਵਾਨ ਰਾਮ ਦੀ ਜੰਗੀ ਵਿਜੈ ਨੂੰ ਇੱਕ ਅਤਯੰਤ ਹੀ ਯੁਕਤ ਜੰਗੀ ਤਰੀਕੇ ਦੁਆਰਾ ਮਨਾਇਆ ਜਾਂਦਾ ਸੀ, ਤੇ ਜਿਸ ਦਾ ਅਦਭੁਤ ਪ੍ਰਭਾਵ ਭਗਵਾਨ ਆਪ ਹੀ ਜਾਣੇ ਕਿ ਵੇਖਣ ਵਾਲਿਆਂ ਪੁਰ ਕੀ ਪੈਂਦਾ ਸੀ. "The feast of the Dusserah is celebrated at Amritsar

about the latter end of September, or early in October, it being a moveable one. I had an opportunity of witnessing it in 1835 and shall introduce a short notice here on the subject. On the day appointed, I was sent for by the Maharajah about 3 o' clock in the afternoon. I found him seated on the top of a house which he had erected for the occasion. In the apartment underneath, I observed the various sirdars, the most conspicuous among them being Rajah Dhyan Singh, the prime minister, and his relative, Sirdar Kesree Singh: former was dressed in chain armour. The approach to where the Maharajah was seated was

ਬਾਕੀ ਸਫ਼ਾ ੧੧੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਪ੍ਰਜਾ ਵਿੱਚ ਸੰਤ, ਮਹੰਤ, ਸਾਧੂ, ਪੁਜਾਰੀ, ਨਿਹੰਗ ਆਦਿਕ ਵੀ ਆ ਜਾਂਦੇ ਹਨ. ਹੁਣ, ਜੋ ਜੋ ਬ੍ਰਿਤਾਂਤ ਮਹਾਰਾਜਾ ਸਾਹਿਬ ਦੇ ਪੁਰਾਤਨ ਹਿੰਦੂ ਪਰਬ ਮਨਾਵਣ ਸੰਬੰਧੀ, ਪਾਠਕ ਨੇ ਹੇਠਾਂ ਟਿਪਣੀ ਵਿੱਚ ਪੜ੍ਹੇ ਹਨ, ਉਹਨਾਂ ਤੋਂ ਪਾਠਕ ਨੂੰ ਕੀ ਸਿੱਧ ਹੁੰਦਾ ਹੈ ਕਿ ਇਹ ਰਹੁ ਰੀਤਿ ਕਿਸ ਮਤ ਦੇ ਆਦਮੀ

ਸਫ਼ੇ ੧੧੬ ਦੀ ਬਾਕੀ

by means of a ladder, with a trap or a lifting-door at the top of it. A chair was placed for me close to Runjeet, the only other person allowed one being the young Rajah Heera Singh. From this elevated position, I had a full view of the troops drawn up on the adjoining plain in the form of an open square each side consisting of four thousand rank and file, making a total of sixteen thousand men, exclusive of the artillery, which numbered one hundred guns. The whole commenced firing at one and the same time; so that the continued noise of cannon and musketry was quite deafening; and even Runjeet's well practised ear was stunned by the sound. This firing lasted without intermission, until the artillery had expended 20,000 cartridges! and the infantry an equal proportion! The firing was quick, and intended to represent a battle, ... Besides the artillery and infantry, there were five hundred camels armed with swivel guns, which likewise took part in the exhibition."

ਮਹਾਰਾਜਾ ਸਾਹਿਬ ਦੇ 'ਬਸੰਤ' ਮਨਾਵਣ ਦਾ ਬ੍ਰਿਤਾਂਤ ਮੈਂ ਲੈਫ਼ਟੈਨੈਂਟ ਐਲੈਗਜ਼ੈਂਡਰ ਬਰਨਜ਼ ਦੀ ਕਿਤਾਬ (Travels Into Bokhara, by Lt. Alexander Burnes F. R. S. in three Volumes, London; published by John Murray, 1834) ਵਿੱਚੋਂ ਦਿੰਦਾ ਹਾਂ (ਜਿਲਦ ੧. ਪੰ: ੨੬--੨੮)

"On the 6th of February (1831), the festival of the 'Busunt,' which simply means the spring, was celebrated with great splendour. Runjeet invited us on the occasion; and we accompanied him on elephants to witness the demonstration of joy with which returning spring is here hailed, as in other countries. The troops of the Punjab were drawn out, forming a street of about two miles long, which it took upwards of thirty five minutes to traverse. The army consisted entirely of regular troops—cavalry, infantry, and artillery; and the whole corps was uniformly dressed in yellow which is the gala costume of this carnival . . . . . At the end of this magnificent array stood the royal tents, lined with yellow silk. Among them was a canopy valued at a lac of rupees, covered with pearls, and having a border of precious stones. Nothing can be imagined more grand. At one end Runjeet took his seat, and heard the Grinth, or sacred volume of the Seiks, for about ten minutes. He made a present to his priest; and the holy book was borne away wrapped

ਬਾਕੀ ਸਫ਼ੇ ੧੧੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਦੀ ਹੈ ? ਪਾਠਕ ਇਸ ਦਾ ਉੱਤਰ ਆਪਣੀ ਤਸੱਲੀ ਲਈ ਆਪ ਹੀ ਆਪਣੇ ਮਨ ਵਿੱਚ ਵਿਚਾਰ ਲਵੇ. ਜੇ ਕਿਹਾ ਜਾਏ ਕਿ ਮਹਾਰਾਜਾ ਰੰਜੀਤ ਸਿੰਘ ਜੀ ਦੇ ਇਹ ਆਚਾਰ, ਵਿਹਾਰ ਤੇ ਇਜ਼ਹਾਰ ਸਭ ਰਾਜਨੀਤਿਕ ਵਿਖਾਵੇ ਸਨ ਤਾਂ ਇਹ ਖ਼ਿਆਲ ਢੁਕਦਾ ਨਹੀਂ. ਕਿਉਂ ਜੋ ਮੁਸਲਮਾਣਾਂ ਦੀਆਂ ਈਦਾਂ, ਬਕਰੀਦਾਂ ਤੇ ਉਰਸਾਂ ਦੇ ਮਨਾਵਨ ਸੰਬੰਧੀ ਮਹਾਰਾਜਾ ਦਾ ਮੁਤਲਿਕ ਕਿਧਰੇ ਜ਼ਿਕਰ ਨਹੀਂ. ਪਰ ਜੇ ਕਿਸੇ ਥਾਂ ਕਲ ਹੀ ਕੋਈ ਐਸਾ ਜ਼ਿਕਰ ਨਿਕਲ ਵੀ ਪਵੇ ਤਾਂ ਉਸ ਤੋਂ ਮਹਾਰਾਜਾ ਸਾਹਿਬ ਦੀ ਪ੍ਰਸੰਨਤਾ ਪ੍ਰਗਟ ਹੋਵੇਗੀ ਨ ਕਿ ਪਰਵਿਰਤੀ (ਪ੍ਰਵ੍ਰਿੱਤੀ). ਭਾਵ ਇਹ ਹੈ ਕਿ ਉਸ ਤੋਂ ਇਤਨਾ ਹੀ ਸਾਬਤ ਹੋਵੇਗਾ ਕਿ ਮਹਾਰਾਜਾ ਸਾਹਿਬ ਨੇ ਆਪਣੀ ਮੁਸਲਮਾਣ ਪ੍ਰਜਾ ਨੂੰ ਉਹ ਤਹਿਵਾਰ ਮਨਾਵਣ ਦੀ ਖੁਲ੍ਹੀ ਆਜ਼ਾਦੀ ਦੇ ਰੱਖੀ ਸੀਜੋ ਕਿਸੇ ਦੂਜੇ ਧਰਮਾਵਲੰਬੀਆਂ ਦੇ ਦਿਲਾਂ ਤੇ ਸਟ ਮਾਰਨ ਵਾਲੇ ਨ ਸਨ, ਪਰ ਇਹ ਸਾਬਤ ਨ ਹੋਵੇਗਾ ਕਿ ਮਹਾਰਾਜਾ ਸਾਹਿਬ ਇਸਲਾਮੀ ਤਹਿਵਾਰਾਂ ਨੂੰ ਆਪ ਵੀ ਮਨਾਂਦੇ ਸਨ. ਅਜ ਕਲ, ਵਰਤਮਾਨ ਕਾਲ ਵਿੱਚ,ਕੁੱਝ ਚਿਰ ਤੋਂ ਇਸ ਦੇਸ਼ ਵਿੱਚ ਇੱਕ ਢੁੱਚਰ ਯੁਕਤੀ (ਹੇਤ੍ਵਾਭਾਸ, Fallacious argument, ਝੂਠੀ ਦਲੀਲ ਬਾਜ਼ੀ) ਚਲ ਪਈ ਹੈ. ਉਹ ਇਹ ਕਿ ਕਿਸੇ ਘਟਨਾ ਦਾ ਕਾਰਣ ਉਹ ਨ ਮੰਨਣਾ ਜਿਸ ਦੇ ਨਾਲ ਉਹ ਘਟਨਾ ਹਕੀਕਤ ਵਿੱਚ ਤੇ ਜ਼ਾਹਿਰਾ ਸੰਬੰਧਿਤ ਹੈ, ਸਗੋਂ ਉਹ ਮੰਨਣਾ ਜਿਸ ਦੇ ਨਾਲ ਉਹ ਗ਼ਾਲਿਬਨ ਤੇ ਗੁਪਤ ਤੌਰ ਤੇ ਸੰਬੰਧਿਤ ਹੈ : that is, to attribute the occurrence of an effect not to its direct, known, apparent, real cause, but to some indirect, unknown, unapparent, possible cause. ਮਸਲਨ, ਜੇ ਕਿਸੇ ਮੁਕਾਬਲੇ ਵਿੱਚ ਮੇਰਾ ਵਿਰੋਧੀ ਜਿੱਤ ਜਾਏ ਤਾਂ ਮੈਂ ਆਪਣੀ ਹਾਰ ਦਾ ਕਾਰਣ ਆਪਣੀ ਕਮਜ਼ੋਰੀ ਨ ਮੰਨਾਂ ਬਲਕਿ ਆਪਣੇ ਵਿਰੋਧੀ ਦਾ ਗੁਪਤ ਛਲ ਕਪਟ ਯਾ ਦਗ਼ਾਬਾਜ਼ੀ ਮੰਨਾਂ. ਪਰ, ਜੇ ਮੇਰਾ ਵਿਰੋਧੀ ਗੁਪਤ ਛਲ ਕਪਟ ਦਗ਼ਾਬਾਜ਼ੀ ਕਰ ਕੇ ਜਿਤ ਗਿਆ

ਸਫੇ ੧੧੭ ਦੀ ਬਾਕੀ

in ten different covers, the outside one of which, in honour of the day, was of yellow velvet . . . . . After this came the nobles and commandents of his troops, dressed in yellow, to make their offerings in money. Two sons of the fallen Kings of Cabool, (Kabul) Shah Zaman and Shah Eyoob, then entered . . . . The Nawab of Mooltan, clad also in yellow, and accompanied by five of his sons, followed to pay his homage. His name is Surufraz Khan. The agents from Bahawlpoor and Sinde approached in their turn. One could ill discover, from the sycophancy of these persons, that they were the representatives of those who so cordially hated the Maharaja."

Sri Satguru Jagjit Singh Ji eLibrary NamdhariElibrary@gmail.com

ਹੈ ਤਦ ਵੀ ਤਾਂ ਉਹ ਮੇਰੇ ਚੋਕਸ ਨ ਰਹਿਣ ਕਰ ਕੇ ਹੀ ਜਿਤਿਆ ਹੈ, ਅਰ ਇਹ ਵੀ ਤਾਂ ਮੇਰੀ ਕਮਜ਼ੋਰੀ ਹੈ ਕਿ ਮੈਂ ਵਿਰੋਧੀ ਦੇ ਗੁਪਤ ਛਲ ਕਪਟ ਯਾ ਦਗ਼ਾ-ਬਾਜ਼ੀ ਦਾ ਸ਼ਿਕਾਰ ਹੋ ਗਿਆ ਹਾਂ. ਇਸ ਵਿੱਚ ਸ਼ਕ ਨਹੀਂ ਕਿ ਕਿਸੇ ਵੀ ਘਟਨਾ ਦੇ ਮੁੱਖ ਕਾਰਣ ਤੋਂ ਇਲਾਵਾ ਹੋਰ ਵੀ ਕਈ ਅਪ੍ਰਗਟ, ਗੌਣ ਕਾਰਣ ਹੁੰਦੇ ਹਨ ਪਰ ਉਹ ਸਭ ਘਟਨਾ (Phenomenon) ਚਮਤਕਾਰ, ਵਾਰਦਾਤ, ਹਾਦਸਾ) ਦੇ ਨਮੂਦਾਰ ਹੋਣ ਤੋਂ ਪਹਿਲਾਂ ਹੀ ਸ਼ਾਂਤ ਯਾ ਲੋਪ ਹੋ ਜਾਂਦੇ ਹਨ. ਸਚੇਸ਼ਟ, ਸ਼ਕਤੀਸ਼ੀਲ, ਫਲ ਪ੍ਰਗਟਾਊ ਕਾਰਣ ਹੀ, ਵਾਸਤਵ ਵਿੱਚ, ਹਰ ਘਟਨਾ ਦਾ ਹਮੇਸ਼ਾ ਮੁਖ ਕਾਰਣ ਹੁੰਦਾ ਹੈ. ਸੋ 'ਘਟਨਾ' ਦੀ ਵਾਸਤਵਿਕ ਤੇ ਮੁੱਖ ਜ਼ਿੰਮੇਵਾਰੀ ਕੇਵਲ ਮੁੱਖ ਕਾਰਣ ਦੇ ਸਿਰ ਤੇ ਹੀ ਹੁੰਦੀ ਹੈ, ਭਾਵੇਂ ਗੁਪਤ-ਗੌਣ ਕਾਰਣ ਵੀ ਜ਼ਰੂਰ ਹੀ ਸਹਿਕਾਰੀ ਹੋਣ ਦੀ ਹੈਸੀਅਤ ਵਿੱਚ ਨਿੰਦਾ ਯਾ ਉਸਤਤਿ ਦੇ ਭਾਗੀ ਹੋ ਜਾਂਦੇ ਹਨ. ਪਰ ਜ਼ਾਹਿਰਾ ਵਾਸਤਵਿਕ ਕਾਰਣ ਨੂੰ ਲਾਂਭੇ ਸੁਟ ਕੈ ਗੁਪਤ, ਕਲਪਿਤ (ਫ਼ਰਜ਼ੀ) ਕਾਰਣ ਨੂੰ ਹੀ ਮੁੱਖ ਤੇ ਵਾਸਤਵਿਕ ਮੰਨ ਲੈਣਾ ਨਿਆਇ ਨਹੀਂ ਅੰਨਿਆਇ ਹੈ. ਸੋ ਇਹ ਸਰਾਸਰ ਢੁੱਚਰ ਯੁਕਤੀ ਹੋਵੇਗੀ ਜੋ ਕੋਈ ਕਹੇ ਕਿ ਮਹਾਰਾਜਾ ਰੰਜੀਤ ਸਿੰਘ ਜੀ ਪ੍ਰਾਚੀਨ ਭਾਰਤੀ ਤਹਿਵਾਰ ਰਾਜਨੀਤਿਕ ਵਿਖਾਵੇ ਦੇ ਕਾਰਣ ਮਨਾਂਦੇ ਸਨ. ਅਜ ਕਲ ਇਹ ਆਮ ਰਿਵਾਜ ਹੈ ਕਿ ਜਦ ਕੋਈ ਪ੍ਰਤਾਪੀ ਸ਼ਾਸਕ, ਜਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ, ਕਿਸੇ ਗੁਰਦੁਆਰੇ ਯਾ ਮੰਦਿਰ ਵਿੱਚ, ਯਾ ਤੀਰਥ ਪੁਰ, ਆਪਣੀ ਸ਼ ਧਾਂਜਲੀ ਪੇਸ਼ ਕਰਨ ਜਾਵੇ ਤਾਂ ਉਸ ਨੂੰ ਰਾਜ ਨੀਤੀ ਦਾ ਢੋਂਗ ਦਸਿਆ ਜਾਂਦਾ ਹੈ. ਜੇ ਉਹ ਕੁੰਭ ਦੇ ਮੌਕੇ, ਯਾ ਕਿਸੇ ਹੋਰ ਪਰਬ ਪੁਰ, ਕਿਸੇ ਪਵਿਤ੍ਰ ਦਰਯਾ ਅਥਵਾ ਸਰੋਵਰ ਦੇ ਜਲ ਦਾ ਆਚਮਨ ਕਰੇ ਤਾਂ ਉਸ ਨੂੰ ਰਾਜ-ਨੀਤਿਕ ਦੰਭ ਮੰਨ ਲਿਆ ਜਾਂਦਾ ਹੈ. ਮੇਰੀ ਇਹ ਰਾਏ ਨਹੀਂ. ਮੈਂ ਪ੍ਰਤਾਪੀ ਪੁਰਖਾਂ ਦੇ ਇਸ ਪ੍ਰਕਾਰ ਦੇ ਵਤੀਰਿਆਂ ਨੂੰ ਸਰਵਥਾ ਵਾਸਤਵਿਕ, ਵਿਸ਼ੁੱਧਿਕ, ਨਿਸ਼ਕਪਟ ਤੇ ਵਿਮਲਾਤਮਕ ਸਮਝਦਾ ਹਾਂ. ਸਿਆਸੀ ਤੇ ਬਿਵਹਾਰਿਕ ਮਾਮ-ਲਿਆਂ ਵਿੱਚ ਵੀ ਸਾਧਾਰਣ ਸਦਾਚਾਰੀ ਮਨੁਖ ਛਲ ਕਪਟ ਤੇ ਦਗ਼ੇ ਤੋਂ ਕੰਮ ਨਹੀਂ ਲੈਂਦੇ, ਪਰ ਰੂਹਾਨੀ ਨਮਾਇਸ਼ (ਯਾ ਮਰਯਾਦਾ) ਵਿੱਚ ਦਿਲੋਂ ਹੋਰ ਤੇ ਬਾਹਰੋਂ ਹੋਰ ਹੋਣਾ ਪ੍ਰਤਾਪੀ ਪੁਰਖਾਂ ਦੀ ਸ਼ਾਨ ਦੇ ਸ਼ਾਯਾਂ ਨਹੀਂ. ਐਸੇ ਮਹਾਨੁ-ਭਾਵ ਮਰਯਾਦਾ ਪੁਰਸ਼ੋਤਮ ਹੁੰਦੇ ਹਨ ਜੇ ਇਹ ਹੀ ਆਪਣੇ ਰੂਹਾਨੀ ਆਚਾਰ-ਵਿਹਾਰ ਵਿੱਚ ਛਲ ਕਪਟ ਤੋਂ ਕੰਮ ਲੈਨਗੇ ਤਾਂ ਸਰਬ ਸਾਧਾਰਣ ਮਨੁਖ ਕਿਸ ਦੀ ਨਕਲ ਕਰਨਗੇ, ਅਥਵਾ, ਕਿਸ ਦੇ ਪਿੱਛੇ ਤੁਰਨਗੇ. ਛਲ ਕਪਟ ਦੁਆਰਾ ਪ੍ਰਜਾ ਨੂੰ ਯਾ ਮਿਤ੍ਰਾਂ ਨੂੰ ਪ੍ਰਸੰਨ ਕਰਨਾ ਹੀਨ ਮਨੁੱਖਾਂ ਦਾ ਆਚਰਣ ਹੈ, ਸਤਪੁਰਖਾਂ ਦਾ ਨਹੀਂ. ਜੇ ਗਾਂਧੀ ਜੀ ਨੇ ਕਿਸੇ ਨੂੰ ਧਰਮਾਤਮਾ, ਮਹਾਤਮਾ ਯਾ ਪਵਿਤ੍ਰਾਤਮਾ

Sri Satguru Jagjit Singh Ji eLibrary NamdhariElibrary@gmail.com

ਕਿਹਾ ਹੈ ਤਾਂ ਸੱਚੇ ਦਿਲੋਂ ਕਿਹਾ ਹੈ. ਜੇ ਨਹਿਰੂ ਜੀ ਕਿਸੇ ਨੂੰ ਸੱਚਾ, ਸੁੱਚਾ ਤੇ ਉੱਚਾ ਕਹਿੰਦੇ ਹਨ ਤਾਂ ਸੱਚੇ ਦਿਲੋਂ ਕਹਿੰਦੇ ਹਨ. ਜੇ ਇਹ ਕਿਸੇ ਪਵਿਤ੍ਰ ਅਸਥਾਨ ਨੂੰ, ਯਾ ਮਹਾਂ ਪੁਰਖ ਦੇ ਨਾਮ ਨੂੰ ਨਮਸਕਾਰ ਰਰਦੇ ਹਨ ਤਾਂ ਸਿਦਕ ਤੇ ਸਦਾਕਤ ਨਾਲ ਕਰਦੇ ਹਨ ਨਾਂ ਕਿ ਵਿਖਾਵੇ ਲਈ. ਜੇ ਕੇਸ਼ਬ ਚੰਦ੍ਰ ਸੇਨ ਨੇ ਯਸੂਹ ਮਸੀਹ ਦੇ ਪ੍ਰੇਮ ਵਿੱਚ ਆਪਣੀ ਸ਼ਰਧਾ ਭਗਤੀ ਤੇ ਭਾਵਨਾ ਦੇ ਭੰਡਾਰ ਨਿਸ਼ੰਗ ਤੇ ਨਿਹੰਗ ਹੋ ਕੇ ਖੋਲ੍ਹੇ ਸਨ ਤਾਂ ਸੱਚੇ ਦਿਲੋਂ ਖੋਲ੍ਹੇ ਸਨ, ਯਥਾ (Keshub Chunder Sen's Lectures in India, Calcutta, the Brahmoo Tract Society, 1899. ਪੰ: ੨੯੯): "ਮੁਬਾਰਕ ਮਸੀਹ ! ਮੈਂ ਤੇਰਾ ਹਾਂ. ਮੈਂ ਆਪਣੇ ਆਪ ਨੂੰ,ਆਪਣੇ ਸ਼ਰੀਰ ਤੇ ਆਤਮਾ ਨੂੰ, ਤੇਰੇ ਹਵਾਲੇ ਕਰਦਾ ਹਾਂ. ਜੇ ਭਾਰਤ (India) ਮੈਨੂੰ ਦੁਰਕਾਰੇ, ਮੇਰੇ ਤੇ ਅਤਿਆਚਾਰ ਕਰੇ, ਅਰ ਕਤਰਾ ਕਤਰਾ ਕਰ ਕੇ, ਮੇਰੇ ਵਿੱਚੋਂ ਮੇਰਾ ਸਾਰਾ ਲਹੂ ਵੀ ਨਚੋੜ ਲਵੇ, ਤਾਂ ਵੀ, ਮਸੀਹ, ਮੈਂ ਤੇਰੇ ਅੱਗੇ ਝੁਕਣਾ ਜਾਰੀ ਰੱਖਾਂਗਾ ! ਮੈਂ ਤੇਰੀ ਵਫ਼ਾਦਾਰੀ ਦੀ ਪ੍ਰਤਿਗਿਆ ਕਰ ਚੁਕਾ ਹਾਂ, ਤੇ ਮੈਂ ਇਸ ਤੋਂ ਬੇ ਮੁਖ ਨ ਹੋਵਾਂਗਾ, ਪਰਮਾਤਮਾ ਮੇਰੀ ਸਹਾਇਤਾ ਕਰੇ ! ਇਹ ਹੋਰ ਤੇਰੀ ਉਸਤਤੀ ਲਈ ਹਾਜ਼ਰ ਹਨ, ਇਹ ਹੱਥ ਤੇਰੀ ਸੇਵਾ ਦੇ ਵਾਸਤੇ ਪੇਸ਼ ਹਨ. ਰੱਬ ਦੇ ਪੁੱਤਰ, ਮੈਂ ਸੱਚੇ ਦਿਲੋਂ ਤੇਰੇ ਨਾਲ ਪਿਆਰ ਕਰਦਾ ਹਾਂ; ਅਰ ਤੇਰੇ ਲਈ ਭਾਵੇਂ ਮੈਂ ਫਿਟਕਾਰਿਆ ਜਾਵਾਂ, ਤੇ ਭਾਵੇਂ ਧਿਰਕਾਰਿਆ ਜਾਵਾਂ, ਮੈਂ ਤੇਰੇ ਨਾਲ ਸਦਾ ਹੀ ਪਿਆਰ ਕਰਦਾ ਰਹਾਂਗਾ, ਅਰ ਤੇਰੇ ਮੁਬਾਰਕ ਚਰਨਾਂ ਵਿੱਚ, ਤੇਰਾ ਆਜਿਜ਼ ਨੌਕਰ ਬਣਕੇ, ਰਹਾਂਗਾ." (ਉਪਰਲੀ ਹੀ ਪੁਸਤਕ ਪੰਨਾ ੨੬੦) : "ਮੇਰਾ ਮਸੀਹ, ਮੇਰਾ ਮਿੱਠਾ ਮਸੀਹ, ਮੇਰੇ ਦਿਲ ਦਾ ਪਰਮ ਪ੍ਰਭਾਵੰਤ ਰਤਨ, ਮੇਰੇ ਆਤਮਾ ਦਾ ਹਾਰ–ਜਿਸ ਨੂੰ ਮੈਂ ਵੀਹ ਵੱਰ੍ਹੇ ਇਸ ਦੁਖੀ ਹਿਰਦੇ ਵਿੱਚ ਪੂਜਿਆ ਹੈ. ਭਾਵੇਂ ਦੁਨੀਆ ਦੁਆਰਾ ਅਕਸਰ ਮੈਂ ਪਲੀਦ ਹੋਇਆ ਹੋਇਆ ਹਾਂ, ਤੇ ਪੀੜਿਤ ਹੋਇਆ ਹੋਇਆ ਹਾਂ, ਮੈਂ ਆਪਣੇ ਮਾਲਿਕ ਯਸੂਹ ਵਿੱਚ ਮਿਠਾਸ ਤੇ ਆਨੰਦ ਅਕਥਨੀਯ ਦੀ ਪ੍ਰਾਪਤੀ ਕੀਤੀ ਹੈ. ਉਸ ਨੇ ਆਪਣੇ ਪ੍ਰੇਮ ਦੀ ਮਹਾਂ ਵਿਕ੍ਰਾਂਤ ਤੋਪ ਮੇਰੇ ਪੁਰ ਚਲਾ ਦਿੱਤੀ, ਤੇ ਮੈਂ ਜਿਤਿਆ ਗਿਆ, ਤੇ ਮੈਂ ਉਸ ਦੇ ਚਰਨਾਂ ਪੁਰ ਡਿਗ ਪਿਆ."

(ਪੰਨਾ ੩੪੪) "ਪਿਓ, ਪੁੱਤਰ ਪੁਣੇ ਦੀ ਮਿਸਾਲ ਨਹੀਂ ਬਣ ਸਕਦਾ. ਇਹ ਤਾਂ ਕੇਵਲ ਪੁੱਤਰ ਹੀ ਵਿਖਾ ਸਕਦਾ ਹੈ ਕਿ ਪੁੱਤਰ ਨੂੰ ਕੇਹੋ ਜਿਹਾ ਹੋਣਾ ਚਾਹੀਦਾ ਹੈ. ਫ਼ਜ਼ੂਲ ਹੀ ਮੈਂ ਪੁੱਤਰ ਬਣਨ ਦੀ ਜਾਚ ਸਿੱਖਣ ਲਈ ਵੇਦਾਂ ਵਲ, ਯਾ ਯਹਦੀ ਮਤ ਵਲ ਜਾਂਦਾ ਹਾਂ. ਇਹ ਤਾਂ ਮੈਂ ਆਪਣੇ ਮਿੱਠੇ ਮਸੀਹ ਦੇ

Sri Satguru Jagjit Singh Ji eLibrary NamdhariElibrary@gmail.com

ਚਰਨਾਂ ਵਿੱਚ ਹੀ ਸਿਖਦਾ ਹਾਂ, ਜੋ ਮੇਰੇ ਪਿਓ ਦਾ ਪਿਆਰਾ ਪੁੱਤਰ ਹੈ."

(ਪੰਨਾ ੩੯੩) "ਮੈਂ ਆਪਣੇ ਸ਼ਰੀਰ ਦੇ ਰੋਮ ਰੋਮ ਵਿੱਚ, ਤੇ ਸਾਰੀ ਆਭਜੰਤਰ ਹਸਤੀ ਵਿੱਚ ਮਸੀਹ ਹੀ ਰਮਿਆ ਹੋਇਆ ਵੇਖਦਾ ਹਾਂ. ਮੇਰੇ ਲਈ ਮਸੀਹ ਹੁਣ ਸਿੱਧਾਂਤ ਯਾ ਮਸਲਾ ਨਹੀਂ ਰਿਹਾ, ਸਗੋਂ ਪਾਲ (St. Paul) ਵਾਂਗ ਮੈਂ ਵੀ ਪੁਕਾਰ ਕੇ ਆਖਦਾ ਹਾਂ, ਮੇਰੇ ਲਈ ਮਸੀਹ ਹੀ 'ਜੀਉਣਾ' ਹੈ.....ਮਸੀਹ ਹੀ ਮੇਰਾ ਖਾਣਾ ਤੇ ਪੀਣਾ ਹੈ, ਤੇ ਮਸੀਹ ਹੀ ਪਾਣੀ ਹੈ, ਜੋ ਮੈਨੂੰ ਨਿਰਮਲ ਕਰਦਾ ਹੈ." (For Keshab's strange profession of Christianity, see, Max Muller's, Auld Lang Syne, Second Series, Longmans, Gre en, & Co., London, 1899, p. 101.)

ਕੇਸ਼ਬ ਜੀ (੧੮੪੧-੧੮੮੪) ਬ੍ਰਹਮੂ ਸਮਾਜ ਦੇ ਤੀਜੇ ਆਚਾਰਯ ਸਨ. ਇਹ ਸਮਾਜ ੧੮੨੮ ਵਿੱਚ ਰਾਜਾ ਰਾਮ ਮੋਹਨ ਰਾਏ (੧੭੭੨-੧੮੩੩) ਜੀ ਨੇ (ਕਲਕੱਤੇ ਵਿੱਚ) ਕਾਇਮ ਕੀਤੀ ਸੀ, ਤੇ ਇਸ ਦੇ ਦੂਜੇ ਆਚਾਰਯ ਦੇਬੇਂਦ੍ਰ ਨਾਥ ਜੀ ਟਾਗੋਰ (੧੮੧੮--੧੯੦੫) ਸਨ. ਕੇਸ਼ਬ ਜੀ ਨੇ ੨੪ ਸਾਲ ਦੀ ਉਮਰ ਵਿੱਚ ਹੀ, ੧੮੬੫ ਵਿੱਚ, ਆਪਣੀ ਇਲਮੀਅਤ, ਤਰਬੀਅਤ, ਲਿਆਕਤ ਤੇ ਆਜ਼ਾਦ ਖ਼ਿਆਲੀ ਦੇ ਕਾਰਣ, ਦੇਬੇਂਦ੍ਰ ਜੀ ਤੋਂ ਬ੍ਰਹਮੂ ਸਮਾਜ ਦੀ ਵਾਗ ਡੋਰ ਸੰਭਾਲ ਲੀਤੀ ਸੀ. ਦੇਬੇਂਦ੍ਰ ਜੀ ਪੁਰਾਤਨ ਵਾਦੀ ਸਨ ਤੇ ਕੇਸ਼ਬ ਜੀ, ਅਰਵਾਚੀਨ ਵਾਦੀ. ਮੇਰਾ ਮਨੋਰਥ ਪਾਠਕ ਨੂੰ ਇੱਥੇ ਕੇਸ਼ਬ ਜੀ ਦੀ ਸਿੰਮ੍ਰਿਤੀ ਕਰਾਣ ਤੋਂ ਕੇਵਲ ਇਹ ਦਾਵਾ ਸਾਬਤ ਕਰਨ ਦਾ ਹੈ ਕਿ ਸਦ ਪੁਰਖ ਵਿਖਾਵੇ ਦੇ ਝੂਠੇ ਬੰਧਨਾਂ ਤੋਂ ਸਰਵਥਾ ਆਜ਼ਾਦ ਹੁੰਦੇ ਹਨ, ਤੇ ਜਿਨ੍ਹਾਂ ਗੱਲਾਂ ਯਾ ਕੰਮਾਂ ਵਿੱਚ ਉਹ ਸੁਆਤਮ ਕਲਿਆਣ ਸਮਝਦੇ ਹਨ ਉਹਨਾਂ ਨੂੰ ਮੱਨਣ ਵਿੱਚ ਸ਼ਕ ਨਹੀਂ ਕਰਦੇ ਤੇ ਜ਼ਾਹਿਰਾ ਅਮਲ ਵਿੱਚ ਲਿਆਣ ਤੋਂ ਸ਼ਰਮਾਂਦੇ ਨਹੀਂ, ਭਾਵੇਂ ਸਾਰੀ ਦੁਨੀਆ ਉਹਨਾਂ ਦੇ ਖ਼ਿਲਾਫ਼ ਕਿਉਂ ਨ ਹੋ ਜਾਏ. ਦੇਖੋ, ਪਰਮ ਹੰਸ ਰਾਮ ਕ੍ਰਿਸ਼ਨ (੧੮੩੩--੧੮੮੮) ਦੇ ਸਮਕਾਲੀ, ਤੇ ਉਹਨਾਂ ਦੇ ਦਰਸ਼ਨ ਕਰਨ ਵਾਲੇ; ਸ੍ਵਾਮੀ ਦਯਾਨੰਦ ਜੀ ਸਰਸ੍ਵਤੀ (੧੮੨੪--੧੮੮੩) ਨਾਲ ਸਾਖਿਆਤ ਪਰਿਚਿਤ; ਸ਼੍ਰੀ ਵਿਵੇਕਾਨੰਦ (੧੮੬੩--੧੯੦੨) ਦੇ ਨਗਰ ਨਿਵਾਸੀ ਕੇਸ਼ਬ ਜੀ, ਮਸੀਹ ਦੇ ਪਿਆਰ ਵਿੱਚ ਉਪ੍ਰੋਕਤ ਭਾਵ ਪ੍ਰਗਟ ਕਰਨ ਵਿੱਚ ਡਰੇ ਯਾ ਝਿਝਕੇ ਨਹੀਂ. ਹਾਂ ਜੀ, ਉਸੇ ਮਸੀਹ ਦੇ ਬਾਰੇ ਜਿਸ ਨੂੰ ਮੈਂ ਆਪਣੇ ਇਸ ਨਿਬੰਧ ਵਿੱਚ ਮੈਹਜ਼ ਅਫ਼ਸਾਨਵੀ-ਨਾਯਕ ਸਿੱਧ ਕਰਨ ਦਾ ਪੂਰਾ ਪੂਰਾ ਤ੍ਰਾਣ ਲਾਇਆ ਹੈ. ਸੋਈ ਰੰਜੀਤ ਸਿੰਘ ਜੀ ਦੇ ਅਮਲ ਵੀ ਖੁਲ੍ਹੇ ਸਨ: ਕਦੇ ਤਾਂ (having "reached Rohtas on the 29th March 1835, ordered the Jamadar of the Topkhana to make the Khanqah, outside

Sri Satguru Jagjit Singh Ji eLibrary NamdhariElibrary@gmail.com

the fort of Rohtas, a target and raze it to the ground and spent many days in attending to this affair." ਉਮਦੁਤਤ ਤਵਾਰੀਖ਼, ਤਰਜਮਾ ਅੰਗ੍ਰੇਜ਼ੀ, ਪੰਨਾ 223--224.) ਕਿਲਾ ਰੋਹਤਾਸ ਦੇ ਬਾਹਿਰ ਮੁਸਲਮਾਣਾਂ ਦੀ ਖ਼ਾਨਕਾਹ ਨੂੰ ਤੋਪ ਨਾਲ ਉਡਵਾ ਰਹੇ ਹਨ ਤੇ ਕਦੇ ਹਜ਼ਰਤ ਮੀਆਂ ਮੀਰ, ਹਜ਼ਰਤ ਗੰਜ ਬਖ਼ਸ਼ ਹੁਜਵੇਰੀ (ਲਹੌਰੀ), ਸ਼ਾਹ ਅਬੁਲ ਮਆਲੀ ਆਦਿਕ ਮੁਸਲਮਾਣ ਫ਼ਕੀਰਾਂ ਦਿਆਂ ਮਜ਼ਾਰਾਂ ਵਲ ਕੀਮਤੀ ਤੋਹਫ਼ੇ ਤੇ ਖ਼ੈਰਾਤਾਂ ਘਲ ਰਹੇ ਹਨ, ਯਾ, ਖ਼ੁਦ ਹੀ ਪਿਆਰ, ਸਤਕਾਰ ਤੇ ਨਿੰਮ੍ਰਤਾ ਸਹਿਤ, ਸਤਿਸੰਗ ਲਈ ਮੁਸਲਮਾਣ ਦਰਵੇਸ਼ਾਂ ਦੇ ਦਰਸ਼ਨਾਂ ਨੂੰ ਜਾ ਰਹੇ ਹਨ ! (ਭਾਵੇਂ ਦਸਾਂ ਵਰ੍ਹਿਆਂ ਵਿੱਚ ਕੇਵਲ ਤਿੰਨ ਵੇਰ : ੨੫ ਦਸੰਬਰ ੧੮੩੩, ਪੰ: ੧੮੫; ੧੧ ਦਸੰਬਰ ੧੮੩੭, ਪੰ: ੩੯੩; ੨੨ ਜੂਨ ੧੮੩੮, ਪੰ: ੪੭੪, ਉਮਦੁਤ-ਤਵ.)

(੪੧) ਈਸ੍ਵੀ ਉੱਨੀਸ੍ਵੀਂ ਸਦੀ ਦੇ ਅਰੰਭ ਵਿੱਚ ਕਾਬਲ ਦਾ ਹੁਕਮਰਾਨ, ਐਹਮਦ ਸ਼ਾਹ ਅਬਦਾਲੀ ਦਾ ਪੋਤਾ, ਜ਼ਮਾਨ ਸ਼ਾਹ ਸੀ ਤੇ ਬਰਕਜ਼ਈ ਖ਼ਾਨਦਾਨ ਦੇ ਜ਼ਬਰਦਸਤ ਭਿਰਾਵਾਂ (ਮਹੱਮਦ ਆਜ਼ਿਮ, ਯਾਰ ਮਹੱਮਦ, ਸੁਲਤਾਨ ਮਹੱਮਦ, ਤੇ ਦੋਸਤ ਮਹੱਮਦ) ਵਿੱਚੋਂ ਸਭ ਤੋਂ ਵੱਡਾ ਭਾਈ, ਫ਼ਤਹ ਖ਼ਾਨ, ਇਸ ਦਾ ਵਜ਼ੀਰ ਸੀ. ਫ਼ਤਹ ਖ਼ਾਨ ਨੇ ਜ਼ਮਾਨ ਸ਼ਾਹ ਨੂੰ ਗੱਦੀ ਤੋਂ ਉਤਾਰ ਕੇ ਉਸ ਦੀਆਂ ਅੱਖਾਂ ਕਢਵਾ ਦਿੱਤੀਆਂ ਤੇ ਉਸ ਦੀ ਥਾਂ ਉਸ ਦੇ ਭਾਈ ਸ਼ਾਹ ਸ਼ੁਜਾਹ (ਉਲਮੁਲਕ) ਨੂੰ ਬਾਦਸ਼ਾਹ ਬਣਾ ਦਿੱਤਾ. ੧੮੧੦ ਵਿੱਚ ਇਸ ਨੂੰ ਵੀ ਬੰਨੇ ਕਰ ਕੇ ਤਖ਼ਤ ਤੇ ਤਾਜ ਇਸ ਦੇ ਤੀਜੇ ਭਾਈ, ਮਹਮੂਦ ਸ਼ਾਹ, ਦੇ ਹਵਾਲੇ ਕੀਤਾ. ਸ਼ਾਹ ਸ਼ੁਜਾਹ ਅਫ਼ਗ਼ਾਨਿਸਤਾਨ ਤੋਂ ਨਸ ਕੇ ਮਹਾਰਾਜਾ ਰੰਜੀਤ ਸਿੰਘ ਦੀ ਸ਼ਰਨੀਂ ਆ ਪਿਆ ਤੇ ਪ੍ਰਾਰਥਨਾ ਕੀਤੀ ਕਿ ਮੇਰੀ ਮਦਦ ਕਰੋ ਤੇ ਮੈਨੂੰ ਮੁੜ ਕਾਬਲ ਦੀ ਗੱਦੀ ਤੇ ਬਿਠਾਓ. ਇਸ ਨੂੰ ਮਹਾਰਾਜਾ ਨੇ ਬਤੌਰ ਮਹਿਮਾਨ ਤੇ ਮਿਤ੍ਰ (ਪਗ ਵੱਟੀ ਕਰ ਕੇ) ਕਿੰਨਾਂ ਹੀ ਚਿਰ ਲਹੌਰ ਰਖਿਆ ਤੇ ਸਿਆਸੀ ਲਾਰਿਆਂ ਵਿੱਚ ਹੀ ਸਮਾਂ ਬਿਤਾਇਆ. ਪਰ ਪਤਾ ਲੱਗਣ ਪਰ ਕਿ ਕੋਹ-ਇ-ਨੂਰ ਹੀਰਾ ਇਹ ਕਾਬਲ ਤੋਂ ਆਪਣੇ ਨਾਲ ਲਿਆਇਆ ਹੈ, ਮਹਾਰਾਜਾ ਨੇ ਆਪਣੀ ਹੁਸਨ ਇਖ਼ਲਾਕੀ ਤੇ ਹਿਕਮਤ ਅਮਲੀ ਨਾਲ ਇਹ, ਪਾਂਡਵਾਂ ਤੋਂ ਵੀ ਪਹਿਲੇ ਦਾ, ਪੁਰਾਤਨ, ਬੇ-ਬਹਾ ਰਤਨ ਇਸ ਤੋਂ ਲੈ ਲਿਆ ਤੇ ਨਾਲੇ ਇਸ ਨੂੰ ਕਿਹਾ ਕਿ ਜੇ ਤੂੰ ਮੁੜ ਕਾਬਲ ਦੀ ਗੱਦੀ ਪੁਰ ਬਹਿ ਗਿਆ ਤਾਂ *ਸੋਮਨਾਥ ਦੇ ਮੰਦਿਰ ਦੇ ਚੰਦਨ ਦੇ ਉਹ ਦਰਵਾਜ਼ੇ ਜੋ ਮਹਿਮੂਦ

*ਐਲੈਗਜ਼ੈਂਡਰ ਬਰਨਜ਼ (Travels into Bokhara, London, 1834, Vol. I. p. 175.) ਇਸ ਵਿਥਿਆ ਨੂੰ ਇਉਂ ਬਿਆਨ ਕਰਦਾ ਹੈ : "It is worthy of remark, that the ruler of the Punjab, in a negociation

ਬਾਕੀ ਵੇਖੋ ਸਫ਼ਾ ੧੨੩ ਤੇ

Sri Satguru Jagjit Singh Ji eLibrary NamdhariElibrary@gmail.com

ਗ਼ਜ਼ਨਵੀ ਸਨ ੧੦੨੫ ਵਿੱਚ ਗ਼ਜ਼ਨੀ ਲੈ ਗਿਆ ਸੀ, ਵਾਪਸ ਦੇਣੇ ਪੈਨਗੇ. ਸ਼ਾਹ ਸ਼ੁਜਾਹ ਇਹ ਗਲ ਮੰਨ ਗਿਆ. ਦੇਖੋ ਮਹਾਰਾਜਾ ਦੀ ਇਤਿਹਾਸਿਕ ਵਾਕਫ਼ੀਅਤ, ਯਾਦ, ਹੁੱਬੁਲ-ਵਤਨੀ ਤੇ ਕੱਟਰ ਹਿੰਦੂ ਪਣੇ ਦਾ ਜੋਸ਼ ! ਪਰ ਐਸਾ ਪ੍ਰਤੀਤ ਹੁੰਦਾ ਹੈ ਕਿ ਕਾਦਰ ਤੇ ਕੁਦਰਤ ਨੇ ਸ਼ਾਹ ਸ਼ੁਜਾਹ ਨੂੰ ਕੋਈ ਵੀ ਐਸੀ ਸਿਫ਼ਤ ਨ ਬਖ਼ਸ਼ੀ ਸੀ ਜਿਸ ਦੇ ਜ਼ਰੀਏ ਉਹ ਹਕੂਮਤ ਦੀਆਂ ਬਲੰਦ ਖ਼ਿਆਲੀਆਂ ਦੀ ਉੱਚ ਚੋਟੀ ਤੇ ਚੜ੍ਹਦਾ, ਤੇ ਜਿਸ ਆਦਮੀ ਵਿੱਚ ਆਪਣੀ ਮਦਦ ਆਪ ਕਰਨ ਦਾ ਬੀਜ ਮੌਜੂਦ ਨ ਹੋਵੇ ਉਸ ਦੀ ਮਦਦ ਸਾਰੀ ਸ੍ਰਿਸ਼ਟੀ ਵਿੱਚ ਕੋਈ ਵੀ ਕਰਨ ਦੇ ਸਮਰਥ ਨਹੀਂ. ਚੁਨਾਂਚਿ ਆਰਥਰ ਡੀ.ਇੱਨਜ਼ (A Short History of Brit. India, 2nd. Ed. 1915, p. 224) ਲਿਖਦਾ ਹੈ : "It would be difficult in all history to name a man with whom the whirligig of fortune played stranger pranks". ਅਰਥਾਤ, "ਸਾਰੇ ਇਤਿਹਾਸ ਵਿੱਚੋਂ ਕਿਸੇ ਐਸੇ ਆਦਮੀ ਦਾ ਨਾਮ ਲਭਣਾ ਔਖਾ ਹੋਵੇਗਾ ਜਿਸ ਨੂੰ ਕਿਸਮਤ ਦੇ ਗੇੜਾਂ ਨੇ ਸ਼ਾਹ ਸ਼ੁਜਾਹ ਤੋਂ ਵਧੀਕ ਭੰਭਲ ਭੂਸੇ ਖਵਾਏ ਹੋਵਨ !" ਸੋ ਇਹ ਬਦ ਨਸੀਬਾਂ ਦਾ ਸਿਰਤਾਜ, ਕੋਹ-ਇ-ਨੂਰ ਤੇ ਹੋਰ ਵੀ ਅਨੇਕਾਂ ਕੀਮਤੀ ਹੀਰੇ (Ranjit Singh, by Sir Lepel Griffin, Oxford Clarendon Press : 1905 pp. 101-102) ਮਹਾਰਾਜਾ ਤੋਂ *(੧ ਜੂਨ ੧੮੧੩ ਨੂੰ) ਖੁਹਾ ਕੇ, ਨਿਰਾਸਤਾ ਵਿੱਚ ਕੁੱਝ ਚਿਰ ਬਾਦ ਲਹੌਰ ਛੱਡ ਗਿਆ, ਤੇ ਲੁਧਿਆਣੇ ਪਹੁੰਚ ਕੇ ਅੰਗ੍ਰੇਜ਼ਾਂ ਦੀ ਚਰਨੀਂ ਜਾ ਲੱਗਾ. ਉਹਨਾਂ ਨੇ ਇਸ ਦੀ ਚਾਰ ਹਜ਼ਾਰ ਰੁਪੈਆ ਮਾਹ-ਵਾਰ ਪੈਨਸ਼ਨ ਲਗਾ ਦਿੱਤੀ (Hugh Murray's Hist. of. Brit. n dia, London, 1852; p. 604) ਤੇ ਇਹ ਉੱਥੇ ਹੀ ਰਹਿਣ ਲਗ ਪਿਆ. ਹੁਣ ਜ਼ਾਹਿਰਾ ਤਾਂ ਇਉਂ ਜਾਪਦਾ ਹੈ ਕਿ ਮਹਾਰਾਜਾ ਨੇ ਸ਼ਾਹ ਸ਼ੁਜਾਹ

* Court and Camp of Ranjit Singh by W. G. Osborne, London : 1840.

ਸਫ਼ੇ ੧੨੨ ਦੀ ਬਾਕੀ

which he lately carried on with the ex-King of Cabool. Shooja-ool-Moolk, stipulated, as one of the conditions of his restoration to the throne of his ancestors, that he should deliver up the sandal-wood gates at the shrine of the Emperor Mahmood,—being the same which were brought from Somnat in India, when that destroyer smote the idol, and the precious stones fell from his body. Upwards of eight hundred years have elapsed since the spoliation, but the Hindoo still thought these doors have so long adorned the tomb of the Sultan Mahmood."

Sri Satguru Jagjit Singh Ji eLibrary NamdhariElibrary@gmail.com

ਤੋਂ ਹੀਰੇ ਸੁਖੈਨ ਹੀ ਲੈ ਲਏ ਹੋਨਗੇ ਪਰ ਇਹ ਗਲ ਨਹੀਂ. ਸਰ ਲੈਪਿਲ ਗ੍ਰਿਫ਼ਿਨ (ਪੂਰਵ ਵਰਣਿਤ ਪੁਸਤਕ ਦੇ ਪੰਨੇ ੧੦੪ ਪੁਰ) ਲਿਖਦਾ ਹੈ ਕਿ "there are few created beings that an Afghan cannot or would not deceive;" ਅਰਥਾਤ, "ਕੋਈ ਵਿਰਲਾ ਹੀ ਜੀਵ ਐਸਾ ਹੋਵੇਗਾ ਜਿਸ ਨੂੰ ਅਫ਼ਗਾਨ ਧੋਖਾ ਨਹੀਂ ਦੇ ਸਕਦਾ, ਯਾ ਨਹੀਂ ਦੇਵੇਗਾ," ਐਸੀ ਦਸ਼ਾ ਵਿੱਚ ਅਨੁਭਵ ਕੀਤਾ ਜਾ ਸਕਦਾ ਹੈ ਕਿ ਭਾਵੇਂ ਸ਼ਾਹ ਲਹੌਰ ਵਿੱਚ ਹਰ ਤਰ੍ਹਾਂ ਮਹਾਰਾਜਾ ਦੇ ਅਧੀਨ ਸੀ ਤਾਂ ਵੀ ਇਸ ਨੂੰ 'ਅਫ਼ਗਾਨ' ਤੋਂ ਇਹ ਨਾਯਾਬ ਪਦਾਰਥ ਪ੍ਰਾਪਤ ਕਰਨ ਵਿੱਚ ਕਿੰਨੀਕੁ ਸਿਆਸੀ ਸਿਰ-ਦਰਦੀ ਕਰਨੀ ਪਈ ਹੋਵੇਗੀ. ਖ਼ੈਰ, ਅੰਗ੍ਰੇਜ਼ਾਂ ਨੇ ਆਖ਼ਿਰ ਸਿੱਖਾਂ ਦੀ ਮਦਦ ਨਾਲ (The Sikhs & the Sikh Wars: by Gen. Sir Ch. Gough, and A. D. Innes, London: 1897, pp. 48-49, A. D. Innes' A Short History..... p. 238, A History of Brit. India, by J. C. Powell-Price, Thomas Nelson & Sons: London, 1955, p. 522.) ਅਕਹ ਤਕਲੀਫ਼ਾਂ ਤੇ ਨੁਕਸਾਨ ਦੇ ਮਗਰੋਂ ਅਤਯੰਤ ਖ਼ੱਜਲ, ਖ਼ੁਆਰ ਤੇ ਬਦਨਾਮ ਹੋ ਕੇ, ਤੀਜੇ, ਚੌਥੇ ਹੱਲੇ ਬਾਦ, ਪਰਦੇਸਾਂ ਵਿੱਚ ਟਕਰਾਂ ਮਾਰਦੇ ਹੋਏ ਸ਼ਾਹ ਸ਼ੁਜਾਹ ਨੂੰ, ੮ ਮਈ ਸਨ ੧੮੩੯ (Hugh Murray's Brit. Ind. p 614.) ਵਾਲੇ ਦਿਨ ਕੰਧਾਰ ਦੇ ਪੁਰਾਤਨ ਨਗਰ ਵਿੱਚ ਬਾਕਾਇਦਾ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾ ਦਿੱਤਾ ਤੇ ਦੋਸਤ ਮਹੰਮਦ ਨਸ ਗਿਆ ਜੋ ਐਨਾ ਚਿਰ, ਸ਼ਾਹ ਸ਼ੁਜਾਹ ਦੀ ਗ਼ੈਰ ਹਾਜ਼ਰੀ ਵਿੱਚ, ਉੱਥੇ ਰਾਜ ਕਰਦਾ ਰਿਹਾ ਸੀ. ਪਰ, ਅੰਗ੍ਰੇਜ਼ਾਂ ਦੇ ਹਾਲੇ ਅਫ਼ਗਾਨਿਸਤਾਨ ਵਿੱਚ ਹੁੰਦਿਆਂ ਹੀ ਅਭਾਗਾ ਸ਼ਾਹ ਅਫ਼ਗਾਨਾਂ ਦੇ ਹਥੋਂ (੫ ਅਪ੍ਰੈਲ ੧੮੪੨ ਨੂੰ, ਆਪਣੇ ਕਈ ਰੁਕਨਾਂ ਸਮੇਤ, ਇਸ ਲਈ ਮਾਰਿਆ ਗਿਆ ਕਿ ਉਸ ਨੇ ਫ਼ਰੰਗੀਆਂ ਤੇ ਸਿੱਖਾਂ (ਵਿਦੇਸ਼ੀਆਂ) ਦੀ ਮਦਦ ਨਾਲ ਆਪਣੇ ਮੁਲਕ ਤੇ ਹਮਲਾ ਕੀਤਾ ਹੈ. ਐਸੀ ਘੋਰ ਦੁਖਦਾਈ, ਭਿਆਨਕ ਤੇ ਸ਼ੋਕਮਈ ਦਸ਼ਾ ਵਿੱਚ ਦਾਨਸ਼ਮੰਦ ਤੇ ਬਹਾਦਰ ਬ੍ਰਟਿਸ਼ ਜੈਨਰਲ ਨੱਟ (Nott) ਸਤੰਬਰ ੧੮੪੨ ਵਿੱਚ (ਕਾਬਲ ਤੋਂ ਤਕਰੀਬਨ ੮੦ ਮੀਲ ਤੇ) ਗ਼ਜ਼ਨੀ ਪਹੁੰਚਿਆ ਤੇ ਉੱਥੋਂ ਸੋਮਨਾਥ ਦੇ ਪੁਰਾਤਨ ਦਰਵਾਜ਼ਿਆਂ ਨੂੰ, ਉਹਨਾਂ ਦੀ ਚੁਕਾਠ ਸਮੇਤ, ਨਾਲ ਲੈ ਕੇ ੧੭ ਸਤੰਬਰ ਨੂੰ ਕਾਬਲ ਆਇਆ, ਜਿੱਥੇ ਦੋ ਦਿਨ ਪਹਿਲਾਂ ਪੌਲਾਕ (Pollock : ਉਸ ਜੰਗ ਦਾ ਮੁਖੀ, ਦਲੇਰ ਤੇ ਜ਼ੋਰਾਵਰ ਜਰਨੈਲ) ਪਹੁੰਚ ਚੁਕਾ ਸੀ. ਇੱਥੋਂ ਵਿਜੈ ਦਾ ਡੰਕਾ ਵਜਾਂਦੇ ਹੋਏ, ਸ਼ਾਹੀ ਜਲੂਸ ਦੀ ਸ਼ਕਲ ਵਿੱਚ, ਆਪਣੇ ਅਦਭੁਤ ਅਜੂਬੇ ਦੇ ਨਾਲ ਨੱਟ ਸਾਹਿਬ (A. D. Innes' Hist. p. 246, ਅਨੁਸਾਰ) ੧੨ ਅਕਤੂਬਰ ੧੮੪੨ ਨੂੰ ਆਗ੍ਰੇ ਵਲ ਤੁਰੇ ਤੇ ਬਰਾਸਤਾ

Sri Satguru Jagjit Singh Ji eLibrary NamdhariElibrary@gmail.com

ਲਹੌਰ ੨੩ ਦਸੰਬਰ ਨੂੰ (*Capt. Leopold von Orlich's Travels in India, Vol I. London, 1845, p. 192. ਅਨੁਸਾਰ) ਸਤਲੁਜ ਪਾਰ ਹੋਏ. ਅਫ਼ਸੋਸ ਕਿ ਸ਼ੇਰ-ਇ-ਪੰਜਾਬ ਮਹਾਰਾਜਾ ਰੰਜੀਤ ਸਿੰਘ ਜੀ ਸਾਢੇ ਤਿੰਨ ਸਾਲ ਪਹਿਲਾਂ ਗੁਜ਼ਰ ਚੁਕੇ ਸਨ !

* "General Nott crossed the Sutlej with his corps on the 23rd of December, the anniversary of the murder of Sir William Mc. Naughten (at Kabul). He brought with him the famous sandlewood gates of Somnauth, which were covered with red cloth, embroidered with gold, and drawn by twenty-four oxen. It is said that Mahmood the Ghuznavide took these gates with him to Ghuznee, when he destroyed the temple of Somnauth, in 1025, but this splendid Hindoo temple, to which they are to be restored retains scarcely a trace of its former magnificence, and its remains have been converted into a mosque. The Maharaja Sher Singh, had not only sent a body guard to receive the gates on British territory, but had given a present of a sum of money to the escort. When I went to examine the gates more closely, the next day, I found a number of Brahmins, strewing flowers upon them, who assured me there was not the slightest doubt that they were genuine. They are most skilfully carved with stars and arabesques, and bordered with Kufic characters, but unfortunately the gates are so much injured, that scarcely the half of the beautiful work has been preserved."† [Travels in India, by Capt. Leopold Von Orlich, Vol. I. London, 1845, Longman, Brown, Green & Longmans; pp. 192—194.]

†"So much interest has been excited by the circumstances relative to these celebrated gates, that the reader will doubtless be gratified by the following extract from the Archaeologia, Vol. XXX. 1844 :—

'Letter from C. J Richardson, Esq., F. S. A. to Sir Henry Ellis, K. H., F. R. S., Secretary, accompanying a drawing, with details of the sandal-wood gates of Somnauth. I have the honour of laying before the Society of Antiquaries a drawing of the celebrated sandal-wood gates of Somnauth: it has been made from some elaborate sketches taken by Lieut. Col. Luard, in the camp of Loodiana, in January last. Independently of the historical interest which these gates possess, they merit consideration from the beauty of their design and execution, proving the high state of art among the Hindoos at the remote period of their construction: they are probably one thousand years old. The temple of Somnauth in Guzerat was considered by the Hindoos as the holiest in India, and—It was frequented, says Vigne, quoting Ferishta, —in the time of the eclipses

ਬਾਕੀ ਸਫ਼ਾ ੧੨੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

(੪੨) ਗੁਰਦੁਆਰਿਆਂ ਵਿੱਚੋਂ ਮਹਾਰਾਜਾ ਸਾਹਿਬ ਕੇਵਲ ਸ੍ਰੀ ਹਰਿ ਮੰਦਿਰ ਦਰਬਾਰ ਸਾਹਿਬ, ਅੰਮ੍ਰਿਤਸਰ, ਜਾਣ ਦੇ ਅਖੰਡ ਨੇਮੀ ਸਨ. ਰੋਜ਼ਨਾਮਚਿਆਂ ਤੋਂ ਨਿਸ਼ਚਿਤ ਹੁੰਦਾ ਹੈ ਕਿ ਸ਼ਾਇਦ ਹੀ ਕੋਈ ਸੰਕ੍ਰਾਂਤ ਐਸੀ ਹੋਵੇ ਜਿਸ ਤੇ ਉਹਨਾਂ ਨੇ ਇਸ ਪਰਮ ਪੁਰਾਤਨ, ਤੇ ਪਾਵਨ, ਅਸਥਾਨ ਦੇ ਦਰਸ਼ਨ

ਸਫ਼ੇ ੧੨੫ ਦੀ ਬਾਕੀ

by from 200,000 to 300,000 people.—The idol was supplied twice daily, with fresh water from the Ganges, though that river was about a thousand miles distant. The temple is described as being a superb edifice, built of hewn stone, its lofty roof supported by fifty six pillars, curiously carved, and set with precious stones. In the centre of the hall was the great idol Somnauth, a stone figure five yards in height, two of which were sunk in the ground.

The temple was destroyed by Mahmood of Ghuzni, A. D. 1025. He ordered two pieces of the idol to be broken off, and sent to Ghuzni, that one might be laid at the threshold of the principal mosque, and the other at the gate of his own palace. These identical fragments are mentioned by Mr. Vigne, who visited Ghuzni in 1836, as still to be seen there. Two more fragments were reserved to be sent to Mecca and Medina. It is a well authenticated fact, that when Mahmood was employed in destroying the idol, a crowd of Brahmins petitioned his attendants, and offered a quantity of gold if the king would desist from further mutilation. His officers endeavoured to persuade him to accept of the money; for they said that breaking one idol would not do away with idolatry altogether but that such a sum given in charity among true believers would be a meritorious act. The king acknowledged there might be reason in what they said, but replied, if he should consent to such a measure his name would be handed down to posterity as Mahmood, THE IDOL-SELLER, whereas he was desirous of being known as Mahmood, the DESTROYER OF IDOLS : he therefore directed the troops to proceed in their work. The next blow broke open the body of the statue, which was hollow, and discovered a quantity of diamonds, rubies and pearls, of much greater value than the amount of money offered by the Brahmins.

After the destruction of the temple, the gates were carried by Mahmood to Ghuzni, where for 800 years they adorned the entrance to his tomb. In October, 1842, they were removed and carried away by Major-General Nott and crossed the Sultej with the army on the 23rd December; and Lieutenant Colonel Luard, who writes January 17th, says, They are now moving in procession, to be restored to the temple of Somnauth.

ਬਾਕੀ ਸਫ਼ੇ ੧੨੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਨ ਕੀਤੇ ਹੋਵਨ, ਭੇਟਾ ਦੇ ਪਦਾਰਥ ਨ ਚੜ੍ਹਾਏ ਹੋਵਨ, ਅਰ ਮੰਦਿਰ ਦੀ ਪਵਿਤ੍ਰ ਦਹਿਲੀਜ਼ ਤੋਂ ਸੰਗਤ ਦੇ ਚਰਨਾਂ ਦੀ ਕਲਿਆਣ ਕਾਰੀ ਰਜ ਆਪਣੇ ਮਸਤਕ ਤੇ, ਇਹ ਕਹਿੰਦਿਆਂ ਹੋਇਆਂ ਨ ਲਾਈ ਹੋਵੇ, 'ਧੰਨ ਧੰਨ ਦਰਬਾਰ ਸਾਹਿਬ, ਲੋਕ ਪਰਲੋਕ ਦੇ ਵਾਲੀ, ਦੋ ਜਹਾਨਾਂ ਦੇ ਸੁਖ ਬਖ਼ਸ਼ਣਹਾਰੇ' ! ਹੋਰ

ਸਫ਼ੇ ੧੨੬ ਦੀ ਬਾਕੀ

The gates are eleven feet in height and nine feet in width; the upper portion is still perfect. Surrounding them is the door case, torn from the tomb of Mahmood. On this portion is an inscription in the Kufic character, which may be thus translated :—In the name of the merciful and compassionate God, there is mercy from the habitation of God for the most illustrious Ameer and Surdar (whose ancestors were kings), the right hand of the state, the defender of the faith and the father of Casim Mahmood, son of Subuktugeen : may the merciful God be with him, and if God have pardoned there is mercy for him !" A short History of the British in India ਦੇ ੨੪੬ ਵੇਂ ਪੰਨੇ ਤੇ A. D. Innes ਲਿਖਦਾ ਹੈ ਕਿ ਜਦ ਇਹ ਦਰਵਾਜ਼ੇ ਫ਼ੀਰੋਜ਼ਪੁਰ ਪਹੁੰਚੇ ਤਾਂ ਉੱਥੇ ਵਿਸ਼ੇਸ਼ ਕਰਕੇ "ਸਿੱਖਾਂ ਨੂੰ ਪ੍ਰਸੰਨ ਕਰਨ ਲਈ, ਏਹਨਾਂ ਦਾ ਬੜੇ ਸਨਮਾਨ ਨਾਲ ਜਲੂਸ ਕਢਿਆ ਗਿਆ:-- "At Ferozpur there was a grand review, with great pomp and circumstance, intended especially to impress the Sikhs." 'ਸਿੱਖਾਂ ਨੂੰ ਪ੍ਰਭਾਵਿਤ ਕਰਨ ਲਈ', ਇਸ ਵਾਸਤੇ ਕਿ ਇਹ ਦਰਵਾਜ਼ੇ ਮਹਾਰਾਜਾ ਰੰਜੀਤ ਸਿੰਘ ਦੀ ਇਛਾ ਪੂਰਤੀ ਲਈ ਆਏ ਸਨ, ਜਿਹਾ ਕਿ ਉੱਪਰ ਐਲੈਗਜ਼ੈਂਡਰ ਬਰਨਜ਼ ਦਾ ਹਵਾਲਾ ਦੇ ਕੇ ਦਸਿਆ ਜਾ ਚੁਕਾ ਹੈ, ਤੇ ਸਿੱਖ ਚੂੰਕਿ ਹਿੰਦੂਆਂ ਵਿੱਚੋਂ ਅਜੇ ਤਕ ਸ਼ੁੱਧ ਸੁਤੰਤ੍ਰਤਾ ਦੀ ਵਾਯੂ ਵਿੱਚ ਸਾਹ ਲੈ ਰਹੇ ਸਨ. ਪਰ ਉਸ ਵਕਤ ਦੇ ਅੰਗ੍ਰੇਜ਼ਾਂ ਦੀ ਫ਼ਿਤਰਤ ਵਿੱਚ ਆਪਣੀ ਪ੍ਰਜਾ ਲਈ ਤੇ ਜ਼ਾਤ-ਇ-ਇਨਸਾਨੀ ਲਈ ਅਜੇ ਤਕ ਕਾਫ਼ੀ ਪਿਆਰ, ਸਤਕਾਰ ਤੇ ਹਮਦਰਦੀ ਸੀ, ਜਿਨ੍ਹਾਂ ਸਿਫ਼ਤਾਂ ਦੀ ਬਦੌਲਤ ਉਹਨਾਂ ਨੇ ਇਸ ਕਾਰਜ ਲਈ ਇਤਨੀ ਦਿਲਚਸਪੀ ਲਈ, ਉਤਸ਼ਾਹ ਪ੍ਰਗਟ ਕੀਤਾ, ਤਕਲੀਫ਼ ਉਠਾਈ ਤੇ ਖ਼ਰਚ ਕਰਨ ਵਿੱਚ ਜ਼ਰਾ ਵੀ ਕੋਤਾਹੀ ਪ੍ਰਗਟ ਨਹੀਂ ਕੀਤੀ. ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ ਤੇ ਰੱਬ ਦੇ ਪਾਕ ਪੁੱਤਰ ਦੇ ਤਨਖ਼ਾਹ ਦਾਰ ਸੇਵਕਾਂ ਨੇ ਅੰਗ੍ਰੇਜ਼ਾਂ ਤੋਂ ਅਤੇ ਹੋਰ ਯੂਰਪੀਨ ਆਲਿਮਾਂ ਤੋਂ, ਏਹਨਾਂ ਦਰਵਾਜ਼ਿਆਂ ਦੇ ਵਸੀਲੇ ਹਿੰਦੂ ਪ੍ਰਾਚੀਨਤਾ ਦੀ ਅਜ਼ੀਮ ਤਾਰੀਫ਼ ਸੁਣੀ ਤਾਂ ਉਹਨਾਂ ਤੋਂ ਸਹਾਰੀ ਨ ਗਈ; ਉਹ ਅੱਗ ਬਗੋਲਾ ਹੋ ਗਏ ਕਿ ਹਕੂਮਤ ਦੇ ਆਦਮੀ ਖ਼ੁਦ ਕਿਉਂ ਬੁਤ ਪ੍ਰਸਤਾਂ ਵਾਂਗ ਦਰਵਾਜ਼ਿਆਂ ਦੀ ਪੂਜਾ ਕਰਵਾ ਰਹੇ ਹਨ; ਸੋ ਉਹਨਾਂ ਨੇ ਕਹਾਣੀ ਘੜੀ ਕਿ ਦਰਵਾਜ਼ੇ ਅਸਲੀ ਨਹੀਂ, ਨਕਲੀ ਹਨ ਤੇ ਵਰਤਮਾਨ ਸਮੇਂ ਦੀ ਸਾਖ਼ਤ ਹਨ. ਚੁਨਾਂਚਿ ਬੀਸ੍ਹੀਂ ਸਦੀ ਦੇ ਕਈ

ਬਾਕੀ ਸਫ਼ਾ ੧੨੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਿਆਂ ਵਿੱਚੋਂ ਸ੍ਰੀ ਤਰਨ ਤਾਰਨ ਦੇ ਸੰਬੰਧ ਵਿੱਚ (ਰੋਜ਼ਨਾਮਚਾ ਕ੍ਰਿਤ ਸੋ. ਲਾਲ ਸੂਰੀ, ਅੰਗ੍ਰੇਜ਼ੀ, ਪੰ: ੨੯੮ ਤੇ) ੧੭ ਜੁਲਾਈ ੧੮੩੬ ਦਾ ਜ਼ਿਕਰ ਹੈ ਕਿ "ਸਾਰੇ ਸ਼ਹਿਰ ਦੇ ਚੌਗਿਰਦੇ ਦੀਵਾਰ ਬਣਾਣ ਦਾ ਹੁਕਮ ਦਿੱਤਾ ਤੇ ਹਿਦਾਇਤ ਕੀਤੀ ਕਿ ਇਸ ਵਿੱਚ ਚੌਦਾਂ ਐਸੇ ਬ੍ਰਿਹਦਾਕਾਰ ਦਰਵਾਜ਼ੇ ਰੱਖੇ

ਸਫ਼ੇ ੧੨੭ ਦੀ ਬਾਕੀ

ਅੰਗ੍ਰੇਜ਼ਾਂ ਦੀਆਂ ਤਵਾਰੀਖਾਂ ਵਿੱਚ (ਜ਼ਿੱਕੁਰ J. C. Powell Price ਨੇ ਆਪਣੀ A History of India, published by Thomas Nelson, London, 1955 ਦੇ ਪੰਨੇ ੫੨੫ ਪਰ) ਬਿਨਾਂ ਜ਼ਰਾ ਵੀ ਕੋਈ ਦਲੀਲ ਯਾ ਸਬੂਤ ਪੇਸ਼ ਕਰਨ ਦੇ, ਏਹਨਾਂ ਨੂੰ ਨਕਲੀ ਲਿਖਿਆ ਹੈ. ਸੋ ਯਾ ਤਾਂ ਇਹ ਲੇਖਕ ਪਾਦਰੀਆਂ ਦੇ ਆਖੇ ਲੱਗੇ ਹਨ, ਤੇ ਯਾ ਏਹਨਾਂ ਨੇ ਉਹਨਾਂ ਪ੍ਰਾਚੀਨ ਪੁਸਤਕਾਂ ਨੂੰ ਨਹੀਂ ਵੇਖਿਆ ਜਿਨ੍ਹਾਂ ਦੇ ਹਵਾਲੇ ਉੱਪਰ ਮੈਂ ਪਾਠਕ ਦੀ ਦ੍ਰਿਸ਼ਟੀ ਗੋਚਰ ਕਰ ਚੁਕਾ ਹਾਂ, ਅਰ ਜਿਨ੍ਹਾਂ ਵਿੱਚ ਪ੍ਰਬੀਣ ਜਰਮਨ ਤੇ ਅੰਗ੍ਰੇਜ਼ ਸਿਆਣਿਆਂ ਨੇ ਆਪਣੇ ਬ੍ਰਿਤਾਂਤ, ਦਰਵਾਜ਼ਿਆਂ ਨੂੰ ਆਪਣੀ ਚਸ਼ਮੀਂ ਵੇਖ ਕੇ, ਚੰਗੀ ਤਰ੍ਹਾਂ ਉਹਨਾਂ ਦੀ ਪ੍ਰਾਚੀਨਤਾ ਨੂੰ ਪਰਖ ਕੇ, ਤੇ ਤਸਦੀਕ ਕਰ ਕੇ ਲਿਖੇ ਹਨ. ਪਰ ਮੇਰਾ ਮਨੋਰਥ ਏਹਨਾਂ ਦੀ ਅਸਲੀਅਤ ਸਾਬਤ ਕਰਨ ਦਾ ਇਤਨਾ ਨਹੀਂ ਜਿਤਨਾ ਇਹ ਦੱਸਣ ਦਾ ਹੈ ਕਿ ਮਹਾਰਾਜਾ ਰੰਜੀਤ ਸਿੰਘ ਨੂੰ, 'ਕੱਟਰ ਸਿੱਖ' ਹੁੰਦਿਆਂ ਹੋਇਆਂ ਵੀ, ਆਪਣੀ ਹਿੰਦੂ ਪ੍ਰਾਚੀਨਤਾ ਅਤੇ ਹਿੰਦੂ ਪਣੇ ਪੁਰ ਅਮਿਤ ਮਾਣ ਸੀ. ਐਨਸਾਈਕਲੋਪੀਡੀਆ ਬ੍ਰਿਟਾਨੀਕਾ ਦੀ ਯਾਰਵੀਂ ਐਡਿਸ਼ਨ (ਸਨ ੧੯੧੦--੧੯੧੧), ਦੀ ਪੰਦਰਵੀਂ ਜਿਲਦ ਦੇ ੩੯੩--੪ ਪੰਨਿਆਂ ਪੁਰ ਸੋਮਨਾਥ ਦੇ ਦਰਵਾਜ਼ਿਆਂ ਸੰਬੰਧੀ ਇੰਉਂ ਲਿਖਿਆ ਹੈ: "The famous Gates of Somnath, which were supposed to have been carried off by Mahmud to Ghazni, had probably no connexion with Somnath. They are built of Deodar (11 ft. in height and 9 1/2 ft. in width) and are richly carved in geometric saracenic patterns. The gates were attached to the building covering Mahmud's tomb at Ghazni until their removal to India, under Lord Ellenborough's order, on the evacuation of Afghanistan in 1842. They are now contained in the arsenal at Agra." ਸੋਮਨਾਥ ਦਾ ਮੰਦਿਰ ਮਹਿਮੂਦ ਤੋਂ ਬਾਦ ਪੰਜ ਵੇਰ ਫਿਰ ਹੋਰ ਤਬਾਹ ਹੋ ਚੁਕਾ ਹੈ, ਤੇ ਹੁਣ ਸਤਵੀਂ ਵਾਰ ਵੱਲਭ ਭਾਈ ਪਟੇਲ ਦੇ ਉੱਦਮ ਨਾਲ ਭਾਰਤ ਦੀ ਆਜ਼ਾਦੀ ਮਗਰੋਂ ਬਣਿਆ ਹੈ. ਇਸ ਦਾ ਬੁਨਿਆਦੀ ਪੱਥਰ ਜਾਮ ਸਾਹਬ ਨੇ ੮ ਮਈ, ੧੯੫੦ ਨੂੰ ਰਖਿਆ ਸੀ. (ਏਹਨਾਂ ਮੰਦਿਰਾਂ ਦੀ ਮੁਕੰਮਲ ਤਵਾਰੀਖ਼ ਲਈ ਦੇਖੋ, Somnath The Shrine Eternal, by K. M. Munshi, published by Bharati Vidya Bhawan, Bombay 1952.) "When Shah Shuja in 1831 treatied with Maharaja Ranjit Singh for aid to recover the throne of Cabul, one of Ranjit's stipulations was the restoration of the gates to Somnath. A still more remarkable

ਬਾਕੀ ਸਫ਼ਾ ੧੨੯ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਜਾਵਨ ਜਿਨ੍ਹਾਂ ਵਿੱਚੋਂ ਹਾਥੀ ਹੌਦਿਆਂ ਸਮੇਤ ਸਹਿਜੇ ਹੀ ਲੰਘ ਸਕਨ. ਇੱਕ ਵੇਰ ਸ੍ਰੀ ਤਰਨ ਤਾਰਨ ਜਾਣ ਦਾ ਵਰਣਨ ਵੀ ਆਇਆ ਹੈ (੬-੭ ਫ਼ਰਵਰੀ ੧੮੧੬, ਪੰ: ੧੦੨-੧੦੩, ਪੰਜਾਬ ਸਰਕਾਰ ਮਾਨੋਗ੍ਰਾਫ਼ ਨੰ: ੧੭). ਇਸ ਤੋਂ ਇਲਾਵਾ ਨਨਕਾਣਾ ਸਾਹਿਬ ਦਾ ਕੇਵਲ ਇੱਕੋ ਵੇਰ ਜ਼ਿਕਰ ਹੈ ਕਿ "੧੮ ਮਾਰਚ ਸਨ ੧੮੩੬ ਨੂੰ ਮਹਾਰਾਜਾ ਸਾਹਿਬ ਦਰਸ਼ਨ ਲਈ ਸ੍ਰੀ ਨਨਕਾਣਾ ਸਾਹਿਬ ਗਏ; ਅਰ ੫੨੫) ਰੁਪਏ ਤੇ ਤਿੰਨ ਪੁਸ਼ਾਕੇ ਅਰਦਾਸ ਕਰਵਾਏ (ਪੰ: ੨੮੨, ਸੂਰੀ-ਅੰਗ੍ਰੇਜ਼ੀ). ਪਰ ਨਨਕਾਣਾ ਸਾਹਿਬ ਦੇ ਕਿਸੇ ਮੇਲੇ ਯਾ ਧਾਰਮਿਕ ਸਮਾਗਮ ਦਾ ਕੋਈ ਵਰਣਨ ਨਹੀਂ ਜਿਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਦੇ ਦੁਸਹਿਰੇ, ਦਿਵਾਲੀ ਤੇ ਵਿਸਾਖੀ ਦੇ ਮੇਲਿਆਂ ਦਾ ਹੈ. ਪੰਜਾ ਸਾਹਿਬ ਦਾ ਵੀ ਕੇਵਲ ਇੱਕੋ ਵੇਰ ਅਕਸਮਾਤੀ ਜਿਆ ਜ਼ਿਕਰ ਆਇਆ ਹੈ, ਕਿ "੨੪ ਮਈ, ਐਤਵਾਰ ਨੂੰ ਮਹਾਰਾਜਾ ਸਾਹਿਬ ਨੌਸ਼ੈਹਰੇ ਤੋਂ ਰਵਾਨਾ ਹੋਏ ਤੇ ਅੱਟਕ ਪਹੁੰਚੇ, ੨੫ ਨੂੰ ਦਰਯਾਏ ਹਾਰੂ ਦੇ ਕਿਨਾਰੇ, ਤੇ ੨੬ ਨੂੰ ਪੰਜਾ ਸਾਹਿਬ ਪਹੁੰਚ ਕੇ, ੨੭ ਨੂੰ 'ਜਾਨੀ ਦੇ ਸੰਗ' ਪਹੁੰਚ ਗਏ." ਇਸ ਤੋਂ ਪ੍ਰਗਟ ਹੈ ਕਿ ਪੰਜਾ ਸਾਹਿਬ ਵਿੱਚ ਉਸ ਸਮੇਂ ਕੋਈ ਗੁਰਦੁਆਰਾ, ਯਾ ਕੋਈ ਹੋਰ ਸਿੱਖ-ਸੰਤ ਆਸ਼੍ਰਮ ਨ ਸੀ, ਵਰਨਾ ਕਦੇ ਸੰਭਵ ਨਹੀਂ ਕਿ ਮਹਾਰਾਜਾ ਸਾਹਿਬ ਉੱਥੇ ਦਰਸ਼ਨ ਲਈ

ਸਫ਼ੇ ੧੨੮ ਦੀ ਬਾਕੀ

fact (stated in a report by Capt. Claude Wade, dated 21st November 1831) is that the Shah reminded the Maharaja of a prophecy that foreboded the downfall of the Sikh dominion on the removal of the Ghazni gates. The gates were removed to India in the end of 1842; and the Sikh kingdom practically collapsed with the death of Sher Singh in September 1843." (Ency. Brit. 9th. ed., 1879 Vol. X. pp. 560—1, under Ghazni.)

ਮੇਜਰ ਟੀ. ਬੀ. ਜਰਵਿਸ, ਜਿਸ ਨੇ ਬੈਰਨ ਹੂਗਲ ਦੀ ਕਿਤਾਬ ਨੂੰ ਸੰਪਾਦਿਤ ਕੀਤਾ ਹੈ ਉਹ ਹੂਗਲ ਕ੍ਰਿਤ, Travels in Kashmir and the Punjab, London, 1845 ਦੇ ਪੰਨਾ ੬੩ ਪੁਰ (ਫੁਟ ਨੋਟ ਵਿੱਚ) ਲਿਖਦਾ ਹੈ :—"In March, 1830, I traversed the country at the foot of the Abu mountains, on the borders of Rajputana, in company with Colonel Sherreff, Bombay Army. On our way from the ruins of the celebrated ancient city, Chandrawati—whence the famous gates of Ghazni really came—in the direction of Girwar (i. e. Girnar) ....."

ਐਨੇ ਭਿੰਨ ੨ ਮਤਿਆਂ ਦੇ ਆਧਾਰ ਪੁਰ ਹੁਣ ਪਾਠਕ ਆਪ ਹੀ ਫ਼ੈਸਲਾ ਕਰੋ ਕਿ ਇਹ ਦਰਵਾਜ਼ੇ ਅਸਲੀ ਸਨ ਯਾ ਨਕਲੀ, ਪਰ ਜੋ ਕੁੱਝ ਵੀ ਸਨ, ਰੰਜੀਤ ਸਿੰਘ ਨੇ ਏਹਨਾਂ ਨੂੰ ਅਸਲੀ ਮੰਨ ਕੇ ਏਹਨਾਂ ਦੀ ਪ੍ਰਾਪਤੀ ਲਈ ਆਪਣੀ ਬਾਦਸ਼ਾਹਤ ਤਕ ਦੀ ਬਾਜ਼ੀ ਲਗਾ ਦਿੱਤੀ !

Sri Satguru Jagjit Singh Ji eLibrary NamdhariElibrary@gmail.com

ਨ ਜਾਂਦੇ ਤੇ ਭੇਟਾ ਨ ਚੜ੍ਹਾਂਦੇ. ਲਹੌਰ ਨਗਰ ਦੇ ਗੁਰਦੁਆਰਿਆਂ ਦਾ ਕੋਈ ਵਿਸ਼ੇਸ਼ ਬ੍ਰਿਤਾਂਤ ਨਹੀਂ. ਉਹਨਾਂ ਵਿੱਚੋਂ ਕਿਸੇ ਵਿੱਚ ਕਦੇ ਕੋਈ ਸਮਾਗਮ ਹੋਣ ਦਾ, ਤੇ ਉਸ ਵਿੱਚ ਮਹਾਰਾਜਾ ਸਾਹਿਬ ਦੇ ਜਾਣ ਦਾ ਮੁਤਲਿਕ ਕੋਈ ਇਸ਼ਾਰਾ ਨਹੀਂ. ਫਿਰ ਕਿਵੇਂ ਕਲਪਣਾ ਕੀਤੀ ਜਾਇ ਕਿ ਓਦੋਂ ਗੁਰਪੁਰਬ ਮਨਾਏ ਜਾਂਦੇ ਸਨ, ਯਾ ਮਹਾਰਾਜਾ ਰੰਜੀਤ ਸਿੰਘ ਦੇ ਰਾਜਕੀਯ (Royal) ਖਾਲਸਾ ਪੰਥ ਤੋਂ ਇਲਾਵਾ ਜਨਤਾ ਦਾ ਕੋਈ ਹੋਰ ਵਖਰਾ ਖਾਲਸਾ ਪੰਥ ਸੀ, ਜਿਸ ਦੀ ਮਰਯਾਦਾ, ਯਾ ਰਹੁ ਰੀਤਿ, ਮਹਾਰਾਜਾ ਸਾਹਿਬ ਦੀ 'ਹਿੰਦੂ-ਖ਼ਾਲਸਾ ਮਰਯਾਦਾ' ਤੋਂ ਭਿੰਨ ਸੀ ?

ਇਹ ਪ੍ਰਤਾਪੀ ਪੁਰਖ, ਮੇਰੇ ਅਧਯੈਨ ਦਾ ਇਹ ਅੰਤਿਮ ਨਿਰਣਾ ਹੈ, ਕਿ ਸ਼ਰੀਅਤ ਵਿੱਚ ਕੱਟਰ ਸਿੱਖ ਸੀ; ਤਰੀਕਤ ਵਿੱਚ ਹਿੰਦੂ-ਸਿੱਖ; ਮਾਰਫ਼ਤ ਵਿੱਚ ਹਿੰਦੂ-ਸਿੱਖ-ਮੁਸਲਮਾਣ, ਸਭ ਕੁੱਝ; ਤੇ ਹਕੀਕਤ ਵਿੱਚ ਕੁੱਝ ਵੀ ਨਾਂ ! ਬਸ— ਨਿੱਤ, ਸ਼ੁੱਧ, ਆਪੇ ਆਪ ! ਜਿਥੇ ਅਕਾਲ ਪੁਰਖ ਨੇ ਇਸ ਤੇ ਆਪਣੇ ਵਿਸ਼ਾਲ ਰਾਜ ਦੇ ਬੰਦੇ ਬੰਦੇ ਦੇ ਬੰਦ ਬੰਦ ਦਾ ਰਾਜ਼ ਇਫ਼ਸ਼ਾ ਕੀਤਾ ਹੋਇਆ ਸੀ, ਉੱਥੇ ਇਸ ਨੂੰ ਆਪਣੀ ਹਕੀਕਤ ਦੇ ਰਾਜ਼ ਤੋਂ ਵੀ ਮਹਿਰੂਮ ਨ ਰਖਿਆ ਹੋਇਆ ਸੀ ! ਕੀ ਇਸ ਤੋਂ ਵਧੀਕ ਕੋਈ ਕੱਟਰ ਪਣੇ ਦੀ ਹੋਰ ਮਿਸਾਲ ਮਿਲ ਸਕਦੀ ਹੈ ? ਦੇਖੋ, 'ਸੂਰੀ—ਅੰਗ੍ਰੇਜ਼ੀ, ਪੰ: ੧੯੫, "Pandit Harkishan, son of Pandit Madhusudan, came to the Maharaja, who asked him to take PAHUL first & after that he would be given command over some of the troops granting him at the same time one Plume set with Pearls and Rs.200. He got ready to accept PAHUL and his father began to shed tears on that misfortune and the Raja Kalan (i. e. Raja Dhyan Singh) advised and counselled the boy to desist, but all was invain." ਅਰਥਾਤ, "ਪੰਡਿਤ ਮਧੁਸੂਦਨ ਦਾ ਪੁੱਤਰ, ਪੰਡਿਤ ਹਰਿ ਕਿਸ਼ਨ, ਮਹਾਰਾਜਾ ਦੇ ਪਾਸ ਆਇਆ, ਜਿਸ ਨੇ ਉਹਨੂੰ ਕਿਹਾ ਕਿ ਪਹਿਲਾਂ ਪਹੁਲ ਛਕ ਲੈ ਤੇ ਮਗਰੋਂ ਤੈਨੂੰ ਫ਼ੌਜ ਦੇ ਕਿਸੇ ਦਸਤੇ ਦੀ ਕਮਾਨ ਅਫ਼ਸਰੀ ਸੌਂਪ ਦਿੱਤੀ ਜਾਵੇਗੀ, ਤੇ ਨਾਲ ਹੀ ਇੱਕ ਮੋਤੀ ਜੜਿਤ ਖੰਬ (ਕਲਗੀ), ਤੇ ਦੋ ਸੌ ਰੁਪਏ ਨਕਦ ਵੀ ਮਨਜ਼ੂਰ ਕੀਤੇ. ਉਹ ਪਹੁਲ ਛਕਣ ਨੂੰ ਤਿਆਰ ਹੋ ਗਿਆ, ਤੇ ਉਸ ਦਾ ਬਾਪ ਇਸ ਬਦ ਕਿਸਮਤੀ ਤੇ ਅਥਰੂ ਕੇਰਨ ਲਗ ਪਿਆ. ਰਾਜਾ ਕਲਾਨ (ਰਾਜਾ ਧਿਆਨ ਸਿੰਘ) ਨੇ ਮੁੰਡੇ ਨੂੰ ਨਸੀਹਤਾਂ ਕੀਤੀਆਂ ਤੇ ਸਲਾਹਾਂ ਦਿਤੀਆਂ ਕਿ ਬਾਜ਼ ਆ ਜਾਵੇ, ਪਰ ਸਭ ਬਿਅਰਥ ਸਾਬਤ ਹੋਈਆਂ." ਪਰ ਚੇਤੇ ਰਹੇ ਕਿ ਮਹਾਰਾਜਾ ਨੇ ਜਦ ਵੀ ਪਹੁਲ ਛਕਣ ਲਈ ਕਿਸੇ ਨੂੰ ਪ੍ਰੇਰਿਆ,

Sri Satguru Jagjit Singh Ji eLibrary NamdhariElibrary@gmail.com

ਕੇਵਲ ਹਿੰਦੂ ਨੂੰ ਹੀ ਪ੍ਰੇਰਿਆ; ਬਲਕਿ ਹਿੰਦੂਆਂ ਵਿੱਚੋਂ ਵੀ ਕੇਵਲ ਉੱਚ ਵਰਣਾਂ ਦੇ ਵਿਅਕਤੀਆਂ ਨੂੰ. ਮਹਾਰਾਜਾ ਸਾਹਿਬ ਨੂੰ, ਸਨਾਤਨ ਰੀਤੀ ਅਨੁਸਾਰ, ਕਦੇ ਸੁਪਨੇ ਵਿੱਚ ਵੀ ਇਹ ਖ਼ਿਆਲ ਫੁਰਨਾ ਸੰਭਵ ਨ ਸੀ ਕਿ ਮੁਸਲਮਾਣ, ਈਸਾਈ, ਅਥਵਾ, ਭੰਗੀ, ਕਸਾਈ ਆਦਿਕ ਵੀ ਪਹੁਲ ਛਕਣ ਦੇ ਅਧਿਕਾਰੀ ਹੋ ਸਕਦੇ ਹਨ. ਕਿਉਂ ਜੋ ਉਹਨਾਂ ਦੇ ਅਕੀਦੇ ਮੁਤਾਬਕ 'ਸਿੱਖ ਬਣਨਾ' ਇੱਕ ਪ੍ਰਕਾਰ ਦਾ 'ਮੁਕੰਮਲ ਹਿੰਦੂ' ਬਣਨਾ ਸੀ. ਫਿਰ ਭਲਾ ਮੁਸਲਮਾਣ, ਈਸਾਈ, ਸ਼ੂਦ੍ਰ ਆਦਿਕ ਨੂੰ ਉਹ ਕਿਵੇਂ ਪਹੁਲ ਛਕਣ ਲਈ ਦਾਵਤ ਦੇ ਸਕਦੇ ਸਨ ਯਾ ਪ੍ਰੇਰ ਸਕਦੇ ਸਨ ? ਮਹਾਰਾਜਾ ਦੀ ਤਰੀਕਤ ਤੇ ਮਾਰਫ਼ਤ ਦੀਆਂ ਅਨੇਕਾਂ ਮਿਸਾਲਾਂ, ਉੱਪਰ, ਪਹਿਲਾਂ ਹੀ ਦਿਤੀਆਂ ਜਾ ਚੁਕੀਆਂ ਹਨ. ਪਰ ਹਕੀਕਤ ਕਿਸੇ ਕਰਮ, ਧਰਮ, ਯਾ ਵਿਚਾਰ ਦਾ ਨਾਮ ਨਹੀਂ. ਇਹ ਆਤਮਾ ਦੀ ਉਸ ਅਵਸਥਾ ਦਾ ਨਾਮ ਹੈ, ਜਿਸ ਵਿੱਚ ਉਹ, ਮਨ ਅਤੇ ਇੰਦ੍ਰੀਆਂ ਦੇ ਬੰਧਨ ਤੋਂ ਵਿਮੁਕਤ ਹੋ ਜਾਂਦਾ ਹੈ, ਤੇ ਉਸ ਨੂੰ ਪ੍ਰਤੀਤੀ ਹੋ ਜਾਂਦੀ ਹੈ ਕਿ ਇੰਦ੍ਰਯਾਤਮਕ ਤੇ ਮਾਨਸਿਕ ਸੱਚ, ਵਾਸਤਵ ਵਿੱਚ, ਨਿਜਾਤਮ ਤੇ ਬ੍ਰਹਮਾਤਮ ਸੱਚ ਦਾ ਆਭਾਸ ਮਾਤ੍ਰ ਹੀ ਹੈ; ਤੇ ਮਹਾਰਾਜਾ ਰੰਜੀਤ ਸਿੰਘ ਦੀ ਸੱਚ ਮੁੱਚ ਏਹੋ ਅੰਤਰਮੁਖੀ ਦਸ਼ਾ ਸੀ. ਦੇਖੋ, 'ਸੂਰੀ-ਅੰਗ੍ਰੇਜ਼ੀ', ਪੰ: ੨੪੫, "On the 11th of. Bhadon (25th August 1835 A D.), Kanwar Partap Singh (aged 6 years) presented himself to the Maharaja, who inquired from him how far he was versed in Persian. He said,"I am reading Khaliq Bari. The Maharaja listened to him and when he read out the verse 'the word Allah is the personal name of God', the Maharaja smiled and patted him in humour and let him go." ਅਰਥਾਤ, "ਕੰਵਰ ਪ੍ਰਤਾਪ ਸਿੰਘ (ਮਹਾਰਾਜਾ ਦਾ ਪੋਤਾ, ਕੰਵਰ ਸ਼ੇਰ ਸਿੰਘ ਦਾ ਪੁਤ੍ਰ, ਉਮਰ ੬ ਸਾਲ) ਮਹਾਰਾਜਾ ਦੇ ਪਾਸ ਆਇਆ. ਮਹਾਰਾਜਾ ਨੇ ਪੁਛਿਆ, ਤੁੱਸਾਂ ਫ਼ਾਰਸੀ ਵਿੱਚ ਕਿੰਨੀਕੁ ਤਰੱਕੀ ਕਰ ਲਈ ਹੈ ? ਉਸ ਨੇ ਕਿਹਾ, 'ਮੈਂ ਖ਼ਾਲਿਕ ਬਾਰੀ ਪੜ੍ਹ ਰਿਹਾ ਹਾਂ,' ਤਾਂ ਮਹਾਰਾਜਾ ਨੇ ਉਸ ਤੋਂ ਪੁਸਤਕ ਦਾ ਪਾਠ ਸੁਣਿਆ, ਤੇ ਜਦ ਉਹ ਪੜ੍ਹਦਾ ਪੜ੍ਹਦਾ ਇਸ ਤੁਕ ਤੇ ਆਇਆ ਕਿ, 'ਅੱਲਾਹ ਸ਼ਬਦ ਪਰਮਾਤਮਾ ਦਾ ਜ਼ਾਤੀ ਨਾਮ ਹੈ,' ਤਾਂ ਮਹਾਰਾਜਾ ਨੇ ਉਸ ਨੂੰ ਮੁਸਕਰਾਂਦਿਆਂ ਹੋਇਆਂ, ਮਜ਼ਾਕ ਵਿੱਚ, ਥਾਪੀ ਦਿੱਤੀ ਤੇ ਕਿਹਾ, ਹੱਛਾ ਜਾਓ." ਮੈਂ ਇਸ ਹਾਦਸੇ ਤੋਂ, ਅਜ ੧੨੭ ਵੱਰ੍ਹਿਆਂ ਬਾਦ, ਪ੍ਰਤੱਖ ਅਨੁਭਵ ਕਰ ਰਿਹਾ ਹਾਂ ਕਿ ਇਹ ਬ੍ਰਿੱਤੀ ਕੇਵਲ ਇੱਕ ਹਕੀਕਤ ਸ਼ਨਾਸ ਆਦਮੀ ਦੀ ਹੀ ਹੋ ਸਕਦੀ ਹੈ !

Sri Satguru Jagjit Singh Ji eLibrary NamdhariElibrary@gmail.com

(੪੩) ਪਵਿਤ੍ਰ ਅਸਥਾਨਾਂ, ਧਾਰਮਿਕ ਸਮਾਗਮਾਂ ਯਾ ਸਾਧੂ ਫ਼ਕੀਰਾਂ ਵਲ ਜਾਣ ਲਈ ਮਹਾਰਾਜਾ ਰੰਜੀਤ ਸਿੰਘ ਦੇ ਮਨ ਵਿੱਚ ਸਦਾ ਹੀ ਉਮੰਗ ਰਹਿੰਦੀ ਸੀ. ਅਰ ਜੇ ਕੋਈ ਜ਼ਰਾ ਵੀ ਐਸੇ ਪਾਸਿਆਂ ਵਲ ਜਾਣ ਲਈ ਪ੍ਰੇਰੇ ਤਾਂ ਉਹ ਫ਼ੌਰਨ ਹੀ ਬੜੀ ਸ਼ਰਧਾ ਨਾਲ ਉੱਥੇ ਜਾਣ ਲਈ ਤਿਆਰ ਹੋ ਜਾਂਦੇ ਸਨ. ਅਨੇਕਾਂ ਵੇਰ ਛੱਜੂ ਭਗਤ ਦੇ ਚਬਾਰੇ ਗਏ ਤੇ ਭੇਟਾ ਚੜ੍ਹਾਈ (ਮਾਨੋ ਗ੍ਰਾਫ਼ ਨੰ: ੧੭, ਪੰ: ੨੬੧, ੨੬੨; ਸੂਰੀ-ਅੰਗ੍ਰੇਜ਼ੀ, ਪੰ: ੧੧੩, ੪੭੪); ਤਰਨ-ਤਾਰਨ ਸਾਹਿਬ ਗਏ (ਮਾਨੋ: ੧੭, ਪੰ: ੨੩੦), ਨਗਰ ਕੋਟ ਦੇਵੀ ਦੇ ਦਰ-ਸ਼ਨਾਂ ਨੂੰ ਪਧਾਰੇ : ਦੇਖੋ, ਪੰਜਾਬ ਸਰਕਾਰ ਰੈਕਾਰਡ ਆਫ਼ਿਸ ਗ੍ਰੰਥਾਵਲੀ, ਮਾਨੋਗ੍ਰਾਫ਼ ਨੰ : ੧੭, ਪੰ: ੧੦੨, "ਸੋਮਵਾਰ, ੧੧ ਅਕਤੂਬਰ, ਸਨ ੧੮੧੩, ਕਾਂਗੜਾ-ਮਹਾਰਾਜ ਸਰਕਾਰ ਨੇ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਪਵਿਤ੍ਰ ਇਸ਼ਨਾਨ ਕੀਤਾ ਤੇ ਬਸਤਰ ਬਦਲੇ. ਜਦੋਂ ਦਿਨ ਨੂੰ ਚੜ੍ਹਿਆਂ ਚਾਰ ਘੰਟੇ ਹੋ ਗਏ ਤਾਂ ਆਪ ਘੋੜੇ ਤੇ ਸਵਾਰ ਹੋ ਕੇ ਨਗਰ ਕੋਟ ਨੂੰ ਦੇਵੀ ਦੇ ਮੰਦਿਰ ਵਲ ਚਲੇ ਗਏ. ਮੰਦਿਰ ਦੇ ਨੇੜੇ ਪਹੁੰਚ ਕੇ ਘੋੜੇ ਤੋਂ ਉਤਰ ਪਏ ਤੇ ਨੰਗੇ ਪੈਰੀਂ ਅੰਦਰ ਵੜੇ. ਇਸ ਵੇਲੇ ਦਿਨ ਦਾ ਚੌਥਾ ਹਿੱਸਾ ਲੰਘ ਚੁਕਾ ਸੀ. ਦੇਵੀ ਦੇ ਪਵਿਤ੍ਰ ਦਰਸ਼ਨ ਕਰ ਕੇ ਕ੍ਰਿਤਾਰਥ ਹੋਏ ਤੇ ਉੱਥੋਂ ਦੀਆਂ ਵਿਸ਼ੇਸ਼ ਰਸਮਾਂ ਅਦਾ ਕੀਤੀਆਂ, ਤੇ ਆਪਣਾ ਸੋਨੇ ਦਾ ਖੂੰਡਾ (Staff), ਇੱਕ ਜ਼ਰੀ ਦਾਰ ਕਪੜਿਆਂ ਦਾ ਤੇਵਰ, ਇੱਕ ਬੜਾ ਵੱਡਾ ਚੰਦੋਆ, ਅਨੇਕਾਂ ਹੀ ਹੋਰ ਜ਼ਰੂਰੀ ਵਸਤਾਂ, ਜੋ ਆਪਣੇ ਨਾਲ ਲਿਆਏ ਸਨ, ਅਤੇ ਬਾਰਾਂ ਸੌ ਰੁਪਏ ਨਕਦ ਭੇਟਾ ਚੜ੍ਹਾਏ. ਆਪ ਪੂਰੇ ਚਾਰ ਘੰਟੇ ਖੜੇ ਰਹੇ ਤੇ ਆਪਣੀਂ ਹੱਥੀਂ ਮਿਠਾਈ ਤੇ ਪੰਜ ਸੌ ਰੁਪਏ ਬ੍ਰਾਹਮਣਾਂ ਵਿੱਚ ਵੰਡੇ. ਇਸ ਤੋਂ ਬਾਦ ਪ੍ਰਸ਼ਾਦ ਲੈ ਕੇ ਗੜ੍ਹਬਾਰੇ ਦੇ ਪਿੰਡ ਵਿੱਚ ਗੁਰ ਗੁਸਾਈਂ ਦੇ ਘਰ ਪਹੁੰਚੇ, ਤੇ ਢਾਈ ਸੌ ਰੁਪਏ ਉਸ ਮਹਾਤਮਾ ਦੀ ਭੇਟਾ ਕਰ ਕੇ ਉਸ ਨੂੰ ਆਪਣੇ ਮਨ ਦੇ ਇੱਛਿਤ ਮਨੋਰਥ ਦੱਸੇ. ਗੁਸਾਈਂ ਨੇ ਕਿਹਾ, ਭਗਵਾਨ ਦੀ ਕ੍ਰਿਪਾ ਦੁਆਰਾ ਮਹਾਰਾਜ ਦੇ ਮਨ ਦੀਆਂ ਸਰਬ ਕਾਮ-ਨਾਵਾਂ ਪੂਰਨ ਹੋਨਗੀਆਂ, ਮਹਾਰਾਜ ਵਿਸ਼ਵਾਸ ਰੱਖਨ ! ਜਦੋਂ ਦਿਨ ਦਾ ਚੌਥਾ ਹਿੱਸਾ ਰਹਿ ਗਿਆ ਤਾਂ ਆਪ ਉੱਥੋਂ ਵਾਪਿਸ ਹੋ ਕੇ ਕਾਂਗੜੇ ਪਹੁੰਚੇ, ਜਿੱਥੇ ਆਪ ਦੀ ਸ੍ਵਾਗਤ ਵਿੱਚ ਤੋਪਾਂ ਚਲੀਆਂ. ਫਿਰ ਆਪ ਕਿਲੇ ਥਾਣੀਂ ਲੰਘੇ ਜਿੱਥੋਂ ਦੇ ਮੁਲਾਜ਼ਮਾਂ ਨੇ ਆਪੋ ਆਪਣੇ ਰੁਤਬੇ ਅਨੁਸਾਰ ਆਪ ਨੂੰ ਨਜ਼ਰਾਨੇ ਪੇਸ਼ ਕੀਤੇ. ਹਨੇਰਾ ਪਏ ਆਪ ਉੱਥੋਂ ਆਪਣੇ ਖ਼ੈਮੇ ਵਿੱਚ ਪਹੁੰਚੇ ਤੇ ਹੁਕਮ ਦਿੱਤਾ ਕਿ ਹੋਮ (ਹਵਨ) ਦੀ ਤਿਆਰੀ ਕੀਤੀ ਜਾਏ, ਜੋ ਅਗਲੀ ਭਲਕ ਹੋਣਾ ਸੀ. ਉਸ ਤੋਂ ਬਾਦ ਆਪ ਨੇ ਕੁੱਝ ਨਾਸ਼ਤਾ ਕੀਤਾ ਤੇ ਫਿਰ ਕਥਾ ਸੁਣੀ. ਇਸ ਵਕਤ ਤਕ ਰਾਤ ਦਾ ਚੌਥਾ ਹਿੱਸਾ ਬੀਤ ਚੁਕਾ ਸੀ." ਫ਼ਾਰਸੀ ਦੇ

Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ੀ ਤਰਜਮੇ ਦਾ ਉਲਥਾ : ਇਸ ਸਮੇਂ ਪੰਜਾਬ ਕੇਸਰੀ ਦੀ ਆਯੂ ੩੩ ਸਾਲ ਦੀ ਸੀ. "ਪ੍ਰਸਿੱਧ ਦੀਵਾਨ ਸਿੰਘ ਨੇ ਮਹਾਰਾਜ ਨੂੰ ਕਿਹਾ ਕਿ ਮੈਂ ਚੌਕ ਪਾਸੀਆਂ ਵਿੱਚ, ਸ਼੍ਰੀ ਦੇਵੀ ਜੀ ਦੇ ਪੂਜਣ ਨਮਿਤ ਇੱਕ ਅਸਥਾਨ ਬਣਵਾਇਆ ਹੈ, ਤੇ ਬੜੀ ਕ੍ਰਿਪਾ ਹੋਵੇ ਜੇ ਮਹਾਰਾਜ ਉੱਥੇ ਸ਼੍ਰੀ ਦੇਵੀ ਜੀ ਦੇ ਪਵਿਤ੍ਰ ਦਰਸ਼ਨ ਲਈ ਪਧਾਰਨ ! ਮਹਾਰਾਜ ਨੇ ਕਿਹਾ ਕਿ, ਕਲ ਚੱਲਾਂਗੇ. ਅਗਲੇ ਦਿਨ ਠੀਕ ਨਿਯਤ ਸਮੇਂ ਮਹਾਰਾਜ, ਗੋਬਿੰਦ ਗੜ੍ਹ ਦੇ ਦਮਦਮਿਆਂ (Fortifications) ਦਾ ਮੁਲਾਹਿਜ਼ਾ ਕਰ ਕੇ, ਤੇ ਤੋਪਾਂ ਦੀ ਸਲਾਮੀ ਲੈ ਕੇ, ਲੋਹ ਗੜ੍ਹ ਦੇ ਰਸਤੇ, ਦੇਵੀ ਜੀ ਦੇ ਪਵਿਤ੍ਰ ਦਰਸ਼ਨ ਨੂੰ ਗਏ. ਦੀਵਾਨ ਸਿੰਘ ਨੇ ਮਹਾਰਾਜ ਨੂੰ ੨੧ ਪੁਸ਼ਾਕੇ, ਇੱਕ ਜੋੜੀ ਸੋਨੇ ਦੇ ਕੜਿਆਂ ਦੀ ਤੇ ਤਿੰਨ ਜ਼ੇਵਰ ਭੇਟਾ ਕੀਤੇ. ਇਸ ਤੋਂ ਇਲਾਵਾ ੧੨੫ ਰੁਪਏ ਸਿਰਵਾਰਨਾ ਕੀਤਾ; ਫਿਰ, ੧੫ ਪੁਸ਼ਾਕੇ ਪ੍ਰਤਾਪੀ ਕੰਵਰ (ਖੜਕ ਸਿੰਘ) ਜੀ ਨੂੰ, ੧੧ ਰਾਜਾ ਹੀਰਾ ਸਿੰਘ ਨੂੰ, ੭ ਰਾਜਾ ਕਲਾਨ ਨੂੰ, ਤੇ ੭ ਹੀ ਜਮਾਂਦਾਰ (ਖ਼ੁਸ਼ਾਲ ਸਿੰਘ) ਨੂੰ, ਸਰਦਾਰ ਮਜੀਠੀਏ, ਸਰਦਾਰ ਜਵੰਦ ਸਿੰਘ, ਤੇ ਹੋਰ ਮੁਣਸ਼ੀਆਂ ਤੇ ਦਫ਼ਤਰੀਆਂ ਨੂੰ ਦਿੱਤੇ. ਇਸ ਤੋਂ ਉਪਰੰਤ ਮਹਾਰਾਜ ਗੁਰੂ ਬਜ਼ਾਰ ਥਾਣੀ ਦਰਬਾਰ ਸਾਹਿਬ ਗਏ ਤੇ ੫੨੫ ਰੁਪਏ ਦਰਬਾਰ ਸਾਹਿਬ ਦੀ, ੧੨੫ ਰੁਪਏ ਅਕਾਲ ਗੜ੍ਹ ਦੀ, ਤੇ ਇਤਨੀ ਹੀ ਰਕਮ ਝੰਡੇ ਬੁੰਗੇ ਦੀ, ਸ਼ਹੀਦ ਬੁੰਗੇ ਦੀ, ਦੁੱਖ ਭੰਜਨੀ ਤੇ ਘੜਿਆਲੀ ਬੁੰਗੇ ਦੀ ਭੇਟ ਕਰ ਕੇ ਰਾਮ ਬਾਗ਼ ਨੂੰ ਚਲੇ ਗਏ." (੨੩ ਅਗਸਤ, ੧੮੩੪; ਅੰਮ੍ਰਿਤਸਰ; ਸੂਰੀ-ਅੰਗ੍ਰੇਜ਼ੀ, ਪੰ: ੨੦੨, ਫ਼ਾਰਸੀ ਤੋਂ ਅੰਗ੍ਰੇਜ਼ੀ ਦਾ ਉਲਥਾ,) ਉਪ੍ਰੋਕਤ ਘਟਨਾ ਤੋਂ ਬਾਦ ਤਕਰੀਬਨ ਪੰਜ ਸਾਲ ਹੋਰ ਇਸ, ਕਲਜੁਗ ਵਿੱਚ ਅਤਿ ਅਨੋਖੇ, ਸਤਿਜੁਗੀ ਮਹੀਪ ਦੇ ਇਸੇ ਪ੍ਰਕਾਰ ਦੀ ਰੰਗ ਬਰੰਗੀ ਲੀਲਾ ਤੇ ਕ੍ਰੀੜਾ ਕਰਦਿਆਂ ਛੇਤੀ ਹੀ ਬੀਤ ਗਏ. ਦੁਸਹਿਰਿਆਂ, ਦਿਵਾਲੀਆਂ, ਲੋਹੜੀਆਂ, ਹੋਲੀਆਂ, ਵਿਸਾਖੀਆਂ, ਸੰਕ੍ਰਾਂਤਾਂ ਤੇ ਏਕਾਦਸ਼ੀਆਂ ਦੇ ਮਨੋਹਰ ਜਲੂਸ ਜੋ ਆਪੋ ਆਪਣੇ ਦੇਵਤਿਆਂ ਦੀ ਰਹਿਬਰੀ ਵਿੱਚ, ਇਸ ਦੇ ਅਨੁਭਵ ਤੋਂ, ਦਾਨ ਪਾਤ੍ਰਾਂ ਦੇ ਸ੍ਵਾਂਗ ਧਾਰ ਧਾਰ ਕੇ, ਦੇਸ਼-ਕਾਲ ਦੇ ਮੰਚ ਤੇ ਨਿਰਤ ਵਿਖਾਣ ਲਈ, ਔਨਾਂ ਲੰਮਾ ਚਿਰ ਨਮੂਦਾਰ ਹੁੰਦੇ ਰਹੇ ਤੇ ਇਸ ਦੀ ਚੇਤਨਤਾ ਦੇ ਅੱਗੋਂ ਲੰਘ ਲੰਘ ਕੇ ਇਸ ਨੂੰ ਨਿਹਾਲ ਕਰਦੇ ਰਹੇ, ਆਖਿਰ ਅਚਣ ਚੇਤ ਰੁਕ ਗਏ ! ਜਨਮ ਜਨਮਾਂਤਰਾਂ ਦੇ ਲੇਖੇ ਨਿਪਟ ਗਏ ! ਖੇਡ ਖ਼ਤਮ ਹੋਣ ਤੇ ਆ ਗਈ ! ਬਿਜਲੀ ਬੰਦ ਹੋਣ ਲੱਗੀ ! "ਸ਼ਾਹਜ਼ਾਦਾ ਖੜਕ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਸੰਕਲਪ ਦੀਆਂ ਅਜ਼ੀਮ ਰਕਮਾਂ ਵਿੱਚੋਂ ਸੋਨੇ ਦੀਆਂ ਮੋਹਰਾਂ ਸ਼੍ਰੀ (ਜੁਆਲਾ ਮੁਖੀ) ਦੇਵੀ ਜੀ ਦੇ ਕਲਿ-ਆਣ ਮਈ (ਮੁਬਾਰਕ, Blessed) ਕਲਸ ਨੂੰ ਸੁਨਹਿਰੀ ਕਰਵਾਣ ਲਈ

Sri Satguru Jagjit Singh Ji eLibrary NamdhariElibrary@gmail.com

ਮਨਜ਼ੂਰ ਕਰਨੀਆਂ ਚਾਹੀਦੀਆਂ ਹਨ. ਤਤ ਕਾਲ ਸਰਕਾਰ ਨੇ ਹੁਕਮ ਜਾਰੀ ਕੀਤਾ ਕਿ ਉਹ (ਸ਼ਾਹਜ਼ਾਦਾ ਖੜਕ ਸਿੰਘ) ਪੰਜ ਹਜ਼ਾਰ ਰੁਪਏ ਤਕ ਸੋਨੇ ਦੀਆਂ ਮੋਹਰਾਂ, ਦੇਵੀ ਜੀ ਦੇ ਕਲਸ ਨੂੰ ਸੁਨਹਿਰੀ ਕਰਵਾਣ ਲਈ, ਖ਼ਰਚ ਕਰ ਸਕਦੇ ਹਨ." (੨੧ ਜੂਨ, ੧੮੩੯; ਸੂਰੀ–ਅੰਗ੍ਰੇਜ਼ੀ, ਪੰ: ੬੮੭, ਫ਼ਾਰਸੀ ਤੋਂ ਅੰਗ੍ਰੇਜ਼ੀ ਦਾ ਉਲਥਾ) ਮੈਂ ਮਹਾਰਾਜ਼ਾ ਰੰਜੀਤ ਸਿੰਘ ਦੇ ਮਜ਼ਹਬੀ ਅਕੀਦੇ ਦਾ ਵਿਸ਼ਲੇਸ਼ਣ ਪਹਿਲਾਂ ਕਰ ਚੁਕਾ ਹਾਂ ਕਿ ਉਹ ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ ਦੀ ਪ੍ਰਤਯੇਕ ਕੋਟੀ ਵਿੱਚ ਭਿੰਨ ਭਿੰਨ ਮੰਡਲ ਦਾ ਸਤਸੰਗੀ ਸੀ. ਇਖ਼ਲਾਕੀ ਜੀਵਨ ਵਿੱਚ ਸਿਵਾਏ ਪੂਰਨ ਤੱਤ ਵੇਤਾ, ਅਭੁੱਲ ਮਹਾਂਪੁਰਖ ਦੇ ਹੋਰ ਕੋਈ ਵੀ ਮੁਕੰਮਲ ਨੇਕ ਨਹੀਂ, ਤੇ ਸ੍ਵਯੰ ਸ਼ੈਤਾਨ ਤੋਂ ਬਿਨਾ ਹੋਰ ਕੋਈ ਵੀ ਮੁਕੰਮਲ ਬਦ ਨਹੀਂ. ਹਰ ਜੀਵ ਦੀ ਪ੍ਰਕ੍ਰਿਤੀ ਤ੍ਰਿਗੁਣਾਤਮਕ ਹੈ. ਸੋ ਹਰ ਮਨੁਖ ਤੋਂ ਸਮੇਂ ਸਮੇਂ, ਉਸ ਦੇ ਮਾਨਸਿਕ ਤੇ ਬੈਰੂਨੀ, ਸਾਂਸਾਰਿਕ, ਹਾਲਾਤ ਦੇ ਮੁਤਾਬਿਕ ਇਹ ਤਿੰਨੇ ਗੁਣ ਪ੍ਰਗਟ ਹੁੰਦੇ ਰਹਿੰਦੇ ਹਨ. ਮਹਾਰਾਜਾ ਰੰਜੀਤ ਸਿੰਘ ਸਾਤ੍ਵਿਕ ਹੋਣ ਦੀ ਹੈਸੀਅਤ ਵਿੱਚ ਅਮਨ, *ਈਮਾਨ ਤੇ ਏਕਤਾ ਦਾ

*Scenes of Maharaja Ranjit Singh's last days :—

"Bhai Sahibs (Ram Singh & Gobind Ram), Fakir Aziz-ud-din and other Physicians, began to talk among themselves, stating that the treatment of that disease was beyond the canons fixed by the philosopher-physicians . . . " (Suri: 22.6.1839.p.688.) "After that it was decided to get a bier worth Rs. Ten lacs for the last days of the Sarkar so that he might be made to sit upon it and a Sankalp of 100 horses with gold and silver harnasses and brocade, velvet and embroidered trappings and saddle cloth and 500 cows be performed by collecting all these things into his sleeping chamber." (Ibid. p. 688-9) "Early in the morning the Sarkar had the honour and pride of enjoying the sacred sight of Ad-Granth and Baba Granth and made a prostration before them . . . " (Ibid. 26th June, 1839. p. 693.) "All decided after mutual consultation that the Sarkar must be given that medicine once at least and for the rest prayer should be made for the grace of the Immortal God. The Sarkar produced a wrinkle upon his forehead and with a sign asked for keeping off the said medicine. Rajaji (Dhyan Singh) said that it was not medicine but Gharan-Amrat-Thakran (ਠਾਕਰਾਂ) willy-nilly the Raja Kalan opened the lips of the Sarkar with his own fingers and poured in the medicine. After a while some relief was obtained by the Sarkar and Bhai Rupa sat on one side and rubbed his hands on the bosom and heart of the Sarkar and prayed for his good health, while on the other side Baba

ਬਾਕੀ ਸਫ਼ਾ ੧੩੫ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਅਲਮ ਬਰਦਾਰ ਸੀ; ਰਜੋ ਗੁਣੀ ਹੋਣ ਦੇ ਕਾਰਣ ਉਹ ਯੁੱਧ ਭੂਮੀ ਦਾ ਅਦੁਤੀ ਯੋਧਾ ਸੀ, ਤਾਜ ਤੇ ਤਖ਼ਤ ਦਾ ਵਾਲੀ ਸੀ, ਦੰਡਧਾਰੀ ਤੇ ਦੁਸ਼ਟ ਦਮਨ ਸੀ; ਅਤੇ, ਤਮੋ ਗੁਣ ਦੇ ਪ੍ਰਭਾਵ ਵਿੱਚ, ਉਹ ਊੜੇ ਤੋਂ ਅੜਾੜੇ ਤਕ ਸ਼ਿੰਗਾਰ ਰਸ ਦਾ ਰਸੀਆ ਸੀ. ਸਿਕੰਦਰ, ਸੀਜ਼ਰ, ਤੇ ਨੈਪੋਲੀਅਨ ਤੋਂ ਵਧੀਕ ਸੁਭਾਗਾ

ਸਫੇ ੧੩੪ ਦੀ ਬਾਕੀ

Brahmi was praying for the longevity of his life. Bhai Gobind Ram said that the eye should be fixed upon the great God. As soon as the Sarkar heard this he made signs with his both hands declaring that he was feeling quite healthy and that they must set their minds at rest and be assured. After that the said Bhai (Gobind Ram) said that, if the Sarkar would order, Sankalp of Rs. 8 lakhs be made before him. It was stated that already a Sankalp of 8 lakhs had been performed ; but the Sarkar said that it would be proper and good. After that Rs. 8 lakhs out of the 21 lakhs were given away in Sankalp along with the special conveyance of the Sarkar and elephants having gold and silver seats and horses were given away in charity and alms. The Sarkar, then, undid the weapons from his waist and handed them over to the bearer servants with the words that final breath and the last moment had drawn near and that pangs of death were making appearance in that state. After that the Sarkar said that they should pour one pitcher full of Ganges water, quite cooled down, upon his bosom. According to the order the action was taken and the Sarkar felt comfort and relief. After that, according to the order of the Sarkar, four pitchers full of Ganges water and made of gold and silver were given away in Sankalp. After that Bhai Gobind Ram took to feeling the beatings of the pulse and remarked that by that time strength had not yet entered into the pulse. 51 cows, 1,100 gold ducats (ਮੋਹਰਾਂ), many swift-footed horses and many suits of clothes were given away in Sankalp after that. The Raja Kalan said that the Sarkar should order where the special horses were to be sent. The Sarkar made a sign that they should be sent to Amritsar and with his own blessed hands bent down and made a prostration . . . . Bhai Gobind Ram said that the Sarkar had very often said that Kohinoor had been left by the old kings and none of the Sultans had taken it along with himself, and so he had a mind to entrust all the affairs of his kingship to Kanwarji (Kharak Singh) and to move away slowly to the various sacred places and to make over the said piece of diamond to Shri Jagannath ji, according to the custom of his predecessors. He further added that the Sarkar had said that the time and that hour had come unexpectedly and all of a sudden. By a sign the

ਬਾਕੀ ਸਫ਼ਾ ੧੩੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਤੇ ਚਮਤਕਾਰੀ, ਉਸ ਨੇ ਕਿਸੇ ਵੀ ਸਾਥੀ ਸੰਗੀ ਨੂੰ, ਅਹਿਲਕਾਰ ਯਾ ਸਿਆਸੀ ਰਕੀਬ ਨੂੰ ਆਪਣੇ ਗ਼ੁੱਸੇ ਦਾ ਸ਼ਿਕਾਰ ਨਹੀਂ ਹੋਣ ਦਿੱਤਾ; ਔਂਨੇ ਲੰਮੇ ਅਰਸੇ ਦੀ ਹਕੂਮਤ ਵਿੱਚ ਉਸ ਦਾ ਕੋਈ ਵੀ ਸਿਰਦਾਰ, ਅਹੁਦੇ ਦਾਰ, ਯਾ ਮਨਸਬਦਾਰ ਉਸ ਤੋਂ ਬਾਗ਼ੀ ਨਹੀਂ ਹੋਇਆ; ਅਰ ਇੱਕ ਅਤਿ ਜ਼ਬਰਦਸਤ, ਨੀਤੀ ਨਿਪੁਣ, ਪੁਰਾਣੀ, ਤਜਰਬੇ ਕਾਰ ਕੌਮ ਦੇ ਸਾਮਰਾਜੀ ਗਵਾਂਢੀਆਂ

ਸਫ਼ੇ ੧੩੫ ਦੀ ਬਾਕੀ

Sarkar pointed out that soon its Sankalp should be made and it should be sent over to Jagannathji. The said Bhai (Gobind Ram) further said that the Sarkar had ordered Rajaji (Dhyan Singh) to do so, but Rajaji (Dhyan Singh) had stated that Kanwarji (Kharak Singh) be ordered to do that. There upon the order had been issued to Kanwarji (Kharak Singh), who had stated that it was with Misr Beli Ram. After that Jamadar Khushal Singh spoke to Misr Beli Ram for its presentation ; but he began to put forward excuses and replied that it was in Amritsar. The Sarkar produced wrinkles upon his forehead on hearing this discussion. After that according to a request by Bhai Gobind Ram, two armlets with diamonds worth Rs. 2 lakhs, several bejewelled ornaments, 8 top-hats of the Persian style, 2 elephants with gold seats and Rs. 5 lakhs in cash were given away in Sankalp. After that the Sarkar put on all the ornaments and then removed them from every limb of his body and, making a prostration by resting his head upon the earth, gave them away in Sankalp with the remark that it was his final wearing. After that the Sarkar sent for Bhai Gobind Ram and himself became senseless. Bhai ji (Gobind Ram) came running and said that there was no need of horses at that time and added that he must fix his eye upon the Immortal God. On hearing this the Sarkar raised his hands towards heaven and said that his eye was there fixed upon Shri Narainji." (Ibid : 26th June, 1839.) "ACCOUNT OF THE LAST DAY:. . . . . Fakir ji (Aziz-ud-din) said with hundred kinds of regrets & with the flow of tears from his eyes that the storm of death and tempest of demise had arisen overwhelmingly and that without God nothing was left to be done by the boat or its propeller. With these words he came out and all began to weep and cry . . . . . A letter from Fakir Shah Din intimated that Lawrence Sahib had made a statement about the circumstances of the last days of the disposition of the Sarkar, and had referred to words of the relation of unity used by the Sarkar for the period of 32 years and also to no deviation or defect with respect to it on either side and dwelt upon the advices and instructions by the Sarkar

ਬਾਕੀ ਸਫ਼ਾ ੧੩੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਕੀ ਫਤਹ

ਸ੍ਰੀ ਗੁਰੂ ਨਾਨਕ ਗੁਰੂ ਗ੍ਰੰਥ ਸਾਹਿਬ ਜੀ
ਸਤਿਗੁਰੂ ਅਉਤਾਰ ਜਗਮਗ ਜੋਤ
ਸਚਖੰਡ ਨਗਰ ਅਖਾਰਾ ਸੁਤੰਤਰ ਨਗਰ
ਅਕਾਰੀ ਸਨਮੁਖ ਚਰਬਾਰੀ ਉਜਲੇ
ਬਿਲਾਸ ਸਰਬਉ ਆਤੇ ਗ੍ਰਸਤ ਦਾਰ
ਅਤਰ ਸਿੰਘ ਜੀ ਸਰਦਾਰ ਗਲਾਰਿਣ ਸਿੰਘ ਜੀ ਸਰਦਾ
ਆਜੀਤ ਸਿੰਘ ਜੀ ਲਿਖਤ ਮਹਾਰਾਜ ਸਰਦਾਰ ਸ੍ਰੀ
ਖਚਲ ਨਗਰ ਸਚੇ ਖੰਡ ਕੇ ਦਰਬਾਰ ਸਾਹਿਬ ਸੇਵ
ਦੇਖ ਸਾਹਿਬ ਜੀ ਦਾ ਗੁਰੂ ਜੀ ਕੀ ਫਤੇ ਬੋਲੀ ਪੇਸ਼
ਦਰਸ਼ਨ ਗੁਰੂ ਮਹਾਰਾਜ ਆਪ ਕੀ ਚਰਣੀ ਕਰ
ਚੌਰੀ ਹਜੂਰ ਕਾਬਚਨ ਪੇਜੀ ਸਿੰਘ ਸਾਹਿਬ ਗਣ
ਸਿੰਘ ਜੀ ਕਾ ਚਲਾਨ ਹੋਆ ਉਨਾ ਕਾ ਸਰਾਜਾ ਅਖੇ
ਅਸਬਾਬ ਪੇਤਾਈ ਹੀਰਾ ਸਿੰਘ ਜੀ ਕੇ ਪਾਸ
ਏਕੇ ਤੇ ਜੋ ਸਬ ਹਜੂਰ ਮੇਪਹੁਚਾਈ ਹੀਰਾ ਸਿੰਘ
ਉਸ ਬੇਅਸਬਾਬ ਨਗਦੀ ਰੁਪਏ ਪੇਉਠ ਸਸਤ
ਹਜੂਰ ਮੇ ਚੜਾਏ ਸਿੰਘ ਸਾਹਿਬ ਗਣ ਜੀਤ ਸਿੰਘ
ਨਾਮ ਸੇ ਹੀਰਾ ਸਿੰਘ ਜੀ ਨੇ ਲਤੂ ਆਂ ਕੀ ਦੇ ਗੁਰੂ
ਪ੍ਰਸਾਦ ਹਜੂਰ ਮੇ ਕਰ ਦਾਏ ਹਜੂਰ ਮੇ ਸਿੰਘ ਸਾਹਿ
ਜੀ ਕੇ ਨਾਮ ਕੇ ਅਰਦਾਸ ਸੇ ਹੋ ਈ ਸਿੰਘ ਸਾਹਿਬ ਵਾਲੇ
ਕੇ ਠਪਰੀ ਮੇ ਬਾਸ ਸੇ ਹੋ ਈ ਹਜੂਰ ਸਰਾਜਾ ਅਪਹੁਚੇ ਕੀ ਤਿਯ
ਜੀਲ ਆਪ ਕੇ ਹਜੂਰ ਸੰਤੀ ਬਜੀਰੀ ਟਾਲ ਸੇ ਦੇਵ ਕਾਤੇ ਗੁ

ਸ੍ਰੀ ਸਾਹਿਬ ਪੇਨੇ ਕੇ ਤਗਨਾਲ ਗਨਾਲ ਸਮੇਤ ਨਾਲ ਜੋ ੧੨੪
ਦਤਮੰਚੇ ਨਾਲ ਬਰੜੇ ੫੮
ਚੁਨੀਆ ੧੧੫
ਪੰਨੇ ੬
ਦੇਖੋ ਬਸ ਪੇਨੇ ਕੇ
ਚੌਛਤੀ ਸਤੁਪ ਪੇਤਾ ੧੩੬
ਪੇਕਾ ਸਰਬਨ
ਨਾਲੇ ਜੜਾਊ
ਹੀਰੇ ੩੧
ਚੁਨੀਆ ੪੮
ਪੰਨੇ ੪੧
ਮੋਤੀ ੩੩੭
ਤੋਕਰ ੧
ਕੜੀ ੧

੧ ਏਕ ਬਾਲ ਪੇਨੇ ਕੇ ਏਕ ਅਠਾਈਸ
੧ ਏਕ ਅਬਾਮੇ ਉਨੀਸ ਸੁਪਏ ਤਾਰ ੧੫
੧ ਏਕ ਕਵਲ ਪੇਨੇ ਕਾ ਸੋਲਾ ਰੁਪਏ ਤਾ ੧੬
ਚਾਂਦੀ ਕਾ ਸਰਾਜਾ
੧ ਏਕ ਖੁਰਸੀ ਚਾਂਦੀ ਕੀ
੧ ਏਕ ਚਉਕੀ ਚਾਂਦੀ ਕੀ
੮ ਨਉ ਚੌਬਾ ਚਾਂਦੀ ਕੇ ਤੇਬੁ ਚਾਂਦ ਕੀ ਕੇ
੨ ਦੋ ਕੜੇ ਮੀਨਾ ਕਾਰੀ
੨ ਦੋ ਸਿੰਘ ਨੀਆਂ ਪੇਨੇ ਕੇ ਪਹੁਚੀਆ ਦਾਨੇ ੫
ਮੋਤੀ ਮਾਤਰ ਦਾਨੇ ਪਹੁਚੇ ਜੀ

ਨਾਰੀਅਲ ਕਾ ਗੀਰੇ ੧
ਗਲਤ ਕੀ ਪੁਜੀ ਸਾਖ
ਦਾਨੇ ੧੮੬
ਰਥੇ ੮
ਕੜੂਰੀਆ ੨
ਬਗਸੁਏ ੪
ਤੀਨਾ ਏਕ ੧
ਢੁਲੀਆ ੧੦
ਗਲੀਚੇ ੨
ਪੁੜਾ ਏਕ
ਦੁਸਾ

ਪਸਮੀਨਾ ੨
ਦੁਸਿਆਲਾ ੨
ਜਾਇਨਮਾਜ ਏਕ
ਚਾਦਰ ਜੀ ਗੁਲੀ ੧
ਏਕ ਦੁਸਿਆਲਾ ੨
ਗਲੀਚਾ ਰੀ
ਰਾਮ ਦਾਰਤੀਨ
ਏਕ ਰੁਮਾਲ

੧ ਕਾਠੀ ਜੜੇ ਹੋਏ
ਗਲਤੀ ਪੁਜੀ ਸਾਖ
ਤਸਮੇ ਤਪੜਾ
ਦਾਨੇ ੩੪੭
ਚਉਕੀਆ ੨੮
ਕੁਰਬੇਆ ੮
ਕੜੂਰੀਆ ਬਗਸੁਏ ੧੪
ਪਟੀਆ ੮
ਚਉਕਰ ਗੀ ੧
ਚੰਦ ਏਕ ੧
ਤੀਨਾ ਏਕ ੧
ਘੋੜਾ ਸਬਜ ੧
ਤੇਬੁ ਚਾਂਦ ਕੀ ਪਾਸ
ਮੀਨੇ ਕੀ ਪਹੁਚੀ
ਏਕ ਸਾਨ ਮਲਾਕ
ਰੇਜਾ ਜਾਜਮ
ਇਸ ਮੁਜਬ
ਦਲੀਆ ਸਿੰਘ ਕੋਲੀ

ਏਹੁ ਇਤਨੇ ਚੀਜਾ ਸਰਾਜਾ ਆਗੇ ਫਤਤਾਈ ਹੀਰਾ
ਸਿੰਘ ਕੇ ਹਜੂਰ ਮੇ ਪਹੁਚਾਏ ਉਹ ਪਚਾਸ ਹਜਾਰ ਰੁਪਏ ਕੇ
ਉਤੇ ਖਾਤੇ ਜੋ ਸੋ ਪਹੁਚੀ ਆਉ ਸਕੇ ਖਰਚ ਕੀ ਤਿਯ ਸੀਲ

ਖਰਚ
੧੦੦ ਕਾਸੀ ਕਾ ਖਰਚ ਬੀਆ ਉਠ ਗਾਦਾ ਰੀਆ ਸੂ ਲਦ ਗੇ ਗਾ
੧ ਪੇਦਰਾ ਬਾਰ ਖਰਚ ਬੇਦੀ ਸਿੰਘ ਪਖਿਜ ਮਾਤ ਗਾਰ ਬਾਬੀ
੨੫ ਗਾਉਦਾ ਨਾਉ ਗਮ ਇਖਰਚ ਦੇ ਗੇ
੧੦੦ ਸੀਤ ਰੀਆ ਕੇ ਰੀਏ ਦਰਮ ਗਾਂ ਦੀ ਏ
੨੩੫ ਦੋ ਸੌ ਪੇਂਤੀ ਆਂ ਕੇ ਰੀਏ ਸਿੰਘ ਪੇਨੇ ਗਰ ਕੇ
੪੦੦ ਕੁਆਈ ਚੰਦ ਸਿੰਘ

(੨੩੦੦) ਦੇਗ ਲਗੂ ਆਂ ਕੀ ਹਜੂ ਮੇ ਤੇਈ
(੨੦੦੦) ਕੜਾਹ ਪ੍ਰਸਾਦ ਤਸਮ ਈ ਤੇਈ
(੪੦੦੦) ਕਰਣ ਕੇ ਗੁਰੂ ਕੇ ਦੇ ਗਮੇ ਪਾਈ
(੪੮੦੦) ਹਜੂਰ ਮੇ ਸਿੰਘ ਕੇ ਬੇਭਗਤਾ
(੨੬੪੭੯) ਹਜੂਰ ਸ੍ਰੀ ਦਰਸ ਗਸਾਹਿ ਬਜੀਰੇ ਹਰ ਮੰਦਰ ਸਾਹਿ ਬਜੀਰੇ ਇਆਤ ਉਪਰ ਲਗੇ

੩੮੬੧੮

੫੦੦੦੦

ਪਯੇ ਸਬ ਖਰਚ ਹੋਏ ਜੀ ਗੁਰੂ ਮਹਾਰਾ
ਦੇ ਗਾਲ ਕਰੇ ਗਾ ਜੀ ਅਖਰਦਾਰੀ ੫
੮੦

ਰਸੀਦ ਦਾ ਸਾਹਮਣਾ ਪਾਸਾ] (ਪਰਤ ਕੇ ਬਿਰਤਾਂਤ ਪੜ੍ਹੋ) [ਰਸੀਦ ਦਾ ਪਿਛਲਾ ਪਾਸਾ

Sri Satguru Jagjit Singh Ji eLibrary NamdhariElibrary@gmail.com

ਇਸ ਦੇ ਪਿਛਲੇ ਪਾਸੇ ਉਹਨਾਂ ਵਸਤਾਂ ਦੀ ਅਸਲੀ ਰਸੀਦ ਦਾ ਅਕਸੀ-ਚਿੱਤ੍ਰ ਹੈ ਜੋ ਲਹੌਰ ਦਰਬਾਰ ਨੇ ਮਹਾਰਾਜਾ ਰੰਜੀਤ ਸਿੰਘ ਜੀ ਦੇ ਚਲਾਣੇ ਮਗਰੋਂ ਭੇਟਾ ਲਈ ਸ੍ਰੀ ਹਜ਼ੂਰ ਸਾਹਿਬ, ਨਾਦੇੜ, ਘੱਲੀਆਂ, ਅਸਲੀ ਰਸੀਦ, ਜੋ ਸਰਦਾਰ ਕਿਸ਼ਨ ਸਿੰਘ ਜੀ ਪਸਰੀਚਾ (ਇਸ ਸਮੇਂ ਚੀਫ ਐਗਜ਼ੈਕਜ਼ੂਟਿਵ ਆਫ਼ੀਸਰ, ਜਸਵੰਤ ਸ਼ੂਗਰ ਮਿਲਜ਼, ਮੇਹਰਠ ਸ਼ਹਿਰ) ਦੀ ਮਲਕੀਅਤ ਹੈ, ਬੜੀ ਜਰਜਰੀ ਅਵਸਥਾ ਵਿਚ ਹੈ। ਇਸ ਵਿਚੋਂ ਸੰਮਤ '੧੯੦੦' ਦੇ '੧' ਵਾਲੀ ਥਾਂ ਦਾ ਕਾਗ਼ਜ਼ ਭੁਰ ਗਿਆ ਹੈ, ਸੋ ਅਸਲੀ ਤਾਰੀਖ਼, ਮੱਘਰ ਵਦੀ ੫, ੧੯੦੦, ਹੈ, ਜੋ ਸਰਕਾਰ ਦੇ ਚਲਾਣੇ ਤੋਂ ਤਕਰੀਬਨ ਚਾਰ ਸਾਲ ਬਾਦ ਦੀ ਬਣਦੀ ਹੈ।

ਸਰਦਾਰ ਹੀਰਾ ਸਿੰਘ, ਜਿਨ੍ਹਾਂ ਦੀ ਨਿਗਰਾਨੀ ਹੇਠ ਵਸਤਾਂ ਸ੍ਰੀ ਹਜ਼ੂਰ ਸਾਹਿਬ ਪਹੁੰਚੀਆਂ, ਤੇ ਜਿਨ੍ਹਾਂ ਦਾ ਨਾਮ ਰਸੀਦ ਵਿਚ ਦਰਜ ਹੈ, ਸਰਦਾਰ ਕਿਸ਼ਨ ਸਿੰਘ ਜੀ (ਸਪੁਤਰ ਸਰਦਾਰ ਭਾਗ ਸਿੰਘ ਜੀ, ਰਾਜਾ ਸਾਂਸੀ, ਜ਼ਿਲਾ ਅੰਮ੍ਰਿਤਸਰ) ਦੇ ਪੜਦਾਦੇ ਸਨ।

(ਧਰਮਾਨੰਤ ਸਿੰਘ)

Sri Satguru Jagjit Singh Ji eLibrary NamdhariElibrary@gmail.com

ਉੱਤੇ, ਉਸ ਨੇ, ਆਪਣੀ ਸੁਜਾਅਤ, ਸ਼ਾਨੋ ਸ਼ੌਕਤ, ਤੇ ਹੈਰਤ ਅੰਗੇਜ਼ ਲਿਆਕਤ ਦਾ ਉਹ ਸਿੱਕਾ ਬਿਠਾਇਆ ਜਿਸ ਦੀ ਚਮਕ ਇਤਿਹਾਸਕਾਰਾਂ ਦੇ ਪਤ੍ਰਿਆਂ ਵਿੱਚ ਕਦੇ ਵੀ ਮੱਧਮ ਪੈਣ ਵਾਲੀ ਨਹੀਂ. ਜਿਸ ਜਿਸ ਨੇ ਮਹਾਰਾਜਾ ਰੰਜੀਤ ਸਿੰਘ ਨੂੰ ਵੇਖਿਆ, ਜੇਹੜਾ ਜੇਹੜਾ ਵੀ ਇਸ ਨੂੰ ਮਿਲਿਆ ਯਾ ਇਸ ਨਾਲ ਵਰਤਿਆ, ਉਸੇ ਨੇ ਇਸ ਦੇ ਸੰਬੰਧ ਵਿੱਚ ਆਪਣੀ ਰਾਏ ਪ੍ਰਗਟ

ਸਫ਼ੇ ੧੩੬ ਦੀ ਬਾਕੀ

regarding the protection against the repeated trouble by the mischief-making ..... After that the Sarkar got up again at about noon and felt severe pain developing into his final restlessness and uneasiness. On the one side the pulse of the Sarkar was in the hands of Bhai Gobind Ram and on the other it was held by Bhai Gurmukh Singh. The former Bhai Sahib said to Raja Sahib (Dhyan Singh) that he must get ready the lamp, etc. very soon because the pulse was going out of his hand..... The Sarkar opened his eyes once and cast an unconcerned look and closed his eyes again and the pulse left beating altogether. After that the Sarkar was made to lie straight, after his being lifted very easily and carefully, upon the bedding, which had been set right with all the requisites of the last day, like Doshalas, Tulsi leaves, gold ducats, linseed and so on and, lighting up a gold lamp, they gave it away by way of Sankalp along with other things. After that they made him sit upon a wooden stool and, washing his blessed hair with Ganges water and curd, dressed him in new clothes. In short whatever the Sarkar had gained by the good efforts of Bhai Gobind Ram at the time of his final breath could not at all be brought about by the Jogies. Those who were inside the tent without poles knew that the Sarkar was in sleep while those who were sitting outside, were lost in astonishment. Bhai Gobind Ram said into the ear of the Sarkar, at the moment he was expiring, the words 'Ram, Ram' three times. The Sarkar repeated them twice, but at the third time his lips did not open and his life went out of him by way of his eyes. Upto the time of his expiring his eyes had been fixed upon the picture of Lachhmi and Narain. When the day had three quarters and three hours he bade farewell to the mortal world and got transferred to the everlasting universe.....Misr Ram Kishen was ordered to present in the morning sweet puddings to the value of Rs. 1100 for distribution among the Khalsa. All those who were present remained weeping and crying all the night while the Brahmans kept on reading Gita and Bishen Sahasarnam and the Bhais remained busy in reciting Granth Sahiban." (Ibid, 27th June, 1839; pp. 695—697.)

Sri Satguru Jagjit Singh Ji eLibrary NamdhariElibrary@gmail.com

ਕਰਨ ਲਗਿਆਂ ਪ੍ਰਸ਼ੰਸਾ ਦੀ ਇਤੀ ਕਰ ਦਿੱਤੀ ਹੈ; ਅਰ, ਇੱਕ ਨਹੀਂ, ਇੱਕ ਸੌ ਨਹੀਂ, ਬਲਕਿ ਇਸ ਦੇ ਰਾਜ ਦੇ ਤਕਰੀਬਨ ਚਾਲ੍ਹੀ ਵਰ੍ਹਿਆਂ ਵਿੱਚ ਅਨੇਕ ਭਾਂਤ ਦੇ ਹਜ਼ਾਰਾਂ ਹੀ ਦੇਸੀ ਤੇ ਵਿਦੇਸ਼ੀ ਵਿਦ੍ਵਾਨ ਇਸ ਦੇ ਦਰਬਾਰ ਵਿੱਚ ਆਏ, ਪਰ ਉਹਨਾਂ ਸਾਰਿਆਂ ਵਿੱਚੋਂ ਕਿਸੇ ਇੱਕ ਨੇ ਵੀ ਕੋਈ ਐਸਾ ਸ਼ਬਦ ਨਹੀਂ ਕਿਹਾ ਜੋ ਇਸ ਵਿਚਿਤ੍ਰ ਵਿਅਕਤੀ ਦੀ ਸ਼ਾਨ ਦੇ ਖ਼ਿਲਾਫ਼ ਹੋਵੇ. ਪਰ ਇਸ ਦੀਆਂ ਸਾਰੀਆਂ ਹੀ ਅਣਗਿਣਤ ਤਾਰੀਫ਼ਾਂ ਦਾ ਅਪੂਰਬ ਜੌਹਰ ਇਸ ਇੱਕੋ ਫ਼ਿਕਰੇ ਵਿੱਚ ਆ ਜਾਂਦਾ ਹੈ ਜੋ ਐਲੈਗਜ਼ੈਂਡਰ ਬਰਨਜ਼ ਇਸ ਦੇ ਹੱਕ ਵਿੱਚ (Travels into Bokhara, Lodnon, 1834, Vol. I. p 33) ਇਸ ਪ੍ਰਕਾਰ ਲਿਖ ਗਿਆ ਹੈ: "I never quitted the presence of a native of Asia with such impressions as I left this man: without education, and without a guide, he conducts all the affairs of his kingdom with surpassing energy and vigour and yet he wields his power with a moderation quite unprecedented in an Eastern Prince." ਅਰਥਾਤ, "ਮੈਂ ਏਸ਼ੀਆ ਵਿੱਚ ਕਦੇ ਵੀ ਕਿਸੇ ਤੋਂ ਐਨਾ ਪ੍ਰਭਾਵਿਤ ਹੋ ਕੇ ਨਹੀਂ ਵਿਛੜਿਆ ਜਿੰਨਾ ਕਿ ਇਸ ਆਦਮੀ ਤੋਂ ਪ੍ਰਭਾਵਿਤ ਹੋ ਕੇ ਵਿਛੜਿਆ ਹਾਂ; ਬਿਨਾ ਤਾਲੀਮ ਦੇ, ਬਿਨਾ ਕਿਸੇ ਰਹਿਬਰ ਦੇ, ਇਹ ਆਪਣੀ ਹਕੂਮਤ ਦੇ ਸਾਰੇ ਕਾਰੋਬਾਰ ਕਮਾਲ ਦੀ ਹਿੰਮਤ ਤੇ ਚੁਸਤੀ ਨਾਲ ਚਲਾਂਦਾ ਹੈ, ਤੇ ਫੇਰ ਵੀ ਇਹ ਆਪਣੀ ਤਾਕਤ ਨੂੰ ਐਸੀ ਯੁਕਤ ਮਰਯਾਦਾ ਨਾਲ ਵਰਤਦਾ ਹੈ ਕਿ ਜਿਸ ਦੀ ਮਿਸਾਲ ਪੂਰਬ ਦੇ ਬਾਦਸ਼ਾਹਾਂ ਵਿੱਚ ਬਿਲਕੁਲ ਹੀ ਨਹੀਂ ਮਿਲਦੀ." ਮੇਰੇ ਖ਼ਿਆਲ ਵਿੱਚ ਜੇ ਕਿਹਾ ਜਾਏ ਕਿ ਮਹਾਰਾਜਾ ਰੰਜੀਤ ਸਿੰਘ ਪੰਜਾਬ ਵਿੱਚ ਗ੍ਰਿਹਸਥੀ ਹਿਦੂਆਂ ਦੇ ਚਵ੍ਹਾਂ ਹੀ ਵਰਣਾਂ ਦੀ ਮਿਸ਼੍ਰਿਤ ਆਤਮਾ ਦਾ ਆਦਰਸ਼ ਪ੍ਰਤਿਨਿਧ (Ideal Representative, Beau Ideal) ਸੀ ਤਾਂ ਬਿਲਕੁਲ ਬਜਾ ਹੈ. ਰੰਜੀਤ ਸਿੰਘ ਵਿੱਚ ਬ੍ਰਾਹਮਣ, ਛਤ੍ਰੀ, ਵੈਸ਼ ਤੇ ਸ਼ੂਦ੍ਰ-ਸਾਰਿਆਂ ਦੇ ਹੀ ਸ੍ਵਭਾਵਿਕ ਤੇ ਯਥਾਰਥ ਤੱਤ, ਆਪਣੇ ਯੁਕਤ ਤੋਲ ਵਿੱਚ, ਸਰੇਸ਼ਟ ਹਾਜ਼ਰ ਹਜ਼ੂਰ ਸਨ. ਭਾਵ ਇਹ ਕਿ ਜੇ ਉਹ ਵਿਰਾਜ ਬ੍ਰਾਹਮਣ ਹੁੰਦਾ ਤਾਂ ਇਸ ਤੋਂ ਵਧੀਕ ਦਾਨੀ ਤੇ ਧਰਮ ਸਨੇਹੀ ਨਹੀਂ ਸੀ ਹੋ ਸਕਦਾ; ਜੇ ਉਹ ਨੀਤੀ ਨਿਪੁਣ ਛਤ੍ਰੀ ਹੁੰਦਾ ਤਾਂ ਇਸ ਤੋਂ ਵਧੀਕ ਤੇਜਸ੍ਵੀ ਤੇ ਨਿਆਇਕਾਰੀ ਨਹੀਂ ਸੀ ਹੋ ਸਕਦਾ; ਜੇ ਉਹ ਸਾਵਧਾਨ ਵੈਸ਼ ਹੁੰਦਾ ਤਾਂ ਇਸ ਤੋਂ ਵਧੀਕ ਭੰਡਾਰੀ ਤੇ ਵਪਾਰੀ ਨਹੀਂ ਸੀ ਹੋ

Sri Satguru Jagjit Singh Ji eLibrary NamdhariElibrary@gmail.com

ਸਕਦਾ; ਅਰ ਜੇ ਉਹ ਗੁਣੀ ਸ਼ੂਦ੍ਰ ਹੁੰਦਾ ਤਾਂ ਇਸ ਤੋਂ ਵਧੀਕ ਸੇਵਾਦਾਰ ਤੇ ਵਫ਼ਾਦਾਰ ਨਹੀਂ ਸੀ ਹੋ ਸਕਦਾ! ਬਸ, ਏਹਨਾਂ ਹੀ ਅਰਥਾਂ ਵਿੱਚ ਉਹ ਇੱਕ ਹੁੰਦਿਆਂ ਵੀ ਚਵ੍ਹਾਂ ਹੀ ਵਰਣਾਂ ਦਾ ਪੂਰਨ ਪ੍ਰਤਿਨਿਧ ਪੰਜਾਬੀ ਸੀ. ਮਹਾਰਾਜਾ ਰੰਜੀਤ ਸਿੰਘ ਦੀ ਮੁਲਾਜ਼ਮਤ ਵਿੱਚ ਕਈ ਅਦਨਾ ਅਫ਼ਸਰਾਂ ਤੋਂ ਇਲਾਵਾ ੫੪ ਉੱਚ ਯੂਰਪੀਨ ਤੇ ਅਮ੍ਰੀਕਨ ਅਫ਼ਸਰ ਸਨ. ਏਹਨਾਂ ਵਿੱਚ ੧੪ ਅੰਗ੍ਰੇਜ਼, ੧੭ ਫ਼ਰਾਂਸੀਸੀ, ੫ ਇਤਾਲਵੀ, ੫ ਅਮ੍ਰੀਕਨ, ੩ ਰੂਸੀ, ੨ ਯੂਨਾਨੀ, ੨ ਹਿਸਪਾਨਵੀ, ੨ ਜਰਮਨ, ੩ ਆਸਟਰੀਅਨ ਤੇ ੧ ਆਇਰਿਸ਼ ਸੀ. (The Punjab as a Sovereign State by G.L. Ghopra 928 pp. 230—232) ਇਹ ਸਭ ਬੜੇ ਬੜੇ ਫ਼ੌਜੀ ਤੇ ਮੁਲਕੀ ਅਹੁਦਿਆਂ ਪੁਰ ਤਾਈਨਾਤ ਸਨ, ਅਰ ਸਭ ਦੀਆਂ ਭਾਰੀਆਂ ਤਨਖ਼ਾਹਾਂ ਸਨ. ਗੋ-ਖ਼ੋਰੀ ਤੇ ਤਮਾਕੂ-ਨੋਸ਼ੀ ਏਹਨਾਂ ਨੂੰ ਵਰਜਿਤ ਸੀ, ਅਰ ਦਾੜ੍ਹੀ ਮੁੱਛਾਂ ਏਹਨਾਂ ਲਈ ਰਖਣੀਆਂ ਆਵਸ਼ਯਕ ਸਨ. (ਏਹਨਾਂ ਦੀਆਂ ਤਸਵੀਰਾਂ ਤੇ ਬਾਕੀ ਹਾਲਾਤ ਲਈ ਦੇਖੋ, European Adventurers of Northern India 1785 to 1849 by G. Grey & Garrett, Govt. Printing Press, Lahore 1929) ਮਹਾਰਾਜਾ ਸਾਹਿਬ ੧੨ ਲਖ ਰੁਪਏ ਸਾਲਾਨਾ ਬਤੌਰ ਦਾਨ ਖ਼ਰਚ ਕਰਦੇ ਸਨ. (Pb. Govt. Records 1847-48 P. 372) ਨਿਰਸੰਦੇਹ ਐਸੇ ਮਹਾਨੁਭਾਵ ਲਈ ਉਸ ਦੀ ਰਿਆਇਆ ਤੇ ਹੋਰ ਸ਼ਾਹਾਂ, ਸ਼ਹਨਸ਼ਾਹਾਂ ਨੇ ਜੋ ਵੀ ਪਿਆਰ ਤੇ ਸਤਕਾਰ ਦੇ ਵਿਸ਼ੇਸ਼ਣ ਵਰਤੇ ਹਨ ਸਭ ਯੁਕਤ ਹਨ, ਤਾਂ ਵੀ ਉਸ ਦੇ ਵਿਸ਼ੇਸ਼ਣ 'ਸ਼ੇਰ' ਵਿੱਚ ਖ਼ਾਸ ਖ਼ੂਬੀਆਂ ਤੋਂ ਇਲਾਵਾ ਇੱਕ ਮਜ਼ਾਕ ਵੀ ਹੈ; ਉਹ ਇਹ ਕਿ 'ਸ਼ੇਰ' ਹੁੰਦਾ ਹੋਇਆ ਉਹ ਗਊਆਂ ਦਾ ਰਖਵਾਲਾ ਸੀ. ਮੇਰਾ ਵਿਸ਼੍ਵਾਸ ਹੈ ਕਿ ਸਨ ੧੭੯੯ ਤੋਂ ੧੮੪੯ ਤਕ, ਪੰਜਾਹ ਵੱਰ੍ਹੇ, ਕੋਈ ਵੀ ਗਊ, ਜ਼ਾਹਿਰਾ, ਪੰਜਾਬ ਵਿੱਚ ਜ਼ਬਹ ਨਹੀਂ ਹੋਈ, ਜੇ ਹੋਈ ਹੈ ਤਾਂ ਉਸ ਦੇ ਕਾਤਿਲ ਨੇ ਜ਼ਰੂਰ ਹੀ ਸਜ਼ਾ ਭੁਗਤੀ ਹੈ. ਗਵਰਨਮੈਂਟ ਪੰਜਾਬ ਵਲੋਂ ੧੯੨੯ ਦੀ ਪ੍ਰਕਾਸ਼ਿਤ ਹੋਈ ਇੱਕ ਕਿਤਾਬ ਵਿੱਚ (European Adventurers of Northern India, 1785 to 1849, pp. 127-129) ਮਹਾਰਾਜਾ ਦੇ ਇਤਾਲਵੀ ਜਰਨੈਲ ਅਵੀਤਾਬੀਲ (Avitabile ਤਨਖ਼ਾਹ, ਪੰਜ ਹਜ਼ਾਰ ਰੁਪਏ ਮਾਹਵਾਰ) ਦੀ ਜੀਵਨੀ ਵਿੱਚ (According to Dr.Honigberger's-Thirty Five years in the East p.53) ਜਰਮਨ ਡਾਕਟਰ ਹੋਨਿਗਬਰਜਰ ਦੀ ਕਲਮ ਤੋਂ ਜ਼ਿਕਰ ਹੈ: "Honigberger relates that some Mussalman butchers, presuming on the presence of a Christian Governor, broke the Sikh law against cow-killing, where upon Avitabile hanged them; remarking that though he himself saw no crime in the

Sri Satguru Jagjit Singh Ji eLibrary NamdhariElibrary@gmail.com

matter he was bound to carry out the Sikh laws even more rigorously than the Sikhs themselves." ਅਰਥਾਤ, "ਹੋਨਿਗਬਰਜਰ ਵਰਣਨ ਕਰਦਾ ਹੈ ਕਿ ਕੁੱਝ ਮੁਸਲਮਾਣ ਬੂਚੜਾਂ ਨੇ, ਇਹ ਸੋਚ ਕੇ ਕਿ ਗਵਰਨਰ ਈਸਾਈ ਹੈ, ਸਿੱਖ-ਕਾਨੂੰਨ ਦੀ ਖ਼ਿਲਾਫ਼ ਵਰਜ਼ੀ ਕਰ ਕੇ ਗੋ-ਹਤਯਾ ਕਰ ਦਿੱਤੀ ਤਾਂ ਆਵੀਤਾਬੀਲ ਨੇ, ਇਹ ਕਹਿ ਕੇ ਕਿ ਭਾਵੇਂ ਮੈਂ ਖ਼ੁਦ ਇਸ ਮਾਮਲੇ ਵਿੱਚ ਕੋਈ ਜੁਰਮ ਨਹੀਂ ਸਮਝਦਾ ਤਾਂ ਵੀ ਮੇਰਾ ਫ਼ਰਜ਼ ਹੈ ਕਿ ਮੈਂ ਸਿੱਖ-ਕਾਨੂੰਨ ਦੀ ਪੈਰਵੀ, ਸਿੱਖਾਂ ਤੋਂ ਵੀ ਵਧੀਕ ਸਖ਼ਤੀ ਨਾਲ ਕਰਾਂ, ਉਹਨਾਂ ਨੂੰ ਫਾਹੇ ਲਾ ਦਿੱਤਾ." ਇਹ ਘਟਨਾ ਵਜ਼ੀਰਾਬਾਦ ਦੀ ਹੈ ਜਿੱਥੇ ਆਵੀਤਾਬੀਲ ਓਦੋਂ ਗਵਰਨਰ ਸੀ, ਤੇ ਜਿੱਥੇ ਹੋਨਿਗਬਰਜਰ ਤਿੰਨ ਵੱਰ੍ਹੇ ਉਹਦੇ ਘਰ ਰਿਹਾ ਹੈ. ਬਾਦ ਵਿੱਚ ਆਵੀਤਾਬੀਲ ੧੮੪੩ ਤਕ ਪਿਸ਼ਾਵਰ ਦਾ ਗਵਰਨਰ ਰਿਹਾ ਹੈ ਤੇ ਅਫ਼ਗ਼ਾਨੀ ਤਵਾਰੀਖ਼ ਵਿੱਚ ਸ਼ਾਇਦ ਹੀ ਕੋਈ ਹੋਰ ਹਾਕਿਮ ਐਸਾ ਦਲਾਵਰ ਹੋਇਆ ਹੋਵੇ ਜਿਸ ਨੇ ਆਪਣੇ ਰਾਜ-ਕਾਲ ਵਿੱਚ ਪਠਾਣਾਂ ਨੂੰ ਇਸ ਦੀ ਤਰ੍ਹਾਂ ਕਾਬੂ ਰਖਿਆ ਹੋਵੇ. ਲਹੌਰ ਸਰਕਾਰ ਨੇ ਇਸ ਨੂੰ ਹਰ ਤਰ੍ਹਾਂ ਦੇ ਪੂਰੇ ਪੂਰੇ ਅਖ਼ਤਿਆਰ ਦਿੱਤੇ ਹੋਏ ਸਨ. ਇਸ ਦਾ ਜੀਵਨ ਚਰਿਤਕਾਰ ਲਿਖਦਾ ਹੈ ਕਿ ਸੱਚ ਮੁੱਚ ਦੁਰਬੁੱਧੀ-ਦਰਿੰਦਾ-ਪ੍ਰਕ੍ਰਿਤੀ ਮਨੁਖਾਂ ਨੂੰ ਮਨੁਖਯਤਾ ਦੇ ਆਰੰਭਕ ਸਬਕ ਸਿਖਾਣ ਲਈ ਉਸਤਾਦ ਨੂੰ ਵੀ ਆਰੰਭ ਵਿੱਚ ਦਰਿੰਦਾ-ਪ੍ਰਕ੍ਰਿਤੀ ਹੀ ਧਾਰਣ ਕਰਨੀ ਪੈਂਦੀ ਹੈ. "Avitabile, backed by a powerful Sikh force, was soon master of the Peshawar valley, and to this day (1872) is spoken of by the Afghans, with the admiration of a troop of jackals for a tiger." (Life of Sir Henry Lawrence, by Herbert Edwardes, p p. 292—294.) ਅਰਥਾਤ, "ਆਵੀਤਾਬੀਲ ਨੇ, ਜਿਸ ਦੀ ਪਿੱਠ ਤੇ ਸਿੱਖਾਂ ਦੀ ਬਲਵਾਨ ਸੈਨਾ ਸੀ, ਛੇਤੀ ਹੀ ਪਿਸ਼ਾਵਰ ਦੇ ਇਲਾਕੇ ਤੇ ਕਾਬੂ ਪਾ ਲਿਆ, ਤੇ, ਅੱਜ (ਸਨ ੧੮੭੨) ਤਕ ਅਫ਼ਗ਼ਾਨ ਉਸ ਨੂੰ ਬੜੀ ਤਾਜ਼ੀਮ ਨਾਲ ਯਾਦ ਕਰਦੇ ਹਨ ਤੇ ਕਹਿੰਦੇ ਹਨ, 'ਉਹ ਗਿਦੜਾਂ ਦੇ ਗ਼ੋਲ ਲਈ ਸ਼ੇਰ ਸੀ।" (Barr in his "Journal of A March from Delhi to Kabul," on p. 231.) ਆਵੀਤਾਬੀਲ ਨੂੰ ਪਿਸ਼ਾਵਰ ਵਿੱਚ ਮਿਲਨ ਮਗਰੋਂ ਲਿਖਦਾ ਹੈ; ਉਹ ਛੇ ਫੁਟ ਤੋਂ ਵਧੀਕ ਲੰਮਾ ਸੋਹਣਾ ਗਭਰੂ ਹੈ ਤੇ ਉਸ ਦੀ ਪੁਸ਼ਾਕ ਬੜੀ ਕੀਮਤੀ ਸ਼ਾਹਾਨਾ ਹੈ; ਉਹ ਇਤਾਲਵੀ, ਫ਼ਰਾਂਸੀਸੀ, ਫ਼ਾਰਸੀ ਤੇ ਹਿੰਦੁਸਤਾਨੀ ਬਰਾਬਰ ਫ਼ਸਾਹਤ ਨਾਲ ਬੋਲ ਸਕਦਾ ਹੈ; ਉਸ ਦੀ ਦਾੜ੍ਹੀ ਉਸ ਦੀ ਛਾਤੀ ਦੇ ਅੱਧ ਵਿੱਚਕਾਰ ਪਹੁੰਚਦੀ ਹੈ, ਤੇ ਸਾਵੀ ਮਖ਼ਮਲ ਦੀ ਉੱਚੀ ਜ਼ਰੀਦਾਰ ਟੋਪੀ, ਜਿਸ ਦੇ ਚੌਗਿਰਦੇ ਕਈ ਸੁਨਹਿਰੀ ਬੁੰਬਲ

Sri Satguru Jagjit Singh Ji eLibrary NamdhariElibrary@gmail.com

ਲਟਕਦੇ ਹਨ, ਉਹ, ਅੰਦਰ ਹੋਵੇ ਭਾਵੇਂ ਬਾਹਰ, ਹਰ ਵਕਤ ਪਹਿਨੀ ਰਖਦਾ ਹੈ, ਤੇ ਹਿੰਦੁਸਤਾਨੀ ਰਿਵਾਜ ਦੇ ਮੁਤਾਬਕ ਕਦੇ ਵੀ ਨੰਗੇ ਸਿਰ ਨਹੀਂ ਰਹਿੰਦਾ " a green velvet cap with a gold lace band, and tassels of the same material, which he invariably retains on his head whether indoors or out, in accordance with the Indian custom of never uncovering the head." ਐਸੇ ਗਊਆਂ ਨੂੰ ਬਚਾਣ ਵਾਲੇ ਬਬਰ ਭੂਪ, ਤੇ ਐਸੇ ਹੀ ਬਬਰ ਸ਼ਾਸਕ, ਪਰਮਾਤਮਾ ਸਦਾ ਹੀ ਸੰਸਾਰ ਵਿੱਚ ਘਲਦਾ ਰਹੇ !

(੪੪) ਮੈਂ ਆਜਜ਼ੀ ਤੇ ਅਦਬ ਨਾਲ ਮਹਾਰਾਜਾ ਰੰਜੀਤ ਸਿੰਘ ਦੀ ਅਮਰ ਯਾਦ ਵਿੱਚ ਆਪਣਾ ਅਦਨਾ ਸਿਰ ਝੁਕਾਂਦਾ ਹਾਂ, ਪਰ ਮੇਰਾ ਮਕਸਦ ਇਸ ਨਿਬੰਧ ਵਿੱਚ ਪਾਠਕ ਦੀ ਚਿੱਤ ਵ੍ਰਿੱਤੀ ਨੂੰ ਮਹਾਰਾਜਾ ਦੇ ਧਰਮ ਕਰਮ ਵਲ ਲੈ ਜਾਣ ਤੋਂ ਕੇਵਲ ਇਹ ਸਿਧ ਕਰਨ ਦਾ ਸੀ ਕਿ ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਵਣ ਦੇ ਸਮੇਂ (੧੭੦੮) ਤੋਂ ਅੰਗ੍ਰੇਜ਼ਾਂ ਦੇ ਪੰਜਾਬ ਨੂੰ ਆਪਣੀ ਹਕੂਮਤ ਵਿੱਚ ਮਿਲਾਣ ਦੇ ਸਮੇਂ (੨੯ ਮਾਰਚ ੧੮੪੯) ਤਕ, ਖ਼ਾਲਸਾ ਜੀ ਦੇ ਤਹਿਵਾਰ ਮੁਕੰਮਲ ਤੌਰ ਤੇ ਉਹੋ ਸਨ ਜੋ ਬਾਕੀ ਹਿੰਦੂਆਂ ਦੇ ਸਨ. ਦੂਜੀ ਗਲ ਇਸ ਲੰਮੀ ਸਮਾਲੋਚਨਾ ਵਿੱਚ ਮੈਂ ਇਹ ਜ਼ਾਹਿਰ ਕੀਤੀ ਹੈ ਕਿ ਜੋ ਤਹਿਵਾਰ ਹੁਣ ਅਸੀਂ ਸਤਿਗੁਰਾਂ ਦੀ ਸ਼ੁਭ ਸਿੰਮ੍ਰਿਤੀ ਵਿੱਚ, ਗੁਰਪੁਰਬ ਮੰਨ ਕੇ ਮਨਾਂਦੇ ਹਾਂ, ਉਹਨਾਂ ਦੇ ਮਨਾਏ ਜਾਣ ਦਾ, ਉਕਤ (ਤਕਰੀਬਨ ੧੪੨ ਵੱਰ੍ਹਿਆਂ ਦੇ) ਅਰਸੇ ਵਿੱਚ ਕੋਈ ਸਬੂਤ ਨਹੀਂ ਮਿਲਦਾ. ਤੀਜਾ ਇਸ਼ਾਰਾ ਮੈਂ ਇੱਕ ਅਤਯੰਤ ਆਵਸ਼ਯਕ ਤੇ ਨਵੀਨ ਨਿਰਨੇ ਵਲ ਕੀਤਾ ਹੈ ਕਿ ਸ੍ਰੀ ਪੰਜਾ ਸਾਹਿਬ ਦੀ ਮਹਾਨਤਾ ਮਹਾਰਾਜਾ ਰੰਜੀਤ ਸਿੰਘ ਦੇ ਜੀਵਨ ਕਾਲ ਵਿੱਚ ਅਗਿਆਤ ਤੇ ਅਪ੍ਰਮਾਣੀਕ ਸੀ ; ਕਿਉਂ ਜੋ, ਜਿਹਾ ਕਿ ਮੈਂ ਉੱਪਰ ਦਸ ਆਇਆ ਹਾਂ, ਮਹਾਰਾਜਾ ਸਾਹਿਬ ਉੱਥੇ ੨੬ ਮਈ ੧੮੩੫ (ਮੰਗਲਵਾਰ) ਨੂੰ ਗਏ, ਪਰ ਕਿਸੇ ਪ੍ਰਕਾਰ ਦੇ ਧਰਮ ਕਰਮ ਦਾ, ਅਥਵਾ ਗੁਰਦੁਆਰੇ ਦੇ ਦਰਸ਼ਨ ਦਾ ਕੋਈ ਵਰਣਨ ਨਹੀਂ। ਇਸੇ ਤਰ੍ਹਾਂ (ਦੇਖੋ, ਸੂਰੀ, ਉਕਤ ਵਰਣਿਤ, ਪੰਨਾ ੨੫੪) "ਮਹਾਰਾਜਾ ਸਾਹਿਬ ੫ ਨਵੰਬਰ ੧੮੩੫ ਨੂੰ ਸ੍ਰੀ ਤਰਨ ਤਾਰਨ ਪਹੁੰਚੇ, ਇਹ ਕੱਤਕ ਪੂਰਨਮਾਸ਼ੀ ਦਾ ਦਿਨ ਸੀ, ਜਿਸ ਦਾ ਪ੍ਰਸਿੱਧ ਨਾਮ 'ਤਬ੍ਹੇਵਰੀ' ਹੈ, ਤੇ ਅਰਦਾਸ ਕਰ ਕੇ ਫਿਰ ਵਾਪਿਸ ਚਲੇ ਗਏ।" ਗੁਰਪੁਰਬ ਦਾ ਕੋਈ ਜ਼ਿਕਰ ਨਹੀਂ। ਬੈਰਨ ਹੂਗਲ ਕਸ਼ਮੀਰ ਵਿੱਚ ਤਖ਼ਤ-ਇ-ਸੁਲੇਮਾਨ ਦੇ ਪਾਸ ਪਹੁੰਚ ਕੇ ਲਿਖਦਾ ਹੈ (ਦੇਖੋ ਉਸ ਦੀ ਕਤਾਬ ਦਾ ਪੰਨਾ ੧੧੩) "Friday, November 20, was a great holiday in the Sikh Calendar, aad Mehan Singh the Governor sent an

Sri Satguru Jagjit Singh Ji eLibrary NamdhariElibrary@gmail.com

apology for not receiving me to-day, I therefore decided on ascending the Takht-i-Suleman ....."

ਅਰਥਾਤ, "ਅੱਜ, ੨੦ ਨਵੰਬਰ (੧੮੩੫) ਨੂੰ ਸਿੱਖ ਸਰਕਾਰ ਦੀ ਜੰਤ੍ਰੀ ਦੇ ਮੁਤਾਬਕ ਕੋਈ ਬੜਾ ਛੁੱਟੀ ਦਾ ਦਿਨ ਸੀ, ਤੇ ਗਵਰਨਰ ਨੇ ਮੈਥੋਂ ਮਾਫ਼ੀ ਚਾਹੀ ਕਿ 'ਮੈਂ ਅੱਜ ਨਹੀਂ ਮਿਲ ਸਕਾਂਗਾ'' ਸੋ ਮੈਂ ਤਖ਼ਤ-ਇ-ਸੁਲੇਮਾਨ ਦੀ ਪਹਾੜੀ ਤੇ ਚੜ੍ਹਨ ਦਾ ਫ਼ੈਸਲਾ ਕਰ ਲਿਆ....."

ਹੁਣ, ਜਿਹਾ ਕਿ ਉੱਪਰ ਦਸਿਆ ਹੈ, ੫ ਨਵੰਬਰ ੧੮੩੫ ਨੂੰ ਕੱਤਕ ਪੂਰਨਮਾਸ਼ੀ ਸੀ, ਤਾਂ ਜ਼ਾਹਿਰ ਹੈ ਕਿ ੨੦ ਨਵੰਬਰ ਨੂੰ ਚੌਦਸ ਜਾਂ ਮਸਿਆ ਸੀ ਨਾਂ ਕਿ ਕੋਈ ਗੁਰਪੁਰਬ (ਜਿਸ ਦੀ ਕਿ ਸਿੱਖ-ਸਰਕਾਰ ਦੀ ਜੰਤ੍ਰੀ ਦੇ ਮੁਜਬ ਕਿਸੇ ਬੜੇ ਦਿਨ ਦੀ ਛੁੱਟੀ ਸੀ); ਤੇ ਏਸੇ ਦਿਨ (ਯਾਨੇ ੨੦ ਨਵੰਬਰ ੧੮੩੫) ਨੂੰ ਸੂਰੀ ਅਨੁਸਾਰ (ਪੰਨਾ ੨੫੬ ਤੋਂ ੨੫੭)

"On the 19th November 1835 the Maharaja left the village of Chhina and went to Hadiara; on the 20th to Karbat, on the 21st to Rohri Baba Nanak and making an Ardas there went to Thahra ....."

ਅਰਥਾਤ, "੧੯ ਨਵੰਬਰ ੧੮੩੫ ਨੂੰ ਮਹਾਰਾਜਾ ਸਾਹਿਬ ਪਿੰਡ ਛੀਨੇ ਤੋਂ ਹੜਿਆਰੇ ਗਏ; ੨੦ ਨੂੰ ਕਰਬਤ, ਤੇ ੨੧ ਨੂੰ ਰੋਹੜੀ ਬਾਬਾ ਨਾਨਕ ਪਹੁੰਚੇ, ਤੇ ਅਰਦਾਸ ਕਰਕੇ ਉੱਥੋਂ ਠਾਹਰੇ ਚਲੇ ਗਏ ;....." ਇੱਥੇ ਵੀ ਦਿਨ ਦੀ ਮਹਾਨਤਾ ਜਾਂ ਗੌਰਵਤਾ ਦਾ ਕੋਈ ਵਰਣਨ ਨਹੀਂ. ਇਹਨਾਂ ਮੁਸਤਨਿਦ ਹਵਾਲਿਆਂ ਤੋਂ ਸਾਬਤ ਹੁੰਦਾ ਹੈ ਕਿ ਸਿੱਖ ਸਰਕਾਰ ਦੇ ਰਾਜ ਵਿੱਚ ਸੰਕ੍ਰਾਂਤਾਂ, ਪੂਰਨ ਮਾਸ਼ੀਆਂ, ਅਮਾਵਸਾਂ ਆਦਿਕ ਦੀ ਹੀ ਗੌਰਵਤਾ ਸੀ; ਤੇ ਸ਼੍ਰੀ 'ਪੰਜਾ ਸਾਹਿਬ' ਨਾਮਕ ਅਸਥਾਨ ਦਾ ਭਾਵੇਂ ਨਾਮ ਤਾਂ ਪੰਜਾ ਸਾਹਿਬ ਪੈ ਚੁਕਾ ਸੀ ਪਰ ਅਜੇ ਤਕ ਇਸਨੇ 'ਗੁਰਦਵਾਰਾ' ਦੀ ਸ਼ਕਲ ਅਖ਼ਤਿਆਰ ਨ ਕੀਤੀ ਸੀ ਤੇ ਇਸ ਨੂੰ 'ਪ੍ਰਾਚੀਨਤਾ' ਦੀ ਮਹਤਤਾ ਪ੍ਰਾਪਤ ਨਾ ਹੋਈ ਸੀ. ਪ੍ਰਸਿੱਧ ਜਰਮਨ ਯਾਤ੍ਰੀ ਬੈਰਨ ਚਾਰਲਸ ਹੂਗਲ (Baron Charles Hugel ਆਪਣੀ ਪ੍ਰਸਿੱਧ ਪੁਸਤਕ Travels in Kashmir and the Punjab, with notes by Major T. B. Jervis, F. R. S. London: 1845 ਦੇ ੨੨੩, ੨੨੪ ੨੨੫ ਤੇ ੨੨੬ ਪੰਨਿਆਂ ਪੁਰ) ਪੰਜਾ ਸਾਹਿਬ ਦੇ ਸੰਬੰਧ ਵਿੱਚ ਇਸ ਪ੍ਰਕਾਰ ਲਿਖਦਾ ਹੈ : "ਐਤਵਾਰ, ੨੭ ਦਸੰਬਰ, ੧੮੩੫ (ਯਾਨੇ ਮਹਾਰਾਜਾ ਰੰਜੀਤ ਸਿੰਘ ਜੀ ਦੇ ਉੱਥੇ ਜਾਣ ਤੋਂ ਠੀਕ ਸਤ ਮਹੀਨੇ ਬਾਦ)

Sri Satguru Jagjit Singh Ji eLibrary NamdhariElibrary@gmail.com

*ਹਸਨ ਅਬਦਾਲ ਪਹੁੰਚਦਿਆਂ ਹੀ ਮੈਂ ਜਹਾਂਗੀਰ ਦਾ ਪ੍ਰਾਚੀਨ ਬਾਗ਼ ਤੇ ਮਹਲ ਦੇਖਣ ਚਲਾ ਗਿਆ, ਜੋ ਕਿ ਨਗਰ ਤੋਂ ਡੇੜ੍ਹ ਮੀਲ ਦੀ ਵਾਟ ਪੁਰ ਹੈ; ਇਸ ਨੂੰ 'ਵਾਹ' ਆਖਦੇ ਹਨ; 'ਵਾਹਾਂ' ਸ਼ਬਦ ਦਾ ਅਰਥ ਹਿਂਦੁਸਤਾਨੀ ਵਿੱਚ ਹੈਰਾਨਗੀ (Cry of astonishment) ਹੈ. ਇਹ ਸਰਾਂ ਨਹੀਂ ਸੀ ਬਲਕਿ ਬਾਕਾਇਦਾ ਮਹਲ ਸੀ. ਇਹ ਇੱਕ ਐਸੇ ਇਲਾਕੇ ਦੇ ਹਿੱਸੇ ਵਿੱਚ ਵਾਕਿਆ ਹੈ ਜਿਸ ਦਾ ਚੌਗਿਰਦਾ ਨਿਹਾਇਤ ਦਿਲ ਫ਼ਰੋਜ਼ ਹੈ; ਪਰ ਮਹਲ ਦਾ ਹੁਣ ਆਪਣੇ ਵਸੀਹ ਤੇ ਰੁਹਬਦਾਰ ਖੰਡਰਾਂ ਤੋਂ ਬਿਨਾ ਹੋਰ ਕੁੱਝ ਵੀ ਬਾਕੀ ਨਹੀਂ. ਨਿਰਸੰਦੇਹ ਇਸ ਮਹਲ ਨੂੰ ਇੱਥੇ ਉਸਾਰਨ ਦਾ ਸਬਬ ਤਾਂ ਉਹ ਅਤਯੰਤ ਸੁੰਦਰ ਤਿੰਨ ਚਸ਼ਮੇਂ ਹੀ ਹਨ ਜੋ ਧਰਤੀ ਵਿੱਚੋਂ ਧੜ ਧੜਾ ਕੇ ਨਿਕਲ ਰਹੇ ਹਨ, ਅਰ ਜਿਨ੍ਹਾਂ ਨੂੰ ਖ਼ੂਬ ਚੌੜੇ ੨ ਪਥਰਾਂ ਨੇ ਘੇਰਿਆ ਹੋਇਆ ਹੈ; ਜੋ ਅੱਗੇ ਫੈਲ ਕੇ ਪਾਣੀ ਦੀਆਂ ਬੜੀਆਂ ਚੌੜੀਆਂ ਚੌੜੀਆਂ ਢਾਬਾਂ ਬਣ ਗਈਆਂ ਹਨ ਤੇ ਭਾਂਤਿ ਭਾਂਤਿ ਦੀਆਂ ਮਛੀਆਂ ਨਾਲ ਭਰੀਆਂ ਹੋਈਆਂ ਹਨ ....." ਇਸ ਤੋਂ ਅੱਗੇ ਹੂਗਲ ਦੇ ਬ੍ਰਿਤਾਂਤ ਤੋਂ, ਜੋ ਹੇਠਾਂ ਟਿੱਪਣੀ ਵਿੱਚ ਦਿੱਤਾ ਜਾਂਦਾ ਹੈ, ਏਹੋ ਪ੍ਰਗਟ ਹੁੰਦਾ ਹੈ ਕਿ ਸਨ ੧੮੩੫ ਤਕ 'ਸ੍ਰੀ ਪੰਜਾ ਸਾਹਿਬ' ਗੁਰਦੁਵਾਰੇ ਦੀ ਸ਼ਕਲ ਵਿੱਚ ਨ ਸੀ, ਅਰ ਹੂਗਲ ਨੇ ਜਿਸ ਸੱਜਣ ਨੂੰ ਉੱਥੇ ਪੁਰਾਣੀ ਸਰਾਂ ਦੇ ਇੱਕ ਹਿੱਸੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਦਿਆਂ ਤੇ ਸੰਗਤਿ ਨੂੰ ਪਾਠ ਸੁਣਾਂਦਿਆਂ ਵੇਖਿਆ, ਉਹ ਕੋਈ ਆਜ਼ਾਦ ਪ੍ਰੇਮੀ ਹੀ ਸੀ ਜਿਸ ਨੇ ਪਵਿਤ੍ਰ ਕਮਰੇ ਦੇ ਬੂਹੇ ਅੱਗੇ ਸੰਗ ਮਰਮਰ ਦੀਆਂ ਪੌੜੀਆਂ ਲਾ ਕੇ ਉੱਥੇ ਧਰਮਸਾਲਾ

*On pages 225 and 226 of his book, Travels etc., Baron Hugel tells us, "Near Hussein Abdal stands the ruined Serai of Akbar, in one end of which a Sikh Guru has established himself. Hussein Abdal owes its name to the grave of a Pir or devotee, who lived in the eminence where the place now stands, and his tomb is still to be seen..... This individual is a very celebrated person at Kandahar, where he was known as Baba Wali. He chose the place of his abode because a spring comes forth from its summit, and was the resort of pious pilgrims of many creeds. [Reader, please note the spot was a 'resort of pious pilgrims of many creeds' even before Wali Kandhari and Shri Guru Nanak Dev came there: Author of Vedic Gurmat] After his death, a fakir took up his place, as is usual, in the case of all the Mohammedan saints. Guru Nanak, the founder of the Sikh religion, coming one day to the hill as a pilgrim, much heated

ਬਾਕੀ ਸਫ਼ਾ ੧੪੪ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਬਣਾ ਲਈ ਤੇ ਨਾਲ ਹੀ ਉਸ ਪੱਥਰ ਨੂੰ ਜਿਸ ਤੇ 'ਪੰਜਾ' ਉਕ੍ਰਿਆ ਹੋਇਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੀਪ ਰਖ ਲਿਆ. ਹੂਗਲ ਦੀ ਸਿਆਣਪ ਨੂੰ ਅੰਗ੍ਰੇਜ਼ਾਂ ਨੇ ਵੀ ਸਲਾਹਿਆ ਹੈ ਤੇ ਉਸ ਨੇ ਹਰ ਇਕ ਹਾਦਸੇ ਤੇ ਦ੍ਰਿਸ਼ਯ ਨੂੰ ਬਿਲਕੁਲ ਸਹੀ ਕਲਮਬੰਦ ਕੀਤਾ ਹੈ. ਇਸ ਦੇ ਨਾਲ ੯੭ ਦੇਸੀ ਮੁਲਾਜ਼ਮ ਤੇ ੭ ਜਾਨਵਰ ਸਨ (37 servants, 60 bearers and 7 beasts p. 16), ਅਰ ਏਹਨਾਂ ਤੋਂ ਇਲਾਵਾ ਤੰਬੂ, ਕਨਾਤਾਂ, ਸ਼ਾਮਿਆਨੇ, ਦੂਰਬੀਨਾਂ ਤੇ ਕਈ ਹੋਰ ਆਲੇ. ਨਿਰਸੰਦੇਹ 'ਪੰਜੇ' ਵਾਲੇ ਪੱਥਰ ਦੇ ਸੰਬੰਧ ਵਿੱਚ ਇਸ ਨੇ ਕੋਈ ਟਿਚਕਰ ਨਹੀਂ ਕੀਤੀ ਅਰ ਨ ਹੀ ਕੋਈ ਅਵਗਿਆ ਵਾਚਕ ਕਲਮਾ ਦਰਜ ਕੀਤਾ ਹੈ. ਉਸਨੇ ਜੋ ਵੀ ਲਿਖਿਆ ਹੈ, ਉਥੋਂ ਦੇ ਸਿੱਖਾਂ ਤੋਂ ਸੁਣ ਕੇ ਅਤਿ ਪਿਆਰ ਸਤਕਾਰ ਨਾਲ ਵਰਣਨ ਕੀਤਾ ਹੈ. ਜੋ ਸੁਆਲ-ਜਵਾਬ ਉਸ ਨੇ ਆਪਣੀ ਪੁਸਤਕ ਵਿੱਚ ਲਿਖੇ ਹਨ ਕਿ ਮਹਾਰਾਜਾ ਰੰਜੀਤ ਸਿੰਘ ਨਾਲ ਹੋਏ, ਉਹੋ ਹੀ ਹੂ ਬਹੂ ਉਮਦਤ-ਉਤ-ਤਵਾਰੀਖ਼ ਵਿੱਚ ਸੂਰੀ ਜੀ ਨੇ ਦਰਜ ਕੀਤੇ ਹਨ. ਜਦ ਸੂਰੀ ਦੇ ਰੋਜ਼ਨਾਮਚੇ

ਸਫ਼ੇ ੧੪੩ ਦੀ ਬਾਕੀ

and tired, requested some water of the fakir. The unbeliever's demand was refused; and Nanak, laying his hand on the rock whence the spring issued, it ceased to flow, and on the very spot was a bas-relief of that hand in stone, which as soon as the Sikhs became lords of the country, was taken away from the mountain, and placed in the building erected in the middle of the Serai, and there raised as an object of veneration opposite the entrance. The Guru sings some passages out of the Grunth, or holy volume of the Sikhs, every morning before it..... Monday, December 28.—The nights were now extremely cold; the water froze in the bottles, and the ground was covered every morning with hard frost. At noon, however, we had our Indian sun. I had appointed the morning for my visit to the Sikh Guru, at which ceremony the whole population of Hussein Abdal was present. When I came to the marble steps leading to his Durbar, which was held before the celebrated stone, and saw him there seated on carpets, I took off my shoes, a courtesy which gained for me the loud praises of all present. The Guru received me with every mark of dignity, and accepted a present, which was certainly well bestowed, if only for the sight of the stone, on which the above-named marvel still remains imprinted. The great imperial route formerly leading from Hindustan to Kabul passes from Hussein Abdal to Lahor,

ਬਾਕੀ ਸਫ਼ਾ ੧੪੫ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਵਿੱਚ ਇੱਥੋਂ ਤਕ ਦਰਜ ਹੈ (ਦੇਖੋ, ਸੂਰੀ ੨੪, ੨੫ ਦਸੰਬਰ ੧੮੩੫, ਪੰ: ੨੬੨) ਕਿ ਅੰਗ੍ਰੇਜ਼ੀ ਇਲਾਕੇ ਤੋਂ ਮਹਾਰਾਜਾ ਨੂੰ ਚਿੱਠੀ ਪਹੁੰਚੀ ਕਿ ਜੈਨਰਲ ਵੰਤੂਰਾ ਨੂੰ ੨੫-੨੬ ਦਸੰਬਰ ਦੀ ਛੁੱਟੀ ਦਿੱਤੀ ਜਾਵੇ ਤਾਂ ਜੋ ਉਹ 'ਵੱਡੇ' ਦਿਨ ਦੀਆਂ ਖ਼ੁਸ਼ੀਆਂ ਮਨਾਣ ਲਈ, ਫ਼ੀਰੋਜ਼ਪੁਰ, ਹੋਰ ਯੂਰਪੀਨਾਂ ਵਿੱਚ ਸ਼ਾਮਿਲ ਹੋ ਸਕੇ; ਤੇ ਮਹਾਰਾਜਾ ਨੇ ਉਸ ਨੂੰ ਫ਼ੌਰਨ ਫ਼ੀਰੋਜ਼ਪੁਰ ਘਲ ਦਿੱਤਾ; ਫਿਰ ਕੋਈ ਵਜਹ ਨਹੀਂ ਕਿ ਜੇ ਓਦੋਂ ਗੁਰਪੁਰਬ ਮਨਾਏ ਜਾਂਦੇ ਤਾਂ ਉਹਨਾਂ ਦਾ

ਸਫ਼ੇ ੧੪੪ ਦੀ ਬਾਕੀ

and Serais were built along it at intervals of every six Kos from each other. There were three between the former town and Rawal Pindi, but I purposed making the journey in two days, and started atonce therefore from the Guru's Durbar."

[ਬੈਰਨ ਹੂਗਲ ਦੇ ਇਸ ਹਵਾਲੇ ਦੀ ਨਕਲ ਮੈਂ ਆਪਣੇ ਛਪਣ ਵਾਲੇ ਖਰੜੇ (Manuscript) ਪਰ ਕਰਦਾ ਕਰਦਾ ਜਦ 'ਰਾਵਲ ਪਿੰਡੀ' ਸ਼ਬਦ ਤੇ ਪਹੁੰਚਿਆ ਤਾਂ (ਪਿਛਲੀ ਰਾਤ, ਅਰਥਾਤ, ਅਜ ੨੦ ਅਕਤੂਬਰ, ੧੯੬੨, ਸਵੇਰ ਦੇ ਠੀਕ ਚਾਈ ਵਜੇ) ਮੇਰੇ ਤੇ ਨੀਂਦਰ ਨੇ ਗ਼ਲਬਾ ਪਾ ਲਿਆ, ਮੈਂ ਲੇਟ ਗਿਆ, ਤੇ ਮੇਰੀ ਅੱਖ ਲਗ ਗਈ. ਜਾਂ ਛੇਤੀ ਹੀ ਮੈਂ ਫਿਰ ਸਾਵਧਾਨ ਹੋਇਆ ਤਾਂ ਇਹ ਸੁਪਨਾ ਆ ਰਿਹਾ ਸੀ : ਉੱਪਰ ਆਕਾਸ਼ ਦੇ ਸੰਪੂਰਨ ਅਰਧ ਗੋਲਾ ਕਾਰ ਦੇ ਹੇਠਾਂ ਧਰਤੀ ਦੇ ਸਾਰੇ ਮੈਦਾਨ ਪੁਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਦੀਵਾਨ ਸਜਿਆ ਹੋਇਆ ਹੈ. ਸੰਗਤ ਦੀ ਗਿਣਤੀ ਦਾ ਕੋਈ ਓੜਕ ਨਹੀਂ, ਪਰ ਅਨੇਕ ਪ੍ਰਕਾਰ ਦੇ ਨਰ ਨਾਰੀ ਸੰਗਤ ਵਿੱਚ ਉਪਸਥਿਤ ਹਨ. ਮੈਂ ਇਤਫ਼ਾਕੀਆ ਆਪਣੀ ਪਿੱਠ ਪਿੱਛੇ ਸਿਰ ਫੇਰ ਕੇ ਵੇਖਿਆ ਤਾਂ ਅਣਗਿਣਤ ਪਠਾਣ ਤੇ ਹੋਰ ਮੁਸਲਮਾਣ, ਈਸਾਈ, ਯਹੂਦੀ ਆਦਿਕ ਵੀ, ਬੜੇ ਅਦਬ ਨਾਲ ਦੌਕੜੀ ਮਾਰ ਕੇ ਬੈਠੇ ਨਜ਼ਰ ਆਏ. ਪਠਾਣਾਂ ਸਭਨਾਂ ਪੱਗਾਂ ਬਧੀਆਂ ਹੋਈਆਂ ਸਨ, ਪਰ ਸੰਗਤ ਵਿੱਚ ਨਿਰਸੰਦੇਹ ਅਨੇਕਾਂ ਹੀ ਨੰਗੇ ਸਿਰ ਵੀ ਬੈਠੇ ਸਨ. ਐਨੇ ਨੂੰ ਦੋ ਸਿੰਘ ਮੇਰੇ ਖੱਬੇ ਪਾਸਿਓਂ, ਤੇ ਬੜੀ ਦੂਰੋਂ, ਛਾਲਾਂ ਮਾਰਦੇ, ਰੌਲਾ ਪਾਂਦੇ ੨ ਦੀਵਾਨ ਵਿੱਚ ਆ ਵੜੇ. ਪ੍ਰਬੰਧਕਾਂ ਵਿਚੋਂ ਵੀ ਕੇਵਲ ਦੋ ਹੀ ਸਿੰਘਾਂ ਨੇ ਬਹੁਤ ਉੱਚੀ, ਪਰ ਲਮਕਵੀਂ, ਆਵਾਜ਼ ਵਿੱਚ ਦੋ ਵੇਰ ਕਿਹਾ! ਬਾਸ! ਬਾਸ! ਕਿ ਰੌਲਾ ਪਾਣ ਵਾਲੇ ਸੱਜਣ ਚੁੱਪ ਕਰਕੇ ਸਜ ਗਏ. ਇਕ ਪਾਸਿਓਂ ਸੰਗਤਿ ਦਾ ਅਮੁੱਕ ਜਲੂਸ ਧੜਾ ਧੜ ਦੀਵਾਨ ਵਿੱਚ ਦਾਖ਼ਿਲ ਹੋ ਰਿਹਾ ਸੀ, ਪਰ ਰੌਲਾ ਜ਼ਰਾ ਵੀ ਕਿਸੇ ਪ੍ਰਕਾਰ ਦਾ ਨ ਸੀ. ਇਸ ਜਲੂਸ ਵਿੱਚ ਸੱਤ ਸੱਤ ਵਿਅਕਤੀਆਂ ਦੀਆਂ ਕਤਾਰਾਂ ਆ ਰਹੀਆਂ ਸਨ, ਜੋ ਅਨੇਕਾਂ ਹੀ ਕੌਮਾਂ ਦੀਆਂ ਮਿਸ਼੍ਰਿਤ ਸਨ. ਪਰ ਇਸ ਵਿੱਚ ਜਿਥੋਂ ਤਕ ਨਜ਼ਰ ਪਹੁੰਚਦੀ ਸੀ ਇਸਤ੍ਰੀ ਕੋਈ ਨ ਸੀ. ਪ੍ਰਸ਼ਾਦ, ਜੋ ਕੜਾਹ ਪ੍ਰਸ਼ਾਦ ਹੀ ਸੀ, ਇਉਂ ਜਾਪਦਾ ਸੀ ਕਿ ਲਗਾਤਾਰ ਹੀ

ਬਾਕੀ ਸਫ਼ਾ ੧੪੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਵੀ ਕਿਧਰੇ ਨ ਕਿਧਰੇ ਕਿਉਂ ਨ ਜ਼ਿਕਰ ਹੁੰਦਾ. ਪੰਜਾ ਸਾਹਿਬ ਦੀ ਘਟਨਾ ਦਾ ਭਾਈ ਗੁਰਦਾਸ ਜੀ ਨੇ ਵੀ ਮੁਤਲਿਕ ਕੋਈ ਜ਼ਿਕਰ ਨਹੀਂ ਕੀਤਾ, ਹਾਲਾਂ ਕਿ

ਸਫ਼ੇ ੧੪੫ ਦੀ ਬਾਕੀ

ਵਰਤਦਾ ਰਹਿੰਦਾ ਹੈ. ਸਨਮੁਖ ਮਸਨਦ ਪੁਰ ਪੁਸਤਕ ਦੀ ਜਿਲਦ ਵੀ ਅਲੱਖ ਰੂਪ ਹੀ ਦਿੱਸੀ ! ਅਰਥਾਤ, ਭਿੰਨ ਭਿੰਨ ਮਤਾਂ ਦੇ ਅਨੁਯਾਈਆਂ ਲਈ ਭਿੰਨ ਭਿੰਨ ! ਮੈਂ ਵੇਖਿਆ ਕਿ ਉਸੇ ਇੱਕੋ ਬੀੜ ਤੋਂ ਕੋਈ ਰਿਗ, ਯਜੁਰ, ਸਾਮ ਤੇ ਅਥਰਵਣ ਵੇਦ ਦਾ, ਕੋਈ ਗੀਤਾ, ਭਾਗਵਤ, ਵਿਸ਼ਨੂੰ ਪੁਰਾਣ ਦਾ, ਕੋਈ ਕੁਰਾਨ, ਅੰਜੀਲ ਤੇ ਜ਼ੰਦ ਦਾ, ਆਨੰਦ ਮਾਣ ਰਿਹਾ ਹੈ, ਤੇ ਫਿਰ ਉਹੋ ਮੇਰੇ ਲਈ ਤੇ ਹੋਰ ਸਿੰਘਾਂ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਹਾਜ਼ਰ ਹਜ਼ੂਰ ਬਿਰਾਜਮਾਨ ਸੀ. ਉਹੋ ਪੰਜਾਬੀ, ਹਿੰਦੀ, ਸੰਸਕ੍ਰਿਤ ਵਿੱਚ, ਉਹੋ ਅਰਬੀ, ਪਹਿਲਵੀ, ਇਬ੍ਰਾਨੀ ਵਿੱਚ, ਉਹੋ ਅੰਗ੍ਰੇਜ਼ੀ, ਲਾਤੀਨੀ ਯੂਨਾਨੀ ਵਿੱਚ. ਇਕ ਹੋਰ ਵਿਸਮਾਦ ਮਈ ਗਲ ਇਹ ਕਿ ਪੁਸਤਕ ਦਾ ਆਕਾਰ ਵੀ ਸਭ ਲਈ ਇੱਕੋ ਤੇ ਹਰ ਪਾਸਿਓਂ ਸਨਮੁਖ ! ਅਰਥਾਤ, ਪਾਠੀ ਜੋ ਪਾਠ ਕਰਦਾ ਸੀ, ਉਹ ਤੇ ਪੁਸਤਕ ਹਰ ਪਾਸਿਓਂ ਸਾਹਮਣੇ ਹੀ ਦਿਸਦੇ ਸਨ. ਪਾਠੀ ਦੇ ਮੂੰਹੋਂ ਪਾਠ ਦੀ ਆਵਾਜ਼ ਨ ਆਂਦੀ ਸੀ, ਉਹ ਕੇਵਲ ਅਦਬ ਨਾਲ ਪੁਸਤਕ ਦੀ ਤਾਬੇ ਬੈਠ ਜਾਂਦਾ ਸੀ ਤੇ ਪਤਰੇ ਵਲ ਦ੍ਰਿਸ਼ਟੀ ਰਖਦਾ ਸੀ, ਫਿਰ ਧੁਨੀ ਸੁਯੰ ਨਿਕਲਦੀ ਸੀ, ਜਿਸ ਦੀ ਮਿਠਾਸ ਅਕਥਨੀਯ ਸੀ, ਤੇ ਇਹ ਇੱਕ ਰਸ ਜਾਰੀ ਸੀ, ਕਿਉਂ ਜੋ ਕੋਈ ਨ ਕੋਈ ਜ਼ਰੂਰ ਹੀ ਲਗਾਤਾਰ ਤਾਬੇ ਦਿਸਦਾ ਸੀ, ਤੇ ਆਪੋ ਆਪਣੇ ਅਕੀਦੇ ਤੇ ਸੰਕਲਪ ਦੇ ਮੁਤਾਬਕ ਇਹ (ਧੁਨੀ) ਹਰ ਇੱਕ ਨੂੰ ਭਿੰਨ ਭਿੰਨ ਭਾਸਦੀ ਸੀ. ਮੈਂ ਸਮਝਦਾ ਸੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੈ, ਮੇਰੇ ਪਿੱਛੇ ਬੈਠਾ ਪਠਾਣ ਸਮਝਦਾ ਸੀ ਕਿ ਤਲਾਵਤ-ਇ-ਕੁਰਾਨ ਮਜੀਦ ਹੈ. ਪ੍ਰਸ਼ਾਦ ਵੰਡਣ ਵਾਲੇ ਵੀ ਅਨੇਕ ਮਤੀ ਸਨ. ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਈ ਨੰਗੇ ਸਿਰ ਹਿੰਦੂ ਸਤਿ ਸੰਗੀ ਵੀ ਸਨ. ਮੇਰੇ ਕੋਲੋਂ, ਭਗਤ ਪੂਰਨ ਸਿੰਘ (ਸ਼੍ਰੀ ਅੰਮ੍ਰਿਤਸਰ ਦੇ ਪਿੰਗਲਵਾੜੇ ਦਾ ਪ੍ਰਵਰਤਕ) ਜਿਸ ਨੂੰ ਮੈਥੋਂ ਪਹਿਲਾਂ ਪ੍ਰਸ਼ਾਦ ਮਿਲ ਚੁਕਾ ਸੀ, ਪ੍ਰਸ਼ਾਦ ਮੂੰਹ ਵਿੱਚ ਪਾਂਦਾ ਪਾਂਦਾ ਆਣ ਲੰਘਿਆ, ਤੇ ਮੈਨੂੰ, ਆਪਣੇ ਹੱਥੋਂ ਆਪਣਾ ਸੀਤ ਪ੍ਰਸ਼ਾਦ ਲੈਣ ਲਈ ਪ੍ਰੇਰਿਆ, ਪਰ ਮੈਂ ਕਿਹਾ, 'ਨਹੀਂ, ਨਹੀਂ, ਤੁੱਸੀ ਛਕੋ, ਮੈਂ ਇਸ ਤਰ੍ਹਾਂ ਕਦੀ ਨਹੀਂ ਲਿਆ.' ਉਹ ਲੰਘ ਗਿਆ ਤੇ ਦੋ ਵਰਤਾਵੇ ਸਿੰਘਾਂ, ਨੇ ਮੈਨੂੰ ਪ੍ਰਸ਼ਾਦ ਦਿੱਤਾ, ਪਰ ਕੁੱਝ ਜ਼ਿਆਦਾ ਦੇ ਦਿੱਤਾ, ਸੋ ਮੇਰੇ ਕੋਲ ਜੋ ਇੱਕ ਹੋਰ ਸਿੰਘ ਬੈਠਾ ਸੀ, ਮੈਂ ਉਸ ਨੂੰ ਕਿਹਾ ਕਿ ਮੈਥੋਂ ਥੋੜਾ ਜਿਹਾ ਤੁੱਸੀਂ ਲੈ ਲੋ, ਪਰ ਉਸਨੇ ਇਨਕਾਰ ਕਰ ਦਿੱਤਾ. ਔਂਨੇ ਨੂੰ ਵਰਤਾਣ ਵਾਲਿਆਂ ਪਾਸੋਂ ਥੋੜਾ ਜਿਹਾ ਪ੍ਰਸ਼ਾਦ ਦਰੀ ਪੁਰ ਗਿਰ ਗਿਆ, ਜਿਸ ਨੂੰ ਮੈਂ ਚੁਕ ਕੇ ਨਾਲ ਬੈਠੇ ਸਿੰਘ ਨੂੰ ਦਿੱਤਾ, ਜੋ ਉਸ ਨੇ ਲੈ ਲਿਆ. ਮੈਂ ਜਦ ਪ੍ਰਸ਼ਾਦ ਦੀਆਂ ਦੋ ਬੁਰਕੀਆਂ ਛਕ ਲਈਆਂ ਤਾਂ

ਬਾਕੀ ਸਫ਼ਾ ੧੪੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਉਹ ਉਸੇ ਰਸਤੇ ਕਾਬਲ ਘੋੜੇ ਖ਼ਰੀਦਣ ਗਏ ਤੇ ਵਾਪਿਸ ਵੀ ਆਏ. ਹੁਣ, ਆਓ, ਕੁਦਰਤੀ ਹਾਲਾਤ ਨੂੰ ਦ੍ਰਿਸ਼ਟੀ ਗੋਚਰ ਰਖ ਕੇ ਇਸ ਵਿਸ਼ੇ ਤੇ ਵਿਚਾਰ ਕਰੀਏ: ਪਾਠਕ ਨੂੰ ਵਿਦਿਤ ਹੋਵੇ ਕਿ ਹਸਨ ਅਬਦਾਲ ਦੇ ਇਲਾਕੇ ਵਿੱਚ ਉੱਥੋਂ ਦੇ ਲੋਕਾਂ ਨੂੰ ਬਿਆਕੁਲ ਕਰਨ ਵਾਲੀ ਪਾਣੀ ਦੀ ਕਮੀ ਕਦੇ ਨ ਸੀ. ਸ਼ਾਹੀ ਸੜਕ ਜੋ ਆਦਿ ਸਤਿਗੁਰੂ ਜੀ ਦੇ ਸਮੇਂ ਵਿੱਚ ਹਿੰਦੁਸਤਾਨ ਤੋਂ ਕਾਬਲ ਜਾਂਦੀ ਸੀ ਉਧਰੋਂ ਹੀ ਲੰਘਦੀ ਸੀ. ਇਸ ਦੇ ਹਰ ਛੇਵੇਂ ਕੋਹ ਤੇ ਸਰਾਂ ਵੀ ਸੀ. ਸ਼ੇਰ ਸ਼ਾਹ ਸੂਰੀ ਸਤਿਗੁਰਾਂ ਦਾ ਸਮਕਾਲੀ ਸੀ ਜਿਸ ਨੇ ਇਹ ਸੜਕ ਤੇ ਸਰਾਵਾਂ ਬਣਵਾਈਆਂ ਸਨ. ਪਰ ਭਾਵੇਂ ਇਹ ਸਤਗੁਰਾਂ ਦੇ ਕਾਬਲ ਜਾਣ ਸਮੇਂ ਤਕ ਨਾਂ ਵੀ ਬਣੀਆਂ ਹੋਵਨ ਜਿਸ ਇਲਾਕੇ ਵਿੱਚ ਜਹਾਂਗੀਰ ਨੇ ਵਿਸ਼ੇਸ਼ ਮਹਲ ਬਣਾਣਾ ਸੀ ਉਹ ਐਂਨਾ ਨਾਖ਼ੁਸ਼ਗਵਾਰ ਤੇ ਖ਼ੁਸ਼ਕੀ ਦਾ ਮਾਰਿਆ ਹੋਇਆ ਕਿਵੇਂ ਕਲਪਿਤ ਕੀਤਾ ਜਾ ਸਕਦਾ ਹੈ? ਫਿਰ, ਭਾਈ ਸਾਹਿਬ ਕਾਹਨ ਸਿੰਘ ਜੀ (ਦੇਖੋ, ਮਹਾਂ ਕੋਸ਼ ਵਿੱਚ 'ਪੰਜਾ ਸਾਹਿਬ') ਫ਼ਰਮਾਂਦੇ ਹਨ ਕਿ "ਸੰਗਤ ਨੇ ਖੋਜ ਕਰਕੇ ਨਿਸ਼ਚਿਤ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਉਸ ਅਸਥਾਨ ਤੇ ਯਕਮ ਸਾਵਣ ਨੂੰ ਪਹੁੰਚੇ ਸਨ ਤੇ ਉਸ ਦਿਨ ਪੰਜਾ ਲੱਗਾ ਹੈ." ਇਹ ਗਲ ਹੋਰ ਵੀ ਹਕੀਕੀ ਹਾਲਾਤ ਦੇ ਵਿਰੁੱਧ ਹੈ: ਹਾੜ ਦੇ ਮੱਧ ਤੋਂ ਅਮੂਮਨ ਬਰਖਾ ਰੁਤ ਸ਼ੁਰੂ ਹੋ ਜਾਂਦੀ ਹੈ, ਤੇ ਐਸੇ ਸਮੇਂ ਜਦ

ਸਫ਼ੇ ੧੪੬ ਦੀ ਬਾਕੀ

ਖ਼ਿਆਲ ਆਇਆ ਕਿ ਪ੍ਰਸ਼ਾਦ ਕੁੱਝ ਜ਼ਰਾ ਕੱਚਾ ਜਿਹਾ ਰਹਿ ਗਿਆ ਹੈ. ਇਹ ਫੁਰਨਾ ਫੁਰਦਿਆਂ ਹੀ, ਪ੍ਰਸ਼ਾਦ (ਖੱਡੇ) ਹੱਥ ਵਿੱਚੋਂ, ਮਹਿਸੂਸ ਹੁੰਦਿਆਂ ਹੋਇਆਂ ਗ਼ਾਇਬ ਹੋ ਗਿਆ, ਤੇ ਦੋ ਤਿੰਨ ਪਲਾਂ ਮਗਰੋਂ ਨੀਂਦਰ ਖੁਲ੍ਹ ਗਈ! ਪ੍ਰਤੀਤ ਹੁੰਦਾ ਹੈ ਕਿ ਯਾ ਤਾਂ ਇਹ ਸੁਪਨਾ ਉਸ ਮਨੋਹਰ ਗੁਰ ਸੰਗਤਿ ਦੀ ਝਲਕ ਸੀ ਜਿਸ ਦਾ ਆਨੰਦ ਸੁਭਾਗੇ ਹੁਗਲ ਨੇ ਸ੍ਰੀ ਪੰਜਾ ਸਾਹਿਬ ਵਿਖੇ, ਅੱਜ ਤੋਂ ੧੨੭ ਵੱਰ੍ਹੇ ਪਿੱਛੇ ਲਿਆ, ਤੇ ਜਿਸ ਦਾ ਬ੍ਰਿਤਾਂਤ ਪੜ੍ਹਦਾ, ਲਿਖਦਾ, ਤੇ ਵਿਚਾਰਦਾ ਵਿਚਾਰਦਾ ਮੈਂ ਜਾਗ੍ਰਿਤ ਦੇ ਦੇਸ਼ ਕਾਲ ਤੋਂ, ਛਿਨ ਮਾਤ੍ਰ ਲਈ, ਵਿਦਾ ਹੋ ਗਿਆ ਸੀ. ਯਾ ਇਹ ਦ੍ਰਿਸ਼ਯ ਉਸ ਅਪਾਰ ਵਿਸ਼ਵਕੀਯ ਗੁਰਸੰਗਤਿ (Inter-Religious Cosmopolitan Congregation) ਦਾ ਹੈ, ਜਿਸ ਨੇ ਕਦੇ ਭਵਿਸ਼ਯਤ ਵਿੱਚ ਇਸ ਪ੍ਰਕਾਰ ਨਮੂਦਾਰ ਹੋਣਾ ਹੈ, ਯਾ, ਕੀ ਪਤਾ, ਇਹ ਪਾਰ ਬ੍ਰਹਮ ਦਾ ਆਪਣਾ ਹੀ ਦਰਬਾਰ ਸੀ. ਪਰ ਹਰ ਹਾਲਤ ਵਿੱਚ ਇਹ ਮੇਰੀ ਪ੍ਰੀਖਿਆ ਸੀ, ਜਿਸ ਵਿੱਚੋਂ ਮੈਂ ਕਾਮਯਾਬ ਨਹੀਂ ਨਿਕਲਿਆ. ਮੇਰੇ ਮਨ ਵਿੱਚ ਦ੍ਵੈਤ ਸੀ. ਮੈਨੂੰ ਭਗਤ ਤੋਂ ਪ੍ਰਸ਼ਾਦ ਲੈ ਲੈਣਾ ਚਾਹੀਦਾ ਸੀ. ਮੇਰੇ ਮਨ ਵਿੱਚ ਇਹ ਫੁਰਨਾ ਨਹੀਂ ਫੁਰਨਾ ਚਾਹੀਦਾ ਸੀ ਕਿ ਪ੍ਰਸ਼ਾਦ ਕੁੱਝ ਕੱਚਾ ਜਿਹਾ ਹੈ]

Sri Satguru Jagjit Singh Ji eLibrary NamdhariElibrary@gmail.com

ਕਿ ਸਾਰੇ ਹੀ ਜਲ ਥਲ ਹੋ ਜਾਂਦਾ ਹੈ ਕਿਵੇਂ ਸੰਭਵ ਹੈ ਕਿ ਹਸਨ ਅਬਦਾਲ ਵਿੱਚ ਪਾਣੀ ਦੀ ਐਂਨੀ ਕਮੀ ਹੋਵੇ. ਨਵਾਂ ਹੀ ਪਾਤਿਸ਼ਾਹੀਆਂ ਵਿੱਚੋਂ ਕਿਸੇ ਨੇ ਵੀ ਇਸ ਅਦਭੁਤ ਅਸਥਾਨ ਨੂੰ ਪ੍ਰਗਟ ਕਰਨ ਦੀ, ਅਥਵਾ ਇਸ ਦੇ ਦਰਸ਼ਨ ਕਰਨ ਦੀ ਕੋਈ ਖ਼ਾਹਿਸ਼ ਜ਼ਾਹਿਰ ਨਹੀਂ ਕੀਤੀ. ਕਾਬਲ-ਪਿਸ਼ਾਵਰ ਦੀ ਸੰਗਤਿ ਬੇਅੰਤ ਸੰਖਿਆ ਵਿੱਚ ਸਾਰੇ ਹੀ ਸਤਿਗੁਰਾਂ ਦੇ ਦਰਸ਼ਨ ਕਰਨ ਪੰਜਾਬ ਵਿੱਚ ਹਾਜ਼ਰ ਹੁੰਦੀ ਰਹੀ ਹੈ; ਕਿਸੇ ਨੇ ਵੀ ਇਸ ਅਸਥਾਨ ਦਾ ਕਦੇ ਕਿਸੇ ਵੀ ਸਤਿਗੁਰਾਂ ਅੱਗੇ ਪ੍ਰਸੰਗ ਨਹੀਂ ਛੇੜਿਆ. ਭਾਈ ਜੋਗਾ ਸਿੰਘ ਵਰਗੇ ਪ੍ਰੇਮੀ ਨੇ ਵੀ ਦਸਮ ਪਾਤਿਸ਼ਾਹ ਦੇ ਹਜ਼ੂਰ ਇਸ ਦਾ ਜ਼ਿਕਰ ਨਹੀਂ ਕੀਤਾ. ਏਹੋ ਦਲੀਲਾਂ ਹੋਰ ਵੀ ਅਨੇਕਾਂ ਹੀ ਗੁਰਦੁਆਰਿਆਂ ਦੀ ਬੁਨਿਆਦੀ ਹਕੀਕਤ ਤੇ ਲਗਦੀਆਂ ਹਨ, ਜੋ ਬਾਦ ਦੀਆਂ ਸੰਗਤਾਂ ਨੇ ਸਤਿਗੁਰਾਂ ਦੇ ਨਾਮਾਂ ਪੁਰ ਆਪ ਪ੍ਰੇਮ ਤੇ ਸਦਭਾਵਨਾ ਨਾਲ ਅਸਥਾਪਨ ਕੀਤੇ ਹਨ. ਚੂੰਕਿ ਪਿਸ਼ੌਰ ਤੇ ਲਹੌਰ ਦੇ ਵਿਚਕਾਰ, ਸਿਵਾਏ ਸਿਆਲਕੋਟ ਦੇ, ਤੇ ਗੁਜਰਾਂ ਵਾਲੇ ਵਿੱਚ ਏਮਨਾਬਾਦ ਦੇ, ਕੋਈ ਵੀ ਐਸਾ ਗੁਰਦੁਆਰਾ ਸ਼ਰਧਾਲੂਆਂ ਦੀ ਸ਼੍ਰਧਾਂਜਲੀ ਅਰਪਣ ਲਈ ਮੌਜੂਦ ਨ ਸੀ, ਇਸ ਲਈ ਗੁਰਸੰਗਤਾਂ ਨੇ ਪੰਜੇ ਦੀ ਰੁਚਿਰ ਕਥਾ ਦੇ ਆਧਾਰ ਪੁਰ ਇਹ ਗੁਰਦੁਆਰਾ ਅਸਥਾਪਨ ਕਰਨ ਦਾ ਉੱਦਮ ਕੀਤਾ, ਜੋ ਅਤਿ ਸ਼ਲਾਘਾ ਯੋਗ ਹੈ, ਪਰ ਇਸ ਦੀ ਬੁਨਿਆਦੀ ਕਥਾ ਪ੍ਰਮਾਣੀਕ ਨਹੀਂ. ਗੁਰਸ਼ਬਦ ਰਤਨਾਕਰ ਮਹਾਂ ਕੋਸ਼ ਦਾ ਇੱਕ ਇੱਕ ਸ਼ਬਦ ਤੇ ਇੱਕ ਇੱਕ ਮਾਤ੍ਰਾ ਇਸ ਕੀਟ ਦੀ ਦ੍ਰਿਸ਼ਟੀ ਤੇ ਵਿਚਾਰ ਦੀ ਪਰਖ ਪੜਚੋਲ ਤੋਂ ਲੰਘ ਕੇ ਮੁਦ੍ਰਿਤ ਹੋਈ ਹੈ, ਇਸ ਲਈ ਇਸ ਲੇਖਕ ਨੇ ਉਕਤ ਕਥਿਤ ਦਲੀਲਾਂ ਓਦੋਂ ਵੀ (੧੯੨੮ ਵਿੱਚ) ਭਾਈ ਸਾਹਿਬ ਦੇ ਅੱਗੇ ਪੇਸ਼ ਕੀਤੀਆਂ ਸਨ, ਪਰ ਉਹਨਾਂ ਨੇ ਪ੍ਰੇਮ ਤੇ ਸਤਕਾਰ ਪੂਰਬਕ ਫ਼ਰਮਾਇਆ ਕਿ "ਯਥਾਰਥ ਕਥਾਓਂ ਕੇ ਇਲਾਵਾ, ਰੋਚਕ ਔਰ ਭਿਆਨਕ ਭੀ ਪ੍ਰੇਮੀ ਜਨੋਂ ਕੀ ਸ਼੍ਰੱਧਾ ਮੇਂ ਵ੍ਰਿੱਧੀ ਕੇ ਲੀਏ ਪਰਮ ਆਵਸ਼ਯਕ ਹੈਂ, ਇਸ ਲੀਏ 'ਪੰਜਾ ਸਾਹਿਬ' ਕੇ ਸੰਬੰਧ ਮੇਂ ਜੋ ਲਿਖ ਦੀਆ ਹੈ, ਉਸ ਕੋ ਵੈਸਾ ਹੀ ਚਲਨੇ ਦੋ." 'ਪੰਜਾ' ਖ਼ੁਦ ਕਿਸ ਕੌਮ ਦਾ ਚਿੰਨ੍ਹ ਹੈ, ਇਸ ਦੇ ਬੋਧ ਲਈ ਦੇਖੋ 'ਮਹਾਂ ਕੋਸ਼' ਵਿੱਚ ਸ਼ਬਦ 'ਪੰਜਾ'.

(੪੫) ਸੱਚ ਦੇ ਮੁਤਲਾਸ਼ੀਆਂ ਲਈ ਉੱਪਰ ਹਰ ਆਵਸ਼ਯਕ ਵਿਚਾਰ ਦ੍ਰਿਸ਼ਟੀ ਤੋਂ ਭਲੀ ਪ੍ਰਕਾਰ ਸਿੱਧ ਹੋ ਚੁਕਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਖ਼ਾਲਸਾ ਪੰਥ ਰਚਨਾ (ਸਨ ੧੬੯੯) ਤੋਂ ਘਟੋ ਘਟ ਦੋ ਸੌ ਵਰ੍ਹਿਆਂ (੧੮੯੯) ਤਕ ਹਿੰਦੂ ਤੇ ਸਿੱਖਾਂ ਦੇ ਤਹਿਵਾਰ ਸਾਂਝੇ ਸਨ. ਇਸ ਦੇ

Sri Satguru Jagjit Singh Ji eLibrary NamdhariElibrary@gmail.com

ਨਾਲ ਹੀ ਦੂਜੀ ਗਲ, ਅਰਥਾਤ, ਸਾਂਝੇ ਪਾਵਨ ਅਸਥਾਨਾਂ (ਮੰਦਰਾਂ, ਦਰਯਾਵਾਂ, ਸਰੋਵਰਾਂ ਆਦਿ) ਦੇ ਸੰਬੰਧ ਵਿੱਚ ਵੀ ਸਿੱਧ ਹੋ ਚੁਕਾ ਹੈ ਕਿ ਇਹ ਵੀ ਹਿੰਦੂਆਂ ਤੇ ਸਿੱਖਾਂ ਦੇ ਸਾਂਝੇ ਸਨ: ਭਾਵ, ਜਿੰਨੇ ਵੀ ਤੀਰਥ (ਪੂਜਯ ਸਥਲ) ਆਦਿ ਕਾਲ ਤੋਂ ਭਾਰਤ ਦੇਸ਼ ਵਿੱਚ ਚਲੇ ਆਂਦੇ ਸਨ, ਉਹਨਾਂ ਨੂੰ ਸਿੱਖ ਪਵਿਤ੍ਰ ਦ੍ਰਿਸ਼ਟੀ ਨਾਲ ਵੇਖਦੇ ਰਹੇ, ਤੇ ਜੇਹੜੇ ਹੋਰ ਨਵੇਂ ਤੀਰਥ ਸਾਡੇ ਸਤਿਗੁਰਾਂ ਨੇ ਥਾਪੇ ਉਹਨਾਂ ਨੂੰ ਆਪਣੇ ਪੁਰਾਤਨ ਅਸਥਾਨਾਂ ਦੇ ਨਾਲ ਹੀ ਹਿੰਦੂਆਂ ਨੇ ਵੀ ਪੂਜਣ ਯੋਗ ਮੰਨ ਲਿਆ. ਸਾਡੇ ਸਤਿਗੁਰਾਂ ਨੇ ਪੁਰਾਤਨ ਆਰਯ ਤੀਰਥਾਂ ਨੂੰ ਤੀਰਥ ਹੀ ਮੰਨਿਆਂ ਨ ਕਿ ਅਤੀਰਥ. ਹਾਂ ਮੋਕਸ਼ ਦਾ ਹੇਤੂ ਉਹਨਾਂ ਨੇ ਸਿਵਾਏ ਨਾਮ ਦੇ ਹੋਰ ਕਿਸੇ ਸਾਧਨ ਨੂੰ ਨਹੀਂ ਮੰਨਿਆ. ਹਿੰਦੂਆਂ ਵਿੱਚੋਂ ਜਿਸ ਨੇ ਅੰਮ੍ਰਿਤ ਛਕ ਲਿਆ ਉਸ ਨੇ ਆਪਣਾ ਆਦਰਸ਼ ਕੇਵਲ ਇੱਕ ਅਕਾਲ ਦੀ ਪੂਜਾ ਦੇ ਪ੍ਰਣ ਤੋਂ ਇਲਾਵਾ ਧਰਮ ਰਖਿਆ ਦਾ ਪ੍ਰਣ ਵੀ ਧਾਰ ਲਿਆ, ਤੇ ਉਸ ਪੰਥ (ਮਾਰਗ, ਭਾਵ ਸੰਗਤਿ) ਵਿੱਚ ਸ਼ਾਮਿਲ ਹੋ ਗਿਆ ਜਿਸ ਦੇ ਹਰ ਨਰ ਨਾਰੀ ਨੇ ਏਹੋ ਪ੍ਰਣ ਧਾਰਣ ਕੀਤੇ ਹੋਏ ਹਨ. ਇਸ ਦਾ ਇਹ ਮਤਲਿਬ ਨਹੀਂ ਕਿ ਅੰਮ੍ਰਿਤਧਾਰੀ ਹਿੰਦੂ ਅਥਵਾ ਗੁਰੂ ਕਾ ਸਿੱਖ ਹਿੰਦੂਆਂ ਤੋਂ ਜੁਦਾ ਹੋ ਗਿਆ ਹੈ. ਨਹੀਂ ! ਨਹੀਂ ! ਸਗੋਂ ਉਹ ਹਿੰਦੂਆਂ ਦਾ ਰਖਯਕ ਤੇ ਸੇਵਾਦਾਰ ਬਣ ਗਿਆ ਹੈ. ਵਾਸਤਵ ਵਿੱਚ *'ਹਿੰਦੂ' ਸ਼ਬਦ ਕਿਸੇ ਮਤ, ਮਜ਼ਹਬ ਯਾ ਧਰਮ ਦਾ ਵਾਚਕ ਨਹੀਂ, ਇਹ ਤਾਂ ਰਾਸ਼ਟ੍ਰ (ਕੌਮ, Nation) ਦਾ ਨਾਮ ਹੈ. 'ਹਿੰਦੂ' ਸ਼ਬਦ ਦਾ ਲਕਸ਼ਣ ਕਰਨ ਵਿੱਚ ਵਿਦ੍ਵਾਨਾਂ ਨੂੰ ਪਿਛਲੇ ਸੌ ਡੇੜ੍ਹ ਸੌ ਵਰ੍ਹਿਆਂ ਵਿੱਚ ਦਿੱਕਤ ਵੀ ਇਸੇ ਲਈ ਪੇਸ਼ ਆਂਦੀ ਰਹੀ ਹੈ ਕਿ ਉਹ ਇਸ ਨੂੰ ਮਤ, ਮਜ਼ਹਬ ਯਾ ਧਰਮ ਦਾ ਸੂਚਕ ਮੰਨਦੇ ਰਹੇ ਹਨ. ਪਰ ਜੇ ਇਸ ਸ਼ਬਦ ਨੂੰ 'ਰਾਸ਼ਟ੍ਰ' ਦਾ ਸੂਚਕ

*ਸਾਧੂ ਟੀ. ਐਲ. ਵਾਸਵਾਨੀ ਜੀ ਅਨੁਭਵੀ ਪੁਰਸ਼ ਮੰਨੇ ਗਏ ਹਨ, ਉਹਨਾਂ ਨੇ ਚਿਰ ਹੋਇਆ (ਦੇਖੋ, ਜਨਵਰੀ ਸਨ ੧੯੨੮ ਦੀ The D. A. V. College Union Magazine, [Vol. 25, No. 4.] Editor, Bahadar Mal M. A.) 'ਇੰਡੀਆ' ਸ਼ਬਦ ਸੰਬੰਧੀ ਇਹ ਉੱਤਮ ਖ਼ਿਆਲ ਪ੍ਰਕਟ ਕੀਤੇ ਸਨ : ਪੰਨਾ ੩— "Meaning of India :—Zoroaster, prophet of ancient Persia said, "Be pure as the moon." Did you ever ask yourself what is the meaning of 'India' ? You use that word so often; but what is the original, literal meaning of 'India' ? This name given to this country by the ancient Greeks, means literally 'The Land of Indu' i. e. the moon. The word 'India' means 'the land of the moon;' the land of the pure," ਕੀ ਪਤਾ, ਮੁਸਲਮਾਨਾਂ ਦੇ ਲੀਡਰ ਮਹੱਮਦ ਅਲੀ ਜਿਨਾਹ ਨੇ ਵੀ ਸਾਧੂ ਵਾਸਵਾਨੀ ਦੇ ਇਸੇ ਲੇਖ "Brahmacharya & Nation Building" ਤੋਂ ਹੀ 'ਪਾਕਿਸਤਾਨ' ਸ਼ਬਦ ਵੀ ਘੜਿਆ ਹੋਵੇ !

Sri Satguru Jagjit Singh Ji eLibrary NamdhariElibrary@gmail.com

ਮੰਨ ਲਿਆ ਜਾਏ ਤਾਂ ਫਿਰ ਇਸ ਦੇ ਲਕਸ਼ਣ ਦੀ ਸਾਰੀ ਤਕਲੀਫ਼ ਦੂਰ ਹੋ ਜਾਂਦੀ ਹੈ; ਫਿਰ ਅੱਸੀਂ ਇਸ ਦਾ ਲਕਸ਼ਣ ਇਉਂ ਕਰਾਂਗੇ : ਹਿੰਦੂ ਉਸ ਰਾਸ਼ਟ੍ਰ ਯਾ ਕੌਮ ਦਾ ਨਾਮ ਹੈ ਜੋ ਪ੍ਰਾਚੀਨ ਆਰਯ ਵਰਤ ਯਾ ਭਾਰਤ ਦੀਆਂ ਆਰਯ ਕੁਲਾਂ ਦੀ ਸੰਤਤਿ ਹੈ. ਇਸ ਵਿੱਚ ਉਹ ਮੁਸਲਮਾਣ, ਈਸਾਈ ਆਦਿਕ ਵੀ ਆ ਸਕਦੇ ਹਨ ਜਿਨ੍ਹਾਂ ਦੇ ਪੂਰਵਜ ਪ੍ਰਾਚੀਨ ਭਾਰਤ ਦੀਆਂ ਆਰਯ ਕੁਲਾਂ ਵਿੱਚੋਂ ਸਨ. ਆਰਯ ਕੁਲ ਵਿੱਚੋਂ ਹੋਣ ਦੀ ਪਰਖ ਉਹੋ ਹੈ ਜਿਸ ਨੂੰ ਇਸ ਨਿਬੰਧ ਵਿੱਚ ਵਿਸਥਾਰ ਪੂਰਬਕ ਨਿਰੂਪਣ ਕੀਤਾ ਜਾ ਚੁਕਾ ਹੈ. ਪਰ ਸੌਖੀ ਤੋਂ ਸੌਖੀ ਪਰਖ ਭਾਰਤ ਦੀ 'ਆਰਯ ਕੁਲ' ਨਾਲ ਸੰਬੰਧਿਤ ਹੋਣ ਦੀ ਇਹ ਹੈ : ਜਿਨ੍ਹਾਂ ਮਨੁੱਖਾਂ ਦੇ ਪਰਮ ਪੁਰਾਤਨ ਪੂਰਵਜ (ਅਰਥਾਤ, ਉਹ ਬਜ਼ੁਰਗ ਜੋ ੬੦੦ ਵੱਰ੍ਹੇ ਪੂਰਵੀਸਾ ਵਿੱਚ) ਭਾਰਤੀ ਸਨ, ਤੇ ਸ਼੍ਰੀ ਗੁਰੂ ਨਾਨਕ ਦੇਵ ਕ੍ਰਿਤ ਜਪੁ ਜੀ ਦੀ ੨੭ਵੀਂ ਪਉੜੀ (ਸੋਦਰੁ) ਦੀ ਤਰਜ਼ ਤੇ ਪਾਰ ਬ੍ਰਹਮ ਪਰਮਾਤਮਾ ਨੂੰ ਉਪਾਸਨਾ ਵਿੱਚ ਸੰਬੋਧਨ ਕਰਦੇ ਸਨ; ਅਥਵਾ, ਵੇਦ ਨੂੰ ਅਪੌਰਸ਼ੇਯ (ਈਸ਼੍ਵਰ ਕ੍ਰਿਤ) ਤੇ ਸ਼ਾਸ਼੍ਵਤ (ਅਬਦੀ) ਮੰਨਦੇ ਸਨ; ਉਹ 'ਆਰਯਕੁਲਸੰਤਤਿ' ਹਨ. ਉਹ ਨ ਤਾਂ ਆਪ ਇਸ ਹਕੀਕਤ ਨੂੰ ਨਜ਼ਰ ਅੰਦਾਜ਼ ਕਰ ਸਕਦੇ ਹਨ ਅਰ ਨਾਂ ਹੀ ਕੋਈ ਹੋਰ ਉਹਨਾਂ ਨੂੰ ਇਸ ਹਕ ਤੋਂ ਬੇ ਦਖ਼ਲ ਕਰ ਸਕਦਾ ਹੈ. ਹਾਂ, ਭਾਰਤ ਵਿੱਚ ਨਿਰਸੰਦੇਹ 'ਆਰਯ' ਤੇ 'ਹਿੰਦੂ' ਪਰਯਾਏ ਵਾਚੀ ਹਨ. ਪਰ ਏਹਨਾਂ ਦੋਹਾਂ ਵਿੱਚੋਂ 'ਆਰਯ' ਅਤਯੰਤ ਸ੍ਰੇਸ਼ਟ, ਤੇ ਪ੍ਰਾਚੀਨ ਹੈ. ਗਿਆਨੀ ਗਿਆਨ ਸਿੰਘ ਜੀ ਨੇ, ਜੋ ਸ੍ਵਾਮੀ ਦਯਾਨੰਦ ਜੀ ਦੇ ਸਮਕਾਲੀ ਸਨ, ਅਰ ਜਿਨ੍ਹਾਂ ਦਾ 'ਪੰਥ ਪ੍ਰਕਾਸ਼', ਮਹਾਂਕੋਸ਼ ਅਨੁਸਾਰ ਸਨ ੧੮੬੭ – ਰਚਿਤ ਹੈ, ਅਰ ਸ੍ਵਯੰ 'ਪੰਥ ਪ੍ਰਕਾਸ਼' ਦੇ ਕਰਤਾ ਅਨੁਸਾਰ (ਦੇਖੋ, ਅੰਤਿਮ ਸਫ਼ਾ ਛੇਵੀਂ ਐਡਿਸ਼ਨ ਦਾ) ਸਨ ੧੮੭੪ ਰਚਿਤ ਹੈ (ਜਿਸ ਸਾਲ ਸਤਯਾਰਥ ਪ੍ਰਕਾਸ਼ ਦੀ ਪਹਿਲੀ ਐਡਿਸ਼ਨ ਛਪੀ ਹੈ) 'ਆਰਯ' ਸ਼ਬਦ ਦੀ ਮਹਾਨਤਾ ਨੂੰ ਮੰਨਿਆ ਹੈ, ਤੇ ਪ੍ਰਾਚੀਨ ਹਿੰਦੂਆਂ ਦੇ ਧਰਮ ਨੂੰ 'ਆਰਯ ਧਰਮ' ਹੀ ਕਿਹਾ ਹੈ (ਦੇਖੋ, ਉੱਨੀਸ੍ਵਾਂ ਅਧਿਆਇ, ਅਥਵਾ ਬਿਸ੍ਰਾਮ, ਪੰ: ੧੫੦, ਛੇਵੀਂ ਐਡਿਸ਼ਨ, ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, ਪ੍ਰਕਾਸ਼ਿਤ, ਅਕਤੂਬਰ ੧੯੨੩]. ਪ੍ਰਕਰਣ ਦਾ ਸੰਬੰਧ ਉਸ ਸਮੇਂ ਨਾਲ ਹੈ ਜਦ ਕਸ਼ਮੀਰ ਦੇ ਬ੍ਰਾਹਮਣਾਂ ਦੇ ਔਣ ਪੁਰ ਬਾਲ ਰੂਪ ਸ੍ਰੀ ਦਸ਼ਮੇਸ਼ ਜੀ ਨੇ ਨੌਵੇਂ ਸਤਿਗੁਰਾਂ ਨੂੰ ਲੋੜੀਂਦੀ ਕੁਰਬਾਨੀ ਲਈ ਪ੍ਰੇਰਿਆ ਹੈ, ਤੇ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਦੇਵ ਪੁਤ੍ਰ ਦੇ ਬਚਨ ਸੁਣ ਕੇ ਬ੍ਰਾਹਮਣਾਂ ਨੂੰ ਉੱਤਰ ਦਿੱਤਾ ਹੈ: "ਸੁਨਿ ਗੁਰ ਨੌਮ ਖ਼ੁਸ਼ੀ ਮਨਿ ਥੀਏ ਸਮਰਥ ਲਖਿ ਦਸਮੇਸੈਂ। ਕਹਯੋ ਹਿੰਦੂਅਨਿ ਡਰੋ ਨ ਅਬ ਤੁਮ ਇਮ ਲਿਖ ਪਠੋ ਦਿਲੇਸੈਂ ॥ ਗੁਰ ਨਾਨਕ ਕੀ ਗਾਦੀ ਪਰ ਅਬ ਹੈ ਗੁਰ ਤੇਗ਼ ਬਹਾਦੁਰ। ਉਸ ਕੋ ਜੇ ਕਰ ਲਿਹੋ ਮਹਮਦੀ

Sri Satguru Jagjit Singh Ji eLibrary NamdhariElibrary@gmail.com

ਤੋ ਹਮ ਹੈਂ ਸਭ ਸਾਦਰ' ॥ ਆਰਯ ਧਰਮ ਰੱਖਕ ਪ੍ਰਗਟਿਓ ਹੈ ਤੁਮ ਅਬ ਡਰੋ ਨ ਰਾਈ। ਧਰਮ ਕਲਪਤਰੁ ਸਬਜ ਰਖੈਂ ਹਮ ਅਪਨਾ ਰਕਤ ਸਿੰਚਾਈ॥"

ਜਿਸ ਪ੍ਰਕਾਰ ਫ਼ਰੀਮੇਸਨ (Freemason) ਹੋ ਜਾਣ ਮਗਰੋਂ ਵੀ ਅੰਗ੍ਰੇਜ਼ ਅੰਗ੍ਰੇਜ਼ ਤੇ ਜਰਮਨ ਜਰਮਨ ਹੀ ਰਹਿੰਦਾ ਹੈ, ਉਸੇ ਪ੍ਰਕਾਰ ਬ੍ਰਹਮੁ ਸਮਾਜੀ, ਥੀਆਸੋਫ਼ਿਸਟ, ਦੇਵ ਸਮਾਜੀ, ਦਾਦੂ ਪੰਥੀ, ਆਰਯ ਸਮਾਜੀ, ਰਾਧਾ ਸ੍ਵਾਮੀ, ਅੰਮ੍ਰਿਤਧਾਰੀ ਸਿੰਘ ਆਦਿਕ ਮਤਾਵਲੰਬੀ ਹੋ ਜਾਣ ਮਗਰੋਂ ਵੀ ਹਿੰਦੂ ਹਿੰਦੂ ਹੀ ਰਹਿੰਦਾ ਹੈ.

ਅਹਿਮਦ ਸ਼ਾਹ ਦੁੱਰਾਨੀ ਦੇ ਸਨ ੧੭੬੨ ਵਿੱਚ ਹਿੰਦ ਤੋਂ ਚਲੇ ਜਾਣ ਮਗਰੋਂ, ਜਦ ਸਿੰਘਾਂ ਨੇ ਲੁਧਿਆਣੇ ਅਰ ਸਹਾਰਨਪੁਰ ਦੇ ਵਿਚਕਾਰ, ਉਹਨਾਂ ਮੁਸਲਮਾਣਾਂ ਨੂੰ ਤਬਾਹ ਕੀਤਾ ਤੇ ਦਰਬ ਹੀਨ ਕੀਤਾ, ਜਿਨ੍ਹਾਂ ਨੇ ਹਿੰਦੂ ਧਰਮ ਤੇ ਹਿੰਦੂਆਂ ਨੂੰ ਨੁਕਸਾਨ ਪਹੁੰਚਾਇਆ ਸੀ ਤਾਂ, ਘਰਾਂ ਨੂੰ ਮੁੜਨ ਤੋਂ ਪਹਿਲਾਂ, ਉਹ ਹਰਿਦੁਆਰ ਇਸ਼ਨਾਨ ਕਰਨ ਗਏ. ਯਥਾ, ਉਕਤ ਵਰਣਿਤ ਪੰਥ ਪ੍ਰਕਾਸ਼ (ਨਿਵਾਸ ੯੬, ਪੰਨਾ ੮੫੬) : "ਦੋਹਿਰਾ, ਹਰੀਦੁਆਰ ਗੰਗਾ ਕਰਯੋ ਸਭ ਸਿੰਘਨ ਇਸਨਾਨ। ਭੋਜਨ ਸੰਤਨ ਕੋ ਦਏ ਗ੍ਰੀਬਨ ਕੋ ਬਹੁ ਦਾਨ ॥ ੧੨ ॥ ਚੌਪਈ ॥ ਯਾ ਬਿਧਿ ਸਰਬ ਦੇਸ ਕੇ ਮਾਹੀਂ। ਤਹਿਦ ਬਨਾਯੋ ਸਿੰਘਨ ਚਾਂਹੀਂ ॥ ਮੋੜੀ ਬਾਗ ਪਿਛਾੜੀ ਕੋ ਹੈ। ਤੁਰਕ ਰਈਸ ਮਿਲਯੋ ਮਗ ਜੋ ਹੈ ॥ ਜਿਸ ਕੇ ਜ਼ੁਲਮ ਹਿੰਦੂਓਂ ਗਾਏ। ਸੋ ਸਿੰਘੋਂ ਨੇ ਮਾਰ ਗਵਾਏ ॥ ਛੋਟੇ ਮੋਟੇ ਤੁਰਕ ਨਵਾਬ। ਏਸ ਦੇਸ ਮੋਂ ਥੇ ਜੁ ਖਰਾਬ ॥ ਬੇਟੀ ਬਹੂ ਹਿੰਦੂਓਂ ਕੇਰੀ। ਜੋ ਤਕਤੇ ਰਹਿਤੇ ਸਮ ਹੇਰੀ ॥ ਹਿੰਦੁਨ ਕੀ ਜਰ ਜੋਰੂ ਜਮੀਨ। ਰਾਖੀ ਥੀ ਜਿਨਿ ਜਬਰਨ ਛੀਨ ॥ ਵਾਪਿਸ ਹਿੰਦੁਨ ਕੋ ਦਿਲਵਾਈਆਂ। ਸਤਿਨਾਮ ਕਹਿ ਸਾਥ ਮਿਲਾਈਆਂ ॥ ਸਜਾ ਜਾਲਮਾਂ ਕੋ ਬਹੁ ਦੀਨੀ। ਹਿੰਦੂ ਪਰਜਾ ਅਤਿ ਖ਼ੁਸ਼ ਕੀਨੀ ॥ ਇਸ ਤੇ ਜਸ ਸਿੰਘਨ ਕਾ ਥੀਓ। ਹੁਕਮ ਮਾਨ ਪਰਜਾ ਨੈ ਲੀਓ ॥"

(੪੬) ਜਿਸ ਸਮੇਂ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ ਉਸ ਸਮੇਂ ਤਕ ਸਿੰਘ ਹਿੰਦੂਆਂ ਨੂੰ ਤੇ ਹਿੰਦੂ ਸਿੰਘਾਂ ਨੂੰ ਕਿਸੇ ਅੰਸ਼ ਵਿੱਚ ਵੀ ਆਪਣੇ ਤੋਂ ਭਿੰਨ ਨ ਸਮਝਦੇ ਸਨ. ਜਦ ਸਨ ੧੭੬੨ ਦੇ ਅੰਤ ਵਿੱਚ ਅਹਿਮਦ ਸ਼ਾਹ ਦੁੱਰਾਨੀ ਨੇ ਸ੍ਰੀ ਹਰਿਮੰਦਿਰ, ਅੰਮ੍ਰਿਤਸਰ, ਨੂੰ ਬਾਰੂਦ ਨਾਲ ਉਡਵਾ ਕੇ, ਸਰੋਵਰ ਨੂੰ ਮਲਬੇ ਤੇ ਮਿੱਟੀ ਨਾਲ ਭਰਵਾ ਦਿੱਤਾ, ਤਾਂ ਸਨ ੧੭੬੪, ਮੁਤਾਬਕ ਸੰਮਤ ੧੮੨੧, ਵਿੱਚ 'ਸਰਬਤ ਖਾਲਸਾ' ਸ੍ਰੀ ਅੰਮ੍ਰਿਤਸਰ ਇਕੱਠਾ ਹੋਇਆ ਤੇ ਮੁੜ ਸ੍ਰੀ ਹਰਿਮੰਦਿਰ ਨੂੰ ਨਵੇਂ ਸਿਰੋਂ ਤਾਮੀਰ ਕਰਨ ਲਈ ਕਮਰ ਕੱਸਾ ਕੀਤਾ. ਨਵਾਬ ਕਪੂਰ ਸਿੰਘ ਤੇ ਸ੍ਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ

Sri Satguru Jagjit Singh Ji eLibrary NamdhariElibrary@gmail.com

ਨੀਂਹ ਰਖਵਾਈ, ਰੁਪੇਆ ਭਾਈ ਦੇਸ ਰਾਜ ਦੇ ਸਪੁਰਦ ਕੀਤਾ, ਤੇ ਉਸ ਨੂੰ ਕਿਹਾ ਕਿ ਤੁੱਸੀ ਮੁੜ ਸ੍ਰੀ ਹਰਿਮੰਦਿਰ ਬਣਵਾਓ (ਦੇਖੋ, 'ਦੇਸ ਰਾਜ' ਮਹਾਂ ਕੋਸ਼ ਵਿੱਚ). ਇਸੇ ਬਾਰੇ ਦੇਖੋ, ਪੰਥ ਪ੍ਰਕਾਸ਼ (*ਦੂਜੀ ਐਡਿਸ਼ਨ, ੧੯ ਜੂਨ, ੧੮੮੯, ਅੰਮ੍ਰਿਤਸਰ, ਪ੍ਰਕਾਸ਼ਕ ਭਾਈ ਕਾਕਾ ਸਿੰਘ, ਚਸ਼ਮਾਨੂਰ ਪ੍ਰੈਸ; ਪੰਨੇ ੫੯੬ ਤੋਂ ੫੯੮ ਤਕ; ਪਚਵੰਜਵਾਂ ਬਿਸ੍ਰਾਮ) ਪ੍ਰਸੰਗ ਦਾ ਆਰੰਭ ਉਸ ਹਿਰਦਾ ਵੇਧਕ ਦ੍ਰਿਸ਼ਯ ਤੋਂ ਕੀਤਾ ਜਾਂਦਾ ਹੈ ਜਿਸ ਵਿੱਚ ਸਿੰਘਾਂ ਨੇ ਹਰਿਮੰਦਿਰ ਨੂੰ ਆ ਕੇ ਵੇਖਿਆ. ਸਿੰਘ ਆਖਦੇ ਹਨ ਕਿ ਇਸ *ਤਬਾਹ ਹੋ ਚੁਕੇ ਹਰਿਮੰਦਿਰ ਦੀ ਨੀਂਹ ਮੁਸਲਮਾਣਾਂ ਦੇ ਪੀਰ (ਮੀਆਂ ਮੀਰ) ਨੇ ਧਰੀ ਸੀ: "ਇਹੁ ਪੀਰ ਤੁਰਕਨ ਕੇ ਧਰੀ ਨਿੰਉ ਮੀਰ ਤੁਰਕ ਪੁਟਾਇ ਹੈ। ਫਿਰ ਨੀਂਵ ਧਰ ਹੈ ਸਿੱਖ ਗੁਰ ਕੇ ਅਚਲ ਸਦਾ ਰਹਾਇ ਹੈ॥ ਇਹੁ ਗੁਰੂ ਅਰਜਨ ਦੇਵ ਕਾ ਹੀ ਬਚਨ ਸਾਚਾ ਹੈ ਭਯੋ। ਅਬ ਰਚੋ ਮੰਦਰ ਖਾਲਸਾ ਜੀ ਹੋਵਨਾ ਸੋ ਹੈ ਗਯੋ॥ ਯਹਿ ਗੁਰਮਤਾ ਕਰਿ ਪੰਥ ਚਿੱਠੀ ਪਠੀ ਦੇਸ ਬਿਦੇਸ ਹੈ। ਸੁਨ ਦੀਪ ਮਾਲਾ ਕਰਨ ਹਿਤ ਮਿਲਿ ਅਈ ਸੰਗਤ ਸੇਸ ਹੈ॥ ਚਲ ਮਾਲਵੇ ਕੀ ਤਰਫ ਸੈਂ ਦਲ ਬ੍ਰਿੱਧ ਪਹੁੰਚਯੋ ਧਾਇ ਕੈ। ਸਭ ਚਾਰ ਦਿਸ ਤੈ ਸਿੱਖ ਗੁਰ ਕੇ ਭਏ ਇਕਠੇ ਆਇ ਕੈ॥ ਪਿਖ ਹਾਲ ਤਬ ਦਰਬਾਰ ਕਾ ਸਭ ਤੁਰਕ ਕੋ ਧਿੱਕਾਰ ਹੀਂ। ਨਿਜ ਬਿਤ ਤੈ ਹੈ ਬਹਿਰ ਸਭ ਬਹੁ ਬਿੱਤ ਭੇਟਾ ਚਾਰ ਹੀਂ॥ ਤਬ ਅਰਧ ਲਾਖ ਕਰੀਬ ਭੇਟਾ ਰਜਤਪਣ ਸਭ ਆਯੋ। ਕਰ ਗੁਰਮਤਾ

*ਖਾਲਸਾ ਕਾਲਜ, ਅੰਮ੍ਰਿਤਸਰ, ਸਿੱਖ ਹਿਸਟ੍ਰੀ ਰੀਸਰਚ ਡੀਪਾਰਟਮੈਂਟ, ਦੇ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਜੀ ਐਮ. ਏ. ਨੇ ਬੜੀ ਕ੍ਰਿਪਾਲਤਾ ਦੁਆਰਾ ਪੰਥ ਪ੍ਰਕਾਸ਼ ਦੀ ਇਹ ਨਾਯਾਬ (ਦੂਜੀ) ਲਿਥੋ ਐਡਿਸ਼ਨ ਮੈਨੂੰ ਆਪਣੇ ਨਿਜੀ ਪੁਸਤਕ ਭੰਡਾਰ ਵਿੱਚੋਂ ਵਿਖਾਈ ਤੇ ਵਰਤਣ ਦੀ ਆਗਿਆ ਦਿੱਤੀ, ਮੈਂ ਉਹਨਾਂ ਦਾ ਦਿਲੋਂ ਧੰਨਵਾਦੀ ਹਾਂ. ਡੀਵੀਂ ਐਡਿਸ਼ਨ ਦੇ ਅੰਤਿਮ ਸਫ਼ੇ (੧੧੧੯) ਪਰ ਗੰਥ ਕਰਤਾ (ਅਥਵਾ ਕੋਈ ਹੋਰ) ਲਿਖਦਾ ਹੈ, "ਦੂਸਰ ਵਾਰੀ ਛਪਯੋ ਲਾਹੌਰ। ਅੰਮ੍ਰਿਤਸਰ ਤੀਸਿਰ ਬਿਰ ਔਰ॥" ਪਰ ਦੂਜੀ ਅਡਿਸ਼ਨ ਦੇ ਟਾਈਟਲ ਪੇਜ ਪਰ ਤੇ ਅੰਤਿਮ ਕਵਰ ਪੇਜ ਪਰ ਸਾਫ਼ ਲਿਖਿਆ ਹੈ ਕਿ "ਦੂਜੀ ਅਡਿਸ਼ਨ ਸਨ ੧੮੮੯, ਸੰਮਤ ੧੯੪੬, ਸੰਮਤ ਨਾਨਕ ਸ਼ਾਹੀ ੪੨੦ ਵਿੱਚ ਅੰਮ੍ਰਿਤਸਰ ਛਪੀ ਹੈ."

†ਵਿਦਿਤ ਹੋਵੇ ਕਿ ਸ੍ਰੀ ਹਰਿ ਮੰਦਿਰ, ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਇਸ ਤੋਂ ਪਹਿਲਾਂ ਸਨ ੧੭੫੬ ਵਿੱਚ ਅਹਿਮਦ ਸ਼ਾਹ ਦਾ ਲੜਕਾ ਤੈਮੂਰ ਵੀ ਗਿਰਵਾ ਚੁਕਾ ਸੀ ਤੇ ਸਰੋਵਰ ਨੂੰ ਪਲੀਦ ਕਰ ਚੁਕਾ ਸੀ. ਇਸੇ ਤੈਮੂਰ ਦੇ ਲੜਕੇ ਸ਼ਾਹ ਸ਼ੁਜਾਹ-ਉਲਮੁਲਕ ਪਾਸੋਂ ਸਨ ੧੮੧੩ ਵਿੱਚ ਮਹਾਰਾਜਾ ਰੰਜੀਤ ਸਿੰਘ ਨੇ ਕੋਹ-ਇ-ਨੂਰ ਹੀਰਾ ਖੋਹਿਆ ਸੀ, ਜਿਸ ਦਾ ਵਰਣਨ ਉੱਪਰ ਮਲ ਵਿੱਚ ਸਵਿਸਥਰ ਹੋ ਚੁਕਾ ਹੈ।

Sri Satguru Jagjit Singh Ji eLibrary NamdhariElibrary@gmail.com

ਫਿਰ ਪੰਥ ਆਵੇ ਦਏ ਬਹੁ ਚਢਵਾਯੋ ॥ ਇਸ ਗੁਰੂ ਘਰ ਕੀ ਟਹਿਲ ਲਾਇਕ ਦੇਸ ਰਾਜ ਵਿਚਾਰਯੋ। ਵਹਿ ਹੁਤੋ ਖੱਤ੍ਰੀ ਬਹਿਲ ਸੁਰਸੋਂ ਗ੍ਰਾਮ ਕਾ ਨਿਰਧਾਰਯੋ ॥ ਸਭ ਪੰਥ ਮੋਂ ਪ੍ਰਸਿੱਧ ਥਾ ਜਤਿ ਸਤੀ ਤਪੀਆ ਮਾਨੀਏ ॥ ਸਭ ਪੰਥ ਤਿਸ ਕੀ ਬਾਤ ਗੁਰੁ ਸਮ ਮਾਨਤੋ ਥਾ ਜਾਨੀਏ ॥ ਤਿਸ ਤਈਂ ਸੌਂਪਿਯੋ ਬਿੱਤ ਸਭ ਅਰ ਟਹਲ ਗੁਰ ਦਰਬਾਰ ਹੈ। ਪੁਨ ਸੋਧ ਕੈ ਅਰਦਾਸ ਸਿੰਘਨ ਕਹਯੋ ਐਸ ਉਚਾਰ ਹੈ ॥ ੩੬ ॥ ਚੌਪਈ ॥ ਭਾਈ ਦੇਸ ਰਾਜ ਕੇ ਤਾਈਂ। ਤਬੈ ਪੰਥ ਕਰ ਜੋਰ ਸੁਨਾਈ ॥ ਮੰਦਰ ਰਚੋ ਏਹੁ ਤੁਮ ਤੂਰਨ। ਕਰ ਹੈ ਗੁਰੂ ਮਨੋਰਥ ਪੂਰਨ ॥ ਔਰ ਪੰਥ ਸਭ ਬਨੈ ਸਹਾਯਕ। ਜੋ ਜੋ ਹੋਇ ਕਾਰ ਜਿਸ ਲਾਇਕ ॥ ਮਿਸਲਦਾਰ ਜੇਤਕ ਸਰਦਾਰਾ। ਸਭ ਮਾਨੈਂਗੇ ਹੁਕਮ ਤੁਮਾਰਾ ॥ ਹੁਕਮ ਨ ਤੁਮਰਾ ਮਾਨੈ ਜੋਈ। ਸੋ ਗੁਰ ਘਰ ਤੇ ਖਾਰਜ ਹੋਈ ॥ ਯੌਂ ਕਹਿ ਫਿਰ ਅਰਦਾਸ ਕਰਾਈ। ਸਭ ਸਿੱਖਨ ਕੌ ਕਹਯੋ ਸੁਨਾਈ ॥ ਭਾਈ ਦੇਸ ਰਾਜ ਕੀ ਬਾਨੀ। ਗੁਰੁ ਸਮ ਚਹੀਏ ਸਭ ਕੋ ਮਾਨੀ। ਲਿਖੈ ਹੁਕਮ ਨਾਮਾ ਯਹ ਜਿਸ ਕੋ। ਮਾਨਨ ਜੋਗ ਵਹੀ ਹੈ ਤਿਸ ਕੋ ॥ ਯਹੀ ਬਾਤ ਸਭ ਹੀ ਨੈ ਮਾਨੀ। ਸਿਰ ਧਰ ਲਖ ਉਪਕਾਰ ਮਹਾਂਨੀ ॥ ਫਿਰ ਲਹੌਰ ਤੇ ਰਾਜ ਬੁਲਾਏ। ਕਾਰੀਗਰ ਪ੍ਰਸਿੱਧ ਮਹਾਏ ॥ ਤਿਨ ਸਤਿਗੁਰ ਕਾ ਧਰਿ ਉਰਿ ਧਯਾਨੈ। ਆਗਯਾ ਸਰਬ ਪੰਥ ਕੀ ਮਾਨੈ ॥ ਨਕਸਾ ਖੈਂਚਯੋ ਅਤਿ ਅਭਿਰਾਮਾ। ਜੈਸਾ ਪੂਰਬ ਹੁਤੋ ਤਮਾਮਾ ॥" ਇਸ ਦੇ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਵਾਜਾ ਲਿਆ ਗਿਆ ਜੋ ਇਹ ਨਿਕਲਿਆ: "ਭਲਾ ਸੰਜੋਗ ਮੂਰਤਿ ਪਲ ਸਾਚਾ ਅਬਚਲ ਨੀਂਵ ਰਖਾਈ .....॥" (ਸੂਹੀ ਮ: ੫ ॥ ਪੰ: ੭੮੧ ॥) ਫਿਰ ਐਸੇ ਹੀ ਹੋਰ ਸ਼ਬਦਾਂ ਦੇ ਕੀਰਤਨ ਮਗਰੋਂ "ਨਵਾਬ ਕਪੂਰ ਸਿੰਘ ਕੇ ਕਰ ਤੈ। ਅਰ ਜੱਸਾ ਸਿੰਘ ਆਲੂਵਰ ਤੈ ॥ ਨੀਂਵ ਦੁਹੂੰ ਤੈ ਪੰਥ ਧਰਾਈ। ਇਕ ਚੂਨਾ ਇਕ ਈਂਟ ਲਗਾਈ ॥ ਤਾਂ ਹੀ ਸਮੈਂ ਕਵੀ ਇਕ ਆਯੋ। ਯਾਂ ਬਿਧਿ ਤਾਂਹਿ ਕਬਿੱਤ ਸੁਨਾਯੋ ॥ ਕਬਿੱਤ ॥ ਜੌ ਲੌ ਸੇਸ ਸੀਸ ਪੈ ਬਿਰਾਜੈ ਜਗਦੀਸ ਧਰਾ ਮੇਰੁ ਮੰਦ੍ਰਾਚਲ ਉਦਯਾਚਲ ਬੰਸਯਾਲਸਾ। ਜੌ ਲੌ ਸਸੀ ਸੂਰ ਨੂਰ ਤੌ ਲੌ ਹਰਿ ਮੰਦਰ ਯਹਿ ਦੂਨ ਦੂਨ ਦਿਨਾਂ ਦਿਨ ਕਰੈ ਉਜਯਾਲਸਾ। ਕਾਮਧੇਨ ਚਿੰਤਾਮਨਿ ਸੁਰਤਰੂ ਸਮਾਨ ਸਦਾ ਪੂਰਨ ਕਰੈ ਹੈ ਗੁਰੁ ਸਿੱਖਨ ਕੀ ਲਾਲਸਾ। ਜੌ ਲੌ ਹਰਿ ਲੋਕ ਰਹਿ ਹੈ ਤੌ ਲੌ ਯਹਿ ਓਕ ਰਹਿ ਹੈ ਦੇਤ ਸਭ ਥੋਕ ਰਹਿ ਹੈ ਲੇਤ ਪੰਥ ਖਾਲਸਾ ॥ ਦੋਹਿਰਾ ॥ ਸੁਨਿ ਕਬਿੱਤ ਬਹੁ ਬਿੱਤ ਦਯੋ ਕਵਿ ਕੋ ਪੰਥ ਉਦਾਰ। ਨੀਂਵ ਧਰੀ ਦਰਬਾਰ ਕੀ ਯੌਂ ਸੁਖ ਸੀਵ ਅਪਾਰ ॥ ਚੌਪਈ ॥ ਪੰਚਾਮ੍ਰਿਤ ਕਰਿ ਬਹੁ ਵਰਤਾਯੋ। ਗੁਰੂ ਗ੍ਰੰਥ ਕਾ ਪਾਠ ਧਰਾਯੋ ॥ ਮਨ ਤਨ ਧਨ ਤੈ ਸਿੱਖ ਸਰਦਾਰਾ। ਲਗੇ ਕਰਨ ਗੁਰ ਘਰ ਕੀ ਕਾਰਾ ॥

Sri Satguru Jagjit Singh Ji eLibrary NamdhariElibrary@gmail.com

ਭਾਈ ਦੇਸ ਰਾਜ ਮਨ ਭਾਵਤ । ਅਤਿ ਹੀ ਪੁਖ਼ਤਾ ਕਾਮ ਕਰਾਵਤ ॥ ਔਰ ਮਸਾਲੇ ਕੀ ਕਜਾ ਬਾਤ । ਗੁੜ ਕੀ ਜਾਗਾ ਪਾਇ ਨਿਵਾਤ ॥ (ਨਿਵਾਤ=ਮਿਸ਼ਰੀ) ਗਾਲ ਕੋਠੀਆਂ ਨੀਚੇ ਕਈ । ਫੇਰ ਇਮਾਰਤ ਊਪਰ ਲਈ ॥ ਪੰਥ ਨਿਤਾਪ੍ਰਤਿ ਲਾਇ ਦਿਵਾਨ । ਤਖ਼ਤ ਅਕਾਲ ਅਗਾੜੀ ਜਾਨ ॥ ਢਾਢੀ ਵਾਰਾਂ ਅਧਿਕ ਉਚਾਰੈਂ । ਕਾਇਰ ਭੀ ਜੋ ਸੁਣ ਰਣ ਪਾਰੈਂ ॥ ਪੰਥ ਪਾਸ ਜੋ ਅਰਥੀ ਆਵੈ । ਪਾਇ ਮਨੋਰਥ ਬਾਂਛਿਤ ਜਾਵੈ ॥ ਮਿਸਲ ਦਾਰ ਸਰਦਾਰ ਸਬੈ ਹੀ । ਨਿਜ ਨਿਜ ਲੰਗਰ ਦੈਂਹਿੰ ਤਬੈ ਹੀ ॥ ਨਿਸ ਦਿਨ ਸਿੰਘ ਗੁਰੂ ਕੀ ਬਾਨੀ । ਪੜ੍ਹੈਂ ਲਗੀ ਰਹਿ ਧੁਨੀ ਮਹਾਨੀ ॥ ਜਤੀ ਸਤੀ ਹਠ ਤਪ ਮੇਂ ਪੂਰੇ । ਹੁਤੇ ਸਿੰਘ ਤਬ ਸਬ ਹੀ ਸੂਰੇ ॥ ਇਕ ਸਿੰਘ ਕਾ ਦੂਸਰ ਸਿੰਘ ਟਹਿਲਾ । ਕਰਯੋ ਚਹਿਤ ਸਰਧਾ ਸੈਂ ਪਹਿਲਾ ॥ ਆਪਸ ਮੇਂ ਮਿੱਤਰ ਵਰ ਭਾਈ । ਬਨੇ ਰਹਿਤ ਥੇ ਸਬੈ ਸਦਾਈ ॥ ਖਾਨ ਪਾਨ ਮੇਂ ਫ਼ਰਕ ਨ ਰਖਤੇ । ਜੋ ਕੁਛ ਮਿਲਤੋ ਸਬ ਬੰਡ ਛਕਤੇ ॥ ਇਸੀ ਹੇਤ ਤੇ ਅਧਿਕ ਤਰੱਕੀ । ਭਈ ਪੰਥ ਕੀ ਤਬੈ ਬਿਸੱਕੀ ॥ ਗਾਥ ਪੰਥ ਕੀ ਕਹਿ ਯਹਿ ਧਿਆਇ । ਭਯੋ ਸਮਾਪਤ ਗੁਰੂ ਮਨਾਇ ॥''

ਹੁਣ, ਸਤਕਾਰਿਤ ਪਾਠਕ, ਜੋ ਸਿੰਘਾਂ ਨੇ ਦੇਸ ਰਾਜ ਜੀ ਨੂੰ ਆਪਣਾ ਗੁਰ ਭਾਈ ਨ ਸਮਝਿਆ ਹੁੰਦਾ ਤਾਂ ਉਹ ਐਸਾ ਪਰਮ ਪਵਿਤ੍ਰ ਕਾਰਜ ਉਹਨਾਂ ਦੇ ਸਪੁਰਦ ਕਿਵੇਂ ਕਰਦੇ ? ਅਰ ਜੇ ਦੇਸ ਰਾਜ ਜੀ ਹਰਿ ਮੰਦਿਰ ਨੂੰ ਆਪਣਾ ਇਸ਼ਟ ਅਸਥਾਨ ਨ ਮੰਨਦੇ ਤਾਂ ਉਹਨਾਂ ਨੂੰ ਐਨੀਂ ਭਾਰੀ ਜਿੰਮੇਵਾਰੀ ਆਪਣੇ ਸਿਰ ਲੈਣ ਲਈ ਕੀ ਮਜਬੂਰੀ ਸੀ ? ਕਿਉਂ ਜੋ ਮਾਯਕ ਨਫ਼ੇ ਦਾ ਤਾਂ ਮਾਮਲਾ ਹੀ ਨਹੀਂ ਸੀ, ਫਿਰ, ਭਾਈ ਦੇਸ ਰਾਜ ਜੀ ਦਾ ਨਾਮ ਤਾਂ ਪ੍ਰਸਿੱਧ ਧਰਮਾ-ਤਮਾ ਹੋਣ ਦੇ ਕਾਰਣ ਇਤਿਹਾਸ ਵਿੱਚ ਆ ਗਿਆ, ਪਰ ਜ਼ਾਹਿਰ ਹੈ ਕਿ ਹਜ਼ਾਰਾਂ ਹੀ ਹੋਰ ਵੀ ਹਿੰਦੂ ਪ੍ਰੇਮੀਆਂ ਨੇ ਓਦੋਂ ਹਰਿ ਮੰਦਿਰ ਦੀ ਤਨ ਮਨ ਧਨ ਨਾਲ ਸੇਵਾ ਕੀਤੀ ਹੋਊ. ਕੀ ਅਜੇ ਵੀ ਸ਼ਕ ਹੋ ਸਕਦਾ ਹੈ ਕਿ ਕਿਸੇ ਸੁਭਾਗੇ ਸਮੇਂ ਹਿੰਦੂ ਤੇ ਸਿੱਖ ਇੱਕੋ ਸਨ ਤੇ ਇਕੱਠੇ ਸਨ ?

(੫੦) ਸਨ ੧੭੫੦ ਦੇ ਕਰੀਬ ਦੀਵਾਨ ਕੌੜਾ ਮਲ ਜੀ, ਜੋ ਅਨੰਨ ਗੁਰ ਭਗਤ ਸਨ ਤੇ ਜਿਨ੍ਹਾਂ ਨੂੰ ਸਰਬਤ ਖਾਲਸਾ "ਮਿੱਠਾ ਮਲ" ਕਹਿੰਦਾ ਸੀ, ਗੁਜ਼ਰ ਗਏ. ਇਹ ਮੀਰ ਮੰਨੂੰ (ਮੁਈਨੁੱਦੀਨ ਮੁਈਨੁਲਮੁਲਕ ਰੁਸਤਮ-ਇ-ਹਿੰਦ) ਸੂਬਾ ਲਹੌਰ ਦੇ ਦੀਵਾਨ ਸਨ. ਅਹਿਮਦ ਸ਼ਾਹ ਅਬਦਾਲੀ ਦੇ ਹਿੰਦ ਵਿੱਚ ਔਣ ਪੁਚ ਮੰਨੂੰ ਅਬਦਾਲੀ ਦੇ ਨਾਲ ਮਿਲ ਗਿਆ ਜਿਸ ਤੋਂ ਸ਼ਹਨਸ਼ਾਹ ਦੇਹਲੀ ਨੇ ਨਾਰਾਜ਼ ਹੋ ਕੇ ਇਸ ਦੀ ਥਾਂ ਸ਼ਾਹ ਨਿਵਾਜ਼ ਨੂੰ ਸੂਬਾ ਲਹੌਰ ਥਾਪ ਦਿੱਤਾ. ਮੰਨੂੰ ਨੇ ਕੌੜਾ ਮਲ ਜੀ ਨੂੰ ਕਿਹਾ ਕਿ ਸਿੱਖਾਂ ਤੋਂ ਮੇਰੀ ਮਦਦ ਕਰਵਾਓ. ਚੁਨਾਂਚਿ ਸਿੰਘਾਂ ਨੇ ਮੰਨੂੰ ਦੀ ਮਦਦ ਕੀਤੀ ਤੇ ਭਾਈ ਭੀਮ ਸਿੰਘ ਸ਼ਾਹ ਨਿਵਾਜ਼

Sri Satguru Jagjit Singh Ji eLibrary NamdhariElibrary@gmail.com

ਦਾ ਸਿਰ ਵੱਢ ਲਿਆਇਆ. ਮੰਨੂੰ ਫਿਰ ਸੂਬਾ ਲਹੌਰ ਹੋ ਗਿਆ, ਪਰ ਕੌੜਾ ਮਲ ਜੀ ਦੇ ਦੇਹਾਂਤ ਮਗਰੋਂ ਇਹ ਬੇ ਮੁਹਾਰ ਹੋ ਗਿਆ ਤੇ ਸਿੱਖਾਂ ਪੁਰ ਅਕਥਨੀਯ ਅਤਿਆਚਾਰ ਕਰਨ ਲਗ ਪਿਆ, ਇਸ ਨੇ ਸਿੱਖਾਂ ਦਾ *ਬੀਜ ਨਾਸ਼ ਕਰਨ ਦਾ ਪ੍ਰਣ ਧਾਰ ਲਿਆ ਤੇ ਗਸ਼ਤੀ ਫ਼ੌਜ ਬਣਾ ਲਈ ਕਿ ਜਿੱਥੇ ਵੀ, ਜਿਸ ਹਾਲਤ ਵਿੱਚ ਵੀ ਤੇ ਜਿਸ ਉਮਰ ਦਾ ਵੀ ਕੋਈ ਸਿੱਖ ਯਾ ਸਿਖਣੀ ਮਿਲੇ ਫ਼ੌਰਨ ਕਤਲ ਕੀਤਾ ਜਾਏ. ਉਸ ਸਮੇਂ ਸਿੱਖਾਂ ਨੂੰ ਬਚਣ ਯਾ ਲੁਕਣ ਲਈ ਕੋਈ ਥਾਂ ਨ ਮਿਲਦੀ ਸੀ, ਅਣਗਿਣਤ ਸ਼ਹੀਦ ਹੋਏ. ਐਸੀ ਸਖ਼ਤ ਜ਼ੁਲਮ ਦੀ ਹਨੇਰੀ

*ਕੀ ਕੋਈ 'ਇਨਸਾਨੀ' ਹਕੂਮਤ ਦਾ ਪ੍ਰਤਿਨਿਧ ਇਸ ਤੋਂ ਵਧੀਕ ਉਪਦ੍ਰਵ ਅਨੁਭਵ ਕਰ ਸਕਦਾ ਹੈ ? ਸ਼ਨੀਵਾਰ, ੨੬ ਦਸੰਬਰ, ੧੮੩੫ ਨੂੰ ਬੈਰਨ ਹੂਗਲ (ਜਰਮਨ ਯਾਤ੍ਰੀ) ਅੱਟਕ ਦੇ ਕਿਲੇ ਪਾਸ ਪਹੁੰਚ ਕੇ ਮਹਾਰਾਜਾ ਰੰਜੀਤ ਸਿੰਘ ਦੇ ਲੜਕੇ ਕੰਵਰ ਕਸ਼ਮੀਰ ਸਿੰਘ (ਗਵਰਨਰ, ਉਮਰ ੧੫—੧੬ ਸਾਲ) ਨੂੰ ਮਿਲ ਕੇ ਅਤਿ ਪ੍ਰਭਾਵਿਤ ਹੁੰਦਾ ਹੈ ਤੇ ਤਾਰੀਫ਼ ਕਰਦਾ ਹੋਇਆ ਲਿਖਦਾ ਹੈ : "I exhausted myself in thanks but took my leave. Kashmir Singh is the only Indian I ever heard speak in short sentences, and he seems to possess more talent than it has hitherto been my good fortune to meet with." (Travels in Kashmir and Punjab, P. 221.) ਇਸ ਤੋਂ ਬਾਦ ਉਹ ਅੱਟਕ ਦੇ ਚੌਗਿਰਦੇ ਇਲਾਕੇ ਤੇ ਨਜ਼ਰ ਮਾਰਦਾ ਹੈ ਤੇ ਡਾਢਾ ਪ੍ਰਸੰਨ ਹੁੰਦਾ ਹੈ, ਤੇ ਸ਼ੋਕ ਵੀ ਪ੍ਰਗਟ ਕਰਦਾ ਹੈ, ਤੇ ਫਿਰ ਕ੍ਰੋਧਿਤ ਹੋ ਕੇ ਲਿਖਦਾ ਹੈ : (ਉਪਰਲੀ ਹੀ ਕਿਤਾਬ ਦਾ ਪੰਨਾ ੨੨੩) "Sad is it to think that this same plain has been for the last 800 years the territory where fanatical and furious barbarians, whose faith is a cloak for every crime, have held uncontrolled sway. But their days are now almost at an end and we may look hopefully forward to the time when expeditions from the east to the west will finally subdue the remains of so baneful a power." ਬੈਰਨ ਹੂਗਲ ਨੇ ਠੀਕ ਹੀ ਕਿਹਾ ਹੈ. ਹਿੰਦੂਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਯੋਗ ਕਰ ਦਿੱਤਾ ਕਿ ਉਹਨਾਂ ਨੇ ਸਿੱਖੀ ਰੂਪ ਵਿੱਚ ਪਿਸ਼ਾਵਰ ਤੋਂ ਵੀ ਅੱਗੇ ਤਕ ਮਗ਼ਰਬ ਦੀਆਂ ਕੌਮਾਂ ਨੂੰ ਮੁਤੀਹ ਕਰ ਲਿਆ. ਜਿਹਾ ਕਿ ਲੇਫ਼ਟੈਨੈਂਟ ਕਰਨਲ ਮੈਲਕਮ ਕਹਿੰਦਾ ਹੈ, ਹਿੰਦੂ ਜੇ ਚਾਹੁਨ ਤਾਂ ਸਭ ਕੁਝ ਕਰਨ ਦੇ ਸਮਰਥ ਹੋ ਸਕਦੇ ਹਨ ! "His (Guru Gobind Singh's) success is a strong elucidation of the general character of the Hindu natives of India. That race, though in general mild and peaceable, takes the most savage and ferocious turn, when roused to action by the influence of religious feeling." Sketch of the Sikhs : A Singular Nation, by Lt. Col. Malcolm, London : 1812, P. 195.

Sri Satguru Jagjit Singh Ji eLibrary NamdhariElibrary@gmail.com

ਵਿੱਚ, ਤੰਗ ਆ ਕੇ, ਅਤਿ ਘਬਰਾਹਟ ਤੇ ਬੇਚੈਨੀ ਦੀ ਹਾਲਤ ਵਿੱਚ, ਕਈ ਹੋਰ ਸਿੰਘਣੀਆਂ ਸਮੇਤ, ਸ੍ਰਦਾਰ ਮਤਾਬ ਸਿੰਘ ਜੀ ਪ੍ਰਸਿੱਧ ਮੀਰਾਂ ਕੋਟੀਏ ਸ਼ਹੀਦ ਦੀ ਧਰਮ ਪਤਨੀ ਮਾਈ ਦੇ ਇੱਕ ਪੰਡੋਰੀ ਨਾਮਕ ਪਿੰਡ ਵਿੱਚ, ਮਹੰਤ ਦਾਦੂ ਰਾਮ ਜੀ ਬੈਰਾਗੀ ਦੇ ਘਰ ਆਣ ਪਹੁੰਚੀ. ਕਰਨੀ ਦੇ ਬੀਰ ਮਹਾਤਮਾ ਦਾਦੂ ਰਾਮ ਨੇ ਸਭ ਸਿਖਣੀਆਂ ਨੂੰ ਵੈਸ਼ਨਵ ਇਸਤ੍ਰੀਆਂ ਦੇ ਪਹਿਰਾਵੇ ਵਿੱਚ ਆਪਣੀਆਂ ਧੀਆਂ ਭੈਣਾਂ ਵਿੱਚ ਲੁਕਾ ਲਿਆ. ਫ਼ੌਜ ਨੂੰ ਕਿਸੇ ਚੁਗ਼ਲ ਖ਼ੋਰ ਨੇ ਪਤਾ ਦੇ ਦਿੱਤਾ ਤੇ ਮੰਨੂੰ ਨੇ ਫ਼ੌਜ ਸਮੇਤ ਪਿੱਛਾ ਕੀਤਾ. ਔਂਦਿਆਂ ਹੀ ਮਕਾਨ ਦਾ ਘੇਰਾ ਘਤ ਲਿਆ. ਮਹੰਤ ਸਾਹਿਬ ਦੇ ਪੋਤੇ ਨੂੰ ਬੁਲਾ ਕੇ ਕਿਹਾ ਕਿ ਤੁਹਾਡੇ ਘਰ ਸਾਡੇ ਦੁਸ਼ਦ (ਚੋਰ) ਹਨ, ਉਹ ਸਾਡੇ ਹਵਾਲੇ ਕਰੋ. ਬਾਲਕ ਮੁਕਰ ਗਿਆ. ਉਸ ਨੂੰ ਮੰਨੂੰ ਨੇ ਬੜਾ ਡਰਾਇਆ, ਸਤਾਇਆ ਤੇ ਖ਼ੂਨੀ ਹਾਥੀ ਦੇ ਅੱਗੇ ਸੁਟਿਆ, ਪਰ ਹਾਥੀ ਨੇ ਬਾਲਕ ਨੂੰ ਨਹੀਂ ਕੁਚਲਿਆ; ਹੋਰ ਵੀ ਅਨੇਕਾਂ ਕਸ਼ਟ ਦਿੱਤੇ ਪਰ ਬਾਲਕ ਨੇ ਭੇਦ ਨਾ ਦਿੱਤਾ, ਤੇ ਮਹੰਤ ਸਾਹਿਬ ਨੇ ਬੀਬੀਆਂ ਨੂੰ ਦੁਸ਼ਟਾਂ ਦੇ ਹਵਾਲੇ ਨਹੀਂ ਕੀਤਾ. ਆਖ਼ਿਰ ਮਲੇਛ ਮੰਨੂੰ ਨੇ ਬਾਲਕ ਨੂੰ ਕੈਦ ਕਰ ਦਿੱਤਾ ਤੇ ਆਪ "ਸਿੰਘਾਂ" ਦਾ ਸ਼ਿਕਾਰ ਖੇਡਦਾ ਹੋਇਆ ਕਮਾਦਾਂ ਦੇ ਖੇਤ ਵਿੱਚ ਜਾ ਵੜਿਆ; ਘੋੜਾ ਤੁੱਠਾ ਤੇ ਦੌੜਿਆ; ਇਹ ਡਿਗ ਪਿਆ ਤੇ ਇਸ ਦਾ ਪੈਰ ਰਕਾਬ ਵਿੱਚ ਫਸ ਗਿਆ, ਤੇ ਇਉਂ ਧਰਤੀ ਪੁਰ, ਕੰਡਿਆਲੇ ਖੇਤਾਂ ਵਿੱਚ, ਘਸੀਟਾਂ ਸਹਿੰਦਿਆਂ, ਤੇ ਰਗੜੀਂਦਿਆਂ ਹੋਇਆਂ ਸਿਸਕ ਸਿਸਕ ਕੇ (ਸਨ ੧੭੫੨ ਵਿੱਚ) ਮਰ ਗਿਆ, ਤੇ ਬਾਲਕ ਅਰ ਬੀਬੀਆਂ ਦੀ ਖਲਾਸੀ ਹੋਈ. ਸ੍ਰਦਾਰ ਮਤਾਬ ਸਿੰਘ ਜੀ ਮੀਰਾਂ ਕੋਟੀਏ ਨੇ ਭਾਈ ਸੁੱਖਾ ਸਿੰਘ ਦੇ ਨਾਲ, ਸ਼੍ਰੀ ਹਰਿ ਮੰਦਰ, ਅੰਮ੍ਰਿਤਸਰ, ਵਿੱਚ ਮੱਸੇ ਰੰਘੜ ਦਾ (ਸਨ ੧੭੪੦ ਵਿੱਚ) ਸਿਰ ਵਢਿਆ ਸੀ ਤੇ ਆਪ "ਚਰਖ਼ੀ" ਪੁਰ ਲਹੌਰ (ਸਨ ੧੭੪੫ ਵਿੱਚ) ਸ਼ਹੀਦ ਹੋਏ ਸਨ. ਮੱਸਾ ਰੰਘੜ ਅੰਮ੍ਰਿਤਸਰ ਦੇ ਕਰੀਬ ਹੀ ਮੰਡਿਆਲੇ ਪਿੰਡ ਦਾ ਵਸਨੀਕ ਸੀ ਤੇ ਅੰਮ੍ਰਿਤਸਰ ਦੇ ਪਰਗਨੇ ਦਾ ਹਾਕਿਮ ਸੀ. ਇਹ ਪਾਮਰ ਸ਼੍ਰੀ ਹਰਿਮੰਦਰ ਦੇ ਅੰਦਰ ਬਹਿ ਕੇ ਹੁੱਕਾ ਪੀਂਦਾ ਸੀ ਤੇ ਕੰਜਰੀ ਦਾ ਨਾਚ ਕਰਾਂਦਾ ਸੀ! (ਦੇਖੋ, ਮਹਾਂ ਕੋਸ਼, ਤੇ ਵਿਸ਼ੇਸ਼ ਕਰਕੇ "ਪ੍ਰਾਚੀਨ ਪੰਥ ਪ੍ਰਕਾਸ਼," ਕ੍ਰਿਤ ਭੰਗੂ ਰਤਨ ਸਿੰਘ ਜੀ; ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ : ਸਨ ੧੯੧੪; ਪੰਨੇ ੨੮੬; ੩੫੪; ੪੩੬-੩੮. ਇਹ ਰਤਨ ਸਿੰਘ ਜੀ, ਸ਼ਹੀਦ ਮਤਾਬ ਸਿੰਘ ਜੀ ਮੀਰਾਂ ਕੋਟੀਏ ਦੇ ਪੋਤੇ ਸਨ, ਤੇ ਜਿਸ ਮਾਈ ਨੂੰ ਦਾਦੂ ਰਾਮ ਜੀ ਨੇ ਬਚਾਇਆ ਉਹ ਮਤਾਬ ਸਿੰਘ ਜੀ ਦੀ ਧਰਮ ਪਤਨੀ, ਤੇ ਰਤਨ ਸਿੰਘ ਜੀ ਦੀ ਦਾਦੀ ਸੀ.

(੫੧) ਭੰਗੂ ਰਤਨ ਸਿੰਘ ਜੀ ਆਪਣੇ ਇਸ 'ਪ੍ਰਾਚੀਨ ਪੰਥ ਪ੍ਰਕਾਸ਼'

Sri Satguru Jagjit Singh Ji eLibrary NamdhariElibrary@gmail.com

ਨਾਮਕ ਗ੍ਰੰਥ ਦੇ ਸ਼ੁਰੂ ਵਿੱਚ ਲਖਦੇ ਹਨ ਕਿ ਅੰਗ੍ਰੇਜ਼ ਕਰਨਲ ਡੇਵਿਡ ਆਕ-ਟਰ ਲੋਨੀ, Col David Ochterlony, ਬਾਦ ਵਿੱਚ (Major-Gen. Sir...) ਨੇ ਸੰਮਤ ੧੭੬੪ (ਸਨ ੧੮੦੭) ਤੋਂ ਕੁੱਝ ਪਹਿਲੇ ਦਿੱਲੀ ਦੇ 'ਸ਼ਹਨਸ਼ਾਹ' ਤੋਂ ਸਿੱਖਾਂ ਦੀ ਬਾਬਤ ਪੁਛਿਆ ਕਿ ਸਿੱਖ ਕੌਣ ਹਨ, ਤੇ ਏਹਨਾਂ ਨੇ ਕਦੋਂ ਤੋਂ, ਅਰ ਕਿਵੇਂ ਜ਼ੋਰ ਪਕੜਿਆ ਹੈ. [†ਇੱਥੇ ਚੇਤੇ ਰਹੇ ਕਿ ਦਿੱਲੀ ਦੇ ਨਾਮਧਰੀਕ ਸ਼ਹਨਸ਼ਾਹ ਓਦੋਂ (੧੮੦੩ ਤੋਂ ੧੮੫੭ ਤਕ) ਅੰਗ੍ਰੇਜ਼ੀ-ਈਸਟ-ਇੰਡੀਆ-ਕੰਪਨੀ ਦੇ ਵਜ਼ੀਫ਼ਾ ਖ਼ੋਰ, ਕਠ-ਪੁਤਲੇ, ਤਾਜ-ਤਖ਼ਤ-ਰਿਆਇਆ-ਫ਼ੌਜ-ਹੁਕਮ-ਹੀਨ, ਮਹਿਲ ਦੇ ਕੈਦੀ, ਮੁਗ਼ਲੀਆ ਖ਼ਾਨਦਾਨ ਦੇ ਅੰਤਿਮ ਪਿਛਾਵੇਂ ਸਨ; ਤੇ ਇਹ ਵਿਸ਼ੇਸ਼ 'ਸ਼ਹਨਸ਼ਾਹ', ਸ਼ਾਹ ਆਲਮ ਦੋਇਮ (ਸਨ ੧੭੫੯-੧੮੦੬) ਸੀ, ਅਥਵਾ, ਅਕਬਰ ਦੋਇਮ (੧੮੦੬-੧੮੩੭).] ਸੋ ਭੰਗੂ ਜੀ ਦਸਦੇ ਹਨ ਕਿ 'ਬਾਦਸ਼ਾਹ' ਨੇ ਬਿਲਕੁਲ ਹੀ ਝੂਠ ਗੱਲਾਂ ਸਿੱਖਾਂ ਦੇ ਸੰਬੰਧ ਵਿੱਚ ਅਖ਼ਤਰ ਲੂਨੀ ਸਾਹਿਬ ਨੂੰ ਦਸੀਆਂ; ਤੇ ਫਿਰ, ਅਤਿ ਸ਼ੋਕ ਗ੍ਰਸਿਤ ਹੋਕੇ, ਭੰਗੂ ਜੀ ਇਉਂ ਕਹਿੰਦੇ ਹਨ : (ਪ੍ਰ. ਪੰ. ਪ੍ਰ. ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ੧੯੧੪, ਪੰ: ੪-੫) "ਦੋਹਰਾ-ਦੁਸ਼ਟ ਦੁਸ਼ਟਾਈ ਨਹਿੰ ਤਜੈ ਜਿਮ ਸਰਪ ਤਜੇ ਬਿਖ ਨਾਹਿ । ਅਕਸਰ ਦੂਧ ਪਿਲਾਈਐ ਡੰਗ ਮਾਰਨ ਤੇ ਨ ਟਲਾਹਿ ॥ ਚੌਪਈ-ਕੋਊ ਨ ਕਹੀ ਉਨ ਸਾਚੀ ਬਾਤ । ਝੂਠ ਕਹਜੋ ਉਨ ਸਮਝ ਸੁ ਘਾਤ ॥ ਜਿਮ ਉਨ ਕਹਜੋ ਤਿਮ ਜਰਨੈਲ ਲਿਖ ਧਰਯੋ । ਸੱਚ ਝੂਠ ਤਬ ਨਾਹਿੰ ਬਿਚਰਯੋ ॥ ਤੁਰਕ ਹਿੰਦੂ ਕੋ ਬੈਰ ਹੁਤੋ ਆਦ । ਦੀਨ ਮਜ਼੍ਹਬ ਕੋ ਆਦੋ ਬਾਦ ॥ ਝੂਠ ਕਹਿਨ ਮੈਂ ਜੋ ਰਿਪੁ ਮਰੈ । ਤੁਰਕ ਹਿੰਦੂਅਨ ਤੇ ਕਬ ਟਰੈ ॥ ਦੋਹਰਾ-ਭੁਜਾ ਭਿਵਾਈਐ ਤੇਲ ਸਿਉਂ ਦੀਜੈ ਤਿਲੈ ਲਗਾਇ । ਮਾਰੋ ਹਿੰਦੂਅਨ ਕਸਮ ਕਰ ਇਨ ਗਯੋ ਰਸੂਲ ਬਤਾਇ ॥" ਹੁਣ, ਵਿਚਾਰ ਸ਼ੀਲ ਪਾਠਕ ਭੰਗੂ ਜੀ ਦੀ ਕਵਿਤਾ ਦੇ ਪਿੰਗਲ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਉਹਨਾਂ ਦੇ ਆਵਸ਼ਜਕ ਤੇ ਡੂੰਘੇ ਰਾਜ਼ ਪੂਰਿਤ ਮਜ਼ਮੂਨ ਵਲ ਧਿਆਨ ਦੇਵਨ. ਰਾਜ਼ ਇਹ ਹੈ ਕਿ ਮੁਸਲਮਾਣ 'ਬਾਦਸ਼ਾਹ' ਨੇ ਆਪਣੇ ਝੂਠੇ ਬਿਆਨ ਵਿੱਚ ਜੋ ਵਿਰੋਧਤਾ, ਹੱਤਕ ਤੇ ਨਿੰਦਾ ਸਿੱਖਾਂ ਦੀ ਆਕਟਰ ਲੋਨੀ ਅੱਗੇ ਜ਼ਾਹਿਰ ਕੀਤੀ ਹੈ, ਉਸ ਨੂੰ ਭੰਗੂ ਜੀ ਹਿੰਦੂਆਂ ਦੀ ਵਿਰੋਧਤਾ, ਹੱਤਕ ਤੇ ਨਿੰਦਾ ਪ੍ਰਗਟ ਕਰ ਰਹੇ ਹਨ; ਤੇ ਹਿੰਦੂਆਂ ਨੂੰ ਤੁਰਕਾਂ ਦੇ ਜ਼ੁਲਮ ਦਾ ਸ਼ਿਕਾਰ ਦਸ ਕੇ ਸਿੱਖਾਂ ਨੂੰ ਵੀ ਬਰਾਬਰ ਹੀ ਉਸ ਸ਼ਿਕਾਰ ਵਿੱਚ ਸ਼ਾਮਿਲ ਸਮਝ ਰਹੇ ਹਨ. ਭਾਵ ਦਾ ਸਾਰ ਇਹ ਹੈ ਕਿ ਭਾਈ ਸਾਹਿਬ ਰਤਨ ਸਿੰਘ ਜੀ ਸਿੱਖਾਂ ਨੂੰ ਹਿੰਦੂਆਂ ਤੋਂ

†India, A Modern History. by Percival Spear, Uni. of Mich. Press, 1961, p. 204.

Sri Satguru Jagjit Singh Ji eLibrary NamdhariElibrary@gmail.com

ਵੱਖਰਾ ਤਸੱਵਰ ਨਹੀਂ ਕਰ ਰਹੇ. ਇਸ਼ਟ-ਦ੍ਰਿਸ਼ਟੀ ਤੋਂ ਉਹ ਆਪਣੇ ਆਪ ਨੂੰ ਸਿੱਖ ਵੇਖ ਰਹੇ ਹਨ, ਪਰ ਰਾਸ਼ਟ੍ਰ-ਦ੍ਰਿਸ਼ਟੀ ਤੋਂ ਹਿੰਦੂ; ਅਥਵਾ, ਇਉਂ ਸਮਝੋ ਕਿ, ਰਾਸ਼ਟ੍ਰ-ਦ੍ਰਿਸ਼ਟੀ ਤੋਂ ਸਿੱਖ ਤੇ ਮਹਾ ਰਾਸ਼ਟ੍ਰ ਦ੍ਰਿਸ਼ਟੀ ਤੋਂ ਹਿੰਦੂ. ਭਾਈ ਸਾਹਿਬ ਦੇ ਅਗਲੇ ਵਾਕਾਂ ਤੋਂ ਮੇਰਾ ਇਹ ਨਿਰਨਾ ਹੋਰ ਵੀ ਚੰਗੀ ਤਰ੍ਹਾਂ ਸਪਸ਼ਟ ਤੇ ਸਿੱਧ ਹੋ ਜਾਂਦਾ ਹੈ. [ਜਦ ਸਨ ੧੮੦੮ ਤੋਂ ਛੇਤੀ ਹੀ ਬਾਦ, ਸਤਲੁਜ ਤੇ ਜਮਨਾ ਦੇ ਵਿਚਕਾਰ ਦੀਆਂ ਸਿੱਖ ਰਿਆਸਤਾਂ ਨੇ, ਮਹਾਰਾਜਾ ਰੰਜੀਤ ਸਿੰਘ ਦੇ ਡਰ ਤੋਂ, ਅੰਗ੍ਰੇਜ਼ਾਂ ਨੂੰ ਆਪਣੀ ਰਖਿਆ ਲਈ ਦਿੱਲੀ ਤੋਂ ਪੰਜਾਬ ਵਿੱਚ ਬੁਲਾ ਲਿਆ, ਅਰ ੨੫ ਅਪ੍ਰੈਲ ੧੮੦੯ ਨੂੰ, ਅੰਮ੍ਰਿਤਸਰ ਵਿੱਚ, ਮਹਾਰਾਜਾ ਤੇ ਅੰਗ੍ਰੇਜ਼ਾਂ ਦੇ ਦਰਮਿਆਨ, ਮੈਤ੍ਰੀ-ਭਾਵ ਦਾ ਪ੍ਰਣ ਪਤ੍ਰ, ਦੋਹਾਂ ਧਿਰਾਂ ਦੇ ਦਸਤਖ਼ੱਤਾਂ ਦੁਆਰਾ ਪੱਕਾ ਹੋ ਗਿਆ, ਤੇ ਦੋਹਾਂ ਹਕੂਮਤਾਂ ਦੇ ਵਿਚਕਾਰ ਦਰਯਾਏ ਸਤਲੁਜ ਦੀ ਹਦ-ਬੰਦੀ ਹੋ ਗਈ ਤਾਂ ਅੰਗ੍ਰੇਜ਼ਾਂ ਨੇ ਲੁਧਿਆਣੇ ਵਿੱਚ ਆਪਣਾ ਸਥਾਈ ਆਸਣ ਜਮਾ ਲਿਆ, ਅਰ ਸਰ ਡੇਵਿਡ ਆਕਟਰਲੋਨੀ ਉਹਨਾਂ ਵਲੋਂ ਉੱਥੇ ਏਜੈਂਟ ਦੀ ਹੈਸੀਅਤ ਵਿੱਚ ਰਹਿਣ ਲਗ ਪਿਆ ਤਾਂ ਉਸ ਨੇ ਕੈਪਟਨ ਵਿਲੀਅਮ ਮੱਰੇ (William Murray) ਨੂੰ ਸਿੱਖਾਂ ਦੇ ਸਹੀ ਸਹੀ ਹਾਲਾਤ ਮਲੂਮ ਕਰਨ ਲਈ ਕਿਹਾ. ਬਸ, ਉਸ ਸਮੇਂ ਵਲ ਇਸ਼ਾਰਾ ਕਰਦੇ ਹੋਏ, ਰਤਨ ਸਿੰਘ ਜੀ ਕਹਿੰਦੇ ਹਨ ਕਿ ਕੈਪਟਨ 'ਮੱਰੀ' ਨੇ ਬੂਟੇ ਸ਼ਾਹ ਨੂੰ (ਜਿਸ ਦਾ ਪੂਰਾ ਨਾਮ ਗ਼ੁਲਾਮ ਮੁਹਈਉੱਦੀਨ ਅਮਨ ਸੀ, ਤੇ ਜਿਸ ਨੇ ਸਨ ੧੮੪੮ ਵਿੱਚ ਤਵਾਰੀਖ਼-ਇ-ਪੰਜਾਬ ਲਿੱਖੀ ਹੈ) ਸਿੱਖਾਂ ਦੇ ਹਾਲਾਤ ਦੱਸਣ ਲਈ ਮੁਲਾਜ਼ਮ ਰਖਿਆ. 'ਵਿਲੀਅਮ' ਨੂੰ ਭਾਈ ਸਾਹਿਬ 'ਮਾਲੀ' ਤੇ 'ਮੱਰੇ' ਨੂੰ 'ਮੱਰੀ' ਲਿਖਦੇ ਹਨ.]

ਪ੍ਰ. ਪੰ. ਪ੍ਰਕਾਸ਼, ਐਡਿਸ਼ਨ ੧੯੧੪ ਪੰ: ੭-੮:-

"ਚੌਪਈ ॥'ਮਰੀ' ਹੁਕਮ ਲੈ ਉੱਦਮ ਕੀਯੋ । ਬੁਟੈ ਸ਼ਾਹਿ ਮੌਲਵੀ ਸਦ ਲੀਯੋ ॥
ਲਿਖਨ ਕਿਤਾਬ ਉਸੈ ਫ਼ਰਮਾਯੋ । ਸਿੰਘਨ ਕੀ ਉਤਪਤੀ ਲਿਖਾਯੋ ॥੨੨॥੨੩॥
ਜਿਮ ਹੋਇ ਸੱਚ ਸੋਊ ਮੈਂ ਲਿਖੈਯੋ । ਯਾ ਮੈਂ ਝੂਠ ਨ ਕਛੂ ਰਲੈਯੋ ॥
ਯਹਿ ਜਾਵਗ ਸ਼ਾਹਿ ਲੰਦਨ ਕੇ ਪਾਸ । ਔਰ ਦੀਪਨ ਮੈਂ ਹੋਗ ਪ੍ਰਕਾਸ॥੨੩॥੨੪॥
ਦੋਹਰਾ॥ ਐਸ ਐਸ ਤਗੀਦ ਕਰ †ਜਰਨੈਲਹ 'ਮਰੀ' ਸਮਝਾਇ ।
‡ਮਤਿ ਕੋਈ ਦੇਵੈ ਝੂਠ ਲਿਖ ਵਹੁ ਨਮੋਸ਼ੀ ਹਮ ਸਿਰ ਆਇ ॥੨੪॥੨੫॥
ਚੌਪਈ॥ ਉਸੀ ਕਚਹਰੀ ਹਮ ਥੇ ਗਏ । ਸੁਨ ਯਹ ਬਾਤ ਸੁ ਚਿੰਤਿਤ ਭਏ ॥੨੬॥

† ਅਰਥਾਤ, ਇਸ ਪ੍ਰਕਾਰ ਮੇਜਰ ਜੈਨਰਲ ਸਰ ਡੇਵਿਡ ਆਕਟਰ ਲੋਨੀ ਨੇ ਕੈਪਟਨ ਵਿਲੀਅਮ ਮੱਰੇ ਨੂੰ ਬਾਰੰਬਾਰ ਤਾਕੀਦ ਕਰ ਕੇ ਸਮਝਾਇਆ.

‡ ਸ਼ੌਕ ਹੈ ਕਿ ਜੂਨ ਸਨ ੧੯੩੯ ਦੀ ਐਡਿਸ਼ਨ ਵਿੱਚ ਇਸ ਦੀ ਥਾਂ ਇੱਕ ਹੋਰ ਮਨ ਘੜਤ ਪੰਕਤੀ ਪਾ ਦਿੱਤੀ ਗਈ ਹੈ.

Sri Satguru Jagjit Singh Ji eLibrary NamdhariElibrary@gmail.com

ਯੇਹ ਮੌਲਵੀ ਹੈ ਮੁੱਸਲਮਾਨ। ਕਬ *ਹਿੰਦੂਅਨ ਜੱਸ ਕਰੈ ਬਖਾਨ ॥੨੫॥੨੬॥
ਕਰ ਗੋਸਟ ਹਮ ਮਰੀ ਸਮਝਾਯੋ। ਉਸ ਕਾ ਲਿਖਯਾ ਹਮਹਿ ਦਿਖਾਯੋ ॥
ਉਸ ਕੋ ਦੇਖ ਹਮ ਬਾਤ ਉਚਾਰੀ। ਇਨ ਗਲ ਖਾਲਸੈ ਕਹੀ ਨ ਸਾਰੀ ॥੨੬॥੨੭॥
ਦੋਹਰਾ॥ ਸੋ ਮਰੀ ਹਮਾਰੋ ਮਿਤ ਭਯੋ ਮੋਹਿ ਫਿਰ ਕਹਯੋ ਬੁਲਵਾਇ।
ਜਿਮ ਉਤਪਤਿ ਭਈ ਖਾਲਸੇ ਤਿਮ ਤੁਮ ਦੇਹੁ ਲਖਾਇ ॥੨੭॥੨੮॥
ਚੌਪਈ॥ ਤੋ ਮੈਂ ਕਹੀ ਸੁਨ ਮਰੀ ਕਪਤਾਨ। ਤੁਮ ਪਤੀਜਤ ਹੋਹਿ ਮੁਸਲਮਾਨ ॥
ਤੁਰਕਨ ਹਿੰਦੂਅਨ ਬੈਰ ਹੈ ਆਦ। ਖਹਾ ਖਹੀ ਕਰ ਰੱਖੈ ਬਾਦ ॥੨੮॥੨੯॥"

ਕੈਸੀ ਸਿਆਣਪ, ਖੁਲ੍ਹਦਿਲੀ ਤੇ ਦੂਰੰਦੇਸ਼ੀ ਨਾਲ ਏਹਨਾਂ ਵਾਕਾਂ ਵਿੱਚ ਭਾਈ ਸਾਹਿਬ ਨੇ ਹਿੰਦੂਆਂ ਦੇ ਕਲੇਸ਼ ਵਿੱਚ ਸਿੱਖਾਂ ਦਾ ਕਲੇਸ਼ ਤੇ ਹਿੰਦੂਆਂ ਦੀ ਨਿੰਦਾ ਵਿੱਚ ਸਿੱਖਾਂ ਦੀ ਨਿੰਦਾ ਪ੍ਰਗਟ ਕੀਤੀ ਹੈ. ਜਿੱਕੁਰ ਹਿੰਦੁਸਤਾਨ ਦੀ ਨਿੰਦਾ ਉਸਤਤੀ ਵਿੱਚ ਪੰਜਾਬ ਦੀ ਨਿੰਦਾ ਉਸਤਤੀ ਵੀ ਸ਼ਾਮਿਲ ਹੈ, ਇਕੁੱਰ ਹੀ ਹਿੰਦੂਆਂ ਦੀ ਨਿੰਦਾ ਉਸਤਤੀ ਵਿੱਚ ਸਿੱਖਾਂ ਦੀ ਨਿੰਦਾ ਉਸਤਤੀ ਸ਼ਾਮਿਲ ਹੈ. ਬਸ, ਇਸੇ ਨਿਯਮ ਨੂੰ ਧਿਆਨ ਵਿੱਚ ਰਖਦੇ ਹੋਏ ਭਾਈ ਸਾਹਿਬ ਨੇ ਕੈਪਟਨ ਮੱਰੇ ਦੇ ਕਹਿਣ ਪਰ ਆਪਣਾ ਸਾਰਾ ਇਤਿਹਾਸ ਰਚਿਆ ਹੈ. ਚੁਨਾਂਚਿ ਹਕੀਕਤ ਰਾਏ ਜੀ ਨੂੰ ਆਪਣੇ ਸ਼ਹੀਦਾਂ ਦੀ ਲੜੀ ਤੋਂ ਅੱਡ ਨ ਸਮਝਦੇ ਹੋਏ ਭਾਈ ਰਤਨ ਸਿੰਘ ਜੀ ਭਾਈ ਤਾਰੂ ਸਿੰਘ ਜੀ ਸ਼ਹੀਦ ਦੇ ਸ਼ਹੀਦੀ ਪ੍ਰਕਰਣ ਵਿੱਚ (ਦੇਖੋ, ਪੰਨਾ ੩੫੭ ਐਡਿਸ਼ਨ ੧੯੧੪) ਜਦ ਦਸ ਚੁਕਦੇ ਹਨ ਕਿ ਜ਼ਾਲਿਮ ਨਵਾਬ (ਖ਼ਾਨ ਬਹਾਦਰ ਜ਼ਕਰੀਆ ਖ਼ਾਨ) ਨੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ (ਸਨ ੧੭੪੫ ਵਿੱਚ) ਉਤਰਵਾ ਦਿੱਤੀ ਤੇ ਉਹਨਾਂ ਨੂੰ ਚੁਕਵਾ ਕੇ ਇੱਕ ਧਰਮ ਸਾਲਾ ਵਿੱਚ ਰਖਵਾ ਦਿੱਤਾ ਤਾਂ ਭਾਈ (ਰਤਨ ਸਿੰਘ) ਸਾਹਿਬ ਕਹਿੰਦੇ ਹਨ ਕਿ ਇਸੇ ਨਵਾਬ ਨੇ ਹਕੀਕਤ ਰਾਏ ਨੂੰ ਵੀ †(ਸਨ ੧੭੩੪ ਵਿੱਚ) ਜੱਲਾਦ

* ਸ਼ੋਕ ਹੀ ਨਹੀਂ ਬਲਕਿ ਅਤਯੰਤ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜੂਨ ਸਨ ੧੯੩੯ ਦੀ ਐਡਿਸ਼ਨ ਵਿੱਚ ਇੱਥੇ 'ਹਿੰਦੂਅਨ' ਹਟਾ ਕੇ 'ਸਿੱਖਨ' ਪਾ ਦਿੱਤਾ ਗਿਆ ਹੈ! ਅਗਲੀਆਂ ਪੰਕਤੀਆਂ ਦੋਹਾਂ ਐਡਿਸ਼ਨਾਂ ਦੀਆਂ ਠੀਕ ਇੱਕੋ ਜਹੀਆਂ ਹਨ, ਛੰਦਾਂ ਦੇ ਅੰਕ ਦੋਹਾਂ ਐਡਿਸ਼ਨਾਂ ਦੇ ਊਹੋ ਹਨ.

† ਜਿਨ੍ਹਾਂ ਘਟਨਾਵਾਂ ਦਾ ਦੇਸ਼ ਦੇ ਮੁਖ ਇਤਿਹਾਸ ਨਾਲ ਸਿੱਧਾ ਕੋਈ ਸੰਬੰਧ ਨਹੀਂ ਉਹਨਾਂ ਦੀਆਂ ਤ੍ਰੀਕਾਂ ਭਾਵੇਂ ਅਤਿ ਮੇਹਨਤ ਤੇ ਏਹਤਿਆਤ ਨਾਲ ਖੋਜ ਕਰ ਕਰਕੇ ਦਰਜ ਕੀਤੀਆਂ ਗਈਆਂ ਹਨ ਤਾਂ ਵੀ ਹੋ ਸਕਦਾ ਹੈ ਕਿ ਉਹਨਾਂ ਵਿੱਚ ਕੋਈ ਤਰੁਟੀ ਪ੍ਰਤੀਤ ਹੋਵੇ! ਭਿੰਨ ਭਿੰਨ ਇਤਿਹਾਸਾਂ ਵਿੱਚ ਐਸੀਆਂ ਘਟਨਾਵਾਂ ਦੀਆਂ ਤ੍ਰੀਕਾਂ ਭਿੰਨ ਭਿੰਨ ਦਿਤੀਆਂ ਹੋਈਆਂ ਹਨ. ਮਸਲਨ, ਹਕੀਕਤ ਰਾਏ ਦੀ ਸ਼ਹੀਦੀ ਭਾਈ ਰਤਨ ਸਿੰਘ ਅਨੁਸਾਰ ਸਨ ੧੭੩੪ ਵਿੱਚ, ਭਾਈ ਕਾਹਨ ਸਿੰਘ ਅਨੁਸਾਰ ੧੭੪੧ ਵਿੱਚ, ਤੇ ਭਗਤ ਲਕਸ਼ਮਨ ਸਿੰਘ (Sikh Martyrs, Ganesh & Co., Madras, 1923, p. 139) ਅਨੁਸਾਰ ੧੭੪੨ ਵਿੱਚ ਹੋਈ ਹੈ.

Sri Satguru Jagjit Singh Ji eLibrary NamdhariElibrary@gmail.com

ਦੇ ਹਵਾਲੇ ਕੀਤਾ ਸੀ ("ਸਤਾਰਾਂ ਸੈ ਇਕਾਨਵੇਂ ਸਾਲ। ਇਸੇ ਕਰੀ ਥੀ ਹਕੀਕਤ ਨਾਲ ॥" ਪੰ: ੩੫੬) ਤੇ ਏਹੋ ਹੁਣ ਤਾਰੂ ਸਿੰਘ ਨੂੰ ਅਜ਼ਾਬ ਦੇ ਰਿਹਾ ਹੈ. ਅੱਗੇ ਦਸਦੇ ਹਨ ਕਿ ਜਦ ਭਾਈ ਤਾਰੂ ਸਿੰਘ ਜੀ ਨੇ ਧਰਮ ਸਾਲਾ ਵਿੱਚ ਅਜੇ ਪ੍ਰਾਣ ਨਹੀਂ ਤਿਆਗੇ ਸਨ ਤਾਂ ਦੁਸ਼ਟ ਨਵਾਬ ਨੇ ਉਹਨਾਂ ਨੂੰ ਤਾਨਾ ਮਾਰਿਆ ਕਿ "ਤੂੰ ਤਾਂ ਕਹਿੰਦਾ ਸੀ ਕਿ ਮੇਰੇ ਕੇਸ ਸਿਰ ਤੋਂ ਜੁਦਾ ਨਹੀਂ ਹੋਣੇ ਤੇ ਮੈਂ ਕੇਸਾਂ ਤੋਂ ਬਿਨਾਂ ਜ਼ਿੰਦਾ ਨਹੀਂ ਰਹਿਣਾ" ਤਾਂ ਭਾਈ ਰਤਨ ਸਿੰਘ ਜੀ ਭਾਈ ਤਾਰੂ ਸਿੰਘ ਜੀ ਤੋਂ ਅਖਵਾਂਦੇ ਹਨ : "ਤਬ ਸਿੰਘ ਨੇ ਯੋਂ ਬਾਨੀ ਕਹੀ। ਨਹੀਂ ਨਵਾਬ ਤੁਮ ਸਮਝੋ ਅਈ ॥ ਰਹੇ ਕੇਸ ਹਮ ਖੋਪਰੀ ਨਾਲ। ਹੈਂ ਝੂਠੇ ਦੋਇ ਤੁਮਰੇ ਸੁਆਲ ॥੩੦॥ ਸੁਆਸ ਰਖੇ ਹਮ ਇਮ ਕਰ ਦੇਹਿ। ਮਾਰ ਜੂਤਨ ਤੁਝ ਆਗੇ ਧਰ ਲੇਹਿ ॥ ਉਸਤਾਦ ਮਿਲਯੋ ਤੁਧ ਅਗੇ ਨ ਕੋਇ। ਖ਼ੂਨ ਹਕੀਕਤ ਪਚ ਗਯੋ ਤੋਇ ॥" (ਪੰ: ੩੫੭.) ਇਸ ਤੋਂ ਬਾਦ ਝਬਦੇ ਹੀ ਮਲੇਛ ਦੇ ਮਲ-ਮੂਤ੍ਰੋਂ ਬੰਦ ਹੋ ਜਾਂਦੇ ਹਨ ਤੇ ਉਹ ਅਕਥਨੀਯ ਪੀੜਾ ਤੋਂ ਆਤੁਰ ਹੋ ਕੇ ਸਿੰਘਾਂ ਦੀ ਸ਼ਰਨ ਪੈਂਦਾ ਹੈ ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਚੁੰਮਦਾ ਹੈ (ਪੰ: ੩੬੫) ਤਾਂ ਉਸ ਦੀ ਕਸ਼ਟ ਤੋਂ ਖਲਾਸੀ ਹੁੰਦੀ ਹੈ. ਇਸ ਮੌਕੇ ਤੇ ਭਾਈ ਰਤਨ ਸਿੰਘ ਜੀ ਨਵਾਬ ਤੋਂ ਅਖਵਾਂਦੇ ਹਨ ਕਿ "ਮੇਰੀ ਅੱਜ ਉਹ ਦੁਰਦਸ਼ਾ ਹੋਈ ਹੈ ਜੋ ਕਸ਼ਮੀਰ ਵਿੱਚ ਉਸ ਨਵਾਬ ਦੀ ਹੋਈ ਸੀ ਜੋ ਹਿੰਦੂਆਂ ਨੂੰ ਬੇ ਸ਼ੁਮਾਰ ਗਿਣਤੀ ਵਿੱਚ ਨਿੱਤ ਮੁਸਲਮਾਣ ਕਰਦਾ ਸੀ, ਤੇ ਜਿਸ ਨੂੰ ਸਿਰ ਦਰਦ ਨੇ ਇਤਨਾ ਸਤਾਇਆ ਕਿ ਕਿਸੇ ਤਰ੍ਹਾਂ ਵੀ ਹਕੀਮਾਂ ਤੋਂ ਰਾਜ਼ੀ ਨ ਹੋ ਸਕਿਆ : ਤਬ ਲੋਕਨ ਯੋਂ ਕਹਯੋ ਉਪਾਵ। ਜੁਤੀ ਹਿੰਦੁਨ ਕੀ ਮਾਥ ਲਗਾਵ ॥ ੧੨੬॥ ਦੁਖ ਕੇ ਮਾਰੇ ਇਮ ਹੀ ਕਰੀ, ਤਬ ਵਹਿ ਬਚਯੋ ਜਬ ਯੋਂ ਥੀ ਸਰੀ ॥" ਪੰ: ੩੬੭॥ "ਕਹਯੋ ਨਵਾਬ ਅਬ ਕਰੋ ਬਧਾਈ। ਖਾਲਸੇ ਨੇ ਦੁਖ ਦੀਓ ਮਿਟਾਈ ॥ ਗੁਰ ਨਾਨਕ ਕੋ ਕੜਾਹ ਕਰਾਵੋ। ਦੀਪ ਮਾਲ ਵਿੱਚ ਸ਼ੈਹਰ ਜਲਾਵੋ ॥" ਪੰ: ੩੬੭ ॥

ਇਸ ਪ੍ਰਕਾਰ ਦੇ ਇਤਿਹਾਸਿਕ ਵਿਚਾਰਾਂ ਦੀ ਲੜੀ, ਮਾਲਵੇ ਦੇ ਸਿੱਖ ਬਜ਼ੁਰਗ, ਅੱਜ (ਸਨ ੧੯੬੨) ਤੋਂ ਡੇੜ੍ਹ ਸੌ ਵੱਰ੍ਹੇ ਪਿੱਛੇ, ਸਤਲੁਜ ਦੇ ਪੂਰਬ ਵਲ ਪਰੋ ਰਹੇ ਸਨ, ਜਦ ਕਿ ਉਸੇ ਸਮੇਂ ਇਸੇ ਦਰਯਾ ਦੇ ਪੱਛਮ ਵਲ ਮਾਝੇ ਦੇ ਸਿੱਖਾਂ ਦਾ ਇਤਿਹਾਸਿਕ ਨਕਸ਼ਾ, ਹਰ ਪ੍ਰਕਾਰ ਦੇ ਅਮਲੀ ਤੇ ਖ਼ਿਆਲੀ ਰੰਗਾਂ ਨਾਲ ਚਿਤ੍ਰਿਆ ਹੋਇਆ, ਸਾਡੇ ਲਈ, ਮਹਾਰਾਜਾ ਰੰਜੀਤ ਸਿੰਘ ਦੇ ਦਰਬਾਰੀ ਇਤਿਹਾਸਕਾਰ ਤਿਆਰ ਕਰ ਰਹੇ ਸਨ, ਅਰ ਜਿਸ ਦੀਆਂ ਝਲ-ਕੀਆਂ ਮੈਂ ਪਹਿਲਾਂ ਹੀ ਵਿਦ੍ਵਾਨ ਪਾਠਕਾਂ ਦੇ ਪੇਸ਼ ਕਰ ਚੁਕਾ ਹਾਂ. ਬਸ, ਮੁਕੰਮਲ ਗੁਰ ਪੰਥ ਉਸ ਜ਼ਮਾਨੇ ਦਾ ਏਹੋ ਸੀ. ਸੋ ਪੂਰੇ ਇਤਮੀਨਾਨ ਨਾਲ

Sri Satguru Jagjit Singh Ji eLibrary NamdhariElibrary@gmail.com

ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਮ੍ਰਿਤ ਛਕਾਣ ਦੇ ਸਮੇਂ (੧੩ ਅਪ੍ਰੈਲ ਸਨ ੧੬੯੯) ਤੋਂ ੧੫੦ ਵੱਰ੍ਹੇ ਬਾਦ (ਸਨ ੧੮੪੯) ਤਕ, ਯਾਨੇ, ਪੰਜਾਬ ਤੋਂ ਸਿੱਖਾਂ ਦੇ ਰਾਜ ਦੇ ਅੰਤ ਤਕ ਸਿੱਖ ਆਪਣੇ ਆਪ ਨੂੰ ਹਿੰਦੂਆਂ ਤੋਂ ਅੱਡ ਨ ਸਮਝਦੇ ਸਨ ਤੇ ਨਾਂ ਹੀ ਕੋਈ ਐਸਾ ਇਸ਼ਾਰਾ ਨਜ਼ਰ ਔਂਦਾ ਹੈ ਜਿਸ ਤੋਂ ਇਹ ਫ਼ੈਸਲਾ ਕੀਤਾ ਜਾਏ ਕਿ ਉਹ ਅੱਡ ਹੋਣਾ ਚਾਹੁੰਦੇ ਸਨ. ਇਸ ਤੋਂ ਪਿੱਛੇ ਯਾਨੇ ਸ੍ਰੀ ਦਸ਼ਮੇਸ਼ ਜੀ ਤੋਂ ਸ੍ਰੀ ਗੁਰੂ ਨਾਨਕ ਦੇਵ ਤਕ ਵੀ ਇਹ ਇਸ਼ਾਰਾ ਨਹੀਂ ਮਿਲਦਾ. ਵੱਡੀ ਤੋਂ ਵੱਡੀ ਅਭਿਲਾਸ਼ਾ ਸਤਿਗੁਰਾਂ ਦੀ ਏਹੋ ਸੀ ਕਿ ਹਿੰਦੂਆਂ ਦਾ ਜਿਸਮਾਨੀ, ਸਮਾਜੀ, ਇਖ਼ਲਾਕੀ ਤੇ ਰੂਹਾਨੀ ਸਧਾਰ ਹੋਵੇ ਤੇ ਉਹ ਆਪਣੇ ਹਕੀਕੀ ਮਤ ਦੀ ਹਕੀਕਤ ਨੂੰ ਪਛਾਣਨ ! ਪਰ, ਹਿੰਦੂਆਂ ਤੋਂ *ਅੱਡ ਹੋਣ ਦਾ ਸਿੱਖਾਂ ਨੂੰ ਫੁਰਨਾ ਵੀ ਕਿਵੇਂ

* ਬੀਸਵੀਂ ਮਸੀਹੀ ਸਦੀ ਦੇ ਅਰੰਭ ਤੋਂ, ਵਿਦੇਸ਼ੀ ਹਕੂਮਤ ਦੀਆਂ ਚਾਲਬਾਜ਼ੀਆਂ, ਤੇ ਪੰਜਾਬ ਦੀ ਅੱਲ੍ਹੜ ਪ੍ਰਜਾ ਦੇ ਮੱਕਾਰ, ਖ਼ੁਦਗ਼ਰਜ਼ ਆਗੂਆਂ ਦੀਆਂ ਫ਼ਰੇਬਾਮੇਜ਼ ਕਾਰਿਸਤਾਨੀਆਂ ਦੇ ਕਾਰਣ, ਹਿੰਦੂਆਂ ਤੇ ਸਿੱਖਾਂ ਦੇ ਵਿਚਕਾਰ ਤਫ਼ਰਿਕੇ ਪੈਣ ਦੇ, ਜੋ ਆਸਾਰ ਨਮੂਦਾਰ ਹੋਣ ਲਗ ਪਏ ਸਨ, ਉਹ ਸ਼ੁਰੂ ਮਈ ਸਨ ੧੯੦੫ ਵਿੱਚ, ਜੰਗਲ ਦੀ ਪ੍ਰਚੰਡ ਜੁਆਲਾ ਵਾਂਗ, ਆਪਣੀ ਪੂਰਨ ਪ੍ਰਬਲਤਾ ਨਾਲ, ਵਿਸ਼ੂਕੀਯ ਰੂਪ ਵਿੱਚ, ਯਕਾ ਯਕ ਭੜਕ ਉੱਠੇ- ਵਿਸ਼ੇਸ਼ ਕਾਰਣ ਇਹ ਹੋਇਆ ਕਿ 'ਠਾਕਰਾਂ ਦੀਆਂ ਮੂਰਤੀਆਂ' ਨੂੰ, ਜੋ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦੀ ਪਰਿਕ੍ਰਮਾ ਵਿੱਚ, ਆਮ ਹਿੰਦੂ ਤੀਰਥਾਂ ਵਾਂਗ, ਇਸ਼ਨਾਨ ਕਰਨ ਵਾਲੇ ਯਾਤ੍ਰੀਆਂ ਦੇ ਵਸਤ੍ਰਾਂ ਦੀ ਰਾਖੀ ਕਰਨ ਵਾਲੇ ਬ੍ਰਾਹਮਣ, ਆਪਣੇ ਸਨਮੁਖ ਸਜਾ ਕੇ ਰਖਦੇ ਸਨ, ਖ਼ਾਲਸਾ ਜੀ ਨੇ ਉੱਥੋਂ ਉਠਵਾ ਦਿੱਤਾ. (ਦੇਖੋ, ਅਖ਼ਬਾਰ 'ਖ਼ਾਲਸਾ ਸਮਾਚਾਰ', ਅੰਮ੍ਰਿਤਸਰ, ਦਾ 'ਜ਼ਮੀਮਾ' ਜੋ ੩ ਮਈ ੧੯੦੫ ਦੇ 'ਸਮਾਚਾਰ' ਨਾਲ ਨਿਕਲਿਆ ਸੀ; (ਨਾਲੇ ੧੦ ਮਈ ੧੯੦੫ ਦਾ 'ਸਮਾਚਾਰ'). ਉਸ ਦਾ ਪ੍ਰਤਿਕਰਮ (Reaction) ਦਿਨੋਂ ਦਿਨ ਦੋਹਾਂ ਧਿਰਾਂ ਦੇ ਪਰਸਪਰ ਮੇਲ ਮਿਲਾਪ ਲਈ ਬਹੁਤ ਹਾਨੀਕਾਰਕ ਹੁੰਦਾ ਗਿਆ, ਹੱਤਾਕਿ ਕੇਸ਼ਹੀਨਾਂ ਤੇ ਸਕੇਸ਼ਾਂ ਵਿੱਚ ਜੋ ਸੰਗਤ, ਪੰਗਤ ਤੇ ਨਾਤਾਦਾਰੀ ਦੀਆਂ ਸਾਂਝਾਂ ਸਨ, ਉਹਨਾਂ ਵਿੱਚੋਂ ਅੰਤਿਮ ਸਾਂਝ ਤਾਂ ਸਨ ੧੯੦੬ ਤੋਂ ਪਹਿਲਾਂ ਖ਼ਤਮ ਹੋ ਗਈ. ਇਸ ਤੋਂ ਬਾਦ ਯੂਰਪ ਦੇ ਦੋ ਮਹਾਂ ਯੁੱਧਾਂ ਮਗਰੋਂ ਕੇਸ਼- ਹੀਨਾਂ ਦੀ ਗੁਰਮਤਿ ਤੋਂ ਤਥਾ ਸਿੱਖ ਇਤਿਹਾਸ ਤੋਂ ਮੁਕੰਮਲ ਲਾਇਲਮੀ ਅਤੇ ਅਸੀਮ ਭਮਾਕੂ ਨੌਸ਼ੀ, ਨੇ, ਅਰ ਸਕੇਸ਼ਾਂ ਦੀ ਭਾਰਤ ਦੇ ਪ੍ਰਾਚੀਨ ਧਾਰਮਿਕ ਸਾਹਿਤਯ ਤੋਂ ਨਾਵਾਕਫ਼ੀਅਤ ਨੇ ਤੇ ਮਾਰਫ਼ਤ ਅਰ ਹਕੀਕਤ ਤੋਂ ਬਿਨਾ ਫੋਕੀ ਸ਼ਰੀਅਤ ਤੇ ਤਰੀਕਤ ਦੀ ਚਿੰਨ੍ਹ ਪ੍ਰਸਤੀ ਨੇ, ਦੋਹਾਂ ਨੂੰ ਇੱਕ ਦੂਜੇ ਤੋਂ ਬਹੁਤ ਦੂਰ ਹਟਾ ਦਿੱਤਾ ਹੈ. ੧੯੦੬ ਈਸ੍ਵੀ ਤੋਂ ਪਹਿਲਾਂ ਬਾਵਜੂਦ ਕਿਤਾਬੀ, ਵਿਆਖਿਆਨੀ ਤੇ ਅਖ਼ਬਾਰੀ ਝਗੜਿਆਂ- ਝੇੜਿਆਂ ਦੇ ਫਿਰ ਵੀ ਸਿੱਖਾਂ ਤੇ ਹਿੰਦੂਆਂ ਦੀ ਸੰਗਤ, ਪੰਗਤ ਤੇ ਨਾਤਾਦਾਰੀ ਦੀ ਪੂਰੀ ਪੂਰੀ ਸਾਂਝ ਸੀ, ਜੋ ਪ੍ਰਾਚੀਨ ਸਮੇਂ ਤੋਂ ਚਲੀ ਔਂਦੀ ਸੀ. ਚੁਨਾਂਚਿ ਹਕੀਕਤ ਰਾਏ ਧਰਮੀ (ਸ਼ਹੀਦ) ਦੀ ਸ਼ਾਦੀ ਸਿੱਖ ਕੰਨਿਆ ਨਾਲ ਹੋਈ ਹੋਈ ਸੀ, ਤੇ ਹਕੀਕਤ ਰਾਏ

ਬਾਕੀ ਸਫ਼ਾ ੧੬੨ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਭੁਰ ਸਕਦਾ ਸੀ ? ਹਿੰਦੂਆਂ ਵਿੱਚ ਕੋਹੜੀ ਉਤ-ਕ੍ਰਿਸ਼ਟਤਾ ਦੇ ਬੀਜ, ਫੁੱਲ ਤੇ ਫਲ ਨਹੀਂ ? ਕੋਹੜੀ ਕਮੀ ਯਾ ਖ਼ਰਾਬੀ ਕਰ ਕੇ ਇਹ ਤਿਆਗਣ ਦੇ ਯੋਗ ਹਨ ? ਜਿਸ ਕੌਮ ਵਿੱਚ ਜਨਕ, ਰਾਮ ਚੰਦ੍ਰ, ਹਨੁਮੰਤ, ਵਸਿਸ਼ਠ, ਯਾਗਜਵਲਕਜ, ਵਿਆਸ, ਕ੍ਰਿਸ਼ਣ, ਭੀਸ਼ਮ, ਯੁਧਿਸ਼ਠਿਰ, ਅਰਜੁਨ, ਭੀਮ, ਗੌਤਮ, ਕਪਿਲ, ਕਨਾਦ, ਪਤੰਜਲੀ, ਜੈਮਿਨੀ, ਸਿੱਧਾਰਥ, ਮਹਾਵੀਰ, ਚੰਦਰਗੁਪਤ, ਅਸ਼ੋਕ, ਕਾਲੀਦਾਸ, ਹਰਸ਼, ਸ਼ੰਕਰ, ਮਾਧਵ, ਰਾਮਾਨੁਜ, ਜੈਦੇਵ, ਰਾਮਾਨੰਦ, ਕਬੀਰ, ਸੂਰ, ਦਸਾਂ ਸਤਿਗੁਰਾਂ, ਤੁਲਸੀ, ਪ੍ਰਤਾਪ, ਸ਼ਿਵਾ ਜੀ, ਰੰਜੀਤ ਸਿੰਘ, ਰਾਮ ਮੋਹਨ ਰਾਏ, ਦਯਾਨੰਦ, ਕੇਸ਼ਬ ਚੰਦ੍ਰ, ਰਾਮ ਕ੍ਰਿਸ਼ਣ, ਵਿਵੇਕਾਨੰਦ, ਸੁਰੇਂਦ੍ਰ, ਰਵਿੰਦ੍ਰ, ਅਰਵਿੰਦ, ਬਿਪਿਨ ਚੰਦ੍ਰ ਪਾਲ, ਬਾਲਗੰਗਾਧਰ, ਗੋਪਾਲ ਕ੍ਰਿਸ਼ਣ, ਆਨੰਦ ਸਰੂਪ, ਵਿਨਾਯਕ ਦਾਮੋਦਰ ਸਾਵਰਕਰ, ਮਦਨ ਮੋਹਨ ਮਾਲਵੀ, ਰਾਜ ਗੋਪਾਲਾਚਾਰੀ, ਪੂਰਨ ਸਿੰਘ, ਪੁਰੁਸ਼ੋਤਮ ਦਾਸ ਟੰਡਨ, ਮੋਹਨ ਦਾਸ ਕਰਮਚੰਦ, ਤੇ ਜਵਾਹਰ ਲਾਲ ਨੇ ਜਨਮ ਧਾਰਣ ਕੀਤਾ ਹੈ; ਹਾਂ ਜੀ, ਜਿਸ ਸ਼ਾਸ਼ਤ ਜਾਤਿ ਵਿੱਚ ਚਾਰ ਸਾਹਿਬ ਜ਼ਾਦਿਆਂ, ਚਾਲ੍ਹੀ ਮੁਕਤਿਆਂ ਤੇ ਹੋਰ ਅਣਗਿਣਤ ਸ਼ਹੀਦਾਂ ਨੇ ਧਰਮ ਦੀ ਵੇਦੀ ਪਰ ਆਪਣੇ ਪਰਮ ਪਵਿਤ੍ਰ ਸ਼ਰੀਰਾਂ ਦੀ ਬਲੀ ਦਿੱਤੀ ਹੈ, ਉਸ ਨੂੰ ਤਿਆਗ ਕੇ ਸਿੱਖ, ਇਸ ਭੂ ਮੰਡਲ ਪਰ, ਹੋਰ ਕੋਹੜੀ ਕੌਮ ਨਾਲ ਸੰਬੰਧਿਤ ਹੋਣਾ ਚਾਹੁੰਦੇ ਹਨ ? ਮੈਨੂੰ ਅਜੇ ਵੀ ਆਸ ਹੈ ਤੇ ਮੈਂ ਇਹ ਉੱਚੀ ਤੋਂ ਉੱਚੀ ਆਵਾਜ਼ ਵਿੱਚ ਕਹਿਣ ਤੋਂ ਸੰਕੋਚ ਨਹੀਂ ਕਰਦਾ ਕਿ ਅੰਤ ਹਿੰਦੂ ਕੌਮ ਦੇ ਹੀ ਚਮਕਦੇ ਹੀਰਿਆਂ ਨੇ ਨੌਂ ਖੰਡ ਪ੍ਰਿਥ੍ਵੀ ਦੇ ਤਾਮਸੀ ਧੁੰਧੂਕਾਰ ਵਿੱਚ ਗੁਰ

ਸਫ਼ੇ ੧੬੧ ਦੀ ਬਾਕੀ

ਦੇ ਪਿਤਾ ਕੇਸਹੀਨ ਸਨ, ਪਰ ਉਹਨਾਂ ਦੀ ਧਰਮ ਪਤਨੀ (ਅਰਥਾਤ ਹਕੀਕਤ ਦੀ ਮਾਤਾ) ਵੀ ਸਿੱਖ ਕੰਨਿਆ ਹੀ ਸੀ. ਦੇਖੋ, ਮਹਾਂ ਕੋਸ਼ ਵਿੱਚ, ਤੇ ਭਗਤ ਲਕਸ਼ਮਨ ਸਿੰਘ ਜੀ ਕ੍ਰਿਤ, "Sikh Martyrs" ਵਿੱਚ, ਹਕੀਕਤ ਰਾਏ ਦਾ ਬ੍ਰਿਤਾਂਤ. ਇਸ ਦਾਵੇ ਦੇ ਸਬੂਤ ਲਈ ਇਸ ਤੋਂ ਪੁਰਾਣੀ ਤੇ ਵਧੇਰੀ ਪ੍ਰਮਾਣੀਕ ਸ਼ਹਾਦਤ ਮਿਲਣੀ ਕਠਿਨ ਹੈ. ਹਕੀਕਤ ਰਾਏ ਜੀ ਦਾ ਜਨਮ ਭਾਈ ਕਾਨ੍ਹ ਸਿੰਘ ਜੀ ਅਨੁਸਾਰ ਸਨ ੧੭੨੪ ਵਿੱਚ ਹੋਇਆ, ਭਾਵ, ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਵਣ ਤੋਂ ਕੇਵਲ ੧੬ ਸਾਲ ਬਾਦ; ਤੇ ਇਸ ਹਿਸਾਬ ਹਕੀਕਤ ਦੇ ਪਿਤਾ ਪਿਤਾਮਾ ਸ੍ਰੀ ਕਲਗੀ ਧਰ ਜੀ ਦੇ ਸਮਕਾਲੀ ਸਨ ਫਿਰ, ਇਹ ਗਲ ਵੀ ਮੁਸਤਨਿਦ ਹੈ ਕਿ ਕੇਸ਼ਾਂ ਤੋਂ ਬਿਨਾ ਜੋ ਹਿੰਦੂ ਦੱਸਾਂ ਸਤਿਗੁਰਾਂ ਦੇ ਪੈਰੋ ਸਨ ਉਹ ਵੀ ਸਿੱਖ ਹੀ ਅਖਵਾਂਦੇ ਸਨ. ਚੁਨਾਂਚਿ ਕਲਕੱਤੇ ਦਾ ਪ੍ਰਸਿੱਧ ਸਾਹੂਕਾਰ (Banker) ਅਮੀਚੰਦ, ਜਿਸ ਨੂੰ ਅੰਗ੍ਰੇਜ਼ ਇਤਿਹਾਸਕਾਰਾਂ ਨੇ ਓਮੀ ਚੰਦ ਤੇ ਅਮੀਰ ਚੰਦ ਵੀ ਲਿਖਿਆ ਹੈ, ਤੇ ਜਿਸ ਦੀ ਲਾਰਡ ਕਲਾਈਵ ਨਾਲ ਝੜਪ ਹੋਈ ਸੀ, ਸਿੱਖ ਸੀ. (ਦੇਖੋ, ਕਨਿੰਘਮ ਦੀ ਤਵਾਰੀਖ਼--ਸਿੱਖਾਂ-Cunningham's History of the Sikhs, 1955 Ed., p. 113. "That Omichand was a Sikh is given on the authority of Forster, Travels, 1. 337.")

Sri Satguru Jagjit Singh Ji eLibrary NamdhariElibrary@gmail.com

ਸਿੱਖੀ ਦੀ ਜੋਤਿ ਜਗਾਣੀ ਹੈ. ਜੇ ਸੱਠ ਲੱਖ ਗੁਰ ਸਿੱਖ ਹਨ ਤਾਂ ਉਹਨਾਂ ਵਿੱਚ ਕੇਵਲ ੬੦੦ ਪੰਜਾਬ ਵਿੱਚ, ੬੦ ਵਿਸ਼ਾਲ ਭਾਰਤ ਵਿੱਚ, ਤੇ ੬ ਸਮੁੰਦਰ ਪਾਰ ਦੇ ਵਿਦੇਸ਼ਾਂ ਵਿੱਚ ਗੁਰਮਤਿ ਦੀ ਜਾਗਦੀ ਮਸ਼ਾਲ ਪਹੁੰਚਾਣ ਦੇ ਸਮਰਥ ਹਨ; ਪਰ, ਜੇ ੪੦ ਕ੍ਰੋੜ ਹਿੰਦੂ ਹਨ ਤਾਂ ਉਹਨਾਂ ਵਿੱਚ ਜ਼ਰੂਰ ਚਾਲੀ ਹਜ਼ਾਰ ਸਮੀਪ ਭਾਰਤ ਵਿੱਚ, ਤੇ ਚਾਰ ਹਜ਼ਾਰ ਦੂਰ ਵਿਦੇਸ਼ਾਂ ਵਿੱਚ, ਗੁਰਮਤਿ ਦਾ ਵਿਜੈ ਨਗਾਰਾ ਵਜਾਣ ਦਾ ਪ੍ਰਾਕ੍ਰਮ ਰਖਦੇ ਹਨ! ਕੀ ਕਿਸੇ ਵੀ ਹੋਰ ਕੌਮ ਵਿੱਚ, ਹਿੰਦੂਆਂ ਤੋਂ ਇਲਾਵਾ, ਭਾਰਤ ਵਰਗੀ ਅਭਾਗੀ ਸਿਯਾਸੀ ਧਰਤੀ ਪੁਰ, ਪਿਛਲੇ ਪੰਜ ਹਜ਼ਾਰ ਵਰ੍ਹਿਆਂ ਤੋਂ, ਲਗਾਤਾਰ, ਸਿਲਸਲੇ ਵਾਰ, ਅਟੁੱਟ ਧਾਰਾ ਵਤ, ਐਨੇਂ ਮਹਾਂ ਪੁਰਖ, ਜਿਨ੍ਹਾਂ ਵਿੱਚੋਂ ਕੁਝੱਕ ਵਲ ਇਸ਼ਾਰਾ ਉੱਪਰ ਕੀਤਾ ਹੈ, ਪ੍ਰਗਟ ਹੁੰਦੇ ਚਲੇ ਆਏ ਹਨ? ਬਿਲਕੁਲ ਨਹੀਂ! ਜਿੰਨੀਂ ਆਮਦਨ ਅੰਮ੍ਰਿਤਧਾਰੀ ਸਿੱਖ ਪ੍ਰਬੰਧਕਾਂ ਨੂੰ ਗੁਰਦੁਆਰਿਆਂ ਤੋਂ, ਪਿਛਲੇ ਬਿਤਾਲੀ ਵਰ੍ਹਿਆਂ ਤੋਂ, ਸਾਲਾਨਾ ਹੋ ਰਹੀ ਹੈ ਅਰ ਗੁਰਦੁਆਰਿਆਂ ਦੇ ਅੰਮ੍ਰਿਤਧਾਰੀ ਸਿੱਖ ਪ੍ਰਬੰਧਕ ਪੰਜਾਬ ਤੋਂ ਬਾਹਿਰ, ਭਾਰਤ ਵਿੱਚ ਵੀ, ਅੱਜ (੧੯੬੩) ਤਕ, ਜਿਸ ਆਮਦਨ ਨਾਲ, ਗੁਰਸਿੱਖੀ ਦਾ ਪੂਰਨ ਪ੍ਰਭਾਵ ਸ਼ੀਲ ਪ੍ਰਚਾਰ ਨਹੀਂ ਕਰ ਸਕੇ, ਉਸ ਆਮਦਨ ਨਾਲ ਮੇਰਾ ਦ੍ਰਿੜ੍ਹ ਵਿਸ਼੍ਵਾਸ ਹੈ ਕਿ ਸਹਜ ਧਾਰੀ (ਹਿੰਦੂ) ਸਿੱਖ ਸੰਪੂਰਨ ਵਿਸ਼ਾਲ ਵਿਸ਼੍ਵ ਵਿੱਚ ਗੁਰ ਸਿੱਖੀ ਦਾ ਅਖੰਡ ਡੰਕਾ ਵਜਾ ਸਕਦੇ ਹਨ. ਹਿੰਦੂਆਂ ਵਿੱਚ ਬੁੱਧੀ ਤੇ ਬਾਹੁ ਬਲ ਦਾ ਕਦੇ ਵੀ ਘਾਟਾ ਨਹੀਂ ਰਿਹਾ. ਕੀ ਯੂਨਾਨੀ, ਕੀ ਚੀਨੀ, ਕੀ ਈਰਾਨੀ, ਅਰਬੀ ਤੇ ਫ਼ਿਰੰਗੀ, ਸਾਰੇ ਹੀ ਇਸ ਦਾਵੇ ਦੀ ਅਤਿ ਬਲਿਸ਼ਟ ਸ਼ਬਦਾਂ ਵਿੱਚ ਸ਼ਹਾਦਤ ਦੇ ਰਹੇ ਹਨ. ਪਰ, ਹਾਏ! ਘਾਟਾ ਜੋ ਹਿੰਦੂਆਂ ਵਿੱਚ ਸੀ ਉਹ ਕੇਵਲ ਪ੍ਰਸਪਰ ਪ੍ਰੇਮ ਦਾ ਸੀ ਤੇ ਹੁਨ ਵੀ ਹੈ! ਇਹ ਕਾਫ਼ੀ ਹਦ ਤਕ ਦਸਾਂ ਸਤਿਗੁਰਾਂ ਨੇ ਦੂਰ ਕੀਤਾ, ਪਰ ਸਤਿਗੁਰਾਂ ਦੀ ਪ੍ਰਗਟ ਜੋਤੀ ਦੇ ਲੋਪ ਹੋਣ ਮਗਰੋਂ ਗੁਰ ਸਿੱਖ ਇਸ ਮਹਾਨ ਕਾਰਜ ਨੂੰ ਯਥਾ ਯੋਗ ਜਾਰੀ ਨਹੀਂ ਰਖ ਸਕੇ. ਉਹ ਛੇਤੀ ਹੀ ਮਦ, ਮਤ੍ਸਰ ਤੇ ਐਸ਼ ਦੀ ਲਪੇਟ ਵਿੱਚ ਫਸ ਗਏ ਤੇ ਪਰਮ ਪ੍ਰੇਮ ਦਾ ਧੌਂਸਾ ਵਜਾ ਕੇ ਸਾਰੇ ਹਿੰਦੂਆਂ ਨੂੰ ਆਪਣੇ ਪਵਿਤ੍ਰ ਪਿੜ ਵਲ ਨਹੀਂ ਖਿਚ ਸਕੇ. ਕੌਮੀ ਐਸ਼, ਮਦ, ਮਤਸਰ ਉਸ ਮਹਾਂ ਮਾਰੀ ਦੇ ਫਲ ਹਨ ਜਿਸ ਨੂੰ ਸਿਯਾਸਤ ਆਖਦੇ ਹਨ, ਜੋ ਪਤਿਤ ਰਾਜਨੀਤੀ ਦਾ ਨਾਮ ਹੈ. ਡਿਗਦੇ ਡਿਗਦੇ ਰਾਜ ਨੀਤੀ ਕੁਕਾਜਨੀਤੀ ਬਣ ਗਈ; ਰਾਜ ਤੇ ਕੁਕਾਜ ਦੋਵੇਂ ਪਰਯਾਏ ਵਾਚੀ ਸ਼ਬਦ ਹੋ ਗਏ; ਰੋਸ਼ਨ ਜ਼ਮੀਰ ਮਨੁੱਖਾਂ ਨੂੰ ਰਾਜ ਪ੍ਰਬੰਧ ਦੇ ਕੰਮਾਂ ਵਿੱਚ ਹਿੱਸਾ ਲੈਣ ਤੋਂ ਲਾਜ ਆਣ ਲਗ ਪਈ. ਇਸ ਅਧੋ-ਗਤੀ ਨੂੰ ਰਾਜਨੀਤੀ ਸ਼੍ਰੀ ਗੁਰੂ ਨਾਨਕ ਦੇਵ ਦੇ ਜਨਮ ਤੋਂ ਕਈ ਹਜ਼ਾਰ

Sri Satguru Jagjit Singh Ji eLibrary NamdhariElibrary@gmail.com

ਵੱਰ੍ਹੇ ਪਹਿਲਾਂ ਹੀ ਪਹੁੰਚ ਚੁਕੀ ਸੀ; ਤੇ ਇਸ ਨੂੰ ਮਨੂ, ਪਾਰਾਸ਼ਰ, ਯਾਗਜਵਲਕਯ ਆਦਿਕ ਭਾਰਤ ਦੇ ਰਿਸ਼ੀਆਂ ਦੀਆਂ ਅਦਭੁਤ ਸਿਮ੍ਰਿਤੀਆਂ ਤੇ ਪਲੇਟੋ, ਐਰਿਸਟਾਟਲ ਆਦਿਕ ਯੂਨਾਨੀ ਫ਼ਿਲਾਸਫ਼ਰਾਂ ਦੀਆਂ ਅਪੂਰਬ ਰਚਨਾਵਾਂ ਵੀ ਮੁੜ ਆਪਣੇ ਉੱਚ ਪੱਧਰ ਤੇ ਬਹਾਲ ਨ ਕਰ ਸਕੀਆਂ. ਗੁਰਸਿੱਖਾਂ ਨੂੰ ਸਤਿਗੁਰਾਂ ਨੇ ਇਸ ਚੰਦ੍ਰੀ ਦੇ ਭੈਰਵੀ ਚਕ੍ਰ ਵਿਚ ਵੜਨ ਦੀ ਕਿਤੇ ਇਸ਼ਾਰਾ ਮਾਤ੍ਰ ਵੀ ਆਗਿਆ, ਯਾ ਸਲਾਹ, ਨਹੀਂ ਦਿੱਤੀ. ਪਰ, ਜਿਹਾ ਕਿ ਉੱਪਰ ਦਸਿਆ ਹੈ, ਭਾਵੀ ਇਸੇ ਤਰ੍ਹਾਂ ਸੀ, ਤੇ ਗੁਰ ਸਿੱਖ ਇਸ ਦੇ ਉਗ੍ਰ ਉਨਮਾਦਕ ਗੇੜ ਵਿੱਚ ਆ ਗਏ. ਜੇ ਗੁਰ ਸਿੱਖ ਇਸ ਮਹਾਂ ਮਾਰੀ ਨੂੰ ਹੁਣ ਵੀ 'ਵਰਜਿਤ ਵਸਤੂ' ਤੋਂ ਵਧੀਕ ਨਫ਼ਰਤ ਕਰਨ ਲਗ ਪੈਣ ਅਰ ਗੁਰਮਤਿ ਦਾ ਪ੍ਰਚਾਰ ਕਰਨ ਤਾਂ ਛੇਤੀ ਹੀ ਸਾਰੇ ਭਾਰਤ ਵਿੱਚ ਗੁਰਮਤਿ ਦੀ ਸ੍ਵਾਗਤਿ ਹੋਵੇ; ਅਰ ਭਾਰਤ ਵਿੱਚ ਗੁਰਮਤਿ ਦਾ ਸਫਲ ਪ੍ਰਚਾਰ ਹੋ ਜਾਣ ਮਗਰੋਂ ਸਹਜੇ ਹੀ ਸਾਰੇ ਜਗਤ ਵਿੱਚ ਇਸ ਦਾ ਪ੍ਰਚਾਰ ਹੋ ਸਕਦਾ ਹੈ. ਵੇਦਿਕ ਅਗਨੀ ਵਿੱਚ ਸ਼ੁੱਧ ਹੋਏ ਬਿਨਾ ਤੇ ਪਿਘਾਲੇ ਜਾਣ ਤੋਂ ਬਿਨਾ ਮਨੁਖੀ ਮਨ ਉੱਤੇ ਗੁਰਮਤਿ ਦਾ ਠੱਪਾ ਲਗਣਾ ਸੰਭਵ ਨਹੀਂ. ਜੇ ਵੇਦਿਕ ਅਗਨੀ ਤੋਂ ਬਿਨਾ ਗੁਰਮਤਿ ਦਾ ਪ੍ਰਚਾਰ ਸੰਭਵ ਹੁੰਦਾ ਤਾਂ ਸ੍ਰੀ ਗੁਰੂ ਨਾਨਕ ਦੇਵ ਦੇ ਬਾਦ ਪਿਛਲੇ ਨੌਂ ਸਤਿ-ਗੁਰੂ ਵੀ ਮੱਕੇ ਮਦੀਨੇ ਵਿੱਚ ਗੁਰਮਤਿ ਦਾ ਪ੍ਰਚਾਰ ਜਾਰੀ ਰਖਦੇ. ਵੇਦਿਕ ਧਰਮ ਗੁਰਮਤਿ ਦਾ ਕਿਲਾ ਹੈ ਤੇ ਗੁਰਮਤਿ ਵੇਦਿਕ ਧਰਮ ਦਾ ਕਿਲਾ ਹੈ.

(੫੨) ਤਾਜ਼ਾ ਤੋਂ ਤਾਜ਼ਾ ਖੋਜ ਦੇ ਪਰਿਣਾਮ ਤੋਂ ਵਿਦਿਤ ਹੁੰਦਾ ਹੈ ਕਿ ਗੌਤਮ ਸਿੱਧਾਰਥ ਦਾ ਮਤ ਨਿਰੋਲ ਵੇਦਿਕ ਧਰਮ ਦੀਆਂ ਸ਼ਾਸ਼੍ਤ ਨੀਹਾਂ ਪੁਰ ਕਾਇਮ ਹੈ (Prehistoric India, by Stuart Piggot, 1960; Pelican Book No. A 205, P. 255.) ਪਰ ਸਿੱਧਾਰਥ ਨੇ ਇਸ ਪਰਮ ਆਵਸ਼ਯਕ ਹਕੀਕਤ ਨੂੰ ਜਾਣ ਬੁੱਝ ਕੇ ਨਜ਼ਰ ਅੰਦਾਜ਼ ਕੀਤਾ ਤੇ ਆਪਣੇ ਉਪਦੇਸ਼ਾਂ ਤਥਾ ਸਿੱਧਾਂਤਾਂ ਨੂੰ ਇਉਂ ਪ੍ਰਗਟ ਕੀਤਾ ਮਾਨੋਂ ਉਹ ਬਿਲਕੁਲ ਨਵੀਨ ਸਨ! ਉਸ ਦੇ ਗ੍ਰੰਥਾਂ ਤੋਂ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਦੇ ਭਾਣੇ ਸਿਵਾਏ ਉਸ ਦੇ ਤੇ ਉਸ ਦੀ ਆਪਣੀ ਹੀ ਲੜੀ ਯਾ ਸ਼੍ਰੇਣੀ ਦੇ ਅਛਮਾਨਵੀ ਆਚਾਰਜਾਂ ਦੇ, ਜਿਨ੍ਹਾਂ ਨੂੰ ਉਹ 'ਬੁੱਧ' ਕਹਿੰਦਾ ਹੈ, ਵਿਸ਼ਾਲ ਭਾਰਤ ਖੰਡ ਵਿੱਚ, ਦੁਨੀਆ ਦੇ ਆਦਿ ਤੋਂ ਕੋਈ ਹੋਰ ਮਹਾਤਮਾ ਯਾ ਬ੍ਰਹਮ ਵੇਤਾ ਹੋਇਆ ਹੀ ਨਹੀਂ. ਉਸ ਨੇ ਪਰਮ ਪ੍ਰਸਿੱਧ ਆਰਯ ਰਿਸ਼ੀਆਂ ਵਿੱਚੋਂ ਕਿਸੇ ਦੀ ਤਾਰੀਫ਼ ਨਹੀਂ ਕੀਤੀ ਤੇ ਨਾਂ ਹੀ ਆਪਣੇ ਆਮ ਪ੍ਰਚਲਿਤ ਗ੍ਰੰਥਾਂ ਵਿੱਚ ਕਿਸੇ ਦਾ ਕੋਈ ਪ੍ਰਸ਼ੰਸਨੀਯ ਵਰਣਨ ਕੀਤਾ ਹੈ. ਜਿਸ ਪ੍ਰਕਾਰ ਬਾਈਬਲ, ਅੰਜੀਲ ਤੇ ਕੁਰਾਨ ਵਿੱਚ ਭਾਰਤੀਯ ਮਹਾਂ ਪੁਰਖਾਂ ਦਾ ਕੋਈ ਨਾਮ ਨਿਸ਼ਾਣ ਨਜ਼ਰ ਨਹੀਂ ਔਂਦਾ, ਉਸੇ ਪ੍ਰਕਾਰ ਬੋਧੀ ਗ੍ਰੰਥਾਂ ਵਿੱਚ ਸਿੱਧਾਰਥ ਗੌਤਮ ਤੋਂ

Sri Satguru Jagjit Singh Ji eLibrary NamdhariElibrary@gmail.com

ਪਹਿਲੇ ਹੋਏ ਅਥਵਾ ਉਸ ਦੇ ਸਮਕਾਲੀਨ, ਕਿਸੇ ਵੀ ਵੇਦਿਕ ਤੱਤ੍ਵ ਗਿਆਨੀ ਦਾ ਕੋਈ ਖੁਰਾ-ਖੋਜ ਨਹੀਂ ਦਿਸਦਾ. 'ਈਸਾ' ਨੇ ਭਾਵੇਂ ਆਪਣੀ ਕੌਮ ਦੇ ਪੁਰਾਣੇ ਪੈਗੰਬਰਾਂ ਤੋਂ ਕੁੱਝ ਨਵਾਂ ਹੀ ਨਾਦ ਵਜਾਇਆ ਹੈ ਤਾਂ ਵੀ 'ਉਸ' ਨੇ ਸੰਪੂਰਨ ਪੁਰਾਣੇ ਅਹਿਦ ਨਾਮੇ (ਬਾਈਬਲ) ਨੂੰ ਪ੍ਰਮਾਣੀਕ ਮੰਨਿਆ ਹੈ. ਇਸੇ ਤਰ੍ਹਾਂ ਮੁਹੱਮਦ ਨੇ ਭਾਵੇਂ ਆਪਣਾ ਵੱਖਰਾ ਤੇ ਨਵਾਂ ਹੀ ਮਤ ਖੜਾ ਕੀਤਾ ਹੈ ਤਾਂ ਵੀ, ਆਫ਼ਰੀਨ ਹੈ ਕਿ, ਉਸ ਨੇ ਅੰਜੀਲ ਤੇ ਬਾਈਬਲ ਨੂੰ ਸਰਵਥਾ ਪ੍ਰਮਾਣੀਕ ਤਸਲੀਮ ਕੀਤਾ ਹੈ. ਜੇ ਸਿੱਧਾਰਥ ਦਾ ਮਤ ਅਹਿੰਸਾ ਨੂੰ ਪਰਮ ਧਰਮ ਸਮਝ ਕੇ ਇਸ ਤੇ ਅਮਲ ਕਰਨਾ, ਤੇ ਆਰਯ ਅਸ਼ਟਾਂਗ ਮਾਰਗ ਪੁਰ ਚਲਣਾ ਹੈ, ਤਾਂ ਇਹ ਮਤ ਭਾਰਤ ਤੋਂ ਬਾਹਿਰ ਕਿਤੇ ਕਦੇ ਵੀ ਨਹੀਂ ਚਲਿਆ. ਪਰ ਜੇ ਫੋਕੇ "ਤ੍ਰਿਸਰਣਮ"ਦੇ ਜਾਪ ਰਟਣੇ, ਗੌਤਮ ਦੇ ਬੁਤ ਖੜੇ ਕਰਨੇ, ਅਰ ਪਗੋਡੇ, ਵਿਹਾਰ ਤੇ ਭਿੱਖੂ ਬਣਾਣੇ ਹੀ ਬੁੱਧ ਮਤ ਹੈ ਤਾਂ ਜ਼ਰੂਰ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਅਜੇ ਵੀ ਇਹ ਮਤ ਪ੍ਰਚਲਿਤ ਹੈ. ਭਲਾ ਭਾਰਤ ਤੋਂ ਬਾਹਿਰ ਕੇਹੜੇ ਹੋਰ ਦੇਸ਼ ਵਿੱਚ ਕਦੇ ਵੀ ਕੋਈ ਅਹਿੰਸਾ ਅਤੇ ਆਰਯ ਅਸ਼ਟਾਂਗ ਮਾਰਗ ਪੁਰ ਅਮਲੀ ਤੌਰ ਤੇ ਚਲਿਆ ਹੈ ? ਕਿਧਰੇ, ਕਦੇ ਵੀ, ਕੋਈ ਨਹੀਂ ! ਬੁੱਧ ਮਤ ਨੇ ਵੇਦਿਕ ਧਰਮ ਨੂੰ ਆਪਣਾ ਕਿਲਾ ਨਹੀਂ ਬਣਾਇਆ ਤੇ ਨਾਂ ਹੀ ਇਹ ਖ਼ੁਦ ਵੇਦਿਕ ਧਰਮ ਦਾ ਕਿਲਾ ਬਣਿਆ ਹੈ : ਨਤੀਜਾ ਇਹ ਨਿਕਲਿਆ ਹੈ ਕਿ ਹਕੀਕੀ ਮਾਨਿਆਂ ਵਿੱਚ, ਇਸ ਮਤ ਦਾ ਸੂਰਜ ਭਾਰਤ ਵਿੱਚ ਉਦੇ ਹੋ ਕੇ, ਆਪਣੀਆਂ ਕਮਜ਼ੋਰੀਆਂ, ਹਠਧਰਮੀਆਂ ਤੇ ਵੇਦ ਵਿਰੋਧਤਾ ਦੇ ਕਾਰਣ, ਭਾਰਤ ਵਿੱਚ ਹੀ ਯਾਰਾਂ ਬਾਰਾਂ ਸੌ ਵਰ੍ਹਿਆਂ ਮਗਰੋਂ ਸਦਾ ਲਈ ਅਸਤ ਹੋ ਗਿਆ ਹੈ; ਤੇ ਸਾਰੇ ਉੱਤਰੀ ਭਾਰਤ ਵਿੱਚ ਉਸ ਨਫ਼ਰਤ ਦਾ ਤੂੰਰ ਜੋ ਇਸ ਮਤ ਦੇ ਬਾਨੀ ਲਈ ਲੋਕਾਂ ਦੇ ਮਨਾਂ ਵਿੱਚ ਰਹਿ ਗਿਆ ਹੈ "ਬੁੱਧੂ" ਸ਼ਬਦ ਵਜਾ ਰਿਹਾ ਹੈ. ਇਹ ਹੀ ਨਹੀਂ ਸਗੋਂ ਯੂਰਪੀਨ ਖੋਜੀਆਂ (George Turnour ਤੇ Prinsep) ਦੀਆਂ ਖੋਜਾਂ ਤੋਂ ਪਹਲਾਂ (ਸਨ ੧੮੩੭ ਤਕ) ਕਿਸੇ ਹਿੰਦੁਸਤਾਨੀ ਨੂੰ ਚੰਦਰ ਗੁਪਤ ਤੇ ਅਸ਼ੋਕ ਦੀ ਮਹਤਤਾ ਦਾ ਕੁੱਝ ਵੀ ਪਤਾ ਨ ਸੀ.("I do not suppose that Akbar had ever heard of Ashoka, the greatest ruler of India in the past. Had he known of his aims and achievements, as they are now known through the labours of European scholars, we can conceive with what extreme interest he would have studied Ashoka's career and his methods of administration." Akbar by Laurence Binyon, published by Peter Davies Limited ; Edinburgh : 1932 ; pp. 25--26.) ਕਾਰਣ ਇਹ ਕਿ ਜਿਵੇਂ ਅੱਜ ਮੇਰੇ ਲਈ ਸਭ ਤੋਂ ਵਧੀਕ ਬੁਰਾ ਉਹ ਹੈ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿੰਦਾ ਕਰਦਾ ਹੈ, ਇਵੇਂ ਹੀ ਪ੍ਰਾਚੀਨ ਭਾਰਤ ਵਿੱਚ ਵੇਦ-ਨਿੰਦਕ ਨੂੰ ਹੀ ਨਾਸਤਿਕ

Sri Satguru Jagjit Singh Ji eLibrary NamdhariElibrary@gmail.com

ਮੰਨਿਆ ਜਾਂਦਾ ਸੀ (ਦੇਖੋ, ਮਨੂ ਸਿਮ੍ਰਿਤੀ: ਅਧ. ੨, ਸ਼. ੧੧), ਤੇ ਵੇਦ ਨਿੰਦਕ ਦਾ ਵਰਣਨ ਕਰਨਾ ਯਾ ਉਸ ਦੀ ਪ੍ਰਸਿੱਧੀ ਕਰਨੀ ਤਾਂ ਕਿਤੇ ਰਹੀ ਉਸ ਦਾ ਨਾਮ ਲੈਣਾ ਵੀ ਮਹਾਂ ਪਾਪ ਸਮਝਿਆ ਜਾਂਦਾ ਸੀ. ਸ੍ਰੀ ਦਸ਼ਮੇਸ਼ ਜੀ ਨੇ ਬੁੱਧ ਨੂੰ ਕੇਵਲ ਸ਼ਿਲਾ (ਬੁਤ) ਰੂਪ ਹੀ ਮੰਨਿਆ ਹੈ. ਭਾਵ ਇਹ ਕਿ ਇਸ ਦੀ ਇਤਿਹਾਸਿਕ ਹਕੀਕਤ ਪਰ ਵੀ ਸ਼ਕ ਕੀਤਾ ਹੈ, ਤੇ ਜਿੱਥੇ ਸ੍ਰੀ ਕ੍ਰਿਸ਼ਣ ਜੀ ਦੀ ਕਥਾ ਨੂੰ ਉਹਨਾਂ ਨੇ ੨੪੯੧ ਛੰਦਾਂ ਵਿੱਚ ਮੁਕਾਇਆ ਹੈ ਉੱਥੇ ਬੁੱਧ ਦਾ ਬ੍ਰਿਤਾਂਤ ਉਹਨਾਂ ਕੇਵਲ ਤਿੰਨਾਂ ਛੰਦਾਂ ਵਿੱਚ ਇਉਂ ਸਮਾਪਤ ਕੀਤਾ ਹੈ; "ਚੌਪਈ ॥ ਅਬ ਮੈਂ ਗਨੋਂ ਬੋਧ ਅਵਤਾਰਾ ॥ ਜੈ ਸਰੂਪ ਕਹੁ ਧਰਾ ਮੁਰਾਰਾ ॥ ਬੋਧ ਅਵਤਾਰ ਇਹੀ ਕੋ ਨਾਉਂ ॥ ਜਾ ਕਰ ਨਾਵ ਨ ਥਾਵ ਨ ਗਾਉਂ ॥੧॥ ਜਾ ਕਰ ਨਾਵ ਨ ਠਾਵ ਬਖਾਨਾ ॥ ਬੋਧ ਅਵਤਾਰ ਵਹੀ ਪਹਿਚਾਨਾ ॥ ਸਿਲਾ ਸਰੂਪ ਰੂਪ ਤਿਹ ਜਾਨਾ ॥ ਕਥਾ ਨ ਜਾਹਿ ਕਲੂ ਮਹਿ ਮਾਨਾ ॥੨॥ ਦੋਹਰਾ ॥ ਰੂਪ ਰੇਖ ਜਾ ਕਰ ਨ ਕਛੁ ਅਰ ਕਛੁ ਨਹਿਨਾਕਾਰ ॥ ਸਿਲਾ ਰੂਪ ਵਰਤਤ ਜਗਤ ਸੋਊ ਬੋਧ ਅਵਤਾਰ ॥੩॥" (ਦਸਮ ਗ੍ਰੰਥ, ਪੰਨਾ ੫੧੪. ਕ੍ਰਿਸ਼ਨਾਵਤਾਰ ਤੋਂ ੧੪ ਸਤਰਾਂ ਬਾਦ) ਫਿਰ, ਕੇਵਲ ਵੇਦ ਵਿਰੋਧੀ ਤੇ ਵੇਦ ਨਿੰਦਕ ਹੋਣ ਦੇ ਕਾਰਣ ਹੀ ਬੋਧਾਂ ਨੂੰ ਘ੍ਰਿਣਾ ਤੇ ਅਨਾਦਰ ਨਾਲ ਨ ਵੇਖਿਆ ਜਾਂਦਾ ਸੀ; ਬਲਕਿ ਬਹੁਤਾ ਇਸ ਲਈ ਕਿ ਬੋਧਾਂ ਨੇ ਹੀ ਹਿਂਦੂਆਂ ਦੀ ਰਾਸ਼ਟ੍ਰੀਯ ਏਕਤਾ, ਸਦਾਚਾਰਕ ਉੱਚਤਾ, ਤੇ ਸ਼ਾਰੀਰਕ ਬਲ ਤਥਾ ਬੀਰਤਾ ਨੂੰ ਨਸ਼ਟ ਕੀਤਾ ਸੀ. ਏਹਨਾਂ ਨੇ ਹੀ ਸਾਧਾਰਣ ਜਨਤਾ ਦੇ ਪੁਰਸ਼ਾਰਥ, ਪ੍ਰਾਕ੍ਰਮ ਤੇ ਉੱਦਮ ਦਾ ਸਤਯਾਨਾਸ ਕੀਤਾ ; ਏਹਨਾਂ ਨੇ ਹੀ ਸ਼ਸਤ੍ਰ ਧਾਰੀ ਵੈਰੀ ਅੱਗੇ ਲੰਮੇ ਪੈ ਜਾਣਾ, ਯਾ ਉਸ ਨੂੰ ਵੇਖ ਕੇ ਭਜ ਜਾਣਾ ਯਾ ਲੁਕ ਜਾਣਾ ਸਿਖਾਇਆ ; ਤੇ ਏਹਨਾਂ ਨੇ ਹੀ ਧਨਾਢ ਜਨਾਂ ਦੇ ਅਮਿਤ ਧਨ ਨੂੰ ਵੇਹਲੇ ਭਿਖੂਆਂ ਲਈ ਬਰਬਾਦ ਕਰਵਾਇਆ. ਚੰਦ੍ਰਗੁਪਤ ਮੌਰਯ (੩੨੨ ਤੋਂ ੨੯੮ ਪੂਰਵੀਸ੍ਰੀ) ਦੇ ਪੋਤੇ *ਅਸ਼ੋਕ (੨੭੩ ਤੋਂ ੨੩੨ ਪੂਰਵੀਸ੍ਰੀ) ਨੇ ਬੁੱਧ ਮਤ ਧਾਰਣ ਕਰਨ ਤੋਂ ਪਹਿਲਾਂ

*ਪ੍ਰੋਫ਼ੈਸਰ ਜਾਨ ਡਾਓਸਨ ਲਿਖਦਾ ਹੈ ਕਿ "ਅਸ਼ੋਕ ਦੇ ਮਹਲ ਵਿੱਚ ੬੪000 (ਚੌਂਠ ਹਜ਼ਾਰ) ਭਿੱਖੂ ਰਹਿੰਦੇ ਸਨ". (ਦੇਖੋ, A Classical Dictionary of Hindu Mythology and Religion, Geography, History and Literature, by John Dowson, London : Kegan Paul, Trench, Trubner & Co., popular re-issue, 1914 ; p. 26.) ਹੁਣ ਜ਼ਰਾ ਵਿਚਾਰੋ ਕਿ ਏਹਨਾਂ ਚੌਂਠ ਹਜ਼ਾਰ ਵੇਹਲਿਆਂ (ਤੇ ਪ੍ਰਾਚੀਨ ਮਤ ਦੇ ਵੈਰੀਆਂ) ਲਈ ਕਿੰਨੇ ਨੌਕਰਾਂ ਦੀ, ਤੇ, ਰੋਜ਼ਾਨਾ, ਕਿੰਨੀ ਰਸਦ ਦੀ ਲੋੜ ਪੈਂਦੀ ਹੋਣੀ ਹੈ, ਤੇ ਇਹ ਸਭ ਚਵ੍ਹੀ ਘੰਟੇ ਤਿੰਨ ਸੌ ਪੈਂਠ ਦਿਨ ਕਰਦੇ ਵੀ ਕੀ ਰਹਿੰਦੇ ਹੋਨਗੇ ? ਅਸ਼ੋਕ ਦੇ ਸੰਬੰਧ ਵਿੱਚ ਡਾਕਟਰ ਰ੍ਹਿਸ ਡੇਵਿਡਜ਼ ਨੇ, ਜਿਸ ਨੂੰ ਬੁੱਧ ਮਤ ਉੱਤੇ ਪਰਮ ਪ੍ਰਮਾਣੀਕ ਲੇਖਕ ਸਵੀਕਾਰ ਕੀਤਾ ਗਿਆ ਹੈ, ਅਸ਼ੋਕ ਦੇ ਉਕ੍ਰੇ ਹੋਏ, ਸ਼ਿਲਾ ਤੇ

ਬਾਕੀ ਸਫ਼ਾ ੧੬੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਯੁੱਧ ਕੀਤੇ, ਰਾਜ ਵਧਾਇਆ, ਤੇ ਹਰ ਯੁਕਤ ਵਿਚਾਰ ਦ੍ਰਿਸ਼ਟੀ ਤੋਂ ਰੱਜ ਕੇ ਸ਼ਲਾਘਾ ਯੋਗ ਰਾਜ ਕੀਤਾ, ਪਰ ਬੋਧੀ ਹੋਣ ਮਗਰੋਂ ਸਦੀਵ ਕਾਲ ਲਈ

ਸਫ਼ਾ ੧੬੬ ਦੀ ਬਾਕੀ

ਮੀਨਾਰਾਂ ਦੇ ਕੁਤਬਿਆਂ ਦਾ ਭਲੀ ਪ੍ਰਕਾਰ ਹਵਾਲਾ ਦੇਂਦਿਆਂ, ਹੋਇਆਂ ਆਪਣੀ ਸਮਗ੍ਰ ਪ੍ਰੀਖਿਆ ਦਾ ਅੰਤਿਮ ਨਚੋੜ ਏਹਨਾਂ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ: (ਦੇਖੋ Buddhist India by T. W. Rhys-Davids, LL.D.,Ph.D. First Indian Edition, Sept. 1950, published by Susil Gupta (India) Ltd. 52/9, Bowbazar Street, Calcutta-12, Ch. XV. Asoka, pp. 181-202) "That is all. There is not a word about God or the soul, not a word about Buddha or Buddhism." p. 194. "In the thirteenth Edict, in about 255 B. C., he says that he had already made such conquests of Dhamma in the realms of the kings of Syria, Egypt, Macedonia, Epirus, and Cyrene....." p. 19 ਇਹ ਲਿਖ ਕੇ ਨਾਲ ਹੀ ਰ੍ਹਿਸ ਡੇਵਿਡਜ਼ ਕਹਿੰਦਾ ਹੈ, "It is difficult to say how much of this is mere royal rodomontade. It is quite likely that the Greek kings are only thrown in by way of make-weight, as it were; and that no emissaries had been actually sent there at all. Even had they been sent, there is little reason to believe that the Greek self-complacency would have been much disturbed. Asoka's estimate of the results obtained is better evidence of his own vanity than it is of Greek docility. We may imagine the Greek amusement at the absurd idea of a "barbarian" teaching them their duty; but we can scarcely imagine them discarding their gods at the bidding of an alien king." p. 195-196 "So Asoka mentions a mission to Ceylon. But it is *his* mission. No credit is given to any one except himself. He merely says it was successful, and gives no details." p. 197-198 "That he failed was no wonder. The set of opinions he favoured with his patronage was enfeebled and corrupted by his favour. With all his evident desire to do the very best possible things, and always to be open to the appeals of the subjects he looked upon as his children, he left his empire in such a condition that it soon disintegrated and crumbled away. He made the boast (vain boast) that the Brahmins, who claimed to be gods upon the earth, had, by his efforts, ceased to be so regarded, and he himself committed the

ਬਾਕੀ ਸਫ਼ਾ ੧੬੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਭਾਰਤ ਦੇ ਲੋਕਾਂ ਨੂੰ ਵੇਹਲਾ ਰਹਿਣਾ, ਮੰਗ ਕੇ ਖਾਣਾ ਤੇ ਜੀਵਨ ਭਰ ਭੰਭਲ ਭੂਸਿਆਂ ਵਿੱਚ ਰੁਲਣਾ ਸਿਖਾ ਗਿਆ. ਸੱਚ ਹੈ : 'ਭਾਰਤ ਕੋ ਗ਼ਾਰਤ ਕਰ ਦੀਆ ਤਿੱਸਰਣ ਵਾਦ ਨੇ। ਭਿੱਖੂ ਬਨਾ ਕੇ ਛਤ੍ਰੀ ਵਰ ਗੌਤਮ ਕੇ ਨਾਦ ਨੇ॥'

(੫੩) ਇੱਕ ਪ੍ਰਸਿੱਧ ਅੰਗ੍ਰੇਜ਼ (Sir James Emerson Tennent) ਆਪਣੇ ਗ੍ਰੰਥ (Ceylon : An Account of the Island..., 4th Ed., 2 Vols. London, Longman Green, Longman, Roberts, 1860) ਦੀ ਪਹਿਲੀ ਜਿਲਦ ਵਿੱਚ (ਪੰਨੇ ੩੪੪–੩੪੯ ਦੇ ਵਿਚਕਾਰ) ਲਿਖਦਾ ਹੈ ਕਿ ਲੰਕਾ ਵਿੱਚ ਜਦ ਵੇਹਲੀਆਂ ਖਾਣ ਦੇ ਚਸਕੇ ਨੇ ਅਣਗਿਣਤ ਮਨੁੱਖਾਂ ਨੂੰ ਭਿੱਖੂ

ਸਫ਼ਾ ੧੬੭ ਦੀ ਬਾਕੀ

irreparable blunder of imagining himself to be *deus ex machina*, able and ready to put all things and all men straight." p. 200 "That he was wanting in the most efficient sort of practical statesmanship seems to have been chiefly due to the glamour of his high position, of a majesty that was, indeed (and we should never forget this), so very splendid that it was great enough to blind the eyes of most. The culture of a Marcus Aurelius or an Akbar might have saved him from this." p. 201. ਇਹ ਤਾਂ ਹੈ ਇੱਕ ਸਰਬ ਸਨਮਾਨਿਤ ਲੇਖਕ ਦੀ ਰਾਇ ਅਸ਼ੋਕ ਦੇ ਸੰਬੰਧ ਵਿੱਚ. ਹੁਣ ਵੇਖੋ ਕਿ ਜਗਤ ਵਖਿਆਤ ਡਾਕਟਰ (ਮਿਸਿਜ਼) ਐਨੀ ਬਸੰਤ (Annie Besant ਜੋ ਆਪਣੇ ਜ਼ਮਾਨੇ ਵਿੱਚ ਬੁੱਧ ਮਤ ਦੀ ਸਭ ਤੋਂ ਵੱਡੀ ਹਾਮੀ ਸੀ, ਉਹ ਬੁੱਧ ਮਤ ਦਾ ਹਿੰਦੂ ਧਰਮ ਨਾਲ ਕੀ ਰਿਸ਼ਤਾ ਸਮਝਦੀ ਹੈ : "It is more reasonable to suppose, and the supposition is borne out by His (i.e. Buddha's) recorded sayings, that He i.e. Buddha met with no opposition just because He did *not* reject the soul theory with all that it involves ; and when some of His followers committed this terrible blunder Buddhism became extinct in India, for never will Hindus accept any so-called religion that casts aside belief in God and in the immortality of man. As Dr. Rhys-Davids says Buddhism, p. 115. 'We should never forget that Gotama was born and brought up and lived and died a Hindu.' "(See Four Great Religions Hinduism, Zoroastrianism, Buddhism, Christianity—by Annie Besant, Theosophist Office, Adyar—1906; p. 120.)

Sri Satguru Jagjit Singh Ji eLibrary NamdhariElibrary@gmail.com

ਬਣਾ ਦਿੱਤਾ ਤਾਂ ਉਸ ਸਮੇਂ ਦੇ ਰਾਜਿਆਂ, ਰਈਸਾਂ ਤੇ ਅਮੀਰਾਂ ਨੇ ਆਪਣਾ ਧਰਮ ਸਮਝਿਆ ਕਿ ਏਹਨਾਂ 'ਪੂਜਨੀਕ ਹਸਤੀਆਂ' ਦੀ ਰਿਹਾਇਸ਼ ਲਈ ਮੁਨਾਸਬ ਮੰਦਿਰ ਬਣਵਾਏ ਜਾਵਨ ਤੇ ਏਹਨਾਂ ਦੇ ਭੋਜਨ ਵਸਤ੍ਰ ਆਦਿ ਦਾ ਯੁਕਤ ਪ੍ਰਬੰਧ ਕੀਤਾ ਜਾਏ. ਚੁਨਾਂਚਿ, ਟੈਨੈਂਟ ਕਹਿੰਦਾ ਹੈ ਕਿ 'ਮਹਾਵੰਸੋ' ਨਾਮਕ ਗ੍ਰੰਥ ਦਾ ਕਰਤਾ ਲਿਖਦਾ ਹੈ ਕਿ 'ਰੁਆਨਵੈਲ' ਨਾਮਕ ਡਾਗੋਬਾ (ਬੋਧ ਅਸਥਾਨ) ਇਤਨਾ ਵਿਸ਼ਾਲ ਬਣਵਾਇਆ ਗਿਆ ਕਿ ਉਸ ਦੇ ਪ੍ਰਤਯੇਕ ਹੇਠਲੇ ਰੱਦੇ ਵਿੱਚ ਦਸ ਦਸ ਕ੍ਰੋੜ ਇੱਟ ਖ਼ਰਚ ਹੋਈ. ਫਿਰ, 'ਰਾਜਰਤਨਚਾਰੀ' ਗ੍ਰੰਥ ਦੇ ਆਧਾਰ ਪਰ ਟੈਨੈਂਟ ਲਿਖਦਾ ਹੈ ਕਿ ਰਾਜਾ ਦੇਵਨੀਪਿਯਾ ਤਿੱਸਾ ਨੇ (ਜਿਸ ਦੇ ਸਮੇਂ ਵਿੱਚ ਬੁੱਧ ਮਤ ਲੰਕਾ ਪਹੁੰਚਿਆ ਸੀ) ਚੁਰਾਸੀ ਹਜ਼ਾਰ ਮੰਦਿਰ ਬਣਵਾਏ. ਇਸ ਤੋਂ ਬਾਦ ਇੱਕ ਹੋਰ ਰਾਜੇ ਨੇ (ਕੋਈ ੨੦੦ ਪੂਰਬੀਸ੍ਹੀ ਸਨ ਦੇ ਲਗ ਪਗ) ੫੦੦ ਮੰਦਿਰ ਬਣਵਾਏ. ਇਸੇ ਪ੍ਰਕਾਰ ਹੋਰ ਰਈਸਾਂ ਨੇ ਕਿਸੇ ੬੪ ਤੇ ਕਿਸੇ ੬੮. ਟੈਨੈਂਟ: ਪੰਨਾ ੩੪੬, ਫ਼ੁਟਨੋਟ: "ਸਨ ੮੯ ਪੂਰਬੀਸ੍ਹੀ ਵਿੱਚ, ਅਨੁਰਾਜਪੁਰੇ (ਅਰਥਾਤ ਅਨੁਰਾਧਪੁਰੇ–ਲੰਕਾ) ਵਿਖੇ ਇੱਕ ਡਾਗੋਬਾ ਬਣਵਾਇਆ ਗਿਆ ਜੋ ੪੦੫ ਫੁਟ ਉੱਚਾ ਸੀ; ਜਿਸ ਦੇ ਗੁੰਬਜ਼ ਦਾ ਵਿਆਸਾਰਧ (Radius) ੧੮੦ ਫ਼ੁਟ ਤੇ ਘੇਰਾ (Circumference) ੧੧੩੦ ਫ਼ੁਟ ਸੀ."

(੫੪) ਵੱਡਾ ਹਨੇਰ ਇਹ ਸੀ ਕਿ ਭਿੱਖੂ ਕੇਵਲ ਮਰਦ ਹੀ ਨ ਸਨ ਬਲਕਿ ਤੀਮੀਆਂ ਵੀ ਸਨ. ਗੌਤਮ ਸਿੱਧਾਰਥ ਨੇ ਆਪਣੇ ਸਾਰੇ ਉਪਦੇਸ਼ ਭਿਖੂਆਂ ਪ੍ਰਤੀ ਹੀ ਸੰਬੋਧਨ ਕੀਤੇ ਹਨ; ਮਾਨੋ ਉਸ ਨੇ ਗ੍ਰਿਹਸਥੀਆਂ ਨਾਲ ਧਾਰਮਿਕ ਵਿਸ਼ੇ ਤੇ ਕਦੇ ਕੋਈ ਗਲ ਬਾਤ ਹੀ ਨਹੀਂ ਕੀਤੀ. ਸ੍ਰੀ ਗੁਰੂ ਨਾਨਕ ਦੇਵ ਨੇ ਔਰਤਾਂ ਦੇ ਭਿੱਖੂ ਹੋਣ ਦੇ ਭਿਆਨਕ ਵਿਸ਼ੇ ਨੂੰ ਏਹਨਾਂ ਦਰਦਨਾਕ ਸ਼ਬਦਾਂ ਵਿੱਚ ਬਿਆਨ ਕੀਤਾ ਹੈ: "ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥ ਸਰਮੁ (ਅਰਥਾਤ, ਸ਼੍ਰਮ, ਪਰਿਸ਼੍ਰਮ, ਮੇਹਨਤ ਕਰਕੇ ਖਾਣਾ) ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ ਨਾਨਕ ਸਚਾ ਏਕੁ ਹੈ ਅਉਰੁ ਨਾ ਸਚਾ ਭਾਲਿ ॥" (ਸਾਰੰਗ ਵਾਰ, ਸ: ਮ: ੧ ॥ ਪੰ: ੧੨੪੨-੪੩) ਗੁਰਮਤਿ ਵਿੱਚ ਕਿਸੇ ਵੀ ਆਸ਼ੇ ਤੋਂ, ਕਿਸੇ ਵੀ ਸੰਪ੍ਰਦਾਏ ਦਾ, ਭਿੱਖੂ ਭੇਖ-ਧਾਰੀ ਸਾਧੂ ਬਣਨਾ ਸਰਵਥਾ ਵਰਜਿਤ ਹੈ. ਯਥਾ: "ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥" (ਮਾਰੂ ਮ: ੧ ॥ ਪੰ: ੧੦੧੨–੧੩ ॥) (ਦੇਖੋ, ਇਸ ਵਿਸ਼ੇ ਪਰ ਮੇਰਾ ਹਿੰਦੀ ਲੇਖ, "ਮੇਰੇ ਧਰਮ ਕੇ ਅਨੁਸਾਰ ਸਮਾਜ ਕੀ ਰਚਨਾ" ਜੋ ਮੈਂ ਗੁਰੂਕੁਲ ਕਾਂਗੜੀ, ਹਰਿਦੁਆਰ, ਦੇ ਵਾਰਸ਼ਿਕ ਸਮਾਗਮ ਪੁਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਵਲੋਂ, ਵਿਸਾਖੀ ਸਨ ੧੯੩੨ ਵਿੱਚ,

Sri Satguru Jagjit Singh Ji eLibrary NamdhariElibrary@gmail.com

ਸਰਵ ਧਰਮ ਸੰਮੇਲਨ ਦੇ ਮੌਕੇ, ਪੜ੍ਹਿਆ ਸੀ. ਉਸ ਵਿੱਚ ਇਸ ਸਿੱਧਾਂਤ ਨੂੰ ਭਲੀ ਪ੍ਰਕਾਰ ਸਪਸ਼ਟ ਕੀਤਾ ਗਿਆ ਹੈ.)

(੫੫) ਵਾਸਤਵ ਵਿੱਚ ਭਿੱਖੂ ਰੋਗ ਪਿਛਲੇ ਢਾਈ ਹਜ਼ਾਰ ਵਰ੍ਹਿਆਂ ਤੋਂ (ਅਰਥਾਤ, ਸਿੱਧਾਰਥ ਗੌਤਮ ਦੇ ਬੁੱਧ ਹੋ ਜਾਣ, ਯਾ ਅਖਵਾਣ, ਤੋਂ ਬਾਦ) ਸਾਰੇ ਸੰਸਾਰ ਵਿੱਚ ਹੀ ਫੈਲਿਆ ਹੋਇਆ ਹੈ, ਅਰ ਮਜ਼ਹਬੀ ਝਗੜਿਆਂ ਤੇ ਜਿਹਾਦਾਂ ਦੇ ਬਾਨੀ ਬਹੁਤ ਕਰਕੇ ਭਿੱਖੂ ਸ਼੍ਰੇਣੀ ਦੇ ਮਨੁਖ ਹੀ ਹੋਏ ਹਨ ਤੇ ਹੁਣ ਵੀ ਹਨ. ਜਗਤ ਦੀ ਸੁਖ ਸ਼ਾਨਤੀ ਨੂੰ ਭੰਗ ਕਰਨ ਵਿੱਚ, ਸਿਆਸੀ ਅਬਤਰੀ ਫੈਲਾਣ ਵਿੱਚ, ਅਰ ਅਮਨ ਪਸੰਦ ਗ੍ਰਿਹਸਥੀਆਂ ਨੂੰ ਪਰੇਸ਼ਾਨ ਕਰਨ ਦੀ ਕੁਖੇਡ ਵਿੱਚ ਜੋ ਹਿੱਸਾ ਏਹਨਾਂ ਨੇ ਲਿਆ ਹੈ ਉਸ ਦੇ ਇਤਿਹਾਸ ਤੋਂ ਉੱਚੇ ਵਿਗਜ ਜਨ ਪਹਿਲਾਂ ਹੀ ਗਿਆਤ ਹਨ, ਤਾਂ ਵੀ ਵਧੇਰੇ ਗੰਭੀਰ ਖੋਜੀਆਂ ਲਈ ਜੋਜ਼ਫ ਮੈਕ ਕੇਬ ਦੀਆਂ ਪੁਸਤਕਾਂ ਜੋ ਰੈਸ਼ਨਲਿਸਟ ਪ੍ਰੈਸ ਲੰਡਨ, ਦੀਆਂ ਮੁਦ੍ਰਿਤ ਹਨ; ਅਤੇ ਜੀ. ਡਬਲਿਊ, ਫੂਟ (Foote) ਤਥਾ ਜੇ. ਐਮ. ਵ੍ਹੀਲਰ ਦੀਆਂ ਜ਼ਿਲਦਾਂ "ਕ੍ਰਾਈਮਜ਼ ਆਫ ਕ੍ਰਿਸਟੀਐਨਿਟੀ" (London : Progressive Publishing Company, 28 Stone-cutter St., E.C., 1887.), ਰੋਮਾਨਵੀ ਈਸਾਈ ਭਿਖੂਆਂ ਸੰਬੰਧੀ ਵੇਖਣੀਆਂ ਆਵਸ਼ਯਕ ਹਨ. ਯੂਨਾਨੀ ਸੰਪ੍ਰਦਾਏ ਦੇ ਈਸਾਈ ਭਿਖੂਆਂ ਸੰਬੰਧੀ ਦੇਖੋ, "ਆਥੋਸ (ਪਰਬਤ) ਦੀਆਂ ਛੇ ਹਜ਼ਾਰ ਦਾਹੜੀਆਂ" (The 6000 Beards of Athos, by Ralph H. Brewster : Penguin Books, 1944) ਤੇ "ਆਥੋਸ ਦੇ ਕਾਲੇ ਫ਼ਰਿਸ਼ਤੇ" (Black Angels of Athos, by Choukas). ਜੋ ਸੱਜਣ ਇਸ ਵਿਲੱਖਣ ਪਰਬਤ ਦੇ ਭਿਖੂਆਂ ਦਾ ਸੰਖੇਪ ਹਾਲ ਹੀ ਪੜ੍ਹਨਾ ਚਾਹੁੰਦੇ ਹਨ, ਉਹ ੧੮ ਦਸੰਬਰ ਸਨ ੧੯੪੯ ਦੇ "ਸਟੇਟਸਮੈਨ" ਅਖ਼ਬਾਰ ਵਿੱਚ, 'ਸਾਧਾਂ ਦਾ ਟਾਪੂ' ਨਾਮਕ ਲੇਖ ਪੜ੍ਹਨ (The Island of Monks, by Peter Pinney, in The Statesman Ghristmas Supplement of 18--12--1949). ਆਥੋਸ ਯੂਨਾਨ ਵਿੱਚ ਇੱਕ ਪਹਾੜੀ ਟਾਪੂ ਹੈ. ਇਸ ਵਿੱਚ ਯੂਰਪ ਦੀਆਂ ਭਿੰਨ ੨ ਕੌਮਾਂ ਦੇ ਵੀਹ ਮਹਾਨ ਭਿੱਖੂ ਆਸ਼੍ਰਮ (Monasteries) ਹਨ, ਰੂਸੀ ਭਿੱਖੂ ਆਸ਼੍ਰਮ ਵਿੱਚ ੩੦੦੦ ਰਿਹਾਇਸ਼ੀ ਕਮਰੇ ਹਨ ਤੇ ਇਸ ਵਿੱਚ ੧੮ ਗਿਰਜੇ ਹਨ. ਇਹ ਬਾਰ੍ਹਵੀਂ ਮਸੀਹੀ ਸਦੀ ਵਿੱਚ ਬਣਿਆ ਸੀ. ਇਸ ਪਹਾੜ ਪੁਰ ਪਿਛਲੇ ਇੱਕ ਹਜ਼ਾਰ ਵਰ੍ਹਿਆਂ ਤੋਂ ਕੋਈ ਤੀਮੀਂ ਨਹੀਂ ਆਣ ਦਿੱਤੀ ਗਈ ਤੇ ਬਿੱਲੀ ਅਰ ਮੁਰਗੀ ਤੋਂ ਵੱਡਾ ਕੋਈ ਮਦੀਨ ਜਾਨਵਰ ਵੀ ਨਹੀਂ ਆਣ ਦਿੱਤਾ ਜਾਂਦਾ. ਜਦ ਯਾਤ੍ਰੂ ਜਹਾਜ਼ ਇਸ ਪਹਾੜੀ ਦੇ ਪਾਸ ਪਹੁੰਚਦਾ ਹੈ ਤਾਂ ਪੁਲਸ ਦੇ ਆਦਮੀ ਚੰਗੀ ਤਰ੍ਹਾਂ ਤਸੱਲੀ ਕਰ ਲੈਂਦੇ ਹਨ ਕਿ ਯਾਤ੍ਰੀਆਂ ਵਿੱਚ ਕੋਈ ਤੀਮੀਂ

Sri Satguru Jagjit Singh Ji eLibrary NamdhariElibrary@gmail.com

ਮਰਦ ਦੇ ਭੇਸ ਵਿੱਚ ਇਸ 'ਪਵਿਤ੍ਰ' ਪਹਾੜੀ ਪੁਰ ਨ ਆਣ ਚੜ੍ਹੇ! ਆਥੋਸ ਦੇ ਵਸਨੀਕ ਭਿਖੂਆਂ ਨੂੰ ਹਜਾਮਤ ਕਰਵਾਣ (ਸਿਰ ਮੂੰਹ ਮੁਨਾਣ) ਦੀ ਇਜਾਜ਼ਤ ਨਹੀਂ. ਏਹਨਾਂ ਨੂੰ ਕਪੜੇ ਧੋਣ ਦੀ ਵੀ ਮੁਮਾਨਿਅਤ ਹੈ ਕਿਉਂ ਜੋ ਉਹਨਾਂ ਦੇ ਖ਼ਿਆਲ ਅਨੁਸਾਰ ਐਸਾ ਕਰਨ ਤੋਂ ਤ੍ਰਿਸ਼ਨਾ ਵਧਦੀ ਹੈ (ਦੇਖੋ, ਉਪ੍ਰੋਕਤ Pinney ਦਾ ਲੇਖ). ਪਰ ਜਿਨ੍ਹਾਂ ਪੁਸਤਕਾਂ ਦੇ ਪੜ੍ਹਨ ਦੀ ਮੈਂ ਪਾਠਕ ਨੂੰ ਸਲਾਹ ਦਿੱਤੀ ਹੈ ਉਹਨਾਂ ਦੇ ਵਾਚਣ ਤੋਂ ਚੰਗੀ ਤਰ੍ਹਾਂ ਵਿਦਿਤ ਹੋ ਜਾਂਦਾ ਹੈ ਕਿ ਆਥੋਸ ਦੇ ਭਿੱਖੂ ਕਿੰਨੇਕੁ ਪਾਕਦਾਮਨ ਹਨ, ਤੇ ਛੇਤੀ ਹੀ ਸ੍ਰੀ ਗੁਰੂ ਨਾਨਕ ਦੇਵ ਦੇ ਭਿੱਖੂ ਭੇਖਧਾਰੀਆਂ ਦੇ ਵਿਰੁੱਧ ਉਪ੍ਰੋਕਤ ਮਹਾਂ ਵਾਕਾਂ ਦੀ ਸਚਾਈ ਮਨ ਦੇ ਸਾਹਮਣੇ ਆ ਜਾਂਦੀ ਹੈ; ਅਰ ਕਬੀਰ ਜੀ ਦੇ ਇਹ ਵਚਨ ਵੀ ਤੁਰਤ ਚੇਤੇ ਆ ਜਾਂਦੇ ਹਨ: "ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥" "ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥ ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥" (ਬਿਲਾਵਲੁ ॥ ਪੰ: ੮੫੫ ॥) ਬੋਧੀ ਭਿਖੂਆਂ ਦੇ ਸੰਬੰਧ ਵਿੱਚ ਦੇਖੋ, ਪੂਜਨੀਯ ਸਪੈਨਸ ਹਾਰਡੀ ਕ੍ਰਿਤ "ਪੂਰਬੀ ਭਿੱਖੂ ਵਾਦ"(The Rev. Spence Hardy's Eastern Monachism). ਬੋਧੀ ਭਿੱਖੂਆਂ ਦਾ ਬੋਧੀ ਦੇਸਾਂ ਵਿੱਚ ਹੁਣ ਵੀ ਕੋਈ ਓੜਕ ਨਹੀਂ. (ਨਮੂਨੇ ਲਈ ਦੇਖੋ, Siam; General & Medical Features,published by the Far Eastern Association of Tropical Medicine,Bankok 1939. pp. 42-43). ਅਲਾਹਾਬਾਦ ਦੇ ਪ੍ਰਸਿੱਧ ਹਿੰਦੀ ਮਾਹਵਾਰੀ ਰਸਾਲੇ "ਸਰਸ੍ਵਤੀ" ਦੇ ਜੂਨ, ਸਨ ੧੯੩੫, ਅੰਕ ਵਿੱਚ 'ਸਿਯਾਮ-ਯਾਤ੍ਰਾ' ਨਾਮਕ ਇੱਕ ਦਸ ਪੰਨਿਆਂ ਦਾ ਲੇਖ ਹੈ. ਇਸ ਦੇ ਪੰਨੇ ੫੪੭ ਪੁਰ (ਵਿਦ੍ਵਾਨ ਲੇਖਕ ਭਦੰਤ ਆਨੰਦ ਕੌਸਲਯਾਯਨ ਜੀ, ਨੇ) ਇਉਂ ਲਿਖਿਆ ਹੈ : "ਲਗ ਭਗ ਏਕ ਕ੍ਰੋੜ ਕੀ ਆਬਾਦੀ ਮੇਂ ਸੋਲਹ ਹਜ਼ਾਰ ਪਾਂਚ ਸੌ ਤੀਨ ਵਿਹਾਰ (ਬੌਧ ਭਿੱਖੂ ਆਸ਼੍ਰਮ) ਔਰ ਏਕ ਲਾਖ ਤੀਸ ਹਜ਼ਾਰ ਅੱਠਾਵਨ ਭਿਕਸ਼ੂਓਂ ਕਾ ਨੰਬਰ ਕੁਛ ਕਮ ਖਟਕਨੇ ਵਾਲੀ ਸੰਖਿਆਏਂ ਨਹੀਂ ਹੈਂ."

(੫੬) ਪ੍ਰੰਤੂ ਯਾਦ ਰਹੇ ਕਿ ਭਾਰਤ ਦੇ ਬੋਧੀ ਭਿੱਖੂਆਂ ਨੇ ਕੌਮ ਨੂੰ ਵਿਦੇਸ਼ੀ ਹਮਲਾ ਆਵਰਾਂ ਤੋਂ ਬਚਾਣ ਲਈ ਸ਼ਸਤ੍ਰ ਕਦੇ ਨਹੀਂ ਧਾਰਣ ਕੀਤੇ,ਅਰ ਨ ਹੋਰ ਕਿਸੇ ਪ੍ਰਕਾਰ ਦੀ ਕਦੇ ਕੋਈ ਸਹਾਇਤਾ ਕੀਤੀ ਹੈ ਜਦ ਕਿ ਵਿਦੇਸ਼ਾਂ ਵਿਚ ਇਹ ਗਲ ਨਹੀਂ ਰਹੀ. ਭਾਰਤ ਵਿੱਚ ਵੀ ਸਿਕੰਦਰ ਆਜ਼ਮ ਦੇ ਆਕ੍ਰਮਣ ਕਾਲ ਵਿੱਚ ਜਦੋਂ ਅਜੇ ਬੁੱਧ ਤੇ ਜੈਨ ਮਤ, ਆਪਣੇ ਸਾਂਝੇ ਪੰਘੂੜੇ ਵਿੱਚ, ਪਟਨੇ ਦੇ ਇਰਦ ਗਿਰਦ ਹੀ ਚੌਰਾਸੀ ਕੋਹਾਂ ਦੇ ਰਕਬੇ ਵਿੱਚ ਪਲ ਰਹੇ ਸਨ, ਆਰਯ ਸਾਧਾਂ ਨੇ ਕੌਮੀ ਰਖਿਆ ਲਈ ਆਪਣੇ ਜੰਗੀ ਜਜ਼ਬਿਆਂ ਦਾ ਜਲਵਾ ਲੁਕਾ ਕੇ ਨ

Sri Satguru Jagjit Singh Ji eLibrary NamdhariElibrary@gmail.com

ਰਖਿਆ ਸੀ ਤੇ ਸਭਾਸ ਨਾਮਕ ਕਿਸੇ ਰਾਜੇ ਨੂੰ ਸਿਕੰਦਰ ਦੇ ਵਿਰੁੱਧ ਭੜਕਾਇਆ ਸੀ. ਚੁਨਾਂਚਿ ਪਲੂਟਾਰਕ ਦਸਦਾ ਹੈ ਕਿ ਜਦ ਸਿਕੰਦਰ ਨੂੰ ਇਸ ਭੇਦ ਦਾ ਪਤਾ ਲੱਗਾ ਤਾਂ ਉਸ ਨੇ ਦਸ ਪ੍ਰਸਿੱਧ'ਫ਼ਸਾਦੀ' ਸਾਧਾਂ ਨੂੰ ਬੁਲਵਾਇਆ ਤੇ ਉਹਨਾਂ ਵਿਚੋਂ ਇੱਕ ਨੂੰ ਪੁਛਿਆ, "ਤੂੰ ਕਿਉਂ ਸਭਾਸ ਨੂੰ ਬਗ਼ਾਵਤ ਲਈ ਪ੍ਰੇਰਿਆ ?" ਸਾਧ ਨੇ ਠੋਕ ਕੇ ਉਤੱਰ ਦਿੱਤਾ, "ਚੂੰਕਿ ਮੈਂ ਚਾਹੁੰਦਾ ਸੀ ਕਿ ਉਹ ਸਤਕਾਰ ਦਾ ਜੀਵਨ ਬਿਤਾਏ, ਯਾ ਮਰ ਜਾਏ ਜਿਹਾ ਕਿ ਕਾਇਰ ਲਈ ਮੁਨਾਸਿਬ ਹੀ ਹੈ." (Plutarch's Life of Alexander the Great, "In the course of this (Indian) expedition he (Alexander) took ten of the Gymnosophists, the naked philosophers, who had been principally concerned in instigating Sabbas to revolt and had brought numberless other troubles upon the Macedonians. He (Alexander) asked the fourth (of these naked sages), "What was your reason for persuading Sabbas to revolt ?" "Because," said he, "I wished him either to live with honour or to die as a coward deserves.") ਮਸੀਹ ਨੂੰ ਜਿਸ ਦਿਨ ਯਹੂਦੀ ਮਹੰਤਾਂ ਨੇ, ਉਸ ਦੇ ਬਦ ਨੀਯਤ ਚੇਲੇ, ਜੂਡਸ ਇਸਕੋਰੀਅਟ, ਦੀ ਸਾਜ਼ਸ਼ ਨਾਲ ਸਰਕਾਰੀ ਹਾਕਮਾਂ ਤੋਂ ਗ੍ਰਿਫ਼ਤਾਰ ਕਰਵਾ ਦਿੱਤਾ, ਉਸ ਦਿਨ, ਗ੍ਰਿਫ਼ਤਾਰੀ ਤੋਂ ਕੁੱਝ ਚਿਰ ਪਹਿਲੇ, ਉਸ ਨੇ ਆਪਣੇ ਸ਼ਿੱਸ਼ਾਂ ਨੂੰ ਸੰਬੋਧਨ ਕਰ ਕੇ ਕਿਹਾ, "ਪਰ ਹੁਣ ਜਿਹ ਦੇ ਕੋਲ ਬਟੂਆ ਹੋਵੇ ਸੋ ਲਵੇ ਅਰ ਇਸੇ ਤਰ੍ਹਾਂ ਝੋਲਾ ਵੀ ਅਤੇ ਜਿਹ ਦੇ ਕੋਲ ਤਲਵਾਰ ਨਾਂ ਹੋਵੇ ਸੋ ਆਪਣਾ ਲੀੜਾ ਵੇਚ ਕੇ (ਤਲ਼ਵਾਰ) ਮੁਲ ਲਵੇ ॥" ਲੂਕਾ, ੨੨ : ੩੬ ॥ ਇੱਕ ਸੌ ਛੇਵੇਂ ਪੋਪ, ਸੇਂਟ ਲੀਓ ਚਹਾਰਮ, ਨੇ, ਜਿਸ ਦਾ ਸਮਾਂ ਸਨ ੮੪੭ ਤੋਂ ੮੫੫ ਹੈ, ਰੋਮਾ ਵਿੱਚ ਵੈਟੀਕਨ (Vatican) ਨੂੰ ਤੇ ਲੀਓਨਾਇਨ ਨਗਰ (Leonine City) ਨੂੰ ਮੁਸਲਮਾਣਾਂ ਤੋਂ ਬਚਾਣ ਲਈ ਏਹਨਾਂ ਅਸਥਾਨਾਂ ਦੇ ਚੌਗਿਰਦੇ ਕਿਲਾਬੰਦੀ ਕਰਵਾਈ. ਦੋ ਸੌ ਅਠਾਰਵੇਂ ਪੋਪ, ਜੂਲੀਅਸ ਦੋਇਮ (੧੫੦੩-੧੫੧੩ ਈਸ੍ਵੀ) ਨੇ ਸੈਨਾ ਦੀ ਅਗਵਾਈ ਕੀਤੀ. (He marched at the head of an army against Perugia and entered triumphantly into Bologna.) ਪੋਪ ਸੇਂਟ ਪਾਯਸ ਪੰਜਮ (੧੫੬੬-੧੫੭੨ ਈਸ੍ਵੀ) ਨੇ ਤੁਰਕਾਂ ਨੂੰ ਹਮਲਾ ਕਰਨ ਤੋਂ ਰੋਕਿਆ ਤੇ ਪਿੱਛੇ ਹਟਾਇਆ. See Catholic Belief, by the very Rev. J.F. Di Bruno, 30th.

Sri Satguru Jagjit Singh Ji eLibrary NamdhariElibrary@gmail.com

Ed, London; Burns, Oates and Washbourne Ltd., pp. 167, 171) ਨਬੀਆਂ ਵਿਚੋਂ ਮਹੱਮਦ ਸਾਹਿਬ (੫੭੦--੬੩੨ ਈਸ੍ਵੀ) ਵੀ ਦੀਨ (ਧਰਮ) ਦੀ ਖ਼ਾਤਰ ਆਪਣੇ ਸ਼ਿਸ਼ਾਂ ਸਣੇ ਵੈਰੀਆਂ ਨਾਲ ਲੜੇ, See A Critical Exposition of the Popular 'Jehad', showing that all the wars of Mohammad were defensive and that Aggressive war or Compulsory Conversion is not allowed in the Koran etc. By Maulavi Cheragh Ali; published by Thacker, Spink & Co. Calcutta, before Oct. 1886.) ਭਗਤ ਕਬੀਰ ਵਰਗੇ ਪੂਰਨ ਮਹਾਂ ਪੁਰਖ ਜੋ ਸ਼ਾਂਤ ਦੇ ਪੁੰਜ ਸਨ ਉਹਨਾਂ ਨੇ ਵੀ ਕਹਿ ਦਿੱਤਾ "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥" ਮਾਰੂ : ਪੰਨਾ ੧੧੦੫ ॥ "ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।" ਰਾ: ਕ, ਕਬੀਰ : ਪੰਨਾ ੯੬੯ ॥ ਦੀਨ ਸ਼ਬਦ ਦੇ ਅਰਥ ਮੁਖਯਤਾ ਤਿੰਨ ਹਨ : ਦਿੱਤਾ ਹੋਇਆ ; ਦਾਸ, ਅਨਾਥ ਹੀਣਾ; ਤੇ ਧਰਮ. ਪਰ ਕਬੀਰ ਜੀ ਦੀ ਬਾਣੀ ਵਿੱਚ ਅਕਸਰ ਕਰ ਕੇ ਇਸ ਦੇ ਅਰਥ 'ਧਰਮ' ਹੀ ਹਨ.

(੫੭) 'ਧਰਮ-ਯੁੱਧ' ਸ਼ਬਦ ਜੋ ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਵਿੱਚ ਆਏ ਹਨ, ਉਹਨਾਂ ਦਾ ਭਾਵ ਸ਼ੁੱਧ, ਬਾ ਅਸੂਲ, ਮਾਨਵ ਧਰਮ ਦੇ ਅਨੁਸਾਰ ਯੁੱਧ ਤੋਂ ਹੈ ਨਾਂ ਕਿ ਮਜ਼ਹਬੀ ਯੁੱਧ, ਯਾਂ ਜਿਹਾਦ (ਜੋ ਕਿਸੇ ਦੂਜੇ ਦੇ ਮਤ ਨੂੰ ਤਾਕਤ ਨਾਲ ਜ਼ਬਰਦਸਤੀ ਨਾਸ਼ ਕਰ ਕੇ ਆਪਣਾ ਮਤ ਪ੍ਰਚਲਿਤ ਕਰਨਾ ਹੈ, ਜਿਸ ਨੂੰ ਕਿ Crusade ਵੀ ਆਖਦੇ ਹਨ). ਯੁੱਧ ਦਾ ਕਾਰਣ ਸਭ ਤੋਂ ਵੱਡਾ ਇਕੋ ਹੀ ਹੁੰਦਾ ਹੈ, ਅਰਥਾਤ, ਕਿਸੇ ਦੇ ਹੱਕ, ਅਸੂਲ ਅਥਵਾ ਮਲਕੀਅਤ ਤੇ ਹਮਲਾ ਕਰਨਾ. ਐਸੇ ਯੁੱਧ ਦਾ ਉੱਤਰ ਯੁੱਧ ਵਿੱਚ ਦੇਣਾ ਸਰਵਥਾ ਯੁਕਤ ਹੈ. ਪਰ ਸਭ ਤੋਂ ਸ੍ਰੇਸ਼ਟ ਯੁੱਧ ਉਹ ਹੈ ਜੋ ਸ੍ਵਦੇਸ਼ ਦੀ ਸ੍ਵਤੰਤ੍ਰਤਾ ਨੂੰ ਅਡੋਲ ਰੱਖਣ ਲਈ ਕੀਤਾ ਜਾਵੇ, ਕਿਉਂ ਜੋ ਸ੍ਵਤੰਤ੍ਰਤਾ ਦੇ ਡੋਲਣ ਨਾਲ ਹੀ ਧਨ, ਧਰਮ, ਲਾਜ, ਪਤ, ਮਾਨ ਤੇ ਪ੍ਰਤਿਸ਼ਠਾ ਸਭ ਖ਼ਤਰੇ ਵਿੱਚ ਪੈ ਜਾਂਦੇ ਹਨ. ਇਤਿਹਾਸ ਗਵਾਹ ਹੈ ਕਿ ਜਿਸ ਮੁਲਕ ਦੀ ਆਜ਼ਾਦੀ ਗਈ, ਉਸ ਦਾ ਦੀਨ ਵੀ ਅੱਵਲ ਤਾਂ ਫ਼ੌਰਨ ਵਰਨਾ ਹੌਲੀ ਹੌਲੀ ਬਿਲਕੁਲ ਹੀ ਗ਼ਾਇਬ ਹੋ ਗਿਆ ਧਰਮ ਪੁਰ ਹਮਲਾ ਹੁੰਦਾ ਹੀ ਤਦ ਹੈ ਜਦ ਪਹਿਲਾਂ ਕਿਸੇ ਵਿਸ਼ੇਸ਼ ਦੇਸ਼ ਦੀ ਮੁਲਕੀ ਯਾਂ ਕੌਮੀ ਸ੍ਵਤੰਤ੍ਰਤਾ ਚਲੀ ਜਾਏ. ਇਸ ਪ੍ਰਕਾਰ ਹਰ ਹਾਲਤ ਵਿੱਚ ਧਰਮ ਯੁੱਧ ਉਹ ਹੀ ਹੈ ਜੋ ਸਨਾਤਨ ਸਤਿ ਧਰਮ ਤੇ ਦੇਸ਼ ਦੀ ਰਖਿਆ ਲਈ (ਯਾ ਬਚਾਓ ਲਈ defensive ਰੂਪ ਵਿੱਚ) ਕੀਤਾ ਜਾਏ ਨਾਂ ਕਿ ਆਕ੍ਰਮਣ (Aggressive) ਰੂਪ ਵਿੱਚ. ਭਾਰਤ ਵਿੱਚ

Sri Satguru Jagjit Singh Ji eLibrary NamdhariElibrary@gmail.com

*ਕੁਮਾਰਿਲ ਭੱਟ ਤੇ ਸ਼ੰਕਰ (ਈਸ੍ਵੀ ਸਤਵੀ ਤੇ ਅਠਵੀਂ ਸਦੀ) ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਉਹਨਾਂ ਦੇ ਸਿੱਖਾਂ, ਸੇਵਕਾਂ, ਮਿਤ੍ਰਾਂ ਤੇ ਸੰਬੰਧੀਆਂ ਦੇ ਸਮੇਂ ਤਕ ਇਸ ਨਿਯਮ ਦੀ ਪਾਲਨਾਂ ਹੁੰਦੀ ਰਹੀ ਹੈ ਤੇ ਸਨਾਤਨ ਸਤਿ ਧਰਮ ਦਾ ਝੰਡਾ, ਇਸ ਦੀ ਹੀ ਬਰਕਤ ਦੁਆਰਾ, ਅੱਜ ਤਕ, ਭਾਰਤ ਵਿੱਚ ਹੀ ਨਹੀਂ ਬਲਕਿ ਸਾਰੇ ਜਗਤ ਵਿੱਚ ਲਹਿਰਾਂਦਾਂ ਨਜ਼ਰ ਆ ਰਿਹਾ ਹੈ. 'ਕੁਬੋਧਾਂ' ਨੇ ਇਸ ਨਿਯਮ ਦੀ ਉਲੰਘਨਾਂ ਕਰਕੇ ਭਾਰਤ ਦੇ ਸਤਿ ਆਰਯ ਧਰਮ ਦਾ ਪਰਮ ਸਨਾਤਨ ਦੀਵਾ ਬੁਝਾਣ ਦਾ ਪੂਰਨ ਉਪ੍ਰਾਲਾ ਕੀਤਾ, ਤੇ ਦੇਸ਼ ਦੀ ਸ੍ਵਤੰਤ੍ਰਤਾ ਨੂੰ ਆਪਣੀ ਨਪੁਨਸਕ ਸ਼ਾਂਤ ਦੁਆਰਾ ਅਪਾਹਜ ਕਰ ਦਿੱਤਾ, ਤੇ ਇਸ ਘੋਰ ਅਪ੍ਰਾਧ ਦਾ ਦੰਡ ਇਹ ਭੋਗਿਆ ਕਿ ਉਹ ਆਪਣੇ ਅਖੌਤੀ ਧਰਮ ਸਮੇਤ ਆਪ ਵੀ ਇਸ ਦੇਸ਼ ਤੋਂ ਸਦਾ ਲਈ ਪਤ੍ਰਾ ਵਾਚ ਗਏ ! ਇਹ ਹੈ ਵੇਦ ਵਿਰੋਧੀ ਬੁੱਧੀ ਦੇ ਚਮਤਕਾਰ ਦਾ ਭਿਆਨਕ ਪਰਿਣਾਮ ! ਸ਼ਾਂਤ ਦੋ ਪ੍ਰਕਾਰ ਦੀ ਹੈ: ਨਪੁਨਸਕ ਤੇ ਨਰਸਿੰਘੀ, ਨਪੁਨਸਕ ਸ਼ਾਂਤ ਉਹ ਹੈ ਜਿਸ ਦਾ ਡੇਰਾ ਦੁਰਬਲ ਦੁਰਾਚਾਰੀ ਕਾਇਰਾਂ ਵਿੱਚ ਹੁੰਦਾ ਹੈ, ਤੇ ਨਰਸਿੰਘੀ ਸ਼ਾਂਤ ਉਹ ਹੈ ਜੋ ਸਬਲ ਸਦਾਚਾਰੀ, ਬੀਰਾਂ ਦਾ ਭੂਸ਼ਣ ਹੈ.

(੫੮) ਗੌਤਮ ਸਿੱਧਾਰਥ ਦੇ ਸੰਬੰਧ ਵਿੱਚ ਜੋ ਸੰਸਾਰ ਭਰ ਦੇ ਮਾਂਸਾਹਾਰੀ ਬੋਧੀ ਇਹ ਮੰਨੀਂ ਬੈਠੇ ਹਨ ਕਿ ਉਹ ਆਪਣੇ ਇੱਕ ਸ਼ਿੱਸ਼ ਦੇ ਘਰ, ਜਿਸ ਦਾ ਨਾਮ ਚੰਦਾ ਸੀ ਤੇ ਜੋ ਕੁਮ੍ਹਾਰ (ਭਾਂਡੇ ਘੜਨ ਵਾਲਾ) ਸੀ, ਸੂਰ ਦਾ ਨਰਮ ਤੇ ਥਿੰਧਾ ਕੱਚਾ ਮਾਸ (ਸੂਕਰ ਮੱਦ੍ਹਮ, Soft & greasy pork) ਜ਼ਿਆਦਾ ਖਾ ਕੇ ਪੇਟ ਵਿੱਚ ਸੂਲ ਪੈਣ ਦੇ ਕਾਰਣ ਅਗਲੇ ਦਿਨ ਕਾਲ ਵਸ ਹੋ ਗਿਆ; ਇਸ ਦਾ ਮੁਕੰਮਲ ਤਸੱਲੀ ਬਖ਼ਸ਼ ਨਿਰਨਾ ਪ੍ਰੋਫ਼ੈਸਰ ਜੇ. ਸੀ. ਘਾਟਕ ਨੇ ਕਰ ਦਿੱਤਾ ਹੈ ਕਿ 'ਸੂਕਰ ਮੱਦ੍ਹਮ' ਸੂਰ ਦਾ ਨਰਮ ਤੇ ਥਿੰਧਾ ਕੱਚਾ ਮਾਸ ਨ ਸੀ, ਬਲਕਿ ਇਹ ਸਾਧਾਰਣ 'ਸ਼ਕਰ ਕੰਦੀ' (Sukara Kanda) ਸੀ. (ਦੇਖੋ, Lord Buddha's Last Repast by Prof. Jyotish Chandra

* ਦੇਖੋ, Modern Hinduism, by W. J. Wilkins, p. 39. ਬੁੱਧ ਮਤ ਤੇ ਇਸ ਦੇ ਇਤਿਹਾਸ ਦੀ ਵਧੀਕ ਖੋਜ ਲਈ ਦੇਖੋ, Dr. Rhys Davids ਦੀ ਪੁਸਤਕ ਜੋ ਸਨ ੧੮੮੮ ਈਸ੍ਵੀ ਤੋਂ ਪਹਿਲੇ Society for Promoting Christian Knowledge ਨੇ ਛਾਪੀ ਹੈ. ਹੋਰ ਦੇਖੋ Sir Hari Singh Gaur ਦੀ ਪ੍ਰਸਿੱਧ ਪੁਸਤਕ "Buddhism." ਬਿਲਕੁਲ ਹੀ ਤਾਜ਼ਾ ਖੋਜਾਂ ਤੇ ਮਜ਼ਮੂਨਾਂ ਲਈ ਦੇਖੋ, The Buddha & Five After-Centuries : By Dr. S. Dutt with a Foreword by Prof. G. Tucci of Rome, published by Luzac & Co. 46, Great Russel St. London, E. C. I. ਇਸੇ ਸੰਬੰਧ ਵਿੱਚ (The Hindustan Times, Sunday, June 23, 1957 ਵਿੱਚ) ਸ੍ਰੀ ਕੇ. ਐਮ. ਮੁਨਸ਼ੀ ਜੀ ਦਾ ਲੇਖ Historical Values ਵੀ ਪੜ੍ਹਨ ਦੇ ਲਾਇਕ ਹੈ.

Sri Satguru Jagjit Singh Ji eLibrary NamdhariElibrary@gmail.com

Ghatak, M. A. triple, F. R. Hist. S. London ; in the Mahabodhi Journal of Calcutta, for Vaishakha Number (May-August, 1945, pp. 65, 66, 67). ਪ੍ਰੰਤੂ ਬੋਧੀ ਭਿਕਸ਼ੂਆਂ ਨੇ ਤਾਂ ਪ੍ਰਾਚੀਨ ਸਮੇਂ ਵਿੱਚ ਹੀ ਵਰਜਿਤ ਵਸਤਾਂ ਖਾਣੀਆਂ ਸ਼ੁਰੂ ਕਰ ਦਿਤੀਆਂ ਸਨ. ਸੋ ਏਹਨਾਂ ਨੇ ਗ੍ਰਿਹਸਥੀਆਂ ਪੁਰ ਅਯੋਗ ਬੋਝ ਹੋਣ ਤੋਂ ਬਿਨਾ ਲਾਭਦਾਯਕ ਕੰਮ ਕੀ ਕਰਨਾ ਸੀ ! (ਦੇਖੋ, The Vishwa - Bharati Quarterly for Oct. 1924 article, The Edicts of Asoka. by Prof. J.N. Samaddar, p. 243) ਸਿੱਧਾਰਥ ਗੌਤਮ ਨੇ ਜੀਵਨ ਭਰ ਪ੍ਰਸਪਰ ਪ੍ਰੇਮ ਦੇ ਉਪਦੇਸ਼ ਦਾ ਪ੍ਰਚਾਰ ਕੀਤਾ. ਸੰਸਾਰ ਦੇ ਬੇ ਸ਼ੁਮਾਰ ਬੋਧੀ ਭਿੱਖੂ ਇਸ ਸੰਦੇਸ਼ ਦਾ ਹੋਕਾ ਦੇਣ ਵਿੱਚ ਅਮਲੀ ਤੌਰ ਤੇ ਕਾਮਯਾਬ ਹੁੰਦੇ ਤਾਂ ਦੁਨੀਆਂ ਦੀਆਂ ਕੌਮਾਂ ਵਿੱਚ ਪਿਛਲੇ ਢਾਈ ਹਜ਼ਾਰ ਵਰ੍ਹਿਆਂ ਵਿੱਚ ਕੋਈ ਵੀ ਹਲਾਕੂ ਯੁੱਧ ਨ ਹੁੰਦਾ. ਪਰ ਜੋ ਅਤਯੰਤ ਦੁਖਦਾਈ ਯੁੱਧ ਸਾਡੀ ਅਭਾਗੀ ਧਰਤੀ ਪੁਰ ਇਸ ਸਮੇਂ ਵਿੱਚ ਹੋਏ ਹਨ ਉਹਨਾਂ ਦੀ ਭਿਆਨਕ ਕਥਾ ਦਾ ਸਿਰ ਚਕ੍ਰਾਊ ਢੰਢੋਰਾ ਸਾਡੇ ਇਤਿਹਾਸ ਕਈ ਸਦੀਆਂ ਤੋਂ ਦੇ ਰਹੇ ਹਨ. ਅਮਨ ਚੈਨ ਤੇ ਪ੍ਰੇਮ ਦਾ ਪ੍ਰਚਾਰ ਕੇਵਲ ਗ੍ਰੰਥਾਂ ਤੇ ਵਿਆਖਿਆਨਾਂ ਦੁਆਰਾ ਹੀ ਨਹੀਂ ਹੋਇਆ ਕਰਦਾ, ਬਲਕਿ ਇਹ ਤਾਂ ਕੇਵਲ ਅਮਲੀ ਸਦ ਕਰਮਾਂ ਦੁਆਰਾ ਹੀ ਹੋਣਾ ਸੰਭਵ ਹੈ. ਜੇ ਗ੍ਰੰਥਾਂ ਦੁਆਰਾ* ਪ੍ਰੇਮ ਦਾ ਸਬਕ ਸਿਖਣਾ ਸੰਭਵ ਹੁੰਦਾ ਤਾਂ ਚੀਨ ਅਵੱਸ਼ ਪ੍ਰੇਮ ਦਾ ਮਹਾਂ ਸਾਗਰ ਹੁੰਦਾ. ਕਿਉਂ ਜੋ ਚੀਨ ਵਿੱਚ ਪ੍ਰੇਮ ਦੇ ਸਬਕ ਨੂੰ ਸਤ ਹਜ਼ਾਰ ਜਿਲਦਾਂ ਵਿੱਚ ਨਿਰੂਪਣ ਕੀਤਾ ਗਿਆ ਹੈ. ਪਰ ਏਹਨਾਂ ਸਤ ਹਜ਼ਾਰ ਜਸੀਮ ਜਿਲਦਾਂ ਵਿੱਚ ਸਵਿਸਥਰ ਨਿਰੂਪਿਤ ਪ੍ਰੇਮ ਦਾ ਜੋ ਨਮੂਨਾ ਅੱਜ (੧੯੬੨-੬੩ ਈਸ੍ਵੀ ਵਿੱਚ) ਚੀਨ ਉਸ ਦੇਸ਼ (ਭਾਰਤ) ਨੂੰ ਵਿਖਾ ਰਿਹਾ ਹੈ, ਜਿਸ ਤੋਂ ਉਸ ਨੇ ਇਹ ਸਬਕ ਸਿਖਿਆ ਹੈ, ਉਹ ਹੁਣ ਦੇਸ਼ ਦੇਸ਼ਾਂਤ੍ਰਾਂ ਦੀਆਂ ਕੌਮਾਂ ਨੂੰ ਚੰਗੀ ਤਰ੍ਹਾਂ ਪ੍ਰਗਟ ਹੋ ਚੁਕਾ ਹੈ.

---

* "India also taught us the idea of absolute love, that pure love towards all living beings which eliminates all obsessions of jealousy, anger, impatience, disgust & emulation which expresses itself in deep pity and sympathy for the foolish, the wicked and the sinful,—that absolute love, which recognises the inseparability between all beings. 'The equality of friend and enemy. The *oneness* of myself and all things.' This great gift is contained in

ਬਾਕੀ ਸਫ਼ਾ ੧੭੬ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

(੫੯) ਜੈਨੀਆਂ ਨੇ ਵੀ ਵੇਦ ਨੂੰ ਆਪਣੇ ਮਤ ਦਾ ਕਿਲਾ ਨਹੀਂ ਬਣਾਇਆ ਤੇ ਨਾਂ ਹੀ ਏਹਨਾਂ ਨੇ ਆਪਣੇ ਮਤ ਨੂੰ ਵੇਦ ਦਾ ਕਿਲਾ ਬਣਾਇਆ ਹੈ; ਅਰ ਏਹੋ ਵਜਹ ਹੈ ਕਿ ਪਿਛਲੇ ਢਾਈ ਹਜ਼ਾਰ ਵਰ੍ਹਿਆਂ ਵਿੱਚ ਏਹਨਾਂ ਦੀ ਸੰਖਿਆ ਦਸ ਬਾਰਾਂ ਲਖ ਤੋਂ ਉੱਪਰ ਨਹੀਂ ਟੱਪੀ. ਏਸੇ ਲਈ ਸ੍ਰੀ ਗੁਰੂ ਨਾਨਕ ਦੇਵ ਨੇ ਏਹਨਾਂ ਦੀ ਪ੍ਰਸ਼ੰਸਾ ਨਹੀਂ ਕੀਤੀ (ਦੇਖੋ, "ਇਕਿ ਜੈਨੀ ਉਝੜ ਪਾਇ ਧੁਰਹੁ ਖੁਹਾਇਆ।" ਸਾਰੀ ਪਉੜੀ। ਵਾਰ ਮਲਾਰ ਮ: ਪਹਿਲਾ, ਪੰ:੧੨੮੫॥) ਪਰ ਜੈਨੀਆਂ ਵਿੱਚ, ਬੌਧਾਂ ਵਾਂਗ, ਹਰ ਜਣੇ ਖਣੇ ਨੂੰ ਭਿੱਖੂ ਹੋਣ ਲਈ ਨਹੀਂ

ਜੈਨੀ

ਸਫਾ ੧੭੫ ਦੀ ਬਾਕੀ

the Da Tsang Jen(Buddhist Classics).The teachings in these seven thousand volumes can be summed up in one phrase : *To cultivate sympathy and intellect, in order to attain absolute freedom through wisdom and absolute love through pity.*" China's Debt to India, by Prof. Liang Chi Chao ; article, in the Vishwa Bharati Quarterly for Oct. 1924, P. 253.(The whole article runs from p. 251 to p.261) ਚੀਨੀਆਂ ਯਾ ਚੀਨੀ ਬੌਧਾਂ ਨੇ ਤਾਂ ਇਹ 'ਪ੍ਰਾਣੀ ਮਾਤ੍ਰ ਲਈ ਸਮਾਨ ਪ੍ਰੇਮ' ਦਾ ਸਬਕ ਵੇਦਿਕ ਹਿੰਦ ਤੋਂ ਕੀ ਸਿਖਣਾ ਸੀ, ਪਰ ਜੈਨੀਆਂ ਨੇ ਇਸ ਸਬਕ ਨੂੰ ਅਮਲੀ ਜਾਮਾ ਪਹਿਨਾਣ ਵਿੱਚ ਕੋਈ ਕਸਰ ਨਹੀਂ ਛੱਡੀ, ਜਿਹਾ ਕਿ ਇੱਕ ਫ਼ਰਾਂਸੀਸੀ ਪ੍ਰੋਫ਼ੈਸਰ ਨੇ ਆਪਣੀ ਪਿਛਲੇ ਸਾਲ (ਸਨ ੧੯੬੨) ਦੀ ਹੀ ਛਪੀ ਹੋਈ ਕਿਤਾਬ ਵਿੱਚ ਲਿਖਿਆ ਹੈ ; ਅਰ ਦਰ ਹਕੀਕਤ ਏਹੋ ਕਾਰਣ ਜੈਨੀਆਂ ਦੇ ਹੁਣ ਤਕ ਭਾਰਤ ਵਿੱਚ ਸਹੀ ਸਲਾਮਤ ਕਾਇਮ ਰਹਿਣ ਦਾ ਹੈ! ਜੋ ਹਵਾਲਾ ਪਾਂਡੀਚਰੀ ਦੇ ਫ਼ਰਾਂਸੀਸੀ ਪ੍ਰੋਫ਼ੈਸਰ ਦਾ ਇੱਥੇ ਦਿੱਤਾ ਜਾਂਦਾ ਹੈ ਉਸ ਵਿੱਚ ਸਿਵਾਏ ਅੰਤਿਮ ਸਤਰਾਂ ਦੇ, ਜੋ ਜੈਨੀਆਂ ਦੇ ਵਿਸ਼ੇਸ਼ ਆਪਣੇ ਹੀ ਅਕੀਦੇ ਸੰਬੰਧੀ ਹਨ, ਬਾਕੀ ਸਭ ਵਿਸ਼ਸ਼ਬ ਪ੍ਰੇਮ ਨੂੰ ਵਧਾਣ ਵਾਲੇ, ਤੇ ਮਾਪ ਤੋਲ (Equilibrium) ਵਿੱਚ ਰੱਖਣ ਵਾਲੇ, ਕਰਤਵਯ ਹਨ : "The general attitude of the members of the sect is dominated by a high ideal of virtue, mastery of self, and charity towards one's neighbour. The law of doing no injury to others (ahimsa), so general in Indian life, is no where so scrupulously observed than among the Jain community. Among their members are not only those who are strict vegetarians, but also those who make it their duty never to harm any living creature, not even the insects that they sweep aside before sitting down, or the gnats that might be killed in their mouths or nostrils if they did not cover them with a piece of linen. The conscious destruction of

ਬਾਕੀ ਸਫ਼ਾ ੧੭੭ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਪ੍ਰੇਰਿਆ ਜਾਂਦਾ. ਹਾਂ, ਵਿਸ਼ੇਸ਼ ਸੰਜਮੀ ਸਦਾਚਾਰੀ ਵਿਦ੍ਵਾਨ ਪੂਜਨੀਯ ਸਾਧੂ ਜੋ ਏਹਨਾਂ ਵਿੱਚ ਟਾਂਵੇਂ ਟਾਂਵੇਂ ਦ੍ਰਿਸ਼ਟੀ ਪੈਂਦੇ ਹਨ ਉਹ ਗ੍ਰਿਹਸਥੀਆਂ ਲਈ ਸੱਚ ਮੁੱਚ ਸੂਖਮ ਤੇ ਉੱਚ ਆਧਿਆਤਮਿਕ ਵਿਚਾਰਾਂ ਦੇ ਉਪਦੇਸ਼ਟਾ ਹੋਣ ਦੇ ਕਾਰਣ ਬੇ-ਓੜਕ ਲਾਭਦਾਇਕ ਹਨ; ਤੇ ਉਹਨਾਂ ਨੂੰ ਭਿੱਖੂ ਨਹੀਂ ਕਿਹਾ ਜਾਂਦਾ ਬਲਕਿ 'ਪੂਜਨੀਯ ਮੁਨੀ ਜੀ' ਕਰ ਕੇ ਸੰਬੋਧਨ ਕੀਤਾ ਜਾਂਦਾ ਹੈ. ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਪੰਚਮ ਪਾਤਿਸ਼ਾਹੀ ਦੇ ਸਮੇਂ ਤਕ (ਯਥਾ "ਜੈਨ ਮਾਰਗ ਸੰਜਮ ਅਤਿ ਸਾਧਨ ॥" ਗਉ: ਸੁਖ: ਮ: ੫ ॥ ਪੰ: ੨੬੫ ॥) ਏਹਨਾਂ ਦਾ ਕਾਫ਼ੀ ਸੁਧਾਰ ਹੋ ਚੁੱਕਾ ਸੀ. ਇਹ ਅਰੰਭ ਤੋਂ ਹੀ ਹਿੰਦੂ ਰਾਸ਼ਟ੍ਰ ਦੇ ਦੁਖ ਸੁਖ ਵਿੱਚ ਪੂਰਾ ਪੂਰਾ ਸਾਥ ਦੇਂਦੇ ਰਹੇ ਹਨ, ਤੇ ਵਰਤਮਾਨ ਕਾਲ ਵਿੱਚ ਤਾਂ ਹਰ ਪ੍ਰਕਾਰ ਭਾਰਤ ਦੀ ਸੁਤੰਤ੍ਰਤਾ, ਵਿਦ੍ਯਾ, ਆਚਾਰ, ਵਿਹਾਰ ਤੇ ਸਤਕਾਰ ਨੂੰ ਸਥਿਰ ਤੇ ਉਤਕ੍ਰਿਸ਼ਟ ਰੱਖਣ ਵਿੱਚ ਪੂਰਨ ਸਹਕਾਰੀ ਸਾਬਤ ਹੋ ਰਹੇ ਹਨ. ਏਹਨਾਂ ਦੀਆਂ ਸਰਬ ਸਾਧਾਰਣ ਰੀਤੀਆਂ ਵੇਦਿਕ ਹਿੰਦੂਆਂ ਨਾਲ ਸਾਂਝੀਆਂ ਹਨ, ਜਿਹਾ ਕਿ ਮ੍ਰਿਤਕ ਦਾ ਦਾਹ ਸੰਸਕਾਰ, ਗੌ ਰਕਸ਼ਾ, ਰਸੋਈ ਦੀ ਸੁਚਮ ਤੇ ਮੇਲੇ ਤਿਉਹਾਰ. ਭਾਰੰਤ ਤੋਂ ਬਾਹਿਰ ਦੇ ਮੁਲਕਾਂ ਨਾਲ ਸੰਬੰਧ ਨ ਰੱਖਣ ਦੇ ਕਾਰਣ ਏਹਨਾਂ ਨੇ ਆਪਣੇ ਮਤ ਦੀ ਪਵਿਤ੍ਰਤਾ ਨੂੰ ਕਾਇਮ ਰਖਿਆ ਹੈ. ਬੌਧ ਬਾਹਿਰ ਦੇ ਮੁਲਕਾਂ ਨੂੰ ਸ੍ਰੇਸ਼ਟ ਬਣਾਂਦੇ ੨ ਆਪਣੀ ਸ੍ਰੇਸ਼ਟਤਾ ਵੀ ਜਿਉਂ ਕੀ ਤਿਉਂ ਨਿਰਮਲ ਨਾ ਰਖ ਸਕੇ. ਪਰ ਜੈਨੀਆਂ ਦਾ ਆਪਣੇ ਮਤ ਨੂੰ ਵੇਦ ਦੇ ਆਸ੍ਰੇ ਤੋਂ ਆਜ਼ਾਦ ਸਮਝਣਾ ਇਸੇ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਆਦਮੀ ਅਤਯੰਤ ਮਜ਼ਬੂਤ ਪਥਰੀਲੀਆਂ ਕੰਧਾਂ ਦੇ ਨਾਲ ਨਾਲ ਜੋੜ ਕੇ ਆਪਣੀਆਂ ਦਰਸ਼ਨੀ ਕੰਧਾਂ ਉਸਾਰ ਲਵੇ ਤੇ ਫਿਰ ਏਹਨਾਂ ਦਰਸ਼ਨੀ ਕੰਧਾਂ ਨੂੰ ਪੱਕੀਆਂ ਪਥਰੀਲੀਆਂ ਕੰਧਾਂ ਦੇ ਆਸ੍ਰੇ ਤੋਂ ਸਰਵਥਾ ਆਜ਼ਾਦ ਸਮਝੇ. ਬਸ ਚੇਤੇ ਰਹੇ ਕਿ ਇਹ ਵੇਦਿਕ ਧਰਮ ਦੀ ਹੀ ਵਡਿਆਈ ਤੇ ਬਰਕਤ ਹੈ ਕਿ

ਸਫ਼ਾ ੧੭੬ ਦੀ ਬਾਕੀ

animal life is believed to stain man's psychic individuality, which he endeavours to keep pure, even the involuntary killing of a creature would leave its mark on the spirit...One of their (of the Jain monks') acts of physical mortification is to practise tonsure by pulling out their hairs one by one. Among the most ascetic of the Jains it is highly considered to commit suicide by letting oneself die of inanition." (India : The Country and its Traditions, by Jean Filliozat ; Foreword by Jawahar Lal Nehru ; printed in Switzerland, 1962 ; price in India Rs. 50/-; to be had from the Universal Book Stall, The Mall, Kanpur, U. P.; p. 140.)

Sri Satguru Jagjit Singh Ji eLibrary NamdhariElibrary@gmail.com

ਜੈਨ ਮਤ ਵੀ ਇਸ ਦੇ ਨਾਲ ਨਾਲ ਹੀ ਆਪਣਾ ਰਾਗ ਅਲਾਪ ਰਿਹਾ ਹੈ. ਭਲਾ ਜੈਨੀ ਸੱਜਨ ਜ਼ਰਾ ਵਿਚਾਰ ਕੇ ਵੇਖਨ ਕਿ ਕੀ ਉਹਨਾਂ ਦਾ ਮਤ ਮਸੀਹੀ, ਇਸਲਾਮੀ ਯਾ ਕਿਸੇ ਹੋਰ ਐਸੇ ਹੀ ਮਤਾਵਲੰਬੀ ਦੇਸ਼ ਵਿੱਚ ਇਤਨਾ ਚਿਰ ਐਸਾ ਹਰਿਆ-ਭਰਿਆ ਕਾਇਮ ਰਹਿ ਸਕਦਾ ਸੀ ? ਤੂੰ ਕਾਲ ਅਸੰਭਵ ! ਕਿਉਂ ਜੋ ਸੰਗ੍ਰਾਮ ਵਿੱਚ ਹਮਲਾ ਆਵਰ ਵੈਰੀ ਦੀ ਹਿੰਸਾ ਬਿਨਾ ਸ੍ਵਾਤਮ, ਤੇ ਸ੍ਵਦੇਸ਼ ਸ੍ਵਧਰਮ ਦੀ ਰਖਿਆ ਹੋਣੀ ਸੰਭਵ ਨਹੀਂ !

(੬੦) ਸਾਡੇ ਸਮਕਾਲੀ ਇੰਗਲਿਸਤਾਨ ਦਾ ਜਗਤ ਵਖਿਆਤ ਇਤਿਹਾਸਕਾਰ ਟਾਇਨਬੀ (Arnold J. Toynbee ਜੋ ਆਪਣੀ A study of History, 2nd. Impression 1955, Oxford Uni. Press ਦੀ ਪੰਜਵੀਂ ਜਿਲਦ ਦੇ ੧੦੬ਵੇਂ ਪੰਨੇ ਪੁਰ ਸਿੱਖਾਂ ਦੇ ਸੰਬੰਧ ਵਿੱਚ ਇਹ ਸ਼ਬਦ ਦਰਜ ਕਰ ਚੁੱਕਾ ਸੀ ਕਿ "In Sikhism we see a formidable hailstone that has congealed out of the etherial speculations of Kabir." ਅੱਗੇ ਚਲ ਕੇ ਆਪਣੀ ਸਤਵੀਂ ਜਿਲਦ ਦੇ ੪੧੪ ਪੰਨੇ ਪੁਰ) ਲਿਖਦਾ ਹੈ ਕਿ "ਹਿੰਦੂ ਇਤਿਹਾਸ ਵਿੱਚ, ਸਿੱਖਾਂ ਨੇ ਸ਼ਕਤੀ ਦਾ ਪ੍ਰਯੋਗ ਕਰ ਕੇ, ਆਪਣੇ ਆਪ ਨੂੰ ਮੂਰਖ ਬਣਾਣ ਦੀ (Self-stultification) ਦੀ) ਪ੍ਰਮੁਖ ਮਿਸਾਲ ਪੇਸ਼ ਕੀਤੀ ਹੈ." ਫਿਰ ਏਹੋ ਵਿਦਿਆਰਣਵ ਗ੍ਰੰਥਕਾਰ ਸਨ ੧੯੫੭ ਵਿੱਚ ਅੰਮ੍ਰਿਤਸਰ ਦੀ ਯਾਤ੍ਰਾ ਕਰਦਾ ਹੈ, ਤੇ ਭਾਰਤ ਤੋਂ ਜਾਂਦਾ ਹੋਇਆ ਦਿੱਲੀ ਦੇ ਪ੍ਰਸਿੱਧ ਅੰਗ੍ਰੇਜ਼ੀ ਅਖ਼ਬਾਰ ਹਿੰਦੁਸਤਾਨ ਟਾਈਮਜ਼ ਵਿਚ (ਰਵਿਵਾਰ, ੨ ਜੂਨ, ਸਨ ੧੯੫੭, ਮੈਗੇਜ਼ੀਨ ਸੈਕਸ਼ਨ ਦੇ ਪੰਨੇ ੧ ਤੇ ੨ ਪਰ) ਇੱਕ ਬੜੇ ਲੰਮੇ ਚੌੜੇ ਲੇਖ (The World's Burliest Men) ਦੁਆਰਾ ਸਿੱਖਾਂ ਦੀ ਰੱਜ ਕੇ ਪ੍ਰਸ਼ੰਸਾ ਕਰਦਾ ਹੈ ਤੇ ਕਹਿੰਦਾ ਹੈ "They are the burliest men on the face of the planet, tough and capable and slightly grim. If human life survives the present chapter of man's history, the Sikhs, for sure will still be on the map." ਅਰਥਾਤ, "ਇਹ ਭੂ ਮੰਡਲ ਪਰ ਸਭ ਤੋਂ ਵਧੀਕ ਕਦਾਵਰ ਮਰਦ ਹਨ. ਮਜ਼ਬੂਤ ਤੇ ਕਾਬਿਲ, ਤੇ ਜ਼ਰਾ ਉਗ੍ਰ ਦਰਸ਼ਨ. ਜੇ ਇਨਸਾਨੀ ਜੀਵਨ ਨੇ ਮਾਨੁਖੀ ਇਤਿਹਾਸ ਦੇ ਵਰਤਮਾਨ ਦੌਰ ਦੇ ਮਗਰੋਂ ਵੀ ਕਾਇਮ ਰਹਿਣਾ ਹੈ ਤਾਂ ਯਕੀਨੀ ਤੌਰ ਤੇ ਸਿੱਖ ਉਸ ਵੇਲੇ ਵੀ ਨਕਸ਼ੇ ਦੇ ਉੱਪਰ ਹੀ ਹੋਨਗੇ." ਇਹ ਹੈ ਸ਼ਕਤੀ ਦੀ ਸ਼ਰਣਾਗਤਿ ਹੋਣ ਦਾ ਫਲ, ਜਿਸ ਦੀ ਬਦੌਲਤ, ਆਰਨੋਲਡ ਟਾਇਨਬੀ ਅਨੁਸਾਰ, ਸਿੱਖ ਸਾਰੇ ਆਗਾਮੀ ਕਾਲ ਵਿੱਚ ਧਰਤੀ ਤੇ ਕਾਇਮ ਰਹਿਨਗੇ ਤੇ ਏਹੋ ਸ਼ਕਤੀ ਹੈ ਜਿਸ ਵਲ ਝੁਕ ਜਾਣ ਦੇ ਕਾਰਣ ਆਰਨੋਲਡ ਟਾਇਨਬੀ

Sri Satguru Jagjit Singh Ji eLibrary NamdhariElibrary@gmail.com

ਨੇ ਆਪਣੇ ਮਹਾਨ ਗ੍ਰੰਥ ਵਿੱਚ ਸਿੱਖਾਂ ਨੂੰ ਸਿਆਣਾ ਨਹੀਂ ਕਿਹਾ. ਪਰ ਉਹ ਕੇਹੜੇ ਮਜ਼ਬੂਤ, ਕਾਬਿਲ, ਤੇ ਉਗ੍ਰਦਰਸ਼ਨ (ਹੈਬਤਨਾਕ) ਸਿੱਖ ਹਨ ਜਿਨ੍ਹਾਂ ਦੀ ਬਦੌਲਤ ਸਿੱਖ ਹੁਣ ਤਕ ਸਜੀਵ ਕਾਇਮ ਰਹੇ ਹਨ ਤੇ ਜਿਨ੍ਹਾਂ ਦੀ ਬਦੌਲਤ ਏਹਨਾਂ ਨੇ ਸਾਰੇ ਆਗਾਮੀ ਕਾਲ ਵਿੱਚ ਧਰਤੀ ਤੇ ਕਾਇਮ ਰਹਿਣਾ ਹੈ !ਹਾਂ ਜੀ ਇਹ ਉਹ ਹਨ ਜਿਨ੍ਹਾਂ ਨੇ ਸੰਗਤ ਵਿੱਚ ਸ਼ਰਧਾ ਤੇ ਭਗਤੀ ਨੂੰ, ਅਰ ਸੰਗ੍ਰਾਮ ਵਿੱਚ ਸ਼ਕਤੀ ਤੇ ਸ਼ਸਤ੍ਰ ਨੂੰ, ਮੁੱਖ ਰਖਿਆ ਹੈ. ਹਾਂ ਜੀ, ਰਾਮਗੜ੍ਹੀਏ (R), ਆਹਲੂਵਾਲੀਏ (A) ਤੇ ਜੱਟ (J) ! ਤਿਨੋਂ ਰਾਜ (R-A-J) ਸ਼ਾਹੀ ਮਰਦ, ਇਨਸਾਨੀ ਜਾਮੇ ਵਿੱਚ ਸ਼ੇਰ ਬਬਰ ! ਰਾਮ ਗੜ੍ਹੀਆਂ ਦੇ ਬੁੰਗੇ ਦੇ ਅਜ਼ੀਮ ਤੇ ਸ਼ਾਨਦਾਰ ਬੁਰਜ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਨਾਲ) ਅਜੇ ਵੀ ਸਿੱਖੀ ਤੇ ਸਿੱਖਾਂ ਦੀ ਪੁਰਾਤਨ ਰਖਿਆ ਦਾ ਢੰਢੋਰਾ ਦੇ ਰਹੇ ਨਨ. ਸ੍ਰੀ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿੱਚ ਵਾਹਿਦ ਇਸੇ ਕੌਮ ਦੇ ਲਾਲੋ ਗ੍ਰਿਹਸਥੀ ਨੂੰ ਉਸ ਦੇ ਨਾਮ ਮੁਬਾਰਕ ਦੁਆਰਾ ਸੰਬੋਧਨ ਕੀਤਾ ਹੈ. ਏਹਨਾਂ ਤਿਨਾਂ ਦੁਸ਼ਟ-ਦਮਨ ਕੌਮਾਂ ਨੂੰ ਕਲਗੀ ਧਰ ਸ੍ਵਾਮੀ ਨੇ ਜਗਾਇਆ, ਅਪਣਾਇਆ ਤੇ ਹਾਂ ਜੀ, ਏਹਨਾਂ ਨੂੰ ਆਪਣੀ ਅਗਾਧ ਸ਼ਕਤੀ ਦਾ ਅਪਾਰ ਕੇਂਦ੍ਰ ਥਾਪਿਆ ਤੇ ਸਨਾਤਨ ਸ੍ਰੇਸ਼ਟ ਧਰਮ ਦੀ ਪਵਿਤ੍ਰਤਾ ਨੂੰ ਮਲੇਛਾਂ ਤੋਂ ਬਚਾਇਆ. ਅੰਤਰਯਾਮੀ ਸਤਿਗੁਰੂ ਜੀ ਆਪ ਹੀ ਜਾਣਨ ਕਿ ਉਸ ਘੋਰ ਭਿਆਨਕ ਅਠਾਰ੍ਹਵੀਂ ਈਸ੍ਵੀ ਸਦੀ ਵਿੱਚ ਖਤ੍ਰੀ ਤੇ ਅਰੋੜਬੰਸੀ ਕੀ ਕਰ ਰਹੇ ਸਨ ! ਸਿੱਖੀ ਸਿਦਕ ਤੇ ਸਦਾਕਤ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਸ਼ਹਾਦਤ ਦੇ ਜਾਮ ਏਹਨਾਂ ਹੀ ਤਿੰਨਾਂ ਕੌਮਾਂ ਦੇ ਸਪੂਤਾਂ ਨੇ ਪੀਤੇ ! ਸਨ ੧੭੪੬ ਦੇ ਨਿੱਕੇ ਤੇ ਸਨ ੧੭੬੨ ਦੇ ਵੱਡੇ ਘਲੂ ਘਾਰੇ (ਗ਼ਾਰਤ ਗ਼ੌਲ) ਵਿੱਚ ਅਣ ਗਿਣਤ ਕੁਰਬਾਨੀਆਂ ਦੇ ਪਾਵਨ ਢੇਰ ਵੀ ਏਹਨਾਂ ਦੇ ਹੀ ਲੱਗੇ ! ਹੈਦਰੀ ਝੰਡੇ ਦੀ ਆਫ਼ਤ ਵਿੱਚ ਤੇ ਗਸ਼ਤੀ ਫ਼ੌਜ ਦੀ ਦਹਿਸ਼ਤ ਵਿੱਚ ਸਿਰ ਵੀ ਏਹਨਾਂ ਹੀ ਜਾਗਦੀ ਜੋਤਿ ਦੇ ਪਰਵਾਨਿਆਂ ਦੇ ਵਿੱਕੇ! ਏਹਨਾਂ ਨੇ ਹੀ ਪੁਰਾਤਨ ਹਰਿ ਮੰਦਿਰ ਦੀ ਤਬਾਹੀ ਮਗਰੋਂ ਮੁੜ ਨਵੇਂ ਹਰਿ-ਮੰਦਿਰ, ਅੰਮ੍ਰਿਤਸਰ, ਦੀ ਜਲਵਾ ਗਰੀ ਕੀਤੀ ! ਏਹਨਾਂ ਨੇ ਹੀ ਬੇ ਸ਼ੁਮਾਰ ਹੋਰ ਪ੍ਰਸਿੱਧ ਤੇ ਅਪ੍ਰਸਿੱਧ ਗੁਰਦੁਆਰੇ ਪ੍ਰਗਟਾਏ ! ਤੇ ਏਹਨਾਂ ਨੇ ਹੀ ਬਹੁਤ ਬਾਦ ਵਿੱਚ ਹੋਰ ਹਿੰਦੂ ਜਾਤੀਆਂ ਤੇ ਵਿਅਕਤੀਆਂ ਵਿਚ ਉੱਦਮ ਤੇ ਉਤਸਾਹ ਉਤਪੰਨ ਕਰ ਕੇ ਸਿੱਖੀ ਦਾ ਪ੍ਰਚਾਰ ਕੀਤਾ ਤੇ ਸਿੱਖ ਸਭਾਵਾਂ, ਸਿੱਖ ਦੀਵਾਨ, ਨਾਨਾ ਭਾਂਤਿ ਦੇ ਸਿੱਖ ਆਸ਼੍ਰਮ ਤੇ ਮਹਾਨ ਵਿਦਿਆ ਕੇਂਦ੍ਰ ਥਾਪੇ (ਦੇਖੋ, A History of the Khalsa College, Amritsar, 1949, ਵਿੱਚ ੨੯ ਤੇ ੫੭ ਪੰਨਿਆਂ ਪੁਰ ਪ੍ਰਾਰੰਭਕ ਮੁੱਖ ਦਾਨੀਆਂ ਦੀਆਂ ਸੂਚੀਆਂ—ਕੇਵਲ ਦੋ ਖਤ੍ਰੀ ਹਨ, ਇੱਕ ਬੇਦੀ ਤੇ ਇੱਕ ਸੋਢੀ, ਅਰੋੜਾ ਇੱਕ ਵੀ ਨਹੀਂ. ਸੋਲਾਂ ਲੱਖ, ਤੇਰਾਂ ਹਜ਼ਰਾ

Sri Satguru Jagjit Singh Ji eLibrary NamdhariElibrary@gmail.com

ਚਾਰ ਸੌ ਅੱਸੀ ਰੁਪੈਆਂ ਦੀ ਅਜ਼ੀਮ ਰਕਮ ਵਿੱਚ ਕੁਲ ਬੱਤੀ ਹਜ਼ਾਰ ਰੁਪੈਆ ਬੇਦੀ ਤੇ ਸੋਢੀ ਦੋ ਬਜ਼ੁਰਗਾਂ ਦਾ ਸੀ, ਬਾਕੀ ਸਭ ਜੱਟਾਂ ਤੇ ਆਹਲੂਵਾਲੀਏ ਰਾਜੇ ਰਈਸਾਂ ਦਾ, ਜੋ ਖ਼ਾਲਸਾ ਕਾਲਜ ਅੰਮ੍ਰਿਤਸਰ ਲਈ ਆਦਿ ਵਿੱਚ ਸ੍ਰੋਤਿਆਂ ਨੂੰ ਸੁਣਾਇਆ ਗਿਆ). ਅਠਾਰੂਵੀਂ ਸਦੀ ਵਿੱਚੋਂ ਅਜੇ ਦਰਸ਼ਨੀ, ਕਾਮਨਾ ਪੂਰਕ, ਤੇ ਸੁਖ ਚੈਨ ਅਰ ਮਾਨ ਪ੍ਰਤਿਸ਼ਠਾ ਦੀ ਸਿੱਖੀ ਧਾਰਨ ਦਾ ਸਮਾਂ ਨਾ ਆਇਆ ਸੀ. * ਓਦੋਂ ਸ਼ਹੀਦੀ ਦੀ ਖ਼ੂਨੀ ਵੇਦੀ ਪਰ ਸਿਰ ਨੂੰ ਤਲੀ ਤੇ ਧਰ ਕੇ ਸਾਹਮਣੇ ਹੋਣ ਲਈ, ਗਣਤਾਂ ਗਣਨ ਵਾਲੇ ਹਟਵਾਣੀਆਂ ਵਿੱਚ, ਤੇ ਆਮ ਵਪਾਰੀ ਤਬਕਿਆਂ ਵਿੱਚੋਂ ਖੰਡਾਮ੍ਰਿਤੀ ਸਿੱਖੀ ਧਾਰਨ ਲਈ ਅਜੇ ਕੋਈ ਤਿਆਰ ਨ ਹੋਇਆ ਸੀ.

(੬੧) ਰਾਜ ਯਾ ਮਿਸਲ ਬੰਸੀਆਂ ਤੋਂ ਇਲਾਵਾ ਇਤਰ ਜਾਤੀਆਂ ਲਈ ਸਿੱਖੀ ਧਾਰਨ ਦਾ ਸਮਾਂ ਅਠਾਰੂਵੀਂ ਸਦੀ ਦੇ ਖ਼ਾਤਮੇ ਤੋਂ ਅਰ ਉਨੀਵੀਂ ਸਦੀ ਦੇ ਆਦਿ ਤੋਂ, ਅਰਥਾਤ ਮਹਾਰਾਜਾ ਰੰਜੀਤ ਸਿੰਘ ਦੀ ਤਾਜਪੋਸ਼ੀ ਦੇ ਨਾਲ, ਅਰ ਪ੍ਰਸਿਧ ਇਤਿਹਾਸਿਕ ਗੁਰਦੁਆਰਿਆਂ ਵਿੱਚ ਪੁਜਾਰੀ, ਗ੍ਰੰਥੀ ਤੇ ਮਹੰਤ ਥਾਪਣ ਦੇ ਸਮੇਂ ਤੋਂ ਅਰੰਭ ਹੋਇਆ. ਤਕਰੀਬਨ ਅੱਠ ਸੌ ਵਰ੍ਹਿਆਂ ਮਗਰੋਂ ਪੱਛਮੀ ਪੰਜਾਬ ਲਈ ਸੁਭਾਗਾ ਚੈਨ ਨਾਲ ਸਾਹ ਲੈਣ ਦਾ ਸਮਾਂ ਆਇਆ. ਪਰ ਜਿਉਂ ੨ ਮਿਸਲ ਬੰਸੀਆਂ ਵਿੱਚ ਸਿੱਖੀ ਧਾਰਣ ਕਰ ਕਰ ਕੇ ਇਤਰ ਜਾਤੀਆਂ ਰਲਦੀਆਂ ਗਈਆਂ ਤਿਉਂ ਤਿਉਂ ਗੁਰ ਪੰਥ ਵਿੱਚ ਗੁਰਮਤਿ-ਵਿਰੁੱਧ ਕੁਰੀਤੀਆਂ ਔਂਦੀਆਂ ਗਈਆਂ, ਜੋ ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਵਣ ਦੇ ਸਮੇਂ (ਸਨ ੧੭੦੮) ਤੋਂ ਬਾਦ, ਤਕਰੀਬਨ ਇੱਕ ਸੌ ਵਰ੍ਹਿਆਂ ਤਕ ਮਿਸਲ ਬੰਸੀ ਸਿੱਖਾਂ ਨੇ ਨ ਔਣ ਦਿਤੀਆਂ ਸਨ. ਸਿੱਖਾਂ ਦੀ ਸੰਖਿਆ ਵਧਦੀ ਗਈ ਪਰ ਏਹਨਾਂ ਵਿੱਚ ਸਿਦਕ ਤੇ ਸਦਾਕਤ ਘਟਦੇ ਗਏ. ਏਹਨਾਂ ਵਿੱਚ ਸ਼ਰਧਾ ਤੇ ਵਿਸ਼੍ਵਾਸ ਗੁਰਮਤਿ ਤੋਂ ਇਲਾਵਾ ਹੋਰ ਉਹਨਾਂ

---

*ਭਾਈ ਗੁਰਦਾਸ ਜੀ ਦਾ ਇਹ ਅਦੁਤੀ ਕਥਨ ਵੀ, ਗੁਰ ਸਿੱਖਾਂ ਦੇ ਪ੍ਰਸਪਰ ਨਾਤੇ ਦੀ ਅਪੂਰਬਤਾ ਸੰਬੰਧੀ, ਉਸੇ ਸੁਭਾਗੇ ਸਮੇਂ ਤਕ ਹੀ ਪੂਰਨ ਘਟਦਾ ਸੀ :-

"ਨਹੀਂ ਦਦਸਾਰ ਪਿਤਾ ਪਿਤਾਮਾ ਪਰ ਪਿਤਾਮਾ, ਸੱਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।
ਨਹੀਂ ਨਨਸਾਰ ਮਾਤਾ ਪਰ ਮਾਤਾ ਬ੍ਰਿੱਧ ਮਾਤਾ, ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਖਯਾਤਾ ਹੈ।
ਨਹੀਂ ਸਸੁਰਾਰ ਸਾਸ ਸਸੁਰ ਔ ਸਾਰੋ ਸਾਲੀ, ਨਹੀਂ ਵਿਰਤੀਸਰ ਔ ਜਾਚਕ ਨ ਦਾਤਾ ਹੈ।
ਅਸਨ ਬਸਨ ਧਨ ਧਾਮ ਕਾਹੂੰ ਮੈਂ ਨ ਦੇਖਯੋ ਜੈਸੋ ਗੁਰ ਸਿੱਖ ਸਾਧ ਸੰਗਤ ਕੋ ਨਾਤਾ ਹੈ॥"
(ਕਬਿੱਤ ਸਵੈਯੇ ੧੧੬ ॥)

ਹੁਣ ਇਸ ਵਾਕ ਦੀ ਝਲਕ ਮਾਤ੍ਰ ਸੱਤਾ ਵੇਖਣ ਲਈ ਵੀ ਕੀ ਪਤਾ ਸਾਨੂੰ ਕਦੋਂ ਤਕ ਉਡੀਕਣਾ ਪਵੇ !

Sri Satguru Jagjit Singh Ji eLibrary NamdhariElibrary@gmail.com

ਰੀਤੀਆਂ, ਵਿਅਕਤੀਆਂ ਤੇ ਪਦਾਰਥਾਂ ਉੱਤੇ ਵੀ ਜਮਦੇ ਗਏ ਜੋ ਇਹ ਨਵੀਨ ਸਿੱਖਾਂ ਯਾ ਸਿੰਘਾਂ ਦੀਆਂ ਚਤੁਰ, ਪ੍ਰਬੀਣ ਤੇ ਇਤਰ ਜਾਤੀਆਂ ਆਪਣੇ ਨਾਲ ਲਿਆਈਆਂ ਸਨ. ਹੁਣ ਗੁਰਪੰਥ ਦੀਆਂ ਸ਼ਰਈ ਕੁਰੀਤੀਆਂ ਤੇ ਬੇ ਉਨਵਾਨੀਆਂ ਤਾਂ ਭਾਵੇਂ ਕਦੇ ਮੁਕੰਮਲ ਤੌਰ ਤੇ ਦੂਰ ਹੋ ਵੀ ਜਾਵਨ, ਪਰ ਇਸ ਦੀਆਂ ਇਖ਼ਲਾਕੀ ਖ਼ਾਮੀਆਂ ਤੇ ਕਮਜ਼ੋਰੀਆਂ ਦਾ ਦੂਰ ਹੋਣਾ ਸੁਖੈਨ ਸੰਭਵ ਨਹੀਂ ! ਇਹ ਹੈ ਨਿਰਮਲ ਨਿਰੋਲ ਮਹਿਦੂਦ ਸਤਿਸੰਗਤ ਨੂੰ ਮਿਸ਼੍ਰਿਤ ਮਿਲਗੋਭਾ ਲਾ-ਮਹਿਦੂਦ ਸੰਗਤ ਬਣਾਣ ਦਾ ਪਰਿਣਾਮ ! ਕੋਣ ਨਹੀਂ ਜਾਣਦਾ ਕਿ ਗੁਰਮਤਿ ਦੇ ਪ੍ਰਵਰਤਕ ਸਾਡੇ ਅਕਾਲ ਰੂਪ, ਦਸ ਹੀ ਸਤਿਗੁਰੂ ਸਿਲਸਿਲੇ ਵਾਰ ਸਾਰੇ ਖਤ੍ਰੀ ਸਨ. ਪਰ ਇਹ ਵੀ ਜਾਣਨਾ ਜ਼ਰੂਰੀ ਹੈ ਕਿ ਗੁਰਮਤਿ ਦੇ ਪ੍ਰਚਾਰਕ, ਪ੍ਰਸਾਰਕ, ਰਕਸ਼ਕ ਤੇ ਸੁਧਾਰਕ ਭਾਈ ਬੁੱਢਾ ਜੀ ਤੇ ਚਾਲ੍ਹੀ ਮੁਕਤਿਆਂ ਤੋਂ ਲੈ ਕੇ ਨਾਭਾ ਨਿਵਾਸੀ ਭਾਈ ਸਾਹਿਬ ਕਾਨ੍ਹ ਸਿੰਘ ਤੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਤਕ ; ਸ੍ਰਦਾਰ ਜੱਸਾ ਸਿੰਘ ਕਲਾਲ ਤੋਂ ਬਾਬਾ ਖੜਕ ਸਿੰਘ ਜੀ ਸਿਆਲਕੋਟੀਏ ਤਕ ; ਅਰ ਸ੍ਰਦਾਰ ਜੱਸਾ ਸਿੰਘ ਰਾਮਗੜ੍ਹੀਏ ਤੋਂ ਲੈ ਕੇ ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ ਤਕ ; ਕੇਵਲ ਜੱਟ, ਆਹਲੂਵਾਲਿਏ ਤੇ ਰਾਮਗੜ੍ਹੀਏ ਹੀ ਸਾਬਤ ਹੁੰਦੇ ਹਨ. ਹੁਣ ਵੀ ਏਹਨਾਂ ਹੀ ਤਿੰਨਾਂ ਕੌਮਾਂ ਵਿੱਚ ਸਭ ਤੋਂ ਘਟ ਸੰਖਿਆ ਸਿੱਖੀ ਤੋਂ ਪਤਿਤ ਹੋਣ ਵਾਲੇ ਪ੍ਰਾਣੀਆਂ ਦੀ ਹੈ. ਗੁਰਵੰਸ਼ੀ, ਚੰਦ ਇੱਕ, ਬਾਵਿਆਂ ਸਾਹਿਬ ਜ਼ਾਦਿਆਂ ਦਾ ਗੁਰਮਤਿ ਪ੍ਰਚਾਰ ਸ਼ਹੀਦੀ ਜ਼ਮਾਨੇ ਤੋਂ ਬਹੁਤ ਪਿੱਛੇ ਦਾ ਹੈ, ਤੇ ਸ੍ਵਾਰਥ ਤੋਂ ਖ਼ਾਲੀ ਨਹੀਂ, ਅਰ ਪੂਰੀ ਤਰ੍ਹਾਂ ਗੁਰੂ ਆਸ਼ੇ ਅਨੁਸਾਰ ਵੀ ਨਹੀਂ. ਹਾਂ ਗੁਰੂ ਘਰ ਦੇ ਸਾਧਾਂ ਤੇ ਸੰਤਾਂ ਦਾ ਗੁਰਮਤ ਪ੍ਰਚਾਰ ਭਾਵੇਂ ਸ਼ਹੀਦੀ ਛੇਤ੍ਰ ਤੋਂ ਬਹੁਤ ਦੁਰਾਡੇ ਦੇਸਾਂ ਵਿਚ ਹੋਇਆ ਹੈ, ਤਾਂਵੀ ਇਹ ਗੁਰਮਤਿ ਦੀ ਗੂੜ੍ਹ ਰੰਗਨ ਵਿਚ ਰੰਗਿਆ ਹੋਇਆ ਸੀ ਜਿਸਦਾ ਕਾਰਣ ਕੇਵਲ ਇਹ ਸੀ ਕਿ ਇਹ ਸਾਧੂ ਮਹਾਤਮਾ ਵੇਦਿਕ ਵਿਦ੍ਵਾਨ ਹੋਨ ਕਰਕੇ ਗੁਰਮਤ ਦੇ ਯਥਾਰਥ ਤੱਤ ਨੂੰ ਭਲੀ ਪ੍ਰਕਾਰ ਸਮਝਦੇ ਸਨ.

(੬੨) ਪੰਜਾਂ ਪਿਆਰਿਆਂ ਨੂੰ ਪ੍ਰਗਟਾਣ ਮਗਰੋਂ ਤੇ ਸੱਚ ਖੰਡ ਤੋਂ ਅੰਮ੍ਰਿਤ ਲਿਆਣ ਮਗਰੋਂ ਸ਼੍ਰੀ ਗੁਰੂ ਕਲਗੀ ਧਰ ਦੀ ਸਭ ਤੋਂ ਵੱਡੀ ਕਰਾਮਾਤ ਇਹ ਸੀ ਕਿ ਉਹਨਾਂ ਨੇ ਜੱਟ ਜਾਤਿ ਦੀ ਸ਼ਾਰੀਰਿਕ, ਮਾਨਸਿਕ ਤੇ ਆਧਿਆਤਮਿਕ ਪ੍ਰਕ੍ਰਿਤੀ ਦੀ ਹਕੀਕਤ ਨੂੰ ਠੀਕ ਠੀਕ ਪਛਾਣ ਲਿਆ. ਜਿੱਕੁਰ ਬਿਜਲੀ ਦੇ ਵਿਗਿਆਨੀਆਂ ਨੇ ਟੰਗਸਟਨ (Tungsten) ਧਾਤ ਦੇ ਕਰੜੇ ਪਨ ਨੂੰ ਸਹੀ ਤੌਰ ਤੇ ਜਾਂਚ ਲਿਆ ਕਿ ਬਿਜਲੀ ਦੀ ਅਸੀਮ ਤਪਸ਼ ਨੂੰ ਇਸ ਦੀ ਹੀ ਤਾਰ ਨੇ ਸਹਾਰ ਕੇ ਰੋਸ਼ਨੀ ਦੇਣੀ ਹੈ, ਇਵੇਂ ਕਲਗੀਧਰ ਸ੍ਵਾਮੀ ਨੇ ਬੁੱਝ ਲਿਆ ਕਿ ਗੁਰ ਸਿੱਖੀ ਦੇ ਸਿਦਕ ਤੇ ਸਦਾਕਤ ਦੇ ਯੁਕਤ ਪ੍ਰਕਾਸ਼ ਲਈ, ਅਰ ਸ੍ਰੇਸ਼ਟ ਧਰਮ ਦੀ ਰਖਿਆ

Sri Satguru Jagjit Singh Ji eLibrary NamdhariElibrary@gmail.com

ਲਈ ਜੱਟ ਜਾਤਿ ਨੇ ਹੀ ਗਿਣਤੀ ਤੇ ਮਜ਼ਬੂਤੀ ਵਿੱਚ ਹੋਰ ਸਾਰੀਆਂ ਜਾਤੀਆਂ ਤੋਂ ਵਧੀਕ ਉਤਕ੍ਰਿਸ਼ਟ ਸਾਬਤ ਹੋਣਾ ਹੈ. ਚੁਨਾਂਚਿ ਕਮਾਲ ਹੈ ਕਿ *ਜੱਟਾਂ ਨੇ ਉਸ ਬਈਦੁਲ ਬਿਆਸ ਤੰਗਦਸਤੀ ਦੇ ਸਮੇਂ (ਅਠਾਰੁਵੀਂ ਈਸ੍ਵੀ ਸਦੀ) ਵਿੱਚ ਸਾਢੇ ਤ੍ਰੇਠ ਹਜ਼ਾਰ (੬੩੫੦੦) ਘੁੜਸਵਾਰ ਸ਼ਸਤ੍ਰ ਧਾਰੀਆਂ ਦੀਆਂ ਦਸ ਮਿਸਲਾਂ ਕਾਇਮ ਕੀਤੀਆਂ, ਤੇ ਤਿੰਨ ਤਿੰਨ ਹਜ਼ਾਰ ਘੁੜਚੜਿਆਂ ਦੀ ਇੱਕ ਇੱਕ ਬਲਿਸ਼ਟ ਮਿਸਲ ਰਾਮ ਗੜੀਆਂ ਤੇ ਆਹਲੂਵਾਲੀਆਂ ਨੇ ਥਾਪੀ. (ਦੇਖੋ, Origin of the Sikh power in the Punjab, by H. T. Prinsep, Calcutta Edition, 1834 : pp. 23, 24, 25)

* "The origin of the Jat:—Perhaps no question connected with the ethnology of the Panjab peoples has been so much discussed as the origin of the Jat race. It is not my intention here to reproduce any of the arguments adduced. They will be found in detail in the Archaeological Survey Reports, Vol. 2, pages 51 to 61; in Tod's Rajasthan, Vol. 1, pages 52 to 75 and 96 to 101 (Madras Reprint, 1880); in Elphinstone's History of India, pages 250 to 253; and in Elliot's Races of the N.W.P., Vol. 1, pages 130 to 137. Suffice it to say that both General Cunningham and Major Tod agree in considering the Jats to be of Indo-Scythian stock. The former identifies them with the zanthii of Strabo and the Jatii of Pliny and Ptolemy; and holds that they probably entered the Panjab from their home on the oxus very shortly after the Meds or Mands, who also were Indo-Scythians and who moved into the Panjab about a century before Christ. The Jats seem to have first occupied the Indus valley as far down as Sindh.....Major Tod classes) Jats as one of the great Rajput tribes, and extends his identification with the Getae to both races." Panjab Castes, by Sir Denzil Ibbetson (Lahore Reprint, 1916, of 1883 Edition, P. 97,) ਜੱਟ ਜਾਤਿ ਦੀ ਸਿੱਖਾਂ ਵਿੱਚ ਪ੍ਰਮੁੱਖਤਾ ਤੇ ਵਿਸ਼ੇਸ਼ਤਾ ਦੇ ਸੰਬੰਧ ਵਿੱਚ ਮੇਜਰ ਸ਼ਾਰਟ (Major J. Mcl. Short) ਨੇ, ਜੋ ਸਿੱਖਾਂ ਦੀ ੪੭ ਨੰਬਰ ਪਲਟਣ ਵਿੱਚ ਅਫ਼ਸਰ ਰਿਹਾ ਹੈ, ੧੦ ਮਈ, ਸਨ ੧੯੬੧ ਨੂੰ ਲੰਡਨ ਵਿੱਚ ਰਾਇਲ ਸੈਂਟ੍ਰਲ ਏਸ਼ੀਅਨ ਸੋਸਾਇਟੀ ਦੇ ਸਾਹਮਣੇ, ਸਰ ਓਲਫ਼ ਕੈਰੋ (Sir Olaf Caroe) ਦੀ ਪ੍ਰਧਾਨਤਾ ਹੇਠ, ਇੱਕ ਬੜਾ ਵਿਦ੍ਵਤਾ ਪੂਰਿਤ ਲੇਖ ਸੁਣਾਇਆ ਹੈ, ਜੋ ਇਸ ਸੋਸਾਇਟੀ (R. C. A. Society, London) ਦੇ ਜੁਲਾਈ--ਅਕਤੂਬਰ ਨੰਬਰ ਵਿੱਚ ਛਪਿਆ ਹੈ (ਤੇ ਜਿਸ ਨੂੰ 'ਦੀ ਮਿਸ਼ਨਰੀ', The "Missionary" Quarterly, Union Bank Building, Ajmal Khan

ਬਾਕੀ ਸਫ਼ਾ ੧੯੩ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਤੇ ਇਉਂ ਏਹਨਾਂ ਨੇ ਸ਼ਸਤ੍ਰਾਂ ਦੀ ਅਪਾਰ ਸ਼ਕਤੀ ਤੇ ਨਿਜ ਬਾਹੂ ਬਲ ਦੁਆਰਾ ਮਲੇਛਾਂ ਤੋਂ ਭਾਰਤ ਦੇ ਪੁਰਾਤਨ ਧਰਮ ਨੂੰ ਬਚਾਇਆ. ਇਹ ਹੈ ਉਹ ਸ਼ਕਤੀ ਜਿਸ ਦਾ ਪ੍ਰਯੋਗ ਕਰਨ ਲਈ ਪ੍ਰੋਫ਼ੈਸਰ ਆਰਨੋਲਡ ਟਾਇਨਬੀ ਨੇ ਸਿੱਖਾਂ ਦੀ ਨਿੰਦਾ ਕਰ ਕੇ ਮਗਰੋਂ ਉਸਤਤੀ ਕੀਤੀ ਹੈ. ਤਾਂ ਤੇ ਕਿਸੇ ਵੀ ਪਿਆਰੇ ਤੇ ਸਤਕਾਰੇ ਪਦਾਰਥ ਦੀ ਖ਼ੂੰਖ਼ਾਰ ਵੈਰੀ ਤੋਂ ਖ਼ੈਰ ਮਨਾਣ ਲਈ ਸ਼ਸਤ੍ਰ ਤੇ ਬਾਹੂ ਸ਼ਕਤੀ ਦਾ ਹੋਣਾ, ਤੇ ਉਸ ਦਾ ਪ੍ਰਯੋਗ ਕਰਨਾ ਪਰਮ ਆਵਸ਼ਜਕ ਹੈ, ਜਦ ਤਕ ਕਿ ਇਸ ਜਗਤ ਵਿੱਚ ਨਿਰੀ ਮਾਨਸਿਕ ਸ਼ਕਤੀ ਦੇ ਉਤਕ੍ਰਿਸ਼ਟ ਪ੍ਰਭਾਵ ਦੁਆਰਾ, ਬਿਨਾ

ਸਫ਼ਾ ੧੮੨ ਦੀ ਬਾਕੀ

Road, New Delhi-5 , ਨੇ ਆਪਣੇ ਜੁਲਾਈ-ਸਤੰਬਰ ੧੯੬੨ ਅੰਕ ਵਿੱਚ ੧੭ ਤੋਂ ੨੭ ਪੰਨਿਆਂ ਪਰ ਛਾਪਿਆ ਹੈ). ਇਸ ਵਿੱਚ ਜੱਟ ਨੂੰ, ਵਿਸ਼ੇਸ਼ ਕਰਕੇ ਮਾਝੇ ਦੇ ਜੱਟ ਨੂੰ, ਸਿੱਖ ਕੌਮ ਦੀ ਰੀੜ੍ਹ ਦੀ ਹੱਡੀ, ਅਥਵਾ ਠੋਸ ਬੁਨਿਆਦ, ਕਿਹਾ ਹੈ. ਲੇਖ ਦੇ ਪਾਠ ਤੋਂ ਸਾਬਤ ਹੁੰਦਾ ਹੈ ਕਿ ਮੇਜਰ ਸ਼ਾਰਟ ਨੂੰ ਇਸ ਮਜ਼ਮੂਨ ਦੀ ਪੂਰੀ ੨ ਵਾਕਫ਼ੀਅਤ ਹੈ. ਮਸਲਨ ਆਪ ਨੇ ਕਿਹਾ: "To-day these Sikhs still account for a bare 2 per cent of the population of the Indian sub-continent. They are still almost all natives of the Panjab. One third of them is still an amalgam of several Indian races, two of whom, the *Khatri* and his bar-sinister racial cousin the *Arora*, but especially the *Khatri*, have served Sikhism well. The remaining two-thirds of them are still *Juts* of the Central Punjab. It is these *Juts* of the Central Punjab who are, I suggest, the core of Sikhism." (p. 19, of the Missionary.) "While these *Jats* or *Juts* generally are more or less Indianized, the Punjabi *Jut* who is a Sikh is not only strikingly unlike the Punjabi Jut who is not one, but the *Jut* Sikh, very specially the Manja *Jut* Sikh, is the most strikingly un-Indian of all Indians." (p. 20.) "Mr. Nehru has recently said that the *Indian is a singularly feminine Character.* This Jut Sikh is an out and out male." (p. 20.) "The Manja Jut Sikh, who, as I have already said, is the core of Sikhism and, it is he who has called the tune and paid the piper of spiritual and temporal Sikhism. And he will continue to do so as long as he finds Sikhism serves his spiritual and temporal needs. And I see no signs of his ceasing to do so. When before the first Sikh war we thought the Sikh army a "rabble, and before the second were convinced that the Sikh soldiery would be swept like dust before

ਬਾਕੀ ਸਫ਼ਾ ੧੮੪ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਅਸਤ੍ਰ-ਸ਼ਸਤ੍ਰੀ ਯੁੱਧ ਦੇ, ਮਨੁਖ ਆਪਣੇ ਵੈਰੀਆਂ ਯਾ ਵਿਰੋਧੀਆਂ ਨੂੰ, ਬਿਨਾ ਹਿੰਸਾ ਦੇ ਜਿੱਤਣ ਯੋਗ ਨਹੀਂ ਜੋ ਜਾਂਦੇ. ਪਰ ਚੂੰਕਿ ਅਸੀਂ ਪ੍ਰਤੱਖ ਵੇਖਦੇ ਹਾਂ ਕਿ ਜਗਤ ਵਿੱਚ ਵਿਅਸ਼ਟੀ ਤੌਰ ਤੇ (Individually) ਅਰ ਸਮਸ਼ਟੀ ਤੌਰ ਤੇ (Collectively) ਦੋਹਾਂ ਹਾਲਤਾਂ ਵਿੱਚ ਦੁਸ਼ਟਤਾ ਮੌਜੂਦ ਹੈ ਅਰ ਜਦ ਉਪਦੇਸ਼ ਦੁਆਰਾ ਇਹ ਦੂਰ ਯਾ ਵਿਨਾਸ਼ ਨਹੀਂ ਹੋ ਸਕਦੀ ਤਾਂ ਉਸ ਦੇ ਵਿਨਾਸ਼ ਲਈ ਬਲ ਦੀ ਵਰਤੋਂ ਆਵਸ਼ਯਕ ਹੈ (Si vis pacem, para bellum) ਇਉਂ ਲਾਤੀਨੀ ਅਖਾਣ ਵੀ ਕਹਿੰਦਾ ਹੈ, ਅਰਥਾਤ, ਜੇ ਅਮਨ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਰਹੋ, ਤੇ ਸ੍ਰੀ ਗੁਰੂ ਨਾਨਕ ਦੇਵ ਵੀ ਫ਼ਰਮਾਂਦੇ ਹਨ, "ਮੂਰਖ ਗੰਢੁ

ਸਫ਼ਾ ੧੮੩ ਦੀ ਬਾਕੀ

a regiment even of 'Sepoys', it was this Manja Jat Sikh we so grievously underestimated." (p. 21) ਇਸ ਵਿਸ਼ੇ ਪਰ Campbell ਕ੍ਰਿਤ Ethnology of India ਵੀ ਵੇਖਣ ਯੋਗ ਹੈ. ਜਾਤਿ ਵਰਣ ਦੇ ਸੰਬੰਧ ਵਿੱਚ ਗੁਰਬਾਣੀ ਅਰ ਗੁਰ ਇਤਿਹਾਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਸਾਡੇ ਸਤਿਗੁਰੂ ਜਾਤਿ ਵਰਣ ਨੂੰ ਮੂਲੋਂ ਹੀ ਮਿਟਾ ਕੇ ਕੋਈ ਇੱਕ ਮਿਸ਼੍ਰਿਤ ਜਾਤਿ ਯਾ ਮਿਸ਼੍ਰਿਤ ਵਰਣ ਜਾਰੀ ਕਰਨਾ ਚਾਹੁੰਦੇ ਸਨ. ਯੁਕਤੀ ਤੇ ਪ੍ਰਮਾਣ ਦੁਆਰਾ ਇਤਨਾ ਹੀ ਸਿੱਧ ਹੁੰਦਾ ਹੈ ਕਿ ਉਹ ਸੰਗਤ,ਪੰਗਤ, ਵਿਹਾਰ, ਸੰਗ੍ਰਾਮ ਆਦਿਕ ਜੀਵਨ ਦੇ ਹਰ ਇੱਕ ਮੰਡਲ ਵਿੱਚ ਜਾਤਿ ਪਾਤ ਦਾ ਗਰਬ (ਹੰਕਾਰ) ਤੇ ਖਾਣ ਪੀਣ ਦੀ ਛੂਤ ਛਾਤ ਹੀ ਦੂਰ ਕਰਨਾ ਚਾਹੁੰਦੇ ਸਨ, ਪਰ ਮਨੁੱਖਾਂ ਦੀ ਹਰ ਵਿਭਿੰਨ ਸ਼੍ਰੇਣੀ ਦੇ ਨਸਲੀ ਖ਼ੂਨ ਦੀ ਨਿਰਮਲਤਾ ਨੂੰ ਜ਼ਰੂਰ ਕਾਇਮ ਰਖਣਾ ਚਾਹੁੰਦੇ ਸਨ, ਤਾਂ ਜੋ ਵਿਸ਼ੇਸ਼ ਉੱਤਮ ਸ਼੍ਰੇਣੀਆਂ ਦੇ ਸ਼ੁਭ ਨਸਲੀ ਗੁਣ (Characteristics) ਯਥਾ ਸੰਭਵ ਲਗਾਤਾਰ ਕਾਇਮ ਰਹਿ ਸਕਨ, ਅਮਲ ਤੋਂ ਬਿਨਾ ਨਿਰੀ ਮਜ਼ਹਬੀ ਤਬਦੀਲੀ ਹੀ ਸਾਧਾਰਣ ਵਿਅਕਤੀ ਦੇ ਗੁਣ ਕਰਮ ਸੁਭਾਵ ਨੂੰ ਬਦਲ ਨਹੀਂ ਸਕਦੀ ਤੇ ਨਾਂ ਹੀ ਕਿਸੇ ਨੂੰ ਬ੍ਰਹਮ ਗਿਆਨੀ ਬਣਾ ਸਕਦੀ ਹੈ. ਪਰ ਬ੍ਰਹਮ ਗਿਆਨੀ ਮਾਤਾ ਪਿਤਾ ਦੀ ਵੀ ਅਗਿਆਨੀ ਸੰਤਾਨ ਭਲਾ ਉੱਤਮ ਜਾਤਿ ਵਰਣ ਦੇ ਉੱਤਮ ਨਸਲੀ ਲਿਹਾਜ਼ ਤੋਂ ਬਿਨਾ ਕਿਸ ਤਰ੍ਹਾਂ ਕਿਸੇ ਉੱਤਮ ਪਰਿਣਾਮ ਲਈ ਵਿਵਾਹ ਦੁਆਰਾ ਸੰਬੰਧਿਤ ਕੀਤੀ ਜਾ ਸਕਦੀ ਹੈ ? ਮਜ਼ਹਬ ਦੇ ਬੇਰੂਨੀ ਜੋਸ਼ ਵਿੱਚ ਭਾਈਚਾਰਕ ਜਾਤਿ ਵਰਣ ਨੂੰ ਗੁਵਾ ਕੇ ਰੂਹਾਨੀ ਦ੍ਰਿਸ਼ਟੀ ਤੋਂ ਬੌਧਾਂ, ਈਸਾਈਆਂ ਤੇ ਮੁਸਲਮਾਣਾਂ ਨੇ ਗੁਵਾਇਆ ਤਾਂ ਬਹੁਤ ਕੁਝ ਹੈ ਪਰ ਖਟਿਆ ਮੂਲੋਂ ਹੀ ਕੁਝ ਨਹੀਂ. ਏਹਨਾਂ ਮਤਾਂ ਨੇ ਸਾਂਸਾਰਿਕ ਲਾਭਾਂ ਹਿਤ ਆਪਣੇ ਟੋਲਿਆਂ ਦੀ ਜਨ ਸੰਖਿਆ ਰੀ ਵਧਾਣੀ ਸਿੱਖੀ ਹੈ; ਮਜ਼ਹਬ ਦੇ ਯਥਾਰਥ ਆਦਰਸ਼ ਨੂੰ ਅਮਲ ਦੁਆਰਾ ਅਨੁਭਵ ਵਿੱਚ ਲਿਆਂਣ ਦੀ ਕ੍ਰਿਆ ਨੂੰ ਮੁਤਲਿਕ ਨਜ਼ਰ ਅੰਦਾਜ਼ ਕੀਤਾ ਹੈ, ਅਰ ਈਹੋ ਹੁਣ ਸਾਡੇ ਮਤਾਂ ਦਾ ਵੀ ਆਦਰਸ਼ ਬਣਿਆ ਹੋਇਆ

ਬਾਕੀ ਸਫ਼ਾ ੧੮੫ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਪਵੈ ਮੁਹਿ ਮਾਰ'' ਵਾਰ ਮਾਝ,ਪੰ : ੧੪੩.) ਪਰ ਧਰਮੀ ਮਨੁੱਖ ਇਸ ਬਲ ਦਾ ਕ੍ਰੋਧ ਯਾ ਵੈਰ ਦੁਆਰਾ ਪ੍ਰਯੋਗ ਨਹੀਂ ਕਰਦਾ. ਭਾਗਵਤ ਦੇ ਦਸਮ ਸਕੰਧ ਦੀ ਕਥਾ (ਕ੍ਰਿਸ਼ਨਾਵਤਾਰ) ਦਾ ਭਾਸ਼ਾ ਉਲਥਾ ਸ੍ਰੀ ਗੁਰੂ ਕਲਗੀ ਧਰ ਨੇ ਧਰਮ ਯੁੱਧ ਦੇ ਚਾਉ ਲਈ ਕੀਤਾ. ਇਸ ਕਥਾ ਤੋਂ ਪ੍ਰਗਟ ਹੈ ਕਿ ਸ੍ਰੀ ਕ੍ਰਿਸ਼ਨ ਨੇ ਆਪਣੇ ਅਦਭੁਤ ਪ੍ਰਾਕ੍ਰਮ ਦੁਆਰਾ ਅਨੇਕਾਂ ਹੀ ਦੁਸ਼ਟਾਂ ਦਾ ਵਿਧ੍ਵੰਸ ਕੀਤਾ; ਅਰ,'ਬਚਿਤ੍ਰ ਨਾਟਕ' ਦੀ ਕਥਾ ਦਸਦੀ ਹੈ ਕਿ ਕਲਗੀ ਧਰ ਅਰ ਉਹਨਾਂ ਦੇ ਸਾਥੀਆਂ ਨੇ ਵੀ ਬੇ-ਸ਼ੁਮਾਰ ਦੁਸ਼ਟਾਂ ਨੂੰ ਮਾਰਿਆ; ਅਰ ਭਾਵੇਂ ਏਹਨਾਂ ਦੋਹਾਂ ਮਹਾਂ ਪੁਰਖਾਂ ਦਿਆਂ ਯੁੱਧ-ਬ੍ਰਿਤਾਂਤਾਂ ਵਿੱਚ ਕੋਪ,ਕ੍ਰੋਧ, ਰਿਸ ਤੇ ਰੋਸ ਸ਼ਬਦਾਂ ਦਾ (ਦੋਹਾਂ ਧਿਰਾਂ ਦੇ ਬੀਰਾਂ ਸੰਬੰਧੀ, ਸ੍ਰੀ ਕ੍ਰਿਸ਼ਣ ਤੇ ਦਸ਼ਮੇਸ਼ ਜੀ ਸਮੇਤ) ਵਰਣਨ ਔਂਦਾ ਹੈ ਕਿ ਏਹਨਾਂ ਨੂੰ ਯੁੱਧ ਵਿੱਚ ''ਵੈਰੀਆਂ'' ਦੇ ਸਾਹਮਣੇ ਕੋਪ, ਕ੍ਰੋਧ ਯਾ ਰੋਸ ਆਇਆ ਤੇ ਏਹਨਾਂ ਨੇ ਦੁਸ਼ਟਾਂ ਨੂੰ ਪਛਾੜਿਆ ਤੇ ਮਾਰਿਆ,ਪਰ ਜੇ ਜ਼ਰਾ ਵੀ ਸੂਖਮ ਬ੍ਰਿੱਤੀ ਦੁਆਰਾ ਵੇਖਿਆ ਜਾਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਕ੍ਰਿਸ਼ਣ ਤੇ ਕਲਗੀ ਧਰ ਦਾ ਕ੍ਰੋਧ ਸ਼ੁੱਧ ਸਾਤ੍ਵਿਕ ਸੀ, ਅਰ ਦੋਵੇਂ ਹੀ ਮੁਸਕ੍ਰਾਂਦੇ ਮੁਸਕ੍ਰਾਂਦੇ ''ਵੈਰੀਆਂ'' ਨੂੰ ਮੌਤ ਦੇ ਘਾਟ ਉਤਾਰਦੇ ਸਨ. ਸ਼ੁੱਧ ਸਾਤ੍ਵਿਕ ਕ੍ਰੋਧ ਤੋਂ ਭਾਵ ''ਤੇਜ'' ਹੈ ਨ ਕਿ

ਸਫ਼ਾ ੧੮੪ ਦੀ ਬਾਕੀ

ਹੈ. ਇੰਜੀਲ ਵਿੱਚ ਠੀਕ ਹੀ ਕਿਹਾ ਹੈ ਕਿ : ''ਹੇ ਕਪਟੀ ਗ੍ਰੰਥੀਓ ਅਤੇ ਫ਼ਰੀਸੀਓ ਤੁਹਾਡੇ ਉੱਤੇ ਹਾਇ ਹਾਇ ! ਕਿਉਂ ਜੋ ਤੁਸੀ ਇੱਕ ਮਨੁੱਖ ਨੂੰ ਆਪਣੇ ਪੰਥ ਵਿੱਚ ਰਲਾਉਣ ਲਈ ਜਲ ਥਲ ਗਾਹੁੰਦੇ ਹੋ ਅਤੇ ਜਾਂ ਉਹ ਆ ਚੁਕਿਆ ਤਾਂ ਤੁਸੀ ਉਹ ਨੂੰ ਆਪਣੇ ਨਾਲੋਂ ਦੂਣਾ ਨਰਕ ਦਾ ਪੁੱਤਰ ਬਣਾਉਂਦੇ ਹੋ.'' (ਮਤੀ ੨੩: ੧੫.) 'ਆਹਲੂਵਾਲੀਆ' ਤੇ 'ਰਾਮਗੜ੍ਹੀਆ' ਨਾਮਾਂ ਤੋਂ 'ਜੱਟ' ਨਾਮ ਦੀ ਵਿਸ਼ੇਸ਼ਤਾ ਇਹ ਹੈ ਕਿ 'ਜੱਟ' ਇੱਕ ਵਿਸ਼ੇਸ਼ ਜਾਤਿਦਾ ਨਾਮ ਹੈ ਜਦ ਕਿ 'ਆਹਲੂਵਾਲੀਆ' ਤੇ 'ਰਾਮ ਗੜ੍ਹੀਆ' ਜਾਤੀਆਂ ਦੇ ਨਾਮ ਨਹੀਂ. ਇਹ ਦੋਵੇਂ ਨਾਮ ਦੋ ਵਿਸ਼ੇਸ਼ ਅਸਥਾਨਾਂ (ਆਹਲੂ ਤੇ ਰਾਮ ਗੜ੍ਹ) ਦੇ ਨਾਮਾਂ ਤੋਂ ਬਣੇ ਹਨ, ਤੇ ਜਿਨ੍ਹਾਂ ਨਾਲ ਇਤਿਹਾਸਿਕ ਗੌਰਵਤਾ ਦੇ ਕਾਰਣ ਹੁਣ ਦੋ ਵਿਸ਼ੇਸ਼ ਸ਼੍ਰੇਣੀਆਂ ਦੇ ਵਿਅਕਤੀਆਂ ਨੇ ਆਪਣੇ ਆਪ ਨੂੰ ਸੰਬੰਧਿਤ ਕਰ ਲਿਆ ਹੈ. ਸੋ ਇਹ ਨਿਰਨਾ ਕਰਨਾ ਔਖਾ ਹੈ ਕਿ ਕੌਣ ਹਕੀਕੀ ਮਾਨਿਆਂ ਵਿੱਚ 'ਆਹਲੂਵਾਲੀਆ' ਤੇ ਕੌਣ 'ਰਾਮ ਗੜ੍ਹੀਆ' ਅਖਵਾਣ ਦਾ ਅਧਿਕਾਰੀ ਹੈ. ਦੂਜੀ ਵਿਸ਼ੇਸ਼ਤਾ ਜੱਟਾਂ ਦੀ ਇਹ ਹੈ ਕਿ ਏਹਨਾਂ ਨੇ ਆਪਣੇ ਜੰਗੀ ਪੇਸ਼ੇ ਨੂੰ ਕਈ ਹਜ਼ਾਰ ਵਰ੍ਹਿਆਂ ਤੋਂ ਹੁਣ ਤਕ ਲਗਾਤਾਰ ਜਾਰੀ ਰੱਖਿਆ ਹੋਇਆ ਹੈ. ਪਰ ਆਹਲੂਵਾਲੀਏ ਤੇ ਰਾਮਗੜ੍ਹੀਏ ਮਿਸਲਾਂ ਦੇ ਟੁਟਦਿਆਂ ਹੀ ਹੋਰ ਹੋਰ ਵਪਾਰਾਂ ਵਿੱਚ ਪਰਵਿਰਤ ਹੋ ਗਏ ਤੇ ਜੰਗੀ ਪੇਸ਼ੇ ਦਾ ਜਾਤਿ-ਵਿਚਾਰ-ਦ੍ਰਿਸ਼ਟੀ ਤੋਂ ਨਿਪਟ ਪਰਿਤਿਆਗ ਕਰ ਦਿੱਤਾ. ਰਾਜਪੂਤਾਂ, ਮਰਹਟਿਆਂ, ਗੋਰਖਿਆਂ ਤੇ ਜੱਟਾਂ ਨੂੰ ਜੇ ਜੰਗੀ ਪੇਸ਼ੇ ਵਿੱਚ ਪਰਵਿਰਤ ਰੱਖਿਆ ਜਾਏ ਤਾਂ ਇਸ ਵਿੱਚ ਭਾਰਤ ਦੇਸ਼ ਦੀ ਯਕੀਨੀ ਸਲਾਮਤੀ ਹੈ.

Sri Satguru Jagjit Singh Ji eLibrary NamdhariElibrary@gmail.com

'ਚੰਡਾਲ ਗੁੱਸਾ', ਜਿਸ ਦੇ ਜੋਸ਼ ਵਿੱਚ (ਦੇਖੋ, ਭਗਵਦ ਗੀਤਾ ਅ. ੨, ਸ਼ ੬੨, ੬੩) ਮਨੁੱਖ ਦੀ ਮੱਤ ਮਾਰੀ ਜਾਂਦੀ ਹੈ ਤੇ ਉਹਦਾ ਆਪਣੇ ਮਨ ਤੇ ਕਾਬੂ ਨਹੀਂ ਰਹਿੰਦਾ. ਦੁਸ਼ਟਤਾ ਤੋਂ ਧਰਮ ਤੇ ਨਿਆਇ ਦੀ ਰਖਿਆ ਹਿਤ ਨਿਆਇਕਾਰੀ ਸ਼ਾਸਕਾਂ ਲਈ ਅਸਤ੍ਰ-ਸ਼ਸਤ੍ਰਾਂ ਦੀ ਸ਼ਕਤੀ ਤੇ ਬਾਹੂ-ਬਲ ਉਤਨੇ ਹੀ ਆਵਸ਼ਜਕ ਹਨ ਜਿਤਨੇ ਕਿ ਰੋਗ-ਕੀਟਾਂ ਤੋਂ ਬਚਣ ਲਈ ਵੈਦ ਦੇ ਹੱਥ ਵਿੱਚ ਔਸ਼ਧੀ, ਆਲੇ ਆਦਿਕ. ਪਰ ਜਿਸ ਪ੍ਰਕਾਰ ਰੋਗ-ਕੀਟਾਂ ਨੂੰ ਬਿਨਾ ਕੋਪ ਯਾ ਕ੍ਰੋਧ ਦੇ ਮਾਰਿਆ ਜਾਂਦਾ ਹੈ ਉਸੇ ਪ੍ਰਕਾਰ ਦੁਸ਼ਟ ਵੈਰੀ ਦਾ ਨਿਆਇਕਾਰੀ ਸ਼ਾਸਕ ਵੀ ਸਾਤ੍ਰਿਕ ਕ੍ਰੋਧ ਦੁਆਰਾ ਹੀ ਪ੍ਰਧ੍ਵੰਸ ਕਰਦੇ ਹਨ. ਪਰ ਜਿਸ ਪ੍ਰਕਾਰ ਖ਼ਤਰਨਾਕ ਔਸ਼ਧੀ ਦਾ ਪ੍ਰਯੋਗ ਕੇਵਲ ਪ੍ਰਬੀਣ ਵੈਦ ਹੀ ਕਰਨ ਦਾ ਅਧਿਕਾਰੀ ਹੈ ਉਸੇ ਪ੍ਰਕਾਰ ਦੁਸ਼ਟਤਾ ਦੇ ਵਿਨਾਸ਼ ਲਈ ਸ਼ਕਤੀ ਦਾ ਪ੍ਰਯੋਗ ਵੀ ਕੇਵਲ ਅਭੁਲ ਨਿਸ਼ਕਾਮ ਧਰਮੀ ਆਗੂ ਦੀ ਆਗਿਆ ਦੁਆਰਾ ਹੀ ਕਰਨਾ ਵਿਧਾਨ ਹੈ. ਇਸ ਸਿੱਧਾਂਤ ਦੀ ਸਾਖੀ ਵੇਦ (ਰਿਗ ੬ : ੭੫), ਪੁਰਾਣ, ਭਗਵਦ ਗੀਤਾ (੪ : ੭) ਤੇ ਹੋਰ ਵੀ ਤਕਰੀਬਨ ਸਾਰੇ ਧਰਮ ਗ੍ਰੰਥ ਕਰਦੇ ਹਨ ਕਿ ਅਕਾਲ ਪੁਰਖ ਨੇ ਸਮੇਂ ਸਮੇਂ ਦੁਸ਼ਟਾਂ ਦਾ ਅਭੁੱਲ ਆਗੂਆਂ ਤੋਂ ਨਾਸ਼ ਕਰਵਾਇਆ, ਜਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਵੀ ਫ਼ਰਮਾਂਦੇ ਹਨ: "ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥ ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥" (ਬਿਲ: ਮ: ੫ : ਪੰ: ੮੧੫) ਧਰਮੀ-ਸ਼ਕਤੀ-ਸੰਪੰਨ-ਮਹਾਂ ਪੁਰਖ ਤੇ ਉਹਨਾਂ ਦੇ ਸਾਥੀ ਦੁਸ਼ਟਾਂ ਦੇ ਭਲੇ ਲਈ ਹੀ ਉਹਨਾਂ ਦਾ ਨਾਸ਼ ਕਰਦੇ ਹਨ ਤੇ ਯੁੱਧ ਭੂਮੀ ਵਿੱਚ ਵੀ ਏਹਨਾਂ ਤੋਂ ਨਫ਼ਰਤ ਨਹੀਂ ਕਰਦੇ, ਜਿਹਾ ਕਿ ਭਾਈ ਕਨ੍ਹਈਆ ਜੀ ਦੀ ਕਥਾ ਤੋਂ ਵਿਦਿਤ ਹੁੰਦਾ ਹੈ. ਭਾਈ ਸਾਹਿਬ ਸਤਿਗੁਰਾਂ ਦੇ ਅਨੰਨ ਸਿੱਖ ਸਨ, ਪਰ ਅਨੰਦ ਪੁਰ ਦੇ ਜੰਗ ਵਿੱਚ, ਜੋ ਸ਼੍ਰੀ ਦਸ਼ਮੇਸ਼ ਤੇ ਮੁਸਲਮਾਣ ਸ਼ਾਹੀ ਫ਼ੌਜਾਂ ਦੇ ਦਰਮਿਆਨ ਹੋ ਰਿਹਾ ਸੀ, ਉਹ ਵੈਰੀਆਂ ਤੇ ਮਿਤ੍ਰਾਂ ਸਭ ਨੂੰ ਸਮ ਦ੍ਰਿਸ਼ਟੀ ਨਾਲ ਜਲ ਛਕਾ ਰਹੇ ਸਨ: "ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥" (ਵਾਰ ਵਡਹੰਸ ਮ: ੪ ॥ ਪੰ:੫੯੪ ॥).

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਭਾਵ ਇਹ ਹੈ ਕਿ ਧਰਮੀ ਮਨੁੱਖ ਧਰਮ ਤੇ ਨਿਆਇ ਦੀ ਰੱਖਿਆ ਲਈ, ਤੇ ਦੁਸ਼ਟਾਂ ਦੇ ਵਿਨਾਸ਼ ਲਈ, ਕਿਸੇ ਅਭੁਲ ਆਗੂ ਦੇ ਅਧੀਨ, ਹਰ ਪ੍ਰਕਾਰ ਦੀ ਸੇਵਾ ਕਰੇਗਾ, ਅਰ ਜਾਨ ਤਕ ਵੀ ਕੁਰਬਾਨ ਕਰ ਦੇਵੇਗਾ. ਪਰ ਮਹਾਂ ਮਾਰੀ ਪਤਿਤ ਸਿਆਸਤ ਦੀ ਸੰਗਤ ਤੇ ਪੰਗਤ ਵਿੱਚ ਬਿਲਕੁਲ ਸ਼ਾਮਿਲ ਨ ਹੋਵੇਗਾ, * ਪਲੇਟੋ ਅਨੁਸਾਰ ਰੋਸ਼ਨ ਜ਼ਮੀਰ ਮਨੁਖ (Philosopher) ਕੇਵਲ ਰੋਸ਼ਨ ਜ਼ਮੀਰ ਹਾਕਮ ਦੀ ਹਕੂਮਤ ਵਿੱਚ ਹੀ ਸਿਆਸਤ ਦੇ ਕੰਮਾਂ ਵਿੱਚ ਹਿੱਸਾ ਲੈ ਸਕਦੇ ਹਨ, ਅਨਯਤ੍ਰ ਹਾਲਤਾਂ ਵਿੱਚ ਕਦਾਪੀ ਨਹੀਂ. ਮੈਨੂੰ ਯਕੀਨ ਹੈ ਕਿ ਜਦੋਂ ਸਿੱਖਾਂ ਦੇ ਬੁੱਧੀ ਦਰਪਨ ਤੋਂ ਪਤਿਤ ਸਿਆਸਤ ਦਾ ਘੱਟਾ ਦੂਰ ਹੋਵੇਗਾ ਤੇ ਇਸ ਵਿੱਚ ਗੁਰੂ ਦਸ਼ਮੇਸ਼ ਦੀ ਜੋਤਿ ਦਾ ਬਿੰਬ ਚਮਕੇਗਾ ਤਾਂ ਸਿੱਖ

* "Plato sees in the calm life of the philosopher, in the contemplation of what is essential and eternal, a far more glorious and attractive end. In comparison with this, the aims of ordinary politicians appear to him worthless, and their arts and endeavours slavish. He says, in regard to States as they are usually constituted, that the philosopher dwells in them with his body alone, his soul being a stranger, ignorant of their standards, unmoved by their ambitions; and that every one who desires to do the right must keep clear of public concerns, or he will speedily perish. And in his city of philosophers the best of the inhabitants will only descend upon compulsion from the blessed heights of intellectual contemplation to the common affairs of life in the dark prison of this present world." (Dr. Eduard Zeller's Plato and the Older Academy, London: Longmans,Green,& Co. 1888; p. 463.) ਇਸੇ ਵਿਸ਼ੇ ਤੇ ਵੇਖੋ ਯੂਸੀਬਾਯਸ (Eusebius) ਨਾਮਕ ਪਲੇਟਾਨਿਸਟ ਦੀ ਪ੍ਰਾਰਥਨਾ. (Five Stages of Greek Religion ਦੇ ੧੯੭-੧੯੮ ਪੰਨਿਆਂ ਪਰ; ਇਹ ਪੁਸਤਕ ਪ੍ਰੋਫੈਸਰ ਗਿਲਬਰਟ ਮੱਰੇ ਕ੍ਰਿਤ ਹੈ ਤੇ Watts & Co., London, ਦੁਆਰਾ ਪ੍ਰਕਾਸ਼ਿਤ ਹੈ.) ਸਮਾਜ ਦੇ ਕੁਕ੍ਰਿਤ ਕਰਮਾਂ ਨੂੰ ਵੇਖ ਕੇ, ਆਰਨੋਲਡ ਟਾਇਨਬੀ ਲਿਖਦਾ ਹੈ ਕਿ, ਜ਼ੈਨੋ ਤੇ ਐਪੀਕਿਊਰਸ ਨੇ ਇਥੋਂ ਤਕ ਕਹਿ ਦਿੱਤਾ ਕਿ "ਸਮਾਜ ਦਾ ਸਾਧੂ ਪੁਰ ਕਿਸੇ ਪ੍ਰਕਾਰ ਦਾ ਕੋਈ ਅਧਿਕਾਰ ਨਹੀਂ", ਅਰ "ਸਾਧੂ ਦਾ ਦੇਸ਼ ਸਾਰਾ ਵਿਸ਼ਵ ਹੈ;": "Two later sages-Zeno of Citium (335/3-261 B.C.), the founder of the Stoic school of philosophy, and Epicurus

ਬਾਕੀ ਸਫ਼ਾ ੧੮੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਆਪਣੇ ਪੁਤ੍ਰ ਪੁਤ੍ਰੀਆਂ ਦੇ ਕੰਨਾਂ ਵਿੱਚ ਜਮਦਿਆਂ ਹੀ ਸ੍ਰੀ ਦਸ਼ਮੇਸ਼ ਜੀ ਦਾ ਇਹ ਮਹਾਂ ਵਾਕ, ਸਿੰਘ ਨਾਦ ਨਾਲ, ਫੂਕਿਆ ਕਰਨਗੇ: "ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥ ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਆਪਨੀ ਜੀਤ ਕਰੋਂ ॥ ਅਰ ਸਿੱਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉਂ ਗੁਨ ਤੋ ਉਚਰੋਂ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥" (ਦਸਮ ਗ੍ਰੰਥ, ਚੰਡੀ ਚਰਿਤ੍ਰ ਉਕਤ ਬਿਲਾਸ, ਛੰਦ ੨੩੧ ॥) ਅਰ, ਫਿਰ, ਇਵੇਂ ਹੀ ਸੰਗਤ, ਪੰਗਤ, ਸਮਾਜ ਤੇ ਸੰਗ੍ਰਾਮ ਦੇ ਇਕੱਠਾਂ ਵਿੱਚ, ਸਰਬ ਸੁਭ ਕਾਰਜਾਂ ਦੀ ਸਮਾਪਤੀ ਮਗਰੋਂ, ਇਸ ਵਿਜੈ ਛੰਦ ਦੀ ਧੁਨਕਾਰ ਨਾਲ ਕਾਲ ਦੇ ਸਮਗ੍ਰ ਢਾਂਚੇ ਵਿੱਚ ਸ੍ਰੀ ਗੁਰੂ ਕਲਗੀ ਧਰ ਦੀ ਹੋਂਦ ਪ੍ਰਗਟਾਨਗੇ :-

---

ਸਫ਼ਾ ੧੮੭ ਦੀ ਬਾਕੀ

of Samos (342/1-270 B. C.), who founded the complementary school called after his name.....frankly repudiated the claims of society on the sage. The only state to which they offered their allegiance was the cosmopolis, a city coextensive with the Universe, or, short of that, with the whole inhabited world." (Hellenism, by Arnold J. Toynbee, London, O.U.P., 1959, p. 130) ਸੁਭ ਸਦਗੁਣੀ ਸਮਾਜ ਦਾ ਲਕਸ਼ਣ ਉਪ੍ਰੋਕਤ ਦੋਹਾਂ ਫ਼ਿਲਾਸਫ਼ਰਾਂ ਤੋਂ ਪਹਿਲੇ ਡੀਮਾਕ੍ਰੀਟਸ (੪੬੦-੩੭੦ ਪੂਰਵੀਸ੍ਵੀ) ਇਉਂ ਕਰ ਗਿਆ ਸੀ: "Only that society is worth while which offers to the largest number of people the greatest amount of happiness obtainable with the smallest amount of pain." (The Miracle of Man, by Harold Wheeler, published by Odhams Press Ltd., Long Acre, London, W.C. 2., p. 130.) ਵਰਤਮਾਨ ਸਮੇਂ ਵਿੱਚ ਜੇਅਰਮੀ ਬੈਨਟਮ (Jeremy Bentham, 1748 to 1832), ਜਿਸ ਦਾ ਪਿੰਜਰ (Skeleton) ਅਜੇ ਵੀ ਯੂਨੀਵਰਸਿਟੀ ਕਾਲਜ, ਲੰਡਨ, ਵਿੱਚ ਵੇਖਿਆ ਜਾ ਸਕਦਾ ਹੈ, ਨੇ ਡੀਮਾਕ੍ਰੀਟਸ ਦੀ ਤਰਜ਼ ਪਰ ਹੀ ਆਪਣੇ ਸਿਆਸੀ ਆਦਰਸ਼ ਦੀ ਨੀਂਹ ਰੱਖੀ ਹੈ. ਪਰ ਚੇਤੇ ਰਹੇ ਕਿ ਸਿਆਸਤ (ਰਾਜਨੀਤੀ) ਤੇ ਧਰਮ, ਜੋ ਆਦਿ ਵਿੱਚ ਭਾਵੇਂ ਇੱਕੋ ਹੀ ਸਨ ਹੁਣ ਬਿਲਕੁਲ ਹੀ ਦੋ ਭਿੰਨ ਭਿੰਨ ਪਰਿਭਾਸ਼ਾਵਾਂ (Terms) ਹਨ. ਜੋ ਸਿਆਸਤ ਧਰਮ ਦੇ ਅਨੁਕੂਲ ਚੱਲੇ ਤਾਂ ਇਹ ਪਵਿਤ੍ਰ, ਨਿਆਇ ਅਨੁਸਾਰ, ਤੇ ਆਦਰਸ਼ਕ ਹੈ, ਪਰ ਜੇ ਇਹ ਧਰਮ ਦਾ ਗੱਲਾ ਘੁੱਟ ਕੇ ਇਸ ਦੇ ਪ੍ਰਤਿਕੂਲ ਚੱਲੇ ਤਾਂ ਇਹ ਅਪਵਿਤ੍ਰ ਤੇ ਪਤਿਤ ਹੈ, ਅਰ ਐਸੀ ਦਸ਼ਾ ਵਿੱਚ ਧਰਮੀ ਮਨੁਖ ਧਰਮ ਦੀ ਰਖਿਆ ਹਿਤ ਡੱਟ ਕੇ ਸਿਆਸਤ ਦੀ ਵਿਰੋਧਤਾ ਕਰਦਾ ਹੈ.

Sri Satguru Jagjit Singh Ji eLibrary NamdhariElibrary@gmail.com

ਕਬਿੱਤ ॥ ਅਨੰਦ ਦਾ ਵਾਜਾ ਨਿਤ ਵਜਦਾ ਅਨੰਦ ਪੁਰਿ,
ਸੁਣਿ ਸੁਣਿ ਸੁਧਿ ਭੁੱਲਦੀ ਏ ਨਰ ਨਾਹ ਦੀ।
ਭੌ ਭਯਾ ਬਿਭੀਛਣੇ ਨੂੰ ਲੰਕਾ ਗੜ੍ਹ ਵੱਸਣੇ ਦਾ,
ਫੇਰ ਅਸਵਾਰੀ ਆਂਵਦੀ ਏ ਮਹਾਂ ਬਾਹੁ ਦੀ।
ਬਲ ਛਡ ਬਲਿ ਜਾਇ ਛਪਿਆ ਪਤਾਲ ਵਿੱਚ,
ਫ਼ਤੇ ਦੀ ਨਿਸ਼ਾਨੀ ਜੈਂ ਦੇ ਦ੍ਵਾਰ ਦਰਗਾਹ ਦੀ।
ਸਵਣ ਨ ਦੇਂਦੀ ਸੁਖ ਦੁੱਜਣਾਂ ਨੂੰ ਰਾਤ ਦਿਨ,
ਨੌਬਤ ਗੁਬਿੰਦ ਸਿੰਘ ਗੁਰੂ ਪਾਤਸ਼ਾਹ ਦੀ ॥

(੫੨ ਕਵੀਆਂ ਦੇ ਕਬਿੱਤਾਂ ਵਿਚੋਂ : ਗੁਰ ਪ੍ਰਤਾਪ ਸੂਰਜ ਗ੍ਰੰਥ, ਕ੍ਰਿਤ ਭਾਈ ਸੰਤੋਖ ਸਿੰਘ, ਰੁਤ ਪੰਜਵੀਂ, ਅੰਸੂ ੫੨, ਛੰਦ ਅਠਵਾਂ, ਭਾਈ ਵੀਰ ਸਿੰਘ ਸੰਪਾਦਿਤ ਐਡਿਸ਼ਨ-ਜਿਲਦ ੧੩, ਪੰਨਾ ੫੭੦੯.)

(੬੩) ਇਸ ਲੰਮੇ ਨਿਬੰਧ ਵਿੱਚ ਅਰੰਭ ਤੋਂ ਹੁਣ ਤਕ ਅਨੇਕਾਂ ਹੀ ਨਿਕਿਆਂ ਵਡਿਆਂ ਵਿਸ਼ਿਆਂ ਦੀ ਅਨੇਕਾਂ ਹੀ ਯੁਕਤੀਆਂ ਤੇ ਪ੍ਰਮਾਣਾਂ ਦੁਆਰਾ ਸਮਾਲੋਚਨਾ ਕੀਤੀ ਗਈ ਹੈ, ਪਰ ਏਹਨਾਂ ਸਾਰੀਆਂ ਭਿੰਨ ਭਿੰਨ ਵਨਗੀਆਂ ਦੀਆਂ ਵਿਚਾਰਾਂ ਦਾ ਮਨੋਰਥ ਕੇਵਲ ਤਿੰਨ ਹੀ ਪ੍ਰਮੁਖ ਦਾਵਿਆਂ (Assertions) ਨੂੰ ਸਿੱਧ ਕਰਨ ਦਾ ਹੈ: ਕਿ ਸਨਾਤਨ ਵੇਦਿਕ ਧਰਮ ਸਭ ਧਰਮਾਂ ਤੋਂ ਪੁਰਾਣਾ ਤੇ ਪੂਰਨ ਹੈ; ਕਿ ਦਸਾਂ ਸਤਿਗੁਰਾਂ ਦਾ ਮਤ ਹਰ ਆਧਿਆਤਮਿਕ (Spiritual) ਤੇ ਸੁਗਿਆਨਿਕ (Philosophic) ਦ੍ਰਿਸ਼ਟੀ ਤੋਂ ਇਸ (ਵੇਦਿਕ) ਧਰਮ ਦੇ ਅਨੁਕੂਲ ਹੈ; ਕਿ ਏਹਨਾਂ ਦੋਹਾਂ ਮਤਾਂ ਦੇ ਅਨੁਯਾਈ, ਅਰਥਾਤ, ਹਿੰਦੂ ਤੇ ਸਿੱਖ ਅੱਜ ਤੋਂ ਤਕਰੀਬਨ * ਇੱਕ ਸੌ ਵੱਰ੍ਹੇ ਪਿੱਛੇ ਤਕ ਆਪਣੇ ਧਾਰਮਿਕ, ਤੇ ਸਿਆਸੀ ਮਾਮਲਿਆਂ ਵਿੱਚ ਕਿਸੇ ਤਰ੍ਹਾਂ ਵੀ ਇੱਕ ਦੂਜੇ ਤੋਂ ਅੱਡ (Separate) ਤੇ ਵਿਭਿੰਨ (Different) ਨ ਸਨ. ਏਹਨਾਂ ਵਿਸ਼ਿਆਂ ਤੋਂ ਇਲਾਵਾ ਕੁਝ ਇਸ਼ਾਰਾ ਉਹਨਾਂ ਕਾਰਣਾਂ ਵਲ ਵੀ ਕੀਤਾ ਗਿਆ ਹੈ ਜਿਨ੍ਹਾਂ ਕਰ ਕੇ ਹਿੰਦੂ ਤੇ

* ਇਸ ਕਥਨ ਦੇ ਹੱਕ ਵਿੱਚ ਸਾਨੂੰ ਅੱਜ (੧੯੬੩) ਤੋਂ ਤਕਰੀਬਨ ੧੧੫ ਵਰ੍ਹੇ ਪਿੱਛੇ ਦੀ ਸਪਸ਼ਟ ਸ਼ਹਾਦਤ ਸ਼ਾਹ ਮੁਹੰਮਦ ਦੇ ਕਿੱਸੇ (ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਲੜਾਈ) ਤੋਂ ਮਿਲਦੀ ਹੈ. ਇਹ ਸ਼ਾਇਰ ਆਪਣੇ ਤੀਜੇ ਬੈਂਤ ਵਿੱਚ ਲਿਖਦਾ ਹੈ : "ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ ਸਿਰਾਂ ਦੋਹਾਂ ਦੇ ਉੱਤੇ ਅਫ਼ਾਤ ਆਈ। ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ ਕਦੇ ਨਹੀਂ ਸੀ ਤੀਸਰੀ ਜ਼ਾਤ ਆਈ ॥" ਅਰ, ਫਿਰ, ਆਪਣੇ ਅੰਤਿਮ (੧੦੫ ਵੇਂ) ਬੈਂਤ ਤੋਂ ਦੋ ਬੈਂਤ ਪਹਿਲੇ (ਅਰਥਾਤ, ਇੱਕ ਸੌ ਤੀਸਰੇ ਬੈਂਤ ਵਿੱਚ) ਲਿਖਦਾ ਹੈ: "ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ".....ਏਹਨਾਂ ਖਿਆਲਾਂ ਤੋਂ ਬਿਲਕੁਲ ਸਾਫ਼ ਤੌਰ ਤੇ ਜ਼ਾਹਿਰ ਹੁੰਦਾ ਹੈ ਕਿ ਸ਼ਾਹ ਮੁਹੰਮਦ 'ਹਿੰਦੂ' ਤੇ 'ਹਿੰਦੂਆਂ' ਵਿੱਚ ਸਿੱਖਾਂ ਨੂੰ ਵੀ ਗਿਣ ਰਿਹਾ ਹੈ.

Sri Satguru Jagjit Singh Ji eLibrary NamdhariElibrary@gmail.com

ਸਿੱਖ ਹੌਲੀ ਹੌਲੀ ਇੱਕ ਦੂਜੇ ਤੋਂ ਅੱਡ ਹੁੰਦੇ ਗਏ. ਹੁਣ ਇਹ ਦੱਸਣਾ ਬਾਕੀ ਰਹਿੰਦਾ ਹੈ ਕਿ ਸਭ ਤੋਂ ਵੱਡਾ ਤੇ ਅੰਤਿਮ ਕਾਰਣ ਏਹਨਾਂ ਨੂੰ ਇੱਕ ਦੂਜੇ ਤੋਂ ਅੱਡ ਕਰਨ ਦਾ ਕੀ ਹੋਇਆ ਤੇ ਕਦੋਂ ਹੋਇਆ? ਸੋ ਇਹ ਕਾਰਣ ਸਨ ੧੮੫੭ ਦਾ ਗ਼ਦਰ ਸੀ, ਜਿਸ ਵਿੱਚ ਗੁਰ ਸਿੱਖਾਂ ਨੇ 'ਬਾਗ਼ੀ ਸਿਪਾਹੀਆਂ' ਦਾ ਸਾਥ ਨ ਦਿੱਤਾ. ਏਹਨਾਂ 'ਬਾਗ਼ੀ ਸਿਪਾਹੀਆਂ' ਵਿੱਚ ਹਿੰਦੂ ਤੇ ਮੁਸਲਮਾਣ ਦੋਹਾਂ ਕੌਮਾਂ ਦੇ ਫ਼ੌਜੀ ਸਨ, ਪਰ ਸਿੱਖ ਨ ਸਨ. ਬਸ ਚੂੰਕਿ ਉਸ ਸਮੇਂ ਸਿੱਖਾਂ ਨੇ ਅੰਗ੍ਰੇਜ਼ਾਂ ਦਾ ਸਾਥ ਦਿੱਤਾ, ਅੰਗ੍ਰੇਜ਼ ਕੁਦਰਤੀ ਤੌਰ ਤੇ, ਗ਼ਦਰ ਮਗਰੋਂ, ਸਿੱਖਾਂ ਨੂੰ ਆਪਣੀ ਭਵਿਸ਼ਯਤ ਖ਼ੁਸ਼ਹਾਲੀ ਲਈ ਹਕੀਕੀ ਹਮਦਰਦ ਤੇ ਬੇ ਰਿਯਾ ਸਲਾਹਕਾਰ ਦਿੱਸਣ ਲਗ ਪਏ. ਬਸ ਫਿਰ ਵਿਸ਼ੇਸ਼ ਅੰਗ੍ਰੇਜ਼ੀ ਹਮਦਰਦੀ ਤੇ ਵਿਸ਼ੇਸ਼ ਅੰਗ੍ਰੇਜ਼ੀ ਸਲਾਹਾਂ ਦੇ ਕਾਰਣ ਸਿੱਖ ਤੇ ਹਿੰਦੂ ਤਕਰੀਬਨ ਸਨ ੧੮੯੯ ਤਕ ਬਿਲਕੁਲ ਹੀ ਇੱਕ ਦੂਜੇ ਤੋਂ ਅੱਡ ਹੋ ਗਏ, ਅਰ, ਸ਼ੋਕ ਹੈ ਕਿ ਇਹ ਅਟਲ ਸੀ. ਸਿੱਖਾਂ ਦੇ ਆਚਾਰ ਵਿਹਾਰ ਦੀ ਪੁਵਿਤ੍ਰਤਾ ਵੀ ਹੁਣ ਸ਼ਹੀਦੀ ਜ਼ਮਾਨੇ ਦੇ ਸਿਦਕ ਤੇ ਸਦਾਕਤ ਵਾਲੀ ਨ ਸੀ. ਇਸ ਪਵਿਤ੍ਰਤਾ ਦਾ ਪਹਿਲਾ ਪਤਨ ਮਿਸਲਾਂ ਦੀ ਰਜੋਗੁਣੀ ਕਾਮਯਾਬੀ ਵਿੱਚ, ਦੂਜਾ ਰਾਜ ਭਾਗ ਦੇ ਐਸ਼ਾਂ ਵਿੱਚ, ਤੀਜਾ ਅੰਗ੍ਰੇਜ਼ਾਂ ਨਾਲ ਜੁੱਟਣ ਦੇ ਬੇਕਾਬੂ ਹਠ ਵਿੱਚ, ਤੇ ਚੌਥਾ ਗ਼ਦਰ ਦੀਆਂ ਅਸ਼ਲੀਲ ਮਜਬੂਰੀਆਂ ਵਿੱਚ ਹੋ ਚੁਕਾ ਸੀ; ਤੇ ਹੁਣ (ਗ਼ਦਰ ਬਾਦ) ਦਰਸ਼ਨੀ ਤੇ ਇਤਰ ਜਾਤੀਆਂ ਦੇ ਨਵੀਨ ਸਿੱਖ ਵੀ ਲੱਖਾਂ ਦੀ ਗਿਣਤੀ ਵਿੱਚ, ਆਪਣੇ ਰੰਗ ਬਰੰਗੀ ਸ੍ਹਾਰਥਾਂ ਸਮੇਤ ਪੁਰਾਤਨ ਖ਼ਾਨਦਾਨੀ ਸਿੱਖਾਂ ਵਿੱਚ ਸ਼ਾਮਿਲ ਹੋ ਚੁੱਕੇ ਸਨ. ਪਰ ਸਿੱਖਾਂ ਲਈ ਗ਼ਦਰ ਵਿੱਚ ਅੰਗ੍ਰੇਜ਼ਾਂ ਦਾ ਸਾਥ ਦੇਣਾ ਅਵਾਰਣੀਯ (Inevitable) ਹੋ ਗਿਆ ਸੀ. ਉੱਪਰ ਮੈਂ ਇਹ ਦੱਸਣ ਦੀ ਪ੍ਰਤਿਗਿਆ ਕਰ ਚੁੱਕਾ ਹਾਂ ਕਿ ਕਿਉਂ ਸਿੱਖਾਂ ਨੇ 'ਬਾਗ਼ੀਆਂ' ਦਾ ਸਾਥ ਨ ਦਿੱਤਾ ਤੇ ਕਿਉਂ ਅੰਗ੍ਰੇਜ਼ਾਂ ਨਾਲ ਮਿਲ ਗਏ. ਸੋ ਇਸ ਮਹਾਂ ਪ੍ਰਸਿੱਧ ਤੇ ਦੁਖਦਾਈ ਘਟਨਾ ਦੇ, ਮੇਰੀ ਵਿਚਾਰ ਅਨੁਸਾਰ, ਹੇਠ ਲਿਖੇ ਕਾਰਣ ਸਨ :-

ਪਹਿਲਾ, ਇਹ ਕਿ ਸਿੱਖ ਆਪਣੇ ਜਨਮ (ਸਨ ੧੬੯੯) ਤੋਂ ਹੀ ਸਨ ੧੮੪੯ ਤਕ ਇੱਕ ਸੌ ਪੰਜਾਹ ਵੱਰ੍ਹੇ ਜੰਗ ਕਰਦੇ ਕਰਦੇ-ਕਦੇ ਜਿੱਤਦੇ ਕਦੇ ਹਾਰਦੇ, ਕਦੇ ਮਾਰਦੇ ਕਦੇ ਮਰਦੇ, ਕਦੇ ਲੁਟਦੇ ਕਦੇ ਲੁਟਾਂਦੇ, ਕਦੇ ਸ਼ਹੀਦ ਹੁੰਦੇ ਕਦੇ ਜ਼ਾਲਮਾਂ ਦਾ ਸਤਯਾਨਾਸ ਕਰਦੇ ਕਰਦੇ-ਥੱਕ-ਟੁੱਟ ਕੇ ਤੰਗ ਆ ਚੁੱਕੇ ਸਨ. ਮਹਾਰਾਜਾ ਰੰਜੀਤ ਸਿੰਘ ਦੇ ਰਾਜ ਵਿੱਚ ਵੀ ਏਹਨਾਂ ਨੇ ਅਮਨ ਦੇ ਗ੍ਰਿਹਸਥੀ ਜੀਵਨ ਦਾ ਕੋਈ ਬਾਹਲਾ ਸੁਖ ਨਹੀਂ ਭੋਗਿਆ. ਇਸ ਲਈ ਹੁਣ ਇਹ ਚੈਨ ਤੇ ਮਾਨ ਪ੍ਰਤਿਸ਼ਠਾ ਦਾ ਜੀਵਨ ਚਾਹੁੰਦੇ ਸਨ;

ਦੂਜਾ, ਇਹ ਕਿ ਸਿੱਖਾਂ ਨੂੰ ਅਜੇ ਅੰਗ੍ਰੇਜ਼ਾਂ ਦੀ ਕੌਮੀ ਜਥੇਬੰਦੀ ਦੀ ਪੂਰਨਤਾ,

Sri Satguru Jagjit Singh Ji eLibrary NamdhariElibrary@gmail.com

ਅਮੀਰੀ ਦੀ ਅਗਾਧਤਾ, ਯੁੱਧ ਵਿਗਿਆਨ ਦੀ ਨਿਪੁਣਤਾ, *ਸੈਨਾ ਦੀ ਬਹੁਲਤਾ, ਏਹਨਾਂ ਦੇ ਫ਼ੌਜੀ ਸਾਜ਼ੋ ਸਾਮਾਨ ਦੀ ਅਪਾਰਤਾ, ਏਹਨਾਂ ਦੀ ਹਾਰ ਕੇ ਵੀ ਜਿੱਤਣ ਲਈ ਮੁੜ ਲੜਨ ਦੀ ਲਾਸਾਨੀ ਹਿੰਮਤ, ਏਹਨਾਂ ਦੀ ਆਲਮੀ ਇਤਿਹਾਸ ਤੋਂ ਅਰ ਹਿਦੁੰਸਤਾਨੀਆਂ ਦੇ ਮਨੋਵਿਗਿਆਨ ਤੋਂ ਗੂੜ੍ਹ ਵਾਕਫ਼ੀਅਤ, ਏਹਨਾਂ ਦੇ ਵਿਸ਼ਵਿਆਪੀ ਇਲਮ ਦੀ ਤਾਜ਼ਗੀ, ਏਹਨਾਂ ਦੀ ਵੰਨੋਂ ਵੰਨੀਂ ਦੇ ਹੁਨਰਾਂ ਵਿੱਚ ਮਹਾਰਤ,ਏਹਨਾਂ ਦੀ ਸ਼ਕਤੀ ਦੀਆਂ ਡੂੰਘੀਆਂ ਨੀਹਾਂ,ਏਹਨਾਂ ਦੇ ਰਸੂਖ਼ ਤੇ ਰਸਾਈ ਦੀ ਵਿਸ਼ਾਲਤਾ, ਤੇ ਏਹਨਾਂ ਦੀ ਕਪਟ ਵਿਦਿਆ ਦੀਆਂ ਲਿਸ਼ਕੋਰੀ ਝਲਕੀਆਂ, ਜੋ ਉਹਨਾਂ (ਸਿੱਖਾਂ) ਨੇ, ਏਹਨਾਂ (ਅੰਗ੍ਰੇਜ਼ਾਂ) ਨਾਲ ਦੋ ਘੋਰ ਮਹਾਂ ਯੁੱਧਾਂ ਦੇ ਮੌਕਿਆਂ ਪਰ, ਏਹਨਾਂ ਵਿੱਚ ਵੇਖੀਆਂ ਸਨ, ਚੰਗੀ ਤਰ੍ਹਾਂ ਚੇਤੇ ਸਨ, ਤੇ ਜੋ ਅਕਥਨੀਯ ਕਸ਼ਟ ਉਹਨਾਂ ਨੇ ਏਹਨਾਂ ਦੇ ਹੱਥੋਂ ਪਾਏ ਸਨ, ਉਹ ਵੀ ਅਜੇ ਭੁੱਲੇ ਨ ਸਨ; ਸਿੱਖਾਂ ਦੀ ਮਾਨਸਿਕ ਦਸ਼ਾ ਸਨ ੧੮੫੭ ਵਿੱਚ ਹੂ ਬਹੂ ਉਹੋ ਸੀ, ਜੋ ਉਹਨਾਂ ਦੀ, ਅੰਗ੍ਰੇਜ਼ਾਂ ਨਾਲ ਪਹਿਲੇ ਯੁੱਧ ਵਿੱਚ ਲੜਨ ਮਗਰੋਂ, ਸਨ ੧੮੪੬ ਵਿੱਚ ਸੀ, ਤੇ ਜਿਸ ਦੀ ਤਸਵੀਰ ਸਾਨੂੰ ਸ਼ਾਹ ਮੁਹੰਮਦ ਦੇ ਇਸ ਬੈਂਤ (ਅੰਕ ੯੩) ਤੋਂ ਪੂਰੀ ਪੂਰੀ ਨਜ਼ਰ ਆਂਦੀ ਹੈ:-"ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ ਆਖੇ ਲਗ ਕੇ ਸਾਥੀਆਂ ਸੰਗੀਆਂ ਦੇ। ਸ਼ਾਹ ਮੁਹੰਮਦਾ ਫੇਰ ਨਾ ਰਬ ਲਿਆਵੇ ਵਿੱਚ ਜੰਗ ਦੇ ਨਾਲ ਫ਼ਰੰਗੀਆਂ ਦੇ ॥"

ਤੀਜਾ, ਇਹ ਕਿ ਸਿੱਖਾਂ ਲਈ *ਆਰਾਮ, ਇੱਜ਼ਤ, ਏਸ਼ਵਰਯ, ਧਨ, ਮਾਲ ਆਦਿਕ ਜੋ ਵੀ ਜ਼ਰੀਏ ਮਨੁਖ ਨੂੰ ਧੌਣ ਉੱਚੀ ਕਰ ਕੇ ਘਰੋਗਾ ਜੀਵਨ

*"In 1857 the total strength of the Company's army was 238,000, of whom 38,000 were Europeans. It was organised in three divisions, the Bengal, Madras, and Bombay armies. The Bengal army contained about 128,000 Indians and 23,000 Europeans. It covered the area from Calcutta to the northwest frontier." (India: A Modern History, By Percival Spear, The University of Michigan Press: 1961, P. 271.)

*"ਸਿੱਖਾਂ ਦਾ ਆਗੂ ਕੋਈ ਨ ਸੀ ਜਿਸ ਦੇ ਗਿਰਦ ਬਿਖਰੇ ਹੋਏ ਸਿੱਖ ਸਿਪਾਹੀ ਇੱਕਠੇ ਹੁੰਦੇ. ਰੰਜੀਤ ਸਿੰਘ ਦਾ ਪੁੱਤਰ ਆਪਣੇ ਬਜ਼ੁਰਗਾਂ ਦੀ ਧਰਤੀ ਪੁਰ ਨਹੀਂ ਸੀ, ਅਰ, ਜ਼ਿਆਦਾ ਤਰ ਗਿਣਤੀ ਐਸੇ ਸਿਰਦਾਰਾਂ ਦੀ ਸੀ ਜਿਨ੍ਹਾਂ ਦੇ ਦਿਲਾਂ ਵਿੱਚ ਆਪਣੇ ਵਿਜੇਤ੍ਰੀਆਂ (ਫ਼ਾਤਿਹਾਂ, Conquerors) ਦੇ ਅਹਿਸਾਨਮੰਦ ਹੋਣ ਲਈ ਚੰਗੇ ਕਾਰਣ ਮੌਜੂਦ ਸਨ. ਜੋ ਰਾਜ ਪਰਿਵਾਰ ਦਾ ਸਤਯਾ ਨਾਸ ਕਰ ਦਿੱਤਾ ਗਿਆ ਸੀ ਤਾਂ ਵੀ ਅੰਗ੍ਰੇਜ਼ਾਂ ਦੀ ਹਿਕਮਤ

ਬਾਕੀ ਸਫ਼ਾ ੧੯੨ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਬਿਤਾਣ ਲਈ ਆਵਸ਼ਯਕ ਹਨ ਉਹ ਸਭ ਅੰਗ੍ਰੇਜ਼ਾਂ ਨੇ ਮੁਹਈਆ ਕਰ ਦਿੱਤੇ ਹੋਏ ਸਨ;

ਚੌਥਾ, ਇਹ ਕਿ,ਸਮੇਂ ਦੇ ਸਰਬ ਸਾਧਾਰਣ ਹਾਲਾਤ ਅਨੁਸਾਰ, ਦੁਨਿਆਵੀ ਤਾਲੀਮ ਦੇ ਕਿਸੇ ਵੀ ਵਿਭਾਗ ਵਿੱਚ ਯਥੋਚਿਤ ਨਿਪੁਣ ਨ ਹੋਣ ਦੇ ਕਾਰਣ ਸਿੱਖਾਂ ਵਿੱਚ ਸਿਆਸੀ ਦੂਰੰਦੇਸ਼ੀ ਤੇ ਦਾਨਸ਼ਮੰਦੀ ਦਾ ਯਥਾਯੋਗ ਪ੍ਰਭਾਵ ਨ ਸੀ;

ਪੰਜਵਾਂ, ਇਹ ਕਿ ਉੱਪਰ ਦੱਸੇ ਕਾਰਣਾਂ ਕਰ ਕੇ ਸਿੱਖ ਓਦੋਂ (ਸਨ ੧੮੫੭ ਵਿੱਚ) ਸਦਾਚਾਰ ਦੀ ਉਸ ਉੱਚ ਸ਼ਿਖਰ ਤੇ ਨ ਸਨ ਜਿੱਥੋਂ ਪਰੋਪਕਾਰ ਤੇ ਸ੍ਵਤੰਤ੍ਰਤਾ ਲਈ ਕੁਰਬਾਨ ਹੋਣ ਲਈ ਅਕਾਲ ਪੁਰਖ ਤੋਂ ਨਿਰਭੈਤਾ ਦੀ ਦਾਤ ਪ੍ਰਾਪਤ ਹੁੰਦੀ ਹੈ;

ਛੇਵਾਂ, ਇਹ ਕਿ ਜਿਨ੍ਹਾਂ 'ਬਾਗ਼ੀਆਂ' ਵਿੱਚ ਸਿੱਖਾਂ ਨੇ ਜਾ ਕੇ ਰਲਣਾ ਸੀ, ਉਹਨਾਂ ਵਿੱਚ ਵੀ ਬਹੁਤ ਜ਼ਿਆਦਾ ਸੰਖਿਆ ਉਹਨਾਂ ਹੀ ਭੀੜਾਂ ਦੀ ਸੀ ਜੋ ਏਹਨਾਂ ਤੋਂ ਵੀ ਅਤਯੰਤ ਵਧੀਕ ਇਖ਼ਲਾਕੀ ਨੁਕਸਾਂ ਦੀਆਂ ਪੰਡਾ ਚੁੱਕੀ ਫਿਰਦੇ ਸਨ;

ਸਤਵਾਂ, ਇਹ ਕਿ ਜਿਸ ਤਰ੍ਹਾਂ ਖ਼ੁਦ ਸਿੱਖਾਂ ਵਿੱਚ ਕਿਸੇ ਲੋਕ ਮਾਨਯ, ਗੰਭੀਰ, ਸਾਦਿਕ, ਸਿਦਕਵਾਨ, ਕੇਂਦ੍ਰੀ ਅਲਮ ਬਰਦਾਰ, ਸ਼ਕਤੀ ਸ਼ੀਲ, ਤੇਜਸ੍ਵੀ ਆਗੂ ਦਾ ਘਾਟਾ ਸੀ, ਇਸੇ ਤਰ੍ਹਾਂ 'ਬਾਗ਼ੀਆਂ' ਵਿੱਚ ਵੀ ਐਸਾ ਮੁਤਲਿਕ ਕੋਈ ਆਗੂ ਨ ਸੀ;

ਅਠਵਾਂ, ਇਹ ਕਿ 'ਹਿੰਦੁਸਤਾਨ ਦੇਸ਼', 'ਹਿੰਦੁਸਤਾਨੀ ਕੌਮ', 'ਹਿੰਦੁਸਤਾਨ ਲਈ ਕੌਮੀ ਭਗਤੀ', 'ਸਾਰੇ ਹਿੰਦੁਸਤਾਨੀਆਂ ਦਾ ਕੋਈ ਇੱਕ ਖ਼ਾਸ ਆਦਰਸ਼ ਯਾ ਵਿਸ਼ੇਸ਼ ਆਸ਼ਾ,' ਆਦਿਕ ਭਾਵਾਂ ਦਾ ਓਦੋਂ ਨ ਤਾਂ ਸਿੱਖਾਂ ਦੇ ਮਨ ਵਿੱਚ, ਤੇ ਨ ਕਿਸੇ ਹੋਰ ਹਿੰਦੁਸਤਾਨੀ ਦੇ ਮਨ ਵਿੱਚ ਪੂਰਾ ਪੂਰਾ ਇਲਮ ਯਾ ਤਸੱਵਰ ਸੀ;

ਨੌਵਾਂ, ਇਹ ਕਿ ਮਰਹਟਿਆਂ ਦੀ ਉਸ ਹਾਰ ਮਗਰੋਂ ਜੋ, ਉਹਨਾਂ ਨੇ ਐਹਮਦ ਸ਼ਾਹ ਅਬਦਾਲੀ ਤੋਂ ੧੪ ਜਨਵਰੀ ਸਨ ੧੭੬੧ ਵਾਲੇ ਦਿਨ ਪਾਨੀਪਤ ਖਾਧੀ, ਉਹਨਾਂ ਦੀ, ਥਾਉਂ ਥਾਈਂ ਅੰਗ੍ਰੇਜ਼ਾਂ ਨਾਲ ਝੜਪ ਵਿੱਚ,ਬਾਰੰਬਾਰ ਨਾਕਾਮਯਾਬੀ,

---

ਸਫ਼ਾ ੧੯੧ ਦੀ ਬਾਕੀ

ਅਮਲੀ ਨੇ ਅੱਡ ਅੱਡ ਸਿਰਦਾਰਾਂ ਦੇ ਹਕੂਕ ਮਹਿਫ਼ੂਜ਼ ਰੱਖਣ ਵਿੱਚ ਕਾਫ਼ੀ ਏਹਤਿਯਾਤ ਕੀਤੀ ਸੀ. ਪੁਰਾਣੇ ਨਿਜ਼ਾਮ ਦੀ ਮੁੜ ਅਸਥਾਪਨਾ ਹੋ ਜਾਣ ਨਾਲ ਮੁਮਕਿਨ ਹੈ ਕਿ ਉਹ ਪੂਰੀ ਤਰ੍ਹਾਂ ਉਹਨਾਂ ਦੇ ਫ਼ਾਇਦੇ ਲਈ ਨ ਹੋਵੇ. ਜਿਨ੍ਹਾਂ ਸਿਰਦਾਰਾਂ ਨੂੰ ਅੰਗ੍ਰੇਜ਼ਾਂ ਦੀ ਨਾਰਾਜ਼ਗੀ ਦਾ ਅੰਦੇਸ਼ਾ ਸੀ ਉਹਨਾਂ ਲਈ ਹੁਣ ਮੁੜ ਅੰਗ੍ਰੇਜ਼ਾਂ ਦੇ ਮਨਜ਼ੂਰ-ਇ-ਨਜ਼ਰ ਹੋਣ ਲਈ ਇੱਕ ਅਤਯੰਤ ਹੀ ਚੰਗਾ ਮੌਕਾ ਸੀ ; ਅਰ ਉਹਨਾਂ ਨੇ (ਅੰਗ੍ਰੇਜ਼ਾਂ ਤੇ) ਇਸ ਔਕੜ ਦੇ ਵੇਲੇ

ਬਾਕੀ ਸਫ਼ਾ ੧੯੩ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਨੂੰ ਚੇਤੇ ਕਰ ਕਰ ਕੇ ਸਿੱਖਾਂ ਤੇ ਆਮ ਹਿੰਦੁਸਤਾਨੀਆਂ ਦੇ ਮਨ ਵਿੱਚ ਇਹ ਯਕੀਨ ਬੈਠ ਚੁੱਕਾ ਸੀ ਕਿ ਅੰਗ੍ਰੇਜ਼ਾਂ ਦੇ ਵਿਰੁੱਧ ਜੰਗ ਵਿੱਚ ਜਿੱਤਣਾ ਸੰਭਵ ਨਹੀਂ;

ਦਸਵਾਂ, ਇਹ ਕਿ ਕੁਲ ਅੱਠ ਵੱਰ੍ਹੇ ਪਹਿਲਾਂ ਅੰਗ੍ਰੇਜ਼ਾਂ ਨਾਲ ਦੋ ਮਹਾਨ ਟੱਕਰਾਂ ਲਾਣ ਮਗਰੋਂ ਸਿੱਖਾਂ ਦੇ ਪਾਸ ਮਾਇਆ ਮਾਲ ਆਦਿਕ ਕਾਫ਼ੀ ਨ ਸਨ ਕਿ ਮੁੜ ਅੰਗ੍ਰੇਜ਼ਾਂ ਦੇ ਮੁਕਾਬਲੇ ਲਈ ਖੜੇ ਹੋਵਨ;

ਯਾਰ੍ਹਵਾਂ, ਇਹ ਕਿ 'ਬਗ਼ਾਵਤ' ਦੀ ਲਹਿਰ *ਅਖਿਲ ਭਾਰਤੀਯ ਲਹਿਰ ਨ ਸੀ;

ਬਾਰ੍ਹਵਾਂ, ਇਹ ਕਿ ਸਿੱਖਾਂ ਦੀ ਬਹੁ-ਸੰਖਿਆ ਸੈਨਾ ਦਾ 'ਬਾਗ਼ੀਆਂ' ਦੇ ਕਿਸੇ ਪ੍ਰਮੁਖ ਕੇਂਦ੍ਰ ਵਿੱਚ ਸਹੀ-ਸਲਾਮਤ ਪਹੁੰਚਣਾ ਹੀ ਸੰਭਵ ਯਾ ਸੁਖਾਲਾ ਨ ਸੀ, ਤੇ ਜਿਨ੍ਹਾਂ ਨੇ 'ਬਾਗ਼ੀਆਂ' ਨਾਲ ਮਿਲਣ ਦੀ ਕੋਸ਼ਿਸ਼ ਕੀਤੀ ਉਹ ਕਾਮਯਾਬ ਨ ਹੋਏ;

ਤੇਰ੍ਹਵਾਂ, ਇਹ ਕਿ ਸਿੱਖ ਮੁਗ਼ਲਿਯਾ ਹਕੂਮਤ ਨੂੰ ਅੰਗ੍ਰੇਜ਼ੀ ਹਕੂਮਤ ਤੋਂ ਬਹੁਤ ਵਧੀਕ ਨਫ਼ਰਤ ਕਰਦੇ ਸਨ, ਅਰਥਾਤ ਉਹਨਾਂ ਨੂੰ ਵੀ ਓਨਾਂ ਹੀ ਵਿਦੇਸ਼ੀ ਸਮਝਦੇ ਸਨ ਜਿੰਨਾਂ ਕਿ ਅੰਗ੍ਰੇਜ਼ਾਂ ਨੂੰ, ਇਸ ਲਈ ਉਹ ਉਸ ਮੁਗ਼ਲਿਯਾ ਕੌਮ ਦੇ ਨਾਮ-ਧਰੀਕ ਬਾਦਸ਼ਾਹ ਨੂੰ ਬਹਾਲ ਕਰਨ ਲਈ ਆਪਣੀ ਜਾਨ ਮਾਲ ਤੇ ਇੱਜ਼ਤ ਦੀ ਬਾਜ਼ੀ ਹਰਗਿਜ਼ ਨ ਲਾਣਾ ਚਾਹੁੰਦੇ ਸਨ, ਹਾਂ ਜੀ, ਜਿਸ ਹਕੂਮਤ ਨੂੰ ਕੁਚਲਣ ਤੇ ਨੇਸਤੋ ਨਾਬੂਦ ਕਰਨ ਲਈ ਉਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਗੱਦੀ ਪੁਰ ਬਿਰਾਜਣ ਦੇ, ਅਰ ਉਹਨਾਂ ਦੇ ਦੋ ਤਲਵਾਰਾਂ ਧਾਰਨ ਦੇ, ਸਮੇਂ (੨੫ ਮਈ

ਸਫ਼ਾ ੧੯੨ ਦੀ ਬਾਕੀ

(ਅੰਗ੍ਰੇਜ਼ਾਂ ਨੂੰ) ਆਪਣੀਆਂ ਮਦਦਾਂ ਪੇਸ਼ ਕੀਤੀਆਂ." (Eighteen Fifty Seven, by Surendra Nath, May 1957; p. 334.)

* "ਇਹਾਤਹ ਮਦਰਾਸ ਆਦਿ ਤੋਂ ਅੰਤ ਤਕ ਗ਼ਦਰ ਦੇ ਅਸਰ ਤੋਂ ਬਚਿਆ ਰਿਹਾ. ਬੰਗਾਲ ਵਿੱਚ ਕਈ ਥਾਂਵਾਂ ਪੁਰ ਸਿਪਾਹੀਆਂ ਨੇ ਬਗ਼ਾਵਤ ਕੀਤੀ ਪਰ ਆਮ ਸਥਾਨਕ ਜਨਤਾ ਨੇ ਉਹਨਾਂ ਨਾਲ ਕੋਈ ਹਮਦਰਦੀ ਨਹੀਂ ਕੀਤੀ. ਕਲਕੱਤੇ ਦੇ ਤਾਲੀਮ ਯਾਫ਼ਤਾ ਸ਼ਹਿਰੀ ਤੇ ਉੱਚ ਜ਼ਮੀਨਦਾਰ ਰਈਸ ਜ਼ਾਹਿਰਾ ਤੌਰ ਤੇ ਬਗ਼ਾਵਤ ਨੂੰ ਬੁਰਾ ਕਹਿਣ ਵਿੱਚ, ਅਰ ਬਾਗ਼ੀਆਂ ਨੂੰ ਨਿੰਦਣ ਤੇ ਮਲਾਮਤ ਪਾਣ ਵਿੱਚ ਆਪਣੇ ਮਦਰਾਸੀ ਸਾਥੀਆਂ ਤੋਂ ਪਿੱਛੇ ਨਹੀਂ ਰਹੇ. ਆਸਾਮ, ਉੜੀਸਾ ਤੇ ਬਿਹਾਰ ਵਿੱਚ ਵੀ ਯੋਰਸ਼ ਨੂੰ ਕਾਮਯਾਬੀ ਪ੍ਰਾਪਤ ਨਹੀਂ ਹੋਈ. ਇਹਾਤਹ ਬੁੰਬਈ ਨੇ ਖਲਬਲੀ ਦੇ ਨਜ਼ਾਰੇ ਸਤਾਰੇ ਵਿੱਚ, ਤੇ ਕੁੱਝ ਹੋਰ ਥਾਵਾਂ ਪੁਰ ਵੇਖੇ, ਪਰ ਖੁਦ ਬੁੰਬਈ ਵਿੱਚ, ਇਸ ਨੂੰ ਸ਼ੁਰੂ ਹੁੰਦਿਆਂ ਹੀ ਦਬਾ ਦਿੱਤਾ ਗਿਆ. ਇਸ ਪ੍ਰਕਾਰ ਇਹ ਉੱਤਰ-ਪੱਛਮੀ ਸੂਬਿਆਂ ਵਿੱਚ ਅਰ ਅਵਧ ਤੇ ਰੁਹੇਲ ਖੰਡ ਵਿੱਚ ਹੀ ਸੀ ਜਿੱਥੇ ਕਿ ਯੋਰਸ਼ ਨੂੰ ਸਭ ਤੋਂ ਵਧੀਕ ਕਾਮਯਾਬੀ ਪ੍ਰਾਪਤ ਹੋਈ." (ਦੇਖੋ, Eighteen Fifty Seven, by Surendra Nath Sen, pp. 407-409.)

Sri Satguru Jagjit Singh Ji eLibrary NamdhariElibrary@gmail.com

ਸਨ ੧੬੦੬) ਤੋਂ, ਜੱਦੋ ਜਿਹਦ ਕਰ ਰਹੇ ਸਨ ਅਰ ਜਿਸ ਦੇ ਵਿਨਾਸ਼ ਲਈ ਪਹਿਲਾਂ ਅਣਗਿਣਤ ਸ਼ਹੀਦੀਆਂ ਦੇ ਚੁੱਕੇ ਸਨ; ਉਸ ਨੂੰ, ਉਹ, ਮੁੜ ਆਪਣੇ ਖ਼ੂਨ ਦੇ ਬਦਲੇ ਸਰ-ਸਬਜ਼ ਨ ਵੇਖਣਾ ਚਾਹੁੰਦੇ ਸਨ;

ਅਰ, ਚੌਥਵਾਂ, ਤੇ ਅੰਤਿਮ, ਇਹ ਕਿ ਕੀ ਮਰਹਟੇ ਤੇ ਕੀ ਮੁਸਲਮਾਣ, ਕੀ ਪੂਰਬੀ ਤੇ ਕੀ ਕੋਈ ਹੋਰ, ਸਭ ਆਪਣੀ ਹੀ ਕਿਸੇ ਖ਼ਾਸ ਗ਼ਰਜ਼ ਦੀ ਪੂਰਤੀ ਲਈ ਲੜਨਾ ਮਰਨਾ ਚਾਹੁੰਦੇ ਸਨ, ਤੇ ਦੂਜਿਆਂ ਨੂੰ ਮਰਵਾਣਾ ਚਾਹੁੰਦੇ ਸਨ, ਤੇ ਇਸ ਅੰਨ੍ਹੇ ਖੂਹ ਵਿੱਚ ਸਿੱਖ, ਜਿਨ੍ਹਾਂ ਦੇ ਹੱਥ ਪੈਰ ਬੱਧੇ ਹੋਏ ਸਨ, ਛਾਲ ਮਾਰ ਕੇ ਉੱਕਾ ਹੀ ਨਸ਼ਟ ਨ ਹੋਣਾ ਚਾਹੁੰਦੇ ਸਨ.

(੬੪) ਉਪ੍ਰੋਕਤ ਸਾਰੇ ਹੀ ਕਾਰਣਾਂ ਦੀ ਸਮੁਚੇ ਤੌਰ ਤੇ ਵਾਜਬੀਅਤ (Validity) ਦਾ ਸਬੂਤ ਦੇਣ ਲਈ ਆਵਸ਼ਯਕ ਹੈ ਕਿ ਗ਼ਦਰ ਦੇ ਇਤਿਹਾਸ ਪੁਰ ਸਰਸਰੀ ਨਜ਼ਰ ਮਾਰੀ ਜਾਏ. ਸੋ ਇਸ ਅਹਮ ਮਜ਼ਮੂਨ ਤੇ ਵਰਤਮਾਨ ਸਰਕਾਰ ਹਿੰਦ ਦੇ ਪਬਲੀਕੇਸ਼ਨਜ਼ ਵਿਭਾਗ ਨੇ ਮਈ ਸਨ ੧੯੫੭ ਵਿੱਚ ੫੦੦ ਪੰਨਿਆਂ ਦੀ ਇੱਕ ਜ਼ਖ਼ੀਮ ਪੁਸਤਕ ਅੰਗ੍ਰੇਜ਼ੀ ਵਿੱਚ ਕਲਕੱਤੇ ਦੇ ਪ੍ਰਸਿੱਧ ਇਤਿਹਾਸਕਾਰ, (ਹੁਣ ਚਲ ਬਸੇ) ਡਾਕਟਰ ਸੁਰੇਂਦ੍ਰ ਨਾਥ ਸੇਨ, ਤੋਂ ਤਿਆਰ ਕਰਵਾ ਕੇ ਪ੍ਰਕਾਸ਼ਿਤ ਕੀਤੀ ਸੀ. ਇਸ ਨੂੰ ਲਿੱਖਣ ਵਿੱਚ ਮਹਾਂ ਵਿਦ੍ਵਾਨ ਡਾਕਟਰ ਸੇਨ ਨੇ ੪੪੧ ਕਿਤਾਬਾਂ, ਰਸਾਲਿਆਂ, ਦਸਤਾਵੇਜ਼ਾਂ ਤੇ ਟੈਕਟਾਂ ਨੂੰ ਦ੍ਰਿਸ਼ਟੀ ਗੋਚਰ ਰੱਖਿਆ ਹੈ, ਜਿਨ੍ਹਾਂ ਦੇ ਨਾਮ ਵਿਸਥਾਰ ਨਾਲ ਪੁਸਤਕ ਦੇ ਅੰਤ ਵਿੱਚ ਦਿੱਤੇ ਹੋਏ ਹਨ. ਪੁਸਤਕ ਦਾ ਨਾਮ 'ਅਠਾਰਾਂ ਸੌ ਸਤਵੰਜਾ' (Eighteen Fifty Seven) ਹੈ. 'ਅਠਾਰਾਂ ਸੌ ਸਤਵੰਜਾ' ਦੇ ਅਰੰਭ ਵਿੱਚ ਮਰਹੂਮ ਮੌਲਾਨਾ ਅੱਬੁਲ ਕਲਾਮ ਆਜ਼ਾਦ ਲਿਖਿਤ ਇੱਕ ਇੱਕੀ ਸਫ਼ਿਆਂ ਦਾ ਮੁਖਬੰਧ ਹੈ. ਸੋ ਇਸ ਮੁਖਬੰਧ ਦੇ ਪੰਦਰ੍ਹਵੇਂ ਸਫ਼ੇ ਤੇ ਮੌਲਾਨਾ ਸਾਹਿਬ ਲਿਖਦੇ ਹਨ: "ਮੈਂ ਜਦ ੧੮੫੭ ਦੀਆਂ ਘਟਨਾਵਾਂ ਦੀ ਬਾਬਤ ਪੜ੍ਹਦਾ ਹਾਂ ਤਾਂ ਬੇ ਅਖ਼ਤਿਆਰ ਇਸ ਸ਼ੋਕਮਈ ਨਤੀਜੇ ਤੇ ਪਹੁੰਚਦਾ ਹਾਂ ਕਿ ਹਿੰਦੁਸਤਾਨੀ ਕੌਮੀ ਇਖ਼ਲਾਕ ਬਹੁਤ ਹੀ ਅਧੋਗਤੀ ਨੂੰ ਪਹੁੰਚ ਚੁੱਕਾ ਸੀ (had sunk very low). ਬਗ਼ਾਵਤ ਦੇ ਆਗੂ ਕਦੇ ਵੀ ਆਪੋ ਵਿੱਚ ਮੁੱਤਫ਼ਿਕ ਨਾ ਹੁੰਦੇ ਸਨ. ਉਹ ਇੱਕ ਦੂਜੇ ਦੇ ਨਾਲ ਹਸਦ ਕਰਦੇ ਸਨ. ਉਹਨਾਂ ਨੂੰ ਇਸ ਗੱਲ ਦੀ ਜ਼ਰਾ ਪਰਵਾਹ ਨ ਸੀ ਕਿ ਉਹਨਾਂ ਦੇ ਪ੍ਰਸਪਰ ਵਿਰੋਧਾਂ ਦਾ ਅਸਰ ਸਾਰੀ ਤਹਰੀਕ ਤੇ ਕੀ ਪਵੇਗਾ! ਹਕੀਕਤ ਵਿੱਚ ਇਹ ਜ਼ਾਤੀ ਹਸਦ ਤੇ ਸਾਜ਼ਸ਼ਾਂ ਹੀ ਜ਼ਿਆਦਾ ਤਰ ਹਿੰਦੁਸਤਾਨੀ ਹਾਰ ਦੀਆਂ ਜ਼ਿੰਮੇਵਾਰ ਸਨ. ਬਖ਼ਤ ਖ਼ਾਨ ਇੱਕ ਈਮਾਨਦਾਰ ਆਦਮੀ ਸੀ, ਜਿਸ ਦੇ ਹੱਥ ਜੱਦੋ ਜਿਹਦ ਦੇ ਅੰਤਿਮ ਮੌਕੇ ਪਰ, ਦਿੱਲੀ ਦਾ ਇਨਤਜ਼ਾਮ ਸੀ. ਉਹ ਜਿੱਤ ਲਈ ਜੋਸ਼ ਤੇ ਸਦਾਕਤ ਨਾਲ ਪੂਰਾ ਪੂਰਾ ਵਾਹ ਲਾ ਰਿਹਾ ਸੀ, ਪਰ ਜੰਗ ਦੇ ਬਾਕੀ ਸਾਰੇ ਆਗੂ ਉਸ

Sri Satguru Jagjit Singh Ji eLibrary NamdhariElibrary@gmail.com

ਦੀ ਸ਼ਿਕਸਤ ਲਈ ਕਲਾ ਮਰੋੜ ਰਹੇ ਸਨ. ਜਦ ਉਹ ਯੁੱਧ ਲਈ ਅੱਗੇ ਵਧਿਆ ਤਾਂ ਉਹਨਾਂ ਨੇ ਉਸ ਦੀ ਮਦਦ ਨਹੀਂ ਕੀਤੀ, ਯਾ ਬਹੁਤ ਹੀ ਘਟ ਕੀਤੀ, ਏਹੋ ਦਸ਼ਾ ਲਖਨਊ ਵਿੱਚ ਪ੍ਰਗਟ ਸੀ. "ਰੈਜ਼ੀਡੈਨਸੀ" (Residency ਅੰਗ੍ਰੇਜ਼ਾਂ ਦੀ ਰਿਹਾਇਸ਼ ਗਾਹ ਖ਼ਾਸ) ਨੂੰ ਹਿੰਦੁਸਤਾਨੀ ਫ਼ੌਜੀ ਸਿਪਾਹੀਆਂ ਨੇ ਘੇਰਿਆ ਹੋਇਆ ਸੀ, ਪਰ ਏਹਨਾਂ ਸਿਪਾਹੀਆਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਜਿਉਂ ਹੀ ਅਸਾਂ ਇਸ ਰਿਹਾਇਸ਼ ਗਾਹ ਤੇ ਕਬਜ਼ਾ ਕਰ ਲਿਆ ਤਿਉਂ ਹੀ ਰਾਣੀ ਅਵਧ ਦੀ ਸਰਕਾਰ ਨੂੰ ਸਾਡੀ ਲੋੜ ਨਹੀਂ ਰਹੇਗੀ, ਤੇ ਸਾਡੀਆਂ ਨੌਕਰੀਆਂ ਬੱਸ ਓਦੋਂ ਤਕ ਹੀ ਹਕ ਜਦ ਤਕ ਇਹ ਜੱਦੋ ਜਿਹਦ ਜਾਰੀ ਹੈ. ਚੁਨਾਂਚਿ ਏਹਨਾਂ ਸਿਪਾਹੀਆਂ ਨੇ ਮੁਕੰਮਲ ਫ਼ਤਿਹਯਾਬੀ ਲਈ ਬਿਲਕੁਲ ਕੋਸ਼ਿਸ਼ ਨਹੀਂ ਕੀਤੀ. ਇਸ ਦੇ ਮੁਕਾਬਲੇ ਵਿੱਚ ਅੰਗ੍ਰੇਜ਼ੀ ਸਿਪਾਹੀ ਆਪਣੀ ਮਲਕਾ ਲਈ ਵਫ਼ਾਦਾਰੀ ਨਾਲ ਲੜੇ. ਨਰ ਨਾਰੀਆਂ ਨੇ ਮਹਿਸੂਸ ਕੀਤਾ ਕਿ ਇਹ ਇੱਕ ਕੌਮੀ ਆਫ਼ਤ ਹੈ ਜਿਸ ਦੇ ਖ਼ਿਲਾਫ਼ ਸਾਨੂੰ ਆਪਣੇ ਬਚਾਓ ਲਈ ਅਰ ਆਪਣੀ ਵਿਜੈ ਲਈ ਜ਼ਰੂਰ ਹੀ ਤਨ ਮਨ ਨਾਲ ਲੜਨਾ ਚਾਹੀਦਾ ਹੈ. ਐਨੇ ਹੀ ਧਿਆਨ ਯੋਗ ਇੱਕ ਹੋਰ ਹਕੀਕਤ ਇਹ ਹੈ ਕਿ ਸਿਵਾਏ ਬਿਲਕੁਲ ਹੀ ਚੰਦ ਮਹਿਦੂਦ ਸਨਮਾਨਿਤ ਆਗੂਆਂ ਦੇ, ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਸਿਧ ਐਹਮਦ ਉੱਲਾ ਤੇ ਤਾਂਤੀਆ ਤੋਪੀ ਸਨ—ਜਿਨ੍ਹਾਂ ਵੀ ਆਗੂਆਂ ਨੇ ਇਸ ਜਦੋ ਜਿਹਦ ਵਿੱਚ ਹਿੱਸਾ ਲਿਆ ਸੀ ਉਹਨਾਂ ਵਿੱਚ ਇਨਤਹਾਈ ਗਿਤਣੀ ਜ਼ਾਤੀ ਗ਼ਰਜ਼ਮੰਦਾਂ ਦੀ ਸੀ. ਉਹ ਅੰਗ੍ਰੇਜ਼ਾਂ ਦੇ ਖ਼ਿਲਾਫ਼ ਤਦ ਤਕ ਨਹੀਂ ਉੱਠੇ ਜਦ ਤਕ ਕਿ ਉਹਨਾਂ ਨੂੰ ਖ਼ੁਦ ਜ਼ਾਤੀ ਨੁਕਸਾਨ ਨਹੀਂ ਪਹੁੰਚਿਆ. ਇੱਥੋਂ ਤਕ ਕਿ ਬਗ਼ਾਵਤ ਦੇ ਸ਼ੁਰੂ ਹੋ ਜਾਣ ਦੇ ਬਾਦ ਵੀ ਨਾਨਾ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਜੇ ਲਾਰਡ ਡਲਹੌਜ਼ੀ ਅਜੇ ਵੀ ਆਪਣੇ ਫ਼ੈਸਲੇ ਨੂੰ ਬਦਲ ਕੇ ਮੇਰੇ ਮਤਾਲਬੇ ਪੂਰੇ ਕਰ ਦੇਵੇ ਤਾਂ ਮੈਂ ਸੁਲਹ ਲਈ ਤਿਆਰ ਹਾਂ. ਝਾਂਸੀ ਦੀ ਰਾਣੀ ਦੇ ਵੀ ਆਪਣੇ ਹੀ ਦੁੱਖਾਂ ਦੇ ਹੇਤੂ ਸਨ. ਪਰ ਹਾਂ, ਜਦ ਉਹ ਇੱਕ ਵੇਰ ਜੰਗ ਵਿੱਚ ਉਤਰ ਆਈ, ਤਾਂ ਫਿਰ ਕਦੇ ਪਿੱਛੇ ਨਹੀਂ ਹਟੀ, ਅਰ ਆਪਣੀ ਜਾਨ ਉਸ ਤਹਰੀਕ ਤੇ ਕੁਰਬਾਨ ਕਰ ਗਈ ਜਿਸ ਨਾਲ ਕਿ ਉਸ ਨੇ ਸੰਬੰਧ ਜੋੜਿਆ ਸੀ. *ਬਸ ਜੇ ਯੋਰਸ਼ ਦੇ ਆਗੂਆਂ ਦੀ

*ਉਕਤ ਸਤਰਾਂ ਵਿੱਚ ਜੇਹੜੇ ਔਗੁਣ ਮੌਲਾਨਾ ਸਾਹਿਬ ਨੇ ਹਿੰਦੁਸਤਾਨੀ ਕੌਮ ਦੇ ਨਿਰੂਪਣ ਕੀਤੇ ਹਨ ਕਿ ਸਨ ੧੮੫੭ ਵਿੱਚ ਸਨ--ਮੈਂ ਪੁੱਛਦਾ ਹਾਂ ਕਿ ਇਹ ਔਗੁਣ ਹਿੰਦੁਸਤਾਨੀ ਕੌਮੀ ਸੁਭਾਵ ਵਿੱਚ, ਇਤਿਹਾਸਿਕ ਕਾਲ ਵਿੱਚ, ਕਦੋਂ ਨਹੀਂ ਸਨ ਤੇ ਕੀ ਅੱਜ ਵੀ ਨਹੀਂ ਹਨ ; ਅਰ ਕੀ ਕੋਈ ਪੇਸ਼ੀਨ ਗੋਈ ਕਰ ਸਕਦਾ ਹੈ ਕਿ ਕਦੋਂ ਕਿਸੇ ਆਗਾਮੀ ਕਾਲ ਤਕ ਇਸ ਕੌਮ ਦੇ ਸਰਬ ਸਾਧਾਰਣ ਵਿਅਕਤੀ ਏਹਨਾਂ ਧਿੱਕਾਰਿਤ ਔਗੁਣਾਂ ਤੋਂ ਵਿਮੁਕਤ ਯਾ ਸ਼ੁੱਧ ਹੋ ਜਾਨਗੇ ?

Sri Satguru Jagjit Singh Ji eLibrary NamdhariElibrary@gmail.com

ਇਹ ਦਸ਼ਾ ਸੀ ਤਾਂ ਸਹਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ ਕਿ ਆਮ ਹਜੂਮਾਂ ਦੀ ਕੀ ਦਸ਼ਾ ਹੋਣੀ ਹੈ. ਉਹ ਤਾਂ ਬਹੁਤ ਕਰ ਕੇ ਇਸ ਜੱਦੋ ਜਿਹਿਦ ਦੇ ਦਰਸ਼ਕ (ਤਮਾਸ਼ਬੀਨ) ਸਨ ਅਰ ਵੇਲੇ ਦੇ ਵੇਲੇ ਜਿਸ ਦਾ ਪਾਸਾ ਉੱਚਾ ਵੇਖਦੇ ਸਨ ਉਸ ਦੀ ਮਦਦ ਕਰ ਦੇਂਦੇ ਸਨ. ਉਹਨਾਂ ਦੇ ਅੰਦਾਜ਼ ਦਾ ਤਸੱਵਰ ਉਸ ਦੁਰਗਤੀ ਤੋਂ ਹੋ ਸਕਦਾ ਹੈ ਜੋ ਅੰਤ ਵਿੱਚ ਤਾਂਤੀਆ ਤੋਪੀ ਦੀ ਹੋਈ. ਜਦ ਅੰਤ ਵਿੱਚ ਉਹ ਹਾਰ ਖਾ ਗਿਆ ਤਾਂ ਉਸ ਨੇ ਪਿੱਛੇ, ਨਰਬਦਾ (ਨਰਮਦਾ) ਪਾਰ, ਮੱਧ ਪ੍ਰਦੇਸ਼ ਵਿੱਚ, ਪਹੁੰਚਣ ਲਈ ਕੋਸ਼ਿਸ਼ ਕਰਨ ਦਾ ਪੱਕਾ ਇਰਾਦਾ ਕਰ ਲਿਆ. ਉਸ ਦਾ ਵਿਸ਼ਵਾਸ ਸੀ ਕਿ ਜੇ ਮੈਂ ਇੱਕ ਵੇਰ ਮਹਾਰਾਸ਼ਟ੍ਰ ਦੀ ਧਰਤੀ ਪੁਰ ਪਹੁੰਚ ਗਿਆ ਤਾਂ ਲੋਕੀ ਮੇਰੀ ਮਦਦ ਕਰਨਗੇ. ਉਹ ਕਿਸੇ ਤਰ੍ਹਾਂ, ਮਾਨੋਂ ਰੱਬੀ ਹੌਸਲੇ ਤੇ ਇਸਤਿਕਲਾਲ ਨਾਲ, ਆਪਣਾ ਪਿੱਛਾ ਕਰਨ ਵਾਲਿਆਂ ਤੋਂ ਅੱਖ ਬਚਾ ਕੇ ਨਿਕਲ ਗਿਆ ਤੇ ਨਰਬਦਾ ਪਾਰ ਹੋ ਗਿਆ. ਜਦ ਉਹ ਪਾਰਲੇ ਕਿਨਾਰੇ ਪਹੁੰਚਿਆ ਤਾਂ ਉਸ ਨੂੰ ਇੱਕ ਵੀ ਪਿੰਡ ਐਸਾ ਨ ਮਿਲਿਆ ਜੋ ਉਸ ਨੂੰ ਆਸਰਾ ਦੇਂਦਾ. ਹਰ ਮਨੁਖ ਉਸ ਦੇ ਖ਼ਿਲਾਫ਼ ਹੋ ਗਿਆ ਤੇ ਉਹ ਮੁੜਗਿੜ ਕੇ ਫਿਰ ਜੰਗਲਾਂ ਵਲ ਧਾ ਪਿਆ. ਆਖ਼ਿਰ ਉਹ ਇਸ ਦਾ ਇੱਕ ਇਸ਼ਟ ਮਿਤਰ ਹੀ ਸੀ ਜਿਸ ਨੇ ਇਸ ਦੇ ਨਾਲ ਧਰੋਹ ਕੀਤਾ ਜਦ ਕਿ ਇਹ ਸੁੱਤਾ ਪਿਆ ਸੀ." (Eighteen Fifty Seven, Foreword, pp. xv-xvi.) ਕੇਹੜਾ ਪਾਠਕ ਹੈ ਜੇਹੜਾ ਇਸ ਵਿਥਿਆ ਤੇ ਅਥਰੂ ਨਹੀਂ ਕੇਰੇਗਾ ! ਬਾਕੀ ਸਾਰੀ ਕਿਤਾਬ ਵਿੱਚ ਬਸ ਏਹੋ ਰੋਣਾ ਰੋਇਆ ਹੋਇਆ ਹੈ ਕਿ ਗ਼ਦਰ ਸਮੇਂ ਜਦ ਅੰਗ੍ਰੇਜ਼ ਦੇਸੀਆਂ ਦੇ ਫੰਦੇ ਆ ਫਸਦੇ ਸਨ ਤਾਂ ਦੇਸੀ ਚੰਗੀ ਤਰ੍ਹਾਂ ਦਰਿੰਦੇ ਬਣ ਕੇ ਅੰਗ੍ਰੇਜ਼ਾਂ ਨੂੰ ਤਬਾਹ ਕਰਦੇ ਸਨ ਤੇ ਦੇਸੀਆਂ ਨੂੰ ਜਦ ਬਦਕਿਸਮਤੀ ਅੰਗ੍ਰੇਜ਼ਾਂ ਵਿੱਚ ਲਿਆ ਸੁੱਟਦੀ ਸੀ ਤਾਂ ਅੰਗ੍ਰੇਜ਼ ਵੀ ਦਿਲ ਖੋਲ੍ਹ ਕੇ ਵੈਹਸ਼ੀਆਂ ਨੂੰ ਮਾਤ ਕਰਦੇ ਸਨ ਤੇ ਇਹ ਕਿ ਗ਼ਦਰ ਦੇ ਖ਼ਾਤਮੇ ਪਰ ਬਾਗ਼ੀਆਂ ਦੀਆਂ ਫ਼ੌਜਾਂ ਨੂੰ ਯਾ ਤਾਂ ਤਬਾਹ ਕਰ ਦਿੱਤਾ ਗਿਆ ਯਾ ਉਹਨਾਂ ਦੇ ਮਾਲ-ਅਸਬਾਬ ਜ਼ਬਤ ਕਰ ਕੇ ਉਹਨਾਂ ਨੂੰ ਜ਼ਲੀਲ ਕਰ ਕਰ ਕੇ ਰਫ਼ਾ ਦਫ਼ਾ ਕਰ ਦਿੱਤਾ ਗਿਆ. ੨੦ ਸਤੰਬਰ ਸਨ ੧੮੫੭ (ਅਰਥਾਤ ਦਿੱਲੀ ਦੀ ਜਿੱਤ) ਮਗਰੋਂ ਗੋਰਿਆਂ ਤੇ ਉਹਨਾਂ ਦੇ ਅਫ਼ਸਰਾਂ ਨੇ ਕਿੰਨਾਂ ਹੀ ਚਿਰ ਸ਼ਹਿਰੀਆਂ ਨੂੰ ਮਾਰਿਆ, ਲੁੱਟਿਆ ਤੇ ਬੇ-ਇੱਜ਼ਤ ਕੀਤਾ. ਬੇ ਸ਼ੁਮਾਰ ਲੋਕ ਸ਼ਹਿਰ ਛੱਡ ਕੇ ਬਾਹਿਰ ਚਲੇ ਗਏ, ਤੇ ਜਦ ਵਾਪਿਸ ਆਏ ਤਾਂ ਖ਼ਾਲੀ ਘਰਾਂ ਦੀਆਂ ਕੇਵਲ ਕੰਧਾਂ ਤੇ ਛੱਤਾਂ ਹੀ ਬਾਕੀ ਰਹਿ ਗਈਆਂ ਸਨ. ਪਰ ਵਿਸ਼ੇਸ਼ ਗਲ ਜੋ ਇਸ ਦਰਦਨਾਕ ਮੌਕੇ ਦੀ ਯਾਦ ਰੱਖਣ ਦੇ ਕਾਬਿਲ ਹੈ ਇਹ ਹੈ ਕਿ ਅੰਗ੍ਰੇਜ਼ੀ ਹਕੂਮਤ ਦੇ ਸਰਕਾਰੀ ਅਹਿਲਕਾਰਾਂ ਤੇ ਦੇਸੀ ਈਸਾਈਆਂ ਨੂੰ ਜੋ ਫ਼ਖ਼ਰ ਸੀ ਕਿ ਸਾਡੇ ਨਾਲ ਬੇਹਤਰ ਸਲੂਕ ਹੋਵੇਗਾ ਉਹ ਵੀ ਭਰਮ ਦਾ ਭੂਤ

Sri Satguru Jagjit Singh Ji eLibrary NamdhariElibrary@gmail.com

ਨਿਕਲਿਆ. ਗੋਰਿਆਂ ਲਈ ਦੇਸੀ ਸਾਰੇ ਹੀ ਇੱਕੋ ਜਏ ਕਾਲੇ ਕਾਂ ਸਨ. ਉਹ ਭਾਵੇਂ ਆਪਣੇ ਬਚਾਓ ਲਈ ਕਿੰਨੇ ਹੀ ਤਰਲੇ ਲੈਨ, ਸਭ ਕਾਵਾਂ ਰੌਲੀ ਹੀ ਸਮਝੀ ਜਾਂਦੀ ਸੀ. ਇਹ ਗਲ ਚੰਗੀ ਤਰ੍ਹਾਂ ਸਾਬਤ ਕਰਨ ਲਈ ਵਿਦਵਾਨ ਗ੍ਰੰਥਕਾਰ ਨੇ ਈਸਾਈ ਪ੍ਰੋਫ਼ੈਸਰ ਰਾਮਚੰਦਰ ਦੀ ਇੱਕ ਮੁਕੰਮਲ ਚਿੱਠੀ (੧੧੯-੧੨੧ ਪੰਨਿਆਂ ਪਰ) ਪ੍ਰਕਾਸ਼ਿਤ ਕੀਤੀ ਹੈ, ਜੋ ਪ੍ਰੋਫ਼ੈਸਰ ਨੇ ਦਿੱਲੀ ਸ਼ਹਿਰ ਤੋਂ ੨੭ ਨਵੰਬਰ ੧੮੫੭ ਨੂੰ ਦਿੱਲੀ ਦੇ ਮਿਲਿਟਰੀ ਗਵਰਨਰ, ਕਰਨਲ ਐਚ. ਪੀ. ਬਰਨ ਨੂੰ ਲਿੱਖੀ ਸੀ. ਉਸ ਵਿੱਚ ਪ੍ਰੋਫ਼ੈਸਰ ਨੇ ਬੜੀ ਵਿਦਵਤਾ ਨਾਲ ਆਪਣੇ ਹੱਡ ਬੀਤੇ ਦੁਖੜਿਆਂ ਦੀ ਤਫ਼ਸੀਲ ਦਿੱਤੀ, ਜਿਨ੍ਹਾਂ ਨੂੰ ਪੜ੍ਹ ਕੇ ਇਹ ਗਲ ਦੁਪਹਿਰ ਦੇ ਸੂਰਜ ਦੀ ਤਰ੍ਹਾਂ ਉਜਾਗਰ ਹੋ ਜਾਂਦੀ ਹੈ ਕਿ ਜ਼ੁਲਮ ਦੀ ਹਨੇਰੀ ਤੇ ਕਾਲੀ ਬੋਲੀ ਰਾਤ ਵਿੱਚ ਕੋਈ ਕਿਸੇ ਦੀ ਬਾਂਹ ਨਹੀਂ ਫੜਦਾ. ਪ੍ਰੋਫ਼ੈਸਰ ਵਿਚਾਰਾ ਚਿੱਠੀ ਵਿੱਚ ਗਵਰਨਰ ਅੱਗੇ ਬਾਰ ਬਾਰ ਵਾਸਤੇ ਪਾਉਂਦਾ ਹੈ, "ਜਨਾਬ, ਮੈਂ ਈਸਾਈ ਹਾਂ ਤੇ ਉੱਚ ਦਰਜੇ ਦਾ ਤਾਲੀਮ-ਯਾਫ਼ਤਾ ਸਰਕਾਰੀ ਅਹਿਲਕਾਰ ਹਾਂ, ਪਰ ਫਿਰ ਵੀ ਮੈਨੂੰ ਗੋਰੇ ਤੇ ਉਹਨਾਂ ਦੇ ਅਫ਼ਸਰ ਸੜਕ ਤੇ ਜਾਂਦਿਆਂ ਜਾਂਦਿਆਂ ਬੈਂਤ ਮਾਰ ਜਾਂਦੇ ਹਨ. ਕਲ੍ਹ ਇੱਕ ਅਫ਼ਸਰ ਨੇ ਮੈਨੂੰ ਗਾਲ੍ਹਾਂ ਕਢੀਆਂ ਤੇ ਕਹਿਣ ਲੱਗਾ, 'ਹਮ ਕੋ ਸਲਾਮ ਕਰੋ' ਮੈਂ ਅਨੇਕਾਂ ਹੀ ਸਲਾਮ ਕੀਤੇ ਤੇ ਚੀਕ ਮਾਰ ਕੇ ਕਿਹਾ—ਸਾਹਿਬ, ਮੈਂ ਈਸਾਈ ਹਾਂ ਤੇ ਤੁਹਾਡੇ ਵਾਂਗ ਰੱਬ ਦੇ ਪੁੱਤਰ ਨੂੰ ਮੰਨਦਾ ਹਾਂ. ਪਰ ਉਹ ਇਹ ਕਹਿ ਕੇ ਚਲਾ ਗਿਆ, 'ਤੂੰ ਕੋਲੇ ਤੋਂ ਵੀ ਵਧੀਕ ਕਾਲਾ ਹੈਂ.' ਜਨਾਬ, ਰਾਤ ਨੂੰ ਮੇਰੇ ਘਰ ਦੇ ਸਾਹਮਣੇ ਘਰ ਪਰ ਖੜੇ ਹੋ ਕੇ ਗੁਲੇਲ ਨਾਲ ਮੇਰੇ ਦਰਵਾਜ਼ਿਆਂ ਪਰ ਬੜੇ ਜ਼ੋਰ ਨਾਲ ਮਿੱਟੀ ਦੇ ਗੁਲੇਲੇ ਮਾਰਦੇ ਹਨ ; ਮੈਂ ਕੀ ਕਰਾਂ, ਮੇਰੀ ਰਖਿਆ ਕਰੋ !"

(੬੫) ਗ਼ਦਰ ਤੇ ਉਸ ਤੋਂ ਬਾਦ ਦੀਆਂ ਜੇਹੜੀਆਂ ਫਿਟਕਾਰਿਤ ਤੇ ਦੁਰਕਾਰਿਤ ਝਲਕੀਆਂ ਉੱਪਰ ਪਾਠਕ ਨੂੰ ਦਰਸਾਈਆਂ ਗਈਆਂ ਹਨ, ਉਹ ਗ਼ਰੂਰ-ਮਦ-ਮੱਤੇ ਵਿਜੇਤ੍ਰੀਆਂ (Conquerors) ਦੇ 'ਨਾਜ਼ਾਂ' ਤੇ 'ਮਜ਼ਾਕਾਂ' ਦੇ ਦ੍ਰਿਸ਼ਜ ਹਨ; ਤੇ ਸੁਭਾਗੇ ਤੋਂ ਸੁਭਾਗੇ ਮੁਲਕਾਂ ਨੂੰ ਵੀ ਕਦੇ ਮੰਦੇ ਭਾਗਾਂ ਦੁਆਰਾ ਇਹ ਕੁਲਖਣੇ 'ਨਾਜ਼' ਤੇ 'ਮਜ਼ਾਕ' ਜ਼ਰੂਰ ਸਹਾਰਨੇ ਪਏ ਹਨ. ਹੁਣ ਪਾਠਕ ਆਪ ਹੀ ਵਿਚਾਰੇ ਕਿ ਜਿਨ੍ਹਾਂ ਵਿਅਕਤੀਆਂ ਨੇ ਸਨ ੧੮੪੬ ਤੇ ੪੯ ਮਗਰੋਂ ਨਿਜ ਨੇਤ੍ਰਾਂ ਦੁਆਰਾ ਆਪਣੇ ਦੇਸ਼ ਵਿੱਚ, ਆਪਣੇ ਚੌਗਿਰਦੇ, ਆਪਣੇ 'ਵਿਜੇਤ੍ਰੀਆਂ' ਦੇ ਉਪ੍ਰੋਕਤ 'ਨਾਜ਼ਾਂ' ਤੇ 'ਮਜ਼ਾਕਾਂ' ਦੇ ਚੰਦ੍ਰੇ ਨਜ਼ਾਰੇ ਵੇਖੇ ਹੋਵਨ, ਕੀ ਉਹ ਕੁਲ ਅੱਠ ਸਾਲ ਮਗਰੋਂ ਸਨ ੫੭ ਵਿੱਚ ਉਹਨਾਂ 'ਵਿਜੇਤ੍ਰੀਆਂ' ਦੇ ਵਿਰੁੱਧ ਸਿਰ ਚੁੱਕ ਸਕਦੇ ਸਨ ? ਕਦਾਪੀ ਨਹੀਂ ! ਤੇ ਏਹੋ ਵਜਹ ਹੈ ਕਿ ਵਰਤਮਾਨ ਆਜ਼ਾਦੀ ਦੀ ਤਹਰੀਕ ਵਿੱਚ ਵੀ ਸਿੱਖ ਸਭ ਤੋਂ ਪਿੱਛੋਂ ਮੈਦਾਨ ਵਿੱਚ ਉਤਰੇ. ਕਿਉਂ ਜੋ ਸਨ

Sri Satguru Jagjit Singh Ji eLibrary NamdhariElibrary@gmail.com

੧੯੦੦ ਦੇ ਅੰਤ ਤਕ ਪੰਜਾਬ ਵਿੱਚ ਅਜੇ ਹਜ਼ਾਰਾਂ ਆਦਮੀ ਐਸੇ ਮੌਜੂਦ ਸਨ ਜਿਨ੍ਹਾਂ ਦੇ ਪਿਤਾ ਯਾ ਪਿਤਾਮਾ ਨੇ ਉਪ੍ਰੋਕਤ ਪ੍ਰਕਾਰ ਦੀਆਂ ਝਲਕੀਆਂ ਆਪ ਵੇਖੀਆਂ ਸਨ. ਸੋ ਕਿਵੇਂ ਛੇਤੀ ਛੇਤੀ ਉਹਨਾਂ ਦੇ ਯੁਵਕ ਐਹਵਾ ਜਈਆਂ ਤਹਰੀਕਾਂ ਵਿੱਚ ਹਿੱਸਾ ਲੈਣ ਲਈ ਅੱਗੇ ਵਧ ਸਕਦੇ ਸਨ, ਜਿਨ੍ਹਾਂ ਦਾ ਨਤੀਜਾ ਸਿਵਾਏ ਪਸਚਾਤਾਪ, ਬੇ ਹੁਰਮਤੀ, ਤੇ ਪ੍ਰਲੈ ਦੀ ਅੰਤਿਮ ਤਬਾਹੀ ਦੇ, ਜ਼ਾਹਿਰਾ ਹੋਰ ਕੁਝ ਨਾ ਦਿਸਦਾ ਸੀ !

(੬੬) ਮਰਹਟਿਆਂ ਤੇ ਸਿੱਖਾਂ ਦੀਆਂ ਬਹਾਦਰੀਆਂ ਤੇ ਗ਼ਦਰ ਦੀਆਂ ਕੁਰਬਾਨੀਆਂ ਦੇ ਮਹਾਨ ਉਦਰ ਤੋਂ, ਵਿਸ਼ਵਵਿਆਪੀ ਅੰਗ੍ਰੇਜ਼ੀ ਰਾਜ ਦੇ ਪ੍ਰਸਪਰ ਮੇਲਕਾਰੀ-ਪ੍ਰਭਾਵ ਦੁਆਰਾ, ਵਿਸ਼ਾਲ ਭਾਰਤ ਵਿੱਚ ਕੌਮੀਅਤ, ਕੌਮ ਪ੍ਰਸਤੀ ਤੇ ਕੌਮੀ ਆਜ਼ਾਦੀ, ਤਿੰਨ ਆਦਰਸ਼ਕ ਭਾਵਨਾਵਾਂ ਦੇ ਬੀਜਾਂ ਦੀ, ਪਹਿਲੀ ਵੇਰ, ਉਤਪਤੀ ਹੋਈ. ਏਹਨਾਂ ਬੀਜਾਂ ਦੇ ਬੀਜਣ ਲਈ ਇੱਕ ਵਿਚਿਤ੍ਰ ਭੂਮੀ, ਸਨ ੧੮੮੫ ਵਿੱਚ, ਗ਼ੈਬ ਤੋਂ ਪ੍ਰਗਟੀ, ਜਿਸ ਦਾ ਨਾਮ ਇੰਡੀਅਨ ਨੈਸ਼ਨਲ ਕਾਂਗ੍ਰਸ ਯਾ (ਸੰਖੇਪ ਵਿੱਚ) 'ਇੰਕੋ' ਰਖਿਆ ਗਿਆ. 'ਇੰਕੋ' ਦੀ ਤਨ, ਮਨ, ਧਨ ਦੇ ਯੰਤ੍ਰਾਂ ਤੇ ਜਲ ਖਾਦ ਆਦਿਕ ਨਾਲ, ਭਾਰਤ ਦੀਆਂ ਸਾਰੀਆਂ ਕੌਮਾਂ ਦੇ ਪ੍ਰਮੁਖ ਮਹਾਨੁਭਾਵਾਂ ਨੇ, ਉਪ੍ਰੋਕਤ ਤਿੰਨਾਂ ਬੀਜਾਂ ਦੇ ਪਾਲਣ ਪੋਸਣ ਤੇ ਪ੍ਰਫੁੱਲਣ ਫਲਣ ਲਈ ਸਹਾਇਤਾ ਕੀਤੀ. ਪਰ ਸਭ ਤੋਂ ਵਧੀਕ ਹਿਤਕਾਰੀ ਸਹਾਇਤਾ ਏਹਨਾਂ ਸੁਰਗੀ ਬੀਜਾਂ ਦੇ ਪ੍ਰਫੁੱਲਣ ਫਲਣ ਲਈ ਉਹ ਸੀ ਜੋ ਭਾਰਤ ਦੀਆਂ ਸਰਬ ਦਿਸ਼ਾਵਾਂ ਦੇ ਅਸੰਖਿਆਤ ਹਿੰਦੂਆਂ ਦੀ ਪਰਮ ਸੰਗਠਿਤ ਜਥੇ ਬੰਦੀ ਤੇ ਲਾਸਾਨੀ ਇਤ਼ਫ਼ਾਕ ਨੇ 'ਇੰਕੋ' ਨੂੰ ਫ਼ਸਲ ਦੇ ਪੂਰਨ ਪੱਕਣ ਤਕ ਹਰਿਆ ਭਰਿਆ ਰੱਖਣ ਵਿੱਚ ਕੀਤੀ. ਇਤਿਹਾਸ ਵਿੱਚ ਹਿੰਦੂਆਂ ਦੀ ਇਹ ਜਥੇ ਬੰਦੀ ਤੇ ਇਹ ਇਤ਼ਫ਼ਾਕ ਪਹਿਲੀ ਵੇਰ ਦ੍ਰਿਸ਼ਟੀ ਪਏ. ਅਨੇਕਾਂ ਹੀ ਵਿਦਵਾਨ, ਸਿਆਣੇ ਤੇ ਅਤਯੰਤ ਉੱਚ ਆਚਰਣ ਦੇ ਹਿੰਦੂ ਆਗੂ 'ਇੰਕੋ' ਦੇ ਪੱਕੇ ਹੋਏ ਫਲਾਂ ਲਈ ਤਰਸ ਤਰਸ ਕੇ ਚਲੇ ਗਏ. ਅਨੇਕਾਂ ਨੇ ਅਨੇਕਾਂ ਹੀ ਵਾਹ ਲਾਏ ਕਿ ਇਹ ਫਲ ਕਿਵੇਂ ਛੇਤੀ ਪਕਨ, ਪਰ ਏਹਨਾਂ ਦੇ ਪਕਣ ਵਿੱਚ ਦੇਰ ਪੈਂਦੀ ਗਈ. ਅਨੇਕਾਂ ਨੇ 'ਇੰਕੋ' ਤੋਂ ਮਾਯੂਸ ਹੋ ਕੇ ਹੋਰ ਅਨੇਕਾਂ ਹੀ ਅੱਡ ਤਹਰੀਕਾਂ ਏਹਨਾਂ ਬੀਜਾਂ ਦੇ ਪਾਲਣ, ਪੋਸਣ, ਪ੍ਰਫੁੱਲਣ ਤੇ ਫਲਣ ਲਈ ਚਲਾਈਆਂ; ਪਰ ਮਾਲਿਕ ਨੂੰ ਮਨਜ਼ੂਰ ਏਹੋ ਸੀ ਕਿ 'ਇੰਕੋ' ਦੇ ਸੁਰਗੀ ਬੀਜ 'ਇੰਕੋ' ਵਿੱਚ ਹੀ ਪ੍ਰਫੁੱਲਨ, ਫਲਨ ਤੇ ਪਕਨ; ਤੇ ਕੋਟਾਨਕੋਟਾਂ ਵਿੱਚੋਂ ਕੇਵਲ ਦੋ ਆਦਮੀਆਂ ਨੂੰ ਮਾਲਿਕ ਨੇ ਏਹਨਾਂ ਦੇ ਪਕਣ ਦਾ ਹੇਤੂ ਬਣਾਇਆ, ਤੇ ਉਹਨਾਂ ਦੇ ਸੁਭਾਗੇ ਸਿਰਾਂ ਤੇ ਹੀ ਉਸ ਨੇ ਕਾਮਯਾਬੀ ਦੇ ਸੁਨਹਿਰੀ ਸੇਹਰੇ ਪਾਏ ਤੇ ਵਿਸ਼ਵ ਵਿਆਪੀ ਛਤ੍ਰ ਝੁਲਾਏ. ਕਿਉਂ ਜੋ 'ਇੰਕੋ' ਦੇ ਅਖੁੱਟ ਸਾਹਿਤਜ ਨੂੰ ਵਾਚਣ ਮਗਰੋਂ ਜੇ ਕਾਮਯਾਬੀ

Sri Satguru Jagjit Singh Ji eLibrary NamdhariElibrary@gmail.com

ਦੀ ਅੰਤਿਮ ਕਹਾਣੀ ਵਾਚੀ ਜਾਏ (ਦੇਖੋ, The Last Days of the British Raj by Leonard Mosley, Weidenfeld & Nicolson, 20, New Bond St., London, W. 1, 1961.), ਤਾਂ ਏਹੋ ਸਿੱਧ ਹੁੰਦਾ ਹੈ ਕਿ ਜੇ ਕਿਤੇ ਅੰਗ੍ਰੇਜ਼ੀ ਹਕੂਮਤ ਦੇ ਉੱਚ ਕਰਮਚਾਰੀਆਂ ਨਾਲ ਅੰਤ ਵਿੱਚ ਬੋਲਣ ਤੇ ਵਰਤਣ ਵੇਲੇ ਮੋਹਨ ਦਾਸ ਕਰਮ ਚੰਦ ਜੀ ਗਾਂਧੀ ਤੇ ਜਵਾਹਰ ਲਾਲ ਜੀ ਨੈਹਰੂ ਹੌਸਲਾ, ਹਿੰਮਤ, ਦਾਨਸ਼ਮੰਦੀ, ਸਿਦਕ ਦਿਲੀ ਤੇ ਇਰਾਦੇ ਦੀ ਮਜ਼ਬੂਤੀ ਵਿਖਾਣ ਵਿੱਚ ਤਨਕ ਮਾਤ੍ਰ ਵੀ ਕਿਸੇ ਮਨਜ਼ਿਲ ਤੇ ਖੁੰਝ ਜਾਂਦੇ ਯਾ ਬਿੜਕ ਜਾਂਦੇ ਤਾਂ ਸੱਠ ਬਾਠ ਵਰ੍ਹਿਆਂ ਦੀ ਪਾਲੀ ਪੋਸੀ ਹੋਈ ਖੇਤੀ ਕ੍ਰੋਧ ਤੇ ਹੰਕਾਰ ਦੀ ਹਨੇਰੀ ਤੇ ਹੜ ਵਿੱਚ ਮੂਲੋਂ ਹੀ ਬੇ-ਨਿਸ਼ਾਨ ਹੋ ਕੇ ਰੁੜ੍ਹ ਜਾਂਦੀ. ਇਸ ਦੁਰਗਮ ਯਾਤ੍ਰਾ ਦੇ ਅੰਤਿਮ ਪੜਾਉ ਪੁਰ ਨਵੀਆਂ ਮੁਸ਼ਕਲਾਂ, ਕੋਮਲ ਸਮਸਿਆਵਾਂ ਤੇ ਓਪਰੀਆਂ ਗੁੰਝਲਾਂ ਨਾਲ ਵਾਸਤਾ ਪੈਣਾ ਸੀ, ਤੇ ਏਹਨਾਂ ਨਾਲ ਟੱਕਰ ਲੈਣ ਲਈ ਹੋਨਹਾਰ (ਤਕਦੀਰ) ਦੇ ਖ਼ਸਮ ਨੇ ਏਹਨਾਂ ਹੀ *ਦੋ ਸੁਘੜ ਤੇ ਸੁਜਾਨ ਪਲ੍ਹਵਾਨਾਂ ਨੂੰ ਤਿਆਰ ਕਰਕੇ ਰਖਿਆ ਹੋਇਆ ਸੀ. ਤਾਂ ਤੇ ਹਿੰਦ ਦੀ ਮੌਜੂਦਾ ਆਜ਼ਾਦੀ ਦੀ ਬਾਜ਼ੀ ਨਿਰੀ, ਨਿਪਟ ਤੇ ਨਵੇਕਲੀ ਨਿਰਸੰਦੇਹ

*ਪਰ ਯਾਦ ਰਹੇ ਕਿ ਇਹ ਝਾਕੀ 'ਵੇਵਲ ਸਟੇਜ' (Lord Wavell-ਕਾਲ) ਦੀ ਹੈ. 'ਮਾਊਂਟ ਬੈਟਨ ਸਟੇਜ' (Lord Mountbatten-ਕਾਲ) ਦੇ ਨਾਯਕ ਕੇਵਲ ਜਵਾਹਰ ਲਾਲ ਜੀ ਸਨ. "The new Viceroy plunged into a round of intensive interviews with the Big Five of Indian politics – Gandhi, Jinnah, Nehru, Liaquat Ali Khan and Patel. From the outset he was drawn to Nehru whom he had met in Malaya a year before....The Viceroy sought Nehru's opinions on a variety of pressing issues and even asked for his estimate of Jinnah.....'Mr. Nehru', said Mountbatten, "I want you to regard me not as the last Viceroy winding up the British Raj, but as the first to lead the way to the new India." Nehru turned, looked intensely moved, smiled and then said, "Now I know what they mean when they speak of your charm being so dangerous." With none of the other leaders did Mountbatten establish such an intimate relationship. Jinnah was too cold and aloof; Liaquat Ali was overshadowed by Jinnah in the negotiations; Patel was a man of few words and, for the most part, maintained contact with the Viceroy through his Constitutional Adviser, V. P. Menon, For Gandhi,

ਬਾਕੀ ਸਫ਼ਾ ੨੦੦ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਗਾਂਧੀ ਤੇ ਨੈਹਰੂ ਦੀ ਜਿੱਤੀ ਹੋਈ ਹੈ, ਪਰ ਇਸ ਅਤਿ ਅਸਚਰਜ ਸਫਲਤਾ ਦੀ ਵਿਜੈ ਦਾ ਡੰਕਾ ਵਜਾਣ ਤੋਂ ਪਹਿਲੇ ਸਾਨੂੰ ਕੁੱਝਕ ਪਿਛਲੀ ਤੇ ਕੁੱਝਕ ਇਸ ਸਦੀ ਦੇ, ਤੇ ਕੁੱਝ ਸਮਕਾਲੀ ਅੰਗ੍ਰੇਜ਼ਾਂ ਦੀ ਆਦਮੀਅਤ, ਆਜ਼ਾਦ ਖ਼ਿਆਲੀ ਤੇ ਫ਼ਰਾਖ਼ ਦਿਲੀ ਪਰ ਫੁੱਲ ਚੜ੍ਹਾਣੇ ਪੈਨਗੇ ਤੇ ਉਹਨਾਂ ਨੇਕ ਰੂਹਾਂ ਨੂੰ ਆਫ਼ਰੀਨ ਕਹਿਣੀ ਪਵੇਗੀ. ਕਿਉਂ ਜੋ ਕੁੱਝਕ ਅੰਗ੍ਰੇਜ਼ਾਂ ਵਿੱਚ ਏਹਨਾਂ ਸਿਫ਼ਤਾਂ ਦੀ ਹੋਂਦ ਤੋਂ ਬਿਨਾ, ਉੜੇ ਤੋਂ ਅੜਾੜੇ ਤਕ, ਭਾਰਤ ਦੇ ਆਕਾਸ਼ ਪੁਰ ਇਸ ਆਜ਼ਾਦੀ ਦੇਵੀ ਦਾ ਪ੍ਰਕਾਸ਼ ਹੋਣਾ ਤ੍ਰੈਕਾਲ ਅਸੰਭਵ ਸੀ. ਇਸ ਵਿਸ਼ਵਾਸ ਵਲ ਪੁਰ ਜ਼ੋਰ ਸ਼ਬਦਾਂ ਵਿੱਚ ਇੰਗਲਿਸਤਾਨ ਦੇ ਪ੍ਰਸਿੱਧ ਸਮਾਲੋਚਕ ਫ਼ਿਲਿਪ ਟਾਇਨਬੀ ਨੇ ਵੀ ਧਿਆਨ ਦਿਵਾਇਆ ਹੈ. (ਦੇਖੋ Philip Toynbee's article, The Citizen of the World, being the review of Carry Davis' book, My Country is the World, in the Hindustan Times, Delhi, dated January 13, 1963) : ਟਾਇਨਬੀ ਕਹਿੰਦਾ ਹੈ : "Long ago Orwell pointed out that Gandhi's methods were effective only because he was operating in a community where public opinion was accessible. In Stalin's Russia his first gesture of civil disobedience would have landed him in Siberia (at best) and nothing would have been heard of him again." ਅਰਥਾਤ,

---

ਸਫ਼ਾ ੧੯੯ ਦੀ ਬਾਕੀ

he had much respect but their outlooks were fundamentally different and the Mahatma remained on the periphery during the last stage of the negotiations." (Nehru ; A Political Biography, by Michael Brecher, London: Oxford University Press, 1959: pp. 343-44. For a discussion of the Nehru-Mountbatten relationship see pp. 410-13 of this book,) ਭਾਰਤ ਦੀ ਲਾਜ ਰੱਖਣ ਲਈ ਇਸ ਦੇ ਲੰਮੇ ਰੰਗ ਬਰੰਗੇ, ਇਤਿਹਾਸ ਵਿੱਚ ਸ਼ਾਇਦ ਹੀ ਕਿਸੇ ਹੋਰ ਵਿਦਵਾਨ ਬ੍ਰਾਹਮਣ ਨੇ ਦਲੇਰੀ, ਰਾਸਤੀ, ਰਹਿਮ ਦਿਲੀ, ਗ਼ਰੀਬ ਪਰਵਰੀ, ਵਫ਼ਾ ਤੇ ਉਦਾਰਤਾ ਦਾ ਉਹ ਚਮਤਕਾਰ ਵਿਖਾਇਆ ਹੋਵੇ, ਜੋ ਜਵਾਹਰ ਜੀ ਨੇ ਵਿਖਾਇਆ ਹੈ. ਬ੍ਰਾਹਮਣ ਚਾਣਕਯ (ਕੌਟਿਲਯ) ਵਿੱਚ ਜਿਸ ਨੇ (੩੨੦ ਪੂਰਬੀਸਵੀ ਵਿੱਚ) ਮਗਧ ਦਾ ਰਾਜ ਲੈਣ ਵਿੱਚ ਚੰਦਰਗੁਪਤ ਦੀ ਸਹਾਇਤਾ ਕੀਤੀ ਸੀ, ਇਹ ਸ਼੍ਰੇਸ਼ਟ ਸਿਫ਼ਤਾਂ ਨ ਸਨ. ਉਹ ਜ਼ਿੱਦੀ, ਹੁੱਜਤੀ, ਮਨਸੂਬੇ ਬਾਜ਼, ਕੀਨਾ ਵਰ, ਗ਼ਜ਼ਬ ਨਾਕ, ਬੇ ਤਰਸ ਤੇ ਸੰਗ ਦਿਲ ਸੀ. ਜਵਾਹਰ ਜੀ ਦੀ ਸਭ ਤੋਂ ਵੱਡੀ ਸਿਫ਼ਤ

ਬਾਕੀ ਸਫ਼ਾ ੨੦੧ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

"ਬਹੁਤ ਚਿਰ ਬੀਤ ਚੁੱਕਾ ਹੈ ਕਿ ਆਰਵੈਲ ਨੇ ਇਹ ਖ਼ਿਆਲ ਜ਼ਾਹਿਰ ਕੀਤਾ ਸੀ ਕਿ ਗਾਂਧੀ ਦੇ ਤਰੀਕੇ ਤਦ ਹੀ ਪੁਰ-ਅਸਰ ਸਾਬਤ ਹੋ ਰਹੇ ਹਨ ਕਿ ਉਹ ਇੱਕ ਐਸੀ ਕੌਮ ਵਿੱਚ ਕੰਮ ਕਰ ਰਿਹਾ ਹੈ ਜਿਸ ਵਿੱਚ ਜਨਤਾ ਦੀ ਰਾਏ ਅਭਿਗਮਜ (ਪਹੁੰਚਣ ਯੋਗ) ਹੈ. ਸਟੈਲਿਨ ਦੇ ਰੂਸ ਵਿੱਚ ਉਸ ਨੇ ਸਿਵਲ-ਨਾ-ਫ਼ਰਮਾਨੀ ਦਾ ਪਹਿਲਾ ਇਸ਼ਾਰਾ ਕਰਦਿਆਂ ਹੀ (ਘਟੋ ਘਟ) ਸਾਇਬੇਰੀਆ ਵਿੱਚ ਪਹੁੰਚ ਜਾਣਾ ਸੀ, ਤੇ ਜਿਥੋਂ ਮੁੜ ਉਸ ਦੀ ਉਘ-ਸੁਘ ਵੀ ਕਦੇ ਨ ਔਣੀ ਸੀ"

ਸਫ਼ਾ ੨੦੦ ਦੀ ਬਾਕੀ

'ਇਨਸਾਨੀਅਤ ਲਈ ਅਜ਼ੀਮ ਕਦਰ ਸ਼ਨਾਸੀ' ਹੈ. ਇੱਕ ਵੇਰ ਉਹ, ਪ੍ਰਧਾਨ ਮੰਤ੍ਰੀ ਹੁੰਦਿਆਂ ਹੋਇਆਂ, ਕਿਸੇ ਉੱਚ ਦਰਜੇ ਦੇ ਵਿਦੇਸ਼ੀ ਮਹਿਮਾਨ ਨੂੰ ਕੋਈ ਵਿਸ਼ੇਸ਼ ਚੀਨੀ ਚਿਤ੍ਰ (Chinese Painting) ਵਿਖਾਣ ਲਈ, ਜਦ, ਰਾਤ ਦੇ ਵੇਲੇ ਆਪਣੀ ਕੋਠੀ ਦੇ ਕਿਸੇ ਐਸੇ ਕਮਰੇ ਵਿੱਚ ਲੈ ਗਏ ਜਿੱਥੇ ਬੱਤੀ ਬੁੱਝੀ ਪਈ ਸੀ, ਤਾਂ ਹਨੇਰੇ ਵਿੱਚ ਬੱਤੀ ਦਾ ਬਟਣ (Switch) ਟਟੋਲਦੇ ੨ ਉਹਨਾਂ ਦੇ ਪੈਰ ਦਾ ਠੇਡਾ ਕਿਸੇ ਨੌਕਰ ਦੇ ਸਰੀਰ ਨਾਲ ਜਾ ਲੱਗਾ ਜੋ ਉੱਥੇ ਫ਼ਰਸ਼ ਤੇ ਸੁੱਤਾ ਪਿਆ ਸੀ, ਤਾਂ ਆਪ ਨੇ ਦਰਦ ਭਰੀ ਆਵਾਜ਼ ਵਿੱਚ ਕਿਹਾ, 'ਇੱਥੇ ਤਾਂ ਕੋਈ ਸੁੱਤਾ ਪਿਆ ਹੈ,' ਅਰ ਇਸ ਤੋਂ ਬਾਦ ਉਹਨਾਂ ਨੇ ਜੋ ਗੱਲਾਂ ਕਰਨੀਆਂ ਸਨ ਅਤਿ ਹੌਲੀ ਹੌਲੀ ਕਰਦੇ ਰਹੇ : While groping about for the light Nehru stumbled over the body of a man asleep on the floor. 'Someone is asleep here', he said, and proceeded to carry on the conversation in whispers; (Campbell-Johnson, Mission with Mountbatten, London, 1951, pp. 271-72). ਮੇਰੇ ਚਿੱਤ ਤੇ ਜੋ ਪ੍ਰਭਾਵ ਇਹ ਚਾਰ ਸਤਰਾਂ ਪੜ੍ਹ ਕੇ ਪਿਆ ਹੈ ਉਹ ਬ੍ਰਹਮ ਰਿਸ਼ੀ ਵਿਸਿਸ਼ਟ ਦੇ ੪੦੦ ਪਤ੍ਰੇ ਪੜ੍ਹ ਕੇ ਨਹੀਂ ਪਿਆ ! ਦੂਜੀ ਸਿਫ਼ਤ ਜੋ ਜਵਾਹਰ ਲਾਲ ਜੀ ਨੈਹਰੂ ਵਿੱਚ ਵਿਸ਼ੇਸ਼ ਸ਼ਲਾਘਾ ਯੋਗ ਹੈ ਉਹ ਮਜ਼ਹਬੀ ਤਹੱਮੁਲ ਮਿਜ਼ਾਜੀ (ਅਰਬਾਤ ਬੁਰਦਬਾਰੀ, ਬਰਦਾਸ਼ਤ Spirit of Religious Tolerance) ਦੀ ਹੈ. ਹਰ ਮਜ਼ਹਬ ਤੇ ਹਰ ਮਜ਼ਹਬੀ ਫ਼ਿਰਕੇ ਦੇ ਆਦਮੀ ਨੂੰ ਇੱਕੋ ਨਿਗਾਹ ਨਾਲ ਵੇਖਣਾ, ਤੇ ਜਿਸ ਕੌਮ ਯਾ ਜਿਸ ਮਜ਼ਹਬ ਵਿੱਚ ਉਹਨਾਂ ਦਾ ਜਨਮ ਹੋਇਆ ਹੈ ਉਸ ਦੇ ਵਾਸਤੇ ਕੋਈ ਖ਼ਾਸ ਉਨਸ ਯਾ ਲਗਾਉ ਮਹਿਸੂਸ ਨ ਕਰਨਾ, ਯਾ ਜ਼ਾਹਿਰ ਨ ਕਰਨਾ. ਪਰ ਇਹ ਸਿਫ਼ਤ ਉਹਨਾਂ ਵਿੱਚ, ਜਿਸ ਅਤੀਵ ਸੀਮਾ (ਅਖ਼ੀਰਲੀ ਹੱਦ) ਤਕ ਪਹੁੰਚ ਚੁੱਕੀ ਹੈ ਉਹ ਕੇਵਲ ਇਸ ਲਈ ਹੈ ਕਿ ਉਹ ਹਿੰਦੂ ਦੇ ਘਰ ਜਨਮੇ ਹਨ. ਗੌਤਮ ਸਿੱਧਾਰਥ ਤੋਂ ਲੈ ਕੇ ਮੋਹਨ ਦਾਸ ਕਰਮ ਚੰਦ ਜੀ ਗਾਂਧੀ ਤਕ ਜਿਤਨੇ ਵੀ ਸੁਧਾਰਕ ਹਿੰਦੂ ਕੌਮ ਵਿੱਚ ਪੈਦਾ ਹੋਏ ਹਨ ਉਹਨਾਂ ਸਭਨਾਂ ਨੇ ਹਰ ਮਜ਼ਹਬ ਤੇ ਹਰ ਮਿੱਲਤ ਦੇ ਆਦਮੀ ਨੂੰ ਇੱਕ ਨਿਗਾਹ ਨਾਲ ਹੀ ਵੇਖਿਆ ਹੈ. ਪਰ, ਇਸ ਦੇ ਬਰ-ਅਕਸ, ਕੀ ਭਾਰਤ ਤੇ ਕੀ ਭਾਰਤ ਤੋਂ ਬਾਹਿਰ ਕੇਹੜੇ ਹੋਰ

ਬਾਕੀ ਸਫ਼ਾ ੨੦੨ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

(੬੭) ਪਾਠਕ ਨੂੰ ਚੇਤੇ ਰਹੇ ਕਿ ਮੈਂ 'ਆਜ਼ਾਦੀ' ਸ਼ਬਦ ਦਾ ਉਹਨਾਂ ਹੀ ਗੋਲ ਮੋਲ ਅਰਥਾਂ ਵਿੱਚ ਪ੍ਰਯੋਗ ਕਰ ਰਿਹਾ ਹਾਂ ਜਿਨ੍ਹਾਂ ਵਿੱਚ ਸਰਬ ਸਾਧਾਰਣ ਜਨਤਾ ਕਰਦੀ ਹੈ: ਕਿਸੇ ਵੀ ਮੁਲਕ ਦੇ ਮਨੁੱਖਾਂ ਪਰ, ਤੇ ਉਹਨਾਂ ਮਨੁੱਖਾਂ ਦੇ ਧਨ, ਧਰਤੀ, ਮਾਲ, ਮਰਜ਼ੀ ਤੇ ਸ਼ਕਤੀ ਪਰ, ਉਸੇ ਮੁਲਕ ਦੇ (ਦਾਨਸ਼ਮੰਦ ਤੇ ਜ਼ਬਰਦਸਤ ਅਥਵਾ ਕੇਵਲ ਜ਼ਬਰਦਸਤ) ਮਨੁੱਖ ਯਾ ਮਨੁੱਖਾਂ ਦਾ ਅਖ਼ਤਿਆਰ,

---

ਸਫ਼ਾ ੨੦੧ ਦੀ ਬਾਕੀ

ਮਤਾਵਲੰਬੀ ਦੇ ਸੁਭਾਵ ਵਿੱਚ ਇਹ ਤਹੱਮੁਲ ਯਾ ਮੁਨਸਿਫ਼ ਮਿਜ਼ਾਜੀ ਕਦੇ ਕਿਸੇ ਆਦਮੀ ਨੇ ਵੇਖੀ ਯਾ ਸੁਣੀ ਹੈ. ਪਰ ਨੈਹਰੂ ਜੀ ਦੇ ਇਸ ਲਾਸਾਨੀ ਵਤੀਰੇ ਤੋਂ ਵੀ ਦੁਨੀਆ ਦੇ ਲੋਕ ਸੰਤੁਸ਼ਟ ਨਹੀਂ, ਉਹਨਾਂ ਦਾ ਵਿਸ਼ਵਾਸ ਹੈ ਕਿ ਪੰਡਿਤ ਜੀ ਦੇ ਵਿੱਚ ਅਜੇ ਵੀ ਹਿੰਦੂਪਨ ਮੌਜੂਦ ਹੈ. ੧੪ ਜਨਵਰੀ ੧੯੫੨ ਦੇ ਪ੍ਰਸਿੱਧ ਅਮਰੀਕੀ ਰਸਾਲੇ 'ਲਾਈਫ਼' ਦੇ ਵਿਸ਼ੇਸ਼ ਅੰਕ (Life's Special Issue, Asia : Its Troubles and Opportunities) ਵਿਚ ਪ੍ਰੋਫ਼ੈਸਰ ਨਾਰਥਰਾਪ ਨੇ (F.S.C. Northrop, Sterling Professor of Philosophy & Law at Yale, ਜਿਸ ਨੇ ਓਦੋਂ ਹੀ ਦੱਖਣੀ ਏਸ਼ੀਆ ਤੇ ਮੱਧ ਪੂਰਬ ਦੀ ਨੌਂ ਮਾਸੀ ਯਾਤ੍ਰਾ ਮਗਰੋਂ The Meeting of East & West ਨਾਮਕ ਪੁਸਤਕ ਪ੍ਰਕਾਸ਼ਿਤ ਕੀਤੀ ਸੀ) ਇੱਕ ਲੇਖ ਲਿਖਿਆ, ਜਿਸਦਾ ਸ਼ੀਸ਼ਕ 'The Mind of Asia' (ਏਸ਼ੀਆ ਦਾ ਮਨ) ਸੀ. ਇਸ ਲੇਖ ਵਿੱਚ ਉਸਨੇ (ਪੰ: ੪੫ ਕਾਲਮ ੩ ਵਿੱਚ) ਲਿਖਿਆ: "Hindu mentality still operates in India's Prime Minister. The Semitic religious and Western Legal Concept of morality and justice as the measuring of any concrete act against determinate principles is yet to be comprehended by most of Far Eastern Asia's religious or political leaders....." ਇਹ ਹੈ ਇੱਕ ਪੱਛਮੀ ਵਿਦਵਾਨ ਦੀ ਰਾਏ ਉਸ ਹਿੰਦੂ ਆਗੂ ਦੀ ਬਾਬਤ ਜਿਸ ਦਾ ਮਨ ਹਿੰਦੁਤਵ ਦੇ ਪ੍ਰਭਾਵ ਤੋਂ ਸ਼ੂਨ ਹੋ ਚੁਕਾ ਹੈ. ਪਰ ਮੈਨੂੰ ਤਾਂ ਇਹ ਵੀ ਆਖਣ ਵਿੱਚ ਮੁਤਲਿਕ ਕੋਈ ਸੰਕੋਚ ਨਹੀਂ ਕਿ ਸੰਸਾਰ ਭਰ ਦੇ ਮਤਾਵ-ਲੰਬੀਆਂ ਵਿਚੋਂ ਕੇਵਲ ਹਿੰਦੂ ਹੀ ਇੱਕ ਐਸਾ ਬਸ਼ਰ ਹੈ ਜਿਸ ਦੇ ਮਨ ਵਿੱਚ ਤਅੱਸਬੀ ਬੇ-ਇਨਸਾਫ਼ੀ ਤੇ ਦੁਰਾਸ਼ਾ ਦਾ ਪੂਰਨ ਅਭਾਵ ਹੈ. ਈਸਾਈ ਯਾ ਮੁਸਲਮਾਣ ਭਾਵੇਂ ਕਿੰਨਾ ਹੀ ਆਜ਼ਾਦ ਖ਼ਿਆਲ ਤੇ ਫ਼ਰਾਖ਼ ਦਿਲ ਕਿਉਂ ਨ ਹੋਵੇ ਉਸ ਦੇ ਦਿਲ ਦੀ ਡੂੰਘੀ ਤੋਂ ਡੂੰਘੀ ਤੈਹ ਵਿੱਚ ਲਗਾਤਾਰ ਇਹ ਖ਼ਾਹਿਸ਼ ਬਣੀ ਰਹਿੰਦੀ ਹੈ ਕਿ ਮੈਂ ਆਪਣੇ ਗ਼ੈਰ ਮਜ਼ਹਬੀ ਮਿਤ੍ਰ ਨੂੰ ਈਸਾਈ ਯਾ ਮੁਸਲਮਾਣ ਬਣਾ ਲਵਾਂ! ਹਿੰਦੂ ਦਾ ਮਨ ਇਸ ਖ਼ਾਹਿਸ਼ ਤੋਂ ਤ੍ਰੈਕਾਲ ਪਾਕ ਹੈ, ਉਸ ਨੂੰ ਕਦੇ ਇਤਫ਼ਾਕੀਆ ਵੀ ਇਹ ਫੁਰਨਾ ਨਹੀਂ ਫੁਰਦਾ ਕਿ ਮੈਂ ਆਪਣੇ ਮੁਸਲਮਾਣ ਯਾ ਈਸਾਈ ਦੋਸਤ ਨੂੰ ਹਿੰਦੂ ਬਣਾ ਲਵਾਂ! ਹਾਂ ਕੋਈ ਮਨਮਤੀ ਜੇ ਆਪਣੀ ਇੰਡਿਆ ਦੁਆਰਾ ਹਿੰਦੂ ਹੋਣ ਦਾ ਖ਼ਿਆਲ ਪ੍ਰਗਟ ਕਰੇ, ਤਾਂ ਉਹ ਹੋਰ ਗਲ ਹੈ!

Sri Satguru Jagjit Singh Ji eLibrary NamdhariElibrary@gmail.com

ਇਨਤਜ਼ਾਮ ਤੇ ਕਾਬੂ ਹੋਣਾ. ਵਾਸਤਵਿਕ ਅਰਥ ਵਿੱਚ ਮਾਨੁਖੀ ਆਜ਼ਾਦੀ ਨੂੰ ਕੇਵਲ ਖ਼ਿਆਲੀ ਹੀ ਮੰਨਣਾ ਪਵੇਗਾ, ਅਮਲੀ ਨਹੀਂ. ਇਸੇ ਲਈ ਕਿਹਾ ਜਾਂਦਾ ਹੈ ਕਿ ਅਮਕਾ ਆਦਮੀ ਯਾ ਅਮਕੀ ਔਰਤ ਆਜ਼ਾਦ ਖ਼ਿਆਲ ਹੈ, ਪਰ ਇਹ ਘਟ ਹੀ ਕਿਹਾ ਜਾਂਦਾ ਹੈ ਕਿ ਅਮਕਾ ਆਦਮੀ ਯਾ ਅਮਕੀ ਔਰਤ (ਆਜ਼ਾਦ ਕਲਾਮ ਯਾ) ਆਜ਼ਾਦ ਅਮਲ ਹੈ; ਤੇ ਜੇ ਕਿਸੇ ਨੂੰ ਐਸਾ ਮੰਨਿਆਂ ਵੀ ਜਾਂਦਾ ਹੈ ਤਾਂ ਗ਼ਲਤ ਹੈ. ਕਿਉਂ ਜੋ ਹਰ ਸ਼ਰੀਰ ਧਾਰੀ ਅਨੇਕਾਂ ਹੀ ਐਸੀਆਂ ਹਾਲਤਾਂ ਦੇ 'ਅਧੀਨ' ਹੈ ਜਿਨ੍ਹਾਂ ਤੇ ਉਸ ਦਾ ਕਾਬੂ ਨਹੀਂ. ਪੂਰਨ ਆਜ਼ਾਦ-ਅਮਲ ਕੇਵਲ ਉਹ ਹੀ ਵਿਅਕਤੀ ਹੋ ਸਕਦਾ ਹੈ ਜੋ ਆਪਣੇ ਆਪ ਵਿੱਚ ਪੂਰਨ ਹੈ ਤੇ ਐਸਾ ਵਿਅਕਤੀ ਸਿਵਾਏ ਬ੍ਰਹਮ ਦੇ ਹੋਰ ਕੋਈ ਨਹੀਂ. ਹਾਂ, ਆਜ਼ਾਦੀ ਦੇ ਉਪ੍ਰੋਕਤ (ਸਰਬ ਸਾਧਾਰਣ) ਲਕਸ਼ਣ ਅਨੁਸਾਰ ਸੰਸਾਰ ਦੀਆਂ ਅਨੇਕਾਂ ਹੀ ਹਕੂਮਤਾਂ, ਤੇ ਹੁਕਮਰਾਨ, ਤਾਂ ਜ਼ਰੂਰ ਆਜ਼ਾਦ ਹਨ, ਪਰ ਰਿਆਇਆ, ਮੈਨੂੰ ਪਤਾ ਨਹੀਂ, ਕੇਹੜੇ ਦਾਨਸ਼ਮੰਦ ਹੁਕਮਰਾਨਾਂ ਦੀ ਮੁਕੰਮਲ ਆਜ਼ਾਦ ਹੈ; ਅਰ ਰਿਆਇਆ ਦੀ ਆਜ਼ਾਦੀ ਦਾ ਲਕਸ਼ਣ ਨ ਤਾਂ ਮੈਂ ਕਿਸੇ ਕਿਤਾਬ ਵਿੱਚ ਪੜ੍ਹਿਆ ਹੈ ਤੇ ਨਾਂ ਹੀ ਮੈਂ ਆਪ ਇਸ ਨੂੰ ਘੜਨ ਦੇ ਸਮਰਥ ਹਾਂ. ਹਰਬਰਟ ਸਪੈਨਸਰ ਦਾ ਕਥਨ ਹੈ (Every one is free to do what he wills provided he does not interfere with the equal freedom of others) ਕਿ "ਹਰ ਇੱਕ ਆਦਮੀ ਆਜ਼ਾਦ ਹੈ, ਜੋ ਚਾਹੇ ਸੋ ਕਰੇ, ਬਸ਼ਰਤੇ ਕਿ ਉਹ ਹੋਰਨਾਂ ਦੀ ਵੀ ਉਤਨੀ ਹੀ ਆਜ਼ਾਦੀ ਵਿੱਚ ਦਖ਼ਲ ਨਹੀਂ ਦੇਂਦਾ." ਪਰ ਇਸ ਕਥਨ ਤੋਂ ਵੀ ਰਿਆਇਆ ਦੀ ਆਜ਼ਾਦੀ ਦਾ ਲਕਸ਼ਣ ਮੇਰੇ ਮਨ ਵਿੱਚ ਨਹੀਂ ਫੁਰਦਾ, ਕਿਉਂ ਜੋ ਇਸ ਕਥਨ ਵਿਚ ਜਿਨ੍ਹਾਂ ਸਹੂਲਤਾਂ ਦਾ ਜ਼ਿਕਰ ਹੈ ਉਹਨਾਂ ਦਾ ਪੂਰਾ ਪੂਰਾ ਲਾਭ ਇਨਾ ਹਕੂਮਤੀ ਤਾਕਤ ਦੇ ਨਹੀਂ ਉਠਾਇਆ ਜਾ ਸਕਦਾ. ਇਸ ਲਈ ਕਿ ਰਿਆਇਆ ਦੇ ਇੱਕ ਫ਼ਰਦ ਦੀ ਜਾਇਜ਼ ਆਜ਼ਾਦੀ ਵਿੱਚ ਵੀ ਰਿਆਇਆ ਦੇ ਦੂਜੇ ਫ਼ਰਦ ਦਖ਼ਲ ਦੇਣ ਤੋਂ ਬਾਜ਼ ਨਹੀਂ ਔਂਦੇ ਤੇ ਐਸੀਆਂ ਸਾਰੀਆਂ 'ਮਦਾਖ਼ਲਤਾਂ' ਯਾ 'ਦਸਤ ਅੰਦਾਜ਼ੀਆਂ' ਹਕੂਮਤ ਦੀ ਨਜ਼ਰ ਵਿੱਚ 'ਕਾਫ਼ੀ ਜੁਰਮ' (Cognizable offences) ਨਹੀਂ ਹੁੰਦੇ. ਸੋ ਇਸ ਪ੍ਰਕਾਰ ਦੀਆਂ ਦੁਖਦਾਈ ਹਾਲਤਾਂ ਵਿਚ ਅਮਨ ਪਸੰਦ ਰਿਆਇਆ ਦੇ ਸ਼ਰੀਫ਼ ਫ਼ਰਦ ਲਈ ਸ਼ਰਾਰਤੀ ਹਮਸਾਇਆਂ, ਬਾਜ਼ਾਰੀ ਗੁੰਡਿਆਂ, ਰਾਸ਼ੀ-ਆਲਸੀ ਤੇ ਗੁਸਤਾਖ਼ ਅਹਿਲਕਾਰਾਂ, ਫ਼ਸਾਦੀ ਕੰਮੀਆਂ, ਝੂਠੇ ਕਸਬੀਆਂ ਤੇ ਦਗ਼ਾਬਾਜ਼ ਫ਼ਰੇਬੀ ਵਪਾਰੀਆਂ ਤੋਂ ਬਚਣ ਦਾ ਕੋਈ ਸੁਖਾਲਾ ਤੇ ਕਾਰਗਰ ਉਪਾਉ ਨਹੀਂ. ਹਰਬਰਟ ਸਪੈਨਸਰ (Social Statics ਵਿੱਚ) ਏਹਨਾਂ ਗੁੱਝੇ ਦੁਖੜਿਆਂ ਦੇ ਸੰਬੰਧ ਵਿਚ ਆਪ ਵੀ ਖ਼ੂਬ ਰੋਇਆ ਹੈ. ਮੋਟੇ ਸ਼ਬਦਾਂ ਵਿੱਚ ਭਾਵ

Sri Satguru Jagjit Singh Ji eLibrary NamdhariElibrary@gmail.com

ਇਹ ਕਿ ਦੁਰਾਚਾਰੀ, ਦੁਖਦਾਈ ਨਾਗਰਿਕ ਤਾਂ ਆਪਣੀ "ਆਜ਼ਾਦੀ" ਸੁਰਖਿਅਤ ਰੱਖਣ ਲਈ ਮਾਨੋ ਆਪ ਹੀ ਸਮਰਥ ਹੈ, ਪਰ ਸਦਾਚਾਰੀ, ਸੁਖਕਾਰੀ ਸ਼ਹਿਰੀ ਦੀ ਸਮੂਚੀ ਆਜ਼ਾਦੀ ਨੂੰ ਸਲਾਮਤ ਰੱਖਣ ਲਈ ਸ਼ਾਇਦ ਕਿਸੇ ਹਕੂਮਤ ਦੇ ਪਾਸ ਵੀ ਕੋਈ ਯੁਕਤ ਪ੍ਰਬੰਧ ਨਹੀਂ. ਭਾਰਤੀ ਭਾਸ਼ਾ ਵਿੱਚ 'ਆਜ਼ਾਦੀ' ਲਈ ਜੋ 'ਸ੍ਵਤੰਤ੍ਰਤਾ' ਸ਼ਬਦ ਪ੍ਰਯੁਕਤ ਹੁੰਦਾ ਹੈ ਉਸ ਦਾ ਅਰਥ ਹੈ 'ਆਪਣੇ ਅਧੀਨ ਹੋਣ ਦਾ ਭਾਵ'. ਪਰ ਸ੍ਵਾਧੀਨਤਾ ਵੀ ਉਸੇ ਵਿਅਕਤੀ ਦੀ ਯੁਕਤ ਮੰਨੀ ਜਾਵੇਗੀ ਜਿਸ ਵਿੱਚ ਵਿਵੇਕ ਹੈ (ਅਰਥਾਤ, ਵਿਸ਼ਵ ਵਿਆਪੀ ਚੰਗਿਆਈ Universally recognised Goodness ਤੇ ਵਿਸ਼ਵ ਵਿਆਪੀ ਬੁਰਿਆਈ Universally recognised Evil ਨੂੰ ਇੱਕ ਦੂਜੇ ਤੋਂ ਨਖੇੜਨ ਦੀ ਸਮਝ ਹੈ) ਇਸ ਤੋਂ ਸਿੱਧ ਹੋਇਆ ਕਿ ਸਵਤੰਤ੍ਰ ਹੋਣਾ ਕੇਵਲ ਵਿਵੇਕੀ, ਸਦਾਚਾਰੀ, ਯਾ ਸਮਝਦਾਰ ਮਨੁਖ ਦਾ ਹੀ ਹੱਕ ਹੈ ਅਵਿਵੇਕੀ, ਦੁਰਾਚਾਰੀ ਯਾ ਪਾਗਲ ਦਾ ਨਹੀਂ. ਲਿੱਖਣ, ਬੋਲਣ, ਫਿਰਨ, ਪੂਜਣ ਆਦਿਕ ਦੀ ਆਜ਼ਾਦੀ ਵੀ ਵਿਵੇਕੀ ਪੁਰਖ ਦਾ ਹੀ ਹੱਕ ਹੈ ਤੇ ਉਹੋ, ਸਪੈਨਸਰ ਦੇ ਕਥਨ ਅਨੁਸਾਰ, ਦੂਜਿਆਂ ਦੀ ਜਾਇਜ਼ ਆਜ਼ਾਦੀ ਵਿੱਚ ਦਖ਼ਲ ਨਹੀਂ ਦੇਂਦਾ. ਹੁਣ, ਜੋ ਆਜ਼ਾਦੀ ਭਾਰਤ ਦੇ ਲੋਕਾਂ ਲਈ ਅੰਗ੍ਰੇਜ਼ਾਂ ਤੋਂ ਗਾਂਧੀ ਤੇ ਨੈਹਰੂ ਦੇ ਪੱਲੇ ਪਈ ਹੈ ਉਹ 'ਹਕੂਮਤ ਯਾ ਹੁਕਮਰਾਨੀ ਦੀ ਆਜ਼ਾਦੀ' ਹੈ, ਇਸ ਵਿੱਚ 'ਹੁਕਮਰਾਨੀ ਦਾ ਹੁਨਰ' ਸ਼ਾਮਿਲ ਨਹੀਂ. ਜੇ ਮੈਨੂੰ ਕੋਈ ਆਪਣੀ ਕਿਸੇ ਮਸ਼ੀਨ ਨੂੰ ਵਰਤਣ ਦੀ ਸਦੀਵੀ ਆਜ਼ਾਦੀ (ਮਾਲਕੀ) ਦੇ ਦੇਵੇ ਤਾਂ ਉਸ ਵਿੱਚ ਮਸ਼ੀਨ ਵਰਤਣ ਦਾ ਹੁਨਰ ਸ਼ਾਮਿਲ ਨਹੀਂ. ਉਹ ਹੁਨਰ ਮੈਨੂੰ ਖ਼ੁਦ ਆਪਣੇ ਪਰਿਸ਼੍ਰਮ ਦੁਆਰਾ ਪ੍ਰਾਪਤ ਕਰਨਾ ਪਵੇਗਾ. ਜੇ ਮੈਂ ਉਹ ਪ੍ਰਾਪਤ ਕਰ ਲਵਾਂਗਾ ਤਾਂ ਜਿਸ ਮਸ਼ੀਨ ਨੂੰ ਮੇਰੇ ਦਾਤਾ ਦੇ ਬਜ਼ੁਰਗ ਤੇ ਉਹ ਆਪ ਦੋ ਸੌ ਵੱਰ੍ਹੇ ਵਰਤਦੇ ਰਹੇ ਹਨ ਉਸ ਨੂੰ ਮੈਂ ਤੇ ਮੇਰੀ ਔਲਾਦ ਵੀ ਸੰਭਵ ਹੈ ਕਿ ਕਈ ਸੌ ਵੱਰ੍ਹੇ ਵਰਤਦੇ ਰਹੀਏ. ਪਰ ਵਰਤਣ ਦੇ ਹੁਨਰ ਤੋਂ ਬਿਨਾ ਅਸੀਂ ਮਸ਼ੀਨ ਦਾ ਚੌੜ ਕਰ ਕੇ ਪਛਤਾਵਾਂਗੇ. 'ਹੁਕਮਰਾਨੀ ਦਾ ਹੁਨਰ' ਕੇਵਲ ਇਤਨਾ ਹੀ ਹੈ ਕਿ 'ਰਿਆਇਆ ਦੇ ਹਰ ਫ਼ਰਦ ਨੂੰ ਹਰ ਪ੍ਰਕਾਰ ਦੇ ਦੁਖ ਤੋਂ ਯਥਾ ਸੰਭਵ ਆਜ਼ਾਦ ਰਖਣਾ' ਏਹਨਾਂ ਚੌਦਾਂ ਸਾਦਾ ਸ਼ਬਦਾਂ ਵਿੱਚ ਇਸ ਅਜ਼ੀਮੁੱਸ਼ਾਨ ਹੁਨਰ ਨੂੰ ਬਿਆਨ ਕੀਤਾ ਜਾ ਸਕਦਾ ਹੈ.

(੬੮) ਕੋਈ ਵੀ ਆਜ਼ਾਦੀ, ਆਬਾਦੀ ਯਾ ਬਰਬਾਦੀ ਦੋਹਾਂ ਵਿਚੋਂ ਕਿਸੇ ਵੀ ਇੱਕ ਪਰਿਣਾਮ ਦਾ ਹੇਤੂ ਬਣ ਸਕਦੀ ਹੈ. ਪਰ ਮੈਂ ਦਸ ਚੁਕਾ ਹਾਂ ਕਿ ਹਿੰਦੂ ਜਨਤਾ ਦੀ ਵਿਸ਼ਵ ਵਿਆਪੀ ਜਥੇ ਬੰਦੀ ਤੇ ਇਤਫ਼ਾਕ ਅਰ ਹਿੰਦੂ ਆਗੂਆਂ ਦੇ ਹੌਸਲੇ, ਹਿੰਮਤ, ਦਾਨਸ਼ਮੰਦੀ, ਸਿਦਕ ਦਿਲੀ ਤੇ ਇਰਾਦੇ ਦੀ ਮਜ਼ਬੂਤੀ ਦੁਆਰਾ ਸਾਡੀ ਮੌਜੂਦਾ ਆਜ਼ਾਦੀ ਦਾ ਭਾਰਤ ਵਿੱਚ ਪ੍ਰਾਦੁਰਭਾਵ

Sri Satguru Jagjit Singh Ji eLibrary NamdhariElibrary@gmail.com

ਹੋਇਆ ਹੈ. ਬਸ ਜਿੰਨਾਂ ਚਿਰ ਏਹਨਾਂ ਸੱਤਾਂ ਗੁਣਾਂ ਦੇ ਸੱਤ ਤਾਰੇ ਭਾਰਤ ਵਰਸ਼ ਦੇ ਆਕਾਸ਼ ਵਿੱਚ ਪ੍ਰਚੰਡ ਨਿਰਮਲ ਜੋਤੀ ਦੁਆਰਾ ਅਖੰਡ ਚਮਕਦੇ ਰਹਿਨਗੇ ਤਦ ਤਕ ਨਿਰਸੰਦੇਹ ਇਸ ਆਜ਼ਾਦੀ ਤੋਂ ਆਬਾਦੀ (ਖ਼ੁਸ਼ੀ ਤੇ ਖ਼ੁਸ਼ਹਾਲੀ) ਦੀ ਬਰਖਾ ਹੁੰਦੀ ਰਹੇਗੀ, ਪਰ ਜਿਉਂ ਹੀ ਇਹ ਤਾਰੇ ਸੱਤਾਂ ਔਗੁਣਾਂ ਦੇ ਬਦਲਾਂ ਦੁਆਰਾ ਛਿਪਣਾ ਸ਼ੁਰੂ ਹੋ ਜਾਨਗੇ ਤਿਉਂ ਹੀ ਫਿਰ ਬਰਬਾਦੀ ਨੂੰ ਵੀ ਨਮੂਦਾਰ ਹੋਣ ਵਿੱਚ ਦੇਰ ਨ ਲਗੇਗੀ. ਵੱਡੇ ਵੱਡੇ ਕਾਰਖ਼ਾਨੇ, ਵਿਸ਼ਾਲ ਵਿਦਿਆ ਭਵਨ, ਉੱਚੀਆਂ ਇਮਾਰਤਾਂ, ਗੜ੍ਹ, ਮੰਦਿਰ, ਮਹਿਲ, ਰੇਲ ਗਡੀਆਂ ਤੇ ਉਹਨਾਂ ਦੇ ਇੰਜਨ ਹਸਪਤਾਲ, ਬੈਂਕ ਆਦਿਕ ਆਜ਼ਾਦੀ ਦੇ ਨਿਵਾਸ ਅਸਥਾਨ ਨਹੀਂ. ਜਿਨ੍ਹਾਂ ਗੁਣਾਂ ਦੇ ਆਸਰੇ ਆਜ਼ਾਦੀ ਨੇ ਕਾਇਮ ਰਹਿਣਾ ਹੈ ਉਹਨਾਂ ਦੀ ਰਿਹਾਇਸ਼-ਗਾਹ ਕੇਵਲ ਮਾਨੁਖੀ ਮਨ ਹੈ. ਕਿਉਂ ਜੋ 'ਆਜ਼ਾਦੀ' ਕਿਸੇ ਨ ਕਿਸੇ ਪ੍ਰਕਾਰ ਦੇ 'ਬੰਧਨ' ਤੋਂ ਛੁਟਕਾਰੇ ਦਾ ਨਾਮ ਹੈ. ਪਰ ਬੰਧਨ ਦਾ ਹੇਤੂ ਭਾਵੇਂ ਸ਼ਾਰੀਰਿਕ ਹੋਵੇ ਤੇ ਭਾਵੇਂ ਮਾਨਸਿਕ, ਛੁਟਕਾਰਾ ਦੋਹਾਂ ਹਾਲਤਾਂ ਵਿੱਚ ਉਸ ਚਿੰਤਾ, ਕਲਪਣਾ, ਇਛਯਾ, ਦਲੀਲ, ਦਰਦ, ਖ਼ਿਆਲ, ਯਾ ਰਾਏ ਤੋਂ ਹੀ ਹੋਣਾ ਹੈ ਜਿਸ ਦੀ ਰਿਹਾਇਸ਼ ਮਨ ਵਿੱਚ ਹੈ. ਤਾਂ ਤੇ ਜਦ ਤਕ ਭਾਰਤ ਵਾਸੀਆਂ ਦੇ ਮਨਾਂ ਵਿੱਚ ਉਕਤ ਨਿਰੂਪਿਤ ਸਤ ਗੁਣਾਂ ਦਾ ਵਾਸ ਨਹੀਂ ਹੁੰਦਾ ਤਦ ਤਕ 'ਇੱਕੋ' ਦੀ ਜਿੱਤੀ ਹੋਈ ਆਜ਼ਾਦੀ ਦਾ ਜਲਵਾ ਉਹ ਕਲਪਾਂਤ ਤਕ ਵੀ ਆਪਣੇ ਜੀਵਨ ਦੀ ਰੌ ਅਮਲੀ ਤੌਰ ਤੇ ਅਨੁਭਵ ਨਹੀਂ ਕਰ ਸਕਦੇ. ਆਜ਼ਾਦੀ ਦਾ ਪ੍ਰਗਟ ਪਰਿਣਾਮ ਚਿੱਤ ਦੀ ਸ਼ਾਨਤੀ ਤੇ ਸ਼ਾਰੀਰਿਕ ਕ੍ਰਾਂਤੀ ਹੈ, ਅਰ ਕੂੜ, ਨਿੰਦਾ, ਚੁਗ਼ਲ ਖ਼ੋਰੀ, ਕੁੜ੍ਹਨੇ, ਝੁਰਨੇ ਤੇ ਸ਼ਿਕਵੇ-ਸ਼ਕਾਇਤ ਦਾ ਅਭਾਵ ਹੈ. ਬਸ ਜਿਸ ਆਦਮੀ ਦੇ ਮਨ ਦੀ ਦਸ਼ਾ, ਉਸ ਦੇ ਅਮਲ ਤੇ ਆਕ੍ਰਿਤੀ ਤੋਂ ਐਸੀ ਨਜ਼ਰ ਔਂਦੀ ਹੈ ਉਹ ਆਜ਼ਾਦ ਹੈ. ਪਰ ਕਿੱਥੇ ਕੇਹੜੇ ਮੁਲਕ ਵਿੱਚ ਕਿਸੇ ਵੀ ਪੇਸ਼ੇ ਯਾ ਰੁਤਬੇ ਦੇ ਆਦਮੀ ਤੋਂ ਆਜ਼ਾਦੀ ਦੇ ਇਹ ਚਿੰਨ੍ਹ ਦਿਸਦੇ ਹਨ ? ਪਤਾ ਨਹੀਂ ! ਕਿਧਰੇ ਹਕੂਮਤ ਪ੍ਰਜਾ ਦੇ ਅਨੁਕੂਲ ਨਹੀਂ ਤੇ ਕਿਧਰੇ ਪ੍ਰਜਾ ਹਕੂਮਤ ਦੇ ਪ੍ਰਤਿਕੂਲ ਹੈ. ਜੇ ਲੋਕ-ਰਾਜ ਹੈ ਤਾਂ ਇਸ ਦੀ ਰਾਜ ਸਭਾ ਦੇ ਸਭਾ ਸਦਾਂ ਤੇ ਉਹਨਾਂ ਦੇ ਸਹਿਕਾਰੀਆਂ ਨੂੰ ਅਜੇ ਪਿਛਲੀਆਂ ਚੋਣਾਂ ਦੇ ਸੰਗ੍ਰਾਮ ਦੀਆਂ ਸੱਟਾਂ ਤੋਂ ਹੋਸ਼ ਨਹੀਂ ਆਈ ਕਿ ਅਗਲੀਆਂ ਦੇ ਸ਼ੋਕ ਸਾਗਰ ਵਿੱਚ ਗ਼ੋਤੇ ਖਾ ਰਹੇ ਹਨ. ਜੇ ਰਾਜ ਸ਼ਾਹੀ ਹੈ ਤਾਂ ਮੰਤ੍ਰੀ ਮੰਡਲ ਨੂੰ ਲਗਾਤਾਰ ਆਪਣੀਆਂ ਵਿਸ਼ੇਸ਼ ਕੁਰਸੀਆਂ ਦੇ ਹਿੱਲਣ, ਘਟਣ ਯਾ ਖੁੱਸਣ ਦਾ ਫ਼ਿਕਰ ਲੱਗਾ ਹੋਇਆ ਹੈ, ਤੇ ਬਾਦਸ਼ਾਹ ਨੂੰ ਵੀ ਸੁਖ ਦੀ ਨੀਂਦਰ ਨਸੀਬ ਹੋਣੀ ਸੌਖੀ ਨਹੀਂ. ਉਹ ਸਦਾ ਹੀ ਆਪਣੇ ਪੈਤ੍ਰਿਕ ਅਧਿਕਾਰਾਂ ਤੇ ਆਪਣੀ ਸ਼ਾਨ ਨੂੰ ਸੁਰਖਿਅਤ ਰੱਖਣ ਦੀਆਂ ਵਿਓਂਤਾਂ ਸੋਚਦਾ ਰਹਿੰਦਾ ਹੈ. ਲੋਕ ਰਾਜ ਨੂੰ ਭਾਵੇਂ (ਪਾਰਲੀਮੈਂਟ੍ਰੀ, ਪੋਲਿਟੀਕਲ ਯਾ ਈਕੋਨਾਮਿਕ) ਕਿਸੇ ਵੀ ਨਾਮ ਨਾਲ ਪੁਕਾਰੋ, ਜਦ ਤਕ ਲੋਕਾਂ

Sri Satguru Jagjit Singh Ji eLibrary NamdhariElibrary@gmail.com

ਦੇ ਜੀਵਨ ਵਿੱਚ ਸੁਖ ਤੇ ਆਨੰਦ ਦੀ ਮਾਤ੍ਰਾ ਨਹੀਂ ਵਧਦੀ ਤਦ ਤਕ ਨਾਮਾਵਲੀ ਦੀ ਤਬਦੀਲੀ ਸਰਵਥਾ ਬਿਅਰਥ ਹੈ. ਸੰਸਾਰ ਵਿੱਚ ਜਿੰਨੇ ਵੀ ਪਦਾਰਥਾਂ ਨਾਲ ਸਾਡਾ ਵਾਸਤਾ ਪੈਂਦਾ ਹੈ ਅਸੀਂ ਉਹਨਾਂ ਦੇ ਗੁਣਾਂ ਯਾ ਔਗੁਣਾਂ ਤੋਂ ਪ੍ਰਭਾਵਿਤ ਹੁੰਦੇ ਹਾਂ ਨਾ ਕਿ ਉਹਨਾਂ ਦੇ ਨਾਮਾਂ ਤੋਂ. ਨਾਮ ਭਾਵੇਂ ਲੋਕਰਾਜ ਹੋਵੇ ਭਾਵੇਂ ਬਾਦਸ਼ਾਹੀ, ਪਰ ਦੁਨੀਆ ਦੇ ਇਤਿਹਾਸ ਤੋਂ ਸਾਬਤ ਤਾਂ ਏਹੋ ਹੁੰਦਾ ਹੈ ਕਿ ਰਾਜ ਯਾ ਹਕੂਮਤ ਦੀ ਵਾਗ ਡੋਰ ਅਮੂਮਨ ਇੱਕੋ ਹੀ ਆਦਮੀ ਦੇ ਹੱਥ ਵਿੱਚ ਰਹੀ ਹੈ, ਭਾਵੇਂ ਉਹ ਸੁਨੀਤੀ ਯਾ ਕੁਨੀਤੀ ਦੁਆਰਾ (Mussolini, Hitler, Stalin ਵਾਂਗ) ਲੋਕਾਂ ਦਾ ਚੁਣਿਆ ਹੋਇਆ ਹੋਵੇ ਤੇ ਭਾਵੇਂ (ਰੂਸ ਦੇ Tsars ਵਾਂਗ) ਸ਼ਾਹਾਂ ਸ਼ਹਨਸ਼ਾਹਾਂ ਦੀ ਔਲਾਦ ਹੋਵੇ. ਜਿਸ ਤਰ੍ਹਾਂ ਸੰਸਾਰ ਵਿੱਚ ਘੋੜੇ ਦੀ ਸਵਾਰੀ ਤੋਂ ਲੈ ਕੇ ਹਵਾਈ ਜਹਾਜ਼ ਦੀ ਸਵਾਰੀ ਤਕ ਕੋਈ ਵੀ ਸਵਾਰੀ ਐਸੀ ਨਹੀਂ ਜਿਸ ਦੀ ਵਾਗ ਡੋਰ ਯਾ ਕ੍ਰਿਆ-ਕਲਾ ਇੱਕ ਤੋਂ ਵਧੀਕ ਆਦਮੀਆਂ ਦੇ ਹੱਥ ਹੋਵੇ; ਜਿਸ ਤਰ੍ਹਾਂ ਕਿਸੇ ਵੀ ਫ਼ੌਜ ਦੇ ਦਸਤੇ ਦਾ ਇੱਕੋ ਕਾਲ ਵਿੱਚ ਇੱਕ ਤੋਂ ਵਧੀਕ ਸਚਿਵ ਹੋਣਾ ਸੰਭਵ ਨਹੀਂ, ਇਸੇ ਪ੍ਰਕਾਰ ਮੰਤ੍ਰੀ ਮੰਡਲ ਤੇ ਸਭਾ ਸਦਾਂ ਦੀ ਸੰਖਿਆ ਭਾਵੇਂ ਕਿੰਨੀ ਵੀ ਅਧਿਕ ਕਿਉਂ ਨ ਹੋਵੇ ਏਹਨਾਂ ਸਾਰਿਆਂ ਵਿਅਕਤੀਆਂ ਨੂੰ ਸਚੇਸ਼ਟ ਕਰਕੇ ਆਪਣੇ ਮਗਰ ਲਾਣ ਵਾਲਾ ਕੇਵਲ ਇੱਕੋ ਪ੍ਰਮੁੱਖ ਹੀ ਹੁੰਦਾ ਹੈ, ਤੇ ਦੇਸ ਦੀ ਸਮਸਤ ਜਨਤਾ ਦੇ ਸੁਖ ਦੁਖ ਦਾ ਜਿੰਮੇਵਾਰ ਵੀ ਉਹੋ ਹੁੰਦਾ ਹੈ. ਦੇਖੋ, ਕੁਦਰਤ ਨੇ ਵੀ ਹਰ ਨਿੱਕੇ ਵੱਡੇ ਸ਼ਰੀਰ ਧਾਰੀ ਨੂੰ ਇੱਕ ਇੱਕ ਮਨ ਦੇ ਹੀ ਅਧੀਨ ਰਖਿਆ ਹੋਇਆ ਹੈ, ਭਾਵੇਂ ਉਹ ਨਿੱਕੀ ਜਈ ਕੀੜੀ ਹੋਵੇ ਤੇ ਭਾਵੇਂ ਮਹਾਨ ਹਾਥੀ. ਸੋ *ਕਹਿਣ ਨੂੰ ਭਾਵੇਂ ਕੁੱਝ ਕਹੋ ਪਰ ਹਕੀਕਤ ਵਿੱਚ ਹਰਕਤ ਦੇਣ ਵਾਲਾ ਤੇ ਆਪਣੇ ਮਗਰ ਲਾਣ ਵਾਲਾ ਕੇਵਲ ਇੱਕੋ ਮਨੁਖ ਹੁੰਦਾ ਹੈ. ਹਰ ਰਿਆਸਤ ਦੀ ਗੱਡ, ਜਿਸ

* ਕਈ ਵਿਚਾਰ ਫਲ ਵਿਚਿਤ੍ਰ ਭਾਂਡਿਆਂ ਤੇ ਸ਼ਿੰਗਾਰ ਦੇ ਭੂਸ਼ਣਾਂ ਵਾਂਗ ਸਾਹਿਤਜ ਭੰਡਾਰ ਵਿੱਚ ਕੇਵਲ ਸਜਾ ਕੇ ਰੱਖਣ ਦੇ ਲਾਇਕ ਹੀ ਹੁੰਦੇ ਹਨ, ਉਹ ਅਮਲੀ ਵਰਤੋਂ ਵਿਚ ਨਹੀਂ ਔਂਦੇ, ਜਿੱਕੁਰ ਜਵਾਹਰ ਲਾਲ ਜੀ ਦਾ ਇਹ ਕਥਨ : "Is it reasonable to believe in the theory of trusteeship, to give unchecked power and wealth to an individual and to expect him to use it entirely for the public good ? Are the best of us so perfect as to be trusted in this way ? Even Plato's philosopher-kings could hardly have borne this burden worthily.....But there are no superman or philosopher-kings ; there are only frail human beings who

ਬਾਕੀ ਸਫ਼ਾ ੨੦੭ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਦੇ ਪੁਰਜ਼ੇ ਜਥੇ ਬੰਦੀ ਤੇ ਪਰਸਪਰ ਇਤਫ਼ਾਕ ਨਾਲ ਜਕੜੇ ਹੋਏ ਹਨ, ਦੇਸ਼, ਕਾਲ ਤੇ ਵਿਸ਼ੇਸ਼ ਕਾਰਣਾਂ ਦੇ ਸੰਗ੍ਰਹਿ ਵਿੱਚ, ਹਰਕਤ ਕਰ ਰਹੀ ਹੈ. ਜੇ ਇਸ ਦਾ ਮੁਖ, ਪ੍ਰਮੁਖ ਯਾ ਪ੍ਰਧਾਨ ਵਾਹਕ ਇਸ ਨੂੰ ਯਥੋਚਿਤ ਗੁਣਾਂ ਨਾਲ ਚਲਾਂਦਾ ਚਲੇ ਤਾਂ ਇਹ ਜ਼ਰੂਰ ਕਿਸੇ ਮਨ ਇੱਛਿਤ ਤੇ ਸੁਖ ਜਨਕ ਟਿਕਾਣੇ ਤੇ ਜਾ ਪਹੁੰਚਦੀ ਹੈ ਵਰਨਾ ਕਲੇਸ਼ ਤੇ ਤਬਾਹੀ ਦੀ ਖੱਡ ਵਿੱਚ ਜਾ ਡਿਗਦੀ ਹੈ. ਗੱਡ ਦੇ ਪੁਰਜ਼ਿਆਂ ਨੂੰ ਜਥੇਬੰਦੀ ਤੇ ਪ੍ਰਸਪਰ ਇਤਫ਼ਾਕ ਵਿੱਚ ਰਖਣਾ ਵੀ ਪ੍ਰਮੁਖ ਵਾਹਕ ਦਾ ਹੀ ਧਰਮ ਹੈ. 'ਪ੍ਰਮੁਖ ਇੱਕ' ਦੀ ਸ਼ਕਤੀ ਅਮਿਤ ਹੈ. ਇਸ ਦੇ ਅੰਕਸ ਦੀ ਪ੍ਰਬਲਤਾ ਤੋਂ ਆਨੀ ਸ਼ਾਹ-ਸ਼ਹਨਸ਼ਾਹ ਤੇ ਅਭਿਮਾਨੀ ਸਿਪਾਹ ਸਾਲਾਰ ਵੀ ਨਹੀਂ ਬਚ ਸਕੇ. ਇਤਿਹਾਸ ਵਿੱਚੋਂ ਕੇਹੜੇ 'ਇੱਕ' ਦੀ ਮਿਸਾਲ ਦਰਸਾਈ ਜਾਵੇ.

ਸਫ਼ਾ ੨੦੬ ਦੀ ਬਾਕੀ

cannot help thinking that their own personal good or the advancement of their own ideas is identical with the public good. The snobbery of birth, position, and economic power is perpetuated, and the consequences in many ways are disastrous." (Jawahar Lal Nehru : An Autobiography, with Musings on Recent Events In India, The Bodley Head, London, 1958 Edition, LXII, 528.) ਇਹ ਕਥਨ ਅਤਿ ਸੁੰਦਰ ਹੈ ਪਰ ਗੁੰਝਲਦਾਰ ਵੀ ਹੈ. ਜਿਸ ਦਸਤੂਰ (ਵਿਅਕਤੀਗਤ ਜ਼ਿੰਮੇਵਾਰੀ) ਨੂੰ ਇਸ ਵਿੱਚ ਦੂਸ਼ਤ ਠਹਿਰਾਇਆ ਹੈ ਉਸ ਤੋਂ ਉਲਟ ਹੋਣਾ ਕੁਦਰਤ ਨੂੰ ਮਨਜ਼ੂਰ ਨਹੀਂ. ਦੋਸ਼ਰਹਿਤ ਟੋਲੀ ਤੋਂ ਦੋਸ਼ ਰਹਿਤ ਵਿਅਕਤੀ ਦਾ ਮਿਲਣਾ ਸੁਖਾਲਾ ਹੈ. ਜੇ ਟੋਲੀ ਨੂੰ ਜ਼ਿੰਮੇਵਾਰੀ ਮਿਲ ਵੀ ਜਾਏ ਤਾਂ ਮੁੜ ਟੋਲੀ ਦੇ ਮੁਖੀ (ਪ੍ਰਧਾਨ) ਨੂੰ ਹੀ, ਉਸ ਦੀ ਕਿਸੇ ਵਿਸ਼ੇਸ਼ ਉਤਕ੍ਰਿਸ਼ਟਤਾ (Superiority) ਅਥਵਾ ਤਾਕਤ ਦੇ ਕਾਰਣ, ਜ਼ਿੰਮੇਵਾਰੀ ਦਾ ਹੱਕ ਹਾਸਿਲ ਹੋ ਜਾਂਦਾ ਹੈ, ਹਾਂ ਜੇ ਟੋਲੀ ਦਾ ਕੋਈ ਮੁਖੀ ਨ ਹੋਵੇ ਤੇ ਸਭ ਨੂੰ ਰਾਏ ਦੇਣ ਦਾ ਬਰਾਬਰ ਹੱਕ ਹੋਵੇ ਤਾਂ ਫਿਰ 'ਸ਼ਾਇਦ', ਵਿਅਕਤੀ ਦੀ ਥਾਂ, ਟੋਲੀ ਦੀ ਬਹੁ ਸੰਖਿਆ ਦੇ ਫੈਸਲੇ ਦੀ ਸੂਰਤ ਨਜ਼ਰ ਆ ਸਕੇ ! ਪਰ, ਇਹ ਕੀ ਪਤਾ ਕਿ ਉਹ ਫੈਸਲਾ ਦਾਨਸ਼ਮੰਦੀ ਤੇ ਇਨਸਾਫ਼ ਦਾ ਪਰਿਣਾਮ ਹੈ, ਅਥਵਾ ਨਾਂ ਤਜਰਬਾ ਕਾਰੀ, ਈਰਖਾ, ਦ੍ਵੇਸ਼ ਜ਼ੋਰਾਵਰੀ, ਚਾਲਬਾਜ਼ੀ, ਸਵਾਰਥ ਆਦਿਕ ਕਿਸੇ ਔਗਣ ਦਾ ? ਇਸ ਚਿੰਤਾ ਤੋਂ ਵਿਮੁਕਤ ਹੋਣ ਲਈ ਮੁੜ ਕਿਸੇ ਵਿਸ਼ੇਸ਼ ਵਿਅਕਤੀ ਦੀ ਮਾਹਿਰ ਰਾਏ (Expert Opinion) ਦਾ ਆਸਰਾ ਲੈਣਾ ਪਵੇਗਾ, ਤੇ ਇਹ ਚੱਕਰ ਇੱਕਰ ਹੀ ਘੁੰਮਦਾ ਰਹੇਗਾ-ਟੋਲੀ ਤੋਂ ਮਾਹਿਰ ਯਾ ਪ੍ਰਧਾਨ ਵਿਅਕਤੀ ਵਲ ਤੇ ਵਿਅਕਤੀ ਤੋਂ ਟੋਲੀ ਵਲ ! ਵਿਅਕਤੀ ਗਤ ਜ਼ਿੰਮੇਵਾਰੀ ਨੂੰ ਦੂਸ਼ਿਤ ਮੰਨ ਕੇ ਹੀ ਸੰਭਵ ਹੈ ਕਿ ਇੱਕ ਬ੍ਰਹਮ ਦੇ ਵਿਰੁੱਧ ਅਨੇਕਾਂ ਦੇਵੀ ਦੇਵਤਿਆਂ ਦਾ ਸਿੱਧਾਂਤ ਘੜਿਆ ਗਿਆ ਹੋਵੇ !

Sri Satguru Jagjit Singh Ji eLibrary NamdhariElibrary@gmail.com

ਵਾਸਤਵ ਵਿੱਚ ਹਰ ਵਿਸ਼ੇਸ਼ ਕਾਲ ਦੇ ਕਿਸੇ ਨਿੱਕੇ ਵੱਡੇ ਥਾਂ ਦਾ ਇਤਿਹਾਸ, ਉਸ ਵਿਸ਼ੇਸ਼ ਥਾਂ ਤੇ ਕਾਲ ਦੇ ਕਿਸੇ ਵਿਸ਼ੇਸ਼ 'ਪ੍ਰਮੁਖ ਇੱਕ' ਹੀ ਵਿਅਕਤੀ ਦੇ ਪਰੀਸ਼੍ਰਮਾਂ, ਪ੍ਰਾਕ੍ਰਮਾਂ, ਪ੍ਰਬਲਤਾਵਾਂ ਤੇ ਪ੍ਰਗਤੀਆਂ ਦੀ, ਅਥਵਾ, ਏਹਨਾਂ ਤੋਂ ਉਲਟ ਕਰਤੂਤਾਂ ਤੇ ਔਗੁਣਾਂ ਦੀ, ਕਹਾਣੀ ਹੁੰਦੀ ਹੈ ਹੋਰ ਕੁਝ ਨਹੀਂ.

(੬੯) ਜੇ ਵਰਤਮਾਨ ਪ੍ਰਮੁਖ ਵਿਅਕਤੀਆਂ ਦੇ ਹੁਕਮ ਦੀ ਅਪਾਰਤਾ ਦਾ ਨਮੂਨਾ ਵੇਖਣਾ ਹੋਵੇ ਤਾਂ ਪਾਠਕ ਇੰਗਲਿਸਤਾਨ ਦੇ ਪ੍ਰਧਾਨ ਮੰਤ੍ਰੀਆਂ ਵਲ ਝਾਤੀ ਮਾਰੇ, ਤੇ ਪਹਿਲਾਂ ਸਟੈਨਲੇ ਬਾਲਡਵਿਨ ਦੀ, ਇੱਕ ਵਿਸ਼ੇਸ਼ ਮੌਕੇ ਤੇ ਪ੍ਰਿਨਸ ਆਫ਼ ਵੇਲਜ਼ (ਮਗਰੋਂ ਐਡਵਰਡ ਅਸ਼ਟਮ) ਨਾਲ (ਜਨਵਰੀ ਸਨ ੧੯੨੯ ਵਿੱਚ) ਹੋਈ ਵਾਰਤਾਲਾਪ ਪੜ੍ਹ ਕੇ ਵੇਖੇ. (A King's Story, the Memoirs of H.R.H. The Duke of Windsor, Pan Books Ltd., London, 1957, p. 223) ਫਿਰ, ਵਿਨਸਟਨ ਚਰਚਿਲ ਦੇ ਉਸ ਬਚਨ ਬਿਲਾਸ ਦਾ ਅਧਯੈਨ ਕਰੇ ਜੋ ਉਸ ਦਾ ਜੈਨਰਲ ਕੈਨੇਡੀ ਨਾਲ ਹੋਇਆ (ਦੇਖੋ, Kennedy Memoirs, ਅਥਵਾ ਦਿੱਲੀ ਦਾ ਹਿੰਦੁਸਤਾਨ ਟਾਈਮਜ਼ ਮਿਤੀ ੨੪-੧੧-੧੯੫੭ ਦਾ). ਚਰਚਿਲ ਨੂੰ ਕੈਨੇਡੀ ਉਸ ਔਸਰ ਦਾ ਹਾਲ ਦਸ ਰਿਹਾ ਹੈ ਜਦ ਦੂਜੇ ਮਹਾਂ ਯੁੱਧ ਵਿੱਚ ਮਿਸਰ (ਦਾ ਦੇਸ਼) ਖਤਰੇ ਵਿੱਚ ਸੀ. ਸੋ ਚਰਚਿਲ ਦੇ ਪੁਛਣ ਪਰ ਕੈਨੇਡੀ ਨੇ ਕਿਹਾ ਕਿ ਮਿਸਰ ਦੀ ਹਾਲਤ ਨਾਜ਼ੁਕ ਹੈ, ਜਰਮਨਾਂ ਦਾ ਬਹੁਤ ਜ਼ੋਰ ਹੈ. "ਇਹ ਸੁਣਦੇ ਸਾਰ", ਕੈਨੇਡੀ ਲਿਖਦਾ ਹੈ, "ਚਰਚਿਲ ਦਾ ਰੰਗ ਸੁਰਖ਼ ਹੋ ਗਿਆ ਤੇ ਉਹ ਆਪੇ ਤੋਂ ਬਾਹਿਰ ਹੋਗਿਆ. ਉਸ ਦੀਆਂ ਅੱਖਾਂ ਚਮਕੀਆਂ ਤੇ ਉਸ ਨੇ ਚੀਖ਼ ਕੇ ਕਿਹਾ, 'ਵੇਵਿਲ (Wavell) ਦੇ ਪਾਸ ਚਾਰ ਲੱਖ ਆਦਮੀ ਹਨ. ਜੇ ਉਹਨਾਂ ਦੇ ਹੱਥੋਂ ਮਿਸਰ ਨਿਕਲ ਗਿਆ ਤਾਂ ਲਹੂ ਵੱਗੇਗਾ! ਮੈਂ ਗੋਲੀ-ਮਾਰਾਂ ਨੂੰ ਬੁਲਾਵਾਂਗਾ ਤੇ ਜਰਨੈਲਾਂ ਨੂੰ ਗੋਲੀਆਂ ਨਾਲ ਉਡਵਾ ਦਿਆਂਗਾ" "Churchill flushed at this, and lost his temper. His eyes flashed and he shouted: 'Wavell has 400,000 men. If they lose Egypt, blood will flow. I will have firing parties to shoot the generals." ਇਹ ਹਨ ਲੋਕਾਂ ਦੇ ਚੁਣੇ ਹੋਏ ਇੱਕ ਇਕਲੌਤੇ ਆਗੂ ਦੀ ਅਗਾਧ ਸ਼ਕਤੀ ਦੇ ਚਮਤਕਾਰ! ਇਸ ਸ਼ਕਤੀ ਦੇ ਭਾਂਭੜ ਕੇਹੜੀ ਗੱਲੋਂ ਸਿਕੰਦਰ, ਚਿੰਗੇਜ਼ ਖ਼ਾਨ, ਤੈਮੂਰ ਤੇ ਬਾਬਰ ਯਾ ਨਾਦਰ ਦੇ ਸ਼ਰਾਰਿਆਂ ਤੋਂ ਘਟ ਹਨ? ਇਸ ਤੋਂ ਕੀ ਸਾਬਤ ਹੁੰਦਾ ਹੈ; ਏਹੋ, ਕਿ ਹਕੂਮਤ ਦੀ ਵਾਗ ਡੋਰ ਇਕੋ ਹੀ ਆਦਮੀ ਦੇ ਹੱਥ ਵਿੱਚ ਹੁੰਦੀ ਹੈ, ਭਾਂਵੇਂ ਉਹ ਵਜ਼ੀਰ ਆਜ਼ਮ ਅਖਵਾਵੇ ਤੇ ਭਾਵੇਂ ਪ੍ਰਧਾਨ; ਭਾਵੇਂ ਰਾਸ਼ਟਰ ਪਤੀ ਤੇ ਭਾਵੇਂ ਸ਼ਾਹ ਯਾ ਸ਼ਹਨਸ਼ਾਹ!

Sri Satguru Jagjit Singh Ji eLibrary NamdhariElibrary@gmail.com

(੭੦) ਪੰਡਿਤ ਜਵਾਹਰ ਲਾਲ ਜੀ ਨਹਿਰੂ ਦੀ ਸੁਭਾਗੀ ਵਿਅਕਤੀ ਨੂੰ ਅਸ਼ੋਕ, ਅਕਬਰ, ਔਰੰਗਜ਼ੇਬ ਤੇ ਅੰਗਰੇਜ਼ਾਂ ਤੋਂ ਵੀ ਵਧੀਕ ਸ਼ਕਤੀ ਤੇ ਪ੍ਰਭੁਤ੍ਵ ਪ੍ਰਾਪਤ ਹੋਏ ਹਨ. ਉਹਨਾਂ ਦੇ ਪ੍ਰਸਿੱਧ ਗ੍ਰੰਥ ਘੋਖਣ ਤੋਂ ਨਿਸ਼ਚਿਤ ਹੁੰਦਾ ਹੈ ਕਿ ਜੇ ਉਹਨਾਂ ਨੂੰ ਵਿਦਿਆਧਰ, ਵਿਦਿਆ ਸਾਗਰ, ਅਥਵਾ ਵਿਦਿਆ ਮਾਰਤੰਡ ਨੂੰ ਵੀ ਮਾਨਪਦ ਦਿੱਤਾ ਜਾਏ ਯੁਕਤ ਹੈ. ਮੇਰੇ ਵਰਗੇ ਸਾਧਾਰਣ ਸਮਝ ਦੇ ਵਿਅਕਤੀ ਲਈ ਭਾਵੇਂ ਪੂਰੀ ਤਰ੍ਹਾਂ ਉਹਨਾਂ ਦੀ ਵਿਦਿਆ ਤੇ ਵਿਗਿਆਨ ਦੀਆਂ ਸੀਮਾਵਾਂ ਦਾ ਅੰਦਾਜ਼ਾ ਲਾਣਾ ਸੁਖਾਲਾ ਨਹੀਂ ਤਾਂ ਵੀ ਇਹ ਕਹਿਣ ਵਿੱਚ ਮੈਂ ਬਿਲਕੁਲ ਹੀ ਮੁਨਾਸਬ ਕਹਿ ਰਿਹਾ ਹੈ ਕਿ ਪ੍ਰਾਚੀਨ, ਮੱਧਕਾਲੀਨ ਤੇ ਅਰਵਾਚੀਨ ਪੁਸਤਕਾਂ ਵਿੱਚੋਂ ਸ਼ਾਇਦ ਹੀ ਕੋਈ ਪੜ੍ਹਨਯੋਗ ਪੁਸਤਕ ਐਸੀ ਹੋਵੇ ਜੋ ਆਪ ਦੀ ਸੁਧ ਤੋਂ ਬਚੀ ਹੋਵੇ; ਸ਼ਾਇਦ ਹੀ ਕੋਈ ਵਿਚਾਰ ਦਾ ਵਿਸ਼ਾ ਐਸਾ ਹੋਵੇ ਜੋ ਆਪ ਦੀ ਗੰਭੀਰ ਬੁੱਧੀ ਦੀ ਘਸਵੱਟੀ ਤੇ ਪਰਖਿਆ ਨ ਗਿਆ ਹੋਵੇ ; ਸ਼ਾਇਦ ਹੀ ਕੋਈ ਪ੍ਰਸਿੱਧ ਨਿਰਤਕਾਰ ਇਸ ਭੂਮੰਡਲ ਦੇ ਨਿਰਤ ਭਵਨ ਪਰ ਕਦੇ ਵੀ ਐਸਾ ਹੋਇਆ ਹੋਵੇ ਜੋ ਆਪ ਦੀਆਂ ਅਨੁਭਵੀ ਅੱਖਾ ਅੱਗੋਂ ਬਿਨਾ ਨਿਰਤ ਵਿਖਾਏ ਲੰਘ ਗਿਆ ਹੋਵੇ; ਸ਼ਾਇਦ ਹੀ ਇਤਿਹਾਸਿਕ ਸੰਸਾਰ ਦਾ ਕੋਈ ਐਸਾ ਅਨੁਪਮ ਕਾਲ ਹੋਵੇ ਜਿਸ ਦੇ ਕਾਰਣਾਂ ਤੇ ਕਾਰਜਾਂ ਦੀ ਗੁੰਝਲਦਾਰ ਲੜੀ ਦਾ ਆਪ ਨੂੰ ਗਿਆਨ ਨ ਹੋਵੇ; ਸ਼ਾਇਦ ਹੀ ਇਸ ਨੌਖੰਡ ਪ੍ਰਿਥਵੀ ਪਰ ਕੋਈ ਐਸਾ ਦ੍ਰਿਸ਼ਜ ਯਾ ਭੋਗਜ ਪਦਾਰਥ, ਹੋਵੇ, ਜੋ ਆਪ ਦੀਆਂ ਅਥੱਕ ਇੰਦ੍ਰੀਆਂ ਨੂੰ ਆਪਣਾ ਭੇਦ ਪ੍ਰਗਟ ਨ ਕਰ ਚੁਕਾ ਹੋਵੇ, ਤੇ ਸ਼ਾਇਦ ਹੀ ਕੋਈ ਐਸਾ ਹਰਸ਼ ਤੇ ਸ਼ੋਕ, ਮਾਨ ਤੇ ਅਪਮਾਨ,ਅਰ ਚੈਨ ਤੇ ਚਿੰਤਾ ਐਸੀ ਹੋਵੇ ਜਿਸ ਨੂੰ ਆਪ ਨੇ ਮਾਣਿਆ ਤੇ ਸਹਾਰਿਆ ਨਾ ਹੋਵੇ ! ਪਰ ਜੀਵਨ ਦੀ ਨਿਹਾਇਤ ਹੀ ਅਜੀਬ ਨੁਮਾਇਸ਼-ਗਾਹ ਦੇ ਅਦਨਾ ਤੋਂ ਅਦਨਾ ਤਮਾਸ਼ਬੀਨ ਨੂੰ ਵੀ ਉਪ੍ਰੋਕਤ ਹਰ ਲਲਿਤ ਨੇਮਤ ਦਾ ਨਮੂਨਾ ਤਾਂ ਜ਼ਰੂਰ ਨਸੀਬ ਹੋ ਸਕਦਾ ਹੈ, ਜੇ ਜ਼ਿਆਦਾ ਮਿਕਦਾਰ ਵਿੱਚ ਨਹੀਂ ਫਿਰ, ਉਹ ਕੇਹੜਾ ਪਦਾਰਥ ਹੈ ਜੋ ਦੁਰਲਭ ਹੈ, ਤੇ ਜਿਸ ਤੋਂ ਬਿਨਾ ਪੁਰਸ਼ਾਰਥ, ਪਰਿਸ਼੍ਰਮ ਤੇ ਵਸੀਲੇ ਆਪਣੀ ਇੱਛਿਤ ਮਨਜ਼ਿਲ ਤੇ ਨਹੀਂ ਅਪੜ ਸਕਦੇ ? ਹਾਂ ਜੀ, ਉਹ ਕੇਵਲ ਧਰਮ ਤੇ ਹਰੀ ਪਰ *ਵਿਸ਼ਵਾਸ ਹੈ. ਪਰ ਧਰਮ ਤੋਂ ਬਿਨਾ ਹਰੀ

*ਵਿਸ਼ਵਾਸ ਅਥਵਾ ਸ਼੍ਰਧਾ (Belief or Faith) ਦਾ ਯੂਰਪੀਨ ਸੁਗਿਆਨ ਵਿੱਚ ਇਸ ਪ੍ਰਕਾਰ ਲਕਸ਼ਣ ਤੇ ਵਰਣਨ ਕੀਤਾ ਗਿਆ ਹੈ :-

" (1) The recognition of the reality of an object which is neither present in Consciousness, nor discovered by the senses; (2) the mind's assent to the truth of a proposition ; (3) A state of

ਬਾਕੀ ਸਫ਼ਾ ੨੧੦ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਪਰਮਾਤਮਾ ਪਰ ਵਿਸ਼ਵਾਸ ਹੋਣਾ ਇੱਕੁਰ ਹੀ ਅਸੰਭਵ ਹੈ ਜਿੱਕੁਰ ਜਲ ਵਾਯੂ ਤੋਂ ਬਿਨਾ ਸਜੀਵ ਜਗਤ ਦੀ ਰਚਨਾ, ਅਰ ਹਰੀ ਪਰਮਾਤਮਾ ਪਰ ਵਿਸ਼ਵਾਸ ਤੋਂ ਬਿਨਾ ਧਰਮ ਦੇ ਆਸਣ ਦਾ ਅਡੋਲ ਇਸਥਿਤ ਰਹਿਣਾ ਤੇ ਕਾਲ ਅਸੰਭਵ

ਸਫ਼ੇ ੨੦੯ ਦੀ ਬਾਕੀ

intellectual acquiescence in the order of things in contract with scepticism.; (Vocabulary of Philosophy by H. Calderwood, p. 44.) "Holding for true...has the three following degrees :- Opinion, Belief, and Knowledge. Opinion is a consciously insufficient judgment, subjectively as well as objectively. *Belief* is subjectively sufficient, but is recognised as being objectively insufficient. Knowledge is both subjectively and objectively sufficient." (Kant's Critique of Pure Reason, Doctrine of Method Meiklejohn's Tr. p. 498)

"The opinion opposed to mysticism in philosophy is sometimes spoken of as *rationalism.* Rationalism insists that all our beliefs ought ultimately to find for themselves articulate grounds. Such grounds for rationalism,must consist of four things:(1)definitely statable abstract principles; [2] definite facts of sensation; [3]definite hypotheses based on such facts;& [4]definite inferences logically drawn. Vague impressions of something indefinable have no place in the rationalistic system." (The Varieties of Religious Experience by William James, 24th impression ; Longmans, Green, & Co. London : 1913; p. 73.) ਪਵਿਤ੍ਰ ਰਿਗ ਵੇਦ ਵਿੱਚ ਇਕ ਪੂਰਾ ਸੂਕਤ (ਮੰਡਲ ੧੦, ਸੂਕਤ [Hymn] ੧੫੧) ਸ਼ਰਧਾ ਦੀ ਮਹਿਮਾ ਦੇ ਅਰਪਣ ਕੀਤਾ ਗਿਆ ਹੈ. ਬਾਈਬਲ ਮੁਕੱਦਸ ਵਿੱਚ 'ਵਿਸ਼ਵਾਸ' [Belief] ਸ਼ਬਦ ਕੇਵਲ ਇੱਕ ਵੇਰ (ਨਵੇਂ ਅਹਿਦਨਾਮੇ ਦੇ 2 Thessalonians 2. 13. ਵਿੱਚ) ਆਇਆ ਹੈ: ਪਰ 'Faith' 'ਸ਼ਰਧਾ' ਸ਼ਬਦ ਕਈ ਸੌ ਵੇਰ ਦੋਹਾਂ ਅਹਿਦਨਾਮਿਆਂ ਵਿੱਚ ਵਰਤਿਆ ਗਿਆ ਹੈ. ਸੰਤ ਪਾਲ ਨੇ (ਨਵੇਂ ਅਹਿਦਨਾਮੇ ਵਿੱਚ) ਵਿਸ਼ੇਸ਼ ਕਰਕੇ 'ਇਬ੍ਰਾਨੀਆਂ' (Hebrews : Ch. 11.) ਸਾਰੇ ਅਧਿਆਇ ਦੀਆਂ ੪੦ ਹੀ ਆਇਤਾਂ ਵਿੱਚ ਸ਼ਰਧਾ ਦੀ ਉਪਮਾ ਗਾਇਨ ਕੀਤੀ ਹੈ, ਅਤੇ ਆਰੰਭਕ ਆਇਤਾਂ ਵਿੱਚ ਸ਼ਰਧਾ ਦਾ ਲਕਸ਼ਣ ਵੀ ਕੀਤਾ ਹੈ. ਕੁਰਾਨ ਸ਼ਰੀਫ਼ (ਅਲ ਆਫ਼ੰ ਨਾਲ, ਲੁਟ, Spoils, or Accessions, ਦੀਆਂ ੨, ੩, ੪ ਆਇਤਾਂ) ਵਿੱਚ 'ਸ਼ਰਧਾ

ਬਾਕੀ ੨੧੧ ਸਫ਼ਾ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਹੈ. ਤਾਂ ਤੇ ਜਿੱਥੇ ਹਰੀ ਪਰਮਾਤਮਾ ਪਰ ਵਿਸ਼ਵਾਸ ਹੈ ਉਥੇਂ ਧਰਮ ਤੇ ਗਿਆਨ ਵੀ ਦੂਰ ਨਹੀਂ. ਜਿਨ੍ਹਾਂ ਸੱਤਾਂ ਗੁਣਾਂ ਦਾ ਉੱਪਰ ਵਰਣਨ ਕੀਤਾ ਹੈ ਕਿ ਆਜ਼ਾਦੀ ਦੀ ਸਦੀਵਤਾ ਲਈ ਆਵਸ਼ਯਕ ਹਨ ਉਹ ਵੀ ਧਰਮ ਦੇ ਆਸਰੇ ਤੋਂ ਬਿਨਾ ਚਿਰੰਕਾਲ ਅਡੋਲ ਟਿਕਣੇ ਸੰਭਵ ਨਹੀਂ. ਹਰੀ ਪਰਮਾਤਮਾ ਪਰ ਨਿਰਮਲ, ਅਰਥਾਤ ਸਾਤਵਿਕ, ਵਿਸ਼ਵਾਸ ਤੋਂ ਬਿਨਾ ਧਰਮ ਬੇ-ਜਾਨ ਹੈ, ਮੁਰਦਾ ਹੈ. ਵਿਸ਼ਵਾਸ ਧਰਮ ਦੀ ਰੂਹ ਹੈ, ਯਾ ਇਉਂ ਕਹੋ ਕਿ ਧਰਮ ਹਰੀ ਪਰਮਾਤਮਾ ਦਾ ਪ੍ਰਤਿਬਿੰਬ ਹੈ. ਜਿੱਕੁਰ ਪ੍ਰਤਿਬਿੰਬ ਵੇਖ ਕੇ ਨਿਸ਼ਚਿਤ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਜ਼ਰੂਰ ਕਿਤੇ ਨੇੜੇ ਤੇੜੇ ਬਿੰਬ ਵੀ ਮੌਜੂਦ ਹੈ, ਇੱਕੁਰ ਹੀ ਧਰਮ ਦੀ ਮੌਜੂਦਗੀ ਤੋਂ ਇਹ ਨਿਸ਼ਚਿਤ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜ਼ਰੂਰ ਹਰੀ ਪਰਮਾਤਮਾ ਦੀ ਜੋਤਿ ਵੀ ਉੱਥੇ ਸਾਖਿਆਤ ਪ੍ਰਕਾਸ਼ਿਤ ਹੈ. ਸਿਕੰਦਰ, ਸੀਜ਼ਰ, ਚਿੰਗੇਜ਼ਖਾਂ, ਤੈਮੂਰ, ਬਾਬਰ, ਅਕਬਰ ਆਦਿਕ ਸਭ ਦਾ ਹਰੀ ਪਰਮਾਤਮਾ ਪਰ ਵਿਸ਼ਵਾਸ ਸੀ. ਪਰੰਤੂ ਹਰੀ ਪ੍ਰਭੂ ਪਰ ਵਿਸ਼ਵਾਸ ਤੇ ਰੂਹਾਨੀ ਸ਼ਕਤੀ ਤੋਂ ਬਿਨਾਂ ਨਹਿਰੂ ਜੀ ਨੂੰ ਭਾਰਤ ਲਈ ਆਜ਼ਾਦੀ ਜਿੱਤਣ ਵਿੱਚ ਕਾਮਯਾਬੀ ਕਿਵੇਂ ਪ੍ਰਾਪਤ ਹੋ ਗਈ ? ਇਸ ਦਾ ਉੱਤਰ ਬੜਾ ਹੀ ਸਾਦਾ ਤੇ ਸੁਖਾਲਾ ਇਹ ਹੈ ਕਿ—ਗਾਂਧੀ ਜੀ ਦੇ ਵਿਸ਼ਵਾਸ ਤੇ ਰੂਹਾਨੀ ਸ਼ਕਤੀ ਦੇ ਪ੍ਰਭਾਵ ਦੁਆਰਾ—ਜਿਸ ਦਾ ਅਦ੍ਰਿਸ਼ਯ ਜਿਯੋਤਿਰਮਈ ਚਕ੍ਰ ਹਮੇਸ਼ਾ, ਹਰ ਹਾਲਤ ਵਿੱਚ, ਹਰ ਜਗਹ, ਨਹਿਰੂ ਜੀ ਦੇ ਸਿਆਸੀ ਚਰਿਤ੍ਰਾਂ ਵਿੱਚ ਉਹਨਾਂ ਦੇ ਦਿਲ ਤੇ ਦਮਾਗ਼ ਨੂੰ ਘੇਰੀ ਰਖਦਾ ਸੀ. ਏਸੇ

ਸਫ਼ੇ ੨੧੦ ਦੀ ਬਾਕੀ

ਤੇ ਸ਼ਰਧਾਲੂ ਦਾ ਇਸ ਪ੍ਰਕਾਰ ਵਰਣਨ ਕੀਤਾ ਹੈ ?" ਸ਼ਰਧਾਲੂ (ਈਮਾਨਦਾਰ) ਕੇਵਲ ਉਹ ਹਨ ਜਿਨ੍ਹਾਂ ਦੇ ਦਿਲ ਰੱਬ ਦਾ ਨਾਂ ਸੁਣਦਿਆਂ ਹੀ ਡਰ ਨਾਲ ਕੰਬਣ ਲਗ ਪੈਂਦੇ ਹਨ ਤੇ ਜਿਨ੍ਹਾਂ ਦਾ ਵਿਸ਼ਵਾਸ (ਈਮਾਨ) ਉਸ ਦੀ ਹਰ ਆਇਤ ਦੇ ਸੁਣਨ ਨਾਲ ਵਧਦਾ ਹੈ : ਅਤੇ ਉਹ ਜੋ ਆਪਣਾ ਵਿਸ਼ਵਾਸ ਆਪਣੇ ਮਾਲਿਕ ਤੇ ਰਖਦੇ ਹਨ. ੨ ਜੋ ਨਿਮਾਜ਼ਾਂ ਪੜ੍ਹਦੇ ਹਨ ਤੇ ਉਸ (ਧਨ) ਵਿੱਚੋਂ ਖ਼ੈਰਾਤ ਦੇਂਦੇ ਹਨ ਜੋ ਅੱਸਾਂ ਉਹਨਾਂ ਨੂੰ ਦਿੱਤਾ ਹੈ. ੩ ਇਹ ਹਨ ਈਮਾਨ-ਦਾਰ : ਏਹਨਾਂ ਦਾ ਵਾਜਬ ਦਰਜਾ, ਹੱਕ,ਤੇ ਬਖ਼ਸ਼ਸ਼ਾਂ ਏਹਨਾਂ ਦੇ ਮਾਲਿਕ ਦੀ ਦਰਗਾਹ ਵਿਚ ਏਹਨਾਂ ਨੂੰ ਉਡੀਕਦੀਆਂ ਹਨ. ੪." ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਵਿਸ਼ਵਾਸ' ਸ਼ਬਦ ੨੦੮, ੨੮੪, ੨੮੫, ੨੯੨, ੨੯੪, ਤੇ ੩੪੩ ਵੇਂ ਪੰਨੇ ਪਰ; ਅਰ, 'ਸ਼ਰਧਾ' ਸ਼ਬਦ ੭੪੯,੮੩੪ ੮੩੬, ੯੨੮, ੯੮੨,੯੮੩, ੯੯੭, ੧੦੦੦, ੧੧੪੧ ਤੇ ੧੨੦੬ ਵੇਂ ਪੰਨੇ ਪਰ, ਆਇਆ ਹੈ, ਖੋਜੀ ਜਨ ਆਪ ਹੀ ਪਾਠ ਵੇਖਕੇ ਲਾਭ ਉਠਾਵਨ. ਏਤਬਾਰ, ਏਤਕਾਦ, ਯਕੀਨ, ਸਿਦਕ ਭਰੋਸਾ, ਨਿਸ਼ਚਾ ਆਦਿਕ ਹੋਰ ਵੀ ਕਈ ਸ਼ਬਦ ਹਨ ਜੋ ਫ਼ਾਰਸੀ ਤੇ ਅਰਬੀ ਵਿੱਚ, ਅਰ ਪੰਜਾਬੀ ਵਿੱਚ, ਸ਼ਰਧਾ ਲਈ ਪ੍ਰਯੁਕਤ ਹੁੰਦੇ ਹਨ.

Sri Satguru Jagjit Singh Ji eLibrary NamdhariElibrary@gmail.com

'ਚਕ੍ਰ' ਵਲ ਇਸ਼ਾਰਾ ਕਰਦਿਆਂ ਹੋਇਆਂ ਉਹਨਾਂ ਨੇ ਗਾਂਧੀ ਜੀ ਦੀ ਮ੍ਰਿਤੂ ਮਗਰੋਂ ਜੋ ਪ੍ਰਸਿੱਧ ਤਕਰੀਰਾਂ ਉਹਨਾਂ ਦੀ ਪਿਆਰੀ ਯਾਦ ਵਿੱਚ ਕੀਤੀਆਂ ਹਨ, ਉਹਨਾਂ ਵਿੱਚ, ਤੇ ਗਾਂਧੀ ਜੀ ਦੇ ਜੀਵਨ ਕਾਲ ਵਿੱਚ ਵੀ, ਉਹਨਾਂ ਨੇ, ਗਾਂਧੀ ਜੀ ਦਾ ਆਪਣੀਆਂ ਲਿਖਤਾਂ ਵਿੱਚ, *'ਪ੍ਰਕਾਸ਼', 'ਪ੍ਰਭਾ','ਈਸ਼ਵਰੀ ਪ੍ਰਕਾਸ਼ਦੀ ਜੋਤਿ'

*"Friends and comrades, the light has gone out of our lives and there is darkness everywhere.....

The light has gone out,I said, and yet I was wrong. For the light that shone in this country was no ordinary light. The light that has illumined this country for these many many years will illumine this country for many more years, and a thousand years later, that light will still be seen in this country and the world will see it and it will give solace to innumerable hearts. For that light represented something more than the immediate present, it represented the living, the eternal truths, reminding us of the right path, drawing us from error, taking this ancient country to freedom."(Independence and After by J.L.N.1949;p.17)

"A glory has departed and the sun that warmed and brightened our lives has set and we shiver in the cold and dark.Yet, he would not have us feel this way.After all, that glory that we saw for all these years, that man with the DIVINE fire, changed us also- and such as we are, we have been moulded by him during these years; and out of that DIVINE fire many of us also took a small spark which strengthened and made us work to some extent on the lines that he fashioned." (The above book, pp. 20-21)

"Great as this man of GOD was in his life, he has been great in his death." (Ibid p.22.)

"In ages to come, centuries and may be millenia after us, people will think of us who, however small, could also follow his path and tread the Holy ground where his feet had." (Ibid. p. 23.)

"Whether Gandhi ji is a democrat or not, he does represent the peasant masses of India..... A man of the keenest intellect of fine feeling and good taste, wide vision; very human; and yet essentially the ascetic who has suppressed his passions and

ਬਾਕੀ ਸਫ਼ਾ ੨੧੩ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

'ਵਿਸਮੈ ਜਨਕ ਹਸਤੀ', ਆਦਿਕ ਸ਼ਬਦਾਂ ਦੁਆਰਾ, ਵਰਣਨ ਕੀਤਾ ਹੈ. ਮੈਂ ਆਪ ਵੀ ਗਾਂਧੀ ਜੀ ਦੀ ਇਸ ਵਿਸਮੈ ਜਨਕ ਸ਼ਕਤੀ ਦੇ ਛਿਨਮਾਤ੍ਰਿਕ ਝਲਕਾਰੇ ਦੀ ਸ਼ਹਾਦਤ ਦੇਂਦਾ ਹਾਂ : ੨੦ ਜਨਵਰੀ ਸਨ ੧੯੪੮ ਦੀ ਸ਼ਾਮ ਨੂੰ ਬਿਰਲਾ

ਸਫ਼ੇ ੨੧੨ ਦੀ ਬਾਕੀ

emotions, sublimated them and directed them in spiritual channels; a tremendous personality, drawing people to himself like a magnet....."(J. L. N. An Autobiography: The Bodley Head, London-Reprint 1958, p. 253.)"....he knows his India well and reacts to her lightest tremors, and gauges a situation accurately and almost instinctively, and has a knack of acting at the psychological moment." (Ibid., p 253.) "What a problem and a puzzle he has been not only to the British Government but to his own people and his closest associates ! Perhaps in every other country he would be out of place to-day, but India still seems to understand, or at least appreciate, the prophetic-religious type of man, talking of sin and salvation and non-violence .....I have watched the amazing energy and inner power of Gandhi ji, coming out of some inexhaustible spiritual reservoir. He was obviously not of the world's ordinary coinage, he was minted of a different and rare variety,and often the UNKNOWN stared at us through his .'eyes.' (Autobiography, pp. 253-54.)

ਪਾਠਕ ਜੀ, ਕੀ ਸਾਰੀ ਦੁਨੀਆਂ ਦਾ ਧਨ ਵੀ ਇਸ ਅੰਤਿਮ ਵਾਕ ਦੀ ਕੀਮਤ ਅਦਾ ਕਰ ਸਕਦਾ ਹੈ ? ਜ਼ਰਾ ਧਿਆਨ ਨਾਲ ਫਿਰ ਪੜ੍ਹੋ : "AND OFTEN THE UNKNOWN STARED AT US THROUGH HIS EYES," ਇੱਕ ਵੇਰ ਨਹੀਂ, ਦੋ ਵੇਰ ਨਹੀਂ, ਤਿੰਨ ਵੇਰ ਨਹੀਂ, ਬਲਕਿ OFTEN " ਅਕਸਰ ਕਰਕੇ ਅਗਿਆਤ (ਬ੍ਰਹਮ) ਨੇ ਉਸ ਦੀਆਂ ਅੱਖਾਂ ਵਿੱਚੋਂ ਸਾਡੇ ਵਲ ਝਾਕਿਆ !" ਕੀ ਇਸ ਤੋਂ ਵਧੀਕ, ਸਾਨੂੰ, ਵਰਤਮਾਨ ਕਾਲ ਵਿੱਚ, ਕੋਈ ਹੋਰ ਵਧੀਕ ਸਾਖਿਆਤ ਤੇ ਨਿਸ਼ਚਿਤ ਪ੍ਰਮਾਣ ਅਗਾਧ ਬੋਧ ਬ੍ਰਹਮ ਦੀ ਹਸਤੀ ਦਾ ਪ੍ਰਾਪਤ ਹੋ ਸਕਦਾ ਹੈ ? ਤੇ ਇਸ ਅਮੋਲਕ ਪ੍ਰਮਾਣ ਦਾ ਪ੍ਰਦਾਤਾ ਕੌਣ ਹੈ ! ਪੰਡਿਤ ਜਵਾਹਰ ਲਾਲ ਨਹਿਰੂ ਜਿਸ ਨੂੰ ਅੰਦ੍ਰੀ ਦੁਨਿਆ ਨਾਸਤਿਕ ਮੰਨੀਂ ਬੈਠੀ ਹੈ ! ਇਸੇ ਫ਼ਿਕਰੇ ਤੋਂ ਅੱਗੇ ਜਵਾਹਰ ਲਾਲ ਜੀ ਕਹਿੰਦੇ ਹਨ :

" How came we to associate ourselves with Gandhi ji politically and to become, in many instances, his devoted followers ? The

ਬਾਕੀ ਸਫ਼ਾ ੨੧੪ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਹਾਊਸ ਦਿੱਲੀ ਵਿੱਚ, ਜਿੱਥੇ ਗਾਂਧੀ ਜੀ ਸਤਿਸੰਗ ਕਰ ਰਹੇ ਸਨ, ਉਸ ਦੇ ਸਮੀਪ ਹੀ ਕਿਸੇ ਨੇ ਬੰਬ ਸਿਟਿਆ; ਜਿਸ ਤੋਂ ਚੰਗੇ ਭਾਗਾਂ ਨਾਲ ਨੁਕਸਾਨ ਨਹੀਂ ਪਹੁੰਚਿਆ. ੨੧ ਜਨਵਰੀ ਸ਼ਾਮ ਨੂੰ ਮੈਂ ਸ੍ਰਦਾਰ ਉਮਰਾਓ ਸਿੰਘ ਜੀ ਮਜੀਠੀਆ

ਸਫ਼ੇ ੨੧੩ ਦੀ ਬਾਕੀ

question is hard to answer, and to one who does not know Gandhi ji, no answer is likely to satisfy. Personality is an indefinable thing, a strange force that has power over the souls of men, and he possesses this in ample measure, and to all who come to him he often appears in a different aspect."(Ibid; p.254.) ਮੱਧ ਸਤੰਬਰ ਸੰਨ ੧੯੩੨ ਵਿੱਚ ਜਦ ਗਾਂਧੀ ਜੀ ਨੇ (in disapproval of the separate electorates given by Mr. Ramsay Mac Donald's Communal Award to the Depressed Classes) ਮਰਨ ਬ੍ਰਤ ਧਾਰਨ ਦਾ ਫ਼ੈਸਲਾ ਕਰ ਲਿਆ ਤਾਂ ਨਹਿਰੂ ਜੀ ਨੇ ਪਤ੍ਰ ਨੰ: ੯੩, ੧੫ ਸੰਤਬਰ ੧੯੩੨ ਨੂੰ ਆਪਣੀ ਲੜਕੀ ਵਲ ਭੋਰਾ ਦੂਨ ਜੇਲ ਤੋਂ ਲਿਖਿਆ ਜਿਸ ਦੀਆਂ ਆਰੰਭਕ ਸਤਰਾਂ ਇਹ ਹਨ (ਦੇਖੋ Glimpses of World History by J. L. N. ; A. P. H. ; 1962 ed. pp. 337-38 ਪੂਰ ਇਸ ਵਿਸ਼ੇ ਤੇ Autobiography ਦਾ ਪੰਨਾ ੩੭੦ ਵੀ ਵੇਖਣ ਦੇ ਯੋਗ ਹੈ): " I am shaken up completely and I know not what to do. News has come, terrible news, that Bapu has determined to starve himself to death. My little world, in which he has occupied such a big place,shakes and totters and there seems to be darkness and emptiness everywhere.His picture comes before my eyes again and again-it was the last time I saw him,just over a year ago,standing on the deck of the ship that was taking him away from India to the West. Shall I not see him again ? And whom shall I go to when I am in doubt and reqiure wise counsel, or am afflicted and in sorrow and need loving comfort ? What shall we all do when our beloved chief who inspired us and led us has gone ? Oh, India is a horrid country to allow her great men to die so ; and the people of India are slaves and have the minds of slaves to bicker and quarrel about trivial nothings and forget freedom itself." ਨਹਿਰੂ ਜੀ ਦੀ ਇਨਤਹਾਈ ਸਦਾਕਤ ਦਾ ਤੇ ਗਾਂਧੀ ਜੀ ਦੇ ਵਾਸਤੇ ਉਹਨਾਂ ਦੇ ਪਰਮ ਪਿਆਰ ਤੇ ਸਤਕਾਰ ਦਾ, ਇਸ ਤੋਂ ਵਧੀਕ ਹੋਰ ਕੀ ਸਬੂਤ ਮਿਲ ਸਕਦਾ ਹੈ ਕਿ

ਬਾਕੀ ਸਫ਼ਾ ੨੧੫ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਨਾਲ ਗਾਂਧੀ ਜੀ ਦੇ ਸਤਿਸੰਗ ਦਾ ਅਨੰਦ ਲੈਣ ਬਿਰਲਾ ਹਾਊਸ ਵਿਚ ਗਿਆ. ਸਤਿਸੰਗ ਵਿੱਚ ਕਾਫ਼ੀ ਰੌਣਕ ਸੀ. ਭਾਰਤੀਆਂ ਤੋਂ ਇਲਾਵਾ ਕਈ ਯੂਰਪੀਨ ਤੇ ਅਮ੍ਰੀਕਨ ਪੁਰਸ਼ ਇਸਤ੍ਰੀਆਂ ਤੇ ਬੱਚੇ ਵੀ ਸਨ. ਜਦ ਭਜਨ ਕੀਰਤਨ ਹੋ ਚੁਕਾ ਤੇ ਗਾਂਧੀ ਜੀ ਬੋਲਣ ਹੀ ਲਗੇ ਸਨ ਕਿ ਯਕਾ ਯਕ ਇਕ ਆਦਮੀ, ਜੋ ਪੋਸ਼ਸ਼ ਤੇ ਬੋਲੀ ਤੋਂ ਮੁਲਤਾਨੀ ਯਾ ਕੋਹਾਟ ਨਿਵਾਸੀ ਮਲੂਮ ਹੁੰਦਾ ਸੀ, ਲੋਕਾਂ ਦੇ ਵਰਜਦਿਆਂ ਵਰਜਦਿਆਂ ਉਠ ਖੜਾ ਹੋਇਆ ਤੇ ਕਹਿਣ ਲੱਗਾ, "ਮੁਝੇ ਆਜ ਸ੍ਰੀ ਕ੍ਰਿਸ਼ਣ ਭਗਵਾਨ ਨੇ ਏਕ ਵਿਸ਼ੇਸ਼ ਸੰਦੇਸ਼ ਦੇ ਕਰ ਆਪ ਕੇ ਪਾਸ ਭੇਜਾ ਹੈ, ਮੇਰਾ ਸੰਦੇਸ਼ ਸੁਨ ਲੀਜਿਏ." ਗਾਂਧੀ ਜੀ ਚੁਪ ਕਰ ਕੇ ਬੈਠੇ ਰਹੇ. ਲੋਕਾਂ ਨੇ ਉਸ ਆਦਮੀ ਨੂੰ ਬੜਾ ਕਿਹਾ ਕਿ ਭਾਈ ਸਾਹਿਬ ਬੈਠ ਜਾਓ, ਬੈਠ ਜਾਓ, ਰੌਲਾ ਨਾਂ ਪਾਓ; ਪਰ ਉਹ ਨ ਬੈਠਾ, ਤੇ ਬਾਰਬਾਰ ਉਪ੍ਰੋਕਤ ਫ਼ਿਕਰਾ ਹੀ ਰਟਦਾ ਗਿਆ. ਆਖ਼ਿਰ ਗਾਂਧੀ ਜੀ ਨੇ ਸੱਜਾ ਹੱਥ ਉੱਪਰ ਕੀਤਾ ਤੇ ਕਿਹਾ : "ਸ੍ਰੀ ਕ੍ਰਿਸ਼ਣ ਭਗਵਾਨ ਜਿਸ ਮਨੁੱਸ਼ ਕੋ ਵਿਸ਼ੇਸ਼ ਸੰਦੇਸ਼ ਦੇ ਕਰ ਭੇਜਤੇ ਹੈਂ, ਉਸ ਮੇਂ ਵਿਸ਼ੇਸ਼ ਚਿੰਨ੍ਹ ਹੋਤੇ ਹੈਂ, ਮੈਂ ਆਪ ਮੈਂ ਵੂਹ ਚਿੰਨ੍ਹ ਨਹੀਂ ਦੇਖਤਾ, ਬੈਠ ਜਾਈਏ !" ਇਹ ਸੁਣਦਿਆਂ ਹੀ ਉਸ ਆਦਮੀ ਨੇ ਮਹਾਤਮਾ ਨੂੰ ਨਮਸਕਾਰ ਕੀਤਾ ਤੇ ਲੱਜਿਤ ਹੋਕੇ ਬੈਠ ਗਿਆ ! ਮੈਂ ਇਸ ਸਾਰੀ ਘਟਨਾ ਨੂੰ ਵਿਸਮੈ ਜਨਕ ਸ਼ਕਤੀ ਦਾ ਚਮਤਕਾਰ ਸਮਝਦਾ ਹਾਂ. ਜਿਸ ਰੌਲੇ ਤੇ ਬੇ-ਅਦਬੀ ਨੂੰ ਅਨੇਕਾਂ ਹੀ ਵੱਡੇ ਵੱਡੇ ਅਫ਼ਸਰਾਂ ਦਾ ਰੁਹਬ ਤੇ ਡਰ ਤਿੰਨ ਚਾਰ ਮਿੰਟਾਂ ਵਿੱਚ ਵੀ ਬੰਦ ਨ ਕਰ ਸਕਿਆ, ਉਸ ਨੂੰ ਮਹਾਤਮਾ ਦੇ ਇੱਕ ਫ਼ਿਕਰੇ ਨੇ ਤਿੰਨ ਚਾਰ ਸਕਿੰਟਾਂ ਵਿੱਚ ਸ਼ਾਂਤ ਕਰ ਦਿੱਤਾ ! ਪਰ ਕੀ, ਇਹ

ਸਫ਼ੇ ੨੧੪ ਦੀ ਬਾਕੀ

ਉਹਨਾਂ ਨੇ ਗਾਂਧੀ ਜੀ ਦੇ ਉਹ ਖ਼ਿਆਲ ਵੀ ਜਿਉਂ ਕੇ ਤਿਉਂ ਆਪਣੀਆਂ ਲਿਖਤਾਂ ਵਿੱਚ ਕਲਮਬੰਦ ਕਰਨ ਤੋਂ ਸੰਕੋਚ ਨਹੀਂ ਕੀਤਾ ਜੋ ਉਹਨਾਂਦੇ ਆਪਣੇ ਅਕੀਦਿਆਂ ਤੋਂ ਵੀ ਸਰਵਥਾ ਉਲਟ ਹਨ, ਜਿਹਾ ਕਿ ਆਪ ਆਪਣੇ ਜੀਵਨ ਚਰਿਤ੍ਰ ਵਿੱਚ ਲਿਖਦੇ ਹਨ. (Autobiography, pp. 379-80): "No man can live without religion," Gandhi ji has written somewhere." There are some who in the egotism of their reason declare they have nothing to do with religion. But that is like a man saying that he breathes, but that he has no nose." Again he says : "My devotion to truth has drawn me into the field of politics; and I can say without the slightest hesitation, and yet in all humility, that those who say that religion has nothing to do with politics do not know what religion means."

Sri Satguru Jagjit Singh Ji eLibrary NamdhariElibrary@gmail.com

ਫਿਕਰਾ ਵੀ ਇੱਕ ਅਨਮੋਲ ਮੋਤੀ ਨਹੀਂ, ਤੇ ਕੀ ਕੋਈ ਯੋਗ ਵਿਦਵਾਨ ਇਸ ਦੇ ਆਧਾਰ ਪਰ ਇੱਕ ਚੰਗਾ ਜਸੀਮ ਗ੍ਰੰਥ ਨਹੀਂ ਰਚ ਸਕਦਾ, ਤੇ ਕੀ ਇਸ ਤੋਂ ਸਾਨੂੰ ਵਰਤਮਾਨ ਕਾਲ ਦੇ ਅਣਗਿਣਤ ਹੀ ਦੰਭੀ ਗੁਰੂਆਂ ਨੂੰ ਪਰਖਣ ਦੀ ਘਸਵੱਟੀ, ਤੇ ਉਹਨਾਂ ਦੇ ਜਾਲ ਤੋਂ ਬਚਣ ਦੀ ਸਿਖਿਆ, ਵੀ ਪ੍ਰਾਪਤ ਨਹੀਂ ਹੁੰਦੀ ? ਸਭ ਤੋਂ ਵੱਡਾ ਸਬੂਤ ਨਹਿਰੂ ਜੀ ਦਾ ਗਾਂਧੀ ਜੀ ਦੇ ਤੇਜੋਮਈ ਚਕ੍ਰ ਦੇ ਪ੍ਰਭਾਵ ਵਿੱਚ ਹੋਣ ਦਾ ਇਹ ਹੈ ਕਿ ਗਾਂਧੀ ਜੀ ਦੀ ਮ੍ਰਿਤੂ ਮਗਰੋਂ ਨਹਿਰੂ ਜੀ ਨੂੰ ਮੁੜ ਕਿਸੇ ਵੀ ਕਠਿਨ ਕਾਰਜ ਦੇ ਸਮਾਪਤ ਕਰਨ ਵਿੱਚ, ਅਥਵਾ ਗੁੰਝਲਦਾਰ ਸਮਸਿਆਵਾਂ ਦੀਆਂ ਘੁੰਡੀਆਂ ਸੁਲਝਾਣ ਵਿੱਚ, ਉਹ ਸਿੱਧੀ ਪ੍ਰਾਪਤ ਨਹੀਂ ਹੋਈ ਜਿਸ ਤੋਂ ਉਹ ਸਮਸਤ ਭਾਰਤੀ ਰਾਸ਼ਟ੍ਰ ਦੀ ਵਿਸ਼੍ਵ ਵਿਆਪੀ ਸ਼ਲਾਘਾ ਦੇ ਪਾਤ੍ਰ ਬਣ ਸਕੇ ਹੋਵਨ ! ਪਰ ਗਾਂਧੀ ਜੀ ਦੇ ਜੀਵਨਕਾਲ ਵਿੱਚ ਨਹਿਰੂ ਜੀ ਦੀ ਇਸ ਤੋਂ ਵਧੀਕ ਹੋਰ ਕੇਹੜੀ ਸ਼ਲਾਘਾ ਯੋਗ ਸਿੱਧੀ ਹੋ ਸਕਦੀ ਸੀ ਕਿ ਸਿਵਾਏ ਉਹਨਾਂ ਦੇ, ਗਾਂਧੀ ਜੀ ਦਾ ਹੋਰ ਕੋਈ ਹਮ ਨਸ਼ੀਨ, ਗਾਂਧੀ ਜੀ ਦੇ ਅਪਾਰ ਪਿਆਰ ਤੇ ਸਤਕਾਰ ਦਾ ਪਰਮ ਪਾਤ੍ਰ, ਅਰ ਉਹਨਾਂ ਦਾ ਸਿਆਸੀ ਜਾਨਸ਼ੀਨ, ਨ ਬਣ ਸਕਿਆ !

(੭੧) ਕਾਸ਼ ! ਕਿ ਨਹਿਰੂ ਜੀ ਆਪਣੇ ਹੋਰ ਬੇਸ਼ੁਮਾਰ ਤਜਰਬਿਆਂ ਵਿੱਚ ਇੱਕ ਤਜਰਬਾ ਹਰੀ ਪਰਮਾਤਮਾ ਪਰ ਵਿਸ਼ਵਾਸ ਧਾਰਨ ਦਾ ਵੀ ਕਰਦੇ, ਫਿਰ ਉਹਨਾਂ ਨੂੰ ਸ੍ਰੀ ਸਤਿਗੁਰਾਂ ਦੇ ਇਸ ਬਚਨ ਦੀ ਹਕੀਕਤ ਖੁਲ੍ਹਦੀ : "ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥ ਅੰਧਕਾਰ ਮਹਿ ਰਤਨ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ ੧ ॥ ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥ ੧ ॥ ਰਹਾਉ ॥ ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥ ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥ ੨ ॥ ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝ ਗਈ ॥ ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ ॥ ੩ ॥ ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥ ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥ ੪ ॥" ਆਸਾ ਮ: ੫ ॥ ਪੰ : ੪੦੨ ॥ ਪਰ ਇਹ ਕਿਵੇਂ ਸੰਭਵ ਸੀ ? "ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥ ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ॥ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ ॥ ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ ॥ ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿਜੰ ਸਾਧ ਸੰਗਿ ਕ੍ਰਿਪਾ ਪ੍ਰਭੰ ॥" ਸਲੋ: ਸਹਸ : ਮ: ੫ ॥ ਪੰ: ੧੩੫੭ ॥ ਪਰ ਭਾਵੇਂ ਨਹਿਰੂ ਜੀ ਨੇ ਇਹ ਹਰੀ ਪਰਮਾਤਮਾ

Sri Satguru Jagjit Singh Ji eLibrary NamdhariElibrary@gmail.com

ਤੇ ਵਿਸ਼ਵਾਸ ਧਾਰਨ ਦਾ ਤਜਰਬਾ ਨਹੀਂ ਕੀਤਾ ਤਾਂ ਵੀ ਕਿੰਨੀ ਅਮਿਤ ਖ਼ੁਸ਼ੀ ਦੀ ਗਲ ਹੈ ਕਿ ਕੁੱਝ, ਗਿਨਤੀ ਦੇ, ਖ਼ੁਦ ਪਸੰਦ ਯਾ ਖ਼ੁਦ ਪ੍ਰਸਤ ਹੁੜ ਮਤੀ ਚਿੰਤਕਾਂ ਨੂੰ ਛਡ ਕੇ, ਬਾਕੀ ਸਾਰੇ ਸਮਿਆਂ ਦੇ, ਸਾਰੀਆਂ ਕੌਮਾਂ ਦੇ, ਸਾਰੇ ਨਬੀਆਂ, ਪੀਰਾਂ, ਪੈਗ਼ੰਬਰਾਂ, ਸੰਤਾਂ, ਭਗਤਾਂ, ਗੁਰੂਆਂ ਤੇ ਮਹਾਤਮਾਵਾਂ ਦਾ, ਅਰ ਵਿਸ਼ੇਸ਼ ਪਵਿਤ੍ਰ ਆਤਮਾ ਕਵੀਆਂ ਤੇ ਵਿਗਿਆਨੀਆਂ ਦਾ, ਇਹ ਨਿਸ਼ਚਿਤ ਨਿਰਨਾ ਹੈ ਕਿ ਹਰੀ ਪਰਮਾਤਮਾ ਪੁਰ ਵਿਸ਼ਵਾਸ ਧਾਰਣ ਕਰ ਕੇ ਧਰਮ ਮਾਰਗ ਪੁਰ ਚੱਲਣ ਤੋਂ ਬਿਨਾ ਤ੍ਰੈ ਕਾਲ ਸੰਭਵ ਨਹੀਂ ਕਿ ਕਿਸੇ ਵੀ ਦੇਸ਼ ਦੀ ਸਿਆਸੀ ਗੱਡ ਲੰਮੇ ਅਰਸੇ ਤਕ ਅਮਨ ਅਮਾਨ ਵਿੱਚ ਰਹਿ ਸਕੇ. ਦੋ, ਚਾਰ, ਦਸ, ਪੰਦਰਾਂ, ਪੰਜਾਹ ਸਾਲ ਦੇ ਅਰਸਿਆਂ ਦੀ ਮੁਤਲਿਕ ਕੋਈ ਕੀਮਤ ਨਹੀਂ. ਮੁਗ਼ਲੀਆ ਖ਼ਾਨਦਾਨ ਦੇ ੧੬ (ਯਾ ੧੯) ਬਾਦਸ਼ਾਹਾਂ ਨੇ ਹਿੰਦ ਤੇ ਸਨ ੧੫੨੬ ਤੋਂ (੧੮੦੬ ਤਕ ਅਸਲੀ ਤੇ) ਸਨ ੧੮੫੭ ਤਕ (ਨਾਮ ਧਰੀਕ) ਰਾਜ ਕੀਤਾ, ਆਖ਼ਿਰ ਖ਼ਤਮ ਹੋਏ. ਸੋਚਣ-ਸਮਝਣ ਨੂੰ ਸਾਰੇ ਹੀ ਬੜੇ ਤਕੜੇ ਸਨ; ਬੋਲਣ ਤੇ ਲਿੱਖਣ ਵਿੱਚ ਵੀ ਕਈ ਬੜੇ ਮਾਹਿਰ ਸਨ. ਜ਼ਰਾ ਔਰੰਗ਼ਜ਼ੇਬ ਦੀਆਂ ਲਿਖਤਾਂ ਪੜ੍ਹ ਕੇ ਵੇਖੋ! ਇਉਂ ਜਾਪਦਾ ਹੈ ਕਿ ਸ਼ਾਇਦ ਖ਼ੁਦ ਅਰੱਸਤੂ ਵੀ ਇਸੇ ਦਾ ਸ਼ਾਗਿਰਦ ਸੀ, ਪਰ ਆਪਣੀ ਦਾਨਸ਼ਮੰਦੀ ਦੇ ਲਾਸਾਨੀ ਭੰਡਾਰ ਵਿਚ ਉਸ ਨੂੰ ਧਰਮ ਤੇ ਇਨਸਾਫ਼ ਦੇ ਹਕੀਕੀ ਵਜੂਦ ਨਜ਼ਰ ਨ ਆਏ. ਉਸ ਦਾ ਹਰੀ ਪਰਮਾਤਮਾ ਪਰ ਵਿਸ਼ਵਾਸ ਫੋਕਾ ਸੀ! ਉਹ ਮਰਦੇ ਦਮ ਤਕ ਇਸ ਹਕੀਕਤ ਦਾ ਰਾਜ਼ ਨ ਸਮਝਿਆ ਕਿ ਹਿੰਦੂ ਵੀ ਰੱਬੁਲ ਆਲਮੀਨ ਦੀ ਹਿਫ਼ਾਜ਼ਤ, ਪਰਵਰਸ਼, ਤੇ ਇਨਸਾਫ਼ ਦੇ ਹਕਦਾਰ ਹਨ. (ਦੇਖੋ, ਆਦਿ ਤੋਂ ਅੰਤ ਤਕ, The Religious Policy of the Mughal Emperors, by Sri Ram Sharma, 2n ed., 1962; Asia Pub. House, Bombay.) ਅਕਬਰ ਨਿਰੱਖਰ ਸੀ. ਉਹ ਨ ਪੜ੍ਹਨਾ ਜਾਣਦਾ ਸੀ ਨ ਲਿਖਣਾ. ਕੇਵਲ ਇੱਕ ਵੇਰ ਜੀਵਨ ਵਿੱਚ, ਬੜਾ ਜ਼ੋਰ ਲਾ ਕੇ, ਉਸ ਨੇ ਆਪਣੇ ਦਸਤਖ਼ਤ ਕੀਤੇ. ਉਹ ਵੀ ਤੈਮੂਰ ਦੇ ਜੀਵਨ ਚਰਿਤ੍ਰ ਦੀ ਜਿਲਦ ਦੇ ਮੁਢਲੇ ਖ਼ਾਲੀ ਸਫ਼ੇ ਪੁਰ, ਤੇ ਜਿਸ ਨੂੰ ਜਹਾਂਗੀਰ ਨੇ ਬੜੇ ਅਦਬ ਤੇ ਮੁਹੱਬਤ ਨਾਲ ਸਾਂਭ ਕੇ ਰਖਿਆ ਹੋਇਆ ਸੀ. (Laurence Binyon's Akbar, publisehd by Peter Davies Ltd. Edinburgh: 1932, p. 11.) ਪਰ ਅਕਬਰ ਨੂੰ ਇਤਿਹਾਸਕਾਰ ਹੁਣ ਤਕ ਅਜ਼ਮਤ, ਇਲਮ, ਹੁਨਰ, ਇਖ਼ਲਾਕ, ਤਹਜ਼ੀਬ, ਰਹਿਮ, ਰਿਆਇਆ-ਪਰਵਰੀ ਤੇ ਇਨਸਾਫ਼ ਦਾ ਅਵਤਾਰ ਲਿਖਦੇ ਚਲੇ ਆਂਦੇ ਹਨ. ਉਸ ਦੀ ਪਿਆਰ ਭਰੀ ਹਾਜ਼ਰ ਜਵਾਬੀ ਤੇ ਘਟੋਗੀ ਆਜਜ਼ੀ ਦੀ ਇਕ ਮਿਸਾਲ ਸੁਰਖਿਅਤ ਹੈ ਕਿ ਜਦ (ਸਨ ੧੫੬੨ ਵਿੱਚ ਅੰਬਰ-ਜੈਪੁਰ ਨਿਵਾਸੀ) ਰਾਜਾ ਭਗਵਾਨ ਦਾਸ ਦੀ ਬੇਟੀ ਨਾਲ ਜਹਾਂਗੀਰ ਦੀ ਸ਼ਾਦੀ ਦਾ ਜਸ਼ਨ

Sri Satguru Jagjit Singh Ji eLibrary NamdhariElibrary@gmail.com

ਮਨਾਇਆ ਜਾ ਰਿਹਾ ਸੀ ਤਾਂ ਭਗਵਾਨ ਦਾਸ ਨੇ ਇਸ ਰਿਸ਼ਤੇ ਦੀ ਗੌਰਵਤਾ ਤੇ ਪ੍ਰਸੰਨਤਾ ਨੂੰ ਏਹਨਾਂ ਨਿਮ੍ਰਤਾ ਭਰੇ ਸ਼ਬਦਾਂ ਦੁਆਰਾ ਪ੍ਰਗਟ ਕੀਤਾ :" ਸਾਡੀ ਬੇਟੀ ਤੁਹਾਡੇ ਮਹਿਲ ਦੀ ਬਾਂਦੀ ਹੈ, ਤੇ ਅਸੀਂ ਗੁਲਾਮ ਹਾਂ." ਇਹ ਸੁਣਦਿਆਂ ਹੀ ਅਕਬਰ ਨੇ ਤੁਰਤ ਉੱਤਰ ਵਿੱਚ ਕਿਹਾ : "ਤੁਹਾਡੀ ਬੇਟੀ ਸਾਡੇ ਮਹਿਲ ਦੀ ਰਾਣੀ ਹੈ, ਤੇ ਤੁੱਸੀ ਸਿਰਦਾਰ ਹੋ." (Glimpses of Medieval Indian Culture, by Yusuf Husain, D. Litt. (Paris): Asia Pub. House, Bombay : 1962-reprint : p.p. 113-114) ਪਰ ਅਕਬਰ ਦੀ ਤਾਰੀਫ਼ ਨੂੰ ਚੰਨ ਤੇ ਸੂਰਜ ਤੋਂ ਵੀ ਉੱਪਰ ਚੜ੍ਹਾ ਕੇ ਇੱਕ ਗ੍ਰੰਥਕਾਰ (J. C. Powell-Price, op. cit. p., 286) ਅੰਤ ਵਿੱਚ ਉਸ ਦੇ ਬ੍ਰਤਾਂਤ ਨੂੰ ਇਉਂ ਸਮਾਪਤ ਕਰਦਾ ਹੈ : "Kabir and Surdas and Tulsidas did more for the minds of the people than all the wealth and all the efforts of the great emperor," ਅਰਥਾਤ "ਕਬੀਰ ਤੇ ਸੂਰਦਾਸ ਤੇ ਤੁਲਸੀਦਾਸ ਨੇ ਲੋਕਾਂ ਦੇ ਮਨਾਂ ਲਈ ਉਸ ਤੋਂ ਬਹੁਤ ਕੁੱਝ ਵਧੀਕ ਕੀਤਾ ਜੋ ਇਸ ਵੱਡੇ ਸ਼ਹਨਸ਼ਾਹ ਦੀ ਸਾਰੀ ਦੌਲਤ ਤੇ ਸਾਰੀਆਂ ਕੋਸ਼ਿਸ਼ਾਂ ਨੇ ਕੀਤਾ." ਇਸ ਦਾ ਕਾਰਣ ਬਰਟਰੈਂਡ ਰੱਸਲ ਇਉਂ ਦਸਦਾ ਹੈ : "Some men have been inspired by love of mankind ; some by supreme intellect have helped us to understand the world in which we live, and some by exceptional sensitiveness have created beauty. These men have produced something of positive good to outweigh the long record of cruelty, oppression, and superstition. These men have done what lay in their power to make human life a better thing than the brief turbulence of savages."(Unpopular Essays The Functions of a Teacher.) ਅਰਥਾਤ, "ਕਈ ਮਨੁਖ ਤਾਂ ਮਨੁੱਖ ਜਾਤਿ ਦੇ ਪ੍ਰੇਮ ਤੋਂ ਪ੍ਰੋਤਸਾਹਿਤ ਹੋਏ ਹਨ; ਕਈਆਂ ਨੇ ਆਪਣੀ ਪਰਮ ਉੱਚ ਬੁੱਧੀ ਦੁਆਰਾ ਸਾਨੂੰ ਇਸ ਜਗਤ ਦੇ ਸਮਝਣ ਵਿੱਚ ਮਦਦ ਦਿੱਤੀ ਹੈ ਜਿਸ ਵਿੱਚ ਕਿ ਅੱਸੀਂ ਰਹਿੰਦੇ ਹਾਂ, ਅਰ ਕਈਆਂ ਨੇ ਚਿੱਤ ਦੀ ਅਤਜੰਤ ਅਸਾਧਾਰਣ ਕੋਮਲਤਾ ਦੁਆਰਾ ਸੁੰਦਰਤਾ ਨੂੰ ਜਨਮ ਦਿੱਤਾ ਹੈ. ਏਹਨਾਂ ਮਨੁੱਖਾਂ ਨੇ ਚਿਰੰਕਾਲ ਦੀ ਬੇ-ਰਹਿਮੀ,ਜ਼ੁਲਮ ਤੇ ਵਹਿਮ ਦੇ ਟੋਏ ਟੱਪ ਕੇ ਕੋਈ ਸਾਰਵੰਤ ਭਲਾਈ ਉਤਪੰਨ ਕੀਤੀ ਹੈ. ਏਹਨਾਂ ਮਨੁੱਖਾਂ ਨੇ ਆਪਣੀ ਅਤੀਵ ਸ਼ਕਤੀ ਦੁਆਰਾ ਵਹਿਸ਼ੀਆਂ ਦੇ ਖਲਬਲੀ ਮਚਾਣ ਵਾਲੇ ਆਰਜ਼ੀ ਜੀ-ਪਰਚਾਵਿਆਂ ਤੋਂ ਮਾਨੁਖੀ ਜੀਵਨ ਨੂੰ ਅਤਿ ਵਧੀਕ ਉੱਤਮ ਬਣਾਣ ਦਾ ਪ੍ਰਯਤਨ ਕੀਤਾ ਹੈ." "ਕੇਵਲ ਮੋਟਰਾਂ-ਮਸ਼ੀਨਾਂ ਦੀ ਖ਼ੁਸ਼ਹਾਲੀ ਤੇ ਮਾਦੀ ਇਲਮੀਅਤ ਹੀ

Sri Satguru Jagjit Singh Ji eLibrary NamdhariElibrary@gmail.com

ਸੁਖ ਸ਼ਾਨਤੀ ਦਾ ਹੇਤੂ ਨਹੀਂ, ਤੇ ਕੇਵਲ ਏਹੋ ਚਮਤਕਾਰੀ ਪਦਾਰਥ ਉੱਚ ਸਭਜਤਾ ਦੇ ਚਿੰਨ੍ਹ ਨਹੀਂ." (B. Russell. op. cit.) ਜੇ ਭਾਰਤ ਦੇ ਸਾਰੇ ਹੀ ਚਾਲ੍ਹੀ ਕ੍ਰੋੜ ਵਿਅਕਤੀਆਂ ਪਾਸ ਇੱਕ ਇੱਕ ਲੱਖ ਰੁਪੈਆ ਹੋ ਜਾਏ, ਤੇ ਪਿੰਡ ਪਿੰਡ ਦਾ ਆਪਣਾ ਵਖਰਾ ਮਹਾਂ ਵਿਦਿਆਲਾ ਖੁਲ ਜਾਏ, ਜੋ ਕਿ ਅਸੰਭਵ ਨਹੀਂ, ਤਾਂ ਵੀ ਧਰਮ ਤੇ ਹਰੀ ਪਰਮਾਤਮਾ ਪੁਰ ਵਿਸ਼ਵਾਸ ਤੋਂ ਬਿਨਾ ਇਹ ਦੇਸ਼ ਸਦਾ ਝੂਰਦਾ ਹੀ ਰਹੇਗਾ, ਤੇ ਕਦੇ ਵੀ, ਕਿਸੇ ਤਰ੍ਹਾਂ, ਪ੍ਰਸਪਰ, ਯਾ ਵਿਦੇਸ਼ੀ ਝਗੜਿਆਂ-ਝੇੜਿਆਂ ਤੋਂ ਛੁਟਕਾਰਾ ਨ ਪਾ ਸਕੇਗਾ!

(੭੨) ਭਾਰਤ ਦੀ ਆਜ਼ਾਦੀ ਦੇ ਅੰਤਿਮ ਨਾਜ਼ਕ ਸਮੇਂ ਜੋ ਹਿੱਸਾ ਸਿੱਖ ਆਗੂਆਂ ਨੇ ਲਿਆ ਹੈ, ਤੇ ਜੋ ਰਾਏ ਓਦੋਂ ਜਾਂਦੇ ਜਾਂਦੇ ਅੰਗ੍ਰੇਜ਼ ਸਿੱਖਾਂ ਦੇ ਸੰਬੰਧ ਵਿੱਚ ਪ੍ਰਗਟ ਕਰ ਗਏ ਹਨ, ਉਸ ਦਾ ਹਾਲ ਪਾਠਕ ਆਪ ਹੀ ਉਕਤ (Leonard Mosley ਦੀ) ਪੁਸਤਕ ਵਿੱਚ ਪੜ੍ਹਨ ਦੀ ਖੇਚਲ ਕਰੇ; ਨਾਲੇ ੨੬ ਦਸੰਬਰ ਸਨ ੧੯੫੪ ਦੇ ਹਿੰਦੁਸਤਾਨ ਟਾਈਮਜ਼, ਦਿੱਲੀ, ਵਿੱਚੋਂ ਲਾਰਡ ਬਰਡਵੁਡ ਦਾ ਲੰਮਾ ਲੇਖ (entitled 'India and the Sikh Community') ਵੀ ਪੜ੍ਹੇ. ਪਰ ਅੰਗ੍ਰੇਜ਼ ਭਾਵੇਂ ਜੋ ਕੁੱਝ ਵੀ ਨੀਮ ਸਿਆਸੀ ਯਾ ਸ੍ਵਾਰਥੀ ਆਗੂਆਂ ਦੀ ਬਾਬਤ ਲਿੱਖ ਯਾ ਕਹਿ ਗਏ ਹੋਵਨ, ਗੁਰਪੰਥ ਨੂੰ ਉਸ ਦੀ ਪਰਵਾਹ ਕਰਨੀ ਉਚਿਤ ਨਹੀਂ. ਵੇਖਣਾ ਇਹ ਹੈ ਕਿ ਨਹਿਰੂ ਤੇ ਹੋਰ ਜ਼ਿੰਮੇਵਾਰ ਹਿੰਦੂ, ਸਿੱਖੀ ਤੇ ਸਾਧਾਰਣ ਸਿੱਖਾਂ ਦੇ ਸੰਬੰਧ ਵਿੱਚ, ਕੀ ਕਹਿੰਦੇ, ਕੀ ਲਿਖਦੇ, ਤੇ ਕੀ ਕਰਦੇ ਹਨ? ਸੋ ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਜ਼ਿੰਮੇਵਾਰ, ਵਿਦ੍ਵਾਨ ਹਿੰਦੂਆਂ ਨੇ, ਕਦੇ ਭੁਲ ਕੇ ਵੀ ਸਾਧਾਰਣ ਸਿੱਖਾਂ ਯਾ ਗੁਰ ਸਿੱਖੀ ਦੀ ਨਿੰਦਾ ਨਹੀਂ ਕੀਤੀ, ਬਲਕਿ ਨਹਿਰੂ ਜੀ ਨੇ ਆਪਣੀ ਪੁਸਤਕ Glimpses of World History (Asia Pub. House, 1962) ਵਿੱਚ ਸਾਡੇ ਸਤਿਗੁਰਾਂ ਦਾ ਬੜੇ ਪਿਆਰ ਤੇ ਸਤਕਾਰ ਨਾਲ ਵਰਣਨ ਕੀਤਾ ਹੈ; ਹਾਲਾਂ ਕਿ ਸਾਬਤ ਕੀਤਾ ਜਾ ਸਕਦਾ ਹੈ ਕਿ ਖ਼ੁਦ ਸਿੱਖਾਂ ਨੇ ਆਪਣੇ ਅੰਗ੍ਰੇਜ਼ੀ ਲੇਖਾਂ ਤੇ ਪੁਸਤਕਾਂ ਵਿੱਚ ਐਸਾ ਨਾ ਕਰਨ ਦੀ ਭੁਲ ਕੀਤੀ ਹੈ. ਹਰ ਮੌਕੇ, ਹਰ ਔਕੜ ਵਿੱਚ ਸਿੱਖਾਂ ਨੇ ਹਿੰਦੂਆਂ ਦੇ, ਤੇ ਹਿੰਦੂਆਂ ਨੇ ਸਿੱਖਾਂ ਦੇ ਦੁੱਖਾਂ ਦਾ ਬੋਝ ਹਲਕਾ ਕੀਤਾ ਹੈ. ਹਿੰਦੂ ਵਿਦ੍ਵਾਨਾਂ ਨੇ ਗੁਰਮਤਿ, ਗੁਰਬਾਣੀ ਤੇ ਗੁਰਮਤਿ ਇਤਿਹਾਸ ਪਰ ਖੋਜ ਭਰੇ ਤੇ ਸ਼ਲਾਘਾ ਯੋਗ ਗ੍ਰੰਥ ਲਿਖੇ ਤੇ ਲਿਖ ਰਹੇ ਹਨ. ਬੰਗਾਲੀਆਂ ਤੇ ਸਿੰਧੀਆਂ ਨੇ ਇਸ ਸੁਕਾਰਜ ਵਿੱਚ ਸਭ ਤੋਂ ਵਧੀਕ ਹਿੱਸਾ ਲਿਆ ਹੈ. ਬੰਗਲਾ ਵਿੱਚ ਸ੍ਰੀਗੁਰੂ ਗ੍ਰੰਥ ਸਾਹਿਬ ਸੰਪੂਰਨ, ਸਟੀਕ, ਛਪ ਰਿਹਾ ਹੈ (ਤੇ ਬੰਗਲਾ ਵਿੱਚ ਗੁਰਮਤਿ ਦੇ ਹੋਰ ਸਾਹਿਤਜ ਸੰਬੰਧੀ ਦੇਖੋ, Hindustan Times, Delhi, dated, December 30,

Sri Satguru Jagjit Singh Ji eLibrary NamdhariElibrary@gmail.com

1962, ਵਿਚ R. K. Das Gupta ਦਾ 'The Sikh Theme in Bengali Literature' ਨਾਮਕ ਮਹਾਨ ਲੇਖ)ਡਾਕਟਰ ਟਰੰਪ (Dr. Ernest Trumpp, author of The Adi Granth printed in London by order of the Secretary of state for India in Council, in 1877.) ਤੋਂ ਬਾਦ, ਅੰਗ੍ਰੇਜ਼ੀ ਵਿੱਚ, ਸਭ ਸਿੱਖਾਂ ਤੋਂ ਪਹਿਲੇ ਜਪੁਜੀ ਦਾ, ਟੀਕਾ ਬਾਵਾ ਛੱਜੂ ਸਿੰਘ ਜੀ (ਆਰਯ ਸਮਾਜੀ) ਨੇ ਸਨ ੧੮੮੩ ਵਿੱਚ ਪ੍ਰਕਾਸ਼ਿਤ ਕੀਤਾ. ਇਸ ਤੋਂ ਬਾਦ ਇਕ ਉਦਾਸੀ ਮਹਾਤਮਾ ਦੇ ਸ਼ਿਸ਼ ਸ਼ੰਕਰ ਦਯਾਲ ਜੀ ਖਤ੍ਰੀ (ਵਕੀਲ) ਪਟਨਾ ਨਿਵਾਸੀ ਨੇ ਉੱਚ ਵਿਦ੍ਵਤਾ ਪੂਰਿਤ ਜਪੁ ਜੀ ਦਾ ਅੰਗ੍ਰੇਜ਼ੀ ਟੀਕਾ ੧੫ ਮਈ ਸਨ ੧੯੦੧ ਵਿੱਚ ਛਪਵਾਇਆ. ਇਸ ਟੀਕੇ ਦੀ ਭੂਮਿਕਾ ਹੀ ੧੦੭ ਪੰਨਿਆਂ ਦੀ ਹੈ, ਅਰ ਮੈਂ ਪੂਰੀ ਸੰਜੀਦਗੀ ਨਾਲ ਕਹਿੰਦਾ ਹਾਂ ਕਿ ਗੁਰਮਤਿ ਦੇ ਵਿਸ਼ੇਸ਼ ਸਿੱਧਾਂਤਾਂ ਨੂੰ ਜਿਸ ਬਲੰਦੀ, ਅਕਲਮੰਦੀ ਤੇ ਮਨਤਿਕੀ ਬਾਰੀਕੀ ਨਾਲ ਇਸ ਗੁਰੂ ਕੇ ਲਾਲ ਨੇ ਨਿਰੂਪਣ ਕੀਤਾ ਹੈ ਉਹ ਕਿਸੇ ਖੰਡਾਮ੍ਰਿਤੀ ਸਿੱਖ ਵਿਦ੍ਵਾਨ ਕ੍ਰਿਤ ਗੁਰਬਾਣੀ ਦੇ (ਕਿਸੇ ਵੀ) ਅੰਗ੍ਰੇਜ਼ੀ ਟੀਕੇ ਵਿੱਚ ਮੇਰੀ ਦ੍ਰਿਸ਼ਟੀ ਨਹੀਂ ਪਈ. ਉਦਾਸੀ ਸੰਤ, ਮੁੰਡਿਤ ਤੇ ਜਟਾਧਾਰੀ,ਸਤਿਗੁਰਾਂ ਦੇ ਅਦ੍ਵਿਤੀਯ ਅਨੰਨ ਭਗਤ ਤੇ ਗੁਰਮਤਿ ਦੇ ਪ੍ਰਾਚੀਨ ਪ੍ਰਚਾਰਕ ਹਨ. ਏਹਨਾਂ ਦਾ ਇਸ਼ਟ ਦਸਾਂ ਸਤਿਗੁਰਾਂ ਦੀ ਜੋਤਿ,ਤੇ ਉਸ ਜੋਤਿ ਦਾ ਪ੍ਰਕਾਸ਼,ਸ੍ਰੀ ਗੁਰੂਗ੍ਰੰਥ ਸਾਹਿਬ, ਹੀ ਹੈ. ਪਰ ਇਹ ਆਪਣੇ ਆਪ ਨੂੰ ਅਮੂਮਨ 'ਨਾਨਕ ਪੰਥੀ' ਅਥਵਾ 'ਉਦਾਸੀ ਸੰਤ'ਹੀ ਕਹਿੰਦੇ ਹਨ,'ਸੱਖ ਸ਼ਬਦ ਦਾ ਪ੍ਰਯੋਗ ਨਹੀਂ ਕਰਦੇ,ਅਰ ਆਪਣੇ ਆਪ ਨੂੰ ਹਿੰਦੂ ਆਖ ਕੇ ਪ੍ਰਸੰਨ ਹੁੰਦੇ ਹਨ, ਵਿਸ਼ੇਸ਼ ਕਰਕੇ ਨਨਕਾਣਾ ਸਾਹਿਬ ਦੇ ਸਾਕੇ (੨੦ ਫਰਵਰੀ ਸਨ ੧੯੨੧) ਤੋਂ ਬਾਦ. ਏਹਨਾਂ ਉਦਾਸੀ ਸੰਤਾਂ ਨੇ ਜੋ ਗੁਰਮਤਿ ਪਰ ਗ੍ਰੰਥ ਰਚੇ ਹਨ ਅਰ ਜੋ ਪ੍ਰਚਾਰ ਪੰਜਾਬ ਤੋਂ ਬਾਹਰ, ਭਾਰਤ ਦੇ ਦੂਰ ਦਰਾਜ਼ ਪ੍ਰਾਂਤਾਂ ਵਿੱਚ, ਏਹਨਾਂ ਨੇ ਗੁਰਬਾਣੀ ਦਾ ਕੀਤਾ ਹੈ, ਉਸ ਦੀ ਵਿਸ਼ਾਲਤਾ, ਗੌਰਵਤਾ, ਗੰਭੀਰਤਾ, ਤਥਾ ਅਨੂਪਮਤਾ ਕਥਨ ਤੇ ਲਿੱਖਣ ਤੋਂ ਪਰੇ ਹੈ. ਵੇਦ ਵਿਗਿਆਨ ਦੇ ਮਾਰਤੰਡ ਸ੍ਵਾਮੀ ਕੇਸ਼ਾਨੰਦ ਜੀ ਉਦਾਸੀ ਨੇ (ਜਿਨ੍ਹਾਂ ਦੀ ਅਮੋਘ ਦਰਸ਼ਨੀ ਸੰਗਤਿ ਦਾ ਸੁਭਾਗਾ ਅੱਸਰ ਮੈਨੂੰ ਉਹਨਾਂ ਦੇ ਆਸ਼੍ਰਮ ਵਿੱਚ ਕੰਖਲ (ਹਰਿਦੁਆਰ) ਸਨ ੧੯੧੩ ਤੋਂ ਬਾਦ ਅਕਸਰ ਕਰਕੇ ਪ੍ਰਾਪਤ ਹੁੰਦਾ ਰਿਹਾ ਹੈ) ਪੰਜੀਹ ਸਾਲ ਦੇ ਅਖੰਡ ਪਰਿਸ਼੍ਰਮ ਦੁਆਰਾ ਸ੍ਰੀ ਗੁਰੂ ਨਾਨਕ ਨਰੰਕਾਰੀ ਦੇ ਗੁਰਮਤਿ ਸਿੱਧਾਂਤ ਪਰ ਆਰਸ਼ (ਰਿਸ਼ੀਆਂ ਦੀ) ਪ੍ਰਣਾਲੀ ਅਨੁਸਾਰ ਸ਼ਾਸਤ੍ਰੀਯ ਸੰਸਕ੍ਰਿਤ ਵਿੱਚ 'ਨਿਰਾਕਾਰ ਮੀਮਾਂਸਾ ਦਰਸ਼ਨ' ਨਾਮਕ ਮੂਲ ਗ੍ਰੰਥ ਰਚਿਆ, ਜਿਸ ਦੇ ਚਾਰ ਅਧਿਆਵਾਂ ਦੇ ੧੪੦ ਸੂਤ੍ਰ ਹਨ. ਸੂਤ੍ਰਾਂ ਦੇ ਨਾਲ ਹੀ, ਸੰਸਕ੍ਰਿਤ ਵਿੱਚ. ਸ੍ਵਾਮੀ ਸ੍ਵਰੂਪ ਸੂਰੀ ਜੀ ਵਿਰਚਿਤ ਬੜੇ ਵਿਸਥਾਰ

Sri Satguru Jagjit Singh Ji eLibrary NamdhariElibrary@gmail.com

ਵਾਲਾ ਭਾਸ਼ਜ ਹੈ; ਤੇ ਫਿਰ, ਭਾਸ਼ਜ ਦਾ ਸ੍ਵਾਮੀ ਸ਼ੰਕਰਾਨੰਦ ਜੀ ਕ੍ਰਿਤ ਭਾਸ਼ਾ ਵਿੱਚ ਭਾਵਾਰਥ ਟੀਕਾ ਹੈ. ਸਾਰਾ ਗ੍ਰੰਥ ਵੱਡੇ ਆਕਾਰ ਦੇ ੫੦੦ ਪੰਨਿਆਂ ਤੇ ਮੁਕਦਾ ਹੈ. ਇਹ ਸਨ ੧੯੦੨ ਵਿੱਚ ਮੁਰਾਦਾਬਾਦ ਦੇ "ਲਕਸ਼ਮੀ ਨਾਰਾਯਣ ਯੰਤ੍ਰਾਲਯ" ਤੋਂ ਪ੍ਰਕਾਸ਼ਿਤ ਹੋਇਆ. ਜਦੋਂ ਕਿਸੇ ਦੂਰ ਯਾਨੇ ਦੇ ਭਵਿਸ਼ਜਤ ਵਿੱਚ ਨਿਰਮਲੇ ਤੇ ਉਦਾਸੀ ਸੰਤ ਸ੍ਰੀ ਗੁਰੂ ਨਾਨਕ ਦੇਵ ਦਾ ਫ਼ਲਕ ਬਲੰਦ ਝੰਡਾ ਝੁਲਾਂਦੇ ਹੋਏ, ਸਾਰੀਆਂ ਹੀ ਸਿੱਖ ਸੰਪ੍ਰਦਾਵਾਂ ਦੇ ਮੋਢੀ ਬਣ ਕੇ, ਗੁਰਮਤਿ ਪ੍ਰਚਾਰ ਲਈ ਭਾਰਤ ਤੋਂ ਬਾਹਿਰ ਨਿਕਲਨਗੇ, ਓਦੋਂ 'ਨਿਰਾਕਾਰ ਮੀਮਾਂਸਾ ਦਰਸ਼ਨ' ਦਾ ਉਤਕ੍ਰਿਸ਼ਟ ਆਦਰਸ਼ ਪੂਰਨ ਹੋਵੇਗਾ. ਓਦੋਂ ਸ੍ਰੀ ਕੇਸ਼ਵਾ ਨੰਦ ਦੀ ਆਤਮਾ ਨੂੰ ਸਚ ਖੰਡ ਵਿੱਚ ਹੁਲਾਸ ਹੋਵੇ ਗਾ; ਜਦੋਂ ਅੰਗ੍ਰੇਜ਼ੀ, ਫ਼੍ਰਾਂਸੀਸੀ ਤੇ ਜਰਮਨ ਜ਼ਬਾਨਾਂ ਵਿੱਚ ਇਸ ਅਦੁਤੀ ਕਲਾਮ ਦਾ ਤਰਜਮਾ ਪੜ੍ਹ ਕੇ ਯੂਰਪ ਤੇ ਅਮ੍ਰੀਕਾ ਦੇ ਵੇਦਗਜ਼ ਮਹਾਨੁਭਾਵਾਂ ਨੂੰ ਗੁਰਮਤਿ ਦੀ ਮਹਾਨਤਾ, ਸੂਕਸ਼ਮਤਾ ਤੇ ਪ੍ਰਧਾਨਤਾ ਦਾ ਵੀ ਗਿਆਨ ਪ੍ਰਾਪਤ ਹੋਵੇਗਾ ! ਸ੍ਵਾਮੀ ਸਤਚਿਤਾਨੰਦ ਜੀ ਲੀਲਾਧਾਰੀ, ਗੁਰੂ ਸਥਾਨ, ਅਬਲਖਰਾਣਾ, ਜ਼ਿਲਾ ਫਿਰੋਜ਼ ਪੁਰ ਵਾਲਿਆਂ ਨੇ ਸਨ ੧੯੧੫ ਵਿੱਚ, ਸ੍ਵਾਮੀ ਕੇਸ਼ਵਾ ਨੰਦ ਜੀ ਕ੍ਰਿਤ ਤੇ ਉਧ੍ਰਿਤ (ਅਥਵਾ ਸੰਪਾਦਿਤ), ਸ੍ਰੀ ਗੁਰੂ ਨਾਨਕ ਸਹਸ੍ਰ ਨਾਮ, ਸੰਸਕ੍ਰਿਤ ਵਿੱਚ, 'ਸ੍ਰੀ ਵੈਂਕਟੇਸ਼੍ਵਰ ਸਟੀਮ ਪ੍ਰੈਸ' ਬੰਬਈ ਤੋਂ ਮੁਦ੍ਰਿਤ ਕਰਵਾ ਕੇ ਪ੍ਰਕਾਸ਼ਿਤ ਕੀਤਾ. ਫਿਰ ਇਸੇ ਸਾਲ ਏਹਨਾਂ ਨੇ ਸੰਸਕ੍ਰਿਤ ਵਿੱਚ ਸ੍ਰੀ ਗੁਰੂ ਨਾਨਕ ਸਤੋਤ੍ਰ ਰਤਨਾਕਰ ਨਾਮਕ ੨੯੫ ਪੰਨਿਆਂ ਦਾ ਗੁਟਕਾ ਸੰਪਾਦਿਤ ਕੀਤਾ, ਜਿਸ ਵਿੱਚ ੫੦ ਵਿਦ੍ਵਾਨਾਂ ਦੇ ੧੧੮ ਸਤੋਤ੍ਰ ਤੇ ੪ ਸ਼ਲੋਕ ਹਨ. ਏਹਨਾਂ ਵਿੱਚੋਂ ਕੇਵਲ ੧੩ ਸਤੋਤ੍ਰ (ਅੰਕ ੮੦ ਤੋਂ ੯੨ ਤਕ) ਨਿਰਮਲੇ ਸੰਤਾਂ ਦੇ ਹਨ. ਬਾਕੀ ਇੱਕਸੌ ਪੰਜਾਂ(੧੦੫)ਦਾ ਆਵਿਰਭਾਵ ੧੪ਤੱਤ੍ਵ ਵੇਤਾ ਹਿੰਦੂ ਪੰਡਿਤਾਂ, ਤੇ ੩੦ ਉਦਾਸੀ ਮੁਨੀਆਂ ਦੇ ਹਿਰਦਿਆਂ ਤੋਂ ਹੋਇਆ ਹੈ. ਵੇਰਵਾ ਇਸ ਪ੍ਰਕਾਰ ਹੈ: (੧) ਸ੍ਵਾਮੀ ਪ੍ਰੀਤਮ ਦਾਸ (੨) ਸ੍ਵ. ਮਿਹਿਰ ਚੰਦ੍ਰ (੩–੯) ਸ੍ਵ. ਆਤਮ ਰੂਪ (੧੦–੧੧) ਸ੍ਵ. ਜਿਯੋਤੀ ਸ੍ਵਰੂਪ (੧੨–੧੩) ਸ੍ਵ. ਗੌਰ ਦੇਵ (੧੪–੧੫) ਸ੍ਵ. ਬ੍ਰਹਮ ਪ੍ਰਕਾਸ਼, (੧੬) ਸ੍ਵ. ਹਰਿ ਨਾਰਾਯਣ (੧੭–੧੯) ਸ੍ਵ. ਅਮਰ ਦਾਸ (੨੦) ਸ੍ਵ. ਸ਼ੰਕਰਾਚਾਰਯ (੨੧) ਸ੍ਵ. ਦੇਵ ਤੀਰਥ (੨੨) ਸ੍ਵ. ਮੋਹਨ ਦਾਸ (੨੩–੨੭) ਸ੍ਵ. ਬ੍ਰਹਮਾ ਨੰਦ (੨੮–੩੮) ਸ੍ਵ. ਕੇਸ਼ਵਾ ਨੰਦ (੩੯) ? (੪੦-੪੩)ਸ੍ਵ. ਸ੍ਵਰੂਪ ਸੂਰੀ (੪੪)ਸ੍ਵ. ਭੋਲਾ ਰਾਮ(੪੫–੪੬) ਸ੍ਵ. ਬਾਲ ਰਾਮ (੪੭) ਸ੍ਵ. ਰਾਮ ਪ੍ਰਕਾਸ਼? (੪੮) ਸ੍ਵ.ਰਾਮ ਪ੍ਰਸਾਦ (੪੯-੫੦) ਸ੍ਵ. ਰਾਮ ਦਾਸ (੫੧) ਸ੍ਵ. ਅਨੰਤਾਨੰਦ (੫੨-੫੩)ਸ੍ਵ. ਸ੍ਵਯੰ ਜਿਯੋਤੀ (੫੪-੬੯) ਸ੍ਵ. ਕ੍ਰਿਸ਼ਣ ਦਾਸ (੭੦) ਸ੍ਵ. ਕ੍ਰਿਸ਼ਣ ਗੋਪਾਲ ਦਾਸ (੭੧) ਸ੍ਵ. ਸ੍ਵਯੰ ਜਿਯੋਤੀ (੭੨) ਸ੍ਵ.

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਕੇਤੂ (੭੩) ਸ੍ਰ. ਮਾਧਵਾ ਨੰਦ (੭੪) ਸ੍ਰ. ਪ੍ਰਕਾਸ਼ਾਨੰਦ (੭੫-੭੬) ਸ੍ਰ. ਸਾਧੂ ਰਾਮ (੭੭) ਸ੍ਰ. ਹਰਿ ਦਾਸ (੭੮) ਭਵਿਸ਼ਯ ਪੁਰਾਣਾਂਤਰਗਤ ਗੁਰਨਾਨਕ ਵਰਣਨ (੭੯) ਸ੍ਰ. ਭੋਲਾ ਰਾਮ (੮੦) ਭਵਿਸ਼ਯ ਪੁਰਾਣਾਧਾਰਿਤ ਰਚਨਾ: ਸੰਤ ਨਾਰਾਯਣ ਸਿੰਘ (੮੧-੮੪) ਸੰਤ ਹਰਾ ਸਿੰਘ (੮੫) ਸੰਤ ਨਿਹਾਲ ਸਿੰਘ (੮੬-੮੮) ਸੰਤ ਗੰਡਾ ਸਿੰਘ (੮੯-੯੧) ਬ੍ਰਿੱਧ ਸੰਤ ਪ੍ਰੇਮ ਸਿੰਘ (੯੨) ਸੰਤ ਗੁਰਦਿਤ ਸਿੰਘ (੯੩) ਸ੍ਰ. ਹਰਿ ਪ੍ਰਸਾਦ (੯੪) ਪੰ. ਕਮਲਾਧਰ ਸ਼ਰਮਾ (੯੫) ਪੰ. ਲਕਸ਼ਮੀ ਨਾਰਾਯਣ (੯੬) ਪੰ. ਸ਼ੈਵ ਦੱਤ ਸ਼ਰਮਾ (੯੭-੯੯) ਪੰ. ਯਦੁ ਨਾਥ ਸ਼ਰਮਾ (੧੦੦) ਪੰ. ਆਸ਼ਾ ਕਰਣ ਸ਼ਰਮਾ (੧੦੧-੧੦੨) ਪੰ. ਰਾਮਾ ਨੰਦ ਸ਼ਰਮਾ (੧੦੩) ਪੰ. ਭਾਨਾ ਮਿਸ਼੍ਰ (੧੦੪-੧੦੮) ਪੰ. ਤੇਜੋ ਭਾਨ ਸ਼ਰਮਾ (੧੦੯) ਪੰ. ਨਵਲ ਕਿਸ਼ੋਰ (੧੧੦) ਪੰ. ਸਾਧੂ ਵਰਗ ? (੧੧੧) ਪੰ. ਚਿਰੰਜੀ ਲਾਲ ਸ਼ਰਮਾ (੧੧੨-੧੧੫) ਪੰ. ਹੀਰਾ ਨੰਦ (੧੧੬) ਪੰ. ਸ਼ਿਵ ਚੰਦ੍ਰ ਸ਼ਰਮਾ (੧੧੭) ਪੰ. ਕਵਿ ਗੰਗਾ ਰਾਮ (੧੧੮) ਸ੍ਰ. ਕ੍ਰਿਸ਼ਣ ਪ੍ਰਕਾਸ਼ (੧੧੯) ਚਾਰ ਸ਼ਲੋਕ, ਪੰ. ਚਿਰੰਜੀ ਲਾਲ ਸ਼ਰਮਾ. ਇਸ ਮਹਾ ਮੂਲਜ ਰਤਨਾਕਰ ਦਾ ਨਾਮ ਤਾਂ ਭਾਵੇਂ ਸ੍ਰੀ ਗੁਰੂ 'ਨਾਨਕ' ਸਤੋਤ੍ਰ ਰਤਨਾਕਰ ਹੀ ਹੈ, ਪਰ ਇਸ ਵਿੱਚ ਦਸਾਂ ਹੀ ਸਤਿਗੁਰਾਂ ਦੀ ਮਹਿਮਾ ਦੇ, ਤਥਾ ਸ੍ਰੀ ਅੰਮ੍ਰਿਤਸਰ ਤੇ ਵਾਹਿਗੁਰੂ ਮੰਤ੍ਰ ਦੀ ਮਹਾਨਤਾ ਦੇ ਸਤੋਤ੍ਰ ਵੀ ਹਨ. ਇਹ ਉਹਨਾਂ ਉਨਮਨੀ ਅਮਰ ਜਨਾਂ ਦੀ ਨਿਰਮਲ ਤੇ ਨਿਸ਼ਕਾਮ ਸੇਵਾ ਦਾ ਫਲ ਹੈ ਜੋ ਆਪਣੇ ਆਪ ਨੂੰ ਹਿੰਦੂ ਆਖਦੇ ਸਨ, ਪਰ ਅਸੀਂ ਜੋ ਸਿੱਖ, ਸਿੰਘ ਤੇ ਤੱਤ ਖ਼ਾਲਸਾ ਅਖਵਾਂਦੇ ਹਾਂ ਸਾਥੋਂ ਇਹ ਕਾਰਜ ਅਮਿਤ ਵਿਤ ਖ਼ਰਚ ਕੇ ਵੀ ਹੋਣਾ ਔਖਾ ਹੈ. ਏਹਨਾਂ ਸੂਤ੍ਰਾਂ ਦਾ ਸਾਹਿਤਜ ਓਹਨਾਂ ਮਹਾਤਮਾਵਾਂ ਨੇ ਅੰਤਰਾਤਮਿਕ ਸਰੂਰ ਦੀ ਕਿਸੇ ਅਤਯੰਤ ਉੱਚ ਮੰਨਜ਼ਿਲ ਤੇ ਰਚੇ ਸਨ,ਇਹ ਸਾਹਿਤਜ ਵੈਸਾ ਹੀ ਮਨੋਹਰ ਤੇ ਮਨ ਭਾਵਨ ਹੈ ਜਿਹਾ ਕਿ ਪ੍ਰਾਚੀਨ ਈਸਾਈ ਵਡਕਿਆਂ ਦੇ ਯੂਨਾਨੀ ਤੇ ਲਾਤੀਨੀ ਸਤੋਤ੍ਰਾਂ ਦਾ ਹੈ. ਸੱਤਰ ਸਾਲ ਹੋਏ ਹਿੰਦੂਆਂ ਨੇ ਸ੍ਰੀਗੁਰੂ ਗ੍ਰੰਥ ਸਾਹਿਬ ਹਿੰਦੀ ਵਿੱਚ ਛਪਵਾਣ ਦਾ ਉੱਦਮ ਕੀਤਾ.ਮੈਂ ਇਸ ਬੀੜ ਦੇ ਦਰਸ਼ਨ ਸਨ ੧੯੧੩ ਵਿੱਚ ਪੰਡਿਤ ਮਦਨ ਮੋਹਨਜੀ ਮਾਲਵੀਯ ਦੇ ਘਰ ਇਲਾਹਾਬਾਦ ਕੀਤੇ, ਸੱਠ ਤੋਂ ਉਪਰ ਵੱਰ੍ਹੇ ਗੁਜ਼ਰੇ ਆਰਯ ਸਮਾਜ ਨੇ ਦਸਮ ਗ੍ਰੰਥ ਨੂੰ ਉਰਦੂ ਵਿੱਚ ਪ੍ਰਕਾਸ਼ਿਤ ਕਰਵਾਇਆ, ਜਿਸ ਦੇ ਦਰਸ਼ਨ ਮੈਨੂੰ ਸਨ ੧੯੨੬ ਵਿਚ ਮੰਟਗੁਮਰੀ (ਹੁਣ ਪਾਕਿਸਤਾਨ) ਹੋਏ. ਸਨ ੧੯੩੨ ਵਿੱਚ ਸ੍ਰਾਮ। ਹਰਿ ਪ੍ਰਸਾਦ ਜੀ ਵੈਦਿਕ ਮੁਨੀ ਉਦਾਸੀ ਨੇ ਜਪੁ ਜੀ ਦਾ ਟੀਕਾ ਅਤਿ ਸਰਲ ਤੇ ਮ੍ਰਿਦੁਲ ਸੰਸਕ੍ਰਿਤ ਵਿੱਚ ਲਹੌਰ ਤੋਂ ਪ੍ਰਕਾਸ਼ਿਤ ਕੀਤਾ, ਜਿਸ ਦੀ ਅਤਿ ਵਿਦ੍ਵਤਾ ਪੂਰਿਤ ਭੂਮਿਕਾ ਹੀ ੪੦ ਸਫ਼ਿਆਂ ਦੀ ਹੈ, ਤੇ ਜਿਸ ਦੇ

Sri Satguru Jagjit Singh Ji eLibrary NamdhariElibrary@gmail.com

ਨਾਲ ਪੰਜਾਬੀ ਤੇ ਹਿੰਦੀ ਦੋਹਾਂ ਬੋਲੀਆਂ ਵਿੱਚ ਟੀਕੇ ਦਾ ਉੱਤਮ ਭਾਸ਼ਜ ਵੀ ਹੈ. ਇਹ ਹਨ ਕੁੱਝਕ ਬੂੰਦਾਂ ਹਿੰਦੂ ਅਖਵਾਣ ਵਾਲੇ ਉਦਾਸੀ ਸਿੱਖਾਂ ਦੀ ਸ਼ਰਧਾ ਭਗਤੀ ਦੇ ਅਥਾਹ ਸਾਹਿਤਜ ਸਾਗਰ ਦੀਆਂ, ਜੋ ਨਿਖਲ ਸੰਸਾਰ ਦੇ ਮਾਨਵੀ ਹਿਰਦਿਆਂ (Human Minds) ਵਿੱਚ ਠਾਠਾਂ ਮਾਰ ਮਾਰ ਕੇ ਆਪਣੀ ਹਸਤੀ ਦਾ ਸਬੂਤ ਦੇ ਰਿਹਾ ਹੈ.

ਛੰਦ: ਜਗ ਰਚਨਾ ਕੋ ਦੇਖਿ ਬਿਨਾਸੀ ,
ਕਾਟੀ ਆਸਾ ਕੀ ਜਿਨਿ ਫਾਸੀ ।
ਬਿਖਿਅਨ ਤੇ ਨਿਰਲੇਪ ਉਦਾਸੀ†,
ਪਦਿ ਨਿਰਬਾਣ ਸਮਾਏ ਹੈਂ ॥ [ਧਰਮਾਨੰਤ ਸਿੰਘ ਕ੍ਰਿਤਨ

(੭੩)* ਨਿਰਮਲ ਸੰਤ ਰਿਖੀਸ਼ੁਰਾਂ ਨੇ ਵੀ ਵਿਸ਼ੁ ਤਾਰਕ ਗੁਰੂ ਨਾਨਕ ਦੇ ਨਾਮ ਪਰ ਆਪਣਾ ਤਨ ਮਨ ਧਨ; ਆਪਣਾ ਪ੍ਰਤਾਪ, ਪ੍ਰਾਕ੍ਰਮ, ਤੇ ਪਰਿਸ਼੍ਰਮ; ਆਪਣਾ ਪਿਆਰ, ਸਤਕਾਰ ਤੇ ਉਤਸ਼ਾਹ ; ਆਪਣੀ ਵਿਦਿਆ, ਵਿਵੇਕ ਤੇ ਵਿਗਿਆਨ ਨਿਛਾਵਰ ਕਰਨ ਵਿੱਚ ਸ਼੍ਰੀ ਗੁਰ ਪੰਥ ਦੀਆਂ ਹੋਰ ਪ੍ਰਸਿੱਧ ਸੰਪ੍ਰਦਾਵਾਂ ਵਾਂਗ ਵਧ

†* ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ, 'ਉਦਾਸ' 'ਉਦਾਸੀ' 'ਉਦਾਸਾ' ਤੇ 'ਨਿਰਮਲ' 'ਨਿਰਮਲਾ' 'ਨਿਰਮਲੇ' ਆਦਿਕ ਸ਼ਬਦਾਂ ਵਾਲੇ ਵਾਕ ਨਿਮਨ ਲਿਖਿਤ ਪੰਨਿਆਂ ਪਰ ਮਿਲਨਗੇ ਇਹ † ਨਿਸ਼ਾਨ 'ਉਦਾਸੀ' ਆਦਿਕ ਦੇ ਪੰਨਿਆਂ ਲਈ ਤੇ ਇਹ * ਨਿਸ਼ਾਨ ਨਿਰਮਲ' ਆਦਿਕ ਦੇ ਪੰਨਿਆਂ ਲਈ ਵਰਤਿਆ ਗਿਆ ਹੈ. ਬ੍ਰੈਕਟਾਂ ਦੇ ਅੰਕ ਪ੍ਰਗਟ ਕਰਦੇ ਹਨ ਕਿ ਇਸ ਪੰਨੇ ਪਰ ਇਹ ਸ਼ਬਦ ਐਨੀ ਵੇਰ ਆਇਆ ਹੈ :

†੪, ੨੬ (੨), ੨੯ (੨), ੭੧ (੨), ੧੦੮, ੧੨੭, ੧੩੧ (੨), ੧੪੦ (੨), ੧੬੧, ੧੮੨, ੨੨੪, ੨੩੨, ੨੩੭, ੨੪੭, ੨੭੫ (੨), ੨੯੬, ੩੧੪, ੩੩੧, ੩੩੬, ੩੪੬, ੩੫੭, ੩੫੯, ੩੬੨, ੩੭੦, ੩੭੧, ੩੮੫(੨), ੪੧੨, ੪੧੯, ੪੨੬, ੪੩੭, ੪੫੭, ੪੮੬, ੪੯੪, ੪੯੬, ੫੧੩, ੫੨੫, ੫੩੮, ੫੮੮, ੫੯੯, ੬੫੮, ੬੬੧, ੬੮੬. ੭੬੨, ੭੮੨, ੮੦੧, ੮੪੦, ੮੪੭, ੮੫੨, ੮੭੧, ੮੭੭, ੮੮੬, ੧੧੨, ੯੩੯ (੨), ੯੪੯, ੯੫੨ (੩), ੯੯੨, ੧੦੦੩, ੧੦੧੯, ੧੦੪੬, ੧੦੭੦, ੧੦੭੬ (੨), ੧੧੦੩ (੨), ੧੧੦੬, ੧੧੨੬, ੧੧੫੭, ੧੨੨੭, ੧੨੪੯, ੧੨੬੧, ੧੨੯੫, ੧੩੨੮, ੧੩੨੯ (੨) ੧੩੩੨, ੧੩੬੨, ੧੩੬੬, ੧੩੬੯, ੧੪੦੪, ੧੪੨੬, ੧੪੨੭, ਕੁਲ ਜੋੜ (ਇਕਾਨਵੇਂ).

*੧੭, ੧੯, ੨੬, ੨੭ (੪), ੨੮, ੨੯, ੩੨ (੩), ੩੩ (੨),

ਬਾਕੀ ਸਫ਼ਾ ੨੨੪ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਤੋਂ ਵਧ ਉੱਚੇ, ਲੰਮੇ ਤੇ ਤੇਜ਼ ਰਫ਼ਤਾਰ ਕਦਮ ਉਠਾਏ ਹਨ. ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਖ਼ਾਲਸੇ ਦੀ ਤ੍ਰਿਗੁਣਾਤਮਕ ਮਤਾਂ ਤੋਂ ਨਿਆਰੀ ਤੇ ਨਿਰਾਲੀ ਸ਼ਾਨ ਦਾ ਦਾਮਨੀ ਚਮਤਕਾਰ ਸਭ ਤੋਂ ਪਹਿਲਾਂ ਭੂ ਮੰਡਲ ਤੇ ਇਹਨਾਂ ਨੇ ਹੀ ਦਰਸਾਇਆ

ਸਫ਼ੇ ੨੨੩ ਦੀ ਬਾਕੀ

੩੪ (੨), ੩੫, ੩੯, ੪੦, ੪੪, ੪੫ (੨), ੪੬, ੪੭, ੪੮, ੪੯ (੨), ੫੨, ੫੪ (੨), ੫੭ (੬), ੫੮ (੨), ੫੯, ੬੦, ੬੧, ੬੨ (੨), ੬੪ (੨), ੬੫(੩), ੬੬, ੬੮, ੬੯ (੩), ੭੦, ੭੩, ੮੬, ੯੨, ੯੯ (੨), ੧੦੦, ੧੦੧, ੧੦੩, ੧੦੮, ੧੧੦ (੩), ੧੧੧, ੧੧੪ (੨) ੧੧੫ (੪), ੧੧੬, ੧੧੮, ੧੨੦, ੧੨੧ (੨੭), ੧੨੩, ੧੨੫ (੨) ੧੨੬ (੨), ੧੨੮ (੫), ੧੩੪, ੧੩੭, ੧੩੯, ੧੪੦ (੨), ੧੫੩, ੧੫੮ (੩), ੧੫੯, ੧੬੧, ੧੬੩, ੧੬੯, ੧੭੮, ੧੮੦ (੨), ੧੮੪, ੧੯੩, ੧੯੪, ੧੯੭, ੧੯੮ (੪), ੨੦੦, ੨੦੧, ੨੦੭ (੨), ੨੦੮ (੨), ੨੨੦, ੨੨੧, ੨੨੯, ੨੩੧ (੨), ੨੩੨, ੨੩੩, ੨੩੪ (੨), ੨੩੬ (੨), ੨੩੮, ੨੫੨, ੨੫੪, ੨੬੩, ੨੬੬, ੨੭੨ (੨), ੨੭੩ (੨), ੨੭੪, ੨੭੮, ੨੭੯ (੩), ੨੮੧, ੨੮੩ (੨), ੨੮੪ (੨), ੨੮੫, ੨੮੭, ੨੮੮ (੨), ੨੮੯, ੨੯੧, ੨੯੬ (੨), ੨੯੭, (੩), ੨੯੮, ੩੦੦, ੩੦੪ (੨), ੩੧੧, ੩੨੮ (੩), ੩੪੩, ੩੪੪, ੩੪੫, ੩੫੩ (੨), ੩੬੧, ੩੬੨ (੨), ੩੬੩, ੩੭੩, ੩੭੬ (੨), ੩੭੯, ੩੮੧, ੩੮੨, ੩੮੩, ੩੮੪, ੩੮੭, ੩੮੮, ੩੯੧ (੩), ੩੯੩, ੪੧੧, ੪੧੨ (੩), ੪੧੩, ੪੧੪, ੪੧੫ (੩), ੪੧੬, ੪੨੩, ੪੨੪ (੨), ੪੨੬ (੩), ੪੨੭ (੩), ੪੨੮, ੪੨੯, ੪੩੦, ੪੩੧, ੪੩੭ (੩), ੪੫੭ (੨), ੪੫੯, ੪੬੦, ੪੮੦, ੪੮੯, ੪੯੦, ੪੯੧, ੪੯੨, ੪੯੪, ੪੯੬, ੫੦੧ (੨), ੫੦੨ (੨), ੫੦੫ (੩), ੫੦੯, ੫੧੫ (੨), ੫੧੬, ੫੨੨, ੫੨੫, ੫੪੫, ੫੫੮, ੫੬੦, ੫੬੩ (੨), ੫੬੫ (੨), ੫੬੯, ੫੭੦ (੨), ੫੮੫, ੫੯੦ (੩), ੫੯੩, ੫੯੬, ੫੯੮, ੫੯੯, ੬੦੦, ੬੦੧, ੬੦੨ (੨), ੬੦੪, ੬੦੫ (੨), ੬੦੯ (੩), ੬੧੬ (੨), ੬੧੮, ੬੨੫, ੬੨੬, ੬੨੯, ੬੩੫, ੬੩੬ (੨), ੬੩੭, ੬੪੫, ੬੫੯, ੬੬੪ (੪), ੬੬੫, ੬੭੭, ੬੭੮, ੬੭੯, ੬੮੪, ੬੮੬, ੬੮੭, ੬੯੫, ੬੯੭ (੨), ੭੦੦, ੭੦੧, ੭੦੨, ੭੦੬, ੭੦੯, ੭੧੦, ੭੧੩, ੭੧੬ (੨),

ਬਾਕੀ ੨੨੫ ਸਫ਼ਾ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਹੈ. ਗੁਰਮਤਿ ਪ੍ਰਚਾਰ ਹਿਤ ਏਹਨਾਂ ਨੇ ਹੀ ਸੰਸਕ੍ਰਿਤ ਵਿੱਚ ਅਨੇਕਾਂ ਮੂਲ ਗ੍ਰੰਥ

ਸਫ਼ੇ ੨੨੪ ਦੀ ਬਾਕੀ

੭੧੭, ੭੪੧, ੭੪੪, ੭੪੭ (੩) ੭੫੩ (੨) ੭੫੫, ੭੬੮ (੨) ੭੬੯, ੭੭੦ (੩) ੭੭੧ (੩) ੭੭੨, ੭੭੩, ੭੭੪ (੩) ੭੭੮, ੭੮੧, ੭੮੪, ੭੮੬, ੭੮੮ (੨) ੭੯੦, ੭੯੭, ੮੦੨, ੮੦੪, ੮੦੭, ੮੦੯, ੮੧੧ (੨) ੮੧੨, ੮੧੪, ੮੧੭, ੮੧੮, ੮੨੧, ੮੨੫ (੨) ੮੨੮,੮੩੧,੮੩੪,੮੩੫,੮੩੭,੮੩੯,੮੪੦,੮੪੧,੮੪੬, ੮੫੨, ੮੫੩, ੮੬੩ (੨) ੮੬੫ (੨) ੮੬੬, ੮੬੭, ੮੭੪, ੮੮੭, ੮੮੯,੮੯੦, ੮੯੧ (੨) ੮੯੩, ੮੯੫ (੪) ੯੦੦,੯੦੪,੯੦੬,੯੦੭ ੯੦੮,੯੦੯, ੯੧੦ (੨) ੯੧੫,੯੧੮, ੯੧੯ (੫) ੯੨੯, ੯੩੩ (੨) ੯੩੪,੯੩੯, ੯੪੧,੯੪੪ (੨) ੯੪੫,੯੪੬ (੨) ੯੪੭,੯੫੬, ੯੬੧ (੨) ੯੬੫, ੯੬੬, ੯੬੯, ੯੭੩.੯੮੫,੯੯੦ (੨) ੧੦੦੧,੧੦੦੩, ੧੦੦੬, ੧੦੦੯, ੧੦੧੨, ੧੦੧੪,੧੦੨੩,੧੦੨੫,੧੦੨੬,੧੦੩੨, ੧੦੩੪ (੨) ੧੦੩੬,੧੦੩੮ (੨) ੧੦੩੯, ੧੦੪੧,੧੦੪੪,੧੦੪੬, ੧੦੪੭, ੧੦੪੯ (੨) ੧੦੫੦,੧੦੫੧,੧੦੫੨ (੩) ੧੦੫੩, ੧੦੫੪, ੧੦੫੫ (੨) ੧੦੫੭, ੧੦੫੮, ੧੦੫੯ (੩) ੧੦੬੨, ੧੦੬੪ (੨) ੧੦੬੫ (੨) ੧੦੬੭ (੨) ੧੦੬੯, ੧੦੭੫,੧੦੭੮,੧੦੮੦,੧੦੮੧, ੧੦੮੫, ੧੦੮੮, ੧੦੯੦, ੧੦੯੧, ੧੦੯੫,੧੧੧੩,੧੧੧੯,੧੧੨੭, ੧੧੩੧,੧੧੩੩,੧੧੩੭,੧੧੪੧,੧੧੪੨,੧੧੪੪,੧੧੪੫,੧੧੪੬ (੪) ੧੧੪੯ (੪) ੧੧੫੨, ੧੧੫੩, ੧੧੫੫ (੨) ੧੧੫੬, ੧੧੫੮ (੨) ੧੧੬੯, ੧੧੭੦, ੧੧੭੩, ੧੧੭੪ (੨) ੧੧੭੫, ੧੧੮੫, ੧੧੮੬, ੧੧੮੮, ੧੧੮੯, ੧੨੦੯ (੨) ੧੨੧੧, ੧੨੨੦, ੧੨੨੫, ੧੨੩੩ (੩) ੧੨੩੪, ੧੨੩੬, ੧੨੩੯, ੧੨੪੦, ੧੨੪੭,੧੨੫੬, ੧੨੫੯ (੩) ੧੨੬੨,੧੨੬੭, ੧੨੬੮, ੧੨੭੧, ੧੨੭੨,੧੨੭੬, ੧੨੮੬, ੧੨੯੯, ੧੩੧੦, ੧੩੨੫ (੩) ੧੩੨੯, ੧੩੩੧, ੧੩੩੨, ੧੩੩੩, ੧੩੩੪ (੨) ੧੩੩੯, ੧੩੪੨, ੧੩੪੩,੧੩੪੫ (੨) ੧੩੪੬, ੧੩੫੫, ੧੩੫੭ (੨) ੧੩੬੭ (੨) ੧੩੭੫, ੧੩੮੬, ੧੪੦੪, ੧੪੦੯, ੧੪੧੧ (੨) ੧੪੧੩, ੧੪੧੪,੧੪੧੫,੧੪੧੮, ੧੪੨੩ (੨) ੧੪੨੫. ਕੁਲ ਜੋੜ ੫੪੫ (ਪੰਜ ਸੌ ਪੰਤਾਲੀ).

Sri Satguru Jagjit Singh Ji eLibrary NamdhariElibrary@gmail.com

ਰਚੇ ਤੇ ਅਨੇਕਾਂ ਗੁਰਬਾਣੀਆਂ ਦੇ ਇਸ ਦੇਵ ਭਾਸ਼ਾ ਵਿੱਚ ਟੀਕੇ ਕੀਤੇ. ਪੰਡਿਤ ਹਰਾ ਸਿੰਘ ਜੀ ਨੇ (ਸਨ ੧੮੮੪ ਵਿੱਚ) ਸ੍ਰੀ ਗੁਰੂ ਸਿੱਧਾਂਤ ਪਾਰਿਜਾਤ; ਪੰਡਿਤ ਨਿਹਾਲ ਸਿੰਘ ਜੀ (ਬੋਹਾ: ਰਾਵਾਲ ਪਿੰਡੀ) ਨੇ (ਸਨ ੧੮੯੫ ਵਿੱਚ) ਜਪੁ ਜੀ ਦਾ (ਸੰਸਕ੍ਰਿਤ) ਟੀਕਾ; ਪੰਡਿਤ ਕੌਰ ਸਿੰਘ ਜੀ ਨੇ ਗੁਰੂ ਕੌਮੁਦੀ; ਪੰਡਿਤ ਈਸ਼ਰ ਸਿੰਘ ਜੀ (''ਕਲਜੁਗ'') ਨੇ ਗੁਰੂ ਮੰਤ੍ਰਾਰਥ ਪ੍ਰਭਾਕਰ (ਅਰਥਾਤ, ਵਾਹਿਗੁਰੂ ਮੰਤ੍ਰਾਰਥ ਪ੍ਰਭਾਕਰ); ਪੰਡਿਤ ਗੁਰਦਿੱਤ ਸਿੰਘ ਜੀ ਨੇ ਨਾਂਵੇਂ ਮਹਿਲ ਦੇ ਸ਼ਲੋਕਾਂ ਦਾ ਟੀਕਾ, ਇਤਿਆਦਿਕ ਗ੍ਰੰਥ ਸੰਸਕ੍ਰਿਤ ਵਿੱਚ ਪ੍ਰਕਾਸ਼ਿਤ ਕੀਤੇ; ਅਰ ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਤਥਾ ਪੰਡਿਤ ਸਾਧੂ ਸਿੰਘ ਜੀ ਦੀਆਂ ਹਿੰਦੀ ਤੇ ਗੁਰਮੁਖੀ ਰਚਨਾਵਾਂ ਤੋਂ ਕੇਹੜਾ ਸਿੱਖ ਵਿਦ੍ਵਾਨ ਜਾਣੂ ਨਹੀਂ. ਇਸ ਵੇਲੇ ਜਿਤਨਾ ਵੀ ਗੁਰਮਤਿ ਸਾਹਿਤਜ ਪੰਜਾਬੀ ਤੇ ਅੰਗ੍ਰੇਜ਼ੀ ਵਿੱਚ ਪ੍ਰਚਲਿਤ ਹੈ ਉਸਦੀ ਅਹਿੱਲ ਨੀਂਹ ਏਹਨਾਂ ਹੀ ਸਥਿਤ ਪ੍ਰਗਜ ਮਹਾਂ ਵਿਦ੍ਵਾਨਾਂ ਦੇ ਅਮੋਲਕ ਗ੍ਰੰਥਾਂ ਤੇ ਆਧਾਰਿਤ ਹੈ. ਜਿਸ ਸਾਤ੍ਰਿਕ ਸ਼ੋਭਨੀਕ ਮੰਡਲ ਦੇ ਪ੍ਰਤਜੇਕ ਸਦਸਜ ਦੇ ਸਚੇਤ ਹਿਰਦੇ ਵਿੱਚ ਸਾਖਿਆਤ ਵਿਆਸ, ਪੰਡਿਤ ਈਸ਼ਰ ਸਿੰਘ ਜੀ ਵਿਰਕਤ ਦੀ, ਸ਼ਾਂਤ ਆਤਮ ਰਸ, ਮੌਨੀ ਅਮਰ ਸਿੰਘ ਜੀ ਤਿਤਿਕਸ਼ੂ ਦੇ ਤਪ ਦਾ ਤੇਜ, ਤੇ ਦਿਵਜ ਮੂਰਤੀ ਸੰਤ ਨਾਰਾਯਣ ਸਿੰਘ ਜੀ ਕਥਾ ਵਾਲਿਆਂ ਦੀ ਵਿਦਿਆ ਦਾ ਪ੍ਰਕਾਸ਼, ਵਿਦਜਮਾਨ ਹੈ, ਮੇਰੀ ਉਸ ਪ੍ਰਭਾ-ਮੰਡਲ ਅੱਗੇ ਸਾਸ਼ਟਾਂਗ ਡੰਡੌਤ ਹੈ.

ਕਬਿਤ : ''ਸ੍ਰੀ ਗੁਰ ਲਗਾਯੋ ਏਕ ਦਿਨ ਮੈ ਦੀਵਾਨ ਐਸੋ ।
ਸਭ ਕੋ ਬੁਲਾਇ ਕਹਯੋ ਮਾਂਗੋ ਜੋ ਰਿਦੇ ਭਲੇ ॥
ਕਾਹੂ ਧਨ ਕਾਹੂ ਧਾਮ ਕਾਹੂ ਅਸਵ ਅਭਿਰਾਮ ।
ਕਾਹੂ ਕਹਯੋ ਭੂਖਨ ਜਰਾਊ ਜੋ ਸਜੇ ਗਲੇ ॥
ਕਾਹੂ ਸ਼ਸਤ੍ਰ ਕਾਹੂ ਬਸਤ੍ਰ ਸੰਤ ਖੁਸ਼ੀ ਮ੍ਰਿਗ ਰਾਜ ।
ਸਭ ਕੋ ਦਿਵਾਯੋ ਜੋ ਜੋ ਭਾਯੋ ਪ੍ਰੇਮ ਮੈ ਢਲੇ ॥
ਸ੍ਵਪਨ ਜਿਯੋਂ ਜਾਨਿ ਕੇ ਪਦਾਰਥ ਨ ਮਾਂਗੋ ਜਿਨੋਂ ।
ਨਾਮ ਧਨ ਮਾਂਗਯੋ ਤਾਂ ਕੋ ਕਹਯੋ ਯੇ ਨਿਰਮਲੇ ॥''

(ਕਵੀ ਸ੍ਰੀ ਨਿਹਾਲ ਸਿੰਘ ਜੀ; ਨਿਰਮਲ ਪੰਥ ਦਰਸ਼ਨ, ਹਿੱਸਾ ਪਹਿਲਾ, ਕ੍ਰਿਤ ਮਹੰਤ ਦਿਆਲ ਸਿੰਘ, ਪੰਨਾ ੨੭੦.)

ਛੰਦ : ਬਚਨ ਵਿਹਾਰ ਕਾਰ ਕੇ ਸੂਚੇ ।
ਸਤਿ ਸੰਗਤਿ ਨਿਤ ਜਾਇ ਪਹੂਚੇ ।

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਨਿਸ਼ਠ ਵਰ ਘਰ ਕੇ ਊਚੇ,
ਨਿਰਮਲ ਸੰਤ ਕਹਾਏ ਹੈਂ ।।

(ਧਰਮਾਨੰਤ ਸਿੰਘ ਕ੍ਰਿਤ)

(੭੪) ਵਿਸ਼ਾਲ ਭਾਰਤ ਵਿੱਚ ਗੁਰਮਤਿ ਦਾ ਪ੍ਰਚਾਰ ਕਰਦਿਆਂ ਸਭ ਤੋਂ ਵਧੀਕ ਆਵਸ਼ਜਕ ਤੇ ਲਾਭਦਾਯਕ ਕੰਮ ਉਦਾਸੀ ਤੇ ਨਿਰਮਲੇ ਸੰਤਾਂ ਨੇ ਇਹ ਕੀਤਾ ਕਿ ਉਹਨਾਂ ਨੇ ਸਿੱਖਾਂ ਨੂੰ ਹਿੰਦੂ ਮਹਾਰਾਸ਼ਟ੍ਰ ਤੋਂ ਅੱਡ ਨਹੀਂ ਹੋਣ ਦਿੱਤਾ. ਇਹ ਉਹਨਾਂ ਦੇ ਹੀ ਪ੍ਰਚਾਰ ਦਾ ਪ੍ਰਭਾਵ ਹੈ ਕਿ ਬਾਵਜੂਦ ਅਨੇਕਾਂ ਵਾਰੀ ਹਿੰਦੂ ਤੇ ਸਿੱਖਾਂ ਵਿੱਚ ਪ੍ਰਸਪਰ ਝਗੜਿਆਂ ਤੇ ਫ਼ਸਾਦਾਂ ਦੇ ਫਿਰ ਵੀ ਇਹ ਵੱਡੇ ਤੇ ਛੋਟੇ ਭਾਰਤ ਪੁਤ੍ਰ ਇਕ ਦੂਜੇ ਤੋਂ ਜੁਦਾ ਨਹੀਂ ਹੋਏ ਤੇ ਅੱਗੋਂ ਵੀ ਆਸ ਹੈ ਕਿ ਜਦ ਤਕ ਏਹਨਾਂ ਸੰਤਾਂ ਦੇ ਤਪ ਤੇ ਤੇਜ ਦਾ ਬਲ ਕਾਇਮ ਹੈ ਇਹ ਦੋਵੇਂ ਅਤੁਟ ਪ੍ਰੇਮ ਵਿੱਚ ਜੁੜੇ ਰਹਿਨਗੇ.

(੭੫) ਬੇਦੀ, ਤੇਹੁਣ, ਭੱਲੇ ਤੇ ਸੋਢੀ ਸਾਹਿਬ ਜ਼ਾਦਿਆਂ ਦੇ ਪ੍ਰਚਾਰ ਨੇ ਵੀ ਸਿੱਖਾਂ ਤੇ ਹਿੰਦੂਆਂ ਨੂੰ ਪ੍ਰਸਪਰ ਸੰਗਠਿਤ ਰਹਿਣ ਵਿੱਚ ਸਹਾਇਤਾ ਦਿੱਤੀ ਹੈ, ਅਰ ਚੂੰਕਿ ਗੁਰਮਤਿ ਦੇ ਸਭ ਤੋਂ ਪੁਰਾਣੇ ਪ੍ਰਚਾਰਕ ਇਹ ਗੁਰ ਵੰਸ਼ੀ ਬਾਬੇ ਹੀ ਸਨ ਇਸ ਲਈ ਏਹਨਾਂ ਦੇ ਪ੍ਰਚਾਰ ਦੀ ਇਸ ਵਿਸ਼ੇਸ਼ ਤਰਜ਼ ਤੋਂ ਸ਼ਹਾਦਤ ਮਿਲਦੀ ਹੈ, ਕਿ ਏਹਨਾਂ ਦੇ ਪੁਰਾਤਨ ਬਜ਼ੁਰਗਾਂ ਨੇ ਵੀ ਗੁਰਮਤਿ ਦਾ ਪ੍ਰਚਾਰ ਕਰਨ ਵਿੱਚ, ਇਹ, ਹਿੰਦੂ ਤੇ ਸਿੱਖਾਂ ਨੂੰ ਪ੍ਰਸਪਰ ਸੰਗਠਿਤ ਰੱਖਣ ਦੀ, ਮਰਯਾਦਾ ਸਤਿ ਗੁਰਾਂ ਤੋਂ ਹੀ ਸਿੱਖੀ ਸੀ. ਪਰ ਇਸ ਉਤੱਮ ਮਰਯਾਦਾ ਦੀ ਸਾਂਝ ਨੂੰ ਛੱਡ ਕੇ ਸਾਹਿਬ ਜ਼ਾਦਿਆਂ ਦੇ ਤੇ ਸੰਤਾਂ ਦੇ ਪ੍ਰਚਾਰ ਵਿੱਚ ਕਈ ਫ਼ਰਕ ਦ੍ਰਿਸ਼ਟੀ ਪੈਂਦੇ ਹਨ: ਪਹਿਲਾ, ਇਹ ਕਿ ਸਿਵਾਏ ਬਾਬਾ ਸਾਹਿਬ ਸਿੰਘ ਜੀ ਮਹਾਰਾਜ (ਬੇਦੀ, ਊਨੇ ਵਾਲਿਆਂ) ਦੇ, ਜਿਨ੍ਹਾਂ ਦਾ ਸਮਾਂ ਸਨ ੧੭੫੬ ਤੋਂ ੧੮੩੪ ਹੈ, ਅਰ ਕੁੱਝਕ ਗਿਨਤੀ ਦੇ ਹੋਰ ਐਸੇ ਬੁਜ਼ਰਗਾਂ ਦੇ, ਸਾਧਾਰਣ ਬਾਬੇ ਚੜ੍ਹਤ ਚੜ੍ਹਾਵੇ ਯਾ ਉਗ੍ਰਾਹੀ ਦੇ ਸ੍ਵਾਰਥੀ ਕੰਮਾਂ ਲਈ ਕਦੇ ਖਰਚ ਨਹੀਂ ਕਰਦੇ-ਜੋ ਵੀ ਆਮਦਨ ਹੁੰਦੀ ਹੈ ਉਹ ਸਭ ਪੰਚ [ਸੰਗਤਿ] ਦੇ ਕੋਸ਼ ਵਿੱਚ, ਪੰਚ ਦੇ ਖ਼ਰਚ ਲਈ [Probono publico] ਜਮ੍ਹਾਂ ਹੁੰਦਾ ਹੈ. ਦੂਜਾ ਫ਼ਰਕ ਇਹ ਹੈ ਕਿ ਬਾਬਿਆਂ ਦੇ ਪ੍ਰਚਾਰ ਦਾ ਦਾਇਰਾ ਪੰਜਾਬ ਤੋਂ ਬਾਹਿਰ ਨਹੀਂ, ਪਰ ਸੰਤਾਂ ਦੇ ਪ੍ਰਚਾਰ ਦਾ ਦਾਇਰਾ ਆਲਮੀ ਅਰਥਾਤ ਵਿਸ਼੍ਵ ਵਿਆਪੀ ਹੈ. ਤੀਜਾ ਫ਼ਰਕ ਇਹ ਹੈ ਕਿ ਬਾਬਿਆਂ ਨੇ ਗੁਰਮਤਿ ਪ੍ਰਚਾਰ ਦੀ ਸਦੀਵਤਾ ਲਈ ਕਿਸੇ ਪ੍ਰਕਾਰ ਦੇ

Sri Satguru Jagjit Singh Ji eLibrary NamdhariElibrary@gmail.com

ਯੁਕਤ [ਉਚਿਤ] ਸਾਹਿਤਜ ਨੂੰ ਜਨਮ ਨਹੀਂ ਦਿੱਤਾ, ਜਦ ਕਿ ਸੰਤਾਂ ਦੇ ਗੁਰਮਤਿ ਸਾਹਿਤਜ ਦਾ, ਜਿਹਾ ਕਿ ਉੱਪਰ ਨਮੂਨੇ ਮਾਤ੍ਰ ਵਰਣਨ ਕੀਤਾ ਹੈ, ਕੋਈ ਓੜਕ ਹੀ ਨਹੀਂ. ਚੌਥਾ ਫ਼ਰਕ ਇਹ ਹੈ ਕਿ ਗੁਰਮਤਿ ਨੂੰ ਜਗਤ ਵਿਖਿਆਤ ਕਰਨ ਲਈ, ਅਰ ਦੇਸ਼ ਦੇਸ਼ਾਂਤਰਾਂ ਵਿੱਚ, ਜਗਤ ਦੇ ਪ੍ਰਸਿੱਧ ਤੀਰਥਾਂ ਪੁਰ, ਪਰਬਾਂ ਤੇ ਮਹਾਂ ਪਰਬਾਂ ਦੇ ਮੌਕੇ, ਸਤਿਗੁਰਾਂ ਦੀ ਸ਼ਾਨ ਦੇ ਸ਼ਾਹੀ ਝੰਡੇ ਝੁਲਾਣ ਲਈ, ਸੰਤਾਂ ਨੇ ਅਜ਼ੀਮ ਰਕਮਾਂ ਖ਼ਰਚ ਕੇ ਅਖਾੜੇ (monastries) ਕਾਇਮ ਕੀਤੇ ਹੋਏ ਹਨ, ਜੋ ਲਗਾਤਾਰ ਸਾਲ ਬਸਾਲ ਯਾ ਹਰ ਤੀਜੇ, ਛੇਵੇਂ ਅਰ ਬਾਰ੍ਹਵੇਂ ਸਾਲ, ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਮ ਪ੍ਰਭਾਵ ਸ਼ੀਲ ਜਲੂਸ (ਸ਼ਾਹੀਆਂ) ਕਢਦੇ ਹਨ, ਤੇ ਇਸ ਪ੍ਰਕਾਰ ਨਿਰੰਤਰ ਸਤਿਗੁਰਾਂ ਦੀ ਕਲਿਆਣ ਕਾਰੀ ਸਿਮ੍ਰਤੀ ਨੂੰ, ਜਗਤ ਵਿੱਚ ਸਦਾ ਸੁਰਜੀਤ ਤੇ ਤਾਜ਼ਾ ਰੱਖਣ ਦੇ ਪਵਿਤ੍ਰ ਆਹਰ ਵਿੱਚ ਰੁੱਝੇ ਰਹਿੰਦੇ ਹਨ. ਬਾਬਿਆਂ ਨੇ ਪ੍ਰਚਾਰ ਦੇ ਇਸ ਪਹਿਲੂ ਵਲ ਕਦੇ ਧਿਆਨ ਹੀ ਨਹੀਂ ਦਿੱਤਾ. ਪੰਜਵਾਂ ਫ਼ਰਕ ਸਾਹਿਬ ਜ਼ਾਦਿਆਂ ਤੇ ਸੰਤਾਂ ਦੇ ਪ੍ਰਚਾਰ ਵਿੱਚ ਇਹ ਹੈ ਕਿ ਜੋ ਔਕੜਾਂ ਪੰਜਾਬ ਤੋਂ ਬਾਹਿਰ, ਵਿਸ਼ਾਲ ਭਾਰਤ ਵਿੱਚ, ਗੁਰਮਤਿ ਦੀ ਉੱਚਤਾ, ਪੂਰਨਤਾ, ਤੇ ਈਸ਼੍ਵਰੀਯਤਾ ਦੀ ਸਿੱਧੀ ਹਿਤ, ਪੌਰਾਣਿਕ ਪੰਡਿਤਾਂ ਨਾਲ ਵਾਦ ਵਿਵਾਦ ਕਰਨ ਵਿੱਚ, ਉਦਾਸੀ ਤੇ ਨਿਰਮਲੇ ਸੰਤ ਪੂਰਵਜਾਂ ਨੂੰ ਪੇਸ਼ ਆਈਆਂ ਹਨ ਉਹਨਾਂ ਦੀ ਕਲਪਣਾ ਮਾਤ੍ਰ ਵੀ ਅੱਜ ਐਸੇ ਗੁਰ ਪ੍ਰੇਮੀਆਂ ਤੇ ਸਾਹਿਬਜ਼ਾਦਿਆਂ ਨੂੰ ਹੋਣੀ ਸੌਖੀ ਨਹੀਂ, ਜਿਨ੍ਹਾਂ ਦਾ ਵਾਹ ਪੰਜਾਬ ਦੇ ਮਹਿਦੂਦ ਰਕਬੇ ਵਿੱਚ ਇਸ ਸੂਬੇ ਦੀ ਸਾਦਾ ਤੇ ਕੋਰੀ ਜਨਤਾ ਨਾਲ ਹੀ ਪੈਂਦਾ ਰਿਹਾ ਹੈ, ਇਸ ਦਾ ਅੰਦਾਜ਼ਾ ਕੇਵਲ ਉਹ ਸੱਜਣ ਹੀ ਲਗਾ ਸਕਦੇ ਹਨ ਜਿਨ੍ਹਾਂ ਨੇ ਸੁਆਮੀ ਦਯਾਨੰਦ ਦੇ ਜੀਵਨ ਚਰਿਤ੍ਰ ਵਿੱਚ ਉਹਨਾਂ ਦੀਆਂ ਪੌਰਾਣਿਕ ਪੰਡਿਤਾਂ ਨਾਲ ਬਹਿਸਾਂ ਦੇ ਬ੍ਰਿਤਾਂਤ ਪੜ੍ਹੇ ਹਨ, ਤੇ ਉਸ ਸਮੇਂ (੧੮੭੦-੧੮੮੦) ਦੀਆਂ ਅੰਗ੍ਰੇਜ਼ੀ ਅਖਬਾਰਾਂ ਵਿੱਚ ਏਹਨਾਂ ਬ੍ਰਿਤਾਂਤਾਂ ਸੰਬੰਧੀ ਸਮਾਚਾਰਾਂ ਤੇ ਨਜ਼ਰ ਮਾਰੀ ਹੈ (ਯਥਾ, ਦੇਖੋ, ਦੇਵੇਂਦ੍ਰਨਾਥ ਮੁਖੋਪਾਧਯਾਯ ਕ੍ਰਿਤ ਸੁਆਮੀ ਜੀ ਦੇ ਬੰਗਲਾ ਜੀਵਨ ਚਰਿਤ੍ਰ ਵਿੱਚ "Indian Mirror", "Pioneer" ਆਦਿਕ ਦੇ ਸਵਿਸਥਰ ਹਵਾਲੇ).

(੭੬) ਉਦਾਸੀ ਤੇ ਨਿਰਮਲੇ ਸੰਤਾਂ ਦੇ ਅਖਾੜੇ (Monastries) ਇੱਕ ਪ੍ਰਕਾਰ ਦੇ ਵਿਸ਼੍ਵ ਵਿਦਿਆਲੇ (ਯੂਨੀਵਰਸਟੀਆਂ) ਹਨ, ਜਿਨ੍ਹਾਂ ਨਾਲ ਦੂਰ ਨੇੜੇ ਦੇ ਗ੍ਰਾਮਾਂ ਤੇ ਨਗਰਾਂ ਦੇ ਡੇਰੇ ਸੰਬੰਧਿਤ ਹਨ, ਜੋ ਆਪੋ ਆਪਣੇ ਅਖਾੜਿਆਂ ਲਈ ਮੁਕਾਮੀ ਕਾਲਜਾਂ ਦੇ ਫ਼ਰਜ਼ ਅਦਾ ਕਰਦੇ ਹਨ. ਕੀ ਵੱਡੇ ਤੋਂ ਵੱਡੇ ਅਖਾੜੇ ਤੇ ਕੀ ਛੋਟੇ ਤੋਂ ਛੋਟੇ ਡੇਰੇ, ਸਭ ਇਸ ਵਿਸ਼ੇਸ਼ ਪ੍ਰਯੋਜਨ ਨੂੰ ਮੁਖ ਰਖਦੇ ਹਨ

Sri Satguru Jagjit Singh Ji eLibrary NamdhariElibrary@gmail.com

ਕਿ ਯੋਨ ਕੋਨ ਪ੍ਰਕਾਰੇਣ ਗੁਰੂ ਘਰ ਦੇ ਸਾਧੂ ਗੁਰਮਤਿ ਦੇ ਸੂਖਮ ਤੱਤਾਂ ਨੂੰ, ਤੇ ਇਸ ਦੇ ਅਭਿਆਸੀ ਸਿੱਧਾਂਤਾਂ ਨੂੰ, ਸਮਝਨ, ਗ੍ਰਹਿਣ ਕਰਨ, ਤੇ ਵਰਤੋਂ ਵਿੱਚ ਲਿਆਵਨ. ਏਹਨਾਂ ਅਖਾੜਿਆਂ ਦੀ ਬਦੌਲਤ ਹੀ ਅੱਜ ਜਦ ਕਿ ਗ੍ਰਿਹਸਥੀ ਸਿੱਖਾਂ ਦੇ ਪ੍ਰਚਾਰ ਦਾ ਅਮਲੀ ਸਰੂਪ ਜੋ ਉਹਨਾਂ ਦੀਆਂ ਸਭਾਵਾਂ ਤੇ ਮਹਾਂ ਸਭਾਵਾਂ ਦੇ ਦਫ਼ਤਰਾਂ ਵਿੱਚ ਵੀ ਦ੍ਰਿਸ਼ਟੀ ਨਹੀਂ ਪੈਂਦਾ, ਜੋ ਉਹਨਾਂ ਦੇ ਪ੍ਰਚਾਰਕਾਂ ਦੀਆਂ ਡਾਇਰੀਆਂ (ਰੋਜ਼ਨਾਮਚਿਆਂ) ਤੋਂ ਵੀ ਬਾਹਿਰ ਹੋ ਲੁਕ ਕੇ ਦਿਨ ਬਿਤੀਤ ਕਰ ਰਿਹਾ ਹੈ, ਤੇ ਜੋ ਉਹਨਾਂ ਦੇ ਵਿਦਿਆਲਿਆਂ ਤਥਾ ਮਹਾਂ ਵਿਦਿਆਲਿਆਂ ਦੀ ਰੁੱਖੀ ਇਲਮੀਅਤ, ਤੇ ਉਹਨਾਂ ਦੀਆਂ ਮਜਲਿਸਾਂ ਦੀ ਭੁੱਖੀ ਸਿਆਸਤ, ਦੀ ਤਪਸ਼ ਤੋਂ ਵੀ ਸਦਾ ਦੂਰ ਭੱਜਾ ਫਿਰਦਾ ਹੈ, ਹਾਂਜੀ, ਉਸ ਗੁਰਮਤਿ ਪ੍ਰਚਾਰ ਦਾ ਜਿਉਂਦਾ ਜਾਗਦਾ ਵਜੂਦ, ਉਦਾਸੀ ਤੇ ਨਿਰਮਲੇ ਸੰਤਾਂ ਦੀਆਂ ਤੇਜੋਮਈ ਮੰਡਲੀਆਂ ਵਿੱਚ, ਪੂਰਨਮਾਸ਼ੀ ਦੇ ਚੰਦ੍ਰਮਾ ਵਤ ਅੱਜ ਵੀ ਅਪਣੀ ਆਦਿ ਪ੍ਰਭਾ ਵਿੱਚ ਜਿਉਂ ਕਾ ਤਿਉਂ ਪ੍ਰਕਾਸ਼ਮਾਨ ਹੋ ਰਿਹਾ ਹੈ !

(੭੭) ਪਰ ਗੁਰ ਉਪਮਾ ਤੇ ਮਹਾਨਤਾ ਦੇ ਇਲਾਹੀ ਪਰਚਮ ਨੂੰ ਹਿੰਦੂ ਵਿਦ੍ਵਾਨਾਂ ਯਾ ਪ੍ਰੇਮੀਆਂ ਨੇ ਕਿਸੇ ਸੁਆਰਥ, ਯਾ ਸ਼ੋਭਾ ਦੀ ਅਕਾਂਕਸ਼ਾ ਤੋਂ ਪ੍ਰੇਰਿਤ ਹੋ ਕੇ ਮਸਨੂਈ ਜੋਸ਼ ਦੁਆਰਾ ਨਹੀਂ ਲਹਿਰਾਇਆ, ਸਗੋਂ ਕੁੱਝਕ ਹਿੰਦੂ ਗੁਰਮੁਖਾਂ ਦੇ ਪਾਵਨ ਹਿਰਦਿਆਂ ਵਿੱਚ ਸਤਿਗੁਰਾਂ ਦੀ ਜਾਗਦੀ ਜੋਤਿ ਦੀ ਪ੍ਰਤੱਖ ਝਲਕ ਵੀ ਪਈ ਹੈ. ਇਸ ਸੰਬੰਧ ਵਿੱਚ ਸਾਡੇ ਪਾਸ ਇੱਕ ਬਲੰਦ ਇਕਬਾਲ ਹਸਤੀ ਦੇ ਅਲੋਕਕਿ ਜੀਵਨ ਦੀ ਪੂਰਨ ਪ੍ਰਮਾਣੀਕ ਇਤਿਹਾਸਿਕ ਮਿਸਾਲ ਮੌਜੂਦ ਹੈ : ਸ਼ਹਿਰ ਪਿਸ਼ਾਵਰ ਦੇ ਵਸਨੀਕ ਭਾਈ ਭਗਵਾਨ ਸਿੰਘ ਜੀ ਤੇ ਏਹਨਾਂ ਦੇ ਸੁਪੁਤ੍ਰ ਭਾਈ ਵਿਸਾਖਾ ਸਿੰਘ ਜੀ, ਕਿਹਾ ਜਾਂਦਾ ਹੈ ਕਿ, ਅਨੰਦ ਪੁਰ ਵਿੱਚ, ਸ੍ਰੀ ਕਲਗੀ ਧਰ ਦੇ ਦਰਬਾਰੀ ਖ਼ਜ਼ਾਨਚੀ ਸਨ, ਵਿਸਾਖਾ ਸਿੰਘ ਜੀ ਦੀ ਪੁਤ੍ਰੀ ਬੀਬੀ ਲਡਿੱਕੀ ਨਾਲ, ਪਿਸ਼ਾਵਰ ਵਿੱਚ ਹੀ, ਭਾਈ ਰਾਮ ਸਹਾਇ ਜੀ ਦੀ ਸ਼ਾਦੀ ਹੋਈ, ਜੋ ਬਾਹਰੀ ਬਰਾਦਰੀ ਦੀ ਮਲਹੋਤ੍ਰਾ ਜਾਤਿ ਦੇ ਖਤ੍ਰੀ ਸਨ. ਬੀਬੀ ਲਡਿੱਕੀ ਜੀ ਬਚਪਨ ਤੋਂ ਹੀ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਚਰਨਾਂ ਦੇ ਅਨੁਰਾਗੀ ਸਨ. ਏਹਨਾਂ ਦੇ ਸੁਭਾਗੇ ਉਦਰ ਤੋਂ ੧੭ ਮਈ ਸਨ ੧੭੮੩ ਨੂੰ ਬਾਬਾ ਦਿਆਲ ਜੀ ਨੇ ਜਨਮ ਲਿਆ. ਇਹ ਹਾਲੀ ਬਹੁਤ ਹੀ ਛੋਟੀ ਉਮਰ ਦੇ ਸਨ ਕਿ ਏਹਨਾਂ ਦੇ ਪਵਿਤ੍ਰ ਅੰਤਹ ਕਰਣ ਵਿੱਚ ਦੁਸ਼ਟ ਦਮਨ ਸ੍ਰੀ ਦਸ਼ਮੇਸ਼ ਜੀ ਦੇ ਹਾਜ਼ਰ ਹਜ਼ੂਰ ਦੀਦਾਰ ਦਾ ਨੂਰ ਚਮਕਿਆ. ਤੱਤ ਕਾਲ ਆਪ ਨੇ, ਹਿੰਦੂ ਚਿਹਨ ਚਕ੍ਰਾਂ ਵਿੱਚ, ਨਿਰੋਲ ਗੁਰਮਤਿ ਦਾ ਉਪਦੇਸ਼ ਕਰਨਾ ਅਰੰਭ ਕਰ ਦਿੱਤਾ, ਅਰ ਇਸ ਆਤਮ ਰਸ ਸਿੰਚਿਤ ਅਵਸਥਾ ਵਿੱਚ ਆਪ ਜਦ ਪੱਚੀ ਸਾਲ ਦੇ ਹੋਏ

Sri Satguru Jagjit Singh Ji eLibrary NamdhariElibrary@gmail.com

ਤਾਂ ਪਿਸ਼ਾਵਰ ਤੋਂ (ਸਨ ੧੮੦੮ ਵਿੱਚ) ਰਾਵਲ ਪਿੰਡੀ ਚਲੇ ਗਏ, ਉੱਥੇ ਰਹਿ ਕੇ ਆਪ ਨੇ ਪੂਰੇ ਸੰਤਾਲੀ ਵੱਰ੍ਹੇ (ਅਰਥਾਤ, ਸਨ ੧੮੫੫ ਤਕ) ਜਿਸ ਅਦਭੁਤ ਮਿਕਨਾਤੀਸੀ ਸ਼ਕਤੀ ਦੁਆਰਾ ਸਜੀਵ ਸਿੱਖੀ ਦਾ ਪ੍ਰਵਾਹ ਚਲਾਇਆ ਉਸ ਦਾ ਪ੍ਰਤੱਖ ਸਬੂਤ ਅੱਜ ਉਹਨਾਂ ਅਣਗਿਣਤ ਪ੍ਰਾਣੀਆਂ ਦੀ ਉੱਚ ਰੂਹਾਨੀ ਤੇ ਸਦਾਚਾਰੀ ਰਹੁ ਰੀਤਿ ਤੋਂ ਦ੍ਰਿਸ਼ਟੀ ਪੈ ਰਿਹਾ ਹੈ ਜਿਨ੍ਹਾਂ ਦੇ ਪਰ ਪਿਤਾਮਿਆਂ ਨੇ ਆਪ ਜੀ ਦੇ ਮੁਖਾਰਬਿੰਦ ਤੋਂ ਨਿਰੰਕਾਰੀ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ) ਦਾ ਆਧਿਆਤਮਿਕ ਸਨੇਹਾ (Spiritual Message) ਸੁਣਿਆ ਸੀ. ਏਹਨਾਂ ਤੋਂ ਬਾਦ ਏਹਨਾਂ ਦਾ ਸੇਵਾ-ਸਿੰਘਾਸਣ ਏਹਨਾਂ ਦੇ ਸੁਪੁਤ੍ਰ ਬਾਬਾ ਦਰਬਾਰਾ ਸਿੰਘ ਜੀ ਨੇ ਸਾਂਭਿਆ. ਆਪ ਦਾ ਜਨਮ ਸਨ ੧੮੧੪ ਵਿੱਚ ਤੇ ਦੇਹਾਂਤ ਸਨ ੧੮੭੦ ਵਿੱਚ ਹੋਇਆ ਸੀ. ਆਪ ਦੀ ਸੰਸਾਰ ਯਾਤ੍ਰਾ ਮਗਰੋਂ ਆਪ ਦੇ ਲਘੁ ਭ੍ਰਾਤਾ ਬਾਬਾ ਰੱਤਾ ਜੀ ਨੇ (ਜਿਨ੍ਹਾਂ ਦਾ ਜਨਮ ਸਨ ੧੮੩੦ ਦਾ ਸੀ) ਇਸ ਪਰਮ ਪਾਵਨ ਸੇਵਾ ਨੂੰ ਸਨ ੧੯੦੯ ਤਕ ਨਿਬਾਹਿਆ. ਇਸ ਵਿੱਚ ਸ਼ਕ ਨਹੀਂ ਕਿ ਆਪ ਕੇਸਧਾਰੀ ਨ ਸਨ, ਪਰ ਗੁਰਮਤਿ ਤੱਤ ਦੇ ਰਸ ਨੂੰ ਆਪ ਨੇ ਉੱਚ ਤੋਂ ਉੱਚ ਸ਼ਿਖਰ ਤਕ ਅਰ ਡੂੰਘੀ ਤੋਂ ਡੂੰਘੀ ਤਹਿ ਤਕ ਆਤਮ ਅਨੁਭਵ ਵਿੱਚ ਮਾਣਿਆ. ਮੈਂ ਖ਼ੁਦ ਅਕਤੂਬਰ, ਸਨ ੧੯੦੩ ਵਿੱਚ (ਰਾਵਲ ਪਿੰਡੀ ਸ਼ਹਿਰ) ਆਪ ਦੀ ਮਨੋਹਰ ਮੂਰਤੀ ਦੇ ਦਰਸ਼ਨ ਪਾਏ, ਜੋ ਮੇਰੀ ਸਿਮ੍ਰਿਤੀ ਦੇ ਚੇਤਨ ਨਗਰ ਵਿੱਚ ਇਸ ਸਮੇਂ ਤਕ ਉਪਸਥਿਤ ਹਨ. ਆਪ ਦੇ ਸੱਚ ਖੰਡ ਪਧਾਰਨ ਮਗਰੋਂ ਇਨ੍ਹਾਂ ਦੇ ਕੇਸਧਾਰੀ ਸੁਤ ਬਾਬਾ ਗੁਰਦਿਤ ਸਿੰਘ ਜੀ ਨੇ ਸਨ ੧੯੪੭ ਤਕ ਗੁਰਮਤਿ ਦਾ ਪ੍ਰਚਾਰ ਕੀਤਾ. ਇਨ੍ਹਾਂ ਦਾ ਜਨਮ ਸਨ ੧੮੬੮ ਦਾ ਸੀ. ਹੁਣ ਅਜ ਕਲ ਬਾਬਾ ਗੁਰਦਿਤ ਸਿੰਘ ਜੀ ਦੇ ਸੁਪੁਤ੍ਰ ਬਾਬਾ * ਹਰਾ ਸਿੰਘ ਜੀ, ਜਿਨ੍ਹਾਂ ਦਾ ਜਨਮ ਸਨ ੧੮੮੭ ਦਾ ਹੈ, ਬਾਬਾ ਦਿਆਲ ਜੀ ਦੇ ਸੁਦਰਸ਼ਨੀਯ ਆਸਣ ਪਰ ਬਿਰਾਜਮਾਨ ਹਨ, ਤੇ, ਚੰਡੀਗੜ੍ਹ ਵਿਖੇ ਨਿਰੰਕਾਰੀ ਸਿਰਜਣਹਾਰ ਦਾ ਜੈ ਜੈ ਕਾਰ ਮਨਾ ਰਹੇ ਹਨ. ਬਾਬਾ ਦਿਆਲ ਜੀ ਦੇ ਸਤਿਸੰਗੀ 'ਨਿਰੰਕਾਰੀ' ਅਖਵਾਂਦੇ ਹਨ ਤੇ ਏਹਨਾਂ ਦਾ ਦਾਵਾ ਹੈ ਕਿ ਅਕਾਲ ਪੁਰਖ ਦਾ ਯਥਾਰਥ ਨਾਮ 'ਨਿਰੰਕਾਰ' ਹੈ, ਕਿਉਂਕਿ ਜੋ ਆਦਿ ਸਤਿਗੁਰਾਂ ਨੇ ਫ਼ਰਮਾਇਆ ਹੈ, "ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥" (ਆਸਾ ਦੀ ਵਾਰ, ਮ: ੧ ॥ ਪੰ:

* ਅੰਮ੍ਰਿਤਸਰ ਵਿੱਚ, ਸ਼ੀਲ ਸੰਜਮ ਦੇ ਚੰਦ੍ਰਮਾ. ਡਾਕਟਰ ਮਾਨ ਸਿੰਘ ਜੀ ਨਿਰੰਕਾਰੀ, (F. R. C. S. Edin.), ਨੇਤ੍ਰ ਰੋਗਾਂ ਦੇ ਪ੍ਰਬੀਣ ਚਿਕਿਤਸਕ, ਏਹਨਾਂ ਦੇ ਹੀ ਆਤਮਜ ਹਨ ।

Sri Satguru Jagjit Singh Ji eLibrary NamdhariElibrary@gmail.com

੪੬੫.) ਪ੍ਰੰਤੂ ਸਤਿ ਗੁਰਾਂ ਨੇ ਤਾਂ ਇਉਂ ਵੀ ਉਚਾਰਿਆ ਹੈ, "ਨਾਉ ਤੇਰਾ ਗਹਣਾ ਮਤਿ ਮਕਸੂਦ ॥.....ਨਾਉ ਤੇਰਾ ਤਾਣੁ ਨਾਉ ਦੀਬਾਣੁ ॥ ਨਾਉ ਤੇਰਾ ਲਸਕਰੁ ਨਾਉ ਸੁਲਤਾਨ ॥...ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ ।" (ਪ੍ਰਭਾਤੀ ਮ : ੧ ॥ ਪੰ: ੧੩੨੭.) ਫਿਰ ਇਸੇ ਪ੍ਰਕਾਰ ਭਗਤ ਰਵਿਦਾਸ ਜੀ ਫਰਮਾਂਦੇ ਹਨ : "ਨਾਮ ਤੇਰੋ ਆਰਤੀ ਮਜਨੁ ਮੁਰਾਰੇ ॥.....ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੈ ਨਾਮੁ ਲੈ ਤੁਝਹਿ ਕਉ ਚਾਰੇ ॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥.....ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥" (ਧਨਾਸਰੀ, ਪੰ: ੬੯੪.) ।

(੭੮) ਉਪੋਕਤ ਹਿੰਦੂ ਗੁਰਮੁਖਾਂ ਦੀ ਕ੍ਰਿਤਾਰਥ ਸ਼੍ਰੇਣੀ ਵਿੱਚੋਂ ਸ੍ਰੀ ਗੁਰੂ ਨਾਨਕ ਪਦ ਪੰਕਜ ਦੇ ਭੌਰੇ ਮਹਾਤਮਾ ਬ੍ਰਿੰਦਾਬਨ ਜੀ ਵੀ ਸਨ. ਏਹਨਾਂ ਦੇ ਪਿਤਾ ਸੇਠ ਦਲਵਾਲੀ ਸਿੰਘ ਤੇ ਮਾਤਾ ਮਹਾ ਮਾਇਆ ਆਗਰੇ ਵਿੱਚ ਪੰ ਨੀ ਗਲੀ ਦੇ ਵਸਨੀਕ ਸਨ. ਇਸ ਤਰ੍ਹਾਂ ਇਹ ਸੇਠ ਸ਼ਿਵ ਦਿਆਲ ਸਿੰਘ ਜੀ ਦੇ ਸੱਕੇ ਛੋਟੇ ਭਾਈ ਸਨ ਜਿਨ੍ਹਾਂ ਦੇ ਸ਼ਿਸ਼ ਰਾਇ ਸਾਲਿਗ ਰਾਮ ਜੀ ਨੇ ਰਾਧਾ ਸੁਆਮੀ ਮਤ ਚਲਾਇਆ. ਬ੍ਰਿੰਦਾ ਬਨ ਜੀ ਦਾ ਜਨਮ ਸਨ ੧੮੨੫ ਵਿੱਚ ਹੋਇਆ. ਏਹਨਾਂ ਨੇ ਇੱਕ ਨਿਰਮਲੇ ਸੰਤ ਕਾਨ੍ਹ ਸਿੰਘ ਜੀ ਤੋਂ ਗੁਰਮੁਖੀ ਪੜ੍ਹੀ ਤੇ ਬਾਵਾ ਅਮੀਰ ਚੰਦ ਜੀ ਫੋਦੀ ਤੋਂ ਵਾਹਿਗੁਰੂ ਮੰਤ੍ਰ ਦੀ ਦੀਖਿਆ ਲਈ. (ਦੇਖੋ, ਮਹੰਤ ਗਣੇਸ਼ਾ ਸਿੰਘ ਜੀ ਕ੍ਰਿਤ ਭਾਰਤ ਮਤ ਦਰਸ਼ਨ, ਪ੍ਰਥਮ ਐਡੀਸ਼ਨ, ਅੰਮ੍ਰਿਤਸਰ, ਸਨ ੧੯੨੬, ਪੰਨਾ ੨੨੫) ਕਈ ਵਰ੍ਹਿਆਂ ਤਕ ਇਸ ਪਰਮ ਸਿੱਧ ਮੰਤ੍ਰ ਦਾ ਅਟੁਟ ਅਭਿਆਸ ਕਰਨ ਮਗਰੋਂ ਏਹਨਾਂ ਦੇ ਦਿੱਬਜ ਨੇਤ੍ਰ ਖੁਲ੍ਹ ਗਏ ਤੇ ਏਹਨਾਂ ਦੀ ਚੇਤਨਤਾ ਵਿੱਚ ਗੁਰਮਤਿ ਦੀ ਹਕੀਕਤ ਲਿਸ਼ਕੀ, ਤੇ ਸਰਬਤ੍ਰ ਜ਼ਮੀਨ ਜ਼ਮਾਨ ਵਿਖੇ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਨੂਰ ਦਾ ਜ਼ਹੂਰ ਦਿਸਿਆ, ਹੌਲੀ ਹੌਲੀ ਨਗਰ ਨਿਵਾਸ਼ੀਆਂ ਨੇ ਆਪ ਦੀ ਸੰਗਤ ਤੋਂ ਰੂਹਾਨੀ ਲਾਭ ਉਠਾਣਾ ਅਰੰਭ ਕਰ ਦਿੱਤਾ ਤੇ ਮਗਰੋਂ ਸਾਰੇ ਉੱਤਰ ਪ੍ਰਦੇਸ਼ ਵਿੱਚ ਆਪ ਦੀ ਮਹਿਮਾ ਫੈਲ ਗਈ. ਇੱਥੋਂ ਤਕ ਕਿ ਆਪ ਦੇ ਸਤਿਸੰਗੀ ਸਾਧੂਆਂ ਨੇ ਆਪਣਾ ਵਖਰਾ ਅਖਾੜਾ (Monastic Order with an Abbey or Monastery) ਕਾਇਮ ਕਰ ਲਿਆ ਤੇ ਆਪਣੀ ਸੰਪ੍ਰਦਾਇ ਦਾ ਨਾਮ 'ਬਿਹਾਰ ਬ੍ਰਿੰਦਾਬਨੀ ਨਾਨਕ ਸ਼ਾਹੀ' ਰਖਿਆ. ਪਰ ਆਮ ਲੋਕ ਇਸ ਨੂੰ 'ਛੋਟਾ ਨਿਰਮਲ ਅਖਾੜਾ' ਆਖਦੇ ਸਨ, ਕਿਉਂ ਜੋ ਇਹ ਅਖਾੜਾ ਹਮੇਸ਼ਾਂ ਨਿਰਮਲੇ ਸੰਤਾਂ ਦੇ ਅਖਾੜੇ ਨਾਲ ਹੀ ਆਪਣੇ ਜਲੂਸ ਕਢਦਾ ਸੀ. ਬ੍ਰਿੰਦਾਬਨ ਜੀ ਨੇ ਹਿੰਦੀ ਵਿੱਚ ਇੱਕ ਬੜੀ

Sri Satguru Jagjit Singh Ji eLibrary NamdhariElibrary@gmail.com

ਉੱਤਮ ਪੁਸਤਕ ਦੀ ਰਚਨਾ ਕੀਤੀ ਜਿਸ ਦਾ ਨਾਮ 'ਬਿਹਾਰ ਬ੍ਰਿੰਦਾਬਨ' ਹੈ. ਇਹ ਵੱਡੇ ਆਕਾਰ ਦੇ ਕਾਗ਼ਜ਼ ਪਰ ਪੰਜ ਸੌ ਪੰਨਿਆਂ ਦੀ ਪੋਥੀ ਹੈ ਤੇ ਨਵਲ ਕਿਸ਼ੋਰ ਪ੍ਰੈਸ ਲਖਨਊ (ਸਨ ੧੯੧੫) ਵਿੱਚ ਸਤਵੀਂ ਵੇਰ ਛਪੀ ਹੈ. ਇਹ ਸੁਰਤ ਸ਼ਬਦ ਯੋਗ ਦਾ ਭੰਡਾਰ, ਤੇ ਗੁਰਮਤਿ ਅਨੁਰਾਗ ਦਾ ਸਾਗਰ ਹੈ. ਸਾਤ੍ਰਿਕ ਨਿਮ੍ਰਤਾ ਵਿੱਚ ਰਚੀ ਹੋਈ ਇਹ ਅਤਿ ਮਿੱਠੀ ਤੇ ਸੁਰੀਲੀ ਬਾਣੀ ਹੈ. ਗ੍ਰੰਥਕਾਰ ਨੇ ਸ੍ਵਯੰ ਇਸ ਨੂੰ 'ਸ਼ਾਂਤ ਵੇਦ' ਵੀ ਕਿਹਾ ਹੈ. ਬ੍ਰਿੰਦਾਬਨ ਜੀ ਦੀ ਆਪਣੀ ਰਚਨਾ ਇਸ ਪੁਸਤਕ ਦੇ ਪੰਨਾ ੪੫੪ ਤੇ ਸਮਾਪਤ ਹੈ ਤੇ ਅੱਗੇ ਕੁੱਝ ਇਤਿਹਾਸਿਕ ਬ੍ਰਿਤਾਂਤ, ਤੇ ਅਵਸ਼ਿਸ਼ਟ ਰਚਨਾਵਾਂ, ਹਨ ਜੋ ਬ੍ਰਿੰਦਾਬਨੀ ਅਖਾੜੇ ਦੇ ਸ੍ਰੀ ਮਹੰਤ ਅਟਲ ਸਰੂਪ (ਬਾਵਾ ਅਟਲ ਸਿੰਘ) ਤੇ ਹੋਰ ਮੁਖੀ ਸਾਧੂਆਂ ਦੀ ਲੇਖਣੀ ਤੋਂ ਹਨ. ਸਭ ਤੋਂ ਆਵਸ਼ਯਕ ਤੇ ਸ੍ਵਾਦਲੀ ਇਤਿਹਾਸਿਕ ਘਟਨਾ ਇਹ ਦਰਜ ਹੈ ਕਿ ਇਲਾਹਾਬਾਦ ਵਿੱਚ ਸਨ ੧੮੭੦ ਦੇ ਕੁੰਭ ਪਰ ਬ੍ਰਿੰਦਾਬਨੀ ਅਖਾੜੇ ਦਾ ਬੜਾ ਸ਼ਾਨਦਾਰ ਜਲੂਸ ਨਿਕਲਿਆ, ਜਿਸ ਦੀ ਤਸਦੀਕ ਲਈ ਮਾਰਚ ਸਨ ੧੮੭੦ ਦੇ ਅਵਧ ਅਖ਼ਬਾਰ ਲਖਨਊ ਦਾ ਹਵਾਲਾ ਦਿੱਤਾ ਹੈ ਤੇ ਦਸਿਆ ਹੈ ਕਿ ਆਗਰੇ ਤੋਂ ਬ੍ਰਿੰਦਾਬਨ ਜੀ ਆਪ ਵੀ ਪਹੁੰਚੇ ਹੋਏ ਸਨ, ਅਰ ਏਹਨਾਂ ਦੀ ਸਵਾਰੀ ਨਾਲ ਬਾਰਾਂ ਹਾਥੀ ਸਨ, ਤੇ ਸ੍ਰੀ ਗੁਰੂ ਨਾਨਕ ਪੰਥ ਦੇ ਅਨੁਯਾਈ ਹੋਣ ਦੇ ਕਾਰਣ ੨੦੦੦ (ਦੋ ਹਜ਼ਾਰ) ਨਿਰਮਲੇ ਸਾਧੂ ਵੀ ਏਹਨਾਂ ਦੇ ਨਾਲ ਸਨ. ਜਲੂਸ ਦੀ ਰਸਮ ਅਦਾਇਗੀ ਮਗਰੋਂ ਨਿਰਮਲ ਅਖਾੜੇ ਦੇ ਸ੍ਰੀ ਮਹੰਤ (ਮਹਿਤਾਬ ਸਿੰਘ) ਜੀ ਬ੍ਰਿੰਦਾਬਨ ਜੀ ਨੂੰ ਬੜੀ ਧੂਮ ਧਾਮ ਨਾਲ ਬਿਧੀ ਪੂਰਬਕ ਆਪਣੇ ਅਖਾੜੇ ਵਿੱਚ ਲੈ ਗਏ, ਤੇ ਅਗਲੇ ਦਿਨ ਦੋ ਸੌ ਉਦਾਸੀ ਸੰਤ ਏਹਨਾਂ ਨੂੰ ਹਾਥੀ ਪਰ ਸਵਾਰ ਕਰ ਕੇ ਆਪਣੇ ਅਸਥਾਨ ਨੂੰ ਲੈ ਗਏ. (ਪੰਨਾ ੪੭੬–੭੭.) ਬਿਹਾਰ ਬ੍ਰਿੰਦਾਬਨ ਤਕਰੀਬਨ ਸਾਰਾ ਹੀ ਛੰਦਾਬੰਦੀ ਵਿੱਚ ਹੈ, ਪਰ ਕਿਤੇ ਕਿਤੇ ਇਸ ਵਿਚ ਵਾਰਤਿਕ ਰਚਨਾ ਵੀ ਮੌਜੂਦ ਹੈ. ਗ੍ਰੰਥ ਦੇ ਅਰੰਭ ਵਿੱਚ '੧ ੳ ਸਤਿ ਨਾਮ ਗੁਰ ਪ੍ਰਸਾਦਿ ਸ੍ਰੀ ਵਾਹਗੁਰੂ' ਆਦਿ ਲਿਖਿਆ ਹੈ. ਫਿਰ, ਪੁਸਤਕ ਦੇ ਨਾਮ ਮਗਰੋਂ, ਇਹ ਦੋ ਦੋਹਰੇ ਹਨ : "ਕਰੋਂ ਬੰਦਨਾ ਦੰਡ ਵਤ, ਨਾਨਕ ਸ਼ਾਹ ਮਹਬੂਬ। ਦਸੋਂ ਦਿਸ਼ਾ ਮੋਂ ਰਮਿ ਰਹੇ, ਵਿਆਪਕ ਜਲ ਥਲ ਦੂਬ॥ ਬ੍ਰਿੰਦਾਬਨ ਜਿੰਹ ਪਰਗਟੇ ਸਤਗੁਰੁ ਨਾਨਕ ਸ਼ਾਹ। ਸਹਜੈ ਉਨ ਕੀ ਬਨ ਗਈ, ਸ਼ਬਦ ਰਹੇ ਲਿਵ ਲਾਹ॥" (ਪੰਨਾ ੧.) ਗ੍ਰੰਥ ਦੇ ਪੰਜ ਭਾਗ ਹਨ. ਹਰ ਭਾਗ ਦੇ ਅਰੰਭ ਵਿੱਚ "੧ ੳ ਸਤਿਗੁਰ ਪ੍ਰਸਾਦ" ਹੈ. ਪੰਨਾ ੨ ਪਰ ਇਹ ਦੋਹਤਾ ਹੈ : "ਵਾਹਗੁਰੂ ਜੋ ਚਿਤ ਧਰੈਂ ਸੋ ਨਰ ਬੜੇ ਕੁਲੀਨ। ਯਾ ਜਗ ਮੋਂ ਨਿਰਭੈ ਰਹੈਂ, ਪਾਵੈਂ ਮੁਕਤਿ ਪ੍ਰਬੀਨ॥" ਪੰਨਾ ੭ ਤੋਂ ੧੩ ਤਕ 'ਵਾਹਗੁਰੂ

Sri Satguru Jagjit Singh Ji eLibrary NamdhariElibrary@gmail.com

ਨਾਮਾ' ਬਾਣੀ ਹੈ, ਜਿਸ ਵਿੱਚ ਚਾਰ ਚਾਰ ਚਰਨਾਂ ਦੇ ੧੮ ਛੰਦ ਹਨ, ਪਰ ਹਰ ਚਾਰ ਚਰਨਾਂ ਮਗਰੋਂ ਦੋ ਚਰਨਾਂ ਵਿੱਚ ਇਹ ਤੁਕਾਂ ਔਂਦੀਆਂ ਹਨ : "ਸਭ ਕਾਮ ਤਿਆਗ ਜਪ ਨਾਮ ਵਿਸੰਭਰ ਵਾਹਗੁਰੂ ਕਹੁ ਬ੍ਰਿੰਦਾ ਬਨ । ਬਸ ਮੁਕਤਿ ਮਿਲੈ ਸੁਖ ਚੈਨ ਬੜੇ ਅਰੁ ਪਾਕ ਰਹੈ ਸਾਰਾ ਤਨ ਮਨ." ਇਸ ਬਾਣੀ ਦਾ ਅੰਤਿਮ ਯਾਨੇ ਅਠਾਰੂਵਾਂ ਛੰਦ ਇਹ ਹੈ : "ਯਹ ਨਾਸਹ ਕੁਛ ਦੀਵਾਨਾ ਹੈ, ਕਿਆ ਫ਼ਾਇਦਾ ਇਨ ਤਦਬੀਰੋਂ ਸੇ । ਹਮ ਪੰਦ ਉਸੀ ਕੋ ਕਹਤੇ ਹੈਂ ਜੋ ਪੰਦ ਹੋ ਪੁਰ ਤਾਸੀਰੋਂ ਸੇ। ਯਹਾਂ ਜ਼ਰਫ਼ ਨਹੀਂ ਅਪਨਾ ਐਸਾ ਜੋ ਬਹਸ ਕਰੈਂ ਬੇਪੀਰੋਂ ਸੇ ਬ੍ਰਿੰਦਾਬਨ ਨਾਨਕ ਗੁਣ ਗਾਵੋ ਕਿਆ ਹਾਸਿਲ ਇਨ ਤਕਰੀਰੋਂ ਸੇ ।। ਸਭ ਕਾਮ ਤਿਆਗ ਜਪ ਨਾਮ ਵਿਸੰਭਰ ਵਾਹਗੁਰੂ ਕਹੁ ਬ੍ਰਿੰਦਾਬਨ । ਬਸ ਮੁਕਤਿ ਮਿਲੈ ਸੁਖ ਚੈਨ ਬੜੇ ਅਰੁ ਪਾਕ ਰਹੈ ਸਾਰਾ ਤਨ ਮਨ ।।" ਪੰਨਾ ੫੩ ਪਰ ਇੱਕ ਗ਼ਜ਼ਲ ਹੈ ਜਿਸ ਦੇ ਅਰੰਭਕ ਦੋ ਬੰਦ ਇਹ ਹਨ : "ਗੁਰੂ ਤੇਗ ਬਹਾਦੁਰ ਨੇ ਬਨਾਏ ਹੈਂ ਸਬੀ ਕਾਮ । ਕਾਟੇ ਹੈਂ ਜਗਤ ਫੰਦ ਲਖਾਇਆ ਹੈ ਗੁਰੂ ਨਾਮ ।।" ਐਸਾ ਪ੍ਰਤੀਤ ਹੁੰਦਾ ਹੈ ਕਿ ਇਹ ਗ਼ਜ਼ਲ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਉਸ ਗੁਰਦੁਆਰੇ ਪ੍ਰਤਿ ਸ਼ਰੱਧਾਂਜਲੀ ਹੈ, ਜੋ ਆਗਰੇ ਦੇ ਮਾਈ ਥਾਨ ਮਹੱਲੇ ਵਿੱਚ ਪ੍ਰਤਿਸ਼ਠਿਤ ਹੈ. ਪੰਨਾ ੫੪ : "ਵਾਹਗੁਰੂ ਕਹਨੇ ਸੇ ਤੂ ਬਿਲਕੁਲ ਸਫ਼ਾ ਬਚ ਜਾਏਗਾ ।।" ਪੰਨਾ ੫੫ : "ਸਿਵਾ ਇਕ ਵਾਹਗੁਰੂ ਬਿਨ ਅਬ ਨਹੀਂ ਕੁਛ ਔਰ ਜਾਨੂੰ ਹੂੰ ।।" ਪੰਨਾ ੧੨੦ : "ਗਹੋ ਸਤਨਾਮ ਦੁਖ ਮੋਚਾ" । ਪੰਨਾ ੧੨੪ : "ਗੁਰੂ ਨਾਨਕ ਕੀ ਸਾਖ ਹੈ, ਜਿਨ ਦੂਰ ਕੀਆ ਹੈ ਜਿੱਨ ।।" ਪੰਨਾ ੧੫੧ ਪਰ ਬ੍ਰਿੰਦਾਬਨ ਜੀ ਜਿਗਿਆਸੂ ਰੂਪ ਵਿੱਚ ਪ੍ਰਸ਼ਨ ਕਰਦੇ ਹਨ : "ਭਲਾ ਗੁਰੂ ਨਾਨਕ ਸ਼ਾਹ ਕੀ ਬਾਣੀ ਕੈਸੀ ਹੈ ?" ਤੇ ਪੰਨਾ ੨੬੦–੬੧ ਪੁਰ ਪਰਮ ਹੰਸ ਰੂਪ ਵਿੱਚ ਇਸ ਪ੍ਰਸ਼ਨ ਦਾ ਉੱਤਰ ਆਪ ਹੀ ਇਸ ਪ੍ਰਕਾਰ ਦੇਂਦੇ ਹਨ : "ਔਰ ਜੋ ਤੁਮ ਨੇ ਪੂਛਾ ਕਿ ਗੁਰੂ ਨਾਨਕ ਸ਼ਾਹ ਕੀ ਬਾਣੀ ਕਾ ਬ੍ਰਿਤਾਂਤ ਕਹੋ ਸੋ ਸੁਨੋ–ਗੁਰੂ ਨਾਨਕ ਸ਼ਾਹ ਫ਼ਕੀਰ, ਹਿੰਦੂ ਕੇ ਗੁਰੂ ਔਰ ਮੁਸਲਮਾਨ ਕੇ ਪੀਰ । ਧਨਜ ! ਧਨਜ !! ਧਨਜ !!! ਕਿਆ ਬਾਣੀ ਹੈ ! ਸ਼ਰਬਤ ਕਾ ਘੂੰਟ ਹੈ; ਪੜ੍ਹਤੇ ਹੀ ਸ਼ਾਂਤ ਪ੍ਰਾਪਤ ਹੋਤੀ ਹੈ, ਤੀਨੋਂ ਤਾਪੋਂ ਕਾ ਨਾਸ਼ ਕਰਨੇ ਵਾਲੀ ਹੈ । ਔਰ ਬਾਣੀ ਮੇਂ ਕਿਸੀ ਕੀ ਨਿੰਦਾ ਨਹੀਂ, ਕੇਵਲ ਮਾਲਿਕ ਕੀ ਓਰ ਅਨੁਰਾਗ, ਸੁਰਤ ਸ਼ਬਦ ਕਾ ਮੇਲ ਔਰ ਗਿਆਨ ਹੈ । ਪਹਿਲੇ ਸੁਖਮਨੀ ਸਾਹਿਬ ਕਾ ਪਾਠ ਕਰੋ, ਦੇਖੋ ਕਿਆ ਅਮੋਲ ਪਦਾਰਥ ਹੈ ! ਮਹਾਰਾਜ, ਸਤਜ ਹੈ ! ਐਸੀ ਹੀ ਪ੍ਰਸ਼ੰਸਾ ਸਾਰੇ ਸੁਨੀ ਹੈ, ਔਰ ਮੈਨੇ ਦੇਖਾ ਹੈ ਕਿ ਔਰ ਪੰਥੋਂ ਕੇ ਸਾਧੂ, ਬ੍ਰਾਹਮਣ, ਉਪਾਸਕ, ਗਿਆਨੀ, ਸਬ ਗੁਰੂ ਕੀ ਬਾਣੀ ਕਾ ਪਾਠ ਕਰਤੇ ਹੈਂ ।।"

Sri Satguru Jagjit Singh Ji eLibrary NamdhariElibrary@gmail.com

ਬਸ, ਮਹਾਤਮਾ ਬ੍ਰਿੰਦਾਬਨ ਜੀ ਰਚਿਤ 'ਬਿਹਾਰ' (ਖੇਲ, ਕ੍ਰੀੜਾ, ਲੀਲਾ ਅਥਵਾ 'ਬਹਾਰ' (ਬਸੰਤ) ਗ੍ਰੰਥ ਕੀ ਹੈ, ਮਾਨੋ ਕੁਦਰਤੀ ਬਸੰਤ ਰੁਤ ਦਾ ਬਸੰਤੀ ਗੁਲਸ਼ਨ ਹੈ, ਜਿਸ ਵਿੱਚ ਸਤਿਗੁਰਾਂ ਦੀ ਇਲਾਹੀ ਸ਼ਕਤੀ ਤੇ ਵਿਭੂਤੀ ਦੇ ਸੁਵੰਨੇ ਤੇ ਸੁਗੰਧਿਤ ਪੁਸ਼ਪਾਂ ਦਾ ਇੱਕ ਵਿਚਿਤ੍ਰ ਖੇੜਾ ਖਿੜਿਆ ਪਿਆ ਹੈ, ਤੇ ਜਿਸ ਦੀ ਅਮਿਤ ਵਡਿਆਈ ਦਾ ਸੇਹਰਾ ਕੇਵਲ ਨਿਰਮਲੇ ਤੇ ਉਦਾਸੀ ਸੰਤਾਂ ਦੇ ਸ਼ੋਭਨੀਕ ਸਿਰਾਂ ਪੁਰ ਹੀ ਸਜਾਣਾ ਪਵੇਗਾ, ਜਿਨ੍ਹਾਂ ਦੀ ਸੁਸ਼ੀਲ ਸੰਗਤ ਤੇ ਪਵਿਤ੍ਰ ਤੇਜ ਪ੍ਰਤਾਪ ਦੁਆਰਾ ਬਾਬਾ ਬ੍ਰਿੰਦਾਬਨ ਜੀ ਸ੍ਰੀ ਗੁਰੂ ਨਾਨਕ ਦੇ ਘਰ ਆਏ। ਓਦੋਂ (ਸਨ ੧੮੨੫-੭੦ ਤਕ) ਅਜੇ ਸ੍ਰੀ ਗੁਰੂ ਸਿੰਘ ਸਭਾ ਦੀ ਉਤਪਤੀ ਨ ਹੋਈ ਸੀ ਤੇ ਹੋਰ ਵੀ ਕਿਸੇ ਪ੍ਰਕਾਰ ਦੇ ਗੁਰਮਤਿ ਪ੍ਰਚਾਰ ਨੇ ਅਜੇ ਗ੍ਰਿਹਸਥੀ ਸਿੱਖਾਂ ਦੀ ਸਿੱਖੀ ਤੋਂ ਜਨਮ ਨ ਲਿਆ ਸੀ. ਬ੍ਰਿੰਦਾਬਨ ਜੀ ਦਾ ਦੇਹਾਂਤ ਸਨ ੧੮੭੬ ਵਿੱਚ ਅਯੁਧਿਆ ਸ਼ਹਿਰ ਵਿਖੇ ਹੋਇਆ. ਏਹਨਾਂ ਦਾ ਇੱਕ ਡੇਰਾ ਅਯੁਧਿਆ ਵਿੱਚ ਵਸ਼ਿਸ਼ਟ ਕੁੰਡ ਪਰ, ਦੂਜਾ ਫ਼ੈਜ਼ਾਬਾਦ ਵਿੱਚ, ਤੇ ਤੀਜਾ ਨਵਾਦਾ (ਜ਼ਿਲਾ ਬਸਤੀ) ਵਿਖੇ ਅਸਥਾਪਨ ਕੀਤਾ ਗਿਆ ਸੀ.

(੭੮) ਨਿਰੰਕਾਰੀ ਤੇ ਬ੍ਰਿੰਦਾਬਨੀ ਬਾਬਿਆਂ ਦੇ ਸਾਂਝੇ ਬ੍ਰਿਤਾਂਤਾਂ ਤੋਂ ਮੈਨੂੰ ਤਿੰਨਾਂ ਨਿਰਨਿਆਂ ਦਾ ਨਿਸ਼ਚਿਤ ਗਿਆਨ ਹੁੰਦਾ ਹੈ: ਪਹਿਲੇ ਇਸਦਾ ਕਿ ਬੇ ਅੰਮ੍ਰਿਤੀ, ਕੇਸਾਂ ਤੋਂ ਬਿਨਾ, ਸ੍ਰੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਅਨੰਨ ਭਗਤ ਨੂੰ ਵੀ ਸਤਿਗੁਰੂ ਦੇ ਮੁਕੰਮਲ ਨੂਰ ਦੇ ਜ਼ਹੂਰ ਦੀ ਝਲਕ ਪੈ ਸਕਦੀ ਹੈ; ਦੂਜੇ ਇਸ ਦਾ ਕਿ ਸ੍ਰੀ ਦਸ਼ਮੇਸ਼ ਜੀ ਦੇ ਹਜ਼ੂਰੀ ਸਿੰਘ ਭਾਈ ਭਗਵਾਨ ਸਿੰਘ ਦੇ ਪੁਤ੍ਰ ਭਾਈ ਵਸਾਖਾ ਸਿੰਘ ਦੀ ਪੁਤ੍ਰੀ ਲਡਿੱਕੀ ਦੀ ਸ਼ਾਦੀ ਰਾਮ ਰਾਇ ਹਿੰਦੂ ਨਾਲ ਹੋਈ (ਜੇਹਾ ਕਿ ਉੱਪਰ ਹਕੀਕਤ ਰਾਇ ਦੇ ਪ੍ਰਕਰਣ ਵਿੱਚ ਵੀ ਇਹ ਨਿਰਨਾ ਦ੍ਰਸ਼ਟਵਜ ਹੈ); ਤੀਜੇ ਇਸ ਦਾ ਕਿ ਹਿੰਦੂ ਜਾਮੇ ਤੇ ਹਿੰਦੂ ਚਿਹਨ ਚਕ੍ਰਾਂ ਵਿੱਚ ਵੀ ਗੁਰ ਭਗਤ ਗੁਰਮਤਿ ਦਾ ਪੂਰਨ ਨਿਰੋਦੋਸ਼ ਪ੍ਰਚਾਰ ਕਰਨ ਦੇ ਅਧਿਕਾਰੀ ਤੇ ਸਮ੍ਰਥ ਹਨ.

(੭੯) ਵੇਦਿਕ ਤੇ ਗੁਰਮਤਿ ਦੀ ਸਾਂਝੀ ਵਿਚਾਰ ਦ੍ਰਿਸ਼ਟੀ ਤੋਂ ਰਾਧਾ ਸੁਆਮੀ ਸਮਾਜ ਦੀ ਵੀ ਅਤਿ ਵਿਸਤ੍ਰਿਤ ਸਮਾਲੋਚਨਾ ਕੀਤੀ ਜਾ ਚੁਕੀ ਹੈ, ਤੇ ਉਹ 'ਰਾਧਾ ਸੁਆਮੀ ਸਮਾਜ ਸਮਾਲੋਚਨਾ' ਨਾਮਕ ਪੁਸਤਕ ਵਿੱਚ ਅੱਡ ਪ੍ਰਕਾਸ਼ਿਤ ਹੋਵੇਗੀ. ਪਰ ਇੱਥੇ ਵੀ ਇਸ ਵਿਸ਼ੇ ਪੁਰ ਸੰਖੇਪ ਸਮੀਖਿਆ (ਸਮੀਕਸ਼ਾ) ਕਰਨੀ ਆਵਸ਼ਜਕ ਹੈ ਕਿਉਂ ਜੋ ਇਹ ਵੇਦ ਤੇ ਗੁਰਮਤਿ ਦੋਹਾਂ ਦੇ ਪ੍ਰੇਮੀਆਂ ਲਈ ਅਤਯੰਤ ਅਭੀਸ਼ਟ ਤੇ ਉਪਯੋਗੀ ਹੋਵੇਗੀ, ਭਾਰਤੀਯ ਇਤਿਹਾਸ ਵਿੱਚ 'ਰਾਧਾ ਸੁਆਮੀ' ਨਾਮ ਸਭ ਤੋਂ ਪਹਿਲੇ ਪੰਜਵੀਂ ਮਸੀਹ ਸਦੀ ਦੇ ਅਰੰਭ

Sri Satguru Jagjit Singh Ji eLibrary NamdhariElibrary@gmail.com

ਦਾ ਲਿਖਿਆ ਹੋਇਆ ਮਿਲਦਾ ਹੈ (ਦੇਖੋ, Indian Culture through the Ages, by S. V. Venkateswara, Longmans, Green, & Co. 1928, Vol. I, p. 204, "A Brahman Radhasvamin was professor of Mahayana Buddhism at Patliputra in Fa-Hien's time, i. e. 405—411 A. D.;" p. 225, "But Fa-Hien does not mention any monasteries in Taxila. In his time the chief place of higher Buddhist education was the Jatavana monastery near Patliputra, which had a regular succession of teachers extending over a thousand years. The monasteries of this part of the country invited students and 'teachers of virtue.' Radhasvamin the professor of Mahayana there, was living in 'spotless purity' and was respected by the people as well as the king.")

ਵਰਤਮਾਨ ਕਾਲ ਵਿੱਚ 'ਰਾਧਾਸੁਆਮੀ' ਨਾਮ ਦੇ ਨਿਰਮਾਣਕ ਤੇ ਇਸ ਨਾਮ ਦੀ ਸਮਾਜ ਦੇ ਸੰਚਾਲਕ ਰਾਇ ਬਹਾਦਰ ਸਾਲਿਗ ਰਾਮ ਜੀ (੧੮੨੮-੧੮੯੮) ਸਨ, ਨਾਂ ਕਿ ਸੇਠ ਸ਼ਿਵ ਦਿਆਲ ਸਿੰਘ ਜੀ (੧੮੧੮-੧੮੭੮), ਜਿਹਾ ਕਿ ਆਮ ਤੌਰ ਤੇ ਪ੍ਰਸਿੱਧ ਕੀਤਾ ਜਾਂਦਾ ਹੈ। ਦੇਖੋ, ਪੰਨਾ ੯, 'ਪਰਮਾਰਥੀ ਪੱਤਰ' (ਬਾਬਾ ਜੈਮਲ ਸਿੰਘ ਜੀ ਦੇ, ਜਿਨ੍ਹਾਂ ਨੂੰ ਰਾਧਾ ਸੁਆਮੀ ਸਤਿ ਸੰਗ ਬਿਆਸ ਨੇ ਸਨ ੧੯੬੦ ਵਿੱਚ ਪ੍ਰਕਾਸ਼ਿਤ ਕੀਤਾ ਹੈ). ਇਸ ਪੰਨੇ ਪਰ ਸੇਠ ਸ਼ਿਵ ਦਿਆਲ ਸਿੰਘ ਜੀ ਦੇ ਆਖ਼ਰੀ ਬਚਨ ਨੰਬਰ ੧੪ ਵਿੱਚ ਲਿਖਿਆ ਹੈ, "ਫਿਰ ਲਾਲਾ ਪ੍ਰਤਾਪ ਸਿੰਘ ਕੀ ਤਰਫ਼ ਮੁਤਵੱਜਹ ਹੋ ਕਰ ਫੁਰਮਿਇਆ : ਕਿ ਮੇਰਾ ਮਤ ਤੋ ਸਤਨਾਮ ਔਰ ਅਨਾਮੀ ਕਾ ਥਾ ਔਰ 'ਰਾਧਾ ਸੁਆਮੀ ਮਤ' ਸਾਲਗਰਾਮ ਕਾ ਚਲਾਇਆ ਹੂਆ ਹੈ।" ਸ਼ੁਰੂ ਨਵੰਬਰ ਸਨ ੧੯੨੯ ਵਿੱਚ ਦਿਆਲ ਬਾਗ਼ ਆਗਰਾ ਦੇ ਪ੍ਰਸਿੱਧ ਰਾਧਾ ਸੁਆਮੀ ਆਚਾਰਯ ਸਰ ਅਨੰਦ ਸਰੂਪ ਜੀ ਅੰਮ੍ਰਿਤਸਰ ਤਸ਼ਰੀਫ਼ ਲਿਆਏ, ਤੇ ਲਹੌਰ ਜਾਣ ਤੋਂ ਪਹਿਲੇ ਕਈ ਦਿਨ ਤਕ ਇੱਥੇ ਲਾਰੰਸ ਰੋਡ ਵਿੱਚ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਰਦੇ ਰਹੇ. ਵਿਸ਼ੇਸ਼ ਵਿਸ਼ਾ ਵਿਆਖਿਆਨਾਂ ਦਾ 'ਰਾਧਾ ਸੁਆਮੀ' ਨਾਮ ਦੀ ਮਹਤਤਾ ਦਾ ਸੀ. ਮੈਂ, ਆਪਣੇ ਮਿਤ੍ਰ ਸ੍ਰਦਾਰ ਚਰਨ ਸਿੰਘ ਜੀ ਧੂਪੀਆ ਦੇ ਨਾਲ, ਤਕਰੀਬਨ ਹਰ ਰੋਜ਼ ਦੋਵੇਂ ਵੇਲੇ, ਏਹਨਾਂ ਨੂੰ ੫ ਨਵੰਬਰ ਤੋਂ ੭ ਨਵੰਬਰ ਤਕ ਸੁਣਨ ਜਾਂਦਾ ਰਿਹਾ, ਤੇ ੮ ਨਵੰਬਰ ਨੂੰ ਲਹੌਰ ਵੀ ਗਿਆ, ਜਿੱਥੇ ਇਹ ਰਾਇ ਰਾਮ ਸਰਨ ਦਾਸ ਦੀ ਕੋਠੀ ਠਹਿਰੇ ਸਨ, ਇਸ ਤੋਂ ਪਹਿਲੇ ਮੈਂ ੧੯, ੨੦, ੨੧ ਫ਼ਰਵਰੀ, ਸਨ ੧੯੨੬ ਵਿੱਚ, ਤਿੰਨ ਦਿਨ ਆਗਰੇ ਦਿਆਲ ਬਾਗ਼ ਵਿੱਚ ਰਹਿ ਕੇ ਏਹਨਾਂ

Sri Satguru Jagjit Singh Ji eLibrary NamdhariElibrary@gmail.com

ਨਾਲ ਏਹਨਾਂ ਦੀ ਸੰਗਤ ਵਿੱਚ ਦੋ ਦੋ ਘੰਟੇ ਪ੍ਰਤੀ ਦਿਨ ਬਚਨ ਬਿਲਾਸ ਵੀ ਕਰ ਚੁਕਾ ਸੀ. ਸੋ ੬ ਨਵੰਬਰ ੧੯੨੯ ਨੂੰ, ਬੁੱਧਵਾਰ, ਡੇਰਾ ਬਾਬਾ ਜੈਮਲ ਸਿੰਘ, ਬਿਆਸ, ਦੀ ਰਾਧਾ ਸੁਆਮੀ ਸੰਗਤ ਦੇ ਅੰਮ੍ਰਿਤਸਰ ਵਿੱਚ ਮੁਖੀਏ ਲਾਲਾ ਅਰੂੜ ਚੰਦ ਜੀ ਬਜ਼ਾਜ਼, ਪ੍ਰਸਿੱਧ ਭਾਈ ਮੱਘਰ ਸਿੰਘ ਜੀ ਤੇ ਭਾਈ ਕੇਹਰ ਸਿੰਘ ਜੀ, ਮੁਨਾਰਿਆਂ ਵਾਲੇ ਬਜ਼ਾਰ ਵਿੱਚ, ਦੁਪਹਿਰ ਦੇ ਵੇਲੇ, ਮੇਰੇ ਘਰ ਇੱਕਠੇ ਹੋਏ ਤੇ ਮਤਾ ਪਕਾਇਆ ਕਿ ਲਾਰੰਸ ਰੋਡ ਵਿੱਚ ਸਰ ਅਨੰਦ ਸਰੂਪ ਜੀ ਤੇ ਪ੍ਰਸ਼ਨ ਕਰੀਏ ਕਿ ਜਦ ਆਪਣੇ ਇੱਕ ਅੰਤਿਮ ਬਚਨ ਅਨੁਸਾਰ ਸੁਆਮੀ ਸ਼ਿਵ ਦਿਆਲ ਸਿੰਘ ਜੀ ਦਾ ਮਤ 'ਸਤਨਾਮ ਤੇ ਅਨਾਮੀ' ਦਾ ਸੀ ਤਾਂ ਕਿਉਂ 'ਰਾਧਾ ਸੁਆਮੀ' ਸ਼ਬਦ ਨੂੰ ਮਹਤਤਾ ਦਿੱਤੀ ਜਾਂਦੀ ਹੈ. ਚੁਨਾਂਚਿ ਅਸੀਂ ਸਾਰੇ ਉਕਤ ਆਚਾਰਯ ਮਹੋਦੇ ਪਾਸ ਉਸੇ ਦਿਨ ਢਾਈ ਵਜੇ, ਬਾਦ ਦੁਪਹਿਰ, ਜਾ ਪਹੁੰਚੇ ਤੇ ਪ੍ਰਸ਼ਨ ਕਾਲ ਵਿੱਚ ਅਰੂੜ ਚੰਦ ਜੀ ਤੇ ਮੱਘਰ ਸਿੰਘ ਜੀ ਨੇ ਉਹਨਾਂ ਤੇ ਨਿਯਤ ਪ੍ਰਸ਼ਨ ਕੀਤਾ, ਤੇ ਦੋਹਾਂ ਪਾਸਿਓਂ ਬੜੇ ਜੋਸ਼ੀਲੇ ਸ਼ਬਦਾਂ ਦੁਆਰਾ ਆਪੋ ਆਪਣੇ ਪੱਖਾਂ ਦੇ ਹੱਕ ਵਿੱਚ ਬਹਿਸ ਹੁੰਦੀ ਰਹੀ. ਹੁਣ, ਅਰੂੜ ਚੰਦ ਜੀ ਅਤਯੰਤ ਸ਼ਾਂਤਿ ਸੁਭਾਵ ਤੇ ਅਭਿਆਸੀ ਸੱਜਣ ਸਨ, ਤੇ ਆਪਣੇ ਗ੍ਰੰਥਾਂ ਤੋਂ ਇਲਾਵਾ ਗੁਰਬਾਣੀ ਤੇ ਵੇਦ ਵਾਕਾਂ, ਅਰ ਇਤਿਹਾਸ ਤੋਂ ਵੀ ਚੰਗੇ ਵਾਕਿਫ਼ ਸਨ, ਤੇ ਉਹ ਯਥੋਚਿਤ ਪ੍ਰੇਮ ਸਤਕਾਰ ਸਹਿਤ ਆਚਾਰਯ ਜੀ ਨੂੰ ਆਪਣੀਆਂ ਉਕਤੀਆਂ ਯੁਕਤੀਆਂ ਪੇਸ਼ ਕਰਦੇ ਰਹੇ, ਬਿਲਕੁਲ ਤੈਸ਼ ਵਿੱਚ ਨਹੀਂ ਆਏ. ਪਰ ਲੋਕਮਾਨਯ ਆਚਾਰਯ ਜੀ ਨੇ ਜਨਤਾ ਦੀ ਇੱਕ ਪਰਮ ਮਹਾਨ ਏਕਤ੍ਰਤਾ ਵਿੱਚ ਇਸ ਬਹਿਸ ਨੂੰ ਪਸੰਦ ਨ ਕੀਤਾ, ਤੇ ਕੁੱਝ ਜੋਸ਼ ਭਰੀ, ਉੱਚੀ ਆਵਾਜ਼ ਵਿੱਚ, ਲਾਲਾ ਅਰੂੜ ਚੰਦ ਤੇ ਭਾਈ ਮੱਘਰ ਸਿੰਘ ਨੂੰ ਇਉਂ ਬੋਲੇ, "ਆਪ ਸਤਸੰਗੀ ਹੋ ਕਰ ਇਸ ਤਰ੍ਹਾ ਕੀ ਬਾਤੇਂ ਪਬਲਿਕ ਮੇਂ ਪੂਛਤੇ ਹੋ ! ਕਿਆ ਆਪ ਕੋ ਬਾਬਾ ਸਾਵਣ ਸਿੰਘ ਜੀ ਨੇ ਨਹੀਂ ਬਤਾਇਆ ਕਿ ਯੇਹ ਬਾਤੇਂ ਨਿਹਾਇਤ ਗੁਪਤ ਹੈਂ, ਔਰ ਇਨ ਕੋ ਪਬਲਿਕ ਮੇਂ ਕਭੀ ਭੀ ਪ੍ਰਗਟ ਨ ਕਰਨਾ ਚਾਹੀਏ ! ਮੈਂ ਬਾਬਾ ਜੀ ਕੋ ਇਸ ਕੀ ਬਾਬਤ ਲਿਖੂੰਗਾ." ਬਸ, ਲਾਲਾ ਅਰੂੜ ਚੰਦ ਜੀ ਤੇ ਮੱਘਰ ਸਿੰਘ ਜੀ ਤਤਕਾਲ ਚੁਪ ਕਰ ਗਏ ਤੇ ਬਹਿਸ ਜਿੱਥੇ ਸੀ ਉੱਥੇ ਹੀ ਰਹੀ. ਫਿਰ, ੮ ਨੂੰ ਏਹੋ ਪ੍ਰਸ਼ਨ ਇੱਕ ਸੱਜਣ ਨੇ ਸਰ ਅਨੰਦ ਸਰੂਪ ਸਾਹਿਬ ਤੇ ਲਹੌਰ ਵੀ ਕੀਤਾ. ਉੱਥੇ ਉਸ ਵੇਲੇ (ਬਾਦ ਦੁਪਹਿਰ) ਮਹਾਤਮਾ ਹੰਸ ਰਾਜ ਜੀ, ਭਗਤ ਈਸ਼ਰ ਦਾਸ ਜੀ, ਅਰ ਹੋਰ ਵੀ ਅਨੇਕਾਂ ਹੀ ਪ੍ਰਸਿੱਧ ਆਰਯ ਸਮਾਜੀ, ਸਨਾਤਨ ਧਰਮੀ, ਤੇ ਸਿੱਖ, ਅਰ ਮੁਸਲਮਾਣ ਮੌਜੂਦ ਸਨ, ਪਰ ਆਚਾਰਯ ਜੀ ਨੇ ਪ੍ਰਸ਼ਨ ਨੂੰ ਬਿਲਕੁਲ ਹਾਸ ਵਿਲਾਸ ਵਿੱਚ

Sri Satguru Jagjit Singh Ji eLibrary NamdhariElibrary@gmail.com

ਹੀ ਵਲਾ ਦਿੱਤਾ. ਉਹ ਇਉਂ : ਵਾਦੀ ਨੇ ਕਿਹਾ, "ਮਹਾਰਾਜ, ਸੁਆਮੀ ਸ਼ਿਵ ਦਿਆਲ ਸਿੰਘਜ਼ੀ ਨੇ ਤਾਂ ਸਾਰ ਬਚਨ ਵਿੱਚ 'ਸਤਿਨਾਮ' ਦੀ ਮਹਿਮਾ ਲਿਖੀ ਹੈ, ਆਪ "ਰਾਧਾ ਸੁਆਮੀ' ਸ਼ਬਦ ਨੂੰ ਕਿਉਂ ਮਹਾਨਤਾ ਦੇਂਦੇ ਹੋ ?" ਆਚਾਰਯ ਨੇ ਪੁਛਿਆ, "ਬਤਾਓ, ਸਾਰ ਬਚਨ ਮੇਂ 'ਸਤਿਨਾਮ' ਕੀ ਮਹਿਮਾ ਕਹਾਂ ਲਿੱਖੀ ਹੈ ?" ਇਸ ਦੇ ਉੱਤਰ ਵਿੱਚ ਵਾਦੀ ਕੁੱਝ ਥਿੜ ਗਿਆ; ਉਸ ਨੇ ਸਾਰ ਬਚਨ ਦਾ ਕੋਈ ਸਫ਼ਾ ਦਸਿਆ ਜੋ ਪਹਿਲੇ ਸਫ਼ੇ ਤੋਂ ਕਈ ਸੌ ਸਫ਼ੇ ਦੂਰ ਅੱਗੇ ਸੀ. ਇਹ ਸੁਣ ਕੇ ਆਚਾਰਯ ਨੇ ਕਿਹਾ, "ਹਾਂ, ਮਗਰ ਪਹਿਲੇ ਸਫ਼ੇ ਪਰ ਕਿਆ ਲਿੱਖਾ ਹੈ ?" ਵਾਦੀ ਵਿਚਾਰਾ ਕਹਿਣ ਤੇ ਮਜਬੂਰ ਹੋ ਗਿਆ, "ਜੀ, ਪਹਿਲੇ ਸਫ਼ੇ ਪਰ ਤੇ 'ਰਾਧਾ ਸੁਆਮੀ' ਨਾਮ ਕੀ ਹੀ ਮਹਿਮਾ ਲਿੱਖੀ ਹੈ, ਪਰ.....!" ਬਸ, ਇੱਕ ਦਮ ਆਚਾਰਯ ਜੀ ਬੋਲ ਪਏ, "ਤੇ ਪਹਿਲੇ ਸਫ਼ੇ ਕੀ ਬਾਤ ਮਾਨੇਂ ਯਾ ਕਈ ਸੌ ਸਫ਼ੇ ਆਗੇ ਕੀ ?" ਇਹ ਸੁਣਦਿਆਂ ਹੀ ਸ਼੍ਰੋਤਾ ਗਣ ਕਹਿਕੇ ਮਾਰ ਮਾਰ ਕੇ ਹੱਸਣ ਲਗ ਗਏ, ਤੇ ਵਾਦੀ ਸ਼ਰਮਿੰਦਾ ਹੋ ਕੇ ਬਹਿ ਗਿਆ. ਵਾਸਤਵ ਵਿੱਚ, ਜਿਹਾ ਕਿ ਮੈਂ 'ਰਾਧਾ ਸੁਆਮੀ ਸਮਾਜ ਸਮਾਲੋਚਨਾ' ਵਿੱਚ, ਗੁਣਾਗੁਣ ਪ੍ਰੀਖਿਆ ਦੀ ਦੀਰਘ ਵਿਚਾਰ ਮਗਰੋਂ, ਚੰਗੀ ਤਰ੍ਹਾਂ ਖੋਲ੍ਹ ਕੇ ਦਸਿਆ ਹੈ, ਸਾਰ ਬਚਨ, ਸਾਰਾ, ਸੇਠ ਸ਼ਿਵਦਿਆਲ ਸਿੰਘ ਜੀ ਰਚਿਤ ਨਹੀਂ; ਇਸ ਵਿੱਚ ਬਹੁਤ ਜ਼ਿਆਦਾ ਹਿੱਸਾ ਰਾਇ ਬਹਾਦਰ ਸਾਲਿਗ ਰਾਮ ਜੀ ਦਾ ਹੈ; ਬਹੁਤ ਹੀ ਘਟ ਵਾਕ ਸੇਠ ਸਾਹਿਬ ਦੇ ਹਨ, ਤੇ ਏਹਨਾਂ ਵਿੱਚ 'ਰਾਧਾ ਸੁਆਮੀ' ਸ਼ਬਦ ਬਿਲਕੁਲ ਨਹੀਂ ਆਇਆ. ਇਸ ਦਾਵੇ ਦੇ ਸਬੂਤ ਮੈਂ ਕਦੇ ਵੀ, ਕਿਸੇ ਐਸੀ ਅੰਤਰ ਰਾਸ਼ਟਰੀਯ ਵਿਦਾਨਾਂ ਦੀ ਸਭਾ ਦੇ ਸਾਹਮਣੇ, ਦੇਣ ਨੂੰ ਤਿਆਰ ਹਾਂ ਜੋ ਗੁਣਾਗੁਣ ਪ੍ਰੀਖਿਆ (Criticism) ਦੇ ਨਿਯਮਾਂ ਨੂੰ ਸਮਝਦੇ ਤੇ ਮੰਨਦੇ ਹੋਨ. ਸੇਠ ਸਾਹਿਬ ਦੇ ਵਾਕਾਂ ਵਿੱਚ ਨਿਰੋਲ ਗੁਰਮਤਿ ਤੇ ਵੇਦ ਅਨੁਸਾਰ ਸਤਿਨਾਮ (ਜਿਹਾ ਕਿ 'ਤਸਜ ਹ ਵਾ ਏਤਸਜ ਬ੍ਰਹਮਣੋ ਨਾਮ ਸਤਜਮ ਇਤਿ,' ਛਾਂਦੋਗਯ ਉਪਨਿਸ਼ਦ, ਪ੍ਰਪਾਠਕ ੮, ਖੰਡ ੩, ਮੰਤ੍ਰ ੪, ਵਿੱਚ ਆਇਆ ਹੈ), ਸੱਚ ਖੰਡ, ਗੁਰੂ ਮਹਿਮਾ, ਸ਼ਬਦਾਤਮ ਯੋਗ, ਤੇ ਉਨਮਨ (ਤੁਰੀਆ ਪਦ) ਦੀ ਹੀ ਮਹਿਮਾ ਗਾਈ ਹੈ. ਏਹੋ ਗੱਲਾਂ ਮੈਨੂੰ ਅਨੇਕਾਂ ਵੇਰ ਸ੍ਰਦਾਰ ਸਾਵਣ ਸਿੰਘ ਜੀ (ਡੇਰਾ ਬਾਬਾ ਜੈਮਲ ਸਿੰਘ, ਬਿਆਸ, ਵਾਲਿਆਂ) ਨੇ ਵੀ ਦ੍ਰਿੜ੍ਹ ਕਰਵਾਈਆਂ ਹਨ. ਸ੍ਰਦਾਰ ਸਾਹਿਬ ਨੂੰ ਮੈਂ ਪਹਿਲੀ ਵੇਰ ਸਨ ੧੯੨੨ ਵਿੱਚ ਬਿਆਸ ਮਿਲਿਆ. ਉਹਨਾਂ ਨੇ ਮੈਨੂੰ 'ਰਾਧਾ ਸੁਆਮੀ ਮਤ ਪ੍ਰਕਾਸ਼' (ਕ੍ਰਿਤ ਰਾਇ ਬਹਾਦਰ ਸਾਲਿਗ ਰਾਮ) ਤੇ 'ਡਿਸਕੋਰਸਿਜ਼ ਆਨ ਰਾਧਾ ਸੁਆਮੀ ਫ਼ੇਥ' (ਕ੍ਰਿਤ ਪੰਡਿਤ ਬ੍ਰਹਮ ਸ਼ੰਕਰ) ਦੋ ਅੰਗ੍ਰੇਜ਼ੀ ਦੀਆਂ ਪੁਸਤਕਾਂ ਦੇ ਕੇ, ਕਈ ਗੁੰਝਲ-

Sri Satguru Jagjit Singh Ji eLibrary NamdhariElibrary@gmail.com

ਦਾਰ ਰੂਹਾਨੀ ਗੱਲਾਂ ਦੱਸਣ ਮਗਰੋਂ ਕਿਹਾ, "ਸੁਆਮੀ ਸ਼ਿਵ ਦਿਆਲ ਸਿੰਘ ਸਾਹਿਬ ਨੇ ਜੋ ਮਾਰਗ ਦਸਿਆ ਹੈ ਉਹ ਗੁਰਮਤਿ ਦਾ ਮਾਰਗ ਹੀ ਹੈ, ਵਰਨਾ ਮੈਂ ਕਦੇ ਸੁਪਨੇ ਵਿੱਚ ਵੀ ਇਸ ਮਾਰਗ ਨੂੰ ਗ੍ਰਹਣ ਨ ਕਰਦਾ. ਮੇਰੇ ਅਜ਼ੀਜ਼, ਸਤਿਨਾਮ ਤੋਂ ਉੱਪਰ ਕੋਈ ਨਾਮ ਨਹੀਂ, ਸੱਚ ਖੱਡ ਤੋਂ ਉੱਪਰ ਕੋਈ ਧਾਮ ਨਹੀਂ, ਤੇ ਸ਼੍ਰੀ ਗੁਰੂ ਨਾਨਕ ਤੋਂ ਉੱਪਰ ਕੋਈ ਗੁਰੂ ਨਹੀਂ. ਬਸ, ਮੈਂ ਤਾਂ ਇਤਨਾ ਹੀ ਜਾਣਦਾ ਹਾਂ!" ਇਸ ਘਟਨਾ ਦਾ ਜ਼ਿਕਰ ਮੈਂ ਆਪਣੇ ਮਿਤ੍ਰ ਭਾਈ ਸੁੱਚਾ ਸਿੰਘ ਜੀ (ਅੰਮ੍ਰਿਤਸਰੀ) ਨਾਲ ਕੀਤਾ ਤਾਂ ਉਹ ਅਚਣ ਚੇਤ, ਮੇਰੇ ਬਿਆਨ ਦੀ ਤਸਦੀਕ ਲਈ, ਇੱਕ ਦਿਨ ਡੇਰਾ ਬਾਬਾ ਜੈਮਲ ਸਿੰਘ ਗਏ. ਉੱਥੋਂ ਵਾਪਸੀ ਤੇ ਉਹਨਾਂ ਨੇ ਦਸਿਆ, "ਜਦ ਮੈਂ ਡੇਰੇ ਪਹੁੰਚਿਆ ਤਾਂ ਉੱਥੇ ਸੁਬਹ ਦਾ ਸਮਾਗਮ ਹੋ ਰਿਹਾ ਸੀ. ਸੂਦਾਰ ਸਾਵਣ ਸਿੰਘ ਜੀ ਉਪਦੇਸ਼ ਕਰ ਰਹੇ ਸਨ. ਮੈਂ ਉਹਨਾਂ ਦੇ ਸਾਹਮਣੇ ਨਹੀਂ ਹੋਇਆ. ਉਹਨਾਂ ਦੇ ਤਖ਼ਤ ਪੇਸ਼ ਦੇ ਪਿੱਛੇ ਹੀ ਬੈਠ ਗਿਆ. ਉਹਨਾਂ ਦੇ ਨਾਲ ਹੀ ਇੱਕ ਹੋਰ ਹਿੰਦੁਸਤਾਨੀ ਬਜ਼ੁਰਗ (ਸ਼ਾਇਦ ਸੇਠ ਸੁਦਰਸ਼ਨ ਸਿੰਘ ਜੀ) ਵੀ ਸਜੇ ਹੋਏ ਸਨ. ਸੂਦਾਰ ਸਾਹਿਬ ਨੇ ਉਪਦੇਸ਼ ਦੇ ਖ਼ਾਤਮੇ ਪਰ ਸੱਚ ਖੰਡ ਦੀ ਤਸ਼ਰੀਹ ਕੀਤੀ ਤੇ ਕਿਹਾ, 'ਬਸ ਰੂਹਾਨੀ ਮਨਜ਼ਿਲਾਂ ਦੀ ਇਹ ਸ਼ਿਖਰ ਹੈ, ਇਸ ਤੋਂ ਉੱਪਰ ਕੁੱਝ ਨਹੀਂ'. ਤਾਂ ਕੋਲ ਬੈਠੇ ਬਜ਼ੁਰਗ ਨੇ ਬਿਲਕੁਲ ਹੌਲੀ ਜੀਕੂੰ ਕਿਹਾ, 'ਕਹਿ ਦੋ ਕਿ ਆਗੇ ਰਾਧਾ ਸੁਆਮੀ ਧਾਮ ਹੈ ਜਹਾਂ ਸਿਰਫ਼ ਰਾਧਾ ਸੁਆਮੀ ਜੀ ਹੀ ਪਹੁੰਚੇ ਹੈਂ.' ਪਰ ਸੂਦਾਰ ਸਾਹਿਬ ਚੁਪ ਰਹੇ. ਹਿੰਦੁਸਤਾਨੀ ਬਜ਼ੁਰਗ ਨੇ ਦੋ ਵੇਰ ਫਿਰ ਏਹੋ ਗਲ ਆਖੀ, ਤਾਂ ਸੂਦਾਰ ਸਾਹਿਬ ਨੇ ਸਿੰਘ ਨਾਦ ਨਾਲ ਫ਼ਰਮਾਇਆ ਕਿ 'ਸੱਚ ਖੰਡ ਤੋਂ ਉੱਪਰ ਕੁੱਝ ਨਹੀਂ, ਜੇ ਹੈ ਤਾਂ ਉੱਥੇ ਕੇਵਲ ਸ਼੍ਰੀ ਗੁਰੂ ਨਾਨਕ ਦੇਵ ਹੀ ਪਹੁੰਚੇ ਹਨ!," ਮੈਨੂੰ ਸੂਦਾਰ ਸਾਵਣ ਸਿੰਘ ਸਾਹਿਬ ਨੇ ਸਨ ੧੯੪੬ ਵਿੱਚ ਦਸਿਆ ਕਿ ਅੱਸਾਂ ਅਠਾਰਾਂ ਸੌ ਹਿੰਦੂਆਂ ਨੂੰ ਪ੍ਰੇਰ ਕੇ ਉਹਨਾਂ ਦਿਆਂ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ ਹੈ. 'ਪਰਮਾਰਥੀ ਪੱਤਰ' (ਬਾਬਾ ਜੈਮਲ ਸਿੰਘ ਜੀ ਦੇ, ਜਿਲਦ ਪਹਿਲੀ) ਵਿੱਚ ਭਾਵੇਂ ਬਾਬਾ ਜੀ ਨੇ ਆਪਣੇ ੧੫੮ ਪੱਤਰਾਂ ਵਿੱਚੋਂ ਕੇਵਲ ਤਿੰਨਾਂ ਦੇ ਅਰੰਭ ਵਿੱਚ '੧ ੳ ਸਤਿਗੁਰ ਪ੍ਰਸਾਦਿ' ਲਿਖਿਆ ਹੈ; ਭਾਵੇਂ ਸਾਰਿਆਂ ਦੇ ਆਰੰਭ ਵਿੱਚ ਘੱਟੋ ਘੱਟ ਪੰਜ ਵੇਰ 'ਰਾਧਾ ਸੁਆਮੀ' ਲਿਖਿਆ ਹੈ; ਭਾਵੇਂ ਪੁਸਤਕ ਦੇ ਅਰੰਭ ਵਿੱਚ ਵੀ, ਗੁਰਮੁਖੀ ਦੀਆਂ ਆਮ ਪ੍ਰਾਰਮਿਕ ਪੁਸਤਕਾਂ ਦੇ ਰਿਵਾਜ ਮੁਜਬ '੧ ੳ ਸਤਿਗੁਰ ਪ੍ਰਸਾਦਿ' ਕਿਤੇ ਨਹੀਂ ਦਿਸਦਾ, ਅਰ ਭਾਵੇਂ ਪੁਸਤਕ ਦੇ ਸਾਰੇ ੨੯੯ ਸਫ਼ਿਆਂ ਵਿੱਚ ਹੀ 'ਸ੍ਰੀ ਗੁਰੂ ਨਾਨਕ ਦੇਵ' ਦਾ ਪਵਿੱਤ੍ਰ ਨਾਮ ਕਿਧਰੇ ਕਿਸੇ ਸੰਬੰਧ ਵਿੱਚ ਵੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਆਇਆ, ਤਾਂ ਵੀ ਬਾਬਾ ਜੈਮਲ ਸਿੰਘ ਸਾਹਿਬ ਨੇ ਏਹਨਾਂ ਪੱਤਰਾਂ ਵਿੱਚ 'ਰਾਧਾ ਸੁਆਮੀ ਧਾਮ' ਦਾ ਕਿਧਰੇ ਨਾਮ ਨਹੀਂ ਲਿਆ, ਹਰ ਥਾਂ ਬਾਰੰਬਾਰ 'ਸੱਚ ਖੰਡ' ਦੀ ਹੀ ਮਨਾਦੀ ਕੀਤੀ ਹੈ. ਹੁਣ, 'ਸੱਚ ਖੰਡ' ਸ਼ਬਦ ਕੇਵਲ ਸ਼੍ਰੀ ਗੁਰੂ ਨਾਨਕ ਦੇਵ ਦਾ ਆਪਣਾ ਹੈ, ਤੇ ਸੋ ਰਚਿਤ ਹੈ. ਵਰਤਾਨ ਸਮੇਂ ਵਿੱਚ ਇਸ ਨੂੰ ਹੋਰ ਤਾਂ ਕਿਸੇ ਕੀ ਵਰਤਣਾ ਸੀ, ਕਬੀਰ ਜੀ ਦੀ ਬਾਣੀ (ਬੀਜਕ) ਵਿੱਚ ਵੀ ਇਹ ਕਿਧਰੇ ਨਹੀਂ ਆਇਆ. ਸੋ ਇਹ ਜਿਸ ਨੇ ਵੀ ਵਰਤਿਆ ਹੈ, ਉਹ ਸ਼੍ਰੀ ਗੁਰੂ ਨਾਨਕ ਦੇਵ ਦਾ ਰਿਣੀ ਹੈ. ਸ਼੍ਰੀ ਗੁਰੂ ਨਾਨਕ ਦੇਵ ਤੋਂ ਪਹਿਲੇ 'ਸਤਜੰ' (ਅਰਥਾਤ 'ਸਤਿ' ਵਾ 'ਸਤਿ ਲੋਕ') ਦਾ ਜ਼ਿਕਰ ਯਜੁਰ-ਵੇਦੀਯ ਤੈਤਿਰੀਯ ਆਰਣਯਕ ਦੇ ਸਤਾਈਵੇਂ ਅਨੁਵਾਕ ਵਿੱਚ ਆਇਆ ਹੈ ਜਿੱਥੇ ਭੂਹ, ਭੁਵਹ, ਸੁਵਹ, ਮਹਹ, ਜਨਹ, ਤਪਹ ਨਾਮਕ ਛੇ ਲੋਕਾਂ ਤੋਂ ਉੱਪਰ 'ਸਤਿਲੋਕ' ਸਤਵਾਂ, ਸਭ ਤੋਂ ਉੱਪਰ ਮੰਨਿਆ ਹੈ.

ਜਿਨ੍ਹਾਂ ਅੰਤਰਾਤਮਕ ਸ਼ਬਦਾਂ ਤੇ ਪ੍ਰਕਾਸ਼ਾਂ (Sounds & Lights) ਦਾ ਅਨੁਭਵ ਹਕੀਕੀ ਯੋਗੀਆਂ ਨੂੰ ਅਭਿਆਸ ਵਿੱਚ ਹੁੰਦਾ ਹੈ (ਅਰ ਜਿਨ੍ਹਾਂ ਦਾ ਜ਼ਿਕਰ ਨਵੀਨ ਮਤਾਂ ਵਾਲੇ ਬਿਲਕੁਲ ਅਧੂਰਾ ਤੇ ਬੇ ਥਵ੍ਹਾ ਜਿਹਾ ਕਰਨ ਦੇ ਆਦੀ ਹੋ ਗਏ ਹਨ), ਉਹਨਾਂ ਦੇ ਪੂਰਨ ਗਿਆਨ ਲਈ ਯੋਗ ਦੇ ਪ੍ਰਸਿੱਧ ਗ੍ਰੰਥਾਂ ਤੇ ਉਹਨਾਂ ਦੇ ਟੀਕਿਆਂ ਤੋਂ ਇਲਾਵਾ ਦੇਖੋ, ਯੋਗ ? ਯਾਗਜਵਲਕਜ (Bombay Branch of Royal Asiatic Society's Monograph No. 3.); ਤੇ ਇਹ ਉਪਨਿਸ਼ਦ : ਬ੍ਰਹਮ ਬਿੰਦੂ, ਅੰਮ੍ਰਿਤ ਨਾਦ, ਤੇਜੋ ਬਿੰਦੂ, ਨਾਦ ਬਿੰਦੂ ਤੇ ਧਿਆਨ ਬਿੰਦੂ. ਏਹਨਾਂ ਤੋਂ ਬਾਦ ਦੇਖੋ, ਸ਼੍ਵੇਤਾਸ਼੍ਵਤਰ ਉਪਨਿਸ਼ਦ ਦੇ ਦੂਜੇ ਅਧਿਆਇ ਵਿਚੋਂ ਮੰਤ੍ਰ ੬ ਤੋਂ ੧੪ ਤਕ; ਸਾਂਖਜ ਦਰਸ਼ਨ ਵਿਚੋਂ ਅਧ : ੩, ਸੂਤ੍ਰ ੨੯ ਤੋਂ ੩੬ ਤੇ ੭੪; ਅਧ : ੪, ਸੂਤ੍ਰ ੩, ੫, ੬, ੮–੧੧, ੧੩-੧੫, ੧੯, ੨੦, ੨੪ ਤੇ ੨੭; ਅਧ : ੫, ਸੂਤ੍ਰ ੧੨੮; ਅਧ : ੬, ਸੂਤ੍ਰ ੨੪; ਤੇ ਬਿਆਸ ਸੂਤ੍ਰਾਂ ਵਿੱਚੋਂ, ਅਧ : ੪ ਅਰੰਭ, ਸੂਤ੍ਰ ੭ ਤੋਂ ੧੧. ਗੁਰਬਾਣੀ ਤੇ ਏਹਨਾਂ ਗ੍ਰੰਥਾਂ ਤਥਾ ਬਾਣੀਆਂ ਤੇ ਵਾਕਾਂ ਤੋਂ ਨਿਸ਼ਚਿਤ ਹੁੰਦਾ ਹੈ ਕਿ ਅਧਿਆਤਮਿਕ ਸ਼ਬਦਾਂ ਤੇ ਪ੍ਰਕਾਸ਼ਾਂ ਦਾ ਸੁਣਨਾ ਤੇ ਵੇਖਣਾ; ਤੇ ਉਹਨਾਂ ਦੇ ਨਾਲ ਸੰਬੰਧਿਤ ਸ਼ਕਤੀਆਂ ਤੇ ਵਿਭੂਤੀਆਂ ਦਾ ਪ੍ਰਾਪਤ ਕਰਨਾ ਕਿਸੇ ਸਾਧਾਰਣ ਅਭਿਆਸ ਦਾ ਪਰਿਣਾਮ ਨਹੀਂ, ਇਸ ਦੇ ਲਈ ਚਿਰੰਕਾਲ ਤਕ ਬੜੇ ਬੜੇ ਕਠਿਨ ਸਾਧਨ ਸਾਧਣੇ ਪੈਂਦੇ ਹਨ, ਤੇ ਪਰਮ ਸੁੱਚਾ ਅਰ ਸੱਚਾ ਜੀਵਨ ਬਿਤੀਤ ਕਰਨਾ ਪੈਂਦਾ ਹੈ. ਫਿਰ, ਇਤਨਾ ਹੀ ਨਹੀਂ ! ਇਹ ਸਭ ਕੁੱਝ ਹੰਦਿਆਂ ਹੋਇਆਂ ਕਿਸੇ ਪੂਰਨ ਗੁਰੂ ਦੀ ਪੂਰਨ ਕ੍ਰਿਪਾ ਦ੍ਰਿਸ਼ਟੀ ਦਾ ਪਾਤ੍ਰ ਹੋਣਾ

Sri Satguru Jagjit Singh Ji eLibrary NamdhariElibrary@gmail.com

ਵੀ ਜ਼ਰੂਰੀ ਹੈ. ਏਹਨਾਂ ਦਾਵਿਆਂ ਦੀ ਪੌੜ੍ਹਤਾ ਲਈ ਅਠਾਰਾਂ ਪੁਰਾਣਾਂ ਤੋਂ ਇਲਾਵਾ ਹੋਰ ਹਿੰਦੂ ਮਤਾਂ ਦੇ ਗ੍ਰੰਥ ਵੀ ਹੋਕਾ ਦੇ ਰਹੇ ਹਨ ਕਿ ਜਤ, ਸਤ, ਸੰਜਮ, ਧਰਮ, ਸੇਵਾ, ਸਾਧ ਸੰਗਮ ਤੇ ਪੂਰਨ ਗੁਰੂ ਦੀ ਕ੍ਰਿਪਾ ਤੋਂ ਬਿਨਾ ਕਿਸੇ ਕਿਸਮ ਦੇ ਅੰਤਰਾਤਮਿਕ ਪ੍ਰਕਾਸ਼ ਦੀ ਪ੍ਰਾਪਤੀ ਸੰਭਵ ਨਹੀਂ. ਮਹਰਸ਼ੀ ਪਤੰਜਲੀ ਜੀ ਆਪਣੇ ਸਮਾਧੀ ਪਾਦ ਦੇ ਚੌਦ੍ਹਵੇਂ ਸੂਤ੍ਰ ਵਿੱਚ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਦਸਦੇ ਹਨ : "ਪਰ ਉਹ (ਅਭਿਆਸ) ਦੀਰਘ ਕਾਲ, ਲਗਾਤਾਰ, ਅਤੇ ਸਤਕਾਰ ਦੁਆਰਾ (ਅਰਥਾਤ ਤਪ, ਬ੍ਰਹਮਚਰਯ, ਵਿਦਿਆ ਤੇ ਸ਼ਰਧਾ ਦਾਰਾ) ਅਮਲ ਵਿੱਚ ਲਿਆਂਦਾ ਹੋਇਆ ਪਕੱਕੇ ਅਵਸਥਾ ਵਾਲਾ ਹੁੰਦਾ ਹੈ." ਭਾਵ ਇਹ ਹੈ ਕਿ ਜੇ ਰੂਹਾਨੀ ਅਮਲ ਦੀ ਕੋਸ਼ਿਸ਼ ਏਹਨਾਂ ਤਿੰਨਾਂ ਗੱਲਾਂ (ਅਰਥਾਤ ਦੀਰਘ ਕਾਲ, ਨਿਰੰਤਰਤਾ ਤੇ ਸਤਕਾਰ) ਤੋਂ ਬਿਨਾ ਕੀਤਾ ਜਾਏ ਤਾਂ ਉਹ ਸਫਲ ਨਹੀਂ ਹੁੰਦਾ : ਅਭਿਆਸ ਤੋਂ ਉਠਦਿਆਂ ਹੀ ਬਿਰਤੀਆਂ ਫਿਰ ਜੀਵਨ ਦੇ ਬਿਖਮ ਧੰਧਿਆਂ ਵਿੱਚ ਖਚਿਤ ਕਰਕੇ ਅਭਿਆਸ ਕਾਲ ਦੀ ਕਮਾਈ ਨੂੰ ਨਸ਼ਟ ਕਰ ਦੇਂਦੀਆਂ ਹਨ. ਸ੍ਰੀ ਗੁਰੂ ਨਾਨਕ ਦੇਵ ਨੇ ਇਸ ਹਕੀਕਤ ਨੂੰ ਕੈਸੇ ਗੰਭੀਰ ਸ਼ਬਦਾਂ ਵਿੱਚ ਬਿਆਨ ਕੀਤਾ ਹੈ ਕਿ ਜਿਨ੍ਹਾਂ ਜਿਨ੍ਹਾਂ ਜਿਗਿਆਸੂਆਂ ਨੇ ਅੰਤਰਮੁਖ ਹੋ ਕੇ ਪਰਮਾਤਮਾ ਨਾਲ ਅਭੇਦ ਹੋਣਾ ਚਾਹਿਆ ਹੈ ਉਹਨਾਂ ਨੇ ਕੀ ਕੀ ਕਰੜੇ ਸਾਧਨ ਸਾਧੇ ਹਨ ! "ਦੇਵਤਿਆ ਦਰਸਨ ਕੈ ਤਾਈ ਦੁਖ ਭੁਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਿਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਮੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪੂਣਵੈ ਨਾਨਕੁ ਜਾਤਿ ਕੈਸੀ ॥" (ਆਸਾ ਮ : ੧ ॥ ਪੰ : ੩੫੮ ॥) ਪਰ ਲੋਕ ਤਾਂ ਕਬੀਰ ਜੀ ਦੇ ਕਥਨ ਅਨੁਸਾਰ ਏਹਨਾਂ ਸਾਧਨਾਂ ਨੂੰ ਤਿਲਾਂਜਲੀ ਦੇ ਰਹੇ ਹਨ ਤੇ ਸ੍ਰਿਸ਼ਟੀ ਕਰਤਾ ਰਾਮ ਨੂੰ ਇਆਣਾ ਬਾਲ ਸਮਝ ਕੇ ਉਸ ਨੂੰ ਬਜਾਏ ਮਨ ਅਰਪਣ ਕਰਨ ਦੇ ("ਕੰਚਨ- ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥" ਗਉ : ਕਬੀਰ ॥ ਪੰ ; ੩੨੭.) ਤੀਰਥਾਂ ਤੇ ਤਲਾਵਾਂ ਦੇ ਇਸ਼ਨਾਨਾਂ ਦੁਆਰਾ, ਪਦਾਰਥਾਂ ਦੇ ਚੜ੍ਹਾਵਿਆਂ ਦੁਆਰਾ, ਤਸਬੀਆਂ ਤੇ ਤਿਲਕਾਂ ਦੁਆਰਾ, ਜਲਸਿਆਂ ਤੇ ਜਲੂਸਾਂ ਦੁਆਰਾ, ਪਾਠਾਂ ਤੇ

Sri Satguru Jagjit Singh Ji eLibrary NamdhariElibrary@gmail.com

ਪਰਿਕ੍ਰਮਾਂ ਦੁਆਰਾ, ਭੰਡਾਰਿਆਂ ਤੇ ਜੈਕਾਰਿਆਂ ਦੁਆਰਾ, ਕਾਬੂ ਕਰਨਾ ਚਾਹੁੰਦੇ ਹਨ. (ਪਰ, "ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥" ਆਸਾ ਕਬੀਰ ॥ ਪੰ : ੪੮੪ ।) ਕਈਆਂ ਦਾ ਵਿਸ਼੍ਵਾਸ ਹੈ ਕਿ ਮੰਦਰਾਂ, ਮਸੀਤਾਂ ਯਾ ਗੁਰਦੁਆਰਿਆਂ ਦੀਆਂ ਇਮਾਰਤਾਂ ਪੁਰ ਧਨ ਖ਼ਰਚ ਕੇ ਹਰੀ ਨੂੰ ਖ਼ਰੀਦਿਆ ਜਾ ਸਕਦਾ ਹੈ. ਮਾਨੋ ਉਹ ਕੋਈ ਖਿਡੌਣਾ ਹੈ ("ਲੋਗਨ ਰਾਮ ਖਿਲਉਨਾ ਜਾਨਾਂ ॥" ਭੈਰਉ ਕਬੀਰ ॥ ਪੰ : ੧੧੫੮.) ਫਿਰ, ਕਈਆਂ ਦਾ ਖ਼ਿਆਲ ਹੈ ਕਿ ਪੁਰਾਤਨ ਪਰੰਪਰਾ ਦੀਆਂ ਪ੍ਰਚਲਿਤ ਧਾਰਮਿਕ ਪਰਿਭਾਸ਼ਾਵਾਂ ਛੱਡ ਕੇ ਕੋਈ ਨਵੀਆਂ ਓਪਰੀਆਂ ਇਸਤਿਲਾਹਾਂ ਦਾ ਪ੍ਰਯੋਗ ਕਰਨ ਨਾਲ ਹੀ ਰੂਹਾਨੀ ਜੀਵਨ ਵਿੱਚ ਪ੍ਰਵੇਸ਼ ਹੋ ਜਾਵੇਗਾ : ਮਸ਼ਲਨ, ਪੁਰਾਤਨ 'ਪਰਮਾਤਮਾ' ਤੇ 'ਭਾਣਾ' ਸ਼ਬਦ ਛੱਡ ਕੇ 'ਮਾਲਿਕ' ਤੇ 'ਮੌਜ' ਸ਼ਬਦ ਵਰਤਣੇ. ਪਰ, ਏਹਨਾਂ ਨੂੰ ਕੋਈ ਨਹੀਂ ਦਸਦਾ ਕਿ 'ਮਾਲਿਕ' ਸ਼ਬਦ ਤ੍ਰਿਗੁਣਾਤਮਕ ਵਿਸ਼੍ਵ ਦੇ ਅਦਨਾ ਤੋਂ ਆਲਾ ਤਕ ਹਰ ਇੱਕ ਪਦਾਰਥ ਦੇ ਮਾਲਿਕ ਦਾ ਵਾਚਕ ਹੈ, ਤੇ ਇਸ ਦੇ ਨਾਲ, ਆਪਣੇ ਆਪ ਵਿੱਚ, ਮੁਤਲਿਕ ਕਿਸੇ ਆਧਿਆਤਮਿਕ ਭਾਵ ਦਾ ਕੋਈ ਸੰਬੰਧ ਨਹੀਂ, ਪਰ 'ਪਰਮਾਤਮਾ' ਸ਼ਬਦ 'ਓਂਕਾਰ-ਅਕਾਲ ਪੁਰਖ' ਦਾ ਹੀ ਵਾਚਕ ਹੈ. ਇਸ ਦੀ ਬਣਤਰ (ਪਰਮ+ ਆਤਮਾ) ਵਿੱਚ ਹੀ ਰੂਹਾਨੀਅਤ ਹੈ. ਸੰਪੂਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਮਾਲਕ' ਸ਼ਬਦ ਕੇਵਲ ਉੱਥੇ ਹੀ ਇੱਕ ਅਧ ਵੇਰ ਆਇਆ ਹੈ ਜਿੱਥੇ ਨਾਲ ਦੇ ਹੋਰ ਵੀ ਕੋਈ ਸ਼ਬਦ ਫ਼ਾਰਸੀ ਯਾ ਅਰਬੀ ਦੇ ਹਨ (ਯਥਾ, "ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥" ਤਿਲੰਗ, ਮ : ੫ ॥ ਪੰ : ੭੨੪ ॥). ਤੇ ਇੱਥੇ ਵੀ ਇਸ ਦੇ ਨਾਲ 'ਦਿਲਾਂ ਕਾ' ਜੋੜ ਕੇ ਇਸ ਦਾ 'ਪਰਮਾਤਮਾ' ਦੇ ਅਰਥਾਂ ਵਿੱਚ ਪ੍ਰਯੋਗ ਕੀਤਾ ਹੈ. ਦਸਮ ਗ੍ਰੰਥ ਵਿੱਚ ਵੀ ਇਹ ਸ਼ਬਦ ਕਿਧਰੇ ਨਹੀਂ ਦਿਸਦਾ. ਬਾਣੀ ਵਿੱਚ ਮਾਲਕ (ਮਾਲਿਕ) ਦੀ ਥਾਂ ਨਾਯਕ, ਠਾਕੁਰ, ਸੁਆਮੀ ਤੇ ਪ੍ਰਭੂ ਸ਼ਬਦ ਪ੍ਰਯੁਕਤ ਹੋਏ ਹਨ. 'ਮਾਲਿਕ' ਸ਼ਬਦ ਦੇ ਅਰਥ ਅਰਬੀ ਵਿੱਚ ਬਾਦਸ਼ਾਹ ਤੇ ਸੁਆਮੀ (King & Master) ਦੇ ਹਨ. ਪਰ ਇਸ ਦਾ ਪ੍ਰਯੋਗ ਹਰ ਥਾਂ ਕਿਸੇ ਵਿਸ਼ੇਸ਼ 'ਅੰਗ' ਦੀ ਮਲਕੀਅਤ ਦੱਸਣ ਦਾ ਹੈ, ਸਾਰੀ ਸੰਪੂਰਨਤਾ ਦਾ ਨਹੀਂ. ਜਿਸ ਤਰ੍ਹਾਂ ਸ਼੍ਰੀ ਗੁਰੂ ਅਰਜਨ ਦੇਵ ਨੇ ਉਪਰਲੇ ਹਵਾਲੇ ਵਿੱਚ ਮਾਲਕ 'ਦਿਲਾਂ ਕਾ' ਲਿਖਿਆ ਹੈ, ਅਰ 'ਦਿਲ' ਇੱਕ ਵਿਸ਼ੇਸ਼ 'ਅੰਗ' ਯਾ 'ਭਾਵ' ਦਾ ਨਾਮ ਹੈ. ਇਸੇ ਤਰ੍ਹਾਂ 'ਮਾਲਿਕ' ਸ਼ਬਦ ਕੁਰਾਨ ਸ਼ਰੀਫ਼ ਦੇ ਅਰੰਭ ਵਿੱਚ ਆਇਆ ਹੈ. ਉੱਥੇ ਵੀ 'ਅੱਲਾ' ਤੇ 'ਰਬ' ਸ਼ਬਦਾਂ ਨੂੰ ਅਜ਼ੀਮ ਤੇ ਮੁਕੰਮਲ ਭਾਵਾਂ ਲਈ ਪ੍ਰਯੁਕਤ ਕਰ ਕੇ ਜਿੱਥੇ ਕਿਸੇ ਵਿਸ਼ੇਸ਼ ਭਾਵ ਦੀ ਅੰਸ਼ ਯਾ ਅੰਗ ਦੀ ਮਲਕੀਅਤ ਦੱਸਣ ਦੀ ਲੋੜ ਪਈ ਹੈ

Sri Satguru Jagjit Singh Ji eLibrary NamdhariElibrary@gmail.com

ਉੱਥੇ 'ਮਾਲਿਕ' ਸ਼ਬਦ ਵਰਤਿਆ ਹੈ. ਯਥਾ 'ਮਾਲਿਕ ਯੌਮਿੱਦੀਨ' (Master of the day of Retribution or Reqital) ਅਰਥਾਤ "ਬਦਲੇ, ਇਵਜ਼ ਯਾ ਇਨਤਕਾਮ ਦੇ ਦਿਨ ਦਾ ਮਾਲਿਕ." ਫਿਰ, 'ਮਾਲਿਕ' ਸ਼ਬਦ ਹੋਰ ਨੁਕਸਾਂ ਦੇ ਕਾਰਣ ਵੀ ਪਾਰ ਬ੍ਰਹਮ ਪਰਮਾਤਮਾ ਦਾ ਪ੍ਰਤੀਨਿਧ ਹੋਣ ਦਾ ਮੁਸਤਹਕ ਨਹੀਂ. ਕਿਉਂ ਜੋ ਇਹ ਕੇਵਲ 'ਮਲਕੀਅਤ' ਦੇ ਭਾਵ ਦਾ ਪ੍ਰਕਾਸ਼ਕ ਹੈ. ਇਸ ਵਿੱਚ ਕਰਤਾ (Creator), ਧਰਤਾ (Sustainer), ਤੇ ਹਰਤਾ (Destroyer) ਦੇ ਅਰਥਾਂ ਦਾ ਅਭਾਵ ਹੈ. ਕੋਈ ਆਦਮੀ ਆਪਣੀ ਜ਼ਰ, ਜ਼ਨ ਯਾ ਜ਼ਮੀਨ ਦਾ ਮਾਲਿਕ ਹੋਣ ਦੀ ਹੈਸੀਅਤ ਵਿੱਚ ਉਸ ਦਾ ਕਰਤਾ, ਧਰਤਾ ਯਾ ਹਰਤਾ ਨਹੀਂ ਹੋ ਸਕਦਾ. ਪਰ ਸਾਨੂੰ ਈਸ਼ੁਰ ਦਾ ਵਾਚਕ ਕੋਈ ਐਹਵਾ ਜਿਆ ਸ਼ਬਦ ਚਾਹੀਦਾ ਹੈ ਜੋ ਏਹਨਾਂ ਤਿੰਨਾਂ ਭਾਵਾਂ ਦਾ ਦਰਜੋਤਕ ਹੋਵੇ. ਐਸਾ ਸ਼ਬਦ ਕੇਵਲ ਓਂਕਾਰ (ਓਮ) ਹੀ ਹੈ. ਹੋਰ ਹਰ ਇੱਕ ਪਵਿਤ੍ਰ ਤੋਂ ਪਵਿਤ੍ਰ, ਪਿਆਰੇ ਤੋਂ ਪਿਆਰਾ, ਪੁਰਾਣੇ ਤੋਂ ਪੁਰਾਣਾ, ਸੁਹਾਣੇ ਤੋਂ ਸੁਹਾਣਾ ਤੇ ਸਤਕਾਰਿਤ ਤੋਂ ਸਤਕਾਰਿਤ ਸ਼ਬਦ ਵੀ ਬ੍ਰਹਮ ਦੀ ਕਿਸੇ ਇੱਕੋ ਮਹਿਦੂਦ ਸਿਫ਼ਤ ਦਾ ਦਰਜੋਤਕ ਹੈ, ਪਰ ਓਂਕਾਰ (ਓਮ) ਬ੍ਰਹਮ ਦੀਆਂ ਸਾਰੀਆਂ ਗਿਆਤ ਸਿਫ਼ਤਾਂ ਦਾ ਦਰਜੋਤਕ ਹੈ. ਕਿਉਂ ਜੋ ਕਰਤਾ (ਕਰਤਾਰ), ਧਰਤਾ (ਧਾਰਣਹਾਰ, ਰਖਜਕ, ਪਾਲਨਹਾਰ) ਤੇ ਹਰਤਾ (ਸੰਘਾਰਨਹਾਰ) ਦੇ ਅੰਤਰਗਤ ਸਾਰੀਆਂ ਹੋਰ ਅਨੰਤ ਸਿਫ਼ਤਾਂ ਆ ਜਾਂਦੀਆਂ ਹਨ. ਇਸ ਤਰ੍ਹਾਂ ਜੋ ਵਿਅਕਤੀ ਕਿਸੇ ਮਸ਼ੀਨ ਦਾ ਬਣਾਣ ਵਾਲਾ, ਤੇ ਉਸ ਨੂੰ ਯਥੋਚਿਤ ਹਿਫ਼ਾਜ਼ਤ ਨਾਲ ਚਲਾਣ ਵਾਲਾ ਹੈ, ਤੇ ਫਿਰ, ਉਸ ਨੂੰ ਭੰਨਣ ਤੋੜਨ ਦਾ ਅਧਿਕਾਰ ਤੇ ਸ਼ਕਤੀ ਵੀ ਰਖਦਾ ਹੈ, ਉਹ ਹਕੀਕੀ ਮਾਨਿਆਂ ਵਿੱਚ ਉਸ ਮਸ਼ੀਨ ਦਾ ਮਾਲਿਕ ਹੀ ਨਹੀਂ ਬਲਕਿ ਉਸ ਦਾ ਕਰਤਾ, ਧਰਤਾ ਤੇ ਹਰਤਾ ਵੀ ਹੈ. ਤਾਂ ਤੇ ਓਂਕਾਰ (ਓਮ) ਵਿੱਚ 'ਮਾਲਿਕ' ਦਾ ਭਾਵ ਮੌਜੂਦ ਹੈ, ਪਰ 'ਮਾਲਿਕ' ਵਿੱਚ 'ਓਂਕਾਰ' (ਓਮ) ਦਾ ਨਹੀਂ. ਬਸ (੧) ਏਕੰਕਾਰ, ਪਾਰ ਬ੍ਰਹਮ, ਦਾ ਸਭ ਤੋਂ ਵੱਡਾ ਨਾਮ (ਓਂ) ਓਂਕਾਰ, ਅ ਥਾਤ ਓਮ, ਹੈ, ਤੇ 'ਵਾਹਿਗੁਰੂ' ਇਸ ਓਂਕਾਰ ਦੀ ਸਭ ਤੋਂ ਵੱਡੀ 'ਸਿਫ਼ਤ ਸਾਲਾਹ' (Praise, ਪ੍ਰਸ਼ੰਸਾ, ਹਮਦੇ ਸਨਾ) ਹੈ, * ਯਮ ਤੇ †ਨਿਯਮ ਸੰਯੁਕਤ

* ਯਮ ਤੋਂ ਭਾਵ ਹੈ (ਦੇਖੋ, ਯੋਗ ਦਰਸ਼ਨ, ਸਾਧਨ ਪਾਦ, ਸੂਤ੍ਰ ੩੦) : ਅਹਿੰਸਾ, ਸੱਤ, ਆਸਤੇਯ (ਅਰਥਾਤ, ਚੋਰੀ ਦਾ ਤਿਆਗ), ਬ੍ਰਹਮ ਚਰਯ (ਅਰਥਾਤ, ਅਠ ਪ੍ਰਕਾਰ ਦੇ ਮੈਥਨ ਦਾ ਤਿਆਗ), ਤੇ ਅਪਰਿਗ੍ਰਹ (ਅਰਥਾਤ, ਲੋਭ ਰਹਤਤਾ).

† ਨਿਯਮ ਤੋਂ ਭਾਵ ਹੈ (ਦੇਖੋ, ਯੋਗ ਦਰਸ਼ਨ, ਸਾਧਨ ਪਾਦ, ਸੂਤ੍ਰ ੩੨) : ਸ਼ੌਚ, ਸੰਤੋਖ, ਤਪ (ਅਰਥਾਤ, ਭੁੱਖ ਪਿਆਸ, ਗਰਮੀ, ਸਰਦੀ, ਉਸਤਤ ਨਿੰਦਾ ਆਦਿਕ ਨੂੰ ਇੱਕ ਸਮਾਨ ਸਹਾਰਨਾ), ਸ੍ਵਾਧਿਆਇ (ਅਰਥਾਤ, ਧਾਰਮਿਕ ਗ੍ਰੰਥਾਂ ਦਾ ਪਾਠ, ਵਿਚਾਰ, ਸਤਿਸੰਗ ਆਦਿਕ), ਤੇ ਈਸ਼ੁਰ ਪ੍ਰਣਿਧਾਨ (ਅਰਥਾਤ, ਈਸ਼ੁਰ ਭਗਤੀ) .

Sri Satguru Jagjit Singh Ji eLibrary NamdhariElibrary@gmail.com

ਪਾਠਕ ਜਦ ਵੀ ਜੀ ਚਾਹੇ ਇਸ ਅਮਲ ਦੀ ਇਉਂ ਪਰੀਖਿਆ ਕਰ ਕੇ ਵੇਖੇ : ਆਪਣੇ ਧਿਆਨ ਨੂੰ 'ਓਂਕਾਰ' ਤੇ ਜਮਾ ਕੇ ਰਸਨਾ ਯਾ ਸ੍ਵਾਸਾਂ ਦੁਆਰਾ 'ਵਾਹਿ-ਗੁਰੂ' ਦਾ ਜਾਪ (ਸਿਮ੍ਰਨ) ਕਰੇ. ਜੇ ਬਾਹਰੋਂ, ਚੌਗਿਰਦੇ ਵਿੱਚੋਂ, ਕੋਈ ਵਿਘਨ ਚਿੱਤ ਨੂੰ ਵਿਕਸ਼ਿਪਤ ਕਰਨ ਵਾਲਾ ਨ ਆਣ ਪਵੇ ਤਾਂ ਇਹ (ਚਿੱਤ) ਥੋੜੇ ਹੀ ਚਿਰ ਵਿੱਚ ਏਕਾਗ੍ਰ ਹੋਣ ਲਗ ਪਵੇਗਾ.

'ਮਾਲਿਕ' ਵਾਂਗ ਹੀ 'ਮੌਜ' ਸ਼ਬਦ ਵਿੱਚ ਵੀ ਕੋਈ ਗੌਰਵਤਾ ਯਾ ਮਹਤਤਾ ਨਹੀਂ. 'ਮੌਜ' ਨਾਮ 'ਲਹਿਰ' ਦਾ ਹੈ ਤੇ 'ਲਹਿਰ' ਨਿਰਜੀਵ ਦਰਿਆ ਦੇ ਪਾਣੀ ਦੀ, ਤੇ ਬਿਜਲੀ, ਹਵਾ ਆਦਿਕ ਨਿਰਾਤਮ ਹਸਤੀਆਂ ਦੀ ਵੀ, ਹੁੰਦੀ ਹੈ, ਤੇ ਇਸ ਦੇ ਨਾਲ ਵੀ ਕਿਸੇ ਉੱਚ ਤ੍ਰਿਗੁਣਾਤੀਤ ਭਾਵ ਦਾ ਕੋਈ ਸੰਬੰਧ ਨਹੀਂ. ਪਰ 'ਭਾਣਾ' (will) ਕੇਵਲ ਹਰੀ, ਗੁਰੂ, ਯਾ ਕਿਸੇ ਹੋਰ ਸਾਤਮ ਹਸਤੀ ਦਾ ਹੀ ਹੋ ਸਕਦਾ ਹੈ, ਤੇ ਇਸ ਸ਼ਬਦ ਦਾ ਉੱਚਾਰਣ ਕਰਦਿਆਂ ਹੀ ਮਨ ਕਿਸੇ ਉੱਚ ਰੂਹਾਨੀ ਮੰਡਲ ਵਲ ਉਡਾਰੀ ਮਾਰਨ ਲਗ ਪੈਂਦਾ ਹੈ. 'ਮੌਜ' ਸ਼ਬਦ ਗੁਰਬਾਣੀ ਵਿੱਚ ਕਿਧਰੇ ਨਹੀਂ ਆਇਆ.

ਆਧਿਆਤਮਿਕ ਸ਼ਬਦਾਂ ਤੇ ਪ੍ਰਕਾਸ਼ਾਂ ਦੀ ਮਹਿਮਾ, ਜਿਹਾ ਕਿ ਉੱਪਰ ਦਸਿਆ ਹੈ, ਪ੍ਰਾਚੀਨ ਤੇ ਅਰਵਾਚੀਨ ਸਾਰੇ ਹੀ ਰੂਹਾਨੀ ਗ੍ਰੰਥਾਂ ਵਿੱਚ ਮੌਜੂਦ ਹੈ, ਮੈਂ ਉਹਨਾਂ ਤੋਂ ਮੁਨਕਰ ਨਹੀਂ. ਪਰ ਕਿਸੇ ਕੰਧ ਨਾਲ ਪੈਰਾਂ ਭਾਰ ਬਹਿ ਕੇ, ਕੰਨਾਂ ਤੇ ਅੱਖਾਂ ਨੂੰ ਵਿਸ਼ੇਸ਼ ਉਂਗਲੀਆਂ ਨਾਲ ਦਬਾ ਕੇ, ਸੱਜੇ ਕੰਨ ਤੇ, ਭਰਵਟਿਆਂ ਦੇ ਵਿਚਕਾਰ, ਦਿਲ, ਧੁੰਨੀ ਯਾ ਸਿਰ ਦੀ ਚੋਟੀ ਪਰ ਧਿਆਨ ਜਮਾਣ ਦੁਆਰਾ ਉਹਨਾਂ ਦਾ ਸਾਖਿਆਤਕਾਰ ਹੋਣਾ ਤ੍ਰੈਕਾਲ ਅਸੰਭਵ ਹੈ! ਉਹ ਤਾਂ ਬਲੰਦ ਇਖ਼ਲਾਕ, ਕਰੜੀ ਰੂਹਾਨੀ ਕਮਾਈ, ਤੇ ਪੂਰਨ ਗੁਰੂ ਦੀ ਪੂਰਨ ਕ੍ਰਿਪਾ ਦੁਆਰਾ ਹੀ ਅਨੁਭਵ ਵਿੱਚ ਆ ਸਕਦੇ ਹਨ.

(੮੦) ਇੱਥੇ ਇਹ ਦਸਣਾ ਅਤਿ ਆਵਸ਼ਜਕ ਪ੍ਰਤੀਤ ਹੁੰਦਾ ਹੈ ਕਿ ਕੋਈ ਵੀ ਮਨੁਖ ਪੂਰਨ ਗੁਰੂ ਦੀ ਪੂਰਨ ਕ੍ਰਿਪਾ ਤੋਂ ਬਿਨਾ ਰੂਹਾਨੀ ਸਫ਼ਰ ਵਲ ਇੱਕ ਕਦਮ ਵੀ ਚੁੱਕਣ ਦੇ ਸਮਰਥ ਨਹੀਂ, ਤੇ ਕੋਈ ਵੀ ਪੂਰਨ ਗੁਰੂ ਕਿਸੇ ਐਸੇ ਮਨੁਖ ਨੂੰ ਬਿਲਕੁਲ ਉਪਦੇਸ਼ ਨਹੀਂ ਦੇਂਦਾ ਜਿਸ ਨੂੰ ਉਹ ਆਪਣੀ ਪੂਰਨ ਕ੍ਰਿਪਾ ਦੇ ਯੋਗ ਨਹੀਂ ਸਮਝਦਾ; ਅਰ ਜਿਸ ਮਨੁੱਖ ਤੇ ਉਸ ਨੇ ਪੂਰਨ ਕ੍ਰਿਪਾ ਨ ਕਰਨੀ ਹੋਵੇ, ਉਸ ਤੋਂ ਉਹ ਨ ਤਾਂ ਕੋਈ ਸੇਵਾ ਕਰਾਂਦਾ ਹੈ, ਤੇ ਨਾਂ ਹੀ ਉਸ ਦੀ ਕੋਈ ਭੇਟ ਗ੍ਰਹਿਣ ਕਰਦਾ ਹੈ. ਇਸ ਦਾ ਸਪਸ਼ਟ ਭਾਵ ਇਹ ਹੈ ਕਿ ਕੋਈ ਵੀ ਮਨੁੱਖ ਜਿਸ ਨੂੰ ਪੂਰਨ ਗੁਰੂ ਆਪਣਾ ਉਪਦੇਸ਼ ਦੇ ਕੇ ਦੀਕਸ਼ਿਤ ਕਰ ਲੈਂਦਾ ਹੈ, ਉਹ ਤਤਕਾਲ ਯਾ ਹੌਲੀ ਹੌਲੀ ਜੀਵਨ ਵਿੱਚ ਕਦੇ ਨ ਕਦੇ ਜ਼ਰੂਰ

Sri Satguru Jagjit Singh Ji eLibrary NamdhariElibrary@gmail.com

ਹੀ ਗੁਰੂ ਦੇ ਨਾਲ ਅਭੇਦ ਹੋਕੇ ਪੂਰਨ ਹੋ ਜਾਂਦਾ ਹੈ. ਸ੍ਰੀ ਗੁਰੂ ਅਰਜਨ ਦੇਵ ਨੇ ਸੁਖਮਨੀ ਸਾਹਿਬ ਦੀ ਅਠਾਰ੍ਹਵੀਂ ਅਸ਼ਟਪਦੀ ਵਿੱਚ ਚੰਗੀ ਤਰ੍ਹਾਂ ਖੋਲ੍ਹ ਕੇ ਨਿਰੂਪਣ ਕੀਤਾ ਹੈ ਕਿ ਜਿਸ ਸੁਭਾਗੇ ਮਨੁੱਖ ਨੂੰ ਪੂਰਨ ਸਤਿਗੁਰੂ ਆਪਣੀ ਕ੍ਰਿਪਾ ਦਾ ਪਾਤ੍ਰ ਬਣਾ ਲੈਂਦਾ ਹੈ ਉਸ ਨੂੰ ਅਕਾਲ ਪੁਰਖ ਵੱਲੋਂ ਕੀ ਕੀ ਅਦਭੁਤ ਰਹਿਮਤਾਂ ਤੇ ਬਰਕਤਾਂ ਪ੍ਰਾਪਤ ਹੁੰਦੀਆਂ ਹਨ, ਅਰ ਇਸੇ ਬਾਣੀ ਦੇ ਅੰਤ (੨੪. ੬.) ਵਿੱਚ ਫਿਰ ਦੁਬਾਰਾ ਵੀ ਇਸ ਹਕੀਕਤ ਦਾ ਢੰਡੋਰਾ ਦੇ ਦਿੱਤਾ ਹੈ. ਦੰਭੀ ਗੁਰੂ ਕਰੜੀ ਕਮਾਈ ਦਾ ਬੋਝ ਚੇਲੇ ਤੇ ਪਾਂਦਾ ਹੈ, ਪਰ ਪੂਰਨ ਸਤਿਗੁਰੂ ਕਿਸੇ ਐਸੇ ਮਨੁੱਖ ਨੂੰ ਸਿੱਖ ਬਣਾਂਦਾ ਹੀ ਨਹੀਂ ਜਿਸ ਦਾ ਬੋਝ ਉਸ ਨੇ ਆਪ ਨ ਚੁਕਣਾ ਹੋਵੇ. ਪੂਰਨ ਕ੍ਰਿਪਾ ਪਹਿਲੇ ਹੁੰਦੀ ਹੈ ਤਾਂ ਮਗਰੋਂ ਸਫਲ ਹੋਣ ਵਾਲੀ ਕਰੜੀ ਕਮਾਈ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ. ਕਮਾਈ ਦਾ ਫਲ ਕ੍ਰਿਪਾ ਨਹੀਂ, ਕ੍ਰਿਪਾ ਦਾ ਫਲ ਕਮਾਈ ਹੈ. "ਪਹਿਲਾਂ ਬਾਬੇ ਪਾਯਾ ਬਖ਼ਸ਼ ਦਰ ਪਿੱਛੋਂ ਦੇ ਫਿਰ ਘਾਲ ਕਮਾਈ ॥ ਰੋਤ ਅੱਕ ਅਹਾਰ ਕਰ ਬਡੇ ਭਾਗ ਹਰਿ ਸਯੋਂ ਬਣ ਆਈ ॥" (ਭਾ. ਗੁ. ਦਾਸ, ਵਾਰ ੧, ਪਉ. ੨੪.) ਏਸ, ਰੂਹਾਨੀ ਤਰੱਕੀ ਦਾ ਏਹੋ ਰੱਬੀ ਨਿਯਮ ਹੈ. ਮਨੁੱਖ ਤੋਂ ਖ਼ੁਦ ਉਸ ਦੀ ਇਸ ਅਤਿ ਗਿਰੀ ਹੋਈ ਅਵਸਥਾ ਵਿੱਚ ਮੂਲੋਂ ਹੀ ਕੁੱਝ ਨਹੀਂ ਹੋ ਸਕਦਾ. "ਆਪਨ ਕੀਆ ਕਛੂ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥" (ਸੁ. ਮਨੀ. ੧੪. ੧.) "ਹਾ ਹਾ ਪ੍ਰਭ ਰਾਖਿ ਲੇਹੁ ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥" (ਧਨਾ: ਮ: ੫ ॥ ਪੰ: ੬੭੫ ॥) ਸੋ ਪਹਿਲੇ ਕ੍ਰਿਪਾ (ਪ੍ਰਸਾਦ) ਦਾ ਗਫਾ ਮਿਲਣ ਤੋਂ ਬਿਨਾ ਕ੍ਰੋੜਾਂ ਕਲਪ ਵੀ ਤਪ ਤਾਪਾਂ ਦੀ ਕਰੜੀ ਕਮਾਈ ਕਰਨ ਨਾਲ ਕਖ ਨਹੀਂ ਬਣਦਾ. ("ਕਈ ਕਲਪਨ ਲੌ ਤਪ ਤਾਪ ਕਰੈ ॥ ਨਹਿ ਨੈਕ ਕ੍ਰਿਪਾ ਨਿਧਿ ਪਾਨ ਪਰੈ ॥ ਦਸਮ ਗ੍ਰੰ. ਅਕਾ. ਉ. ੧੮. ੧੮੫') ਇਹ ਰਾਜ਼ ਵੇਦਿਕ ਰਿਸ਼ੀਆਂ ਨੂੰ ਤੇ ਭਗਵਤ ਗੀਤਾ ਦੇ ਰਚਨਹਾਰ ਨੂੰ ਵੀ ਭਲੀ ਪ੍ਰਕਾਰ ਗਿਆਤ ਸੀ (ਦੇਖੋ, ਕਠੋਪਨਿਸ਼ਦ ਵੱਲੀ ੨, ਮੰਤ੍ਰ ੨੪; ਮੁੰਡਕ ਉਪਨਿਸ਼ਦ ਖੰਡ ੨, ਮੰਤ੍ਰ ੩; ਸ਼ੇਤਾਸ਼ਤਰ ਉਪਨਿਸ਼ਦ ਅਧ. ੩, ਮੰਤ੍ਰ ੨੦; ਭਗਵਤ ਗੀਤਾ ਅਧ. ੧੧, ਸ਼ਲੋਕ ੮, ੪੭, ੪੮, ੫੩).

(੮੧) ਇਹ ਵਿਸ਼੍ਵਾਸ ਯਥਾਰਥ ਨਹੀਂ ਕਿ ਗੁਰੂ ਦਾ ਧਰਮ (Duty) ਕੇਵਲ ਉਪਦੇਸ਼ ਦੇਣਾ ਹੈ, ਉਸ ਤੋਂ ਬਾਦ ਚੇਲੇ ਦੀ ਰੂਹਾਨੀ ਤਰੱਕੀ ਦਾ ਨਿਰਭਰ ਉੱਕਾ ਹੀ ਉਸ ਦੀ ਆਪਣੀ ਮੇਹਨਤ ਤੇ ਹੈ. ਇਸ ਵਿਸ਼ੇ ਤੇ ਗੁਰਬਾਣੀ ਵਿੱਚ ਇਸ ਕਿਸਮ ਦੇ ਵਾਕ ਆਏ ਹਨ :

Sri Satguru Jagjit Singh Ji eLibrary NamdhariElibrary@gmail.com



ਸ੍ਰੀ ਮਾਨ ਡਾਕਟਰ ਸਰ ਗੋਕੁਲ ਚੰਦ ਜੀ ਨਾਰੰਗ, ਐਮ.ਏ.,ਪੀਐਚ.ਡੀ., ਪ੍ਰਸਿੱਧ ਅੰਗ੍ਰੇਜ਼ੀ ਪੁਸਤਕ "Transformation of Sikhism" ਦੇ ਮਹਾਂ ਵਿਦੂਾਨ ਲੇਖਕ, ਜਿਨ੍ਹਾਂ ਨੇ ਸਨ ੧੯੦੮ ਵਿੱਚ ਲੰਡਨ ਨਗਰ ਵਿੱਚ ਵੀਰ ਵਿਨਾਯਕ ਦਾਮੋਦਰ ਸਾਵਰਕਰ ਜੀ ਨਾਲ ਮਿਲ ਕੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਜਨਮ ਦਿਹਾੜੇ ਤੇ ਮੁਖਜ ਵਿਆਖਿਆਨ ਦਿਤਾ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

"ਕਬੀਰ ਮਾਇ ਮੁੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥" (ਸ਼ਲੋਕ ੧੦੪, ਪੰ: ੧੩੭੦.)

"ਕਬੀਰ ਸਾਚਾ ਸਤਿਗੁਰ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥ ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕ ॥" (ਸ਼. ੧੫੭, ਪੰ: ੧੩੭੨.)

"ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥" (ਸੋਰਠ ਕਬੀਰ, ਪੰ: ੬੫੫.)

"ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ ਕ੍ਰਿਪਾ ਖਜ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥" (ਧਨਾ. ਮ: ੫ ॥ ਪੰ: ੬੮੧.)

"ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥" (ਰਾਮ ਕ. ਮ: ੧ ॥ ਦ. ੳ, ਪੰ: ੯੩੨.)

"ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥" (ਸਿ. ਰਾ. ਮ: ੧ ॥ ਪੰ: ੫੮.)

"ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ (ਵਾ. ਰਾ. ਕ. ਮ: ੩, ਪੰ: ੯੫੧.)

"ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਸੁ ਬਜਾਈਐ ਫੂਕ ॥(ਸ਼. ੧੫੮. ਪੰ: ੧੩੭੨.)

ਏਹਨਾਂ ਵਾਕਾਂ ਵਿੱਚੋਂ ਕਬੀਰ ਜੀ ਦਾ ਕੇਵਲ ਇੱਕ ਅੰਤਿਮ ਵਾਕ ਹੀ ਐਸਾ ਹੈ ਜਿਸ ਦੀ ਸਤਿਗੁਰਾਂ ਦੇ ਇਸ ਵਿਸ਼ੇ ਤੇ ਵਾਕਾਂ ਨਾਲ ਇਕਸੁਰਤਾ (Harmony) ਨਹੀਂ ਕੀਤੀ ਜਾ ਸਕਦੀ ਕਿਉਂ ਜੋ ਕਬੀਰ ਜੀ ਦੇ ਇਸ ਵਾਕ ਦਾ ਅਨੁਸਾਰੀ ਨ ਤਾਂ ਹੋਰ ਕਿਤੇ ਕਬੀਰ ਜੀ ਦੀ ਆਪਣੀ ਬਾਣੀ ਵਿੱਚ ਹੀ ਅਰ ਨ ਗੁਰਬਾਣੀ ਵਿੱਚ ਕੋਈ ਵਾਕ ਮੌਜੂਦ ਹੈ. ਸਗੋਂ ਕੀ ਭਗਤ ਬਾਣੀ ਤੇ ਕੀ ਗੁਰ-ਬਾਣੀ ਦੋਂਵੇਂ ਇਸ ਵਾਕ ਦੇ (Positively) ਵਿਰੁੱਧ ਹਨ. ਇਸ ਵਾਕ ਤੋਂ ਤਾਂ ਇਉਂ ਪ੍ਰਗਟ ਹੁੰਦਾ ਹੈ, ਕਿ 'ਸੱਚਾ ਸਤਿਗੁਰੂ' ਵੀ ਉਹਨਾਂ ਸਿੱਖਾਂ ਦੀ ਕਲਿਆਣ ਕਰਨ ਦੇ ਸਮਰਥ ਨਹੀਂ ਜਿਨ੍ਹਾਂ ਵਿੱਚ ਕੋਈ ਵਿਸ਼ੇਸ਼ 'ਚੂਕ' ਹੈ, ਅਰਥਾਤ, 'ਸੱਚਾ ਸਤਿਗੁਰੂ' ਪੂਰੀ ੨ ਜ਼ੋਰ ਅਜ਼ਮਾਈ ਕਰਦਾ ਹੈ, ਪਰ ਉਹ 'ਚੂਕ' ਵਾਲੇ ਸਿੱਖ ਦਾ ਕੁੱਝ ਵੀ ਨਹੀਂ ਸੰਵਾਰ ਸਕਦਾ ! ਇਸ ਦਾ ਸਾਫ਼ ਲਫ਼ਜ਼ਾਂ ਵਿੱਚ ਭਾਵ ਇਹ ਹੈ ਕਿ 'ਸਚਾ ਸਤਿਗੁਰੂ' ਤਾਂ ਆਪਣੇ ਰੂਹ ਦੀ ਹਰ ਤਹਿ ਤੋਂ ਸਿੱਖ ਦੀ ਰੂਹਾਨੀ ਕਾਇਆ ਪਲਟੀ ਦਾ ਤਲਬਗਾਰ ਹੈ ਪਰ ਸਿੱਖ ਦੀ 'ਚੂਕ' ਦੇ ਕਾਰਣ

Sri Satguru Jagjit Singh Ji eLibrary NamdhariElibrary@gmail.com

ਉਸ ਦੀ ਕੋਈ ਵਾਹ ਨਹੀਂ ਚਲਦੀ : ਬਸ, ਜੇ ਕਬੀਰ ਜੀ ਦੇ ਇਸ ਵਾਕ ਦਾ ਏਹੋ ਭਾਵ ਹੈ ਤਾਂ ਇਹ ਕੇਵਲ ਗੁਰਬਾਣੀ ਦੇ ਹੀ ਵਿਰੁੱਧ ਨਹੀਂ ਬਲਕਿ ਕਬੀਰ ਜੀ ਦੀ ਆਪਣੀ ਵੀ ਇਤਰ (ਅਰਥਾਤ, ਹੋਰ ਦੂਜੀ) ਬਾਣੀ ਦੇ, ਤੇ ਹੋਰ ਵੀ ਜਗਤ ਦੇ ਸਾਰੇ ਮਹਾਂ ਪੁਰਖਾਂ ਦੀ ਬਾਣੀ ਦੇ, ਤੇ ਕਮਿਲ ਰੂਹਾਨੀ ਮੁਰਸ਼ਿਦਾਂ ਦੇ ਇਤਿਹਾਸ ਦੇ, ਵਿਰੁੱਧ ਹੈ. ਕਿਉਂ ਜੋ ਗੁਰਬਾਣੀ ਪੁਕਾਰ ਪੁਕਾਰ ਕੇ ਗੁਰੂ ਦੀ ਅਪਾਰ ਸ਼ਕਤੀ ਦਾ ਐਲਾਨ ਕਰ ਰਹੀ ਹੈ : "ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ ਤਿਸੁ ਗੁਰ ਸੇਵਿ ਸਦਾ ਦਿਨ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੈ ॥" (ਮਾਰੂ ਮ : ੧ ॥ ਪੰ : ੧੦੩੨ ।)

"ਭੂਲੇ ਕਉ ਗੁਰਿ ਮਾਰਗਿ ਪਾਇਆ॥ਅਵਰ ਤਿਆਗਿ ਹਰਿ ਭਗਤੀ ਲਾਇਆ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥"
(ਗੌਂਡ ਮ : ੫ ॥ ਪੰ : ੮੬੪.)

"ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ ॥ ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ ॥" (ਗਉ. ਪੂ. ਮ : ੪ ॥ ਪੰ : ੧੭੧ ॥)

"ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ ॥
ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰ ਬ੍ਰਹਮ ਭਗਵਾਨਾ ॥" (ਆ. ਮ : ੫ ॥ ਪੰ : ੩੮੩ ॥)

"ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ ॥"(ਸੂ.ਮ:੫॥ਪੰ:੭੬੧॥)

ਏਹਨਾਂ ਮਹਾਂ ਵਾਕਾਂ ਦੀ ਰੋਸ਼ਨੀ ਵਿੱਚ ਏਹੋ ਨਿਸ਼ਚਿਤ ਹੁੰਦਾ ਹੈ ਕਿ ਸਿੱਖ ਦੀ 'ਚੂਕ' (Error, inadvertency, blunder, mistake) ਤਾਂ ਹਰ ਹਾਲਤ ਵਿੱਚ ਸਤਿਗੁਰੂ ਨੂੰ ਹੀ ਦੂਰ ਕਰਨੀ ਪਵੇਗੀ. ਕਿਉਂ ਜੋ ਜਿਸ ਤਰ੍ਹਾਂ ਕੰਪੌਂਡਰ ਤੋਂ ਸਿਵਲ ਸਰਜਨ ਦਾ, ਮਿਸਤ੍ਰੀ ਤੋਂ ਐਂਜੀਨੀਅਰ ਦਾ, ਤੇ ਵਕੀਲ ਦੇ ਮੁਨਸ਼ੀ ਤੋਂ ਵਕੀਲ ਦਾ ਇਲਮ ਤੇ ਅਮਲੀ ਤਜਰਬਾ ਸ੍ਰੇਸ਼ਟ ਮੰਨੇ ਗਏ ਹਨ, ਤੇ ਆਪੋ ਆਪਣੇ ਮਹਿਕਮੇ ਦੀਆਂ ਜਿਨ੍ਹਾਂ ਚੂਕਾਂ ਨੂੰ ਕੰਪੌਂਡਰ, ਮਿਸਤ੍ਰੀ, ਤੇ ਮੁਨਸ਼ੀ ਦੂਰ ਨਹੀਂ ਕਰ ਸਕਦੇ ਉਹਨਾਂ ਦੀ ਬਾਬਤ ਪੂਰੀ ਤਰ੍ਹਾਂ ਆਸ ਹੁੰਦੀ ਹੈ ਕਿ ਸਿਵਲ ਸਰਜਨ, ਐਂਜੀਨੀਅਰ ਤੇ ਵਕੀਲ ਜ਼ਰੂਰ ਦੂਰ ਕਰਨਗੇ, ਏਦਾਂ ਹੀ ਲੋਕਾਂ ਦਾ ਦ੍ਰਿੜ ਵਿਸ਼੍ਵਾਸ਼ ਹੈ ਕਿ ਜਿਨ੍ਹਾਂ ਘੋਰ ਚੂਕਾ ਨੂੰ ਸਿੱਖ ਖ਼ੁਦ ਆਪਣੇ ਮਨ ਵਿੱਚੋਂ ਦੂਰ ਨਹੀਂ ਕਰ ਸਕਦਾ ਉਹਨਾਂ ਨੂੰ ਉਸ ਦਾ ਗੁਰੂ ਜ਼ਰੂਰ ਦੂਰ ਕਰੇਗਾ. ਪਰ ਜੇਹੜਾ ਗੁਰੂ ਇਹ ਕਾਰਜ ਸਿੱਧ ਨਹੀਂ ਕਰ ਸਕਦਾ ਉਹ ਧੁਰ ਦਰਗਾਹ

Sri Satguru Jagjit Singh Ji eLibrary NamdhariElibrary@gmail.com

ਦਾ ਸਨਦ ਯਾਫ਼ਤਾ ਗੁਰੂ ਨਹੀਂ. ਉਹ ਆਪ ਮੁਹਾਰਾ ਬਣਿਆ ਹੋਇਆ (ਬੋਗਸ Bogus) ਗੁਰੂ ਹੈ. ਜਗਤ ਦਾ ਕੋਈ ਸਿੱਖ ਐਸਾ ਨਹੀਂ ਜੋ, ਇੱਕ ਕੀ, ਅਨੰਤ ਕੋਟੀ ਚੂਕਾਂ ਨਾਲ ਭਰਪੂਰ ਨ ਹੋਵੇ, ਅਰ ਇਹ ਸਭ ਉਸ ਦੇ ਗੁਰੂ ਨੇ ਦੂਰ ਕਰਨੀਆਂ ਹਨ, ਜਿਸ ਨੇ ਕਿ ਉਸ ਨੂੰ ਉਪਦੇਸ਼ ਦੇ ਕੇ ਆਪਣਾ ਸਿੱਖ ਕਬੂਲ ਕੀਤਾ ਹੈ, ਜੋ ਉਸ ਤੋਂ ਸੇਵਾ ਕਰਵਾਂਦਾ ਹੈ, ਤੇ ਜਿਸ ਨੇ ਉਸ ਨੂੰ ਆਪਣੇ ਮਗਰ ਲਾਇਆ ਹੋਇਆ ਹੈ. ਜਿਸ ਗੁਰੂ ਵਿੱਚ ਇਹ ਸ਼ਕਤੀ ਨਹੀਂ ਉਹ ਕਿਸੇ ਵੀ ਪ੍ਰਸਿੱਧ ਮਤ ਅਨੁਸਾਰ ਮੁਰਸ਼ਦੇ ਕਾਮਿਲ ਨਹੀਂ.

(੮੨) ਪਰ ਕਬੀਰ ਜੀ ਦੇ ਇਸ ਸ਼ਲੋਕ (ਅੰਕ ੧੫੮) ਵਿੱਚ ਜ਼ਾਹਿਰਾ ਤੌਰ ਪਰ ਦੰਭੀ ਗੁਰੂਆਂ ਦੇ ਲੁਕਣ ਦਾ ਇੱਕ ਨਿਹਾਇਤ ਮਹਿਫ਼ੂਜ਼ ਟਿਕਾਣਾ ਹੈ. ਟਿਕਾਣਾ ਹੀ ਨਹੀਂ ਸਗੋਂ ਇਹ ਉਹਨਾਂ ਦਾ ਜ਼ਬਰਦਸਤ ਅਟੁੱਟ ਕਿਲਾ ਪ੍ਰਤੀਤ ਹੁੰਦਾ ਹੈ. ਉਹ 'ਗੁਰੂ' ਜੋ ਲੱਖਾਂ ਬਦ ਨਸੀਬਾਂ ਨੂੰ ਰੂਹਾਨੀ ਆਬੇ ਹਯਾਤ ਪਿਲਾਣ ਲਈ ਆਪਣੇ ਮਗਰ ਲਾਈ ਫਿਰਦੇ ਹਨ ਪਰ ਜੋ ਵਾਸਤਵ ਵਿੱਚ ਉਹਨਾਂ ਦੇ ਇਖ਼ਲਾਕੀ ਤੇ ਰੂਹਾਨੀ ਜੀਵਨ ਦਾ ਕਣਕਾ ਮਾਤ੍ਰ ਵੀ ਨਹੀਂ ਸੰਵਾਰ ਸਕਦੇ, ਉਹਨਾਂ ਗੁਰੂਆਂ ਨੂੰ ਆਪਣੀ ਬੇ ਬਸੀ ਦੀ ਜਵਾਬ ਦੇਹੀ ਲਈ, ਤੇ ਆਪਣੀ ਸੁਰਖ਼ਰੂਹੀ ਸਾਬਤ ਕਰਨ ਲਈ ਵਾਕਈ ਇਸ ਸ਼ਲੋਕ ਤੋਂ ਬੜਾ ਆਸਰਾ ਮਿਲ ਸਕਦਾ ਹੈ ! ਪਰ ਕਬੀਰ ਜੀ ਪੂਰਨ ਬ੍ਰਹਮ ਵੇਤਾ ਸਨ. ਉਹ ਦੰਭੀਆਂ ਦਾ ਆਸਰਾ ਨਹੀਂ ਹੋ ਸਕਦੇ ! ਉਹਨਾਂ ਦਾ ਬਚਨ ਹੈ, "ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥" (ਰ. ਕ. ਪੰ : ੯੬੯.) ਤਾਂ ਤੇ ਐਸੇ ਭਗਤ ਸ਼੍ਰੋਮਣੀ ਦੇ ਇਸ ਸ਼ਲੋਕ (ਅੰਕ ੧੫੮) ਦਾ ਜ਼ਰੂਰ ਕੋਈ ਹੋਰ ਰਾਜ਼ ਹੈ, ਅਰ ਉਹ ਇਹ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਲੋਕਾਂ ਨੂੰ ਕਿਸੇ ਵਿਸ਼ੇਸ਼ ਸਿਲਸਿਲੇ ਵਾਰ ਖ਼ਿਆਲਾਂ ਦੀ ਲੜੀ ਅਨੁਸਾਰ ਦਰਜ ਨਹੀਂ ਕੀਤਾ ਗਿਆ. ਸੋ ਇੱਥੇ ਇਉਂ ਤਸੱਵਰ ਕਰਨਾ ਹੈ ਕਿ ਪਹਿਲਾਂ ਕੋਈ ਦੰਭੀ ਗੁਰੂ (ਯਾ ਉਸ ਦਾ ਹਾਮੀ) ਇਸ ਸ਼ਲੋਕ (ਅੰਕ ੧੫੮) ਦੇ ਰੂਪ ਵਿੱਚ ਦਾਵਾ ਕਰ ਕੇ ਆਪਣੇ ਪਖ ਦਾ ਬਚਾਓ (defence) ਕਰਦਾ ਹੈ. ਫਿਰ ਕਬੀਰ ਜੀ ਇਸ ਨੂੰ ਸੁਣ-ਦਿਆਂ ਹੀ (ਜਿਹਾ ਕਿ ਉੱਪਰ ਵਰਣਨ ਹੋ ਚੁਕਾ ਹੈ) ਸ਼ਲੋਕ ਅੰਕ ੧੦੪ ਤੇ ੧੫੭ ਦਾ ਉੱਚਾਰਣ ਕਰਦੇ ਹਨ. ਸੋ ਸ਼ਲੋਕ ਅੰਕ ੧੫੮ ਦੰਭੀ ਗੁਰੂਆਂ ਦਾ ਕਿਲਾ ਨਹੀਂ ਬਲਕਿ ਉਹਨਾਂ ਦੇ ਕਿਲੇ ਨੂੰ ਉਡਾਣ ਵਾਲਾ ਬਰੂਦ ਹੈ, ਤੇ ਸ਼ਲੋਕ ਅੰਕ ੧੦੪ ਤੇ ੧੫੭ ਦੀ ਰਚਨਾ ਹੀ ਇਸ ੧੫੮ ਦੇ ਖੰਡਨ ਹਿਤ ਹੈ. ਮੇਰੇ ਇਸ ਸਮਾਧਾਨ (Interpretation) ਦੀ ਨਿਰਦੋਸ਼ਿਤਾ ਦਾ ਸਬੂਤ ਇਹ ਹੈ ਕਿ ਦੰਭੀ ਗੁਰੂ ਦੇ (ਸ਼. ੧੫੮ ਰੂਪੀ) ਐਲਾਨ ਤੋਂ ਬਿਨਾ ਹੋਰ ਕੋਈ ਕਾਰਣ ਹੀ ਨ ਸੀ

Sri Satguru Jagjit Singh Ji eLibrary NamdhariElibrary@gmail.com

ਜਿਸ ਲਈ ਕਬੀਰ ਜੀ ਕਦੇ ਐਸੇ ਕਰੜੇ ਬਚਨ (ਸ਼. ਅੰਕ ੧੦੪) ਦਾ ਉੱਦਾਰਣ ਕਰਦੇ ! ਬਹਰ ਹਾਲ ਇਸ ਵਾਕ (ਸ਼. ੧੫੮) ਵਿੱਚ ਕਬੀਰ ਜੀ ਦੇ ਆਪਣੇ ਅਕੀਦੇ ਦਾ ਕੋਈ ਐਲਾਨ ਨਹੀਂ.

(੮੩) ਸੰਪੂਰਨ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੇ ਦਸਮ ਪਾਦਸ਼ਾਹ ਦੀ, ਵੇਦ, ਪੁਰਾਣ, ਜ਼ਬੂਰ, ਤੌਰੇਤ, ਇੰਜੀਲ, ਕੁਰਾਨ, ਗੁਰ ਇਤਿਹਾਸ, ਤੇ ਹੋਰ ਮਤਾਂ ਦੇ ਇਤਿਹਾਸ, ਮੁਰਸ਼ਦੇ ਕਾਮਿਲ ਦੀਆਂ ਅਮਿਤ ਸ਼ਕਤੀਆਂ ਤੇ ਸਿਫ਼ਤਾਂ ਦੇ ਸੋਹਿਲੇ ਗਾ ਰਹੇ ਹਨ. ਜਿਗਿਆਸੂ ਨੂੰ ਤਾਂ ਕੀ ਜੇ ਮੁਰਸ਼ਦੇ ਕਾਮਿਲ ਚਾਹੇ ਤਾਂ ਉਹ ਕਿੰਚਿਤ ਕ੍ਰਿਪਾ ਕਟਾਖਜ ਦੁਆਰਾ ਰੁਲਦੀ ਹੋਈ ਠੀਕਰੀ ਤੁਲ ਗਏ ਗੁਜ਼ਰੇ ਇਨਸਾਨ ਨੂੰ ਵੀ ਅੱਖ ਦੇ ਪਲਕਾਰੇ ਵਿੱਚ ਦੇਵਤਾ ਬਣਾਣ ਦੇ ਸਮਰਥ ਹੈ. "ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੇ ॥" (ਬਿਲ. ਮ : ੫ ॥ ਪੰ : ੮੦੨.) "ਸਫਲ ਮੂਰਤਿ ਗੁਰ ਦੇਉ ਸੁਆਮੀ ਸਰਬ ਕਲਾ ਭਰਪੂਰੇ ॥ ਨਾਨਕ ਗੁਰੁ ਪਾਰ ਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥" (ਬਿਲ. ਮ : ੫ ॥ ਪੰ : ੮੦੨.) ਜਦੋਂ ਯਜੁਰਵੇਦੀ ਸ਼੍ਵੇਤਾਸ਼ਵਤਰ ਉਪਨਿਸ਼ਦ (ਅਧ. ੬, ਮੰਤ੍ਰ ੨੩) ਵਿੱਚ ਰਿਸ਼ੀ ਨੇ ਕਿਹਾ ਸੀ, "ਜਿਸ ਮਨੁਖ ਦੀ ਪਰਮਾ-ਤਮਾ ਵਿੱਚ ਪਰਮ ਭਗਤੀ ਹੈ, ਅਰ ਜੈਸੀ ਭਗਤੀ ਪਰਮਾਤਮਾ ਵਿੱਚ ਹੈ, ਵੈਸੀ ਹੀ ਗੁਰੂ ਵਿੱਚ ਵੀ ਹੈ, ਉਸੇ ਮਹਾਤਮਾ ਨੂੰ ਉੱਪਰ ਕਥਨ ਕੀਤੇ ਗਏ ਅਰਥਾਂ ਦਾ (ਰਹਸਜ ਯਾ ਰਾਜ਼) ਪ੍ਰਕਾਸ਼ਿਤ ਹੁੰਦਾ ਹੈ, ਹਾਂ ਜੀ, ਉਸੇ ਮਹਾਤਮਾ ਨੂੰ ਏਹਨਾਂ ਗੁਪਤ ਭਾਵਾਂ ਦਾ ਪ੍ਰਕਾਸ਼ ਹੁੰਦਾ ਹੈ," ਭਾਂ ਰਿਸ਼ੀ ਦਾ ਇਸ਼ਾਰਾ 'ਪੂਰਨ ਬ੍ਰਹਮ ਵੇਤਾ ਗੁਰੂ' ਵਲ ਸੀ ਨ ਕਿ 'ਨਮਾਇਸ਼ੀ ਗੁਰੂ' ਵਲ ! ਜਦ ਸੁੰਦਰਤਾ, ਨੇਕੀ, ਦਾਨਾਈ, ਇਨਸਾਫ਼ ਆਦਿਕ ਇੱਕ ਇੱਕ ਸ਼ੁਭ ਗੁਣ ਵਲ ਵੀ ਮਨੁਖ ਦਾ ਚਿੱਤ ਸ੍ਵਭਾਵਿਕ ਹੀ ਅਮਿਤ ਸੀਮਾ ਤਕ ਖਿਚਿਆ ਜਾਂਦਾ ਹੈ ਤਾਂ ਫਿਰ ਸੰਪੂਰਨ ਸ਼ੁਭ ਗੁਣਾਂ ਦੀ ਪੂਰਨਤਾ ਵਲ ਕਿਉਂ ਉਹ ਸ੍ਵਭਾਵਿਕ ਹੀ ਪਰਮ ਅਮਿਤ ਸੀਮਾ ਤਕ ਨ ਖਿਚਿਆ ਜਾਵੇਗਾ ! ਜਦ ਇੱਕ ਇੱਕ ਸ਼ੁਭ ਗੁਣ ਦੇ ਧਨੀ ਦੀ ਸੰਗਤ ਤੋਂ ਵੀ, ਵੇਖਦੇ ਹਾਂ ਕਿ, ਕੁੱਝ ਚਿਰ ਵਿੱਚ ਹੀ ਅਮਿਤ ਲਾਭ ਪਹੁੰਚਦਾ ਹੈ, ਤਾਂ ਫਿਰ ਕਿਉਂ ਨ ਪੂਰਨਤਾ ਦੇ ਧਨੀ ਦੀ ਸੰਗਤ ਤੋਂ ਅਮਿਤ ਚਿਰ ਵਿੱਚ ਵੀ ਮਿਤ ਲਾਭ ਨ ਪਹੁੰਚੇ ! ਜਿਗਿਆਸੂਆਂ ਨੂੰ ਨੈਪੋਲਿਅਨ (ਬੋਨਾਪਾਰਟ) ਵਰਗੇ ਦਿਲ ਵਾਲੇ, ਐਡਮੰਡ ਬਰਕ ਵਰਗੀ ਜ਼ਬਾਨ ਵਾਲੇ, ਮੈਕਾਲੇ ਵਰਗੀ ਕਲਮ ਵਾਲੇ, ਤੇ ਪਿੱਕਾਡਿੱਲੀ (ਲੰਡਨ ਦੇ ਇੱਕ ਪ੍ਰਸਿੱਧ ਚੌਕ) ਦੇ ਬਾਂਕਿਆਂ ਵਰਗੀ ਨਜ਼ਾਕਤ ਵਾਲੇ ਗੁਰੂਆਂ ਤੋਂ ਰੂਹਾਨੀ ਲਾਭ ਪਹੁੰਚਣਾ ਸੰਭਵ ਨਹੀਂ ! ਪ੍ਰਾਚੀਨ ਯੂਨਾਨ ਦੇ ਸੋਫ਼ਿਸਟ (Sophists) ਵੀ,

Sri Satguru Jagjit Singh Ji eLibrary NamdhariElibrary@gmail.com

ਵਰਤਮਾਨ ਕਾਲ ਦੇ ਨੁਮਾਇਸ਼ੀ ਗੁਰੂਆਂ ਵਾਂਗ, ਹੈਰਤ ਅੰਗੇਜ਼ ਹਦ ਤਕ ਨੁਮਾਇਸ਼ੀ ਸਨ, ਪਰ ਉਹਨਾਂ ਦੀ ਜਾਦੂ ਬਿਆਨੀ ਤੋਂ ਦੇਸ਼ ਦੇ ਗਭਰੂਆਂ ਦਾ ਰਤੀ ਭਰ ਵੀ ਸੁਧਾਰ ਨ ਹੋ ਸਕਿਆ. ਸੰਸਾਰ ਨੂੰ ਨਿਰੋਲ ਤੇ ਪੂਰਨ ਕਾਇਆ ਪਲਟੂ ਗੁਰੂਆਂ ਦੀ ਲੋੜ ਹੈ, ਜਿਨ੍ਹਾਂ ਵਿੱਚ ਉਹ ਸਿਫ਼ਤਾਂ ਹੋਵਨ ਜੋ ਵੇਦਾਂ, ਪੁਰਾਣਾਂ, ਸ਼ਾਸਤ੍ਰਾਂ, ਸਿਮ੍ਰਿਤੀਆਂ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਿਰੂਪਿਤ ਹਨ. "ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥ ਹਰਖ ਸੋਗ ਦਾਝੈ ਨਹੀ ਤਹ ਹਰਿ ਆਪਹਿ ਆਪ ॥" (ਸ਼ਲੋਕ ੧੮੯, ਪੰ: ੧੩੭੪) ਭਗਤ ਬੇਣੀ ਜੀ ਫ਼ਰਮਾਂਦੇ ਹਨ : ਅਸੀਂ ਤਾਂ ਉਸ ਆਦਮੀ ਨੂੰ ਸਮਝਾਂਗੇ ਕਿ ਪਰਮ ਗੁਰੂ ਮਿਲਿਆ ਹੈ ਜਿਸ ਦੀ ਮਾਨਸਿਕ ਦਸ਼ਾ ਇਹ ਹੋਵੇ : "ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰ ਦੇਉ ॥" (ਰਾਮ ਕਲੀ, ਪੰ: ੯੭੪.) ਪਰ ਜੇ ਪੂਰਨ ਸਤਿਗੁਰੂ ਵਿੱਚ ਤਤਕਾਲ ਸਿੱਖ ਨੂੰ ਉੱਚ ਆਧਿਆਤਮਿਕ ਦਸ਼ਾ ਵਿੱਚ ਲਿਜਾਣ ਦੀ ਸ਼ਕਤੀ ਨਹੀਂ ਤਾਂ ਉਹ ਇਸ ਜਗਤ ਵਿੱਚ ਈਸ਼ੁਰ ਦਾ ਪ੍ਰਤੀਨਿਧ ਵੀ ਨਹੀਂ, ਜੇ ਸਿੱਖ ਨੇ 'ਪੂਰਨ ਸਤਿਗੁਰੂ' ਅੱਗੇ ਮੱਥੇ ਹੀ ਰਗੜਨੇ ਹਨ ਤੇ ਉਸ ਦੀਆਂ, ਕੋਠੀਆਂ, ਖੇਤਾਂ, ਬਗੀਚੀਆਂ ਤੇ ਸਵਾਰੀਆਂ ਲਈ ਆਪਣੇ ਝੁੱਗੇ ਹੀ ਉਜਾੜਨੇ ਹਨ, ਪਰ ਧਰਤੀ ਤੋਂ ਸਤਵੇਂ ਆਕਾਸ਼ ਤਕ ਕੇਵਲ ਆਪਣੀਆਂ ਹੀ ਨਖਿੱਧ ਲੱਤਾਂ ਤੇ ਪੈਰਾਂ ਦੇ ਆਸਰੇ ਪਹੁੰਚਣਾ ਹੈ ਤਾਂ ਫਿਰ ਮੈਨੂੰ ਮੁਤਲਿਕ ਪਤਾ ਨਹੀਂ ਕਿ ਪੂਰਨ ਸਤਿਗੁਰੂ ਦਾ ਕਰਤਵਜ ਕੀ ਹੈ! ਪਰ ਮੈਨੂੰ ਇਸ ਗਲ ਦਾ ਚੰਗੀ ਤਰ੍ਹਾਂ ਪਤਾ ਹੈ ਕਿ ਨਮਾਇਸ਼ੀ ਗੁਰੂਆਂ ਦੇ ਨੁਮਾਇਸ਼ੀ ਤਰੀਕਿਆਂ ਦੁਆਰਾ ਹੀਨ ਮਨੁੱਖਾਂ ਦੀ ਕੋਟਾਨ ਕੋਟ ਕਲਪਾਂ ਤਕ ਵੀ ਕਲਿਆਣ ਨ ਹੋ ਸਕੇਗੀ! ਪਰ ਜਿਸ ਤਰ੍ਹਾਂ ਸੂਰਜ ਬਿਲਾ ਸ਼ਰਤ ਹਰ ਪਦਾਰਥ ਨੂੰ ਆਪਣੀ ਤਪਸ਼ ਪਹੁੰਚਾਣ ਦੇ ਸਮਰਥ ਹੈ; ਜਿਸ ਤਰ੍ਹਾਂ ਆਸਮਾਨੀ ਬਿਜਲੀ ਬਿਲਾ ਸ਼ਰਤ ਹਰ ਪਦਾਰਥ ਨੂੰ ਆਪਣੀ ਅਮਿਤ ਸ਼ਕਤੀ ਦਾ ਪ੍ਰਭਾਵ ਵਿਖਾ ਸਕਦੀ ਹੈ; ਇਸੇ ਤਰ੍ਹਾਂ ਪੂਰਨ ਸਤਿਗੁਰੂ ਬਿਲਾ ਸ਼ਰਤ ਆਪਣੇ ਹਰ ਸਿੱਖ ਦੀ ਪਰਮ ਕਲਿਆਣ ਕਰਨ ਦੇ ਸਮਰਥ ਹੈ. ਸ਼ਰਤ ਕੇਵਲ ਇਤਨੀ ਹੈ ਕਿ ਸਤਿਗੁਰੂ ਕਿਸੇ ਮਨੁੱਖ ਨੂੰ ਆਪਣੀ ਸ਼ਰਨ ਵਿੱਚ ਲੈ ਲਵੇ. ਬਸ! ਪਰ ਇਹ ਵੀ ਕੋਈ ਸ਼ਰਤ ਨਹੀਂ ਕਿ ਜਿਗਿਆਸੂ ਜ਼ਰੂਰ ਹੀ ਸਤਿਗੁਰੂ ਦੇ ਡੇਰੇ ਚਲ ਕੇ ਜਾਵੇ! ਕਿਉਂ ਜੋ ਪੂਰਨ ਸਤਿਗੁਰੂ ਨੇ ਜਿਸ ਦਾ ਉਧਾਰ ਕਰਨਾ ਹੈ ਉਸ ਦੇ ਡੇਰੇ ਉਹ ਆਪ ਹੀ ਚਲ ਕੇ ਜਾ ਪਹੁੰਚਦਾ ਹੈ; ਤੇ ਫਿਰ ਤ੍ਰਿਗੁਣਾਤਮਕ ਵਿਸ਼ੂ ਵਿੱਚ ਕੋਈ ਵੀ ਐਸੀ ਉਗ੍ਰ ਬੁਰਿਆਈ ਨਹੀਂ ਜਿਸ ਨੂੰ ਉਹ ਆਪਣੀ ਕ੍ਰਿਪਾ (ਸ਼ਕਤੀ) ਦੁਆਰਾ

Sri Satguru Jagjit Singh Ji eLibrary NamdhariElibrary@gmail.com

ਮਕਬੂਲ ਜਿਗਿਆਸੂ ਵਿੱਚੋਂ ਕੱਢਣ ਦੇ ਸਮਰਥ ਨ ਹੋਵੇ ! "ਕਰਿ ਹੁਕਮੁ, ਮਸਤਕਿ ਹਥੁ ਧਰਿ, ਵਿਚਹੁ ਮਾਰਿ ਕਢੀਆ ਬੁਰਿਆਈਆ ॥" (ਵਾਰ ਆਸਾ : ੧ ॥ ਪਉ. ੧੮ ॥) ਸ੍ਰੀ ਗੁਰੂ ਅਰਜਨ ਦੇਵ, ਸੁਖਮਨੀ ਸਾਹਿਬ ਵਿੱਚ, ਸਤਿਗੁਰੂ ਦੀ ਮਹਿਮਾ ਇੱਕ ਅਸ਼ਟਪਦੀ ਵਿੱਚ ਵਰਣਨ ਨਹੀਂ ਕਰ ਸਕੇ, ਅਥਵਾ ਇਉਂ ਕਹੋ ਕਿ ਇੱਕ ਅਸ਼ਟਪਦੀ ਵਿੱਚ ਸਤਿਗੁਰੂ ਦੀ ਵਡਿਆਈ ਕਰਦੇ ਕਰਦੇ ਤ੍ਰਿਪਤ ਨਹੀਂ ਹੋਏ, ਤਾਂ ਹਜ਼ੂਰ ਨੂੰ ਇਸ ਕਾਰਜ ਲਈ ਚਾਰ ਅਸ਼ਟਪਦੀਆਂ ਰਚਣੀਆਂ ਪਈਆਂ, ਅਰਥਾਤ ਸਾਧੂ ਦੀ (ਸਤਵੀਂ), ਬ੍ਰਹਮ ਗਿਆਨੀ ਦੀ (ਅਠਵੀਂ), ਸੰਤ ਦੀ (ਤੇਰ੍ਹਵੀਂ), ਤੇ ਅਠਾਰ੍ਹਵੀਂ (ਸਤਿਗੁਰੂ ਦੀ). ਵਾਸਤਵ ਵਿੱਚ ਇਹ ਚਾਰੇ ਅਸ਼ਟਪਦੀਆਂ ਸਤਿਗੁਰੂ ਦੀ ਵਡਿਆਈ ਦਾ ਹੀ ਵਰਣਨ ਕਰਦੀਆਂ ਹਨ. ਕਿਉਂ ਜੋ ਦਰ ਅਸਲ ਸਤਿਗੁਰੂ ਹੀ ਬ੍ਰਹਮ ਗਿਆਨੀ, ਸੰਤ ਤੇ ਸਾਧੂ ਹੈ. ਪਰ ਇਸ ਦਾ ਮਤਲਬ ਇਹ ਨਹੀਂ ਕਿ ਹਰ ਇੱਕ ਬ੍ਰਹਮ ਗਿਆਨੀ, ਸੰਤ ਯਾ ਸਾਧੂ, ਸਤਿਗੁਰੂ ਹੈ. ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਮੁਖ ਵਿਸ਼ਾ ਵਾਸਤਵ ਵਿੱਚ ਏਕੰਕਾਰ ਦੇ ਦੋ ਰੂਪਾਂ ਦੀ ਮਹਿਮਾ ਦਾ ਵਰਣਨ ਹੀ ਹੈ : ਇੱਕ 'ਸਤਿ' ਦਾ, ਤੇ ਦੂਜਾ 'ਸਤਿਗੁਰੂ' ਦਾ. 'ਸਤਿ' ਤਾਂ ਨਿਰਗੁਣ, ਨਿਰਾਕਾਰ, ਅਵਜਕਤ ਹਸਤੀ ਦਾ ਨਾਮ ਹੈ, ਤੇ ਇਸ 'ਸਤਿ' ਦਾ ਪ੍ਰਕਾਸ਼ਕ 'ਸਤਿਗੁਰੂ' ਹੈ, ਜੋ ਸਰਗੁਣ (ਸਗੁਣ), ਸਾਕਾਰ, ਵਜਕਤ (ਓਅੰਕਾਰ) ਹੈ, "ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧ ਸੰਗੋਹੁ ॥ ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੋਹੁ ॥" (ਸਾਰਗ ਮ : ੫ ॥ ਪੰ : ੧੨੨੬ ॥).

(੮੪) ਉੱਪਰ ਕਿਹਾ ਜਾ ਚੁਕਾ ਹੈ ਕਿ ਪਹਿਲੋ ਸਤਿਗੁਰੂ ਦੀ ਕ੍ਰਿਪਾ ਹੁੰਦੀ ਹੈ ਤੇ ਮਗਰੋਂ ਸਿੱਖ ਆਪਣੇ ਗੁਰੂ ਦਾ ਹੁਕਮ ਮੰਨਣ ਦੇ ਲਾਇਕ ਹੋ ਕੇ ਕਮਾਈ (ਅਭਿਆਸ, ਅਮਲ Spiritual Practice) ਵਿੱਚ ਪ੍ਰਵਿਰਤ ਹੁੰਦਾ ਹੈ, ਸੋ ਦੇਖੋ ਇਸ ਸਿੱਧਾਂਤ ਦੀ ਭਾਈ ਗੁਰਦਾਸ ਜੀ ਕਿਵੇਂ ਪ੍ਰੌੜ੍ਹਤਾ ਕਰਦੇ ਹਨ : "ਸਤਿਗੁਰੂ ਸਿਖ ਰਿਦੈ ਪ੍ਰਥਮ ਕ੍ਰਿਪਾ ਕੈ ਬਸੈ, ਤਾਂ ਪਾਛੈ ਕਰਤ ਆਗਜਾ, ਮਯਾ ਕੈ ਮਨਾਵਈ ॥ ਆਗਜਾ ਮਾਨ, ਗਜਾਨ ਗੁਰ ਪਰਮ ਨਿਧਾਨ ਦਾਨ, ਗੁਰਮੁਖ ਸੁਖ ਫਲ ਨਿਜ ਪਦ ਪਾਵਈ ॥ ਨਾਮ, ਨਿਹਕਾਮ ਧਾਮ, ਸਹਜ ਸਮਾਧਿ ਲਿਵ, ਅਗਮ ਅਗਾਧ ਕਥਾ, ਕਹਿਤ ਨ ਆਵਈ ॥ ਜੈਸੇ ਜੈਸੇ ਭਾਉ ਕਰ, ਪੂਜਤ ਪਦਾਰਬਿੰਦ, ਸਕਲ ਸੰਸਾਰ ਕੈ ਮਨੋਰਥ ਪੁਜਾਵਈ ॥" (ਕਬ. ਸਵੈ. ੧੯੪.) ਫਿਰ, ਇਸ ਗਲ ਨੂੰ ਵੀ ਭਾਈ ਸਾਹਿਬ ਨੇ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ ਕਿ ਸਿੱਖ ਦੇ ਮਨ ਪੁਰ ਸਤਿਗੁਰਾਂ ਦੀ ਕ੍ਰਿਪਾ ਦੇ ਪੂਰਨ ਪ੍ਰਭਾਵ ਮਗਰੋਂ,

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦੀ ਮਤਿ ਨੇ ਕੈਸੇ ਕੈਸੇ ਘੋਰ ਪਾਪੀ ਤੇ ਅੰਧ ਅਗਿਆਨੀ ਮਨੁੱਖਾਂ ਨੂੰ ਅਕਾਲ ਪੁਰਖ ਦੇ ਨਾਲ ਅਭੇਦ ਕਰ ਦਿੱਤਾ ਹੈ :

"ਗੁਰਮਤਿ ਸਤਿ ਕਰ ਚੰਚਲ ਅਚਲ ਭਏ,
ਮਹਾਂ ਮਲ ਮੂਤ੍ਰ ਧਾਰੀ ਨਿਰਮਲ ਕੀਨੇ ਹੈਂ ॥
ਗੁਰਮਤਿ ਸਤਿ ਕਰ ਜੋਨਿ ਕੈ ਅਜੋਨਿ ਭਏ,
ਕਾਲ ਸੇ ਅਕਾਲ ਕੈ ਅਮਰ ਪਦ ਦੀਨੇ ਹੈਂ ॥
ਗੁਰਮਤਿ ਸਤਿ ਕਰ ਹਉਮੈ ਖੋਇ ਹੋਇ ਰੋਨ,
ਤ੍ਰਿਕੁਟੀ ਤ੍ਰਿਬੇਨੀ ਪਾਰ ਆਪਾ ਆਪ ਚੀਨੇ ਹੈਂ॥
ਗੁਰਮਤਿ ਸਤਿ ਕਰ ਬਰਨ ਅਬਰਨ ਭਏ,
ਭੈ ਭ੍ਰਮ ਨਿਵਾਰ ਡਾਰ ਨ੍ਰਿਭੈ ਕੈ ਲੀਨੇ ਹੈਂ ॥
੨੪ ॥ ਅਥਵਾ ੪੦ ॥

ਗੁਰਮਤਿ ਸਤਿ ਕਰ ਅਧਮ ਅਸਾਧ ਸਾਧ,
ਗੁਰਮਤਿ ਸਤਿ ਕਰ ਜੰ ਤ ਨਾਮ ਹੈ ॥
ਗੁਰਮਤਿ ਸਤਿ ਕਰ ਅਬਿਬੇਕੀ ਹ੍ਵੈ ਬਿਬੇਕੀ,
ਗੁਰਮਤਿ ਸਤਿ ਕਰ ਕਾਮ ਨਿਹਕਾਮ ਹੈ ॥
ਗੁਰਮਤਿ ਸਤਿ ਕਰ ਅਗਜਾਨੀ ਬ੍ਰਹਮ ਗਜਾਨੀ,
ਗੁਰਮਤਿ ਸਤਿ ਕਰ ਸਹਜ ਬਿਸ੍ਰਾਮ ਹੈ ॥
ਗੁਰਮਤਿ ਸਤਿ ਕਰ ਜੀਵਨ ਮੁਕਤ ਭਏ,
ਗੁਰਮਤਿ ਸਤਿ ਕਰ ਨਿਹਚਲ ਧਾਮ ਹੈ ॥
੨੫ ॥ ਅਥਵਾ ੪੧ ॥

ਗੁਰਮਤਿ ਸਤਿ ਕਰ ਬੈਰ ਨਿਰਬੈਰ ਭਏ,
ਪੂਰਨ ਬ੍ਰਹਮ ਗੁਰ ਸਰਬ ਮੈ ਜਾਨੇ ਹੈਂ ॥
ਗੁਰਮਤਿ ਸਤਿ ਕਰ ਭੇਦ ਨਿਰਭੇਦ ਭਏ,
ਦੁਬਿਧਾ ਬਿਧਾ ਨਿਖੇਧ ਖੇਦ ਬਿਨਸਾਨੇ ਹੈਂ ॥
ਗੁਰਮਤਿ ਸਤਿ ਕਰ ਬਾਇਸ ਪਰਮ ਹੰਸ,
ਗਜਾਨ ਅੰਸ ਬੰਸ ਨਿਰਗੰਧ ਗੰਧ ਠਾਨੇ ਹੈਂ ॥
ਗੁਰਮਤਿ ਸਤਿ ਕਰ ਕਰਮ ਭਰਮ ਖੋਏ,
ਆਸਾ ਮੈਂ ਨਿਰਾਸ ਹ੍ਵੈ ਬਿ ਾਸ ਉਰ ਆਨੇ ਹੈਂ ॥
੨੬ ॥ ਅਥਵਾ ੪੨ ॥

Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਸਤਿ ਕਰ ਸਿੰਬਲ ਸਫਲ ਭਏ,
ਗੁਰਮਤਿ ਸਤਿ ਕਰ ਬਾਂਸ ਮੈਂ ਸੁਗੰਧ ਹੈ ॥
ਗੁਰਮਤਿ ਸਤਿ ਕਰ ਕੰਚਨ ਮਨੂਰ ਭਏ,
ਗੁਰਮਤਿ ਸਤਿ ਕਰ ਪਰਖਤ ਅੰਧ ਹੈ ॥
ਗੁਰਮਤਿ ਸਤਿ ਕਰ ਕਾਲ ਕੂਟ ਅੰਮ੍ਰਿਤ ਹੂੰ,
ਕਾਲ ਮੈਂ ਅਕਾਲ ਭਏ ਅਸਥਿਰ ਕੰਧ ਹੈ ॥
ਗੁਰਮਤਿ ਸਤਿ ਕਰ ਜੀਵਨ ਮੁਕਤ ਭਏ,
ਮਾਯਾ ਮੈਂ ਉਦਾਸ ਬਾਸ ਬੰਸ ਨਿਰਬੰਸ ਹੈ ॥''
੨੭ ॥ ਅਥਵਾ ੪੩ ॥ (ਕ. ਸ.)

ਅੱਗੇ ਚਲ ਕੇ ਭਾਈ ਸਾਹਿਬ ਨੇ ਇੱਕ ਹੋਰ ਗਲ ਦਾ ਨਿਰਨਾ ਵੀ ਅੰਤਿਮ ਹਦ ਤਕ ਸਪਸ਼ਟ ਕਰ ਦਿੱਤਾ ਹੈ, ਉਹ ਇਹ ਕਿ ਬ੍ਰਹਮ ਗਿਆਨੀ ਗੁਰੂ ਕੇਵਲ ਰੂਹਾਨੀ ਰੋਗਾਂ ਨੂੰ ਹੀ ਨਿਵਾਰਨ ਦੇ ਸਮਰਥ ਨਹੀਂ ਬਲਕਿ ਉਹ ਜਿਸਮਾਨੀ ਰੋਗਾਂ ਤੋਂ ਵੀ ਤਤਕਾਲ ਨਿਜਾਤ ਦਿਵਾ ਸਕਦਾ ਹੈ : ਯਥਾ—

''ਆਧਿ ਕੈ ਬਿਆਧਿ ਕੈ ਉਪਾਧਿ ਕੈ ਤ੍ਰਿਦੋਖ ਹੁਤੇ,
ਗੁਰ ਸਿੱਖ ਸਾਧ ਗੁਰ ਬੈਦ ਪੈ ਲੈ ਆਏ ਹੈਂ ॥
ਅੰਮ੍ਰਿਤ ਕਟਾਛਜ ਪੇਖ ਜਨਮ ਮਰਨ ਮੇਟੇ,
ਜੋਨਿ ਜਮ ਭੈ ਨਿਵਾਰੈ ਅਭੈ ਪਦ ਪਾਏ ਹੈਂ ॥
ਚਰਨ ਕਮਲ ਮਕਰੰਦ ਰਜ ਲੇਪਨ ਕੈ,
ਦੀਖਜਾ ਸੀਖਜਾ ਸੰਜਮ ਕੈ ਔਖਧਿ ਖਵਾਏ ਹੈਂ ॥
ਕਰਮ ਭ੍ਰਮ ਖੋਏ ਧਾਵਤ ਬਰਜ ਰਾਖੇ,
ਨਿਹਚਲ ਮਤੀ ਸੁਖ ਸਹਿਜ ਸਮਾਏ ਹੈਂ'' ॥
੯੪ ॥ ਕ.ਸ. ॥

ਪ੍ਰੰਤੂ ਜਿਨ੍ਹਾਂ 'ਗੁਰੂਆਂ' ਨੂੰ ਉੱਪਰ ਦਿੱਤੇ ਗੁਰ ਵਾਕਾਂ ਵਿੱਚ 'ਕਾਚਾ' ਤੇ 'ਅੰਧਾ' ਗੁਰੂ ਕਿਹਾ ਹੈ, ਅਰ ਜਿਨ੍ਹਾਂ ਤੋਂ ਮੁਰਾਦ ਦੰਭੀ, ਦਰਸ਼ਨੀ, ਸ੍ਵਾਰਥੀ, ਕਪਟੀ, ਪ੍ਰਪੰਚੀ, ਨਾਮ ਨਿਹਾਦ ਤੇ ਨੁਮਾਇਸ਼ੀ ਗੁਰੂਆਂ ਦੀ ਹੈ, ਉਹਨਾਂ ਵਿੱਚ ਕਿਸੇ ਪ੍ਰਕਾਰ ਦੀ ਵੀ ਕੋਈ ਰੂਹਾਨੀ ਵਡਿਆਈ ਨਹੀਂ, ਸਿਵਾਏ ਇਸ ਦੇ ਕਿ ਉਹ ਹਕੀਕਤ ਦਾ ਸ੍ਵਾਂਗ ਉਤਾਰਨ ਵਿੱਚ ਜ਼ਰੂਰ ਮਾਹਿਰ ਹਨ. ਉਹ ਕਿਸੇ ਵੀ ਚੰਗੀ ਅੰਸ਼ ਵਿੱਚ ਇਤਰ ਚੰਗੇ ਮਨੁੱਖਾਂ ਤੋਂ ਬੇਹਤਰ ਨਹੀਂ. ਉਹ ਕਿਸੇ ਪ੍ਰਕਾਰ ਵੀ, ਕੇਵਲ ਆਪਣੀ ਸ਼ਕਤੀ ਦੁਆਰਾ, ਆਪਣੇ ਸ਼ਿੱਸ਼ਾਂ ਦੇ

Sri Satguru Jagjit Singh Ji eLibrary NamdhariElibrary@gmail.com

ਜਿਸਮਾਨੀ, ਅਕਲੀ, ਇਖ਼ਲਾਕੀ ਤੇ ਰੂਹਾਨੀ ਰੋਗਾਂ ਨੂੰ ਨਿਵਾਰਨ ਦੇ ਸਮਰਥ ਨਹੀਂ.

(੮੫) ਸਨ ੧੯੨੬ ਵਿੱਚ, ਜਿਹਾ ਕਿ ਉੱਪਰ ਦਸਿਆ ਹੈ, ਮੈਂ ਆਗਰੇ ਸਰ ਅਨੰਦ ਸਰੂਪ ਜੀ ਦਾ ਦਰਸ਼ਨ ਕਰਨ ਗਿਆ, ਤੇ ੧੯, ੨੦, ੨੧ ਫ਼ਰਵਰੀ, ਉਹਨਾਂ ਪਾਸ, ਦਿਆਲ ਬਾਗ਼ (ਪ੍ਰੇਮ ਨਗਰ) ਵਿੱਚ ਠਹਿਰਿਆ. ੨੦ ਤੇ ੨੧ ਦੋਵੇਂ ਦਿਨ ਰਾਤ ਦੇ ਮਹਾਨ ਇਕੱਠ ਵਿੱਚ ਮੇਰਾ ਉਹਨਾਂ ਦੇ ਨਾਲ ਪੂਰੇ ਦੋ ਦੋ ਘੰਟੇ, ਸੰਬਾਦ ਹੋਇਆ. ਦੋਵੇਂ ਦਿਨ ਮੇਰੇ ਪ੍ਰਸ਼ਨ ਦਾ ਵਿਸ਼ਾ ਏਹੋ ਸੀ ਕਿ ਮੁਰਸ਼ਿਦੇ ਕਾਮਿਲ, ਯਾ ਪੂਰਨ ਸਤਿ ਗੁਰੂ, ਦੇ ਕੀ ਲੱਛਣ ਹਨ; ਜਿਗਿਆਸੂ ਉਸ ਦੇ ਪਾਸ ਉਸ ਨੂੰ ਕੀ ਸਮਝ ਕੇ ਜਾਵੇ; ਅਰ ਉਸ ਦਾ ਸਾਧਾਰਣ ਦੁਨਿਆਵੀ ਮਜ਼ਮੂਨਾਂ ਦੇ ਉਸਤਾਦਾਂ ਤੋਂ ਕੇਹੜੀ ਗਲ ਵਿੱਚ ਫ਼ਰਕ ਹੁੰਦਾ ਹੈ. ਇਕੱਠ ਵਿੱਚ ਮੇਰੇ ਚੌਗਿਰਦੇ ਚੰਗੇ ਚੰਗੇ ਸਿਆਣੇ ਤੇ ਪਠਿਤ ਸੱਜਣ ਬੈਠੇ ਹੋਏ ਹੁੰਦੇ ਸਨ, ਜਿਨ੍ਹਾਂ ਵਿੱਚ ਕਈ ਬੜੇ ਬੜੇ ਉੱਚ ਅਹੁਦਿਆਂ ਦੇ ਅਹਿਲ-ਕਾਰ ਤੇ ਅਮੀਰ ਆਦਮੀ ਵੀ ਹੁੰਦੇ ਸਨ, ਤੇ ਪੰਜਾਬੀਆਂ ਤੋਂ ਇਲਾਵਾ ਹੋਰ ਸੂਬਿਆਂ ਦੇ ਮਾਈ ਭਾਈ ਵੀ ਬਹੁ ਸੰਖਿਆ ਵਿੱਚ ਉਪਸਥਿਤ ਰਹਿੰਦੇ ਸਨ. ਬਹਿਸ ਦੇ ਦਰਮਿਆਨ ਪਠਿਤ ਤੇ ਸਿਆਣੇ ਸੱਜਣ ਲਗਾਤਾਰ ਮੇਰੀਆਂ ਯੁਕਤੀਆਂ ਤੋਂ ਕੁੱਝ ਪ੍ਰਭਾਵਿਤ ਹੁੰਦੇ ਰਹੇ ਤੇ ਏਹਨਾਂ ਵਿੱਚੋਂ ਦੋ ਆਪਣੇ ਆਪ ਨੂੰ ਕਾਬੂ ਵਿੱਚ ਨ ਰੱਖ ਸਕੇ ਤੇ ਬੇ ਖ਼ਿਆਲੇ (ਭੋਲੇ ਭਾਵ) ਮੇਰੇ ਹੱਕ ਵਿੱਚ ਆਚਾਰਯ ਜੀ ਦੇ ਸਾਹਮਣੇ ਬੋਲ ਪਏ, ਤੇ ਆਚਾਰਯ ਜੀ ਤੋਂ ਝਿੜਕੀ ਖਾ ਕੇ ਤਤ ਕਾਲ ਚੁੱਪ ਹੋ ਗਏ. ਮੈਂ ਪੁਛਿਆ, "ਹਜ਼ੂਰ, ਪੂਰਨ ਗੁਰੂ ਦੀਆਂ ਕੀ ਨਿਸ਼ਾਣੀਆਂ ਹਨ ?" ਉਹਨਾਂ ਨੇ ਇਸ ਦੇ ਉੱਤਰ ਵਿੱਚ ਸਾਰੀਆਂ ਹੀ ਉਹ ਨਿਸ਼ਾਣੀਆਂ ਦਸੀਆਂ ਜੋ ਅੰਦਰੂਨੀ (subjective) ਸਨ, ਜਿਨ੍ਹਾਂਦਾ ਸਾਖੀ ਕੋਈ ਮਨੁੱਖ ਆਪ ਹੀ ਹੋ ਸਕਦਾ ਹੈ, ਜਿਨ੍ਹਾਂ ਨੂੰ ਬਾਹਰੋਂ ਕੋਈ ਦੂਜਾ ਆਦਮੀ ਪਰਖ ਨਹੀਂ ਸਕਦਾ, ਕਿ ਵਾਕਈ ਦੱਸਣ ਵਾਲੇ ਦਾ ਦਾਵਾ ਯਥਾਰਥ ਹੈ ਯਾ ਅਯਥਾਰਥ. ਮਸਲਨ ਉਹਨਾਂ ਨੇ ਕਿਹਾ, "ਪੂਰਨ ਗੁਰੂ ਵੁਹ ਹੈ ਜੋ ਰਾਧਾ ਸੁਆਮੀ ਧਾਮ ਤਕ ਪਹੁੰਚ ਚੁਕਾ ਹੈ, ਔਰ ਰੂਹਾਨੀ ਤਰੱਕੀ ਮੇਂ ਯੇਹ ਸਬ ਸੇ ਬਲੰਦ ਧਾਮ ਹੈ." ਮੈਂ ਇਹ ਸੁਣ ਕੇ ਉਹਨਾਂ ਨੂੰ ਏਨਤੀ ਕੀਤੀ, "ਮੈਨੂੰ ਤਾਂ ਸਤਿਗੁਰੂ ਦੀਆਂ ਨਿਸ਼ਾਣੀਆਂ ਉਸ ਤਰ੍ਹਾਂ ਨਿਰਨੇ ਕਰ ਕੇ ਦੱਸੋ ਜਿਸ ਤਰ੍ਹਾਂ ਅਰਜਨ ਨੂੰ ਸ੍ਰੀ ਕ੍ਰਿਸ਼ਣ ਨੇ ਸਥਿਤ ਪ੍ਰਗਜ ਪੁਰਸ਼ ਦੀਆਂ (ਭਗਵਦ ਗੀਤਾ, ਅਧ. ੨. ਸ਼ਲੋਕ ੫੪-੭੨.) ਦਸੀਆਂ ਸਨ. ਮੈਂ ਆਪ ਤੋਂ ਸਤਿ ਗੁਰੂ ਦਾ ਨਿਜਾਤਮਕ ਅਨੁਭਵ ਨਹੀਂ ਪੁਛਣਾ ਚਾਹੁੰਦਾ, ਮੈਂ ਤਾਂ ਇਹ ਪੁਛਣਾ ਚਾਹੁੰਦਾ

Sri Satguru Jagjit Singh Ji eLibrary NamdhariElibrary@gmail.com

ਹਾਂ ਕਿ ਉਸ ਦੇ ਨਿਜਾਤਮਕ ਅਨੁਭਵ ਦਾ, ਹੇਠਲੀ ਤੋਂ ਪਰਮ ਉੱਚ ਰੂਹਾਨੀ ਮਨਜ਼ਿਲ ਤਕ, ਦੂਜੇ ਮਨੁੱਖਾਂ ਤੇ ਕੀ ਪ੍ਰਭਾਵ ਪੈਂਦਾ ਹੈ, ਤੇ ਦੂਜੇ ਮਨੁੱਖਾਂ ਨੂੰ ਕਿੱਕੁਰ ਇਤਮੀਨਾਨ ਹੋਵੇ ਕਿ ਸਾਡਾ ਸਤਿ ਗੁਰੂ ਉੱਚ ਤੋਂ ਉੱਚ ਰੂਹਾਨੀ ਮਨਜ਼ਿਲ ਤੇ ਪਹੁੰਚ ਚੁਕਾ ਹੈ. ਨਾਲੇ ਮੈਨੂੰ ਭਿੰਨ ਭਿੰਨ ਮਨਜ਼ਿਲਾਂ ਤੇ ਪਹੁੰਚੇ ਹੋਏ ਅਭਿਆਸੀਆਂ ਦੇ ਉਹ ਵਿਸ਼ੇਸ਼ ਗੁਣ ਦੱਸੋ ਜਿਨ੍ਹਾਂ ਦੁਆਰਾ ਦੂਜੇ ਮਨੁੱਖਾਂ ਨੂੰ ਠੀਕ ਠੀਕ ਪਤਾ ਲਗ ਸਕੇ ਕਿ ਕੋਈ ਵਿਸ਼ੇਸ਼ ਅਭਿਆਸੀ ਕੇਹੜੀ ਵਿਸ਼ੇਸ਼ ਰੂਹਾਨੀ ਮਨਜ਼ਿਲ ਤੇ ਪਹੁੰਚਿਆ ਹੋਇਆ ਹੈ. ਸਿਰਜਣਹਾਰ ਨੇ ਤਕਰੀਬਨ ਹਰ ਪਦਾਰਥ ਦੇ ਕਿਸੇ ਅੰਦਰੂਨੀ ਗੁਣ ਦੇ ਹੋਣ ਦੀ ਕੋਈ ਬਾਹਰਲੀ ਨਿਸ਼ਾਣੀ ਵੀ ਰੱਖੀ ਹੈ, ਜਿਸ ਦੁਆਰਾ ਮੁਕੰਮਲ ਤੌਰ ਤੇ ਬਾਹਰੋਂ ਹੀ ਪਤਾ ਲਗ ਸਕਦਾ ਹੈ ਕਿ ਇਸ ਦੇ ਅੰਦਰ ਕੀ ਗੁਣ ਹੈ, ਤੇ ਇਹ ਵੀ ਬਾਹਰੋਂ ਹੀ ਪਤਾ ਲਗ ਸਕਦਾ ਹੈ ਕਿ ਕਿਸੇ ਵਿਸ਼ੇਸ਼ ਪਦਾਰਥ ਦਾ ਅੰਦਰੂਨੀ ਗੁਣ ਕਿਸੇ ਵਿਸ਼ੇਸ਼ ਸਮੇਂ ਕਿਸ ਮਨਜ਼ਿਲ (ਦਰਜੇ ਯਾ ਔਧੀ) ਤਕ ਪੱਕ ਚੁਕਾ ਹੈ, ਅਰਥਾਤ ਮੁਕੰਮਲ ਹੋ ਚੁਕਾ ਹੈ, ਅਥਵਾ, ਅਜੇ ਅਧੂਰਾ ਤੇ ਕੱਚੀ, ਯਾ ਕੱਚ-ਪੱਕੀ, ਅਵਸਥਾ ਵਿੱਚ ਹੈ." ਤਾਂ ਉਹ ਟੈਲੀਗ੍ਰਾਫ਼ ਦੇ ਮਹਿਕਮੇਂ ਤੋਂ ਔਣ ਦੇ ਕਾਰਣ ਬਿਜਲੀ ਦੀਆਂ ਲਹਿਰਾਂ ਤੇ ਰੋਸ਼ਨੀ ਦੀਆਂ ਕਿਰਨਾਂ ਦੇ ਦ੍ਰਿਸ਼ਟਾਂਤ ਦੇਣ ਲੱਗੇ ਪਰ ਜ਼ਰਾ ਝਿਝਕ ਗਏ ਕਿ ਸ਼ਾਇਦ ਮੈਂ ਸਮਝ ਨ ਸਕਾਂ. ਪਰ ਮੈਂ ਦਸਿਆ, "ਮੈਂ ਵਲੈਤੋਂ ਈਲੈਕਟ੍ਰੀਕਲ ਐਂਜੀਨੀਅਰਿੰਗ ਦਾ ਕੋਰਸ ਕੀਤਾ ਹੋਇਆ ਹੈ ਤੇ ਕੁੱਝ ਚਿਰ ਇਸ ਮਹਿਕਮੇ ਦੀ ਮੁਲਾਜ਼ਮਤ ਵੀ ਕੀਤੀ ਹੋਈ ਹੈ, ਆਪ ਬੜੀ ਖ਼ੁਸ਼ੀ ਨਾਲ ਬਿਜਲੀ, ਰੋਸ਼ਨੀ ਆਦਿਕ ਦੇ ਦ੍ਰਿਸ਼ਟਾਂਤ ਦਿਓ." ਤਾਂ ਉਹਨਾਂ ਕਿਹਾ, "ਜਿਸ ਤਰਹ ਬਿਜਲੀ ਔਰ ਮਿਕਨਾਤੀਸ ਕੀ ਲਹਿਰੇਂ ਕੇਵਲ ਉਸ ਉਸ ਪਦਾਰਥ ਪਰ ਪ੍ਰਭਾਵ ਡਾਲ ਸਕਤੀ ਹੈਂ ਜੋ ਇਨ ਕੇ ਅਨੁਕੂਲ ਹੋ, ਔਰ ਜਿਸ ਮੇਂ ਯੇਹ ਪ੍ਰਵੇਸ਼ ਕਰ ਸਕੇਂ. ਇਸੀ ਤਰਹ ਕਿਸੀ ਭੀ ਮਨਜ਼ਿਲ ਕਾ ਅਭਿਆਸੀ ਕੇਵਲ ਅਪਨੇ ਅਨੁਕੂਲ ਪੁਰਸ਼ੋਂ ਪਰ ਹੀ ਪ੍ਰਭਾਵ ਡਾਲ ਸਕਤਾ ਹੈ ਦੂਸਰੋਂ ਪਰ ਨਹੀਂ." ਤਾਂ ਮੈਂ ਕਿਹਾ, "ਮਿਤ-ਸ਼ਕਤੀ-ਸੰਪੰਨ ਬਿਜਲੀ ਦੀਆਂ ਲਹਿਰਾਂ ਲਈ ਤਾਂ ਇਹ ਨਿਯਮ ਠੀਕ ਹੈ ਪਰ ਅਮਿਤ-ਸ਼ਕਤੀ-ਸੰਪੰਨ ਬਿਜਲੀ ਦੀਆਂ ਲਹਿਰਾਂ ਕਿਸੇ ਵੀ ਪਦਾਰਥ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ, ਤੇ ਕੀ ਅੱਸੀਂ ਸਤਿਗੁਰੂ ਨੂੰ ਅਮਿਤ-ਸ਼ਕਤੀ-ਸੰਪੰਨ ਨਹੀਂ ਮੰਨਦੇ ? ਦੂਜਾ ਇਹ ਕਿ ਬਿਜਲੀ ਤੇ ਮਿਕਨਾਤੀਸ ਦੇ ਅਨੁਕੂਲ ਤੇ ਪ੍ਰਤਿਕੂਲ ਪਦਾਰਥ ਤਾਂ ਕੁਦਰਤ ਵਲੋਂ ਹੀ ਜੋ ਬਣੇ ਹਨ ਸੋ ਬਣ ਗਏ ਹਨ, ਹੁਣ ਬਦਲ ਨਹੀਂ ਸਕਦੇ, ਜਿੱਕੁਰ ਸੋਨਾ ਚਾਂਦੀ ਤਾਂਬਾ ਲੋਹਾ ਨਿੱਕਲ ਆਦਿਕ ਜੋ ਬਣ ਗਏ, ਸੋ ਬਣ ਗਏ, ਹਾਲੀ

Sri Satguru Jagjit Singh Ji eLibrary NamdhariElibrary@gmail.com

ਮਨੁੱਖ ਉਹਨਾਂ ਦੀ ਕਿਸਮ ਨੂੰ ਬਦਲਣ ਦੇ ਸਮਰਥ ਨਹੀਂ ਹੋਇਆ, ਕੀ ਇਵੇਂ ਹੀ ਮਨੁੱਖ ਵੀ ਰੂਹਾਨੀ ਜੀਵਨ ਲਈ ਇੱਕੋ ਵੇਰ ਕੁਦਰਤ ਵਲੋਂ ਗੁਰੂ ਦੇ ਅਨੁਕੂਲ ਤੇ ਪ੍ਰਤਿਕੂਲ ਬਣ ਗਏ ਹਨ ਤੇ ਹੁਣ ਗੁਰੂ ਤੋਂ ਵੀ ਬਦਲ ਨਹੀਂ ਸਕਦੇ ?" ਉਹਨਾਂ ਨੇ ਕਿਹਾ, "ਸਤਿਗੁਰੂ ਅਮਿਤ-ਸ਼ਕਤੀ-ਸੰਪੰਨ ਹੈ, ਔਰ ਜਿਨ ਮਨੁਸ਼ਜੋਂ ਕੀ ਪ੍ਰਕ੍ਰਿਤੀ ਰੂਹਾਨੀਅਤ ਕੇ ਪ੍ਰਤਿਕੂਲ ਹੈ ਵੁਹ ਉਸ ਕੋ ਅਨੁਕੂਲ ਬਨਾਨੇ ਕੇ ਸਮਰਥ ਹੈ." ਮੈਂ ਕਿਹਾ, "ਕੀ ਪ੍ਰਤਿਕੂਲ (ਮਨਮੁਖ) ਮਨੁੱਖ ਅਨੁਕੂਲ (ਗੁਰਮੁਖ) ਹੋ ਸਕਦੇ ਹਨ ?" ਉਹਨਾਂ ਨੇ ਕਿਹਾ, "ਹੋ ਸਕਤੇ ਹੈਂ." ਮੈਂ ਕਿਹਾ, "ਫਿਰ, ਬਿਜਲੀ ਦਾ ਦ੍ਰਿਸ਼ਟਾਂਤ ਤਾਂ ਇੱਥੇ ਠੀਕ ਨ ਘਟਿਆ ਤੇ ਇਸ ਦਾ ਸਾਨੂੰ ਕੋਈ ਲਾਭ ਨ ਪਹੁੰਚਿਆ." ਇਹ ਸੁਣ ਕੇ ਉਹਨਾਂ ਨੇ ਫ਼ਰਮਾਇਆ, "ਮੇਰਾ ਭਾਵ ਤੋ ਯੇਹ ਥਾ ਕਿ ਅਨੁਕੂਲ ਪਰ ਹੀ ਗੁਰੂ ਕਾ ਪ੍ਰਭਾਵ ਪੜ ਸਕਤਾ ਹੈ." ਮੈਂ ਕਿਹਾ, "ਜੀ, ਅਨੁਕੂਲ ਮਨੁੱਖ ਪੁਰ ਤਾਂ ਗੁਰੂ ਆਪਣਾ ਪ੍ਰਭਾਵ ਪਾ ਹੀ ਸਕਦਾ ਹੈ, ਤੇ ਪ੍ਰਤਿਕੂਲ ਮਨੁੱਖ ਨੂੰ, ਹਜ਼ੂਰ ਹੁਣੇ ਦਸ ਚੁਕੇ ਹਨ ਕਿ, ਗੁਰੂ ਅਨੁਕੂਲ ਬਣਾ ਸਕਦਾ ਹੈ, ਤਾਂ ਫਿਰ ਕੀ ਏਹੋ ਸਾਬਤ ਨ ਹੋਇਆ ਕਿ ਸਮਰਥ ਗੁਰੂ ਸਾਰਿਆਂ ਮਨੁੱਖਾਂ ਪੁਰ ਹੀ ਆਪਣਾ ਪ੍ਰਭਾਵ ਪਾ ਸਕਦਾ ਹੈ ?" ਉਹਨਾਂ ਨੇ ਕਿਹਾ, "ਹਾਂ, ਜਿਨ ਪੁਰਸ਼ੋਂ ਪਰ ਗੁਰੂ ਪ੍ਰਸੰਨ ਹੋ, ਔਰ ਜਿਨ ਕੋ ਵੁਹ ਅਪਨੀ ਕ੍ਰਿਪਾ ਕਾ ਪਾਤ੍ਰ ਸਮਝੇ, ਉਨ ਪਰ." ਮੈਂ ਕਿਹਾ, "ਜਿਨ੍ਹਾਂ ਨੂੰ ਗੁਰੂ ਨੇ ਆਪਣੀ ਦੀਖਿਆ ਦੇ ਦਿੱਤੀ ਹੈ, ਤੇ ਆਪਣਾ ਸਿੱਖ ਸ੍ਵੀਕਾਰ ਕਰ ਲਿਆ ਹੈ, ਤੇ ਜਿਨ੍ਹਾਂ ਦੀ ਭੇਟਾ ਉਹ ਨਿੱਤ ਨਵੇਂ ਸੂਰਜ ਕਬੂਲ ਕਰਦਾ ਹੈ, ਤੇ ਜਿਨ੍ਹਾਂ ਤੋਂ ਆਪਣੀ ਸੇਵਾ ਕਰਵਾਂਦਾ ਹੈ, ਅਰ ਆਪਣਾ ਨਾਮ ਜਪਵਾਂਦਾ ਹੈ, ਤੇ ਆਪਣੀ ਤਸਵੀਰ ਪੁਰ ਧਿਆਨ ਲਗਵਾ ਕੇ ਆਪਣੀ ਪੂਜਾ ਕਰਵਾਂਦਾ ਹੈ, ਕੀ ਉਹਨਾਂ ਤੋਂ ਬੇਹਤਰ ਕੋਈ ਹੋਰ ਉਸ ਦੀ ਕ੍ਰਿਪਾ ਤੇ ਪ੍ਰਸੰਨਤਾ ਦਾ ਪਾਤ੍ਰ ਹੋ ਸਕਦਾ ਹੈ ?" ਉਹਨਾਂ ਨੇ ਕਿਹਾ, ਹਾਂ, ਐਸੇ ਸ਼ਿਸ਼ ਤੋ ਨਿਰਸੰਦੇਹ ਪੂਰਨ ਗੁਰੂ ਕੀ ਪੂਰਨ ਕ੍ਰਿਪਾ ਕੇ ਪਾਤ੍ਰ ਹੋਤੇ ਹੈਂ, ਔਰ ਉਨ ਪਰ ਅਵੱਸ਼ ਗੁਰੂ ਕਾ ਪ੍ਰਭਾਵ ਪੜਤਾ ਹੈ." ਮੈਂ ਕਿਹਾ, "ਕੀ ਪ੍ਰਭਾਵ ਤੋਂ ਆਪ ਦਾ ਭਾਵ ਏਹੋ ਹੈ ਕਿ ਕਿਸੇ ਗੁਣਸ਼ੀਲ ਪਦਾਰਥ ਦੇ ਗੁਣ ਯਾ ਸ਼ਕਤੀ ਦਾ ਕਿਸੇ ਹੋਰ ਪਦਾਰਥ ਵਿੱਚ ਪ੍ਰਵੇਸ਼ ਕਰ ਕੇ ਉਸ ਵਿੱਚ ਕੋਈ ਆਪਣੇ ਸਮਾਨ ਪਰਿਣਾਮ ਪੈਦਾ ਕਰਨਾ, ਅਥਵਾ, ਉਸ ਪਦਾਰਥ ਨੂੰ ਮੁਕੰਮਲ ਤੌਰ ਤੇ ਆਪਣੇ ਵਲ ਖਿਚਣਾ, ਅੱਥਵਾ ਆਪਣੇ ਵਰਗਾ ਬਣਾ ਲੈਣਾ ? ਜਿਹਾ ਕਿ ਬਰਕੀ ਮਿਕਨਾਤੀਸ ਦੀ ਸ਼ਕਤੀ ਦਾ ਲੋਹੇ ਵਿੱਚ, ਅਥਵਾ, ਖੰਡ, ਖਟਾਈ, ਲੂਣ ਤੇ ਮਿਰਚ ਦੇ ਗੁਣਾਂ ਦਾ ਪਾਣੀ ਵਿੱਚ, ਅਰ ਸੰਗੀਤ,

Sri Satguru Jagjit Singh Ji eLibrary NamdhariElibrary@gmail.com

ਬਿਖ, ਬਿਜਲੀ, ਤਪਸ਼ ਆਦਿਕ ਦੀ ਸ਼ਕਤੀ ਤੇ ਗੁਣਾਂ ਦਾ ਜੀਵਾਂ ਦੇ ਸ਼ਰੀਰਾਂ ਵਿੱਚ ਪ੍ਰਵੇਸ਼ਿਤ ਹੋਣਾ ?'' ਉਹਨਾਂ ਨੇ ਕਿਹਾ, ''ਹਾਂ, ਪ੍ਰਭਾਵ ਸੇ ਤੋ ਹਮਾਰਾ ਭਾਵ ਯੇਹ ਹੀ ਹੈ.'' ਹੁਣ ਮੈਂ ਕਿਹਾ, ''ਕੀ ਆਪ ਮੰਨਦੇ ਹੋ ਕਿ 'ਪਾਰਸ ਮੇਂ ਅਰ ਸੰਤ ਮੇਂ ਏਕ ਅੰਤਰਾ ਜਾਨ। ਉਹ ਲੋਹਾ ਕੰਚਨ ਕਰੇ ਉਹ ਕਰੇ ਆਪ ਸਮਾਨ ॥ ?'' ਉਹਨਾਂ ਨੇ ਕਿਹਾ, ''ਹਮ ਪਾਰਸ ਕੀ ਬਾਬਤ ਕੁੱਛ ਨਹੀਂ ਜਾਨਤੇ, ਪਰੰਤੂ ਸੰਤ ਸਤਿਗੁਰੂ ਅਵੱਸ਼ ਅਪਨੇ ਸ਼ਿੱਸ਼ ਕੋ ਅਪਨੇ ਸਮਾਨ ਬਨਾ ਸਕਤਾ ਹੈ.'' ਮੈਂ ਕਿਹਾ, ''ਜਿਸ ਪਦਾਰਥ ਵਿੱਚ ਖੰਡ ਖਟਾਈ ਲੂਣ ਯਾ ਮਿਰਚ ਦੇ ਗੁਣ ਦਾ ਅਭਾਵ ਹੈ, ਕੀ ਅੱਸੀਂ ਉਸ ਨੂੰ ਖੰਡ ਖਟਾਈ ਲੂਣ ਯਾ ਮਿਰਚ ਕਹਾਂਗੇ ?'' ਉਹਨਾਂ ਨੇ ਕਿਹਾ, ''ਹਰਗਿਜ਼ ਨਹੀਂ.'' ਮੈਂ ਕਿਹਾ, ''ਜੇ ਕਿਸੇ ਵਿਸ਼ੇਸ਼ ਪਦਾਰਥ ਦੇ ਵਿਸ਼ੇਸ਼ ਗੁਣਾਂ ਦੇ ਨ ਹੁੰਦਿਆਂ ਵੀ ਕਿਸੇ ਪਦਾਰਥ ਨੂੰ ਉਸ ਨਾਮ ਨਾਲ ਪ੍ਰਸਿਧ ਕਰ ਦਿੱਤਾ ਜਾਏ ਜਿਸ ਦੇ ਗੁਣ ਉਸ ਵਿੱਚ ਨਹੀਂ ਹਨ ਤਾਂ ਫਿਰ ਕੀ ਇਹ ਭੁੱਲ ਨਹੀਂ ?'' ਉਹਨਾਂ ਨੇ ਫ਼ਰਮਾਇਆ, ''ਐਸਾ ਕਰਨਾ ਸਰਾਸਰ ਭੁਲ ਹੈ.'' ਮੈਂ ਕਿਹਾ, ''ਜਿਸ ਪ੍ਰਕਾਰ ਗੁਰੂ ਨੂੰ ਹੱਕ ਹਾਸਿਲ ਹੈ ਕਿ ਉਹ ਸ਼ਿੱਸ਼ ਬਣਾਣ ਤੋਂ ਪਹਿਲੇ ਜਿਗਿਆਸੂ ਦੇ ਗੁਣ-ਕਰਮ-ਸੁਭਾਵ ਦੀ ਪਰਖ ਕਰ ਸਕਦਾ ਹੈ, ਕੀ ਇਸੇ ਪ੍ਰਕਾਰ ਜਿਗਿਆਸੂ ਨੂੰ ਹੱਕ ਹਾਸਿਲ ਹੈ ਕਿ ਉਹ ਵੀ ਜਿਸ ਨੂੰ ਗੁਰੂ ਧਾਰਨਾ ਚਾਹੇ, ਉਸ ਦੀ ਵਿਰਕਤਤਾ, ਵਿਭੂਤੀ, ਪ੍ਰਗਿਆ ਤੇ ਆਤਮ ਉੱਚਤਾ ਦੀ ਪਰਖ ਕਰ ਲਵੇ ?'' ਉਹਨਾਂ ਨੇ ਕਿਹਾ, ''ਹਾਂ, ਕਿਉਂ ਨਹੀਂ ! ਐਸਾ ਤੋ ਜ਼ਰੂਰ ਕਰਨਾ ਚਾਹੀਏ.'' ਮੈਂ ਕਿਹਾ, ਸ਼ਿੱਸ਼ ਬਣਨ ਵਾਲੇ ਜਿਗਿਆਸੂ ਦੇ ਗੁਣ ਤਾਂ ਅੱਸੀਂ ਜਾਣਦੇ ਹੀ ਹਾਂ ਕਿ ਤਨ ਮਨ ਧਨ ਦੁਆਰਾ ਸੇਵਾ ਕਰਨ ਦਾ ਭਾਵ; ਸ਼ਰਧਾ, ਅਰਥਾਤ ਗੁਰੂ ਨੂੰ ਬ੍ਰਹਮ ਮੰਨ ਕੇ ਉਸ ਦੇ ਕਥਨ ਨੂੰ ਸਿਰ ਝੁਕਾ ਕੇ, ਬਿਨਾ ਕਿਸੇ ਪ੍ਰਕਾਰ ਦੀ ਸ਼ੰਕਾ ਦੇ ਮੰਨ ਲੈਣਾ; ਤੇ ਆਗਿਆ ਪਾਲਨ, ਅਰਥਾਤ, ਜੋ ਹੁਕਮ ਮੰਨ ਲਿਆ ਗਿਆ ਹੈ ਉਸ ਨੂੰ ਅਮਲ ਵਿੱਚ ਲਿਆਂਣਾ—ਇਹ ਤਿੰਨ ਗੁਣ ਹੋਣੇ ਚਾਹੀਦੇ ਹਨ. ਪਰ ਕੀ ਹਜ਼ੂਰ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਪੂਰਨ ਗੁਰੂ ਵਿੱਚ ਕੀ ਗੁਣ ਹੋਣੇ ਚਾਹੀਦੇ ਹਨ ?'' ਉਹਨਾਂ ਨੇ ਫ਼ਰਮਾਇਆ, ''ਆਪ ਹੀ ਬਤਲਾਈਏ.'' ਤਾਂ ਮੈਂ ਕਿਹਾ, ''ਸ੍ਰੀ ਕਬੀਰ ਜੀ ਦਾ ਬਚਨ ਹੈ : 'ਹਰਿਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥' (ਸ਼ਲੋਕ ੨੪੯, ਪੰ: ੧੩੭੨.) ਗੁਰੂ ਦਾ ਕਰਤਵਯ (ਫ਼ਰਜ਼) ਸ਼ਿੱਸ਼ ਨੂੰ ਭਵ ਸਾਗਰ ਅਰਥਾਤ ਜਨਮ ਮਰਨ ਦੇ ਭੈ, ਭ੍ਰਮ ਤੇ ਤ੍ਰਿਵਿਧ ਦੁਖ ਸਾਗਰ ਤੋਂ ਪਾਰ ਕਰਨ ਦਾ ਤੇ ਅਕਾਲ ਪੁਰਖ ਵਿੱਚ ਅਭੇਦ ਕਰਨ ਦਾ, ਹੈ. ਸ਼ਿੱਸ਼ ਉਸੇ ਤਰ੍ਹਾਂ ਭਵ ਸਾਗਰ ਵਿੱਚ ਡੁਬ

Sri Satguru Jagjit Singh Ji eLibrary NamdhariElibrary@gmail.com

ਰਿਹਾ ਹੈ ਜਿਸ ਤਰ੍ਹਾਂ ਕੋਈ ਮਨੁੱਖ ਖਾਰੇ ਜਲ ਸਾਗਰ ਵਿੱਚ ਡੁਬ ਰਿਹਾ ਹੋਵੇ : ਜਿਸ ਪ੍ਰਕਾਰ ਖਾਰੇ ਜਲ ਸਾਗਰ ਵਿੱਚ ਡੁਬਦਾ ਹੋਇਆ, ਬੇਹੋਸ਼, ਅਧ ਮੋਇਆ ਮਨੁੱਖ ਆਪ ਆਪਣੇ ਬਚਾਓ ਲਈ ਸਰਵਥਾ ਕੁੱਝ ਨਹੀਂ ਕਰ ਸਕਦਾ ਤੇ ਉੱਡੇ ਤੋਂ ਅੜਾੜੇ ਤਕ ਉਸ ਦੇ ਬਚਾਓ ਲਈ ਤਜਵੀਜ਼ਾਂ ਤੇ ਅਮਲੀ ਤਰੀਕੇ ਸਭ ਉਸ ਦੇ ਤਾਰਕ ਨੇ ਹੀ ਸੋਚਣੇ ਤੇ ਕਰਨੇ ਹਨ, ਇਵੇਂ ਹੀ ਇਸ ਪੰਚ ਵਿਕਾਰ ਮਿਸ਼੍ਰਿਤ ਤ੍ਰਿਸ਼ਨਾ ਸਾਗਰ ਵਿੱਚੋਂ, ਵਿਸ਼ਿਆਂ ਤੋਂ ਚੂਰ ਤੇ ਮਖ਼ਮੂਰ, ਡੁਬਦਾ ਤੇ ਸਿਸਕਦਾ ਹੋਇਆ ਸ਼ਿੱਸ਼ ਆਪਣੇ ਆਪ ਕਦੇ ਵੀ ਨਿਕਲਣ ਦੇ ਸਮਰਥ ਨਹੀਂ, ਤੇ ਉਸ ਨੂੰ ਇਸ ਵਿੱਚੋਂ ਪਾਰ ਬ੍ਰਹਮ ਨੇ ਆਪ ਹੀ ਗੁਰੂ ਰੂਪ ਧਾਰਣ ਕਰ ਕੇ ਕਢਣਾ ਹੈ. ਸੋ ਗੁਰੂ ਵਿੱਚ ਸਾਰੀਆਂ ਹੀ ਉਹ ਸਿਫ਼ਤਾਂ ਦਰਕਾਰ ਹਨ ਜੋ ਸ੍ਵਯੰ ਬ੍ਰਹਮ ਵਿੱਚ ਹਨ : ਗੁਰੂ ਅਮੋਘ ਦਰਸ਼ਨ ਹੋਵੇ, ਸੱਤ ਚਿਤ ਆਨੰਦ ਸਰੂਪ ਹੋਵੇ, ਨਿਰਭਉ ਨਿਰ ਵੈਰ ਹੋਵੇ, ਤ੍ਰਿਭਵਣ ਤ੍ਰਿਕਾਲ ਦਰਸ਼ੀ ਹੋਵੇ, ਸਮ ਵੇਤਾ ਸਮ ਦ੍ਰਿਸ਼ਟਾ ਹੋਵੇ, ਨਿਰਵਿਕਾਰ ਨਿਰਾਲੰਬ ਹੋਵੇ, ਸਰਬ ਕਲਾ ਸਮਰਥ ਹੋਵੇ ! ਕਿਉਂ ਜੋ ਤੂਫ਼ਾਨੀ ਜਲ ਸਾਗਰ ਵਿੱਚ ਗ਼ੋਤੇ ਖਾਂਦੇ ਤੇ ਡੁਬਦੇ ਹੋਏ ਮਨੁੱਖਾਂ ਨੂੰ ਬਚਾਣ ਲਈ ਜਿਵੇਂ ਅਨੇਕ ਪ੍ਰਕਾਰ ਦੀਆਂ ਯੁਕਤੀਆਂ, ਯੰਤ੍ਰਾਂ ਤੇ ਕ੍ਰਿਆਵਾਂ ਦੀ ਲੋੜ ਹੈ, ਇਵੇਂ ਹੀ ਭਵ ਸਾਗਰ ਵਿੱਚ ਗ਼ੋਤੇ ਖਾਣ ਵਾਲਿਆਂ ਲਈ ਭਿੰਨ ਭਿੰਨ ਪ੍ਰਕਾਰ ਦੀਆਂ ਸ਼ਕਤੀਆਂ, ਵਿਭੂਤੀਆਂ ਤੇ ਅਭਿਆਸਾਂ ਦੀ ਲੋੜ ਹੈ, ਤੇ ਇਹ ਮਹਾਂ ਬਿਖਮ ਕਾਰਜ ਕਦੇ ਵੀ ਉਹਨਾਂ ਦਰਸ਼ਨੀ ਗੁਰੂਆਂ ਤੋਂ ਸਿਰੇ ਚੜ੍ਹਨਾ ਸੰਭਵ ਨਹੀਂ ਜੋ ਰੋਚਕ ਪ੍ਰਪੰਚ ਧਾਰੀ ਹਨ, ਤੇ ਕੇਵਲ ਬਾਤੂਨੀ ਸ਼ਸਤ੍ਰਾਂ ਦੇ ਧਨੀ ਹਨ !" ਉਹਨਾਂ ਨੇ ਫ਼ਰਮਾਇਆ, "ਇਸ ਮੇਂ ਤੋ ਹਮ ਆਪ ਸੇ ਸਹਮਤ ਹੈਂ, ਅਬ ਔਰ ਕੁੱਛ ਪੂਛਨਾ ਹੈ ਤੋ ਪੂਛੀਏ." ਇਹ ਸੁਣਦਿਆਂ ਹੀ ਮੈਂ ਗਲ ਵਿੱਚ ਪੱਲਾ ਪਾ ਕੇ, ਸਿਰ ਨਿਵਾ ਕੇ, ਤੇ ਹੱਥ ਜੋੜ ਕੇ ਖੜਾ ਹੋ ਗਿਆ, ਤੇ ਮੈਂ ਕਿਹਾ, "ਹਜ਼ੂਰ, ਮੈਂ ਇੱਕ ਬਿਲਕੁਲ ਅਗਿਆਤ, ਅਦਨਾ ਜਿਆ ਆਦਮੀ ਹਾਂ, ਤੇ ਆਪ ਇੱਕ ਜਗਤ ਵਿਖਿਆਤ ਆਚਾਰਯ ਹੋ. ਮੇਰੇ ਪਿੱਛੇ ਤੇ ਮੇਰੇ ਨਾਲ ਇੱਕ ਇਕਲੋਤਾ ਆਦਮੀ ਵੀ ਨਹੀਂ, ਤੇ ਹਜ਼ੂਰ ਦੀ ਛਤ੍ਰ ਛਾਇਆ ਹੇਠ ਲੱਖਾਂ ਨਰ ਨਾਰੀਆਂ ਦੀ ਸੰਖਿਆ ਹੈ. ਸੋ ਮੈਂ ਅਗਲਾ ਪ੍ਰਸ਼ਨ ਪੁੱਛਣ ਤੋਂ ਪਹਿਲਾਂ ਤਿੰਨ ਵੇਰ ਹਜ਼ੂਰ ਤੋਂ, ਤੇ ਤਿੰਨ ਵੇਰ ਹਜ਼ੂਰ ਦੀ ਸੰਗਤ ਤੋਂ ਮਾਫ਼ੀ ਮੰਗਦਾ ਹਾਂ ਕਿ ਜੇ ਇਸ ਪ੍ਰਸ਼ਨ ਵਿੱਚ ਮੈਂ ਕੋਈ ਅਚੇਤ, ਇਰਾਦੇ ਤੋਂ ਬਿਨਾ, ਗ਼ਲਤੀ ਕਰਾਂ ਤਾਂ ਮੈਨੂੰ ਮਾਫ਼ ਕੀਤਾ ਜਾਏ, ਤੇ ਪੁੱਛਣ ਦੀ ਆਗਿਆ ਹੋਵੇ ਤਾਂ ਪੁਛਾਂ ਵਰਨਾ ਨਹੀਂ." ਤਾਂ ਸਰ ਅਨੰਦ ਸਰੂਪ ਜੀ ਅਤਯੰਤ ਪਿਆਰ ਨਾਲ ਮੁਸਕਰਾਏ ਤੇ ਕਹਿਣ ਲੱਗੇ, "ਬੜੀ

Sri Satguru Jagjit Singh Ji eLibrary NamdhariElibrary@gmail.com

ਖ਼ੁਸ਼ੀ ਸੇ ਪੂਛੀਏ !" ਤਾਂ ਮੈਂ ਕਿਹਾ, "ਹਜ਼ੂਰ, ਜੋ ਜੋ ਲੱਛਣ ਮੈਂ ਪੂਰਨ ਗੁਰੂ ਦੇ ਹੁਣੇ ਨਿਰੂਪਣ ਕੀਤੇ ਹਨ, ਕੀ ਉਹਨਾਂ ਲੱਛਣਾਂ ਵਾਲਾ ਗੁਰੂ ਐਸ ਵੇਲੇ ਆਪ ਦੇ ਇਲਮ ਵਿੱਚ ਕਿਧਰੇ ਨੇੜੇ ਤੇੜੇ ਮੌਜੂਦ ਹੈ, ਜਿਸ ਨੇ ਆਪਣੇ ਸਾਰੇ ਹੀ ਮਕਬੂਲ ਸ਼ਿੱਸ਼ਾਂ ਨੂੰ ਆਪ-ਸਮਾਨ ਕਰ ਲਿਆ ਹੋਵੇ ?" ਉਹਨਾਂ ਨੇ ਫ਼ਰਮਾਇਆ, "ਮੇਰੇ ਇਲਮ ਮੇਂ ਤੋ ਕਹੀਂ ਨਹੀਂ." ਮੈਂ ਕਿਹਾ, "ਜੇ ਆਗਿਆ ਹੋਵੇ ਤਾਂ ਮੈਂ ਸੰਗਤ ਤੋਂ ਵੀ ਏਹੋ ਪ੍ਰਸ਼ਨ ਪੁਛਾਂ ?" ਉਹਨਾਂ ਕਿਹਾ, "ਬੜੀ ਪ੍ਰਸੰਨਤਾ ਸੇ." ਸੋ ਮੈਂ ਏਹੋ ਪ੍ਰਸ਼ਨ, ਇਸੇ ਤਰ੍ਹਾਂ, ਹੱਥ ਜੋੜ ਕੇ, ਅਰ, ਹਰ ਪਾਸੇ ਸਿਰ ਫੇਰ ਕੇ, ਸੰਗਤ ਤੋਂ ਵੀ ਪੁਛਿਆ. ਪਰ ਸੰਗਤ ਬਿਲਕੁਲ ਖ਼ਾਮੋਸ਼ ਰਹੀ, ਅਰ ਮੈਂ ਬੈਠ ਗਿਆ. ਕੁਝ ਚਿਰ ਮਗਰੋਂ ਕਾਰਯ ਕ੍ਰਮ (ਪ੍ਰੋਗ੍ਰਾਮ) ਦੇ ਖ਼ਾਤਮੇ ਪੁਰ ਸੰਗਤ ਉਠ ਖੜੀ ਹੋਈ ਤੇ ਸੰਗਤ-ਘਰ ਤੋਂ ਸਭ ਬਾਹਰ ਆ ਗਏ. ਮੇਰੇ ਬਾਹਰ ਨਿਕਲਦਿਆਂ ਹੀ, ਸੜਕ ਪੁਰ, ਦਸ ਬਾਰਾਂ ਸੱਜਣਾਂ ਨੇ ਬੜੇ ਆਦਰ ਸਤਕਾਰ ਨਾਲ ਮੈਨੂੰ ਘੇਰ ਕੇ ਖੜਾ ਕਰ ਲਿਆ ਤੇ ਉਹਨਾਂ ਵਿੱਚੋਂ ਇੱਕ ਮੁਖੀ ਪ੍ਰੇਮੀ ਭਾਈ ਨੇ ਮੈਨੂੰ ਇਉਂ ਸੰਬੋਧਨ ਕੀਤਾ, "ਸਾਹਬ, ਜਿਤਨੇ ਸਤਸੰਗੀ ਭਾਈ ਬੈਠੇ ਹਏ ਥੇ, ਆਪ ਕੇ ਵਿਚਾਰ ਸੁਨ ਕਰ ਵੇ ਨਿਹਾਇਤ ਪ੍ਰਸੰਨ ਹੁਏ ਕਿ ਕਿਸ ਤਰਹ ਆਪ ਨੇ ਏਕ ਆਚਾਰਯ ਕਾ ਪੂਰਾ ਪੂਰਾ ਸਨਮਾਨ ਰਖਤੇ ਹੁਏ ਫਿਰ ਭੀ ਅਪਨੇ ਪਕਸ਼ ਕੇ ਨੁਕਤੇ ਕੋ ਅਪਨੀ ਦ੍ਰਿਸ਼ਟੀ ਸੇ ਇਧਰ ਉਧਰ ਨਹੀਂ ਹੋਨੇ ਦੀਆ. ਹਮ ਸਬ ਆਪ ਕੇ ਮਮਨੂਨ ਹੈਂ." ਤਾਂ ਮੈਂ ਉੱਤਰ ਵਿੱਚ ਉਹਨਾਂ ਦਾ ਧੰਨ ਵਾਦ ਕਰ ਕੇ ਕਿਹਾ, "ਮਿਤ੍ਰੋ, ਸਾਡੇ ਗੁਰੂ ਦੀ ਬਾਣੀ ਵਿੱਚ ਗੁਰੂ ਨੂੰ ਜਹਾਜ਼ ਕਿਹਾ ਹੈ, ਤੇ ਜਹਾਜ਼ ਪੁਰ ਸਵਾਰ ਹੋਣ ਵਾਲੇ ਮੁਸਾਫ਼ਰ ਨੂੰ ਸਮੁੰਦਰ ਪਾਰ ਹੋਣ ਲਈ ਸਿਵਾਏ ਸਵਾਰ ਹੋਣ ਦੇ ਹੋਰ ਕੋਈ ਵੀ ਯਤਨ ਨਹੀਂ ਕਰਨਾ ਪੈਂਦਾ. ਭਾਵੇਂ ਕੋਈ ਚੰਗਾ ਹੋਵੇ ਭਾਵੇਂ ਮੰਦਾ, ਭਾਵੇਂ ਕਮਜ਼ੋਰ ਹੋਵੇ ਭਾਵੇਂ ਬਲਵਾਨ, ਭਾਵੇਂ ਪੜ੍ਹਿਆ ਹੋਵੇ ਭਾਵੇਂ ਅਨਪੜ੍ਹ ! ਬਸ, ਜੋ ਇੱਕ ਵੇਰ ਜਹਾਜ਼ ਤੇ ਚੜ੍ਹ ਜਾਏ, ਉਹ ਨਿਰਯਤਨ (ਸਹਜੇ) ਹੀ ਪਾਰ ਹੋ ਜਾਂਦਾ ਹੈ, ਜਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਦਾ ਬਚਨ ਹੈ : 'ਹਮ ਅਪਰਾਧੀ ਨਿਰਗੁਨੀਆਰੇ ॥ ਨਾ ਕਿਛੁ ਸੇਵਾ ਨਾ ਕਰਮਾਰੇ ॥ ਗੁਰੁ ਬੋਹਿਥੁ ਵਡ ਭਾਗੀ ਮਿਲਿਆ ॥ ਨਾਨਕ ਦਾਸ ਸੰਗਿ ਪਾਥਰ ਤਰਿਆ ॥' (ਰਾ. ਕ. ਮ : ੫ ।ਪੰ: ੯੧੩) ਮਿਤ੍ਰੋ, ਪੂਰਨ ਗੁਰੂ ਤੇ ਉਸ ਦੀ ਸੰਗਤ ਇੱਕ ਦੂਜੇ ਦਾ ਰੂਪ ਹਨ. ਦੋਵੇਂ ਇੱਕ ਦੂਜੇ ਦਾ ਪ੍ਰਤਿਨਿਧ ਹਨ. ਜਿੱਥੇ ਇੱਕ ਹੈ ਉੱਥੇ ਦੂਜਾ ਵੀ ਹੈ. ਸੋ ਗੁਰਸੰਗਤ ਗੁਰੂ ਦਾ ਜਹਾਜ਼ ਹੈ. ਜਿਸ ਜਿਗਿਆਸੂ ਨੂੰ ਪੂਰਨ ਗੁਰੂ ਦੀਕਸ਼ਿਤ ਕਰ ਕੇ ਆਪਣਾ ਸ਼ਿੱਸ਼ ਕਬੂਲ ਕਰ ਲੈਂਦਾ ਹੈ, ਤੇ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਆਪਣੀ ਸੰਗਤ ਵਿੱਚ ਬਿਠਾਲ ਲੈਂਦਾ ਹੈ, ਉਹ ਤਤਕਾਲ, ਨਿਰਯਤਨ ਹੀ, ਆਤਮ ਪਦ ਨੂੰ ਪ੍ਰਾਪਤ ਹੁੰਦਾ ਹੈ. ਪੂਰਨ ਗੁਰੂ ਤੇ ਉਸ ਦੀ ਸੰਗਤ ਦੀ ਬਸ ਏਹੋ ਨਿਸ਼ਾਣੀ ਹੈ, ਏਹੋ ਪਰਖ ਹੈ. ਸ੍ਰੀ ਗੁਰੂ ਨਾਨਕ ਦੇ ਘਰ ਦਾ ਏਹੋ ਨਿਯਮ ਹੈ : ਪਹਿਲਾਂ ਕੇਵਲ ਕ੍ਰਿਪਾ ਦੁਆਰਾ ਸਿੱਖ ਦੀ ਤਜੱਲੀ (ਰੋਸ਼ਨ ਜ਼ਮੀਰੀ) ਕਰਨੀ, ਅਰਥਾਤ, ਉਸ ਨੂੰ ਗਿਆਨ ਦਾ ਪ੍ਰਸ਼ਾਦ ਦੇਣਾ, ਤੇ ਮਗਰੋਂ ਉਸ ਨੂੰ ਕਮਾਈ ਦਾ ਹੁਕਮ ਯਾ ਉਪਦੇਸ਼ ਕਰਨਾ. ਜਿਵੇਂ ਮਜ਼ੂਰਾਂ ਤੋਂ ਕੰਮ ਕਰਵਾਣ ਵਾਲੇ ਠੇਕੇਦਾਰ ਗਰੀਬ ਮਜ਼ੂਰਾਂ ਨੂੰ, ਬਿਨਾ ਮਜ਼ੂਰੀ ਦੇ, ਪਹਿਲਾਂ ਹੀ, ਪੇਸ਼ਗੀਆਂ ਦੇ ਦੇਂਦੇ ਹਨ, ਤੇ ਮਗਰੋਂ ਮਜ਼ੂਰੀ ਕਰਵਾਂਦੇ ਹਨ, ਇਵੇਂ ਸ੍ਰੀ ਗੁਰੂ ਨਾਨਕ ਦੇ ਦਰੋਂ ਘਰੋਂ ਸਿੱਖਾਂ ਨੂੰ ਪਹਿਲਾਂ ਮੁਕੰਮਲ ਮੇਹਰ ਦਾ ਗਫਾ ਮਿਲਦਾ ਹੈ, ਤੇ ਮਗਰੋਂ ਸਿੱਖ ਕਮਾਈ ਕਰਦੇ ਹਨ ! ਪਹਿਲਾਂ ਨਿਹਾਲ ਹੁੰਦੇ ਹਨ ਤੇ ਮਗਰੋਂ ਘਾਲ ਕਰਦੇ ਹਨ ! ਪਹਿਲਾਂ ਗੁਰ ਪ੍ਰਸਾਦਿ, ਤੇ ਮਗਰੋਂ ਜਪੁ ! ਪਹਿਲਾਂ ਸੂਰਜ ਦੀ ਰੋਸ਼ਨੀ ਤੇ ਮਗਰੋਂ ਬਨਸਪਤੀ ਦਾ ਫੁਲਣਾ ਫਲਣਾ. ਪਹਿਲਾਂ ਪਾਣੀ ਤੇ ਮਗਰੋਂ ਬੀਜਾਂ ਦਾ ਫੁੱਟਣਾ. ਬਸ, ਗੁਰ ਕ੍ਰਿਪਾ ਦਾ ਨਿਯਮ ਏਹਨਾਂ ਕੁਦਰਤੀ ਨਿਯਮਾਂ ਦੇ ਅਨੁਸਾਰ ਹੈ. 'ਏਕ ਦ੍ਰਿਸ਼ਟਿ ਤਾਰੇ ਗੁਰ ਪੂਰਾ ।', 'ਸਾਚੀ ਨਦਰਿ ਏਕ ਲਿਵ ਤਰੇ ।' (ਆਸਾ ਮ: ੧ ਪੰ: ੪੧੩ ॥) 'ਪਲ ਪੰਕਜ ਮਹਿ ਕੋਟਿ ਉਧਾਰੇ । ਕਰਿ ਕਿਰਪਾ ਗੁਰੁ ਮੇਲਿ ਪਿਆਰੇ ।' (ਧਨਾ : ਮ : ੧ ॥ ਪੰ : ੬੮੬) ਅਰਥਾਤ, ਹੇ ਪਿਆਰੇ ਪਾਰ ਬ੍ਰਹਮ, ਮੈਨੂੰ ਉਹ ਗੁਰੂ ਮੇਲ ਜੋ ਅੱਖ ਦੇ ਪਲਕਾਰੇ ਵਿੱਚ ਕ੍ਰੋੜਾਂ ਨੂੰ ਤਾਰਨ ਦੇ ਸਮਰਥ ਹੈ. ਸੱਜਣੋਂ, ਇਸ ਵਿਸ਼ੇ ਦੇ ਹੱਕ ਵਿੱਚ ਗੁਰ ਬਾਣੀ ਦੇ ਪੂਰੇ ਪੂਰੇ ਹਵਾਲੇ ਦੇਣ ਲਈ ਕਈ ਜਨਮਾਂ ਦਾ ਸਮਾਂ ਚਾਹੀਦਾ ਹੈ ! ਗੁਰਮਤਿ ਅਨੁਸਾਰ ਗੁਰੂ ਦਾ ਕਰਤਵਜ (ਫ਼ਰਜ਼) ਕੇਵਲ ਇਤਨਾ ਹੀ ਹੈ ਕਿ ਉਹ ਸਿੱਖ ਦੇ ਮਨ ਨੂੰ ਨਿਰੋਲ ਆਪਣੀ ਕ੍ਰਿਪਾ ਸ਼ਕਤੀ ਦੁਆਰਾ ਸਥਿਰ ਕਰੇ, ਅਰਥਾਤ ਟਿਕਾਵੇ, ਅਥਵਾ ਯੋਗਿਕ ਭਾਸ਼ਾ ਵਿੱਚ ਇਉਂ ਕਹਾਂਗੇ ਕਿ ਸਿੱਖ ਦੇ ਚਿੱਤ ਦੀਆਂ ਵ੍ਰਿੱਤੀਆਂ ਦਾ ਨਿਰੋਧ ਕਰੇ. ਜਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਫ਼ਰਮਾਂਦੇ ਹਨ, 'ਬੰਧਨ ਤੋੜ ਛੁਟਕਾਵੈ ਪ੍ਰਭੁ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥ ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥ ਹੈ ਕੋਊ ਐਸੋ ਹਮਰਾ ਮੀਤੁ ॥ ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ ॥ ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥ ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ ॥੨॥' (ਧਨਾ : ਮ : ੫ ॥ ਪੰ : ੬੭੪) ਏਹਨਾਂ ਮਹਾਂ ਵਾਕਾਂ ਦੀ ਰੋਸ਼ਨੀ ਵਿੱਚ ਕਿਸੇ ਪ੍ਰਕਾਰ ਵੀ ਸ਼ਕ ਤੋਂ ਠੇਡੇ ਖਾਣ ਦੀ ਕੋਈ

Sri Satguru Jagjit Singh Ji eLibrary NamdhariElibrary@gmail.com

ਗੁੰਜਾਇਸ਼ ਨਹੀਂ. ਸਪਸ਼ਟ ਸ਼ਬਦ ਹਨ : 'ਬੰਧਨ ਤੇ ਛੁਟਕਾਵੈ' ਅਰ 'ਮਨੂਆ ਸਥਿਰ ਤੇ ਨਿਸ਼ਚਲ ਕਰੇ' ਨਾਂ ਕਿ ਬੰਧਨ ਤੋਂ ਛੁਟਣ ਦੀਆਂ, ਤਥਾ ਮਨ ਨੂੰ ਸਥਿਰ ਤੇ ਨਿਸ਼ਚਲ ਕਰਨ ਦੀਆਂ, ਤਜਵੀਜ਼ਾਂ ਤੇ ਤਰੀਕੇ ਹੀ ਦੱਸੇ, ਜਿਨ੍ਹਾਂ ਨੂੰ 'ਦੱਸਣ' ਵਾਲੀਆਂ ਕਿਤਾਬਾਂ ਦੇ, ਹਿਮਾਲਾ ਪਰਬਤ ਦੀ ਪਰਮ ਉੱਚ ਚੋਟੀ ਤੋਂ ਵੀ ਵਧੀਕ ਉੱਚੇ, ਅੰਬਾਰ ਦੁਨੀਆਂ ਦੇ ਪੁਸਤਕਾਲਿਆਂ ਵਿੱਚ ਲੱਗੇ ਪਏ ਹਨ, ਤੇ ਜਿਨ੍ਹਾਂ ਨੂੰ ਸਾਧਾਰਣ ਤੋਂ ਸਾਧਾਰਣ ਜਿਗਿਆਸੂ ਵੀ ਆਪ ਪੜ੍ਹ ਸਕਦਾ ਹੈ, ਤੇ ਸਮਝ ਵੀ ਸਕਦਾ ਹੈ, ਪਰ ਮਨ ਨੂੰ ਫਿਰ ਵੀ ਸਥਿਰ ਨਹੀਂ ਕਰ ਸਕਦਾ, ਤੇ ਵਿਸ਼ਿਆਂ ਦੇ ਜਾਲ ਤੋਂ ਆਜ਼ਾਦ ਨਹੀਂ ਹੋ ਸਕਦਾ. ਸ੍ਰੀ ਗੁਰੂ ਨਾਨਕ ਦੇਵ ਦਾ ਸਪਸ਼ਟ ਵਾਕ ਹੈ, 'ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥' (ਵਾਰ ਮਲਾਰ ਸਲੋਕ ਮ: ੧, ਪੰ: ੧੨੯੦-੧੨੯੧) ਇਸ ਬਚਨ ਵਿੱਚ ਚੰਗੀ ਤਰ੍ਹਾਂ ਨਖੇੜ ਕੇ (Categorically) ਕਿਹਾ ਹੈ ਕਿ ਜੋ ਘਰ ਵਿੱਚ ਘਰ 'ਦਿਖਾਇ ਦੇਇ' ਉਹ ਸਤਿਗੁਰ ਪੁਰਖ ਸੁਜਾਨ ਹੈ ਨਾਂ ਕਿ ਉਹ ਜੋ ਘਰ ਵਿੱਚ ਘਰ 'ਬਤਾਇ ਦੇਇ'; ਤੇ ਇਸੇ ਸਲੋਕ ਦੀਆਂ ਅਗਲੀਆਂ ੯ ਤੁੱਕਾਂ ਵਿੱਚ ਸਤਿਗੁਰੂ ਜੀ ਨੇ ਪੂਰਨ ਵਿਸਥਾਰ ਨਾਲ ਉਸ ਘਰ ਦੀਆਂ ਨਿਸ਼ਾਣੀਆਂ ਵੀ ਨਿਰੂਪਣ ਕੀਤੀਆਂ ਹਨ ਜੋ ਸੱਚੇ ਸਤਿਗੁਰੂ ਨੇ ਵਿਖਾਣਾ ਹੈ. ਫਿਰ ਸ੍ਰੀ ਗੁਰੂ ਅਮਰ ਦਾਸ ਜੀ ਨੇ ਤਾਂ ਪੂਰੇ ਸਤਿ-ਗੁਰੂ ਦੇ ਕਰਤੱਬ ਦਾ ਕ੍ਰਮ ਤੇ ਉਸ ਦਾ ਪਰਿਣਾਮ ਵੀ ਖੋਲ੍ਹ ਕੇ ਦਸ ਦਿੱਤਾ ਹੈ (ਗਉੜੀ, ਪੰ: ੨੩੧), "ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥" ਮਿੱਤ੍ਰੋ, ਜੇ ਕੋਈ ਐਸਾ ਸਤਿਗੁਰੂ ਜਗਤ ਵਿੱਚ ਮੌਜੂਦ ਹੈ ਤਾਂ ਮੈਨੂੰ ਉਸ ਦੇ ਪਾਸ ਲੈ ਚੱਲੋ, ਅਥਵਾ ਉਸ ਦਾ ਪਤਾ ਦੱਸੋ, ਮੈਂ ਸੰਸਾਰ ਦੇ ਦੋ ਯਾ ਤਿੰਨ ਅਰਬ ਮਨੁੱਖ ਉਸ ਦੇ ਚਰਨਾਂ ਪੁਰ ਲਿਆ ਸੁਟਣ ਦਾ ਯਤਨ ਕਰਾਂਗਾ." ਇਤਨਾ ਕਹਿ ਕੇ ਮੈਂ ਆਪਣੇ ਡੇਰੇ ਚਲਾ ਗਿਆ ਤੇ ਅਗਲੇ ਦਿਨ ਦਿਆਲ ਬਾਗ਼ ਤੋਂ ਵਿਦਾ ਹੋਇਆ.

(੮੬) ਮੂਸਾ ਦੇ ਸ਼ਿਸ਼ ਮੂਸਾਈ, ਈਸਾ ਦੇ ਈਸਾਈ, ਮਹੰਮਦ ਦੇ ਮੁਸਲ-ਮਾਣ, ਗੋਤਮ ਬੁੱਧ ਦੇ ਬੋਧੀ, ਤੇ ਮਹਾਵੀਰ ਜਿਨ ਦੇ ਸ਼ਿਸ਼ ਜੈਨੀ ਅਖਵਾਂਦੇ ਹਨ. ਏਦਾਂ ਹੀ ਕਬੀਰ ਦੇ ਸ਼ਿਸ਼ ਕਬੀਰ ਪੰਥੀ, ਦਾਦੂ ਦੇ ਦਾਦੂ ਪੰਥੀ, ਰਵਿਦਾਸ ਦੇ ਰਵਿਦਾਸੀ, ਬਾਮ ਮਾਰਗ ਦੇ ਅਨੁਯਾਈ ਬਾਮ ਮਾਰਗੀ, ਬ੍ਰਹਮੂ ਸਮਾਜ ਦੇ ਬ੍ਰਹਮੂ ਸਮਾਜੀ ਤੇ ਆਰਯ ਸਮਾਜ ਦੇ ਆਰਯ ਸਮਾਜੀ ਕਹਾਂਦੇ ਹਨ. ਪਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

'ਰਾਧਾ ਸੁਆਮੀ ਗੁਰੂ' ਦੇ ਸ਼ਿਸ਼ ਸਿੱਧਾ ਹੀ '*ਰਾਧਾ ਸੁਆਮੀ' ਅਖਵਾਂਦੇ ਹਨ. ਸੋ ਜੇ 'ਰਾਧਾ ਸੁਆਮੀ' ਸੱਚ ਮੁੱਚ ਪਰਮਾਤਮਾ ਯਾ ਕਿਸੇ ਗੁਰੂ ਦਾ ਹੀ ਨਾਮ ਹੈ ਤਾਂ ਅਸਚਰਜ ਹੈ ਕਿ ਪਲ ਭਰ ਵਿੱਚ ਕਿਸੇ 'ਰਾਧਾ ਸੁਆਮੀ ਗੁਰੂ' ਤੋਂ ਦੀਖਿਆ ਲੈਂਦਿਆਂ ਹੀ ਮਨੁਖ 'ਰਾਧਾ ਸੁਆਮੀ' (ਅਰਥਾਤ, ਪਰਮਾਤਮਾ ਯਾ ਗੁਰੂ) ਬਣ ਜਾਂਦਾ ਹੈ ! ਇਹ ਵਾਕਈ ਰਾਧਾ ਸੁਆਮੀ ਮਾਰਗ ਦੀ ਨਿਹਾਇਤ ਹੈਰਤ ਅੰਗੇਜ਼ ਤੇ ਲਾਸਾਨੀ ਵਿਸ਼ੇਸ਼ਤਾ ਹੈ ! ਇਸ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਏ ਥੋੜੀ ਹੈ ! ਪਰ ਕੀ ਇਹ ਹੋਣਾ ਸੰਭਵ ਹੈ ?

(੮੭) ਰਾਧਾ ਸੁਆਮੀਆਂ ਦੇ ਨਿਜ ਕਲਪਿਤ ਪੰਜ ਨਾਮਾਂ, ਪੰਜ ਅਸਥਾਨਾਂ, ਪੰਜ ਧਨੀਆਂ (ਮਾਲਕਾਂ), ਪੰਜ ਸ਼ਬਦਾਂ, ਤੇ ਪੰਜ ਪ੍ਰਕਾਸ਼ਾਂ ਨੂੰ ਛੱਡ ਕੇ ਬਾਕੀ ਜੋ ਕੁੱਝ ਵੀ ਏਹਨਾਂ ਦੀ ਹਕੀਕੀ ਰੂਹਾਨੀ ਪੂੰਜੀ ਹੈ, ਉਹ ਸਭ ਵੇਦਿਕ ਹੈ. ਪਰ ਇਸ ਤੋਂ ਬਿਨਾ ਇਹ ਪੂੰਜੀ ਹੋਰ ਹੋ ਵੀ ਕੀ ਸਕਦੀ ਹੈ ? (੧) ਏਹਨਾਂ ਦੀ ਸੁਚਮ ਨਿਯਮਾਵਲੀ, (੨) ਏਹਨਾਂ ਦੇ ਵਿਹਿਤ ਸਦਾਚਾਰਿਕ ਧਰਮ, (੩) ਏਹਨਾਂ ਦੀ ਵਰਜਿਤ ਵਿਕਾਰ ਸੂਚੀ, (੪) ਏਹਨਾਂ ਦੇ ਆਤਮ ਗਿਆਨ ਦੇ, ਤੇ (੫) ਏਹਨਾਂ ਦੇ ਵਿਸ਼ੂ ਵਿਗਿਆਨ ਦੇ, ਮੁਢਲੇ ਤੱਤ, ਸੰਪੂਰਨ ਉਹ ਹੀ ਹਨ, ਜੋ ਪੁਰਾਤਨ ਵੇਦਿਕ ਹਿੰਦੂਆਂ ਦੇ ਹਨ.

(੮੮) ਜਨਵਰੀ ਸਨ ੧੯੧੭ ਤਕ ਵਿਸ਼ਾਲ ਭਾਰਤ ਵਿੱਚ ਤਾਂ ਕੀ ਖ਼ਾਸ ਉੱਤਰ ਪ੍ਰਦੇਸ਼ (United Provinces) ਵਿੱਚ ਵੀ ਰਾਧਾ ਸੁਆਮੀ ਫ਼ਿਰਕਾ ਕੋਈ ਐਸਾ ਪ੍ਰਸਿੱਧ ਨ ਸੀ ਕਿ ਜਿਸ ਦੀ ਹਰ ਸਰਗਰਮੀ (Activity) ਸੰਬੰਧੀ ਸੂਬੇ ਦੇ ਵਿਦ੍ਵਾਨਾਂ ਨੂੰ ਤਤਕਾਲ ਖ਼ਬਰ ਪਹੁੰਚਦੀ ਰਹਿੰਦੀ. ਚੁਨਾਂਚੇ ਰਾਧਾਸੁਆ-

* "It is most noteworthy that this extraordinary name, Radha Soami, bears four significations in the sect. It is the name of God Himself; it is the name which the first guru bears, as the perfect incarnation of God; it is the sound which the spiritual sound-current (Shabda) makes as it rings through all regions; and it is the name of the sect. It is necessary also to realize that the real meaning of Radhasvami is Krishna, as the Lord of Radha (his cowherd mistress in the latest cycle of the myth); and that Soami is only a curious phonetic misspell for Svami." (Modern Religious Movements In India, By J. N. Farquhar, M. A., D. Litt. (Oxon.); Newyork, The Macmillan Company: 1918.)

Sri Satguru Jagjit Singh Ji eLibrary NamdhariElibrary@gmail.com

ਮੀਆਂ ਦਾ ਪ੍ਰਸਿੱਧ ਵਰਤਮਾਨ ਕੇਂਦ੍ਰ * ਦਯਾਲ ਬਾਗ਼, ਆਗਰਾ, ਭਾਵੇਂ ਜਨਵਰੀ ਸਨ ੧੯੧੫ ਵਿੱਚ ਕਾਇਮ ਹੋ ਚੁਕਾ ਸੀ, ਤਾਂ ਵੀ ਇਸ ਦੀ ਖ਼ਬਰ † 'ਸਰਸ੍ਵਤੀ' ਵਰਗੇ ਮਾਸਕ ਰਸਾਲੇ ਨੂੰ ਇਲਾਹਾਬਾਦ ਵਿੱਚ ਜਨਵਰੀ ਸਨ ੧੯੧੭ ਤਕ ਮੁਤਲਿਕ ਕੋਈ ਨ ਸੀ. ਰਾਧਾਸੁਆਮੀਆਂ ਦੀ ਪ੍ਰਸਿੱਧੀ ਸਨ ੧੯੧੭ ਤੋਂ ਬਾਦ ਏਹਨਾਂ ਦੀਆਂ ਤਾਲੀਮੀ, ਤਿਜਾਰਤੀ, ਤੇ ਸਨਅਤੀ ਸਰਗਰਮੀਆਂ ਦੇ ਨਾਲ ਅਰੰਭ ਹੋਈ. ਪਰ ਏਹਨਾਂ ਸਰਗਰਮੀਆਂ ਨੂੰ ਤਰੱਕੀ ਦੇਣ ਵਾਲੀ ਤੇ ਯਥੇਸ਼ਟ ਕਾਮਯਾਬੀ ਦੀ ਸਿਖਰ ਤਕ ਪਹੁੰਚਾਣ ਵਾਲੀ ਸ਼ਕਤੀ ਕਿਸੇ ਪ੍ਰਕਾਰ ਵੀ ਕੋਈ 'ਰੱਬੀ' ਸ਼ਕਤੀ ਨ ਸੀ, ਬਲਕਿ ਹਰ ਦ੍ਰਿਸ਼ਟੀ ਤੋਂ ਇਨਸਾਨੀ ਸੀ. ਪਰ ਮੁਕੰਮਲ ਤੇ ਪਾਕੀਜ਼ਾ ਇਨਸਾਨੀ, ਹਰ ਤਰ੍ਹਾਂ ਆਪਣੀ ਮੁਕੰਮਲਤਾ ਤੇ ਪਾਕੀਜ਼ਗੀ ਵਿੱਚ ਆਪਣੇ ਇਨਸਾਨੀ ਲਕਸ਼ਾਂ ਤੇ ਆਦਰਸ਼ਾਂ ਦੇ ਅਰਪਿਤ. ਇਸ ਸ਼ਕਤੀ ਨੂੰ ਜਨਮ ਦੇਣ ਵਾਲਾ ਤੇ ਸਚੇਸ਼ਟ (ਕ੍ਰਿਆਸ਼ੀਲ) ਕਰਨ ਵਾਲਾ ਵਾਹਿਦ ਕਾਰਣ 'ਸ਼੍ਰੱਧਾ' ਸੀ, ਜੋ ਹਰ ਹਿੰਦੂ ਅਖਵਾਣ ਵਾਲੇ ਦੇ ਦਿਲ ਵਿੱਚ ਓਦੋਂ ਤੋਂ ਚਲੀ ਆਂਦੀ ਹੈ ਜਦ ਤੋਂ ਰਿਗਵੇਦ ਦੇ 'ਸ਼੍ਰੱਧਾ ਮੰਤ੍ਰ' (ਮੰਡਲ ੧੦, ਸੂਕਤ ੧੫੧) ਪ੍ਰਸਾਰਿਤ ਕੀਤੇ ਗਏ ਸਨ. ਫਿਰ, ਇਨਸਾਨ ਵਿੱਚ ਹਰ ਪੁਰ ਜੋਸ਼, ਬੇ ਗ਼ਰਜ਼, ਤੇ ਸਿਆਣੇ ਆਗੂ ਨੂੰ ਝਟ ਰੱਬੁਲ ਆਲਮੀਨ

* "Dayalbagh which, translated into English, means the 'Garden of the Merciful', is the name of the Colony of the Radha Soami Community, situated at a distance of about a mile from the township of Agra. The Colony was founded in the year 1915 by His Holiness Sahabji Maharaj, the fifth Revered Leader of the Radha Soami Faith." (Dayalbag, being a brief account of the Spiritaul, Educational, and Industrial Institutions of the Radha Soami Satsang. Publishd by the R. S. S. Sabha, Dayalbagh; 6th. Ed. November, 1937; p. 1.)

† ਜਨਵਰੀ, ਸਨ ੧੯੧੭ ਦੇ 'ਸਰਸ੍ਵਤੀ' (ਹਿੰਦੀ ਮਾਸਕ ਪਤ੍ਰ, ਇਲਾਹਾਬਾਦ) ਵਿੱਚ, ਪੰਨਾ ੧੫ ਤੋਂ ੨੩ ਤਕ ਲਾਲਾ ਕੰਨੋ ਮਲ ਐਮ : ਏ : ਦਾ 'ਰਾਧਾ ਸੁਆਮੀ ਸੰਪ੍ਰਦਾਯ' ਨਾਮਕ ਇੱਕ ਵਿਸਤ੍ਰਿਤ ਲੇਖ ਹੈ. ਇਸ ਵਿੱਚ, ੧੬ ਪੰਨੇ ਪਰ, ਵਿਦ੍ਵਾਨ ਲੇਖਕ ਜੀ ਲਿਖਦੇ ਹਨ,"ਮਹਾਰਾਜ-ਸਾਹਬ ਕੇ ਦੇਹਾਂਤ ਪਸ਼ਚਾਤ ਆਚਾਰਯ ਪਦਵੀ ਪਰ ਮਹਾਰਾਜ ਕਾਮਤਾਪ੍ਰਸਾਦ ਜੀ ਬੈਠੇ. ਇਨਕਾ ਭੀ ਦੇਹਾਂਤ ਹੋ ਗਯਾ ਹੈ, ਅਬ ਇਸ ਪਦਵੀ ਪਰ ਕੋਈ ਨਹੀਂ ਹੈ. ਸੁਨਾ ਹੈ, ਪੰਜਾਬ ਮੇਂ ਕੋਈ ਸਾਹਬ ਅਪਨੇ ਕੋ ਇਸ ਪਦਵੀ ਕਾ ਅਧਿਕਾਰੀ ਬਤਾਤੇ ਹੈਂ; ਪਰੰਤੂ ਯਹ ਬਾਤ ਸਬ ਸੰਪ੍ਰਦਾਯਾਨੁਯਾਯਿਯੋਂ ਕੋ ਸਵੀਕਾਰਯ ਨਹੀਂ." ਪਾਠਕ ਨੂੰ, ਵਿਦਿਤ ਹੋਵੇ ਕਿ

ਆਗੇ ਦੇਖੋ ਸਫ਼ਾ ੨੬੩ ਪਰ

Sri Satguru Jagjit Singh Ji eLibrary NamdhariElibrary@gmail.com

ਦਾ ਨਬੀ, ਤੇ ਖ਼ੁਦਾਈ ਤਾਕਤਾਂ ਦਾ ਧਨੀ, ਮੰਨ ਲੈਣ ਦਾ ਵਸਫ਼ ਵੀ ਅਜ਼ਲ ਤੋਂ ਹੀ ਚਲਾ ਆਂਦਾ ਹੈ. ਬਸ ਏਹਨਾਂ ਦੋ ਮਹਾਂ ਕਾਰਣਾਂ ਨੇ ਜਦ ਤੋਂ ਰਾਧਾ-ਸੁਆਮੀਆਂ ਦੀ ਤਾਲੀਮੀ, ਤਿਜਾਰਤੀ, ਤੇ ਸਨਅਤੀ ਤਰੱਕੀ ਦਾ ਪਰਚਮ ਬਲੰਦ ਕੀਤਾ ਹੈ, ਓਦੋਂ ਤੋਂ ਇਹ ਬੜੀ ਚਮਕ ਦਮਕ ਨਾਲ ਸਾਰੇ ਸੰਸਾਰ ਦੇ ਸਾਹਮਣੇ ਆ ਗਏ ਹਨ, ਅਰ ਚੂੰਕਿ 'ਰਾਧਾਸੁਆਮੀ' ਨਾਮ ਆਪਣੇ ਅਰੰਭ ਤੋਂ ਇੱਕ ਧਾਰਮਿਕ ਨਾਮ ਸੀ, ਇਸ ਲਈ ਇਸ ਦੀਆਂ ਦੁਨਿਆਵੀ ਸਰਗਰਮੀਆਂ ਨੂੰ ਧਾਰਮਿਕ ਮੰਨ ਲਿਆ ਗਿਆ ਹੈ, ਜਦ ਕਿ ਯਥਾਰਥ ਵਿੱਚ ਇਹ ਨਿਰੋਲ ਦੁਨਿਆਵੀ ਹਨ.

ਪਰ ਰਾਧਾ ਸੁਆਮੀਆਂ ਦੀ ਇਸ ਅਸਾਧਾਰਣ ਤ੍ਰੇਧਾ ਉੱਨਤੀ ਦਾ ਸੇਹਰਾ ਮੈਂ ਕੇਵਲ ਇੱਕੋ ਮੁਬਾਰਕ ਹਸਤੀ ਦੇ ਸੁਭਾਗੇ ਸੀਸ ਤੇ ਚੜ੍ਹਾਵਾਂਗਾ, ਅਰ ਉਹ ਮੁਬਾਰਕ, ਮੁਕੱਦਸ, ਤੇ ਮਹਬੂਬ ਹਸਤੀ ਸਰ ਅਨੰਦ ਸਰੂਪ ਦੀ ਹੈ. ਸਰ ਅਨੰਦ ਸਰੂਪ ਨੇ ਮੈਹਜ਼ ਆਪਣੀ ਜ਼ਾਤੀ ਹੁਸਨ ਇਖ਼ਲਾਕੀ, ਦਾਨਸ਼ਮੰਦੀ, ਹਿੰਮਤ, ਇਸਤਿਕਲਾਲ, ਤੇ ਸਦਾਕਤ ਦੀਆਂ ਕਰਾਮਾਤਾਂ ਦੁਆਰਾ, ਤਨ ਤਨਹਾ, ਦਸਾਂ ਤੋਂ ਵੀ ਘਟ ਵੱਰ੍ਹਿਆਂ ਦੇ ਅਤਿ ਅਲਪ ਕਾਲ ਵਿੱਚ ਇੱਕ ਐਸਾ ਅਜ਼ੀਮ ਖ਼ੁਸ਼ ਅਖ਼ਤਰ ਇਦਾਰਾ ਪ੍ਰਗਟ ਕਰ ਵਿਖਾਇਆ ਹੈ ਜੋ ਉਹਨਾਂ ਹੀ

ਸੰਫਾ ੨੬੨ ਦੇ ਫੁਟਨੋਟ ਦੀ ਬਾਕੀ

ਮਹਾਰਾਜ-ਸਾਹਬ ਇਸ ਸੰਪ੍ਰਦਾਯ ਦੇ ਤੀਜੇ ਆਚਾਰਯ ਸਨ. ਏਹਨਾਂ ਦਾ ਦੇਹਾਂਤ ੧੨ ਅਕਤੂਬਰ ੧੯੦੭ ਵਿੱਚ ਹੋਇਆ ਸੀ. ਚੌਥੇ ਆਚਾਰਯ ਮਹਾਰਾਜ ਕਾਮਤਾ ਪ੍ਰਸਾਦ ਜੀ ਨੇ ਨਵੰਬਰ ਸਨ ੧੯੧੩ ਵਿੱਚ ਚੋਲਾ ਛਡਿਆ. ਇਸ ਤੋਂ ਪ੍ਰਗਟ ਹੈ ਕਿ 'ਸਰਸਵਤੀ' ਦੇ ਉਪ੍ਰੋਕਤ ਹਵਾਲੇ ਅਨੁਸਾਰ ਜਨਵਰੀ ਸਨ ੧੯੧੭ ਤਕ ਪੂਰੇ ਤਿੰਨ ਸਾਲ ਰਾਧਾ ਸੁਆਮੀ ਸੰਪ੍ਰਦਾਯ ਦਾ ਕੋਈ ਸਰਬ ਮਕਬੂਲ ਆਚਾਰਯ ਨ ਸੀ. ਪਰ ਵਾਸਤਵ ਵਿੱਚ ਚੌਥੇ ਗੁਰੂ ਦੀ ਚੋਣ ਵੀ ਸਰਬ ਮਕਬੂਲ ਨ ਸੀ. ਕਿਉਂ ਜੋ ਜਦ ਕਿ ੧੯੧੩ ਤਕ ਇਸ ਪਦਵੀ ਲਈ ਕਾਮਤਾ ਪ੍ਰਸਾਦ ਜੀ ਤੇ ਮਾਧਵ ਪ੍ਰਸਾਦ ਜੀ ਆਪੋ ਆਪਣੀਆਂ ਕੋਸ਼ਸ਼ਾਂ ਵਿੱਚ ਰੁੱਝੇ ਹੋਏ ਸਨ, ਕਾਮਤਾ ਪ੍ਰਸਾਦ ਜੀ ਪਰਲੋਕ ਸਿਧਾਰ ਗਏ, ਤੇ ਮਾਧਵ ਪ੍ਰਸਾਦ ਜੀ ਲਈ ਰਸਤਾ ਸਾਫ਼ ਹੋ ਗਿਆ, ਪਰ ਏਹਨਾਂ ਨੂੰ ਵੀ ਸਾਰੇ ਰਾਧਾ ਸੁਆਮੀਆਂ ਨੇ ਪਰਵਾਣ ਨ ਕੀਤਾ, ਤੇ ਇਸ ਤਰ੍ਹਾਂ ਚੌਥੇ ਦਾ ਸਰਬ ਸੰਮਤ ਫ਼ੈਸਲਾ ਹੋਏ ਤੋਂ ਬਿਨਾ ਹੀ ਪੰਜਵੇਂ ਦੀ ਗੱਦੀ ਬਾਰੇ ਚਰਚਾ ਸ਼ੁਰੂ ਹੋ ਗਈ ਜਿਸ ਦਾ ਵਰਣਨ ਹੁਣੇ 'ਸਰਸਵਤੀ' ਵਿੱਚੋਂ ਕੀਤਾ ਗਿਆ ਹੈ. ਦੇਖੋ, ਚੌਥੇ ਦੀ ਚੋਣ ਸੰਬੰਧੀ ਡਾਕਟਰ ਫ਼ਾਰਕਹਰ (ਆਪਣੇ "Modern Religious Movements" ਦੇ ੧੬੫ ਤੇ ੧੬੬ ਪੰਨਿਆਂ ਪਰ) ਕੀ ਲਿਖਦੇ ਹਨ, "The third guru was a

ਬਾਕੀ ਫੁਟਨੋਟ ਸਫ਼ਾ ੨੬੪ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

ਨੇਮਤਾਂ ਤੇ ਬਰਕਤਾਂ ਦਾ ਅਮੁੱਕ ਤੇ ਅਸੁੱਕ ਸੋਮਾ ਸਾਬਤ ਹੋ ਰਿਹਾ ਹੈ, ਜਿਨ੍ਹਾਂ ਦੀ ਬਦੌਲਤ ਇਸ ਦਾ ਆਪਣਾ ਜਨਮ ਹੋਇਆ ਸੀ. ਇਹ ਵੀ ਵੈਦਿਕ ਖਾਣ ਦੀ ਹੀ ਸ਼ਾਨ ਹੈ ਕਿ ਜਿਸ ਤੋਂ ਸਰ ਅਨੰਦ ਸਰੂਪ ਵਰਗੀ ਹਸਤੀ ਪ੍ਰਗਟੀ ! ਕਾਸ਼, ਅੱਜ ਏਹੋ ਜਈ ਕੇਵਲ ਇੱਕ ਬਲੰਦ ਇਕਬਾਲ ਹਸਤੀ ਸਿੱਖਾਂ ਵਿੱਚ ਵੀ ਹੁੰਦੀ ! ਹਾਂ ਜੀ, ਸਾਡੇ ਸਮਕਾਲੀ ਹਿੰਦੂਆਂ ਵਿੱਚ ਅੱਗੇ ਵੀ ਇਹੋ ਜਹੀ ਇਕ ਮੁਅੱਜ਼ਿਮ ਹਸਤੀ ਨਮੂਦਾਰ ਹੋ ਚੁਕੀ ਹੈ, ਜਿਸ ਦਾ ਪਵਿਤ੍ਰ ਨਾਮ ਪੰਡਿਤ ਮਦਨ ਮੋਹਨ ਮਾਲਵੀ ਸੀ, ਤੇ ਜਿਸ ਦੀ ਨਿਸ਼ਾਣੀ ਬਨਾਰਸ ਵਿੱਚ ਹਿੰਦੂ ਯੂਨੀਵਰਸਿਟੀ ਮੌਜੂਦ ਹੈ, ਤੇ ਏਹੋ ਜਈ ਇੱਕ ਮੁਕੱਰਮ ਹਸਤੀ ਸਾਡੇ ਸਮਕਾਲੀ ਸਿੱਖਾਂ ਵਿੱਚ ਵੀ ਝਲਕ ਵਿਖਾ ਚੁਕੀ ਹੈ, ਜਿਸ ਦਾ ਪਿਆਰਾ ਨਾਮ ਸਰ ਸੁੰਦਰ ਸਿੰਘ ਮਜੀਠੀਆ ਸੀ, ਤੇ ਜਿਸ ਦੀ ਅਮਿਟ ਨਿਸ਼ਾਣੀ ਅੰਮ੍ਰਿਤਸਰ ਵਿੱਚ ਖ਼ਾਲਸਾ ਕਾਲਜ ਮੌਜੂਦ ਹੈ.

(੮੯) ਬਸ, ਵੈਦਿਕ ਧਰਮ ਦੀ ਅਜ਼ਮਤ ਦਾ ਤੇ ਗੁਰਮਤਿ ਦੀ ਫ਼ਜ਼ੀਲਤ ਦਾ, ਹਿੰਦੂ ਰਾਸ਼ਟ੍ਰ ਦੀ ਫ਼ੌਕੀਅਤ ਦਾ ਤੇ ਗੁਰਪੰਥ ਦੀ ਅਹਮੀਅਤ ਦਾ, ਅਤਸੰਤ ਲੰਮਾ ਜਲੂਸ ਜੋ ਮੈਂ ਪਾਠਕ ਦੇ ਅੱਗੋਂ ਲੰਘਾਂਦਾ ਰਿਹਾ ਹਾਂ, ਉਸ ਦਾ ਵਾਹਿਦ ਮਨੋਰਥ ਇਹ ਸਿੱਧ ਕਰਨ ਦਾ ਸੀ ਕਿ ਵੇਦ ਤੇ ਗੁਰਮਤਿ ਦੋਹਾਂ ਦਾ ਬੀਜ ਇੱਕੋ ਜਿਆ ਸਜੀਵ ਹੈ, ਦੋਹਾਂ ਦਾ ਮੂਲ ਇੱਕੋ ਜਿਆ ਬਲਿਸ਼ਟ ਹੈ, ਦੋਹਾਂ ਦੀਆਂ ਸ਼ਾਖਾਂ ਤੇ ਪੱਤੇ ਇੱਕੋ ਜਏ ਬ੍ਰਿਹਦਾਕਾਰ ਹਨ, ਦੋਹਾਂ ਦੇ ਫੁੱਲ ਇੱਕੋ ਜਏ ਖੁਸ਼ਬੂਦਾਰ ਹਨ, ਤੇ ਦੋਹਾਂ ਦੇ ਫਲ ਇੱਕੋ ਜਏ ਰਸੀਲੇ ਤੇ ਮਿੱਠੇ ਹਨ. ਵੇਦ ਸਨਾਤਨ ਗਿਆਨ ਪੁਰਾਤਨ ਜਾਮੇ ਵਿੱਚ ਹੈ,

ਸਫੇ ੨੬੩ ਦੇ ਫੁਟਨੋਟ ਦੀ ਬਾਕੀ

Brahman of Bengali extraction, named Brahma Shankar Misra. He received an English education, & was a master of Arts of Calcutta university. He held a position in the Accountant-General's Office, Allahabad. He died in 1907. His title is Maharaj Sahab. Since his death the community has been unable to agree as to who is to be the next Guru. Until 1913 there were two prominent candidates, Mr. Sircar Kamta Prasad of Murai, near Ghazipur, & Mr. Madhava Prasad Sahib, who is the Chief Superintendent in the Accountant-General's Office, Allahabad. The former died in the autumn of 1913; so that Mr. Madhava Prasad Saheb has now a far better chance of being chosen; but there are groups who are unwilling to follow him, and at least two other candidates." ਏਹਨਾਂ ਹਵਾਲਿਆਂ ਤੋਂ ਪਾਠਕ ਨੂੰ ਚੰਗੀ ਤਰ੍ਹਾਂ ਵਿੱਦਿਤ ਹੋ

ਬਾਕੀ ਫੁਟਨੋਟ ਸਫਾ ੨੬੫ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਸਨਾਤਨ ਗਿਆਨ ਆਧੁਨਿਕ ਜਾਮੇ ਵਿੱਚ ਹੈ. ਵੇਦ ਸ੍ਰੀ ਗੁਰੂ ਨਾਨਕ ਦੇਵ ਨੂੰ ਅਮਿਤ ਕਾਲ ਤੋਂ ਪ੍ਰਿਯ ਸਨ, ਇਸੇ ਲਈ ਉਹਨਾਂ ਨੇ ਵੇਦ ਦੇ ਪ੍ਰੀਤਵਾਨਾਂ, ਹਿੰਦੂਆਂ ਵਿੱਚ ਤੇ ਹਿੰਦੂਆਂ, ਦੀ ਵੀ ਵੇਦੀ ਵੰਸ਼ ਵਿੱਚ ਅਵਤਾਰ ਧਾਰਣ ਕੀਤਾ, ਤਾਂ ਜੋ ਉਹਨਾਂ ਦਾ ਵੇਦ ਤੋਂ ਅਜੇ ਵੀ ਸੰਬੰਧ ਨ ਟੁੱਟੇ. ਹਾਂ ਜੀ, ਉਹਨਾਂ ਨੇ ਇਸੇ ਕਾਰਣ ਸੰਸਾਰ ਭਰ ਦੀਆਂ ਜਾਤੀਆਂ ਛੱਡ ਕੇ ਕੇਵਲ ਵੇਦਿਕ

ਸਫੇ ੨੬੪ ਦੀ ਬਾਕੀ

ਗਿਆ ਹੋਣਾ ਹੈ ਕਿ ਗੁਰਮਤਿ ਦੇ ਸ਼ਰਧਾਲੂ ਸੇਠ ਸ਼ਿਵਦਿਆਲ ਸਿੰਘ ਜੀ ਤੋਂ ਬਾਦ ਰਾਧਾ ਸੁਆਮੀ ਸਮਾਜ ਦੂਜੇ ਗੁਰੂ ਤੋਂ ਸ਼ੁਰੂ ਹੋਈ ਜੋ ਮਹਿਕਮਾ ਤਾਰ-ਡਾਕ ਵਿੱਚ ਅਤਿ ਉੱਚ ਅਹੁਦੇ ਪਰ ਤਾਈਨਾਤ ਸਨ. ਇਹਨਾਂ ਤੋਂ ਬਾਦ ਤੀਜੇ ਤੇ ਚੌਥੇ ਵੀ ਅੰਗ੍ਰੇਜ਼ੀ ਦੇ ਮਹਾਂ ਵਿਦਵਾਨ ਸਨ. ਪੰਜਵੇਂ ਫਿਰ ਟੈਲੀਗ੍ਰਾਫ ਦੇ ਮਹਿਕਮੇ ਤੋਂ ਆਏ ਸਨ, ਤੇ ਮੌਜੂਦਾ (ਛੇਵੇਂ) ਐਂਜੀਨਿਯਰ ਸਨ. ਬਸ, ਧਾਰਾਂ ਤੇ ਚਕ੍ਰਾਂ ਦੀਆਂ ਕਲਪਣਾਵਾਂ ਦੇ ਨਿਰਮਾਤਾ ਦੂਜੇ, ਤੀਜੇ, ਚੌਥੇ, ਤੇ ਪੰਜਵੇਂ ਆਚਾਰਯ ਸਨ, ਜਿਨ੍ਹਾਂ ਨੂੰ ਇਹ ਗੁੰਝਲਾਂ ਵਿਦਜੁਤ ਵਿਗਿਆਨਦੇ ਬੁਨਿਆਦੀ ਅਸੂਲਾਂ ਤੋਂ ਵਾਕਫ਼ੀਅਤ ਹੋਣਦੇ ਕਾਰਣ ਸੁਝੀਆਂ. (ਦੇਖੋ, Radha Soami Mat Prakash, by Rai Saligram and Discourses on Radha Soami Faith, by Pt. Brahm Shankar Misra M. A. (both in English). ਇਹਨਾਂ ਦੋਹਾਂ ਵਿੱਚ ਕਲਪਿਤ ਗੁੰਝਲਾਂ ਦਾ ਬੜੇ ਵਿਸਥਾਰ ਨਾਲ ਵਰਣਨ ਕੀਤਾ ਹੋਇਆ ਹੈ. ਡਾਕਟਰ ਫ਼ਾਰਕਹਰ ਪਿਛਲੀ ਕਿਤਾਬ (Discourses) ਦੀ ਬਾਬਤ ਲਿਖਦੇ ਹਨ (M. R. M. p. 165) "When he (i. e. the third guru) died, he left, in manuscript, a volume of three hundred pages, called Discourses on Radha Soami Faith, which contains much more sound than sense." 'ਰਾਧਾ ਸੁਆਮੀ ਫ਼ਿਰਕੇ ਦੀ ਇਹ ਸੰਗਿਆ ਕਿਉਂ ਪਈ, ਇਸ ਦੇ ਸੰਬੰਧ ਵਿੱਚ ਡਾਕਟਰ ਫ਼ਾਰਕਹਰ ਦੀ ਕਲਮ ਲਿਖਦੀ ਹੈ : (M. R. M. p. 166) "Thus far we have relied on the litera ture published by the sect, but there are many important facts which do not appear in the official books. For this further information I am indebted to members of the sect or to people who were members but are no longer so.....The first guru was a man who had had no Western education and did not know English.....His connections were with the Krishanite gurus of Brindaban. From time to time he and his wife dressed up as Krishna and Radha to receive the worship of their disciples. The second guru also got

ਬਾਕੀ ਸਫ਼ਾ ੨੬੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਹਿੰਦੂਆਂ ਨੂੰ ਹੀ ਆਪਣੇ ਗਿਆਨ ਤੇ ਪ੍ਰਸਾਦ (ਫ਼ਜ਼ਲ) ਦਾ ਸਹੀ ਪਾਤ੍ਰ ਸਮਝਿਆ. ਇਸੇ ਕਾਰਣ ਹਿੰਦੂਆਂ ਵਿੱਚ ਹੀ ਦੂਜੇ, ਤੀਜੇ, ਤੇ ਚੌਥੇ ਸਤਿਗੁਰਾਂ ਦਾ ਆਗਮਨ ਹੋਇਆ. ਹਿੰਦੂਆਂ ਦੇ ਹੀ ਰੂਪ ਤੇ ਭੇਖ ਨੂੰ ਨੌਂ ਸਤਿਗੁਰਾਂ ਨੇ ਅਪਣਾਈ (ਬਰਕਰਾਰ) ਰਖਿਆ. ਫਿਰ ਹਿੰਦੂਆਂ ਵਿੱਚੋਂ ਹੀ ਕਲਗੀਧਰ ਸੁਆਮੀ ਨੇ ਪੰਜਾਂ ਪਿਆਰਿਆਂ ਦਾ ਪ੍ਰਾਦੁਰਭਾਵ ਕੀਤਾ. ਐਸੇ ਪ੍ਰਤਾਪੀ ਹਿੰਦੂਆਂ ਪੁਰ ਅਰ ਤੇਜੋਮਈ

ਸਫ਼ੇ ੨੬੫ ਦੀ ਬਾਕੀ

himself up as Krishna from time to time. Thus the guru-worship of the sect was probably borrowed unchanged from the practices of the gurus at Brindaban." ਸਰ ਅਨੰਦ ਸਰੂਪ ਜੀ ਦੀ ਗੁਰਿਆਈ (੧੯੧੩ ਯਾ ੧੫-੧੬) ਤੋਂ ਪਹਿਲਾਂ ਰਾਧਾ ਸੁਆਮੀ ਫ਼ਿਰਕੇ ਦੇ ਲੋਕ ਤਾਲੀਮੀ, ਤਿਜਾਰਤੀ, ਸਨਅਤੀ ਤੇ ਸਿਆਸੀ ਹਲਕਿਆਂ ਤੋਂ ਬਿਲਕੁਲ ਦੂਰ ਰਹਿੰਦੇ ਸਨ, ਅਰ ਕਿਸੇ ਤਰ੍ਹਾਂ ਵੀ ਏਹਨਾਂ ਪੇਸ਼ਿਆਂ ਤੇ ਸ਼ੁਗ਼ਲਾਂ ਵਿੱਚ ਕੋਈ ਹਿੱਸਾ ਨ ਲੈਂਦੇ ਸਨ ਇਸ ਮਜ਼ਮੂਨ ਤੇ ਫ਼ਾਰਕਹਰ ਸਾਹਬ ਇਉਂ ਨਜ਼ਰ ਸਾਨੀ ਕਰਦੇ ਹਨ : (M. R. M. p. 170-171) " There is one side of Radha Soami influence which is very curious, their want of touch with modern movements. The gurus discourage study. The members shew no national feeling whatsoever, nor any serious interest in the life of the country. If any member were to accept any public position of any importance, he would be looked down upon. Economic, literary or educational progress is no part of the ideal of the sect. This neglect of public affairs is which takes the place of the old ascetic renunciation." (ਨੋਟ : ਇਸ ਫ਼ਿਰਕੇ ਦੀਆਂ ਵਿਸ਼ੇਸ਼ ਰਸਮਾਂ ਤੇ ਰੀਤੀਆਂ ਲਈ ਦੇਖੋ,ਡਾਕਟਰ ਫ਼ਾਰਕਹਰ ਦੀ ਪੁਸਤਕ(M. R ..., ਪੰਨਾਂ ੧੭੦, ਸਤਰਾਂ ੧੨ ਤੋਂ ੧੮ ਤੀਕ.) ਰਾਧਾ ਸੁਆਮੀਆਂ ਦੀ ਜਨ ਸੰਖਿਆ ਦੇ ਤੇਜ਼ੀ ਵਾਧੇ ਦਾ ਕਾਰਣ ਫ਼ਾਰਕਹਰ ਸਾਹਬ ਉਹੋ ਮੰਨਦੇ ਹਨ ਜੋ ਮੈਂ ਵੀ ਪਿਛਲੇ ਪੰਜਾਹ ਸਾਲਾਂ ਦੇ ਅਰਸੇ ਤੋਂ ਮੰਨ ਰਿਹਾ ਹਾਂ : (M. R. M. p. 171) "The points that attract new members seem to be, first of all, the secrecy of the religious practice of the sect, with the hope connected therewith of gaining supernatural wisdom, enlightenment and power. The living guru believed to be an incarnation of God in the fullest possible sense is a distinct attraction. Within the meanings of the sect there

ਬਾਕੀ ਸਫ਼ਾ ੨੬੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਵੇਦਾਂ ਪੁਰ ਪਿਛਲੇ ਤਿੰਨ ਹਜ਼ਾਰ ਵਰ੍ਹਿਆਂ ਵਿੱਚ, ਕੇਹੜੇ ਪ੍ਰਬੀਣ ਵਿਦੇਸ਼ੀ ਵਿਦ੍ਵਾਨ ਨੇ ਆਪਣੀ ਲੇਖਣੀ ਤੋਂ, ਪਰਮ ਦੁਚਿਰ ਤੇ ਪਰਮ ਸੁਗੰਧਿਤ ਪੁਸ਼ਪਾਂ ਦੀ ਬ੍ਰਿਸ਼ਟਿ ਨਹੀਂ ਕੀਤੀ ? ਕੇਹੜੇ ਸੱਚ ਦੇ ਮੁਤਲਾਸ਼ੀ ਨੇ ਏਹਨਾਂ ਨੂੰ ਸ਼ ਧਾਂਜਲੀ ਭੇਟ ਨਹੀਂ ਕੀਤੀ ? ਯੂਨਾਨੀਆਂ ਨੇ, ਈਰਾਨੀਆਂ ਨੇ, ਏਸ਼ਿਆਈਆਂ ਨੇ, ਯੂਰਪੀਨਾਂ ਨੇ, ਈਸਾਈਆਂ ਨੇ ਤੇ ਮੁਸਲਮਾਣਾਂ ਨੇ ਇੱਕ ਸਮਾਨ ਏਹਨਾਂ ਦੀ ਆਰਤੀ ਕੀਤੀ ਹੈ ! ਮੈਗੈਸਥੀਨੀਜ਼ ਤੋਂ ਲੈਕੇ, ਅਲਬਰੂਨੀ, ਇਬਨ ਬਤੂਤਾ, ਅਬਦੁਰਰੱਜ਼ਾਕ, ਫ਼ਾਰਸਟਰ ਤੇ ਆਰਨੋਲਡ ਟਾਇਨਬੀ ਤਕ, ਸਾਰੇ ਹੀ ਏਹਨਾਂ ਦੇ ਸਾਹਮਣੇ ਸੇਹਰੇ ਲੈ ਲੈ ਕੇ ਖੜੇ ਹਨ ! ਕੋਈ ਵਿਆਸ ਕਰ ਕੇ, ਕੋਈ ਵਸ਼ਿਸ਼ਟ ਕਰਕੇ, ਕੋਈ ਯਾਗਜ ਵਲਕਜ ਕਰ ਕੇ, ਕੋਈ ਗੌਤਮ, ਕਨਾਦ, ਕਪਿਲ, ਤੇ ਪਤੰਜਲੀ ਕਰ ਕੇ, ਕੋਈ ਪਾਣਿਨੀ ਕਰਕੇ, ਕੋਈ ਬੁੱਧ ਤੇ ਸ਼ੰਕਰ ਕਰਕੇ, ਕੋਈ ਸ੍ਰੀ ਗੁਰੂ ਨਾਨਕ ਕਰਕੇ, ਕੋਈ ਸ੍ਰੀ ਗੁਰੂ ਗੋਬਿੰਦ ਸਿੰਘ ਕਰ ਕੇ. ਮੇਰਾ ਵੀ ਉਸ ਕੌਮ ਅੱਗੇ ਸਜਦਾ ਹੈ ਜਿਸ ਵਿੱਚ ਮੇਰੇ ਸਤਿਗੁਰੂ ਨੇ ਜਨਮ ਲਿਆ ਹੈ ! ਮੇਰਾ ਉਹਨਾਂ ਵੇਦਾਂ ਅੱਗੇ ਸਨਿਮ੍ਰ ਸਜਦਾ ਹੈ, ਜਿਨ੍ਹਾਂ ਤੋਂ ਮੇਰੇ ਸਤਿਗੁਰੂ ਦੀ ਵੰਸ਼ ਦਾ 'ਵੇਦੀ' ਨਾਮ ਪਿਆ ਹੈ ! ਸ੍ਰੀ ਗੁਰੂ ਨਾਨਕ ਦੇਵ ਦੀ ਤੇ ਬਾਕੀ ਸਤਿਗੁਰਾਂ ਦੀ ਹਿੰਦੂਆਂ ਤੇ ਵੇਦਾਂ ਦੇ ਸੰਬੰਧ ਵਿੱਚ ਕੀ ਰਾਏ ਸੀ ਉਸ ਦਾ ਵਿਸਥਾਰ ਤਾਂ ਇਸ ਪੁਸਤਕ (ਵੇਦਿਕ ਗੁਰਮਤਿ) ਦੇ ਦੂਜੇ ਭਾਗ ਦਾ ਵਿਸ਼ਾ ਹੀ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਤੋਂ ਬਾਦ, ਅਕਬਰ ਦੇ ਜ਼ਮਾਨੇ ਵਿੱਚ ਅੱਬੁਲ ਫ਼ਜ਼ਲ, ਅਕਬਰ ਦਾ

ਸਫ਼ੇ ੨੬੬ ਦੀ ਬਾਕੀ

is a good deal of freedom. Men of all castes mix freely together, and even on occasions dine together in secret; and there is no strict separation of men & women. There is thus a sort of free happy fellowship within each group of Satsangis, as they call themselves. Finally, membership in the sect does not involve any breach with one's own religion. The fact that a man is a member of the sect is often kept secret. As in Theosophy, you may be a Radha Soami and yet remain a Hindu, a Muhammedan or a Christian. People are taught that all religions are true and that the Radha Soami faith is an extra, fit to be the complement of any religion, and supreme over them all. Membership is thus made quite easy. Yet it is definitely stated outside the Satsang there is no

ਬਾਕੀ ਸਫ਼ਾ ੨੬੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਪ੍ਰਸਿੱਧ ਮਹਾਂ ਵਿਦ੍ਵਾਨ ਵਜ਼ੀਰ, ਹਿੰਦੂਆਂ ਤੇ ਉਹਨਾਂ ਦੇ ਧਰਮ, ਧਾਰਮਿਕ ਵਿਚਾਰਾਂ, ਤੇ ਇਖ਼ਲਾਕ ਦੀ ਬਾਬਤ ਕੀ ਲਿਖਦਾ ਹੈ, ਉਹ ਮੈਂ ਪੂਰੇ ਵਿਸਥਾਰ ਨਾਲ ਪਾਠਕ ਦੀ ਭੇਟ ਕਰਦਾ ਹਾਂ. ਇਹ ਉਸ ਸਮੇਂ ਦੇ ਹਿੰਦੂਆਂ ਦੀ ਕਥਾ ਹੈ ਜਦ ਕਿ ਉਹ ਅਨੇਕਾਂ ਸਦੀਆਂ ਤੋਂ, ਵਿਦੇਸ਼ੀ ਜ਼ੁਲਮਾਂ ਦੇ ਕੁਚਲੇ ਤੇ ਕੁੱਠੇ ਹੋਏ, ਤਾਲੀਮੀ, ਇਖ਼ਲਾਕੀ, ਤੇ ਮਜ਼ਹਬੀ ਅਧੋਗਤੀ ਦੀ ਇਨਤਹਾ ਤਕ ਪਹੁੰਚੇ ਹੋਏ ਸਨ :

(See, Aeen Akbery or Akber's Regulations for the Govt. of Hindustan, by Abul Fazl Allami, translated by Francis Gladwin, Calcutta Sept. 1783, Pages 557-565 (or Vol. 2, Part 3, of the

---

ਸਫ਼ੇ ੨੬੭ ਦੀ ਬਾਕੀ

salvation.". ਰਾਧਾ ਸੁਆਮੀਆਂ ਦੇ ਕਲਪਿਤ ਅਕੀਦਿਆਂ (Hypothetical Beliefs) ਅਨੁਸਾਰ ਜਿਸ ਹਸਤੀ ਨੂੰ ਅੱਸੀਂ ਪਾਰਬ੍ਰਹਮ, ਪਰਮਾਤਮਾ, ਖ਼ੁਦਾ, ਅੱਲਾ, ਓਂਕਾਰ, ਗਾਡ, ਵਾਹਿਗੁਰੂ ਆਦਿਕ ਕਹਿੰਦੇ ਹਾਂ, ਉਸ ਤੋਂ ਉੱਪਰ ਤਿੰਨ ਹਸਤੀਆਂ ਹੋਰ ਹਨ, ਜਿਨ੍ਹਾਂ ਦੇ ਨਾਮ ਅਲੱਖ, ਅਗਮ, ਤੇ ਅਨਾਮੀ ਹਨ. ਅਨਾਮੀ ਸਭ ਤੋਂ ਉੱਚੀ ਹਸਤੀ ਹੈ, ਤੇ ਸੇਠ ਸ਼ਿਵ ਦਿਆਲ ਸਿੰਘ ਸਾਹਬ ਇਸ ਹਸਤੀ ਦੇ ਅਵਤਾਰ ਸਨ, ਜਿਨ੍ਹਾਂ ਨੇ ਆਪਣੇ ਸ਼ਿੱਸ਼ਾਂ (ਰਾਧਾ ਸੁਆਮੀਆਂ) ਨੂੰ ਦਸਿਆ ਹੈ ਕਿ ਰੂਹਾਨੀ ਆਲਮ (Spiritual Universe) ਵਿੱਚ ਪੰਜ ਅਸਥਾਨ, ਪੰਜ ਨਾਮ, ਪੰਜ ਸ਼ਬਦ, ਪੰਜ ਮਾਲਕ, ਤੇ ਪੰਜ ਪ੍ਰਕਾਸ਼ ਹਨ; ਸੋ, ਏਹਨਾਂ ਪੰਜ ਪਾਂਜਿਆਂ ਨੂੰ ਸਾਖਿਆਤ ਕਰਨ ਲਈ ਰਾਧਾ ਸੁਆਮੀ ਸਾਧਕ ਇਉਂ ਅਭਿਆਸ ਕਰੇ : ਉਹ ਪਹਿਲਾਂ ਕਿਸੇ ਕੰਧ ਦੇ ਆਸਰੇ ਪੈਰਾਂ ਭਾਰ (ਸ਼ਉਚ ਆਸਣ) ਬੈਠੇ, ਫਿਰ ਦੋਹਾਂ ਹੱਥਾਂ ਦੇ ਅੰਗੂਠਿਆਂ ਨਾਲ ਦੋਵੇਂ ਕੰਨ ਬੰਦ ਕਰੇ; ਫਿਰ, ਅਗਲੀਆਂ (Next) ਦੋ ਦੋ ਉਂਗਲਾਂ ਨਾਲ ਦੋਵੇਂ ਅੱਖਾਂ ਬੰਦ ਕਰ ਕੇ, ਦੋਹਾਂ ਹੱਥਾਂ ਦੀ ਚੌਥੀ ਉਂਗਲ ਨਾਲ ਨਾਸਾਂ ਨੂੰ ਬੰਦ ਕਰੇ; ਫਿਰ ਚੀਚੀਆਂ ਨਾਲ ਹੋਠਾਂ (ਮੂੰਹ) ਨੂੰ ਬੰਦ ਕਰਨ ਮਗਰੋਂ, ਉਹ ਪਹਿਲਾਂ ਪਹਿਲੇ ਅਸਥਾਨ ਪਰ ਸੁਰਤ ਜਮਾ ਕੇ ਪਹਿਲਾ ਨਾਮ ਤੇ ਪਹਿਲਾ ਸ਼ਬਦ, ਸੱਜੇ ਬੰਦ ਕੰਨ ਵਿੱਚ ਸੁਣੇ (ਕਿਉਂ ਜੋ ਖੱਬੇ ਪਾਸੇ ਕਾਲ ਦੇਸ਼ ਹੈ ਤੇ ਸੱਜੇ ਪਾਸੇ ਦਿਆਲ ਦੇਸ਼ ਹੈ) ਤਥਾ ਸੱਜੀ ਬੰਦ ਅੱਖ ਵਿੱਚ ਪਹਿਲਾ ਮਾਲਕ ਤੇ ਪਹਿਲਾ ਪ੍ਰਕਾਸ਼ ਵੇਖੇ; ਇੱਕੁਰ ਹੀ ਦੂਜੇ ਅਸਥਾਨ ਪਰ ਸੁਰਤ ਜਮਾ ਕੇ ਉਹ ਸੱਜੇ ਬੰਦ ਕੰਨ ਵਿੱਚ ਦੂਜਾ ਨਾਮ ਤੇ ਦੂਜਾ ਸ਼ਬਦ ਸੁਣੇ, ਤਥਾ ਸੱਜੀ ਬੰਦ ਅੱਖ ਵਿੱਚ ਦੂਜਾ ਮਾਲਕ ਤੇ ਦੂਜਾ ਪ੍ਰਕਾਸ਼ ਵੇਖੇ. ਇਸੇ ਪ੍ਰਕਾਰ, ਉਹ ਤੀਜੇ, ਚੌਥੇ, ਤੇ ਪੰਜਵੇਂ ਅਸਥਾਨ ਦੇ ਨਾਮ ਅਰ ਸ਼ਬਦ ਸੁਣੇ, ਤਥਾ ਮਾਲਕ ਤੇ ਪ੍ਰਕਾਸ਼ ਵੇਖੇ ! ਪੰਜਾਂ ਪਾਂਜਿਆਂ ਦਾ ਅਗੇ ਲਿਖੇ ਅਨੁਸਾਰ ਨਕਸ਼ਾ ਹੈ :—

ਬਾਕੀ ਸਫ਼ਾ ੨੬੯ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

original Persian) "Akbar (born 1542, died 1605) reigned from 1556 to 1605. His History has been written with great elegance and precision by his vizier Abul Fazl, down to the 47th year of the reign, at which period that great man was murdered by some banditti on his return from the Deccan, whither he had been deputed by the Emperor upon some weighty business, Abul Fazl's history was published under the title of Akbernameh, to which the Aeen Akbery is a kind of supplement, although in itself a complete work." Translator's Preface.

"Abul Fazl's brother Fizee was the first and, perhaps, the only Sanskrit scholar amongst the Mohammedans."

Jagadis Mukhopadhyaya
B. A. (Editor)

"ਅੱਬੁਲ ਫ਼ਜ਼ਲ ਕਹਿੰਦਾ ਹੈ; ਚਿਰੰਕਾਲ ਤੋਂ ਮੇਰਾ ਜੀ ਕਰਦਾ ਸੀ ਕਿ

ਸਫ਼ੇ ੨੬੮ ਦੀ ਬਾਕੀ

ਪੰਜ ਅਸਥਾਨ	ਪੰਜ ਨਾਮ	ਪੰਜ ਸ਼ਬਦ	ਪੰਜ ਮਾਲਕ	ਪੰਜ ਪ੍ਰਕਾਸ਼
ਸਹਸ ਦਲ ਤ੍ਰਿਕੁਟੀ	ਜੋਤ ਨਿਰੰਜਨ ਓਂਕਾਰ	ਘੰਟਾ-ਸੰਖ ਮ੍ਰਿਦੰਗ-ਬੱਦਲ ਦੀ ਗਰਜ	ਨਿਰੰਜਨ ਪੁਰਖ ਓਮ ਪੁਰਖ	ਦੀਵੇ ਦੀ ਲਾਟ ਵਾਂਗ ਸੁਬਾਹ ਦੇ ਸੂਰਜਦੀਟਿੱਕੀਵਾਂਗ ਪਰਉਸਤੋਂ੧੦੦੦ਗੁਣਾਂਵਧੀਕ
ਦਸਮ ਦੁਆਰ	ਰਰੰਕਾਰ	ਕਿੰਗਰੀ-ਸਾਰੰਗੀ	ਰਰੰ ਪੁਰਖ	ਪੂਰਨਮਾਸ਼ੀ ਦੇ ਚੰਨ ਵਾਂਗ
ਭੰਵਰ ਗੁਫਾ	ਸੋਹੰਗ	ਮੁਰਲੀ-ਬਾਂਸਰੀ	ਸੋਹੰ ਪੁਰਖ	ਜੇਠਦੀਦੁਪਹਿਰਦੇ ਸੂਰਜਵਾਂਗ
ਸੱਚ ਖੰਡ	ਸਤਿਨਾਮ	ਵੀਣਾ	ਸਤਿਪੁਰਖ	ਸਤਿਪੁਰਖਦੇ ਇੱਕਰੋਮ ਵਿੱਚ ਕੋਟ ਸੂਰਜਾਂਦਾ ਪ੍ਰਕਾਸ਼ ਹੈ.

ਸਰਦਾਰ ਸਾਵਣ ਸਿੰਘ ਜੀ (ਬਿਆਸ ਆਚਾਰਜ) ਦੇ ਕਥਨ ਅਨੁਸਾਰ ਪੁਰਾਤਨ (ਅਰਥਾਤ, ਸੇਠ ਸ਼ਿਵ ਦਿਆਲ ਸਿੰਘ ਸਾਹਿਬ ਦਾ) ਮਤ ਏਹੋ ਸੀ ਜਿਸ ਦੀ ਤਸ਼ਰੀਹ ਉੱਪਰ ਕੀਤੀ ਗਈ ਹੈ, ਪਰ ਨਵੀਨ ਮਤ(ਜੋ ਰਾਏ ਸਾਲਿਗ ਰਾਮਤੋਂ ਅਰੰਭ ਹੋਇਆ, ਅਰ ਜਿਸਦੀ ਬਾਬਤ ਮੈਨੂੰ (ਲੇਖਕਨੂੰ) ਸਰ ਅਨੰਦ ਸਰੂਪ ਤੋਂ ਪਤਾ ਲੱਗਾ, ਉਸ ਦੇ) ਅਨੁਸਾਰ ਸੱਚ ਖੰਡ ਤੋਂ ਉੱਪਰ ਅਲਖ, ਅਗਮ, ਤੇ ਅਨਾਮੀ, ਤਿੰਨ ਧਾਮ ਹੋਰ ਵੀ ਹਨ, ਅਰ ਸੱਚ ਖੰਡਤੋਂ ਉੱਪਰ ਚੜ੍ਹਦਿਆਂ ਹੀ ਰਾ-ਧਾ-ਸੋ-ਆ-ਮੀ ਸ਼ਬਦ ਦੀ ਘਨਘੋਰ ਸੱਜੇ (ਬੰਦ) ਕੰਨ ਵਿੱਚ ਸੁਣਾਈ ਦੇਣੀ ਸ਼ੁਰੂ ਹੋ ਜਾਂਦੀ ਹੈ. ਸਰ ਅਨੰਦ ਸਰੂਪ ਨੇ ਆਮ ਜਲਸੇ ਵਿੱਚ (ਅੰਮ੍ਰਿਤਸਰ ਤੇ ਲਹੌਰ) ਵਿਆਖਿਆ ਕਰ ਕੇ ਇਹ ਵੀ ਦਸਿਆ ਕਿ "ਰਾ-ਧਾ-ਸੋ-ਆ-ਮੀ ਸ਼ਬਦ ਹੀ 'ਅਨਹਦ' ਹੈ, ਤੇ ਇਹ ਕਲਾਕ ਦੇ ਪੈਂਡਿਊਲਮ (Pendulum) ਵਾਂਗ, ਨਿਰੰਤਰ, ਪੰਜ ਮਨਜ਼ਿਲਾਂ (ਅਰਥਾਤ, ਉੱਚ, ਮੱਧ, ਨਿਮਨ, ਮੱਧ, ਉਚ) ਤਹਿ ਕਰਦਾ ਹੋਇਆ, ਅਪਾਰ ਰੂਹਾਨੀ

ਬਾਕੀ ਸਫ਼ਾ ੨੭੦ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਮੈਂ ਹਿੰਦੁਸਤਾਨ ਦੀ ਤਵਾਰੀਖ ਬਾਰੇ ਤੇ ਹਿੰਦੂਆਂ ਦੇ ਧਾਰਮਿਕ ਖ਼ਿਆਲਾਂ ਬਾਰੇ ਕੁੱਝ ਲਿੱਖਾਂ. ਪਤਾ ਨਹੀਂ ਕਿ ਮੇਰੀ ਇਹ ਲਾਲਸਾ ਮੈਨੂੰ ਆਪਣੇ ਵਤਨ (ਸਿੰਧ) ਦੀ ਮਹੱਬਤ ਦੇ ਕਾਰਣ ਸੀ ਅਥਵਾ ਸੱਚ ਦੀ ਤਲਾਸ਼ ਵਜੋਂ; ਪਰ ਮੈਨੂੰ ਇਹ ਤੀਬ੍ਰ ਪ੍ਰੇਰਨਾ ਹੋ ਰਹੀ ਸੀ.

ਇਸ ਤੋਂ ਪਹਿਲਾਂ ਮੈਂ ਇਸ ਵਿਸ਼ੇ ਤੇ ਕੁੱਝ ਬੋਧ ਪ੍ਰਾਪਤ ਕਰ ਚੁਕਾ ਸੀ, ਪਰ ਇਹ ਮਹਸੂਸ ਕਰਕੇ ਕਿ ਉਹ ਯਥੋਚਿਤ ਨ ਸੀ, ਮੈਂ ਫਿਰ ਹੋਰ ਵਧੀਕ ਲਾਇਕ ਤੇ ਸਿਆਣੇ ਮਨੁੱਖਾਂ ਪਾਸੋਂ ਇਸ ਵਿਸ਼ੇ ਤੇ ਹਿਦਾਇਤ ਹਾਸਿਲ ਕੀਤੀ, ਤੇ ਆਪਣੇ ਪਹਿਲੇ ਮੁਤਾਲਿਆ ਨੂੰ ਮੁੜ ਤਾਜ਼ਾ ਕੀਤਾ. ਮੈਂ

ਸਫ਼ੇ ੨੬੯ ਦੀ ਬਾਕੀ

ਆਲਮ ਵਿੱਚ, ਲਾ ਇਨਤਹਾ ਅਬਦ ਤੋਂ ਲਗਾਤਾਰ ਵੱਜ ਰਿਹਾ ਹੈ; ਤੇ ਰੂਹਾਨੀ ਮੰਡਲਾਂ ਵਿੱਚ ਕੇਵਲ ਏਹੋ ਸ਼ਬਦ ਵਰਣਾਤਮਕ (Consisting of distinct articulate sounds, syllables, words etc.) ਹੈ, ਬਾਕੀ ਸਭ ਧੁਨਜਾਤਮਕ (Inarticulate sounds) ਹਨ."

ਹੁਣ, ਪਾਠਕ ਪ੍ਰਤੀ ਵਿਦਿਤ ਹੋਵੇ ਕਿ ਜਿਸ ਤਰ੍ਹਾਂ ਕਿਸੇ ਮਨਮੌਜੀ ਮਨੁੱਖ ਦੀ ਨਵੀਨ ਸਜੀ ਹੋਈ ਦੁਕਾਨ ਵਿੱਚ ਬਿਜਲੀ ਪੈਦਾ ਕਰਨ ਵਾਲੇ ਆਲਿਆਂ (Electric Generators) ਦੇ ਭਿੰਨ ਭਿੰਨ, ਟੁੱਟੇ ਭੱਜੇ, ਪੁਰਾਣੇ ਪੁਰਜ਼ੇ ਪਏ ਹੋਵਨ, ਅਰ ਜਿਸ ਤਰ੍ਹਾਂ ਹਰ ਇੱਕ ਪੁਰਜ਼ੇ ਪਰ ਕੋਈ ਪੂਰਾ ਯਾ ਅਧੂਰਾ, ਸਹੀ ਯਾ ਗ਼ਲਤ, ਨਾਮ ਲਿੱਖ ਕੇ, ਮਨ-ਮੌਜੀ ਦੁਕਾਨਦਾਰ, ਏਹਨਾਂ ਪੁਰਜ਼ਿਆਂ ਵਿੱਚੋਂ ਕੁੱਝਕ ਨੂੰ, ਅਟਕਲ ਪੱਚੂ ਇਕੱਠਾ ਕਰਕੇ, ਰੱਸੀ ਨਾਲ ਕੱਸ ਕੇ ਬੰਨ੍ਹ ਦੇਵੇ, ਤੇ ਫਿਰ ਇਸ ਸਾਰੇ ਕਲੇਵਰ ਪਰ ਕੋਈ ਖ਼ੁਸ਼ਨੁਮਾ ਰੋਗ਼ਨ ਕਰਕੇ ਇਸ ਦੇ ਇੱਕ ਪਾਸੇ ਕੋਈ ਘੁੰਮਣ ਵਾਲੀ ਦਸਤੀ (Handle) ਲਗਾ ਦੇਵੇ, ਤੇ ਦੂਜੇ ਪਾਸੇ ਦੋ ਤਾਰਾਂ ਨਾਲ ਇੱਕ ਬਿਜਲੀ ਦਾ ਲੈਂਪ ਜੋੜ ਦੇਵੇ, ਤੇ ਫਿਰ ਭੋਲੇ ਗਾਹਕ ਨੂੰ ਕਹੇ ਕਿ ਇਸ ਦਸਤੀ ਨੂੰ ਜੇ 'ਯੁਕਤ ਵਿੱਧੀ ਪੂਰਬਕ' 'ਲੁੜੀਂਦੀ ਤਾਕਤ' ਨਾਲ ਘੁਮਾਇਆ ਜਾਏ ਤਾਂ ਲੈਂਪ ਵਿੱਚ ਰੋਸ਼ਨੀ ਆ ਜਾਵੇਗੀ, ਅਰ ਜਿੰਨਾ 'ਤੇਜ਼' ਤੇ ਜਿੰਨਾ 'ਯੁਕਤ ਬਿਧੀ ਪੂਰਬਕ' ਦਸਤੀ ਨੂੰ ਘੁਮਾਇਆ ਜਾਗਾ, ਉਂਨੀ ਹੀ ਤੇਜ਼ ਤੇ ਇੱਕ ਰਸ, ਅਖੰਡ, ਰੋਸ਼ਨੀ ਪੈਦਾ ਹੋਵੇਗੀ; ਬਸ, ਇਸੇ ਤਰ੍ਹਾਂ ਰਾਧਾ ਸੁਆਮੀਆਂ ਦਾ ਸੰਪੂਰਨ ਕਲਪਣਾ ਤੰਤ੍ਰ ਹੈ : ਕੁੱਝ ਯੋਗਿਕ ਗ੍ਰੰਥਾਂ ਦੀਆਂ ਸ਼ੁੱਧ ਯਾ ਵਿਕ੍ਰਿਤ ਪਰਿਭਾਸ਼ਾਵਾਂ (Terms, ਇਸਤ-ਲਾਹਾਂ), ਕੁੱਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਲਫ਼ਜ਼ ਤੇ ਮੁਹਾਵਰੇ, ਅਰ ਕੁੱਝ ਕਬੀਰ, ਤੁਲਸੀ, ਪ੍ਰਲਟੂ, ਗਰੀਬ ਦਾਸ ਆਦਿਕ ਦੇ ਖ਼ਿਆਲ—ਗਦਜ ਪਦਜ ਰਸ ਵਿਹੀਨ ਸਾਹਿਤਜ

ਬਾਕੀ ਸਫ਼ਾ ੨੭੧ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਚੂੰਕਿ ਹਿੰਦੂ ਗ੍ਰੰਥਾਂ ਦੀਆਂ ਪਰੀਭਾਸ਼ਾਵਾਂ ਨੂੰ ਬਿਲਕੁਲ ਨ ਸਮਝਦਾ ਸਾਂ ਤੇ ਨਾਂ ਹੀ ਕੋਈ ਯਥੋਚਿਤ ਲਾਇਕ ਉਸਤਾਦ ਉਹਨਾਂ ਨੂੰ ਸਮਝਾਣ ਵਾਲਾ ਮਿਲਦਾ ਸੀ, ਇਸ ਲਈ ਮੇਰੀ ਖੋਜ ਦੀ ਤਮੱਨਾ ਮੇਰੇ ਲਈ ਅਤਿ ਦੁਖਦਾਈ ਹੋ ਗਈ, ਵਿਸ਼ੇਸ਼ ਕਰਕੇ ਇਸ ਲਈ ਕਿ ਮੈਂ ਉਹੋ ਰੱਲਾਂ ਬਾਰ ਬਾਰ ਪੁਛਦਾ ਸਾਂ. ਆਖ਼ਿਰ ਪਰਮਾਤਮਾ ਦੇ ਭਾਣੇ ਅੰਦਰ, ਬੇ ਅੰਦਾਜ਼ ਮੇਹਨਤ ਨੇ ਮੇਰੀ ਖ਼ਾਹਿਸ਼ ਪੂਰਨ ਕੀਤੀ, ਤੇ ਮੈਨੂੰ ਆਪਣੀ ਅਭਿਲਾਸ਼ਿਤ ਵਸਤੂ ਪ੍ਰਾਪਤ ਹੋਈ.

ਮੈਨੂੰ ਇਸ ਹਕੀਕਤ ਦਾ ਪੂਰਨ ਪ੍ਰਕਾਸ਼ ਹੋ ਗਿਆ ਕਿ ਹਿੰਦੂਆਂ ਦੀ ਬਾਬਤ ਜੋ ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਉਹ ਇਕ ਪਰਮਾਤਮਾ

ਸਫ਼ੇ ੨੭੦ ਦੀ ਬਾਕੀ

ਦੁਆਰਾ ਗੁੰਥਿਤ ! ਜਿੱਕੁਰ, ਨ ਤਾਂ ਕਦੇ 'ਯੁਕਤ ਬਿਧੀ ਪੂਰਬਕ' 'ਲੁੜੀਂਦੀ ਤਾਕਤ' ਨਾਲ ਦਸਤੀ ਨੂੰ ਘੁਮਾਇਆ ਜਾ ਸਕੇ ਤੇ ਨਾਂ ਹੀ ਕਦੇ ਲੈਂਪ ਵਿੱਚ ਰੋਸ਼ਨੀ ਆਵੇ, ਇੱਕੁਰ ਹੀ ਨ ਤਾਂ ਕੋਈ 'ਚੇਲਾ' 'ਯਥੋਚਿਤ ਬਿਧੀ ਪੂਰਬਕ' ਕਦੇ ਸੁਰਤ ਨੂੰ ਜਮਾ ਸਕੇ, ਤੇ ਨਾਂ ਹੀ ਕਦੇ 'ਚੇਲੇ' ਨੂੰ ਦਮਾਗ਼ੀ ਸ਼ਬਦਾਂ ਤੇ ਪ੍ਰਕਾਸ਼ਾਂ ਦਾ ਸਾਖਿਆਤ ਕਾਰ ਹੋਵੇ ! ਪਰ ਜੇ ਫ਼ਰਜ਼ ਕਰੋ ਕਿਸੇ ਮਨੁੱਖ ਨੂੰ ਏਹਨਾਂ ਸ਼ਬਦਾਂ ਤੇ ਪ੍ਰਕਾਸ਼ਾਂ ਦਾ ਸਾਖਿਆਤਕਾਰ ਹੋ ਵੀ ਜਾਏ, ਤਾਂ ਕੀ ਹੋਇਆ ? ਏਹਨਾਂ ਦਾ ਰੂਹਾਨੀਅਤ ਨਾਲ ਮੁਤਲਿਕ ਕੋਈ ਸੰਬੰਧ ਨਹੀਂ ! ਦਮਾਗ਼ੀ ਸ਼ਬਦਾਂ ਨੂੰ ਵਰਤਮਾਨ ਮੈਡੀਕਲ ਸਾਇੰਸ ਨੇ ਕੰਨ ਦਾ ਇੱਕ ਵਿਸ਼ੇਸ਼ ਰੋਗ ਮੰਨਿਆ ਹੈ, ਜਿਸ ਦਾ ਨਾਮ ਟਿਨ-ਨਾਈ-ਟਸ ਅਰੀਅਮ (Tinnitus Aurium) ਹੈ. ਖੋਜੀ ਪਾਠਕ Green's Encyclopaedia of Medicine & Surgery ਵਿੱਚ Tinnitus Aurium ਦਾ ਲੰਮਾ ਲੇਖ ਪੜ੍ਹਨ, ਤੇ ਪੜ੍ਹਨ ਮਗਰੋਂ ਆਪ ਹੀ ਨਿਰਨਾ ਕਰਨ ਕਿ ਇਹ ਆਵਾਜ਼ਾਂ ਸਾਇੰਸ ਦਾਨਾਂ ਦੇ ਕਥਨ ਅਨੁਸਾਰ ਕਿਸੇ ਸ਼ਾਰੀਰਿਕ ਰੋਗ ਦਾ ਪਰਿਣਾਮ ਹਨ ਕਿ ਰੂਹਾਨੀ ਉੱਨਤੀ ਦੀ ਨਿਸ਼ਾਨੀ ਹਨ ! ਇੱਕੁਰ ਹੀ ਜਿਨ੍ਹਾਂ ਰੋਸ਼ਨੀਆਂ ਨੂੰ ਰਾਧਾ ਸੁਆਮੀਆਂ ਨੇ ਰੂਹਾਨੀ ਪ੍ਰਕਾਸ਼ ਮੰਨਿਆ ਹੈ ਉਹਨਾਂ ਨੂੰ ਵਰਤਮਾਨ ਮੈਡੀਕਲ ਸਾਇੰਸ ਨੇ ਸੂਖਮ-ਨੇਤ੍ਰ-ਸ਼ਿਰਾ-ਤੰਤੂਆਂ (Optic Nerve Fibres) ਦੇ ਚਮਤਕਾਰ ਦਸਿਆ ਹੈ, ਜੋ ਅੱਖ ਦੇ ਖ਼ਾਸ ਖ਼ਾਸ ਹਿਸਿਆਂ ਪਰ ਦਬਾਓ ਪੈਣ ਨਾਲ ਪ੍ਰਗਟ ਹੁੰਦੇ ਹਨ. ਏਹਨਾਂ ਦੇ ਪੂਰੇ ਪੂਰੇ ਵਿਵਰਣਾਂ (Explanations) ਲਈ ਪਾਠਕ Text-Book of Ophthalmology (by Sir W. Stewart Duke-Elder, Vol. I, Second Impression. 1938 pp. 861-862.) ਵਿੱਚ 'Phosphene', 'Movement Phosphene', ਤਥਾ 'Pressure Phosphene' ਸਿਰ ਲੇਖ ਵੇਖੋ. ਜੇ ਇਹ ਵਿਸ਼ੇਸ਼ ਪੁਸਤਕਾਂ ਨ ਮਿਲ ਸਕਨ ਤਾਂ ਪਾਠਕ ਇਸੇ ਵਿਸ਼ੇ ਦੀਆਂ ਹੋਰ ਪ੍ਰਸਿੱਧ ਵਡੀਆਂ

ਬਾਕੀ ਸਫ਼ਾ ੨੭੨ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਦੇ ਪੁਜਾਰੀ (Monotheists) ਨਹੀਂ ਹਨ, ਬਲਕਿ ਅਨੇਕਾਂ ਹੀ ਦੇਵਤਿਆਂ ਨੂੰ ਪੂਜਦੇ ਹਨ, ਇਸ ਕਥਨ ਦੀ ਬੁਨਿਆਦ ਸੱਚ ਤੇ ਕਾਇਮ ਨਹੀਂ ਕੀਤੀ ਗਈ, ਕਿਉਂ ਜੋ, ਭਾਵੇਂ ਹਿੰਦੂਆਂ ਦੇ ਕੁੱਝਕ ਸਿੱਧਾਂਤ ਨਿਰਸੰਦੇਹ ਐਸੇ ਵੀ ਹਨ ਜਿਨ੍ਹਾਂ ਕਰਕੇ ਉਹਨਾਂ ਨੂੰ ਅਨੇਕ-ਪੂਸਤੀ (Polytheism) ਦੇ ਕਲੰਕ ਤੋਂ ਬਚਾਣਾ ਮੁਸ਼ਕਿਲ ਹੈ ਤਾਂ ਵੀ ਨਿਰਸੰਦੇਹ ਹਿੰਦੂ ਕੇਵਲ ਇੱਕੋ ਪਰਮਾਤਮਾ ਦੇ ਪੁਜਾਰੀ ਹਨ. ਹਾਂ ਜੀ, ਕੇਵਲ ਇੱਕ ਪਰਮਾਤਮਾ ਦੇ, ਇਹ ਇੱਕ ਐਸਾ ਨੁਕਤਾ ਹੈ ਜਿਸਦਾ ਖੰਡਨ ਕਰਨਾ ਸਰਵਥਾ ਅਸੰਭਵ ਹੈ. ਇਸ ਦਾਵੇ ਨੂੰ, ਜੋ ਕਿ ਮੈਂ ਹੁਣੇ ਕੀਤਾ ਹੈ, ਸਾਬਤ ਕਰਨ ਲਈ, ਮੈਂ ਇਸ ਅਤਯੰਤ ਵੱਡੀ ਕੌਮ (ਕਸੀਰੁਲਤਾਦਾਦ ਹਜੂਮ) ਦੇ ਅਨੇਕਾਂ ਅਕੀਦਿਆਂ ਤੇ ਉਹਨਾਂ ਦੇ ਰਸਮੋ-ਰਿਵਾਜ

ਸਫ਼ੇ ੨੭੧ ਦੀ ਬਾਕੀ

ਮੈਡੀਕਲ ਕਿਤਾਬਾਂ ਵਿੱਚੋਂ (ਤਤਕਰਿਆਂ ਦੁਆਰਾ) ਉਪ੍ਰੋਕਤ ਨਾਮਾਂ ਦੇ ਲੇਖ ਲੱਭਨ ਤੇ ਪੜ੍ਹਨ. ਪਰ, ਰਾਧਾ ਸੁਆਮੀਆਂ ਦਾ ਦਾਵਾ ਹੈ ਕਿ ਸੇਠ ਸ਼ਿਵ ਦਿਆਲ ਸਿੰਘ ਸਾਹਬ ਪਰਮ ਪੁਰਖ ਪੂਰਨ ਧਨੀ ਪਾਰ ਬ੍ਰਹਮ ਦਾ ਸਰਬ ਕਲਾ ਸੰਪੂਰਨ ਅਵਤਾਰ ਸਨ ! (ਦੇਖੋ, ਅੰਗ੍ਰੇਜ਼ੀ ਪੁਸਤਕ 'ਰਾਧਾ ਸੋਆਮੀ ਮਤ ਪ੍ਰਕਾਸ਼', ਕ੍ਰਿਤ ਰ. ਬ. ਸਾਲਿਗਰਾਮ, ਪੰ : ੧.) ਸੋ ਇਸ ਦੇ ਵਿਰੁੱਧ ਵੱਡੀ ਦਲੀਲ ਇਹ ਹੈ ਕਿ ਜਿਸ ਹਸਤੀ ਨੂੰ ਵੇਦਾਂ ਤੇ ਪੁਰਾਨਾਂ ਨੇ, ਸਿਮ੍ਰਤੀਆਂ ਤੇ ਸ਼ਾਸਤ੍ਰਾਂ ਨੇ; ਸਾਡੇ ਸਤਿਗੁਰਾਂ ਤੇ ਭਗਤਾਂ ਨੇ; ਸੁਕ੍ਰਾਤ, ਅਫ਼ਲਾਤੂਨ ਤੇ ਅਰੱਸਤੂ ਨੇ; ਮੂਸਾ, ਈਸਾ, ਤੇ ਮਹੱਮਦ ਨੇ, ਪਾਰਬ੍ਰਹਮ ਮੰਨਿਆ ਹੈ—ਉਹ ਅਜਨਮਾ ਹੈ, ਤੇ ਸਰਬ ਵਿਆਪੀ ਹੈ, ਅਰ ਕੋਟਾਨ ਕੋਟ ਹੋਰ ਵਿਸ਼ੇਸ਼ਣਾਂ ਦੀ ਨਿਧੀ ਹੈ. ਇਸ ਲਈ ਉਹ ਜੂਨ ਵਿੱਚ ਨਹੀਂ ਆ ਸਕਦੀ ! ਪਰ, ਜੇ ਉਹ ਸੇਠ ਸਾਹਬ ਦੇ ਸ਼ਰੀਰ ਵਿੱਚ ਅਵਤੀਰਣ ਹੋ ਕੇ ਆ ਵੀ ਗਈ ਸੀ ਤਾਂ ਉਸ ਨੇ ਕੀ ਵਿਸ਼ੇਸ਼ ਕਾਰਜ ਸਾਧੇ ਜੋ ਉਸ ਦੇ ਘੱਲੇ ਹੋਏ ਮਹਾਂ ਪੁਰਖ ਨਹੀਂ ਸਾਧ ਸਕੇ ! ਫਿਰ, ਇਹ 'ਪਾਰ ਬ੍ਰਹਮ ਸ੍ਰੀ ਪਰਮਾਤਮਾ ਜੀ' ਇਸ ਦੁਨੀਆਂ ਵਿੱਚ ਸੱਠ ਵੱਰ੍ਹੇ (ਸਨ ੧੮੧੮ ਤੋਂ ੧੮੭੮ ਤਕ) ਜਿਉਂਦੇ ਰਹੇ, ਪਰਸਿਵਾਏ ਉਹਨਾਂ ਦੇ ਆਪਣੇ ਹੀ ਇੱਕ ਮੁਖੀ ਸ਼ਿਸ਼ (ਰ. ਬ. ਸਾਲਿਗਰਾਮ) ਦੇ ਹੋਰ ਕਿਸੇ ਵੀ ਸਮਕਾਲੀ 'ਦੇਸੀ' ਯਾ 'ਵਿਦੇਸ਼ੀ' ਵਿਦਵਾਨ ਨੇ ਉਹਨਾਂ ਦੀ ਬਾਬਤ ਕੁੱਝ ਨਹੀਂ ਲਿਖਿਆ. ਸੁਆਮੀ ਦਯਾਨੰਦ, ਵਿਵੇਕਾਨੰਦ, ਮੈਕਸ ਮਿਊਲਰ, ਸਰ ਮਾਨੀਅਰ ਵਿਲੀਅਮਜ਼ ਆਦਿਕ ਉਹਨਾਂ ਦੇ ਸਮਕਾਲੀ ਸਨ. ਮੈਕਸ ਮਿਊਲਰ ਹਾਲਾਂ ਕਿ ਭਾਰਤ ਵਿੱਚ ਨਹੀਂ ਆਇਆ ਤਾਂ ਵੀ ਉਸ ਨੇ ਵਿਵੇਕਾਨੰਦ ਦੇ ਗੁਰੂ, ਪਰਮ ਹੰਸ ਰਾਮ ਕ੍ਰਿਸ਼ਨ, ਦੀ ਐਨੀ ਸ਼ੁਹਰਤ ਸੁਣੀ ਕਿ 'ਪਰਮ ਹੰਸ ਰਾਮ ਕ੍ਰਿਸ਼ਨ ਦਾ ਜੀਵਨ ਚਰਿਤ੍ਰ ਤੇ ਉਸ ਦੇ ਕਥਨ' ਨਾਮਕ ਪੁਸਤਕ ਪ੍ਰਕਾਸ਼ਿਤ ਕਰ ਦਿੱਤੀ. ਪਰ ਸੇਠ ਸਾਹਿਬ ਦਾ ਕਿਸੇ ਨੇ ਜ਼ਿਕਰ ਤਕ ਵੀ ਨਹੀਂ ਕੀਤਾ. ਫਿਰ, ਪਰਮ ਹੰਸ ਰਾਮ ਕ੍ਰਿਸ਼ਨ ਅਨੇਕਾਂ ਹੀ

ਬਾਕੀ ਸਫ਼ਾ ੨੭੩ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਤਥਾ ਉਹਨਾਂ ਦੀਆਂ ਰਹੁ ਰੀਤੀਆਂ ਦਾ ਵਰਣਨ ਕਰਾਂਗਾ, ਤਾਂ ਜੋ ਲੋੜ ਅਨੁਸਾਰ ਜ਼ਰੂਰੀ ਸਬੂਤ ਉਹਨਾਂ ਤੋਂ ਇਕੱਠੇ ਹੀ ਮਿਲ ਜਾਵਨ, ਤੇ ਇਸ ਪ੍ਰਕਾਰ ਲੋਕਾਂ ਦੀਆਂ ਪ੍ਰਸਪਰ ਅਦਾਵਤਾਂ ਤੇ ਦੁਸ਼ਮਨੀਆਂ ਘਟ ਹੋ ਸਕਨ.

ਦੁਨੀਆਂ ਵਿੱਚ ਭਾਵੇਂ ਕਦੇ ਵੀ ਦਾਨਿਸ਼ਮੰਦ, ਈਮਾਨ ਦਾਰ ਤੇ ਨੇਕ ਬੰਦਿਆਂ ਦੀ ਥੁੜ ਨਹੀਂ ਰਹੀ, ਤਾਂ ਵੀ ਹੇਠ ਲਿਖੇ ਕਾਰਣਾਂ ਕਰਕੇ ਇਸ (ਹਿੰਦੂ) ਧਰਮ ਦੇ ਸੰਬੰਧ ਵਿੱਚ ਹਮੇਸ਼ਾਂ ਹੀ ਗ਼ਲਤ ਫ਼ੈਹਮੀਆਂ ਰਹੀਆਂ

✓ ਸਫ਼ੇ ੨੭੨ ਦੀ ਬਾਕੀ

ਅਸਾਧਾਰਣ ਦਿੱਬ ਸ਼ਕਤੀਆਂ ਦਾ ਧਨੀ ਸੀ, ਪਰ ਉਸ ਨੇ ਰੱਬੀ ਦਾਵਾ ਨਹੀਂ ਕੀਤਾ. ਰੋਮੇਨ ਰੋਲੈਂਡ ਨੇ ਉਸ ਨੂੰ 'ਮਸੀਹ ਦਾ ਭਾਈ' ਤਕ ਵੀ ਕਿਹਾ. ਸੁਆਮੀ ਦਯਾਨੰਦ ਜੀ ਸੇਠ ਸਾਹਿਬ ਦੇ ਨੇੜੇ ਹੀ ਮਥਰਾ ਵਿੱਚ ਢਾਈ ਸਾਲ (ਸਨ ੧੮੬੦ ਤੋਂ ਮਈ ੧੮੬੩ ਤਕ) ਆਪਣੇ ਗੁਰੂ ਵਿਰਜਾ ਨੰਦ ਪਾਸ ਰਹੇ ਪਰ ਉਹ 'ਪਰਮਾਤਮਾ ਜੀ' ਨੂੰ ਮਿਲਣ ਲਈ ਆਗਰੇ ਨਹੀਂ ਆਏ. ਫਿਰ ਸੁਆਮੀ ਜੀ ਨੇ ਆਗਰੇ ਵੀ ਜਮਨਾ ਦੇ ਕਿਨਾਰੇ ਦੋ ਸਾਲ (ਸਨ ੧੮੬੫ ਤੇ ੧੮੬੬) ਬਿਤਾਏ, ਪਰ ਉੱਥੇ ਰਹਿੰਦਿਆਂ ਹੋਇਆਂ ਵੀ ਕਿਸੇ ਨੇ ਉਹਨਾਂ ਨੂੰ ਸੇਠ ਸਾਹਿਬ ਦੀ ਬਾਬਤ ਕੁੱਝ ਨਹੀਂ ਦਸਿਆ, ਹਾਲਾਂ ਕਿ ਉੱਥੇ ਸੁਆਮੀ ਜੀ ਦੇ ਮੁਖੀ ਸਤਸੰਗੀਆਂ ਵਿੱਚੋਂ ਪੰਡਿਤ ਸੁੰਦਰ ਲਾਲ ਜੀ ਸਨ, "ਜੋ ਪਸ਼ਚਮੋਤੱਰ ਪ੍ਰਦੇਸ਼ ਦੀ ਗਵਰਨਮੈਂਟ ਦੇ ਅਧੀਨ ਡਾਕ ਵਿਭਾਗ ਦੇ ਉੱਚਤਰ ਪਦ ਪਰ ਨਿਯੁਕਤ ਸਨ," (ਦੇਖੋ, ਦੇਵੇਂਦ੍ਰਨਾਥ ਮੁਖੋਪਾਧਿਆਇ ਕ੍ਰਿਤ ਸੁਵਾਮੀ ਜੀ ਦੇ ਬੰਗਲਾ ਜੀਵਨ ਚਰਿਤ੍ਰ ਦਾ ਘਾਸੀ ਰਾਮ ਕ੍ਰਿਤ ਹਿੰਦੀ ਅਨੁਵਾਦ, ਪੰ: ੧੩੫, ਫੁਟ ਨੋਟ), ਜਿਸ ਵਿਭਾਗ ਵਿੱਚ ਜਿੱਥੇ ਰਾਏ ਬਹਾਦਰ ਸਾਲਿਗ ਰਾਮ ਜੀ ਵੀ ਸਨ ਜੋ ਸੇਠ ਸਾਹਿਬ ਦੇ ਮੁਖੀ ਸ਼ਿਸ਼ ਸਨ. ਸੁਆਮੀ ਦਯਾਨੰਦ ਨੇ ਖ਼ੁਦਾਈ ਦਾਵਾ ਨਹੀਂ ਕੀਤਾ ਪਰ ਉਹਨਾਂ ਦੇ ਸਮਕਾਲੀ ਵਿਦ੍ਵਾਨ ਯੂਰਪ ਤੇ ਅਮ੍ਰੀਕਾ ਵਿੱਚ ਵੀ ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕੇ. ਮੈਕਸਮਿਊਲਰ, ਸਰ ਮਾਨੀਅਰ ਵਿਲੀਅਮਜ਼, ਮੈਡਮ ਬਲਵੈਟਸਕੀ, ਕਰਨਲ ਆਲਕਾਟ ਆਦਿਕ ਸਭ ਨੇ ਉਹਨਾਂ ਦੀ ਪ੍ਰਸ਼ੰਸਾ ਕੀਤੀ. ਉਸ ਸਮੇਂ ਦੇ ਅੰਗ੍ਰੇਜ਼ੀ ਅਖਬਾਰਾਂ ਨੇ ਉਹਨਾਂ ਦੀਆਂ ਤਕਰੀਰਾਂ ਤੇ ਬਹਿਸਾਂ ਦੇ ਵਿਸਤ੍ਰਿਤ ਸਮਾਚਾਰ ਪ੍ਰਕਾਸ਼ਿਤ ਕੀਤੇ, ਪਰ ਮੈਂ ਸੇਠ ਸਾਹਿਬ ਦੀ ਬਾਬਤ ਕਿਧਰੇ ਕੁੱਝ ਵੀ ਨਹੀਂ ਪੜ੍ਹਿਆ. ਫਿਰ, ਸਨ ੧੮੫੭ ਵਿੱਚ 'ਗ਼ਦਰ' ਦੇ ਉਪਦ੍ਰਵ ਉੱਤਰ ਪ੍ਰਦੇਸ਼ ਵਿੱਚ ਹੋਏ, ਤਾਂ ਵੀ 'ਪਾਰ ਬ੍ਰਹਮ ਪਰਮਾਤਮਾ ਪੂਰਨ ਧਨੀ' ਜੀ ਨੇ ਆਗਰੇ ਵਿੱਚ ਹੁੰਦਿਆਂ ਵੀ ਦੁਖੀ ਭਾਰਤੀਆਂ ਦੀ ਕੋਈ ਸਹਾਇਤਾ ਨਹੀਂ ਕੀਤੀ! ਸੇਠ ਸਾਹਿਬ ਦੇ ਮੁਕਾਬਲੇ ਵਿੱਚ ਸੁਆਮੀ ਦਯਾਨੰਦ ਜੀ ਸਰਸਵਤੀ ਦੀ ਸ਼ਖ਼ਸੀਅਤ ਕਿਸ ਬੇ ਓੜਕ ਹਦ ਤਕ ਪ੍ਰਸਿੱਧ ਸੀ, ਉਸ ਦਾ ਅੰਦਾਜ਼ਾ ਹੇਠ ਲਿਖੇ ਹਵਾਲੇ ਤੋਂ ਲਾਇਆ ਜਾ ਸਕਦਾ ਹੈ, ਜੋ ਇੱਕ ਕੱਟਰ ਵਿਦੇਸ਼ੀ ਈਸਾਈ ਪਾਦਰੀ ਦੀ ਕਲਮ ਤੋਂ ਹੈ :—

ਬਾਕੀ ਸਫ਼ਾ ੨੭੪ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਹਨ ਤੇ ਸਿਆਣਿਆਂ ਦਾ ਪ੍ਰਸਪਰ ਮਤਭੇਦ ਰਿਹਾ ਹੈ: (ੳ) ਹਿੰਦੂਆਂ ਦੀ ਬੋਲੀ ਦੂਜਿਆਂ ਤੋਂ ਮੁਖ਼ਤਲਿਫ਼ ਹੋਣ ਕਰਕੇ ਦੂਜੇ ਮੁਲਕਾਂ ਦੇ ਲੋਕ ਇਹਨਾਂ ਨੂੰ ਭਲੀ ਭਾਂਤਿ ਸਮਝ ਨਹੀਂ ਸਕੇ ਤੇ ਇਸ ਪ੍ਰਸਪਰ ਨਾਵਾਕਫ਼ੀ ਦੇ ਕਾਰਣ ਅਨੇਕਾਂ ਹੀ ਝਗੜੇ ਤੇ ਫ਼ਸਾਦ ਬਰਪਾ ਹੁੰਦੇ ਹਨੇ; (ਅ) ਹੋਰ ਮੁਲਕਾਂ ਤੋਂ ਦੂਰ ਹੋਣ ਦੇ ਕਾਰਣ ਵੀ ਹਿੰਦੂ ਦੂਜੇ ਮੁਲਕਾਂ ਦੇ ਵਿਦ੍ਵਾਨਾਂ ਨਾਲ ਆਪਣੇ ਖ਼ਿਆਲਾਂ ਦਾ ਤਬਾਦਲਾ ਨ ਕਰ ਸਕੇ, ਅਥਵਾ ਜੇ ਪ੍ਰਸਪਰ ਮਿਲਦੇ ਵੀ ਰਹੇ ਤਾਂ ਇੱਕੋ ਇੱਕ ਮਿਲਦੇ ਰਹੇ ਤੇ ਵਿੱਚ ਕੋਈ ਤੀਜੀ ਮਧਜਸਥ ਨ ਹੋਣ ਦੇ ਕਾਰਣ ਉਹ

ਸਫ਼ੇ ੨੭੩ ਦੀ ਬਾਕੀ

"Pandit Dayanand Sarasvati became finally emancipated from the authority of Brahmanism in some such way as Luther became emancipated from the authority of the Church of Rome. Luther appealed from the Roman Church and the authority of tradition to the Scriptures of the Old & New Testament. Pandit Dayanand Sarasvati appealed from the Brahmanical Church and the authority of *Smriti* to the earliest and most sacred of Indian Scriptures. The watchword of Luther was 'Back to the Bible'; the watchword of Pandit Dayanand was '*Back to the Vedas*'. With this religious watchword another watchword was implicitly, if not explicitly, combined, namely '*India for the Indians*'. Combining these two, we have the principle, both religious and political, that *the religion of India as well as the sovereignty of India ought to belong to the Indian people*; in other words, Indian *religion* for the Indians, and Indian *Sovereignty* for the Indians. In order to accomplish the first end, Indian religion was to be reformed and purified by a return to the Vedas, and foreign religions as Islam and Christianity were to be extirpated. Thus the program included *reform* for indigenous religion & *exterpation* for foreign religion. With regard to the second end, the founder of the Arya Samaj seems to have taught that a return to the pure teachings of the Vedas would gradually fit the people of India for self-rule and that independence would ultimately come

ਬਾਕੀ ਸਫ਼ਾ ੨੭੫ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਆਪਣੇ ਵਿਚਾਰਾਂ ਦਾ ਵਟਾਂਦਰਾ ਨ ਕਰ ਸਕੇ. ਐਸੇ ਆਦਮੀ ਦਾ ਮਿਲਣਾ ਵੀ ਅਤਜੰਤ ਹੀ ਕਠਿਨ ਹੈ ਜੋ ਪਹਿਲਾਂ ਤਾਂ ਦੋਹਾਂ ਦੇ ਡੂੰਘੇ ਵਿਚਾਰਾਂ ਨੂੰ ਭਲੀ ਭਾਂਤਿ ਸਮਝੇ ਤੇ ਫਿਰ ਉਹਨਾਂ ਨੂੰ ਚੰਗੀ ਤਰ੍ਹਾਂ ਇੱਕ ਦੂਜੇ ਦੇ ਪੇਸ਼ ਕਰੇ. ਹੁਣ ਵੀ, ਹਾਲਾਂਕਿ ਸ਼ਹਨਸ਼ਾਹ-ਇ-ਮੁਅੱਜ਼ਿਮ (ਯਾਨੇ ਅਕਬਰ) ਨੇ ਸਾਰੀਆਂ ਕੌਮਾਂ ਦੇ ਦਾਨਿਸ਼ਮੰਦਾਂ ਨੂੰ ਇੱਕਠਾ ਕਰਨ ਵਿੱਚ ਅਤਜੰਤ ਹੀ ਤਕਲੀਫ਼ਾਂ ਦਾ ਸਾਮਨਾ ਕੀਤਾ ਹੈ ਤਾਂ ਜੋ ਉਹ ਚੰਗੀ ਤਰ੍ਹਾਂ ਪ੍ਰਸਪਰ ਪ੍ਰੇਮ ਤੇ ਸਹਚਾਰ

ਸਫ਼ੇ ੨੭੪ ਦੀ ਬਾਕੀ

to them. I am not charging Pandit Dayanand Sarasvati with disloyalty. Every sincere well-wisher of India hopes that the time will come when the Indian people through the spread of education and the removal of bad social customs and above all through the prevalence of true religion will be *fitted* for Self-Government. It is evident from all this that Pandit Dayanand Sarasvati was a man of large views. He was a dreamer of splendid dreams. He had a vision of India purged of her superstitions, filled with the fruits of Science, worshipping one God, fitted for Self-rule, having a place in the sisterhood of nations, and restored to her ancient glory. All this was to be accomplished by throwing overboard the accumulated superstitions of the centuries and returning to the pure and inspired teachings of the Vedas. Thus the founder of the Arya Samaj was a kind of Indian Elijah or John the Baptist, who felt himself called to turn the hearts of the degenerate children of modern India to their fathers of the glorious Vedic age, to reconcile the present with the past. The character of his mission helps to account for the violence of his methods of controversy. Elijah was not specially gentle in his dealings with the prophets of Baal; nor was Luther very tender towards the Roman Church. In like manner Pandit Dayanand Sarasvati stood with his back to the wall, facing on the one hand the attacks of the Brahmanical hierarchy and on the other the assaults of the foreign religions, Islam and Christianity. Under these circumstances we can hardly wonder that he struck back

ਬਾਕੀ ਸਫ਼ਾ ੨੭੬ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਦੁਆਰਾ ਇੱਕ ਦੂਜੇ ਨੂੰ ਹਕੀਕਤ ਦੇ ਸੰਬੰਧ ਵਿੱਚ ਆਪਣੇ ਵਿਚਾਰ ਦਸ ਸਕਨ, ਤਾਂ ਵੀ ਐਸੀਆਂ ਮੁਸ਼ਕਲਾਂ ਪੇਸ਼ ਆ ਰਹੀਆਂ ਹਨ ਜਿਨ੍ਹਾਂ ਦਾ ਦਾਰੂ ਮਿਲਣਾ ਔਖਾ ਹੈ. ਫਿਰ, ਦੱਸੋ ਕਿੱਥੋਂ ਐਸਾ ਆਦਮੀ ਲਭੀਏ ਜਿਸ ਵਿੱਚ ਇਹ ਸਾਰੇ ਹੀ ਲੋੜੀਂਦੇ ਗੁਣ ਹੋਵਨ? ਫ਼ਰਜ਼ ਕਰੋ ਕਿ ਤਖ਼ਤ ਉੱਤੇ ਨੌਸ਼ੀਰਵਾਨ ਆਦਿਲ ਵਰਗਾ ਸ਼ਾਹ ਬਿਰਾਜਮਾਨ ਹੈ, ਜੋ ਆਪਣੇ ਸ਼ਾਹੀ ਜਾਹੋ-ਜਲਾਲ ਦੇ ਵਿਚਕਾਰ ਦਾਨਿਸ਼ਮੰਦੀ ਦੇ ਲਾਲ ਦੀ ਭਾਲ ਵਿੱਚ ਬਿਹਬਲ ਹੈ, ਤਾਂ ਵੀ ਉੱਥੇ

ਸਫ਼ੇ ੨੭੫ ਦੀ ਬਾਕੀ

as hard as he could. Luther dealt heavy blows at the Roman Church as Pandit Dayanand did at the Brahmanical Church. Suppose now that while Luther was fighting with Rome, an extensive and powerful Mohammedan propaganda, which threatened to devour all the fruits of the Reformation, was found all over Europe. What would Luther have done under these circumstances, but smite the apostate Roman Church at home and the Mohammedan propaganda from abroad with impartial Zeal and violence and with no great effort to be fair and appreciative. This illustrates exactly Pandit Dayanand's attitude toward the degenerate Brahmanical Church, on the one hand, and the foreign faiths Christianity and Islam on the other. In his opinion, the one needed to be purged and pruned; the others, to be extirpated. The sections in the *Satyarth Prakash* which deal with the criticism of Islam and Christianity are evidently intended to be the literature of such extirpation, i. e., to be the means of rooting out all such foreign superstitions from the hearts of the sons of India." (Article of Dr. H. D. Griswold of Lahore in the Indian Evangelical Review for January, 1892; quoted by Dr. J. N. Farquhar, in his Modern Religious Movements in India, pp. 111-113.) ਡਾਕਟਰ ਓਜ਼ਵਲਡ ਨੇ ਇਹ ਹੈਰਤ ਅੰਗੇਜ਼ ਸ਼ਬਦ ਸੁਆਮੀ ਜੀ ਦੇ ਸੰਬੰਧ ਵਿੱਚ ਉਹਨਾਂ ਦੇ ਦੇਹਾਂਤ ਤੋਂ ਠੀਕ ਸਵਾ ਨੌਂ ਸਾਲ ਬਾਦ ਭਾਰਤ ਦੇ ਇੱਕ ਪ੍ਰਸਿੱਧ ਮਸੀਹੀ ਮਾਸਕ ਪਤ੍ਰ ਵਿੱਚ ਪ੍ਰਕਾਸ਼ਿਤ ਕੀਤੇ, ਪਰ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ

ਬਾਕੀ ਸਫ਼ਾ ੨੭੭ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਉਸਦਾ ਵਜ਼ੀਰ ਬਜ਼ੁਰਜਮਿਹਰ ਚਾਹੀਏ, ਜਿਸ ਨੇ ਈਰਖਾ ਤੇ ਦ੍ਵੇਸ਼ ਦਾ ਪੂਰਨ ਤਿਆਗ ਕਰਕੇ 'ਪੂਜ਼ਰੂਯਾ' ਫ਼ਿਲਾਸਫ਼ਰ ਨੂੰ ਲਭਿਆ ਤੇ ਉਸਨੂੰ ਸੌਦਾਗਰ ਦੇ ਭੇਸ ਵਿੱਚ ਹਿੰਦੁਸਤਾਨ ਘਲਿਆ, ਜਿਸਨੇ ਕਿ ਆਪਣੇ ਮੁਲਕ ਤੋਂ ਗ਼ੈਰ ਹਾਜ਼ਰ ਹੁੰਦਿਆਂ ਹੋਇਆਂ ਵੀ, ਉੱਥੇ ਹਾਜ਼ਰ ਹੋਣ ਵਾਂਗ ਹੀ, ਅਤਯੰਤ ਮੇਹਨਤ ਤੇ ਜ਼ਫ਼ਾਕਸ਼ੀ ਦੁਆਰਾ ਅਨੇਕਾਂ ਹੀ ਭਾਲਾਂ ਤੇ ਖੋਜਾਂ ਕੀਤੀਆਂ ਤੇ ਇਲਮ ਦੇ ਭੰਡਾਰ ਇੱਕਠੇ ਕੀਤੇ. ਅਥਵਾ, ਇਉਂ ਸਮਝੋ ਕਿ ਇਸ ਅਤਯੰਤ ਕਠਿਨ ਕਾਰਜ ਲਈ ਇੱਕ ਐਸਾ ਮੇਹਨਤੀ ਤੇ ਅਥੱਕ ਮਨੁਖ ਚਾਹੀਏ, ਜਿਹਾ ਕਿ 'ਤੁਮਤੁਮ'ਨਾਮਕ ਹਿੰਦੁਸਤਾਨ ਦਾ ਬਾਸ਼ਿੰਦਾ ਸੀ, ਜਿਸਨੇ ਕਿ ਪਲੇਟੋ (ਅਫ਼ਲਾਤੂਨ) ਤੋਂ ਵਿਦਿਆ ਪ੍ਰਾਪਤੀ ਲਈ ਹਿੰਦੁਸਤਾਨ ਤੋਂ ਯੂਨਾਨ ਤਕ ਦਾ ਸਫ਼ਰ ਤਹਿ ਕੀਤਾ. ਅਰ ਰਸਤੇ ਵਿੱਚ ਸਮੁੰਦਰਾਂ ਤੇ ਰੇਗਿਸਤਾਨਾਂ ਦੇ ਖ਼ਤਰਿਆਂ ਦੀ ਕੋਈ ਪਰਵਾਹ ਨ ਕੀਤੀ, ਅਰ ਸਰਬ ਰੋਗ ਦੀ ਔਸ਼ਧੀ (ਅਕਸੀਰ-ਇ-ਆਜ਼ਮ) ਪ੍ਰਾਪਤ ਕਰਕੇ, ਆਪਣੇ ਸ਼ਰੀਰ ਅਤੇ ਮਨ ਤੇ ਮੁਕੰਮਲ ਕਾਬੂ ਪਾਇਆ ਅਥਵਾ, ਕੋਈ ਐਹਵਾ ਜਿਆ ਮਰਦ-ਇ-ਮੁਬਾਰਕ ਚਾਹੀਏ ਜਿਹਾ ਕਿ ਬਲਖ਼ ਨਿਵਾਸੀ 'ਅੱਬੁਲ ਮਾਸ਼ਰ ਸੀ,' ਜੋ ਉੱਚ ਵਿਦਿਆ ਦੀ ਪ੍ਰਾਪਤੀ ਲਈ ਐਨਾ ਕਾਹਲਾ ਪਿਆ ਕਿ ਉਸਨੇ ਆਪਣੇ ਵਤਨ ਦੇ ਸੁੱਖਾਂ ਤੋਂ ਵਿਦੇਸ਼ਾਂ ਦੀ ਬੇ-ਆਰਾਮੀ ਨੂੰ ਤਰਜੀਹ ਦਿੱਤੀ ਤੇ ਆਰਾਮ ਨੂੰ ਹਰਾਮ ਸਮਝ ਕੇ ਮੇਹਨਤ ਦੇ ਮਗਰ ਪਿਆ ਤੇ ਖ਼ੁਰਾਸਾਨ ਤੋਂ ਹਿੰਦੁਸਤਾਨ ਪਹੁੰਚਿਆ ਅਰ ਬਨਾਰਸ ਵਿੱਚ ਰਹਿ ਕੇ ਅਨੇਕ ਭਾਂਤਿ ਦੀ ਵਿਦਿਆ ਪ੍ਰਾਪਤ ਕੀਤੀ, ਅਰ ਵਾਪਸੀ ਤੇ ਆਪਣੇ

ਸਫ਼ੇ ੨੭੬ ਦੀ ਬਾਕੀ

ਜਿਵੇਂ ਸੁਆਮੀ ਜੀ ਦੇ ਆਤਮਾ ਨੇ ਓਜ਼ਵਲਡ ਸਾਹਿਬ ਤੋਂ ਇਹ ਸ਼ਬਦ ਆਪਣੇ ਮਿਸ਼ਨ ਦੀ ਹਕੀਕਤ ਬਾਬਤ ਆਪ ਹੀ ਲਿਖਵਾਏ ਹੋਵਨ ! ਕਿਉਂ ਜੋ ਜਿਸ ਤਰ੍ਹਾਂ ਸ਼ੁੱਧ ਤੇ ਸਹੀ ਸੁਆਮੀ ਜੀ ਦੇ ਪਵਿਤ੍ਰ ਮਿਸ਼ਨ ਦਾ ਨਕਸ਼ਾ ਏਹਨਾਂ ਸ਼ਬਦਾਂ ਦੁਆਰਾ ਖਿਚਿਆ ਗਿਆ ਹੈ ਉਹ ਸ਼ਾਇਦ ਹੀ ਕਿਸੇ ਇਤਰ ਪੁਰਸ਼ ਤੋਂ ਇਤਨੇ ਸੰਖੇਪ ਤੇ ਓਜਸਵੀ ਸ਼ਬਦਾਂ ਦੁਆਰਾ ਖਿਚਿਆ ਜਾ ਸਕਦਾ ! ਏਹਨਾਂ ਸ਼ਬਦਾਂ ਦਾ ਸਪਸ਼ਟ ਭਾਵ ਇਹ ਹੈ ਕਿ ਸਨ ੧੮੬੩ ਤੋਂ ੧੮੮੩ ਤਕ ਜਦ ਕਿ ਸੁਆਮੀ ਜੀ ਭਾਰਤ ਦੇ ਵਾਯੂ ਮੰਡਲ ਵਿੱਚ ਭਾਰਤੀਆਂ ਦੀ ਸ਼ਾਰੀਰਿਕ, ਸਾਮਾਜਿਕ, ਤੇ ਆਧਿਆਤਮਿਕ ਰਿਹਾਈ (ਆਜ਼ਾਦੀ, ਨਿਜਾਤ, Liberty) ਦੇ ਅਤਿ ਬਲਿਸ਼ਟ ਖ਼ਿਆਲ ਪ੍ਰਸਾਰਿਤ ਕਰ ਰਹੇ ਸਨ, ਓਦੋਂ ਅਜੇ ਨੈਸ਼ਨਲ ਇੰਡੀਅਨ ਕਾਂਗ੍ਰਸ ਦਾ ਜਨਮ ਵੀ ਨ ਹੋਇਆ ਸੀ, ਕਿਉਂ ਜੋ ਦਿਵਾਲੀ ਸਨ ੧੮੮੩ ਵਿੱਚ ਸੁਆਮੀ ਜੀ ਨੇ ਚੋਲਾ ਛੱਡਿਆ ਤੇ ਸਨ ੧੮੮੫ ਵਿੱਚ ਕਾਂਗ੍ਰਸ ਜਨਮੀ.

Sri Satguru Jagjit Singh Ji eLibrary NamdhariElibrary@gmail.com

ਦੇਸ ਦੇ ਵਿਦਵਾਨਾਂ ਲਈ ਇਲਮ ਦੇ ਨਾਯਾਬ ਤੋਹਫ਼ੇ ਆਪਣੇ ਨਾਲ ਲੈ ਗਿਆ;

(ੲ) ਤੀਜਾ ਕਾਰਣ ਇਹ ਹੈ ਕਿ ਦੁਨੀਆਂ ਦੇ ਲੋਕ ਆਪਣੇ ਦੇਸ਼ ਤੋਂ ਇਲਾਵਾ ਹੋਰ ਕਿਸੇ ਦੇਸ਼ ਦੀ ਚੰਗੀ ਗਲ ਸੁਣਨਾ ਹੀ ਨਹੀਂ ਚਾਹੁੰਦੇ, ਇੱਥੋਂ ਤਕ ਕਿ ਮਹਿਜ਼ ਦਿਲ ਬਹਿਲਾਵੇ ਲਈ ਵੀ ਕਿਸੇ ਹੋਰ ਦੇਸ਼ ਦੀ ਚੰਗੀ ਕਹਾਣੀ ਵੀ ਸੁਣਨੀ ਬਰਦਾਸ਼ਤ ਨਹੀਂ ਕਰ ਸਕਦੇ. ਭਲਾ, ਐਸੀ ਹਾਲਤ ਵਿੱਚ ਉਹ ਕਿਸੇ ਵੀ ਮਾਮਲੇ ਤੇ, ਇਨਸਾਫ਼ ਨਾਲ, ਕਿਸ ਤਰ੍ਹਾਂ ਨਜ਼ਰ ਸਾਨੀ ਕਰ ਸਕਦੇ ਹਨ;

(ਸ) ਚੌਥਾ ਕਾਰਣ ਇਹ ਹੈ ਕਿ ਸੰਸਾਰ ਦੇ ਸਾਧਾਰਣ ਲੋਕ ਕੁਦਰਤੀ ਹੀ ਸੁਸਤ ਹਨ ਤੇ ਇਲਮ ਦੀ ਪ੍ਰਾਪਤੀ ਲਈ ਜੋ ਮੇਹਨਤ ਦਰਕਾਰ ਹੈ ਉਹ ਉਸਨੂੰ ਬਰਦਾਸ਼ਤ ਕਰਨ ਦੇ ਯੋਗ ਨਹੀਂ. ਬਸ, ਬਾਹਰ ਦੀਆਂ ਭਦੀਆਂ ਤੇ ਮੋਟੀਆਂ ਗੱਲਾਂ ਦੇ ਸੰਬੰਧ ਵਿੱਚ ਹੀ ਬਹਿਸਾਂ ਕਰਕੇ ਰੱਜ ਜਾਂਦੇ ਹਨ ਤੇ ਇਹ ਨਹੀਂ ਵੇਖਦੇ ਕਿ ਏਹਨਾਂ ਬਹਿਸਾਂ ਦੇ ਫ਼ੈਸਲੇ ਕਿੰਨੇ ਕੁ ਠੀਕ ਹਨ ਤੇ ਹਕੀਕਤ ਨਾਲ ਕਿੱਥੋਂ ਤਕ ਮਿਲਦੇ ਹਨ;

(ਹ) ਪੰਜਵਾਂ ਕਾਰਣ ਇਹ ਹੈ ਕਿ ਦੁਨੀਆਂ ਦੀਆਂ ਸਾਰੀਆਂ ਹੀ ਕੌਮਾਂ ਵਿੱਚ ਨਕਲ ਦੀ ਆਦਤ ਬਹੁਤ ਜ਼ਿਆਦਾ ਹੈ. ਇਹ ਨਹੀਂ ਵੇਖਦੇ ਕਿ ਅੱਸੀਂ ਜਿਸ ਗਲ ਦੀ ਨਕਲ ਕਰ ਰਹੇ ਹਾਂ, ਉਹ ਠੀਕ ਵੀ ਹੈ ਕਿ ਨਹੀਂ. ਬਸ, ਜੇਹੜੀ ਗਲ ਉਹਨਾਂ ਨੇ ਆਪਣੇ ਬਾਪ ਤੋਂ, ਉਸਤਾਦ ਤੋਂ, ਕਿਸੇ ਵਾਕਫ਼ ਤੋਂ ਯਾ ਗਵਾਂਢੀ ਤੋਂ ਸਿੱਖੀ ਹੈ, ਉਹ ਉਸ ਨੂੰ ਰੱਬ ਦੀ ਆਵਾਜ਼ ਸਮਝਦੇ ਹਨ ਤੇ ਸਮਝਦੇ ਹਨ ਕਿ ਊਹੋ ਰੱਬ ਦੀ ਦਰਗਾਹ ਵਿੱਚ ਮਨਜ਼ੂਰ ਹੋਣੀ ਹੈ ਹੋਰ ਜੋ ਕੁੱਝ ਵੀ ਹੈ ਕੁਫ਼ਰ ਹੈ ਤੇ ਉਸਨੂੰ ਮੰਨਣ ਵਾਲੇ ਕਾਫ਼ਰ ਹਨ;

(ਕ) ਛੇਵੀਂ ਰੁਕਾਵਟ ਜਿਸ ਦੇ ਕਾਰਣ ਲੋਕੀਂ ਬਹਿਸ ਦੁਆਰਾ ਕਿਸੇ ਫ਼ੈਸਲਾ-ਕੁਨ ਨਤੀਜੇ ਤੇ ਨਹੀਂ ਪਹੁੰਚਦੇ, ਕਸ਼ੀਦਗੀ ਹੈ. ਹਾਂ ਜੀ, ਕਸ਼ੀਦਗੀ ਦੇ ਕਾਰਣ ਕਦੇ ਇੱਕ ਵੇਰ ਵੀ ਐਸਾ ਨਹੀਂ ਹੋਇਆ ਕਿ, ਦੋ ਯਾ ਤਿੰਨ ਆਦਮੀ, ਆਪਣੇ ਭਿੰਨ ਭਿੰਨ ਅਕੀਦਿਆਂ ਦੇ ਸੰਬੰਧ ਵਿੱਚ ਵਿਚਾਰ ਪ੍ਰਗਟ ਕਰਨ ਮਗਰੋਂ, ਕਿਸੇ ਫ਼ੈਸਲਾ-ਕੁਨ ਨਤੀਜੇ ਤੇ ਪਹੁੰਚੇ ਹੋਵਨ, ਅਥਵਾ, ਇੱਕ ਦੂਜੇ ਨਾਲ ਸਹਮਤ ਹੋਏ ਹੋਵਨ; ਅਥਵਾ, ਕਿਸੇ ਐਸੀ ਹਕੀਕਤ ਨੂੰ ਮੰਨ ਗਏ ਹੋਵਨ ਜਿਸ ਤੇ ਕਿ ਕਿਸੇ ਦੂਜੇ ਦੇ ਅਸੂਲ ਕਾਇਮ ਹਨ.

ਹਾਂ ਪਰ, ਜੇ ਇਹ ਬਹਿਸਾਂ ਨਿਰਪਖ ਦਾਨਿਸ਼ਮੰਦਾਂ ਤੇ ਹਕੀਕਤ ਦੇ ਹਕੀਕੀ ਮੁਤਲਾਸ਼ੀਆਂ ਦੇ ਵਿਚਕਾਰ ਹੋਈਆਂ ਹੁੰਦੀਆਂ ਤਾਂ ਹੁਣ ਤੋਂ ਬਹੁਤ

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਜੀਵਨ ਦੇ ਕਈ ਐਸੇ ਨਿਰਦੋਸ਼ ਅਸੂਲ ਕਾਇਮ ਹੋ ਜਾਂਦੇ ਜਿਨ੍ਹਾਂ ਨੂੰ ਸਾਰੇ ਮੰਨਦੇ ਤੇ ਜਿਨ੍ਹਾਂ ਅੱਗੇ ਸਾਰੇ ਝੁਕਦੇ. ਪਰ ਮੁਲਕਾਂ ਦੇ ਬਾਦਸ਼ਾਹਾਂ ਤੇ ਹੁਕਮਰਾਨਾਂ ਨੇ ਵੀ ਇਸ ਮਾਮਲੇ ਨੂੰ ਫ਼ਜ਼ੂਲ ਤੇ ਗ਼ੈਰ ਜ਼ਰੂਰੀ ਸਮਝ ਕੇ ਇਸ ਦੇ ਸੰਬੰਧ ਵਿੱਚ ਹਕੀਕਤ ਦੀ ਤਲਾਸ਼ ਕਰਨ ਵਲ ਧਿਆਨ ਨਹੀਂ ਦਿੱਤਾ, ਅਥਵਾ ਆਪਣੇ ਤਅੱਸਬੀ ਤੇ ਬਰਈ ਐਹਲਕਾਰਾਂ ਦੇ ਹੰਕਾਰ ਅਤੇ ਆਕੜ ਦੇ ਕਾਰਣ ਉਹ ਸਦਾ ਤੇ ਹੀ ਏਹਨਾਂ ਮਾਮਲਿਆਂ ਉੱਤੇ ਆਜ਼ਾਦ ਖ਼ਿਆਲ ਪ੍ਰਗਟ ਕਰਨ ਦੀ ਅਤੇ ਖੁਲ੍ਹੀ ਵਿਚਾਰ ਕਰਨ ਦੀ ਮਨਾਹੀ ਕਰਦੇ ਰਹੇ. ਇਸ ਲਈ ਪਤਵੰਤੇ ਮਨੁੱਖਾਂ ਨੇ ਆਪਣੀ ਸੁਰੱਖਿਆ ਦੇ ਕਾਰਣ ਯਾ ਤਾਂ ਬਿਲਕੁਲ ਹੀ ਚੁੱਪ ਰਹਿਣਾ ਪਸੰਦ ਕੀਤਾ ਹੈ, ਯਾ ਬਹੁਤ ਹੀ ਸੋਚ ਵਿਚਾਰ ਨਾਲ ਅਤਯੰਤ ਘਟ ਬੋਲਣ ਨੂੰ ਹੀ ਸੁਖਦਾਈ ਮੰਨਿਆ ਹੈ; ਅਥਵਾ, ਮਜਬੂਰ ਹੋ ਕੇ ਜ਼ਮਾਨੇ ਦੇ ਮੁਤਾਬਕ ਰਹਿਣਾ ਅਖ਼ਤਿਆਰ ਕਰ ਲਿਆ ਹੈ. ਪਰ ਜੇ ਸਾਹਿਬ-ਇ-ਇਕਬਾਲ ਬਾਦਸ਼ਾਹਾਂ ਦੇ ਮਨ ਦੀ ਰੁਚੀ ਹੀ ਹਕੀਕਤ ਦੀ ਤਲਾਸ਼ ਵਲ ਹੁੰਦੀ ਤਾਂ ਵੀ ਅਨੇਕਾਂ ਹੀ ਪ੍ਰਸਿੱਧ ਮਨੁੱਖ ਪੂਰਨ ਨਿਰਭੈ ਹੋ ਕੇ, ਆਜ਼ਾਦੀ ਨਾਲ, ਦੁਨੀਆਂ ਦੇ ਭਲੇ ਲਈ ਆਪਣੇ ਚੋਣਵੇਂ ਤੇ ਨਿਤਰੇ ਹੋਏ ਵਿਚਾਰ ਪ੍ਰਕਾਸ਼ਿਤ ਕਰਦੇ. ਯਥਾ ਰਾਜਾ ਤਥਾ ਪ੍ਰਜਾ ! † ਜਦ ਬਾਦਸ਼ਾਹ ਹੀ ਤਅੱਸਬ ਦੇ ਮਾਰੇ ਹੋਏ ਹੋਵਨ ਤਾਂ ਕਿਉਂ ਨ ਰਿਆਇਆ ਦਾ ਹਰ ਇੱਕ ਟੋਲਾ ਆਪੋ ਆਪਣੇ ਧਰਮ ਤੇ ਵਿਸ਼ਵਾਸ ਨੂੰ ਬਾਕੀ ਸਾਰਿਆਂ ਤੋਂ ਸ੍ਰੇਸ਼ਠ ਸਮਝੇ, ਅਰ ਕਿਉਂ ਨ ਪ੍ਰਸਪਰ ਵਿਰੋਧ ਤੇ ਕਸ਼ੀਦਗੀ ਫੈਲਨ ! ਕਿਉਂ ਨ ਹਰ ਇੱਕ ਟੋਲਾ ਕੇਵਲ ਆਪਣੇ ਹੀ ਸਿੱਧਾਂਤਾਂ ਨੂੰ ਰੱਬ ਦੇ ਕਲਾਮ ਮੰਨੇ ਤੇ ਕਿਉਂ ਨ ਦੂਜੇ ਟੋਲਿਆਂ ਨੂੰ ਨਾਸ ਕਰਨ ਦੀਆਂ ਵਿਓਂਤਾਂ ਸੋਚਦਾ ਰਹੇ; ਕਿਉਂ ਨ ਹਰ ਇੱਕ ਟੋਲਾ ਦੂਜੇ ਨੂੰ ਬਦ ਨਾਮ ਕਰੇ, ਤੇ ਕਿਉਂ ਨ ਜ਼ਮੀਨ ਖ਼ੂਨ ਆਲੂਦਾ ਹੋਵੇ; ਅਰ ਇਹ ਸਾਰੇ ਉਪੱਦ੍ਰਵ ਕਰਕੇ ਫਿਰ ਵੀ ਕਿਉਂ ਨ ਇਹ ਟੋਲੇ, ਬਜਾਏ ਚੱਪਣੀ ਵਿੱਚ ਪਾਣੀ ਪਾ ਕੇ ਡੁਬ ਮਰਨ ਦੇ ਸਗੋਂ ਇਸ

† ਕਿੰਨੀ ਹੈਰਤ ਅੰਗੇਜ਼ ਦਲੇਰੀ ਨਾਲ ਅੱਬੁਲ ਫ਼ਜ਼ਲ ਮਜ਼ਹਬੀ ਤੇ ਸਿਆਸੀ ਟੋਲਿਆਂ ਦੇ ਆਗੂਆਂ ਦੀਆਂ ਗ਼ਲਤ ਬਿਆਨੀਆਂ ਦੇ ਰਾਜ਼ ਫ਼ਾਸ਼ ਕਰ ਰਿਹਾ ਹੈ ! ਕਿਸ ਬਾਰੀਕ-ਬੀਨੀ ਨਾਲ ਉਹ ਐਸੇ ਬਦ ਦਮਾਗ਼ਾਂ ਦੀਆਂ ਚਾਲਬਾਜ਼ੀਆਂ ਨੂੰ ਚੰਗੀ ਤਰ੍ਹਾਂ ਸਮਝ ਕੇ ਉਹਨਾਂ ਪੁਰ ਅਫ਼ਸੋਸ ਦੇ ਆਂਸੂ ਬਹਾ ਰਿਹਾ ਹੈ ! ਫਿਰ ਇਹ ਵੀ ਸਾਫ਼ ਜ਼ਾਹਿਰ ਹੀ ਹੈ ਕਿ ਉਹ ਕਿਸ ਕੌਮ ਦੇ ਬਾਦਸ਼ਾਹਾਂ ਤੇ ਅਹਿਲਕਾਰਾਂ ਨੂੰ ਦਿਲ ਵਿੱਚ ਰੱਖ ਕੇ ਇਹ ਬਿਆਨ ਕਲਮ ਬੰਦ ਕਰ ਰਿਹਾ ਹੈ !

Sri Satguru Jagjit Singh Ji eLibrary NamdhariElibrary@gmail.com

ਖ਼ਿਆਲ ਵਿੱਚ ਮਸਤ ਤੇ ਸੰਤੁਸ਼ਟ ਫਿਰਨ ਕਿ ਅੱਸੀਂ ਸਵਾਬ ਦੇ ਅਮਲ ਕਰ ਰਹੇ ਹਾਂ. ਜੇ ਮਨੁਖ ਦਲੀਲ ਦੀ ਆਵਾਜ਼ ਸੁਣਦੇ ਤਾਂ ਸਿਆਣੇ ਬਣਦੇ ਅਰ ਆਪਣੀਆਂ ਗ਼ਲਤੀਆਂ ਉੱਤੇ ਪਸ਼ਚਾਤਾਪ ਕਰਦੇ ਅਤੇ ਪਸ਼ੇਮਾਨ ਹੁੰਦੇ ਹਾਂ ਜੀ, ਰੋਂਦੇ ਤੇ ਬਿਰਲਾਪ ਕਰਦੇ ਕਿ ਅੱਸਾਂ ਕਿਉਂ ਦੂਜਿਆਂ ਦੇ ਨੇਕ ਕੰਮਾਂ ਵਿੱਚ ਦਖ਼ਲ ਦੇ ਕੇ ਉਹਨਾਂ ਨੂੰ ਦੁਖ ਦਿੱਤਾ ਤੇ ਹੈਰਾਨ ਕੀਤਾ ! ਜੇ ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਜ਼ਰੂਰ ਮੰਨਣਾ ਪਵੇਗਾ ਕਿ ਜ਼ੁਲਮ ਓੜਕ ਆਪਣੇ ਮਕਸਦ ਨੂੰ ਨੁਕਸਾਨ ਪਹੁੰਚਾਂਦਾ ਹੈ, ਤੇ ਲੋਕਾਂ ਨੂੰ ਆਪਣੇ ਦਿਲੀ ਅਕੀਦੇ ਲੁਕਾਣ ਲਈ ਤਾਂ ਜ਼ਰੂਰ ਮਜਬੂਰ ਕਰਦਾ ਹੈ, ਪਰ ਉਹਨਾਂ ਦੇ ਦਿਲਾਂ ਵਿੱਚ ਤਬਦੀਲੀ ਪੈਦਾ ਨਹੀਂ ਕਰਦਾ !!

(ਖ) ਸਤਵੀਂ ਰੁਕਾਵਟ ਨੇਕੀ ਦੇ ਰਸਤੇ ਵਿੱਚ ਉਹ ਕਾਮਯਾਬੀ ਹੈ, ਜੋ ਅਕਸਰ ਕਰ ਕੇ ਲੁਚਿਆਂ ਨੂੰ, ਤੇ ਦਿਲ ਦੇ ਖੋਟਿਆਂ ਨੂੰ, ਬੜੀ ਆਸਾਨੀ ਨਾਲ ਪ੍ਰਾਪਤ ਹੋ ਜਾਂਦੀ ਹੈ. ਕਿਉਂ ਜੋ ਉਹ ਪਾਰਸਾਈ ਤੇ ਰਾਸਤਬਾਜ਼ੀ ਦੇ ਐਲਾਨ ਕਰਦੇ ਰਹਿੰਦੇ ਹਨ, ਤੇ ਲੋਕਾਂ ਦਾ ਉਹਨਾਂ ਤੇ ਵਿਸ਼੍ਵਾਸ ਜਮਿਆਂ ਰਹਿੰਦਾ ਹੈ. ਇਸ ਤੋਂ ਅਨੇਕ ਭਾਂਤਿ ਦੀਆਂ ਬੁਰਾਈਆਂ ਉਤਪੰਨ ਹੁੰਦੀਆਂ ਰਹਿੰਦੀਆਂ ਹਨ ਤੇ ਸਚਾਈ ਸਦਾ ਹੀ ਗ਼ਲਤੀਆਂ ਦੀ ਪੰਡ ਦੇ ਹੇਠਾਂ ਦੱਬੀ ਰਹਿੰਦੀ ਹੈ ! ਬਸ, ਹੁਣ, ਚੁਪ ਕਰ, ਅੱਬੁਲ ਫ਼ਜ਼ਲ, ਚੁਪ ਕਰ ! ਇਤਨਾ ਹੀ ਕਾਫ਼ੀ ਹੈ ! ਖੋਟੇ ਕਰਮਾਂ ਦੇ 'ਬਦਲੇ' ਜੋ ਰੱਬ, ਮਨੁੱਖਾਂ ਤੋਂ, ਅਨੇਕ ਪ੍ਰਕਾਰ ਦੇ ਲੈਂਦਾ ਹੈ, ਉਹਨਾਂ ਦੇ ਕਾਰਣ ਦਸਣੇ ਸਾਡੇ ਲਈ ਸੰਭਵ ਨਹੀਂ; ਉਹਨਾਂ ਦਾ ਇਤਿਹਾਸ ਲੰਮਾ ਹੈ ਤੇ ਗੁੰਝਲਦਾਰ ਹੈ ! ਤੂੰ ਉਹਨਾਂ ਨੂੰ ਛੱਡ, ਤੇ ਦੁਨੀਆ ਵਿੱਚ ਅਮਨ ਤੇ ਇਤਫ਼ਾਕ ਨੂੰ ਕਾਇਮ ਕਰਨ ਦਾ ਬੁਨਿਆਦੀ ਮਕਸਦ ਬਿਆਨ ਕਰ !

ਭਾਵੇਂ ਕਈ ਆਦਮੀ ਮੇਰੀਆਂ ਖੋਜਾਂ ਤੇ ਨਵੀਆਂ ਖ਼ਬਰਾਂ ਨੂੰ ਪੜ੍ਹ ਕੇ ਨਾਰਾਜ਼ ਹੋਨਗੇ, ਤਾਂ ਵੀ ਮੇਰਾ ਵਿਸ਼੍ਵਾਸ ਹੈ ਕਿ ਅਨੇਕਾਂ ਹੀ ਏਹਨਾਂ ਨੂੰ ਤਸੱਲੀ ਬਖ਼ਸ਼ ਸਮਝ ਕੇ ਏਹਨਾਂ ਦੀ ਸ੍ਵਾਗਤ ਕਰਨਗੇ.

ਵਾਹਿਗੁਰੂ ਦਾ ਸ਼ੁਕਰ ਹੈ, ਜਿਸਦਾ ਕੋਈ ਸਾਨੀ ਨਹੀਂ ! ਮੈਂ ਖ਼ੁਦ ਨ ਤਾਂ ਉਹਨਾਂ ਵਿੱਚੋਂ ਹਾਂ, ਜੋ ਲਾਇਲਮਾਂ ਨੂੰ ਫਿਟਕਾਰਨ ਲਈ ਤਿਆਰ ਹਨ, ਤੇ ਨਾਂ ਹੀ ਉਹਨਾਂ ਦਾ ਵਿਰੋਧੀ ਹਾਂ ਜੋ ਬੇਹਤਰ ਜਾਣਨ ਵਾਲਿਆਂ ਦੀ ਪ੍ਰਸ਼ੰਸਾ ਕਰਦੇ ਹਨ."

"ਸੰਖੇਪ ਵਿੱਚ ਹਿੰਦੂਆਂ ਦੀ ਬਾਬਤ ਮੇਰੀ ਰਾਏ ਇਹ ਹੈ ਕਿ : ਹਿੰਦੂ ਧਾਰਮਿਕ ਹਨ, ਪਰਦੇਸੀਆਂ ਨਾਲ ਚੰਗਾ ਵਰਤਾਓ ਕਰਦੇ ਹਨ, ਖ਼ੁਸ਼ ਖ਼ੁਲਕ ਤੇ ਖ਼ੁਸ਼ ਮਿਜ਼ਾਜ ਹਨ, ਜ਼ਿੰਦਾ ਦਿਲ ਹਨ; ਇਲਮ ਦੇ ਆਸ਼ਿਕ ਹਨ,

Sri Satguru Jagjit Singh Ji eLibrary NamdhariElibrary@gmail.com

ਤਪਸ੍ਵੀ ਹਨ ਤੇ ਆਪਣੇ ਉੱਪਰ ਉਗ੍ਰ ਸੰਜਮ ਦੀਆਂ ਕਠਨਤਾਈਆਂ ਲਿਆਵਣ ਦੇ ਸ਼ੌਕੀਨ ਹਨ; ਇਨਸਾਫ਼ ਦੇ ਪ੍ਰੇਮੀ ਹਨ; ਏਕਾਂਤ ਪਸੰਦ (ਵਿਵਿਕਤ ਵ੍ਰਿੱਤੀ) ਹਨ; ਵਪਾਰ ਵਿੱਚ ਚਤੁਰ ਹਨ; ਕੀਤੇ ਹੋਏ ਅਹਿਸਾਨ ਨੂੰ ਜਾਣਨ ਵਾਲੇ ਹਨ; ਸੱਚ ਦੇ ਪ੍ਰਸ਼ੰਸਕ ਹਨ, ਤੇ ਹਰ ਪ੍ਰਕਾਰ ਦੇ ਕਾਰੋਬਾਰ ਵਿੱਚ ਲਾ-ਇਨਤਹਾ ਦਰਜੇ ਦੀ ਰਾਸਤੀ ਤੇ ਵਫ਼ਾਦਾਰੀ ਵਾਲੇ ਹਨ. ਉਹਨਾਂ ਦਾ ਆਚਾਰ ਮੁਸੀਬਤ ਵਿੱਚ ਅਤਯੰਤ ਪ੍ਰਭਾ ਨਾਲ ਚਮਕਦਾ ਹੈ. ਉਹਨਾਂ ਦੇ ਫ਼ੌਜੀ ਸਿਪਾਹੀ ਰਣ ਭੂਮੀ ਤੋਂ ਨਠ ਨਿਕਲਣ ਨੂੰ ਤਾਂ ਜਾਣਦੇ ਹੀ ਨਹੀਂ; ਪਰ ਜਿਉਂ ਹੀ ਕਾਮਯਾਬੀ ਦੀ ਸੂਰਤ ਜ਼ਰਾ ਮਸ਼ਕੂਕ ਜਈ ਹੋਣ ਲਗਦੀ ਹੈ, ਉਹ ਆਪਣੇ ਘੋੜਿਆਂ ਤੋਂ ਉਤਰ ਪੈਂਦੇ ਹਨ ਤੇ ਮਹਾਂ ਭਯਾਨਕ ਘਮਸਾਨ ਵਿੱਚ, ਬੀਰਤਾ ਦੀ ਭੇਟ ਹੋਣ ਲਈ, ਜੂਝ ਜੂਝ ਕੇ ਜਾਨਾਂ ਦੇ ਦੇਂਦੇ ਹਨ. ਅਕਸਰ ਕਰ ਕੇ ਐਸੀ ਔਕੜ ਵਿੱਚ ਉਹ ਆਪਣੇ ਘੋੜਿਆਂ ਨੂੰ, ਉਹਨਾਂ ਦੇ ਪਿਛਲੇ ਪਟ ਦੀ ਇੱਕ ਵਿਸ਼ੇਸ਼ ਨਸ ਕਟ ਕੇ, ਲੰਗੜਾ ਕਰ ਦੇਂਦੇ ਹਨ, ਤਾਂ ਜੋ ਯੁੱਧ ਭੂਮੀ ਤੋਂ ਭੱਜ ਜਾਣ ਦਾ ਵਸੀਲਾ ਹੀ ਨ ਰਹੇ; ਅਰ, ਇਸ ਪ੍ਰਕਾਰ, ਮਾਯੂਸੀ ਵਿੱਚ, ਅਤਯੰਤ ਨਿਰਭੈ ਹੋ ਕੇ, ਯੁੱਧ ਨੂੰ ਫਿਰ ਛੇਤੀ ਹੀ ਕਾਮਯਾਬੀ ਦੀ ਹਦ ਤਕ ਪਹੁੰਚਾ ਦੇਂਦੇ ਹਨ. ਉਹਨਾਂ ਨੂੰ ਆਪਣੇ ਉਸਤਾਦਾਂ ਲਈ ਬੜਾ ਹੀ ਸਤਕਾਰ ਹੈ, ਤੇ ਜਦੋਂ ਵੀ ਲੋੜ ਪਵੇ ਉਹ ਆਪਣੀਆਂ ਜਾਨਾਂ ਨੂੰ ਪਰਮਾਤਮਾ ਦੀ ਸੇਵਾ ਵਿੱਚ ਲਾਣ ਤੋਂ ਤਨਕ ਮਾਤ੍ਰ ਵੀ ਸੰਕੋਚ ਨਹੀਂ ਕਰਦੇ.

ਉਹ, ਇੱਕ ਨਹੀਂ, ਸਾਰੇ ਦੇ ਸਾਰੇ ਹੀ ਤੌਹੀਦ ਦੇ ਵਿਸ਼੍ਵਾਸ ਧਾਰੀ ਹਨ, ਤੇ ਕੇਵਲ ਇੱਕ ਪਰਮਾਤਮਾ ਨੂੰ ਮੰਨਦੇ ਹਨ, ਤੇ ਭਾਵੇਂ ਬੁਤਾਂ ਦਾ ਅਤਯੰਤ ਹੀ ਸਤਕਾਰ ਕਰਦੇ ਹਨ, ਉਹ ਹਰਗਿਜ਼ ਹਰਗਿਜ਼ ਕਿਸੇ ਤਰ੍ਹਾਂ ਵੀ, ਬੁਤ ਪ੍ਰਸਤ ਨਹੀਂ, ਜਿਹਾ ਕਿ ਮੂਰਖਾਂ ਬੇਇਲਮਾਂ ਦਾ ਵੈਹਮ ਹੈ. ਮੈਂ ਆਪ ਅਨੇਕਾਂ ਵੇਰ ਇਸ ਮਤ ਦੇ ਉੱਚ ਵਿਦ੍ਵਾਨਾਂ ਤੇ ਸਤਪੁਰਖਾਂ ਨਾਲ ਇਸ ਵਿਸ਼ੇ ਤੇ ਬਚਨ-ਬਿਲਾਸ ਕੀਤਾ ਹੈ, ਤੇ ਮੈਂ ਉਹਨਾਂ ਦੇ ਸਿੱਧਾਂਤ ਨੂੰ ਸਮਝਦਾ ਹਾਂ, ਜੋ ਇਹ ਹੈ ਕਿ : ਬੁਤ ਕੇਵਲ ਰੂਹਾਨੀ, ਦਿਵਯ ਹਸਤੀਆਂ ਦੇ ਚਿੰਨ੍ਹ (ਅਥਵਾ, ਪ੍ਰਤਿਨਿਧ) ਹਨ, ਤੇ ਜਿਨ੍ਹਾਂ ਪੁਰ ਉਹ, ਪ੍ਰਾਰਥਨਾ ਵੇਲੇ, ਆਪਣੇ ਚਿੱਤ ਨੂੰ ਏਕਾਗਰ ਰੱਖਣ ਲਈ, ਧਿਆਨ ਜਮਾਂਦੇ ਹਨ, ਤੇ ਉਹਨਾਂ ਦਾ ਵਿਸ਼੍ਵਾਸ ਹੈ ਕਿ ਮਨੁੱਖ ਦਾ ਇਸ ਤਰ੍ਹਾਂ ਪਰਮਾਤਮਾ ਨੂੰ ਸੰਬੋਧਨ ਕਰਨਾ, ਲਾਜ਼ਮੀ ਫ਼ਰਜ਼ ਹੈ. ਉਹ ਆਪਣੀਆਂ ਸਾਰੀਆਂ ਉਪਾਸਨਾਵਾਂ ਵਿੱਚ ਸੂਰਜ ਤੋਂ ਹੀ ਆਸ਼ੀਰਵਾਦ ਦੀ ਯਾਚਨਾ ਕਰਦੇ ਹਨ.

Sri Satguru Jagjit Singh Ji eLibrary NamdhariElibrary@gmail.com

ਉਹ ਪਾਰਬ੍ਰਹਮ ਪਰਮਾਤਮਾ ਨੂੰ ਤਾਂ ਸੰਪੂਰਨ ਕ੍ਰਿਆ ਕਰਮ ਤੋਂ ਉੱਪਰ (ਪਰੇ) ਮੰਨਦੇ ਹਨ; ਪਰ, ਬ੍ਰਹਮਾ ਨੂੰ ਸ੍ਰਿਸ਼ਟੀ ਦਾ ਕਰਤਾ, ਬਿਸ਼ਨ (ਵਿਸ਼ਨੂੰ) ਨੂੰ ਪਾਲਕ ਤੇ ਰਾਖਾ, ਅਰ ਰੁਦ੍ਰ ਨੂੰ, ਜਿਸ ਨੂੰ ਮਹਾ ਦੇਵ ਵੀ ਆਖਦੇ ਹਨ, ਇਸ ਦਾ ਨਾਸ਼ਕ ਮੰਨਦੇ ਹਨ. ਇੱਕ ਸੰਪ੍ਰਦਾਏ ਦੇ ਲੋਕ ਐਸਾ ਵੀ ਮੰਨਦੇ ਹਨ ਕਿ ਪਰਮਾਤਮਾ, ਜਿਸ ਦਾ ਕੋਈ ਸਾਨੀ (ਬਰਾਬਰ) ਨਹੀਂ, ਉਪ੍ਰੋਕਤ ਤਿੰਨ ਰੂਪਾਂ ਵਿੱਚ ਭੂਮੀ ਤੇ ਪ੍ਰਗਟ ਹੋ ਚੁਕਾ ਹੈ, ਪਰ ਕਿਸੇ ਪ੍ਰਕਾਰ, ਲੇਸ਼ ਮਾਤ੍ਰ ਵੀ, ਨਾ-ਪਾਕ ਨਹੀਂ ਹੋਇਆ. ਇਹ ਵਿਸ਼੍ਵਾਸ ਐਸਾ ਹੀ ਹੈ, ਜਿਹਾ ਕਿ ਈਸਾਈਆਂ ਦਾ ਮਸੀਹ ਦੀ ਬਾਬਤ ਹੈ. ਦੂਜੀਆਂ ਸੰਪ੍ਰਦਾਵਾਂ ਦੇ ਲੋਕ ਮੰਨਦੇ ਹਨ ਕਿ ਬ੍ਰਹਮਾ, ਬਿਸ਼ਨ, ਮਹੇਸ਼ ਕੇਵਲ ਮਨੁੱਖ ਸਨ ਤੇ ਆਪਣੀ ਆਤਮਿਕ ਉੱਚਤਾ ਤੇ ਸਦਾ-ਚਾਰਕ ਪਵਿਤ੍ਰਤਾ ਦੇ ਕਾਰਣ ਏਹਨਾਂ ਪਰਮ ਮਹਾਨ ਦਰਜਿਆਂ ਤੇ ਪਹੁੰਚ ਗਏ ਸਨ. ਬਿਨਾ ਤਾਰੀਫ਼ ਦੇ ਕਹਿਣਾ ਪੈਂਦਾ ਹੈ ਕਿ ਇਸ ਧਰਮ ਵਿੱਚ ਐਸੇ ਐਸੇ ਮਨੁੱਖ ਮਿਲਦੇ ਹਨ ਜਿਨ੍ਹਾਂ ਦੇ ਬਰਾਬਰ, ਦੇਵ ਭਗਤੀ, ਤੇ ਵਿਸ਼ੇ ਭੋਗਾਂ ਤੋਂ ਨਿਵ੍ਰਿੱਤੀ, ਦੀ ਦ੍ਰਿਸ਼ਟੀ ਤੋਂ, ਹੋਰ ਕਿਸੇ ਵੀ ਧਰਮ ਵਿੱਚ ਮੌਜੂਦ ਨਹੀਂ. ਉਹਨਾਂ ਦਾ ਵਿਸ਼੍ਵਾਸ ਹੈ ਕਿ ਇਸ ਜਗਤ ਦਾ ਆਦਿ (ਅਰੰਭ) ਕੋਈ ਨਹੀਂ, ਪਰ ਇਸ ਗਲ ਨੂੰ ਕਈ ਇੱਕ ਮੰਨਦੇ ਹਨ ਕਿ ਇਸ ਦਾ ਅੰਤ ਜ਼ਰੂਰ ਹੋਵੇਗਾ.

ਬੜੀ ਹੈਰਾਨਗੀ ਦੀ ਗਲ ਇਹ ਹੈ ਕਿ ਜੇ ਕੋਈ ਹੋਰ ਆਦਮੀ ਬ੍ਰਾਹਮਣ ਬਣਨਾ ਚਾਹੇ ਤਾਂ ਉਸਨੂੰ ਬ੍ਰਾਹਮਣ ਬਣਨ ਦੀ ਆਗਿਆ ਨਹੀਂ ਦਿੱਤੀ ਜਾਂਦੀ, ਤੇ ਨਾਂ ਹੀ ਕੋਈ ਬ੍ਰਾਹਮਣ ਵੀ ਆਪਣੀ ਜ਼ਾਤ ਨੂੰ ਬਦਲ ਸਕਦਾ ਹੈ.

ਉਹਨਾਂ ਵਿੱਚ ਗ਼ੁਲਾਮ ਕੋਈ ਨਹੀਂ.

ਜਦੋਂ ਉਹ ਯੁੱਧ ਤੇ ਜਾਂਦੇ ਹਨ, ਅਥਵਾ ਕੋਈ ਵੈਰੀ ਉਹਨਾਂ ਤੇ ਆਕ੍ਰਮਣ ਕਰਦਾ ਹੈ ਤਾਂ ਉਹ ਸਾਰੀਆਂ ਤੀਮੀਆਂ ਨੂੰ ਇੱਕ ਥਾਂ ਇਕੱਠਾ ਕਰ ਕੇ, ਉਹਨਾਂ ਦੇ ਚੌਗਿਰਦੇ ਤੇਲ, ਤੀਲਿਆਂ ਤੇ ਲਕੜਾਂ ਦੇ ਅੰਬਾਰ ਜਮ੍ਹਾਂ ਕਰ ਦੇਂਦੇ ਹਨ, ਤੇ ਇਸ ਤਰ੍ਹਾਂ ਫਿਰ ਉਹਨਾਂ ਨੂੰ ਕੁੱਝਕ ਪੱਥਰ-ਦਿਲ ਆਦਮੀਆਂ ਦੇ ਸਪੁਰਦ ਕਰ ਜਾਂਦੇ ਹਨ. ਬਸ, ਜਦੋਂ ਯੁੱਧ ਵਿੱਚ ਟਾਕਰਾ ਕਰਨ ਵਾਲਿਆਂ ਨੂੰ ਜਿੱਤ ਦੀ ਯਾ ਜਾਨਾਂ ਬਚਾਣ ਦੀ ਆਸ ਨਹੀਂ ਰਹਿੰਦੀ ਤਾਂ ਉਹ ਆਦਮੀ ਫ਼ੌਰਨ ਉਸ ਅੰਬਾਰ ਨੂੰ ਅੱਗ ਲਾ ਦੇਂਦੇ ਹਨ ਤੇ ਆਨ ਦੀ ਆਨ ਵਿੱਚ ਤੀਮੀਆਂ ਸੁਆਹ ਦਾ ਢੇਰ ਹੋ ਜਾਂਦੀਆਂ ਹਨ.

ਜੇ ਕੋਈ ਮੁਸੀਬਤ-ਜ਼ਦਾ ਰਖਿਆ ਲਈ ਹਿੰਦੂਆਂ ਦੀ ਸ਼ਰਨ ਜਾ ਪਵੇ, ਤੇ ਭਾਵੇਂ ਉਹ ਅਜਨਬੀ ਹੀ ਕਿਉਂ ਨ ਹੋਵੇ, ਉਹ ਉਸ ਦਾ ਹਥ

Sri Satguru Jagjit Singh Ji eLibrary NamdhariElibrary@gmail.com

ਫੜ ਲੈਂਦੇ ਹਨ, ਤੇ ਆਪਣੇ ਮਾਲ, ਧਨ, ਇੱਜ਼ਤ ਤੇ ਜਾਨ ਦੁਆਰਾ ਉਸ ਦੇ ਦੁਖ ਦੀ ਨਿਵ੍ਰਿੱਤੀ ਕਰਦੇ ਹਨ.

ਪ੍ਰਾਚੀਨ ਸਮੇਂ ਵਿੱਚ ਏਹਨਾਂ ਦਾ ਰਿਵਾਜ ਸੀ ਕਿ ਯੁੱਧ ਦਾ ਫ਼ੈਸਲਾ ਦੋ ਯੋਧਿਆਂ ਦੇ ਪ੍ਰਸਪਰ ਟਾਕਰੇ ਦੁਆਰਾ ਕਰਦੇ ਸਨ ਪਰ ਹੁਣ ਇਹ ਰਿਵਾਜ ਬਿਲਕੁਲ ਹੀ ਹਟ *ਗਿਆ ਹੈ."

* ਇਹ ਉਲਥਾ ਅੰਗ੍ਰੇਜ਼ੀ ਤੋਂ ਮੇਰਾ ਆਪਣਾ ਕੀਤਾ ਹੋਇਆ ਹੈ ਤੇ ਬਿਲਕੁਲ ਸਹੀ ਹੈ, ਪਾਠਕ ਇਸ ਨੂੰ ਧਿਆਨ ਨਾਲ ਪੜ੍ਹੇ ਤੇ ਅਨੁਭਵ ਕਰੇ ਕਿ, ਇਸ ਬਿਆਨ ਅਨੁਸਾਰ, ਅਕਬਰ ਦੇ ਜ਼ਮਾਨੇ ਵਿੱਚ ਵੀ ਹਿੰਦੂ ਬਜ਼ੁਰਗ ਕੇਹੜੀ ਗੱਲੋਂ ਉਹਨਾਂ ਪਰਮ ਪ੍ਰਾਚੀਨ ਹਿੰਦੂਆਂ ਤੋਂ ਨੀਵੇਂ ਯਾ ਹੀਨ ਸਨ ਜਿਨ੍ਹਾਂ ਦੇ ਪ੍ਰਸ਼ੰਸਨੀਯ ਬ੍ਰਿਤਾਂਤ ਅੱਸੀਂ ਰਾਮਾਇਣ, ਮਹਾਭਾਰਤ ਆਦਿਕ ਗ੍ਰੰਥਾਂ ਵਿੱਚ ਪੜ੍ਹਦੇ ਹਾਂ. ਅੱਬੁਲ ਫ਼ਜ਼ਲ ਆਪਣੇ ਸਮੇਂ ਦਾ ਇੱਕ ਅਤਯੰਤ ਉੱਚ ਕੋਟੀ ਦਾ ਦਰਬਾਰੀ ਵਿਦਵਾਨ ਸੀ, ਕੋਈ ਸਾਧਾਰਣ ਬਜ਼ਾਰੀ ਲੇਖਕ ਨ ਸੀ, ਅਰ ਬੜੀ ਗੰਭੀਰ ਖੋਜ ਤੇ ਜਾਂਚ-ਪੜਤਾਲ ਮਗਰੋਂ ਉਸਨੇ ਆਪਣੀ ਇਹ ਰਾਏ ਪ੍ਰਗਟ ਕੀਤੀ ਹੈ. ਮੈਂ ਆਪਣੇ ਇਸ ਉਲਥੇ ਨੂੰ ਅੱਬੁਲ ਫ਼ਜ਼ਲ ਦੀ ਫ਼ਾਰਸੀ ਨਾਲ ਵੀ ਮਿਲਾ ਕੇ ਪੂਰੀ ਤਸੱਲੀ ਕਰ ਲਈ ਹੈ ਕਿ ਇਹ ਠੀਕ ਹੈ. ਅੱਬੁਲ ਫ਼ਜ਼ਲ ਦੀ ਹਿੰਦੂਆਂ ਦੇ ਸੰਬੰਧ ਵਿੱਚ ਇਹ ਬਲੰਦ ਰਾਏ ਪੜ੍ਹ ਕੇ ਪਾਠਕ ਜ਼ਰੂਰ ਕਹਿਨਗੇ ਕਿ ਐਨਿਆਂ ਗੁਣਾਂ ਦੇ ਧਨੀ ਹੋ ਕੇ ਫਿਰ ਕਿਉਂ ਹਿੰਦੂ ਬੀਰ ਵਿਦੇਸ਼ੀ ਹਮਲਾ ਆਵਰਾਂ ਦੇ ਸਾਹਮਣੇ ਤਕਰੀਬਨ ਹਮੇਸ਼ਾਂ ਹੀ ਹਾਰ ਖਾਂਦੇ ਰਹੇ ? ਇਸ ਦਾ ਉੱਤਰ ਇਹ ਹੈ ਕਿ ਪ੍ਰਸਪਰ ਫੂਟ (ਨਾ ਇਤਫ਼ਾਕੀ) ਦਾ ਇੱਕੋ ਔਗੁਣ ਹੀ ਹਿੰਦੂਆਂ ਨੂੰ ਯੁੱਧ ਭੂਮੀ ਤੋਂ ਮਾਯੂਸ ਲਿਔਂਦਾ ਰਿਹਾ ਹੈ, ਅਰ ਵਿਦੇਸ਼ੀ ਇਤਿਹਾਸਕਾਰਾਂ ਦਾ ਵੀ ਇਸ ਬਾਰੇ ਮਤ ਏਹੋ ਹੈ :

"The ease of Mahmud's raids (1000-1026 A.D.) and their success is somewhat hard to explain in view of the bravery and chivalry of so many Rajput kingdoms, but Rajput pride and internal jealousies ever prevented them from presenting a united front to the enemy, and all their bravery availed them nothing." (A History of India, by J. C. Powell-Price; Thomas Nelson & Sons, Ltd; London : 1955 p. 103.) Again, "The Picture of Mahmud presented to Indian eyes by his ruthless raids cannot be flattering. He looked on India as a treasure house to be looted at will....." (The above book, p. 106.) ਰਿਸ਼ੀ ਦਯਾਨੰਦ ਜੀ ਭੀ ਤਕਰੀ-

ਬਾਕੀ ਸਫ਼ਾ ੨੮੪ ਤੇ ਦੇਖੋ

Sri Satguru Jagjit Singh Ji eLibrary NamdhariElibrary@gmail.com

(੯੦) ਮੈਂ ਪ੍ਰਕਰਣ ਵਸ਼ ਪ੍ਰਸੰਗ ਤੋਂ ਬਾਰੰਬਾਰ ਲਾਂਭੇ ਹੋਣ ਦੀ, ਆਪਣੇ ਤਸੱਵਰ ਦੇ ਸਤਕਾਰਿਤ ਪਾਠਕ ਤੋਂ ਖਿਮਾ ਦੀ ਯਾਚਨਾ ਕਰਦਾ ਹਾਂ. ਮੈਂ ਇਸ ਲਈ ਵੀ ਖਿਮਾਂ ਦੀ ਨਿਸ਼ਕਪਟ ਯਾਚਨਾ ਕਰਦਾ ਹਾਂ ਕਿ ਮੈਂ ਪਾਠਕ ਨੂੰ ਉਹ ਸਾਰੀਆਂ ਮਨੋਰੰਜਕ ਤੇ ਲਾਭਦਾਇਕ ਕਥਾਵਾਂ ਨਹੀਂ ਸੁਣਾ ਸਕਿਆ ਜਿਨ੍ਹਾਂ ਤੋਂ ਉਸ ਨੂੰ ਮੁਕੰਮਲ ਤੌਰ ਤੇ ਇਤਮੀਨਾਨ ਹੁੰਦਾ ਕਿ ਕਿਸ ਤਰ੍ਹਾਂ ਓਦੋਂ (੧੯੦੬ ਤੇ ੧੯੧੨ ਦੇ ਵਿਚਕਾਰ) ਹਿੰਦੂ ਤੇ ਸਿੱਖ ਸ੍ਵਦੇਸ਼ ਵਿੱਚ ਹੀ ਨਹੀਂ ਸਗੋਂ ਪਰਦੇਸ (ਲੰਡਨ) ਵਿੱਚ ਵੀ ਪਿਆਰ ਤੇ ਸਤਕਾਰ ਨਾਲ ਰਹਿੰਦੇ ਸਨ, ਅਰ ਕਿਸ ਤਰ੍ਹਾਂ ਦੋਹਾਂ ਸ਼੍ਰੇਣੀਆਂ ਦੇ ਉੱਚ ਆਗੂ ਦੋਹਾਂ ਸ਼੍ਰੇਣੀਆਂ ਦੇ ਯੁਵਕਾਂ ਨੂੰ ਸ਼ਤ-ਪ੍ਰਤੀ-ਸ਼ਤ ਸਮਾਨ-ਭਾਵ ਤੇ ਸਮਾਨ-ਦ੍ਰਿਸ਼ਟੀ ਨਾਲ ਵੇਖਦੇ ਸਨ ! ਤਾਂ ਵੀ ਮੈਂ ਅੰਤ ਵਿੱਚ ਕੁੱਝਕ ਘਟਨਾਵਾਂ ਬਿਆਨ ਕਰਦਾ ਹਾਂ ਜਿਨ੍ਹਾਂ ਤੋਂ ਹਿੰਦੂ ਤੇ ਸਿੱਖਾਂ ਦੇ ਪ੍ਰਸਪਰ ਪ੍ਰੇਮ ਦੀ, ਤੇ ਦੋਹਾਂ ਦੇ ਸਿਦਕ, ਸਦਾਕਤ, ਕੌਮ ਪ੍ਰਸਤੀ, ਤੇ ਮੁਰੱਵਤ ਦੇ ਨਮੂਨਿਆਂ ਦੀ ਫ਼ਰਹਤ ਅੰਗੇਜ਼ ਯਾਦ ਸਾਡੀ ਮੌਜੂਦਾ ਨਸਲ ਦੇ ਦਿਲ ਤੇ ਦਮਾਗ਼ ਨੂੰ ਬਸ਼ਾਸ਼ਤ ਬਖ਼ਸ਼ੇਗੀ ! ਭਾਈ ਪਰਮਾਨੰਦ ਜੀ (ਨਾਵੀਂ ਪਾਤਿਸ਼ਾਹੀ ਦੇ ਸਿੱਖ ਭਾਈ ਮਤੀ ਦਾਸ ਜੀ ਸ਼ਹੀਦ ਦੇ ਵੰਸ਼ਜ) ਲੰਡਨ ਵਿੱਚ

ਸਫ਼ੇ ੨੯੩ ਦੀ ਬਾਕੀ

ਬਨ ਏਹਨਾਂ ਹੀ ਸ਼ਬਦਾਂ ਵਿੱਚ ਇਸ ਵਿਸ਼ੇ ਪਰ ਆਪਣੀ ਸੰਮਤੀ ਇਸ ਪ੍ਰਕਾਰ ਸਤਯਾਰਥ ਪ੍ਰਕਾਸ਼ ਵਿੱਚ ਪ੍ਰਗਟ ਕਰ ਗਏ ਹਨ :

"ਅਬ ਅਭਾਗਯੋਦਯ ਸੇ ਔਰ ਆਰਯੋਂ ਕੇ ਆਲਸਯ, ਪ੍ਰਮਾਦ, ਪਰਸਪਰ ਕੇ ਵਿਰੋਧ ਸੇ ਅਨਯ ਦੇਸ਼ੋਂ ਕੇ ਰਾਜਯ ਕਰਨੇ ਕੀ ਤੋ ਕਥਾ ਹੀ ਕਯਾ ਕਹਨੀ ਕਿੰਤੂ ਆਰਯਾਵਰਤ ਮੇਂ ਭੀ ਆਰਯੋਂ ਕਾ ਅਖੰਡ, ਸਵਤੰਤ੍ਰ, ਸਵਾਧੀਨ, ਨਿਰਭਯ ਰਾਜਯ ਇਸ ਸਮਯ ਨਹੀਂ ਹੈ, ਜੋ ਕੁਛ ਹੈ ਸੋ ਭੀ ਵਿਦੇਸ਼ਿਯੋਂ ਕੇ ਪਾਦਾਕ੍ਰਾਂਤ ਹੋ ਰਹਾ ਹੈ, ਕੁਛ ਥੋੜੇ ਰਾਜਾ ਸਵਤੰਤ੍ਰ ਹੈਂ। ਦੁਰਦਿਨ ਜਬ ਆਤਾ ਹੈ ਤਬ ਦੇਸ਼ ਵਾਸਿਯੋਂ ਕੋ ਅਨੇਕ ਪ੍ਰਕਾਰ ਕਾ ਦੁੱਖ ਭੋਗਨਾ ਪੜਤਾ ਹੈ। ਕੋਈ ਕਿਤਨਾ ਹੀ ਕਰੇ ਪਰੰਤੂ ਜੋ ਸਵਦੇਸ਼ੀਯ ਰਾਜਯ ਹੋਤਾ ਹੈ ਵੋਹ ਸਰਵੋਪਰਿ ਉੱਤਮ ਹੋਤਾ ਹੈ ਅਥਵਾ ਮਤ-ਮਤਾਂਤਰ ਕੇ ਆਗ੍ਰਹਰਹਿਤ ਅਪਨੇ ਔਰ ਪਰਾਏ ਕਾ ਪਕਸ਼ਪਾਤ ਸ਼ੂਨਯ ਪ੍ਰਜਾ ਪਰ ਪਿਤਾ ਮਾਤਾ ਕੇ ਸਮਾਨ ਕ੍ਰਿਪਾ, ਨਯਾਯ ਔਰ ਦਯਾ ਕੇ ਸਾਥ ਵਿਦੇਸ਼ਿਯੋਂ ਕਾ ਰਾਜਯ ਭੀ ਪੂਰਣ ਸੁਖਦਾਯਕ ਨਹੀਂ ਹੋਤਾ."--(ਦੇਖੋ, ਸਤਯਾਰਥ ਪ੍ਰਕਾਸ਼, ਸਮੁੱਲਾਸ ੮). ਤਥਾ ਹੀ "ਪਰੰਤੂ ਐਸੇ ਸ਼ਿਰੋਮਣਿ ਦੇਸ਼ ਕੋ ਮਹਾਭਾਰਤ ਕੇ ਯੁੱਧ ਨੇ ਐਸਾ ਧੱਕਾ ਦਿਯਾ ਕਿ ਅਬ ਤਕ ਭੀ ਅਪਨੀ ਪੂਰਵ ਦਸ਼ਾ ਮੇਂ ਨਹੀਂ ਆਯਾ ਕਯੋਂ ਕਿ ਜਬ ਭਾਈ ਕੋ ਭਾਈ ਮਾਰਨੇ ਲਗੇ ਤੋ ਨਾਸ਼ ਹੋਨੇ ਮੇਂ ਕਯਾ ਸੰਦੇਹ," ਸਮੁੱਲਾਸ ੧੧.

Sri Satguru Jagjit Singh Ji eLibrary NamdhariElibrary@gmail.com

ਮੇਰੇ ਸ਼ਮਕਾਲੀ ਸਨ. ਏਹਨਾਂ ਦੀ ੧੯੦੭ ਵਿੱਚ ਕਿਤੇ ਇਤਫ਼ਾਕੀਆ ਹੀ ਇੱਕ ਅੰਗ੍ਰੇਜ਼ ਲੈਫ਼ਟੈਨੈਂਟ ਮਸਗ੍ਰੇਵ ਨਾਲ ਮੁਲਾਕਾਤ ਹੋ ਗਈ, ਜਿਸ ਨੇ ਬਰਮਾ ਵਿੱਚ ਇੱਕ ਸਿੱਖ ਪਲਟਣ ਦਾ ਅਫ਼ਸਰ ਹੋ ਕੇ ਆਣਾ ਸੀ. ਇਸ ਨੇ ਭਾਈ ਜੀ ਨੂੰ ਕਿਹਾ ਕਿ ਮੈਨੂੰ ਕੋਈ ਪੰਜਾਬੀ ਪੜ੍ਹਾਣ ਵਾਲਾ ਲਭ ਦਿਓ. ਚੁਨਾਂਚਿ ਭਾਈ ਜੀ ਕਾਲਜ ਤੋਂ ਛੁੱਟੀ ਲੈ ਕੇ ਲਗਾਤਾਰ ਦੋ ਦਿਨ ਮੈਨੂੰ ਟੋਲਦੇ ਰਹੇ ! ਆਖ਼ਿਰ ਜਦ ਮੈਂ ਉਹਨਾਂ ਨੂੰ ਮਿਲ ਪਿਆ ਤਾਂ ਉਹਨਾਂ ਨੇ ਮੇਰੀ ਮਸਗ੍ਰੇਵ ਨਾਲ ਬਤੌਰ ਪੰਜਾਬੀ ਅਧਿਆਪਕ ਪਰਿਚੈ ਕਰਵਾਈ. ਜਦ ਫ਼ੀਸ ਦਾ ਮਾਮਲਾ ਛਿੜਿਆ ਤਾਂ ਭਾਈ ਜੀ ਨੇ ਉਸ ਨੂੰ ਕਿਹਾ ਕਿ ਇੱਕ ਘੰਟਾ ਰੋਜ਼ਾਨਾ ਦਾ ਅੱਧਾ ਪੌਂਡ (ਸਾਢੇ ਸਤ ਰੁਪਏ) ਲੈਨਗੇ. ਇਹ ਸੁਣ ਕੇ ਉਹ, ਜੋ ਕੁੱਝ ਗੁਸੈਲ ਜਿਹਾ ਆਦਮੀ ਸੀ, ਚੌਂਕਿਆ ਤੇ ਚੀਕਿਆ, ਤੇ ਪੰਜਾਬੀ ਬੋਲੀ ਦੀ ਸ਼ਾਨ ਦੇ ਵਿਰੁੱਧ ਕੋਈ ਅਯੋਗ ਜਏ ਮੰਦੇ ਬਜ਼ਾਰੀ ਕਲਮੋਂ ਬੋਲਣ ਲਗ ਪਿਆ, ਤਾਂ ਭਾਈ ਜੀ ਨੇ ਝਟ ਗਰਜ ਕੇ ਕਿਹਾ ਕਿ "ਮੇਰੇ ਗਵਾਂਢ ਵਿੱਚ ਇੱਕ ਫ਼ਰੈਂਚ ਮਾਸਟਰ ਫ਼ਰੈਂਚ ਪੜ੍ਹਾਣ ਔਂਦਾ ਹੈ ਤੇ ਮੈਨੂੰ ਪਤਾ ਹੈ ਉਹ ਇਸੇ ਹਿਸਾਬ ਨਾਲ ਫ਼ੀਸ ਵਸੂਲ ਕਰਦਾ ਹੈ. ਜਿੱਕੁਰ ਤੁਹਾਨੂੰ ਤੇ ਫ਼ਰਾਂਸੀਸੀਆਂ ਨੂੰ ਆਪਣੀ ਬੋਲੀ ਪਿਆਰੀ ਹੈ ਇੱਕੁਰ ਹੀ ਸਾਨੂੰ ਵੀ ਆਪਣੇ ਵਤਨ ਦੀ ਬੋਲੀ ਬਹੁਤ ਹੀ ਪਿਆਰੀ ਹੈ." ਸੋ ਮਸਗ੍ਰੇਵ ਇਹ ਸੁਣਦਿਆਂ ਹੀ ਅੱਧਾ ਪੌਂਡ ਫ਼ੀ ਘੰਟਾ ਰੋਜ਼ਾਨਾ ਦੇਣਾ ਮੰਨ ਗਿਆ. ਤਾਂ ਭਾਈ ਜੀ ਨੇ ਫਿਰ ਮੇਰੇ ਵਲ ਹਥ ਕਰ ਕੇ ਕਿਹਾ ਕਿ ਏਹਨਾਂ ਦੇ ਮਕਾਨ ਤੋਂ ਆਪ ਦਾ ਇਹ (Portland Hotel) ਹੋਟਲ ਇੱਕ ਸ਼ਲਿੰਗ (ਬਾਰਾਂ ਆਨੇ) ਕਿਰਾਏ ਦੇ ਫ਼ਾਸਲੇ ਤੇ ਹੈ, ਸੋ ਦੋ ਸ਼ਲਿੰਗ ਆਣ ਜਾਣ ਦਾ ਕਿਰਾਇਆ ਇਹ ਵਖਰਾ ਲਿਆ ਕਰਨਗੇ. ਤੀਜੀ ਗਲ ਉਹਨਾਂ ਨੇ ਕਿਹਾ, ਇਹ ਹੈ ਕਿ ਫ਼ੀਸ ਰੋਜ਼ ਦੀ ਰੋਜ਼ ਲੈਨਗੇ, ਅਰ ਐਤਵਾਰ ਦੀ ਫ਼ੀਸ, ਸੋਮਵਾਰ ਦੀ ਫ਼ੀਸ ਨਾਲ ਜ਼ਰੂਰ ਲੈ ਲਿਆ ਕਰਨਗੇ, ਪਰ ਐਤਵਾਰ ਨੂੰ ਪੜ੍ਹਾਣ ਨਹੀਂ ਆਇਆ ਕਰਨਗੇ. ਮਸਗ੍ਰੇਵ ਸਾਰੀਆਂ ਗੱਲਾਂ ਮੰਨ ਗਿਆ ਤੇ ਮੈਂ ਉਸ ਨੂੰ ਚਾਰ ਮਹੀਨੇ ਪੜ੍ਹਾਇਆ, ਅਰ ਭਾਈ ਜੀ ਦੀ ਹਿਦਾਇਤ ਅਨੁਸਾਰ ਉਸ ਤੋਂ ਫ਼ੀਸ ਵਸੂਲ ਕੀਤੀ. ਉਹ ਬੜਾ ਅਮੀਰ ਆਦਮੀ ਸੀ ਤੇ ਅਮੂਮਨ ਦੋ ਦੋ ਅਰ ਕਦੇ ਕਦੇ ਤਿੰਨ ਤਿੰਨ ਘੰਟੇ ਵੀ ਪੜ੍ਹਦਾ ਸੀ. ਮੈਂ ਉਸ ਦੇ ਪਾਸ ਆਪਣੇ ਕਾਲਜ ਤੋਂ ਵੇਹਲਾ ਹੋ ਕੇ ਚਲਾ ਜਾਂਦਾ ਸਾਂ, ਤੇ ਚਵ੍ਹਾਂ ਮਹੀਨਿਆਂ ਵਿੱਚ ਉਸ ਨੇ ਮੈਨੂੰ ਕੋਈ ਸਵਾ ਸੌ ਪੌਂਡ (੧੮੭੫ ਰੁਪਏ) ਦਿੱਤੇ. ਜੇ ਭਾਈ ਜੀ ਮੈਨੂੰ ਉਸ ਦੇ ਨਾਲ ਕੇਵਲ ਪਰਿਚਿਤ (Introduce) ਹੀ ਕਰਵਾ ਦਿੰਦੇ, ਅਰ ਹੋਰ ਦਿਲਚਸਪੀ ਨ ਲੈਂਦੇ ਤਾਂ ਮੈਂ ਉਸ ਤੋਂ, ਆਪਣੀ ਅਕਲ

Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਤਾਂ, ਬਿਲਮੁਕਤਾ, ਸਠ ਰੁਪਏ ਮਹੀਨਾ ਮੰਗਦਾ; ਕਿਰਾਏ ਦੀ ਬਾਬਤ ਬਿਲਕੁਲ ਹੀ ਭੁੱਲ ਜਾਂਦਾ; ਅਰ ਐਤਵਾਰਦੀ ਫ਼ੀਸ ਦਾ ਤਾਂ ਫੁਰਨਾ ਹੀ ਕਦੇ ਨ ਫੁਰਦਾ! ਐਸੀ ਦਸ਼ਾ ਵਿੱਚ, ਪਾਠਕ ਆਪ ਹਿਸਾਬ ਲਾ ਕੇ ਵੇਖੋ ਕਿ, ਮੈਨੂੰ ਤਿੰਨਾਂ ਮਹੀਨਿਆਂ ਬਾਦ ਕੀ ਬਚਦਾ!

(੯੧) ਸਨ ੧੯੦੭ ਦੀਆਂ ਗਰਮੀਆਂ ਵਿੱਚ ਸਰਬ ਸ੍ਰੀ ਸਾਵਰਕਰ, ਬਾਪਤ, ਸ਼ਿਆਮ ਜੀ ਕ੍ਰਿਸ਼ਣ ਵਰਮਾ ਆਦਿਕ ਨੇ 'ਇੰਡੀਆ ਹਾਊਸ' ਲੰਡਨ ਵਿੱਚ ੧੮੫੭ ਦੇ 'ਹਿੰਦੁਸਤਾਨੀ ਗ਼ਦਰ' ਦੀ ਯਾਦ ਦਾ ਪਚਾਸਵਾਂ ਸਾਲ ਮਨਾਇਆ. ਜਿਸ ਵਿੱਚ ਸੱਠ ਦੇ ਕਰੀਬ ਹਿੰਦੁਸਤਾਨੀ (ਜ਼ਿਆਦਾ ਤਰ ਹਿੰਦੂ) ਯੂਰਪ ਤੇ ਅਮ੍ਰੀਕਾ ਦੇ ਭਿੰਨ ਭਿੰਨ ਹਿਸਿਆਂ ਤੋਂ ਸ਼ਾਮਿਲ ਹੋਏ, ਤੇ ਬੜੇ ਜੋਸ਼ੋ-ਖ਼ਰੋਸ਼ ਨਾਲ ਜਲਸਾ ਹੋਇਆ. ਅਨੇਕ ਪ੍ਰਕਾਰ ਦੇ ਕੌਮੀ ਗੀਤ, ਹਿੰਦੀ ਤੇ ਉਰਦੂ ਵਿੱਚ ਹਾਰਮੋਨੀਅਮ ਵਾਜੇ ਨਾਲ ਗਾਏ ਗਏ. ਅਨੇਕ ਪ੍ਰਕਾਰ ਦੀਆਂ ਆਤਸ਼ੀ ਤਕਰੀਰਾਂ ਹੋਈਆਂ, ਜਿਨ੍ਹਾਂ ਵਿੱਚ ਨਵੇਂ ਨੌਜੁਆਨ ਵਿਦਿਆਰਥੀਆਂ ਨੂੰ, ਇਤਿਹਾਸ ਤੇ ਮਿਥਿਹਾਸ ਦੇ ਨਿਹਾਇਤ ਹੀ ਦਿਲ ਵੇਧਵੇਂ ਪ੍ਰਮਾਣਾਂ ਦੁਆਰਾ, ਹੁੱਬੁਲਵਤਨੀ ਦੀ ਅਰਸ਼ੀ ਮੌਯ ਦਾ ਉਹ ਜਾਮ ਪਿਲਾਇਆ ਗਿਆ ਜਿਸ ਦੇ ਨਸ਼ੇ ਨੇ ਫਿਰ ਉਮਰ ਭਰ ਨ ਤਾਂ ਉਤਰਨਾ ਸੀ ਤੇ ਨ ਮੱਠਾ ਪੈਣਾ ਸੀ. ਉੱਥੇ, ਉਸੇ ਦਿਨ ਹੀ, ਹਿੰਦੂ ਨੌਜੁਆਨਾਂ ਦੀ ਉਸ ਅਮੁੱਕ ਤੇ ਅਮਿਤ ਯੋਗਤਾ ਤੇ ਸਮਰਥਾ ਦਾ ਮੈਨੂੰ ਗਿਆਨ ਹੋਇਆ, ਜੋ ਉਹਨਾਂ ਦੇ ਪੁਰਾਤਨ ਹਿਰਦਿਆਂ ਤੋਂ ਸ੍ਵਦੇਸ਼ ਨੂੰ ਵਿਦੇਸ਼ੀ ਪੰਜਿਆਂ ਤੋਂ ਰਿਹਾ ਕਰਵਾਣ ਲਈ, ਤੂਫ਼ਾਨੀ ਸਮੁੰਦਰ ਦੀਆਂ ਭਿਆਨਕ ਲਹਿਰਾਂ ਵਾਂਗ ਉਛਲ ਉਛਲ ਕੇ ਬਾਹਿਰ ਆ ਰਹੀ ਸੀ, ਤੇ ਜਿਸ ਬਿਖਮ ਕਾਰਜ ਦੀ ਸਿੱਧੀ ਲਈ ਏਹਨਾਂ ਬਾਂਕੇ ਛਬੀਲੇ ਜੁਆਨਾਂ ਵਿੱਚੋਂ ਕੋਈ ਅਮ੍ਰੀਕਾ ਦੇ ਹੋਟਲਾਂ ਵਿੱਚ ਭਾਂਡੇ ਮਾਂਜ ਮਾਂਜ ਕੇ ਖ਼ੁਆਰ ਹੋ ਰਿਹਾ ਸੀ, ਕੋਈ ਜਹਾਜ਼ਾਂ ਦੇ ਕੁਲੀਆਂ ਵਿੱਚ ਟਕਰਾਂ ਮਾਰ ਰਿਹਾ ਸੀ, ਕੋਈ ਰੂਸ ਦੇ ਜੰਗਲਾਂ ਵਿੱਚ ਭੰਭਲਭੂਸੇ ਖਾ ਰਿਹਾ ਸੀ, ਕੋਈ ਲੰਡਨ ਵਿੱਚ ਸੰਘ ਪਾੜ ਰਿਹਾ ਸੀ, ਤੇ ਕੋਈ ਪੈਰਿਸ ਵਿੱਚ ਲੁਕਿਆ ਬੈਠਾ ਸੀ! ਹਾਂ ਜੀ, ਹਰ ਨੇਕ ਪ੍ਰਤਿਗਿਆ ਦੇ ਪਾਲਣ ਲਈ ਤੇ ਹਰ ਨੇਕ ਅਸੂਲ ਨੂੰ ਜਿਉਂਦਾ ਰੱਖਣ ਲਈ, ਬਦਾਂ ਦੀ ਦੁਨੀਆਂ ਵਿੱਚ ਨੇਕਾਂ ਨੂੰ ਰੁਸਵਾ ਤੇ ਜ਼ਲੀਲ ਹੋਣਾ ਹੀ ਪੈਂਦਾ ਹੈ! ਉਸ ਜਲਸੇ ਵਿੱਚ ਜੋ ਗੀਤ ਗਾਏ ਗਏ ਉਹਨਾਂ ਵਿੱਚੋਂ ਇੱਕ ਦੀ ਇੱਕ ਨਸ਼ੀਲੀ ਟੂਕ ਮੈਨੂੰ ਹੁਣ ਤਕ ਯਾਦ ਹੈ, ਜੋ ਇਹ ਸੀ : "ਐ ਕ੍ਰਿਸ਼ਣ ਅਪਨੀ ਸ਼ਕਤੀ ਕੋ ਫਿਰ ਸੇ ਪ੍ਰਕਾਸ਼ ਕਰ। ਦਿਖਲਾ ਦੇ ਇਨ ਗੋਰੋਂ ਕੋ ਕਿ ਕਾਲੇ ਬਲਾ ਕੇ ਹੈਂ।" ਉੱਥੇ ਇਸ ਗ਼ਲ ਦੀ

Sri Satguru Jagjit Singh Ji eLibrary NamdhariElibrary@gmail.com

ਪੂਰੀ-ਏਹਤਜ਼ਾਤ ਰੱਖੀ ਗਈ ਕਿ ਸਿਵਾਏ ਜਰਮਨਾਂ ਦੇ ਹੋਰ ਕੋਈ ਸੇਵਾਦਾਰ ਸੇਵਾ ਲਈ ਸਭਾ ਵਿੱਚ ਸਾਹਮਣੇ ਨ ਹੋਵੇ. ਆਖ਼ਿਰ ਉੱਥੇ ਇੱਕ ਇੱਕ ਸ਼ਿਲਿੰਗ ਤੋਂ ਇੱਕ 'ਬੈਜ' (Badge) ਵੇਚਿਆ ਗਿਆ, ਜੋ ਇੱਕ ਅੰਮ੍ਰਿਤਸਰੀ ਸਿੱਖ ਫ਼ੀਰ ਪੈਰਿਸ ਤੋਂ ਬਣਵਾ ਕੇ ਲਿਆਇਆ ਸੀ. ਇਹ ਆਮ ਮੈਡਲ (Medal) ਦੇ ਆਕਾਰ ਦੀ ਇੱਕ ਨਿਹਾਇਤ ਖ਼ੂਬਸੂਰਤ ਤੇ ਨਫ਼ੀਸ ਚੀਜ਼ ਸੀ, ਜਿਸ ਦੇ ਪਿਛਲੇ (ਯਾ ਹੇਠਲੇ) ਪਾਸੇ ਸੇਫ਼ਟੀ ਪਿਨ ਲੱਗੀ ਹੋਈ ਸੀ, ਤੇ ਜਿਸ ਦੀ ਬਣਤਰ ਕੁੱਝ ਇਸ ਪ੍ਰਕਾਰ ਸੀ; ਗੋਲ ਧਾਤੂ ਦੀ ਚਿੱਟੀ ਜ਼ਮੀਨ ਉੱਤੇ ਮੀਨਾਕਾਰੀ ਦਾ ਇੱਕ ਤਿਰੰਗਾ (ਚਿੱਟਾ, ਸਾਵਾ, ਤੇ ਲਾਲ) ਝੰਡਾ ਸੀ. ਇਸ ਦੇ ਗਿਰਦ ਅੱਧੇ ਚੱਕਰ ਵਿੱਚ ਇਹ ਸ਼ਬਦ (ਨੀਲੇ) ਲਿੱਖੇ ਹੋਏ ਸਨ : "Sacred to the Memory of the Martyrs of 1857," (ਅਰਥਾਤ, "੧੮੫੭ ਦੇ ਸ਼ਹੀਦਾਂ ਦੀ ਪਵਿਤ੍ਰ ਯਾਦ ਵਿੱਚ"). ਮੈਂ ਆਪਣਾ 'ਬੈਜ', ਭੋਲੇ ਭਾ, ਦੂਜੇ ਦਿਨ, ਕੋਟ ਦੀ ਉੱਪਰਲੀ ਜੇਬ ਦੇ ਪਾਸ ਲਗਾ ਕੇ ਕਾਲਜ ਚਲਾ ਗਿਆ; ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਨੇ ਨੁਕਤਾ ਚੀਨੀ ਕੀਤੀ; ਪਰ ਮੈਂ ਉਸ ਨੂੰ ਉਸੇ ਤਰ੍ਹਾਂ ਸਾਰਾ ਦਿਨ, ਲੱਗਾ ਰਹਿਣ ਦਿੱਤਾ. ਕਈ ਦਿਨ ਬਾਦ ਮੇਰੇ ਬਜ਼ੁਰਗ ਮਿਤ੍ਰ (ਦੇਖੋ, ਪ੍ਰਕਰਣਾਂਕ ੨੨) ਪ੍ਰੋਫ਼ੈਸਰ (ਹੁਣ ਸੰਤ) ਤੇਜਾ ਸਿੰਘ ਜੀ ਨੂੰ ਪਤਾ ਲੱਗਾ ਕਿ ਮੇਰੇ ਪਾਸ ਉਹ 'ਬੈਜ' ਮੌਜੂਦ ਹੈ. ਸੋ ਉਹ ਮੇਰੇ ਡੇਰੇ ਉਚੇਚੇ ਇਸ ਮਤਲਬ ਲਈ ਤਸ਼ਰੀਫ਼ ਲਿਆਏ ਕਿ ਮੈਂ ਉਸ ਨੂੰ ਭੰਨ ਤੋੜ ਕੇ ਕਿਧਰੇ ਸੁਟ ਦਿਆਂ, ਪਰ ਮੈਂ ਨ ਮੰਨਿਆ, ਤੇ ਉਹਨਾਂ ਦੇ ਸਾਹਮਣੇ ਹੀ ਮੈਂ ਉਸ ਨੂੰ ਕੋਟ ਤੇ ਲਗਾ ਲਿਆ. ਉਹ ਹਨੇਰਾ ਪੈਣ ਤਕ ਮੇਰੇ ਡੇਰੇ ਬੈਠੇ ਰਹੇ ਤੇ ਜਦ ਮੈਂ ਉਹਨਾਂ ਨੂੰ ਹੋਰ ਵੀ ਜ਼ਿਆਦਾ ਹਨੇਰਾ ਪਏ ਰੇਲਵੇ ਸਟੇਸ਼ਨ ਤਕ ਛੱਡਣ ਗਿਆ, ਤਾਂ ਰਸਤੇ ਵਿੱਚ ਜਦ ਅੱਸੀਂ ਇੱਕ ਐਸੀ ਥਾਂ ਤੋਂ ਲੰਘ ਰਹੇ ਸਾਂ ਜਿੱਥੇ ਰੋਸ਼ਨੀ ਦਾ ਕੋਈ ਇਨਤਜ਼ਾਮ ਨ ਸੀ, ਉੱਥੇ ਪ੍ਰੋਫ਼ੈਸਰ ਸਾਹਿਬ ਨੇ ਮੇਰੇ ਕੋਟ ਤੋਂ ਝਟ ਬੈਜ ਖਿੱਚ ਕੇ ਉਸ ਨੂੰ ਸੜਕ ਤੋਂ ਲਾਂਭੇ, ਉਜਾੜ ਦੇ ਘਾਹ ਵਿੱਚ, ਜਿੰਨੀ ਦੂਰ ਸੁਟ ਸਕਦੇ ਸਨ ਸੁਟ ਦਿੱਤਾ. ਮੈਂ ਸ਼ੋਕ ਵਿੱਚ, ਰੋਣ ਵਾਲਾ ਮੂੰਹ ਬਣਾ ਕੇ, ਉਸੇ ਕਦਮ ਪਰ ਪਲ ਭਰ ਡਟ ਕੇ ਖੜਾ ਹੋ ਗਿਆ ਤੇ, ਉਹਨਾਂ ਤੋਂ ਬੇ-ਮਲੂਮਾ, ਉੱਥੇ ਹੀ, ਜਿੱਥੇ ਖੜਾ ਸਾਂ, ਆਪਣਾ ਰੁਮਾਲ ਤੇ ਇੱਕ ਦਸਤਾਨਾ ਹਨੇਰੇ ਵਿੱਚ ਸੁਟ ਦਿੱਤਾ. ਅਰ ਏਹਨਾਂ ਨਿਸ਼ਾਣੀਆਂ ਦੀ ਮਦਦ ਨਾਲ ਸਵੇਰ ਸਾਰ ਚਾਨਣਾ ਹੁੰਦਿਆਂ ਹੀ ਉੱਥੋਂ 'ਬੈਜ' ਨੂੰ ਲਭ ਕੇ ਲੈ ਗਿਆ. ਮੁੱਦਤ ਬਾਦ ਭਾਈ ਸਾਹਿਬ ਕਾਨ੍ਹ ਸਿੰਘ ਜੀ ਲੰਡਨ ਪਹੁੰਚੇ. ਉਹਨਾਂ ਨੂੰ ਵੀ ਪਤਾ

Sri Satguru Jagjit Singh Ji eLibrary NamdhariElibrary@gmail.com

ਲੱਗਾ ਕਿ 'ਬੈਜ' ਮੇਰੇ ਪਾਸ ਮੌਜੂਦ ਹੈ. ਸੋ ਉਹਨਾਂ ਨੇ ਉਸ ਨੂੰ ਸਹਜ ਸੁਭਾ ਵੇਖਣ ਲਈ ਮੰਗਿਆ. ਜਦ ਮੈਂ ਦੇ ਦਿੱਤਾ ਤਾਂ ਕਹਿਣ ਲੱਗੇ, "ਇਸ ਨੂੰ ਕੁੱਝ ਦਿਨ ਮੇਰੇ ਪਾਸ ਹੀ ਰਹਿਣ ਦਿਓ." ਮੈਂ ਕਿਹਾ, "ਚੰਗਾ, ਪਰ ਵਾਪਸ ਜ਼ਰੂਰ ਦੇ ਦੇਣਾ." ਉਹਨਾਂ ਉੱਤਰ ਦਿੱਤਾ, "ਜ਼ਰੂਰ!" ਪਰ ਜਦ ਕੁੱਝ ਦਿਨ ਮਗਰੋਂ ਮੈਂ ਮੰਗਿਆ ਤਾਂ ਕਹਿਣ ਲੱਗੇ, "ਉਹ ਤਾਂ ਮੈਥੋਂ (ਮਹਾਰਾਜਾ) ਰਿਪੁਦਮਨ ਸਿੰਘ ਜੀ ਨੇ ਲੈ ਲਿਆ ਹੈ."

(੯੧) ੨੯ ਦਸੰਬਰ, ਸਨ ੧੯੦੮, ਮੰਗਲਵਾਰ, ਮੁਤਾਬਕ ੧੯੬੩ ਬਿਕ੍ਰਮੀ ਨੂੰ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਸੀ. ਵਿਨਾਯਕ ਦਾਮੋਦਰ ਸਾਵਰਕਰ ਤੇ ਉਹਨਾਂ ਦੇ ਸਾਥੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਧਾਰਨ ਦਾ ਇਹ ਮਹੋਤਸਵ ਬੜੀ ਧੂਮ ਧਾਮ ਨਾਲ ਮਨਾਣਾ ਚਾਹੁੰਦੇ ਸਨ. ਚੁਨਾਂਚਿ ਉਹਨਾਂ ਨੇ ਲੰਡਨ ਦੇ ਇੱਕ ਵਿਸ਼ਾਲ ਜਨਤਾ ਭਵਨ ਵਿੱਚ ਇਸ ਮਨੋਰਥ ਲਈ ਯਥਾ ਯੋਗ ਪ੍ਰਬੰਧ ਕਰ ਕੇ ਸੈਂਕੜੇ ਹੀ ਅੰਗ੍ਰੇਜ਼ ਤੇ ਭਾਰਤੀਆਂ ਨੂੰ ਉੱਥੇ ਬੁਲਾਇਆ. ਏਹਨਾਂ ਵਿੱਚ ਮੇਰੇ ਸਮੇਤ ਕੁੱਝ ਹੋਰ ਸਿੱਖ ਵਿਦਿਆਰਥੀ ਵੀ ਸਨ. ਜਨਤਾ ਭਵਨ ਨੂੰ ਵਿਸ਼ੇਸ਼ ਰੁਚੀ, ਪਰੀਸ਼੍ਰਮ, ਤੇ ਖੁਲ੍ਹੇ ਖਰਚ ਨਾਲ ਸਜਾਇਆ ਹੋਇਆ ਸੀ, ਤੇ ਹਿੰਦੂਆਂ ਵਿੱਚ ਸਾਵਰਕਰ ਜੀ ਤੋਂ ਅਤਿਰਿਕਤ ਕਈ ਹੋਰ ਐਸੇ ਵਿਅਕਤੀ ਵੀ ਸਨ, ਜਿਨ੍ਹਾਂ ਨੇ ਜੀਵਨ ਦੇ ਭਵਿਸ਼ਯਤ ਵਿੱਚ ਬਹੁਤ ਹੀ ਪ੍ਰਸਿੱਧ ਹੋਣਾ ਸੀ, ਮਸਲਨ (ਹੋਣ ਵਾਲੇ ਡਾਕਟਰ ਸਰ) ਗੋਕਲ ਚੰਦ ਜੀ ਨਾਰੰਗ ਉੱਥੇ ਸਨ, ਤੇ (ਹੋਣ ਵਾਲੇ ਡਾਕਟਰ) ਹਰਿਦਿਆਲ ਜੀ ਐਮ:ਏ: ਵੀ ਉੱਥੇ ਸਨ, ਜੋ ਇਸ ਸਮੇਂ ਭਗਵੇ ਵਸਤ੍ਰਾਂ ਵਿੱਚ ਨਜ਼ਰ ਆਏ. ਸਟੇਜ ਦੀ ਪਿਛਲੀ ਕੰਧ ਤੇ ਇੱਕ ਲੰਮਾ ਲਾਲ ਕਪੜਾ ਟੰਗਿਆ ਹੋਇਆ ਸੀ ਜਿਸ ਦੇ ਉੱਪਰ ਸੁਨਹਿਰੀ ਕਾਗ਼ਜ਼ ਦੇ ਅਖਰਾਂ ਨਾਲ ਇਹ ਸ਼ਬਦ ਲਿੱਖੇ ਹੋਏ ਸਨ: "Prophet, Poet, and Warrior--Shri Guru Gobind Singh (ਅਰਥਾਤ, ਨਬੀ, ਕਵੀ, ਤੇ ਯੋਧਾ, ਸ੍ਰੀ ਗੁਰੂ ਗੋਬਿੰਦ ਸਿੰਘ). ਸਭ ਤੋਂ ਪਹਿਲੇ ਸਾਵਰਕਰ ਜੀ ਨੇ ਸ੍ਰੀ ਗੁਰੂ ਕਲਗੀ ਧਰ ਦੀ ਪ੍ਰਸ਼ੰਸਾ ਵਿੱਚ ਇੱਕ ਨਹਾਇਤ ਹੀ ਪੁਰ ਅਸਰ, ਲੰਮੀ, ਤੇ ਦਿਲਫ਼ਰੇਬ ਤਕਰੀਰ ਕੀਤੀ. ਇਸ ਦੇ ਬਾਦ ਤਿੰਨ ਹੋਰ ਤਕਰੀਰਾਂ ਮਗਰੋਂ ਗੋਕਲ ਚੰਦ ਜੀ ਉੱਠੇ (ਜਿਨ੍ਹਾਂ ਨੇ ਭਾਰਤ ਵਿੱਚ ਆ ਕੇ The Transformation of Sikhism ਨਾਮਕ ਬਹੁਮੂਲਜ ਪੁਸਤਕ ਪ੍ਰਕਾਸ਼ਿਤ ਕੀਤੀ). ਏਹਨਾਂ ਨੂੰ ਚੂੰਕਿ ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਤੇ ਇਤਿਹਾਸ ਨਾਲ ਵਿਸ਼ੇਸ਼ ਪ੍ਰੇਮ ਸੀ, ਤੇ ਚੂੰਕਿ ਇਹ ਇਸ ਬਾਣੀ ਦੇ ਵਿਸ਼ੇਸ਼ ਛੰਦਾਂ ਦੀ ਅਜ਼ਮਤ, ਤਾਕਤ

Sri Satguru Jagjit Singh Ji eLibrary NamdhariElibrary@gmail.com

ਤੇ ਬਲੰਦ ਖ਼ਿਆਲੀ ਨੂੰ, ਨਿਜ ਅਧੀਨ ਤੋਂ ਨਿਜ ਅਨੁਭਵ ਵਿੱਚ, ਭਲੀ ਪ੍ਰਕਾਰ ਮਹਿਸੂਸ ਕਰਦੇ ਸਨ, ਇਸ ਲਈ ਏਹਨਾਂ ਨੇ ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਦੇ ਚੋਣਵੇਂ ਹਵਾਲੇ ਪੇਸ਼ ਕਰ ਕੇ ਅੰਗ੍ਰੇਜ਼ ਜਨਤਾ ਨੂੰ ਸਤਿਗੁਰਾਂ ਦੀ ਜੀਵਨ ਜੁਗਤੀ, ਸ਼ਕਤੀ, ਤੇ ਭਗਤੀ ਦੇ ਪ੍ਰਭਾਵ ਦਾ ਜਿਉਂਦਾ-ਜਾਗਦਾ ਚਿਤ੍ਰ ਖਿੱਚ ਵਿਖਾਇਆ, ਅਰ ਕਿਹਾ ਕਿ ਸ਼ਾਇਦ ਹੀ ਕਿਸੇ ਹੋਰ ਜ਼ਬਾਨ ਵਿੱਚ ਐਸਾ ਓਜਸ੍ਵੀ ਸਾਹਿਤਜ ਹੋਵੇ ਜਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾ-ਰਾਜ ਦੀ ਰਚਨਾ ਦਾ ਹੈ. ਇਸ ਅਵਸਰ ਪਰ ਵਿਦਾਨ ਵਕਤਾ ਜੀ ਅਤਿ ਹੁਲਾਸ ਵਿੱਚ ਇਉਂ ਬੋਲੇ : "ਜੇ ਐਸ ਵੇਲੇ ਇੱਥੇ ਸ੍ਰੋਤਿਆਂ ਵਿੱਚ ਕੋਈ ਐਸਾ ਸਿੱਖ ਮੌਜੂਦ ਹੋਵੇ ਜੋ ਏਹਨਾਂ ਛੰਦਾਂ ਨੂੰ ਮੂਲ ਰੂਪ ਵਿੱਚ ਸੁਣਾ ਸਕੇ, ਜਿਨ੍ਹਾਂ ਦਾ ਅੰਗ੍ਰੇਜ਼ੀ ਉਲਥਾ ਮੈਂ ਸੁਣਾਇਆ ਹੈ, ਤਾਂ ਮੈਨੂੰ ਅਸੀਮ ਖ਼ੁਸ਼ੀ ਹੋਵੇਗੀ !" ਇਹ ਸੁਣਦਿਆਂ ਹੀ ਮੈਂ ਉਠਿਆ ਤੇ ਸਟੇਜ ਉੱਤੇ ਖੜਾ ਹੋ ਕੇ ਜਿਉਂ ਹੀ "ਖਗ ਖੰਡ ਬਿਹੰਡੰ ਖਲ ਦਲ ਖੰਡੰ....."ਦਾ, ਉੱਚਾਰਣ ਕਰਨ ਲੱਗਾ ਕਿ ਝਟ 'Daily Mirror, London' ਦਾ ਸੰਪਾਦਕ ਮੈਗਨੀਸੀ-ਅਮ ਫ਼ਲੈਸ਼ ਨਾਲ, ਮੇਰੀ ਫੋਟੋ ਲੈਣ ਲਗ ਪਿਆ. ਇਸ ਵਕਤ ਵੀਰ ਹਰਨਾਮ ਸਿੰਘ ਜੀ ਵੀ (ਜੋ ਮਗਰੋਂ ਬੈਰਿਸਟਰ ਬਣੇ) ਮੇਰੇ ਨਾਲ ਸਟੇਜ ਤੇ ਖੜੇ ਸਨ. ਫੋਟੋ ਦੇ ਬਾਦ ਮੈਂ * ਇਹ ਸਾਰਾ ਛੰਦ, ਜੋ ਮੈਨੂੰ ਚੰਗੀ ਤਰ੍ਹਾਂ ਕੰਠ ਸੀ, ਵਕਤਾ ਜੀ ਦੀ ਆਸ ਤੇ ਇਛਿਆ ਅਨੁਸਾਰ ਸੁਣਾਣ ਵਿੱਚ ਪੂਰਨ ਸਫਲ ਹੋਇਆ.

(੯੨) ੮ ਅਗਸਤ ਸਨ ੧੯੦੯, ਐਤਵਾਰ, ਦੀ ਸ਼ਾਮ ਨੂੰ ਇੰਪੀਰੀ-ਅਲ ਇਨਸਟੀਟਿਊਟ, ਲੰਡਨ, ਵਿੱਚ ਇੱਕ ਖਾਣ-ਪੀਣ ਦੀ ਪਾਰਟੀ ਸੀ. ਉੱਥੇ ਹੱਸਣ-ਬੋਲਣ ਤੇ ਖਾਣ-ਪੀਣ ਦੀ ਚਹਿਲ-ਪਹਿਲ ਵਿੱਚ, ਇੰਡੀਆ ਆਫ਼ਿਸ ਦਾ ਇੱਕ ਪ੍ਰਸਿੱਧ ਅੰਗ੍ਰੇਜ਼, ਸਰ ਕਰਜ਼ਨ ਵਾਇਲੀ (Sir Curzon Wyllie), ਤੇ ਮਲਾਇਆ ਦਾ ਇੱਕ ਪਾਰਸੀ, ਡਾਕਟਰ ਲਾਲ ਕਾਕਾ, ਕਤਲ

* "ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ ॥

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬਡੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰਡੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ॥
ਜੈ ਜੈ ਜਗ ਕਾਰਣ ਸ੍ਵਸਟ ਉਬਾਰਣ ਅਸਿ ਪ੍ਰਤਿ ਪਾਰਣ ਜੈ ਤੇਗੰ॥"

(ਸ੍ਰੀ ਨ: ਅਧ. ੧. ਛੰਦ. ੨.)

Sri Satguru Jagjit Singh Ji eLibrary NamdhariElibrary@gmail.com

ਹੋ ਗਏ. ਇਸ ਸੰਬੰਧ ਵਿੱਚ ਉੱਥੇ ਹੀ ਅੰਮ੍ਰਿਤਸਰ ਦੇ ਇੱਕ ਵਿਦਿਆਰਥੀ, ਮਦਨ ਲਾਲ ਧਿੰਗੜਾ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ. ਮੈਂ ਇਹ ਗ੍ਰਿਫ਼ਤਾਰੀ ਆਪਣੀ ਅੱਖੀਂ ਵੇਖੀ. ਚੂੰਕਿ ਲੰਡਨ ਦੇ ਵਸਨੀਕ ਹਿੰਦੁਸਤਾਨੀਆਂ ਨੂੰ ਇਤਮੀਨਾਨ ਹੋ ਗਿਆ ਕਿ ਇਹ ਕੰਮ ਹਿੰਦੁਸਤਾਨੀ ਵਿਦਿਆਰਥੀ ਦਾ ਹੀ ਹੈ ਇਸ ਲਈ ਇਸ ਹਾਦਸੇ ਪਰ ਰੋਸ ਪ੍ਰਗਟ ਕਰਨ ਲਈ, ਤੇ ਅੰਗ੍ਰੇਜ਼ਾਂ ਨੂੰ ਯਕੀਨ ਦਿਵਾਣ ਲਈ ਕਿ ਆਮ ਹਿੰਦੁਸਤਾਨੀਆਂ ਦੀ ਏਹਨਾਂ ਕਤਲਾਂ ਨਾਲ ਕਿਸੇ ਪ੍ਰਕਾਰ ਦੀ ਕੋਈ ਹਮਦਰਦੀ ਨਹੀਂ, ਉਹਨਾਂ ਨੇ ਲੰਡਨ ਦੇ ਇੱਕ ਜਨਤਾ ਭਵਨ ਵਿੱਚ ਬੜਾ ਭਾਰੀ ਜਲਸਾ ਕੀਤਾ. ਜਲਸੇ ਵਿੱਚ ਇਸ ਵਿਸ਼ੇ ਪਰ ਅਨੇਕਾਂ ਤਕਰੀਰਾਂ ਹੋਈਆਂ ਤੇ ਮਗਰੋਂ ਸਭਾ ਪਤੀ ਨੇ ਬੜੀ ਸੰਜੀਦਗੀ ਤੇ ਅਫ਼ਸੋਸ ਨਾਲ ਇਹ ਮਤਾ ਸ੍ਰੋਤਿਆਂ ਦੇ ਸਾਹਮਣੇ ਪੇਸ਼ ਕੀਤਾ : "ਇਹ ਸਭਾ ਸਰਬ ਸਮਤੀ ਨਾਲ ਮਤਾ ਪਰਵਾਣ ਕਰਦੀ ਹੈ ਕਿ ਕੋਈ ਵੀ ਸਮਝਦਾਰ, ਵਫ਼ਾਦਾਰ, ਤੇ ਬਾਵਕਾਰ ਹਿੰਦੁਸਤਾਨੀ ਇਸ 'ਜੁਰਮ' ਦੇ ਕੰਮ ਦਾ ਹਾਮੀ ਤੇ ਹਮਦਰਦ ਨਹੀਂ." ਸਭਾਪਤੀ ਹਿਜ਼ ਹਾਈਨੈਸ ਦੀ ਆਗ਼ਾਖ਼ਾਨ ਜੀ ਸਨ, ਪਰ ਸਰ ਮਾਂਚੂ ਜੀ ਭੌ-ਨਗਰੀ ਤੇ ਬਿਪਿਨ ਚੰਦ੍ਰ ਜੀ ਪਾਲ ਵੀ ਹੋਰ ਅਨੇਕਾਂ ਹੀ ਪ੍ਰਸਿੱਧ ਹਿੰਦੁਸਤਾਨੀਆਂ ਨਾਲ ਸਟੇਜ ਪਰ ਸੁਸ਼ੋਭਿਤ ਸਨ. ਮਤਾ ਪੇਸ਼ ਕਰਨ ਤੋਂ ਪਹਿਲੇ ਕੀਤੇ ਗਏ ਕਰਮ ਦੇ ਵਿਰੁੱਧ ਡਾਕਟਰ ਪੋਲਕ ਸਾਹਿਬ ਮਦਨ ਲਾਲ ਦੇ ਭਾਈ ਵੱਲੋਂ ਇੱਕ ਬੜਾ ਲੰਮਾ ਬਿਆਨ ਵੀ ਪੜ੍ਹ ਕੇ ਸੁਣਾ ਚੁਕੇ ਸਨ. ਮੈਂ ਸਭਾ ਪਤੀ ਦੇ ਸੱਜੇ ਪਾਸੇ, ਕੰਧ ਦੇ ਨਾਲ, ਭਵਨ ਦੇ ਮੱਧ ਵਿੱਚ, ਖੜਾ ਸਾਂ. ਮੇਰੇ ਸਾਹਮਣੇ ਜੋ ਕੁਰਸੀਆਂ ਦੀ ਕਤਾਰ ਸੀ ਉਸ ਦੀ ਚੌਥੀ ਕੁਰਸੀ ਪਰ ਵਿਨਾਯਕ ਦਾਮੋਦਰ ਸਾਵਰਕਰ ਜੀ ਬੈਠੇ ਸਨ. ਬਸ, ਮਤੇ ਦੇ ਸ਼ਬਦ ਸੁਣਦਿਆਂ ਹੀ ਸਾਵਰਕਰ ਜੀ ਉੱਠੇ ਤੇ ਸੱਜਾ ਹੱਥ ਉੱਪਰ ਕਰ ਕੇ, ਤਰਜਨੀ (Fore-finger) ਨੂੰ ਹਲਾਂਦੇ ਹੋਏ, ਖ਼ੂਬ ਉੱਚੀ ਆਵਾਜ਼ ਨਾਲ ਕਹਿਣ ਲੱਗੇ, "ਸਰਬ ਸਮਤੀ ਨਾਲ ਨਹੀਂ, ਸ੍ਰੀ ਮਾਨ ਜੀ, ਸਰਬ ਸਮਤੀ ਨਾਲ ਨਹੀਂ !" (ਮਤੇ ਦੇ ਅੰਗ੍ਰੇਜ਼ੀ ਸ਼ਬਦਾਂ ਵਿੱਚ 'ALL' ਸ਼ਬਦ ਆਇਆ ਸੀ, ਇਸ ਲਈ ਸਾਵਰਕਰ ਜੀ ਨੇ ਕਿਹਾ ਸੀ, "Not All, Sir, Not all" ਤਾਂ ਸਭਾਪਤੀ ਨੇ ਕਿਹਾ, "ਕੀ ਕਿਹਾ ਈ ?" ਸਾਵਰਕਰ ਜੀ ਫਿਰ ਉਸੇ ਤਰ੍ਹਾਂ ਨਿਰਭੈ ਹੋ ਕੇ, ਪਹਿਲੇ ਤੋਂ ਵੀ ਜ਼ਰਾ ਬਲੰਦ ਆਵਾਜ਼ ਵਿੱਚ ਬੋਲੇ, "Not All, Sir, Not All !" ਇਹ ਸੁਣਦਿਆਂ ਹੀ ਸਟੇਜ ਤੋਂ ਕਈ ਆਵਾਜ਼ਾਂ ਇਕਠੀਆਂ ਹੋ, ਕ੍ਰੋਧ ਅਗਨੀ ਦੇ ਅਲੰਬਿਆਂ ਵਾਂਗ, ਇਉਂ ਉਰਦੂ ਵਿੱਚ ਆਈਆਂ : "ਅਰੇ ਯੇਹ ਕੌਨ ਹੈ ? ਯੇਹ ਕੌਣ ਹੈ ਇਸ ਕੋ ਪਕੜੋ ! ਅਰੇ ਪੁਲੀਸ ਕੋ ਬੁਲਾਓ, ਪੁਲੀਸ ਕੋ ਬੁਲਾਓ !"

Sri Satguru Jagjit Singh Ji eLibrary NamdhariElibrary@gmail.com

ਬਸ, ਤੁਰਤ ਇੱਕ ਨੌਜੁਆਨ ਸਾਵਰਕਰ ਜੀ ਤੋਂ ਅਗਲੀ ਕੁਰਸੀ ਤੋਂ ਉਠਿਆ ਤੇ ਉਰਦੂ ਵਿੱਚ ਚੀਕਿਆ, "ਇਸ ਕਾ ਨਾਮ ਸਾਵਰਕਰ ਹੈ, ਸਾਵਰਕਰ, ਯੇਹ...!" ਤੇ ਅੱਗੋਂ ਕੁੱਝ ਕਹਿਣ ਹੀ ਲੱਗਾ ਸੀ ਕਿ ਛਿਨ ਮਾਤਰ ਵਿੱਚ ਸਾਵਰਕਰ ਜੀ ਦੇ ਪਿੱਛੋਂ ਕੋਈ ਨੌਜੁਆਨ ਉਠਿਆ ਜਿਸ ਦੇ ਹੱਥ ਵਿੱਚ ਦੇਸੀ ਖੁੰਡਾ ਸੀ. ਇਸ ਨੇ ਝਟ ਆਪਣੀ ਕੁਰਸੀ ਤੇ ਚੜ੍ਹ ਕੇ, ਉਪਰੋਂ ਹੀ, ਖੁੰਡਾ ਅੱਗੇ ਵਧਾਇਆ ਤੇ ਸਹਾਰ ਕੇ ਉਸ ਦੇ ਸਿਰ ਤੇ ਟਿਕਾਇਆ ਜਿਸ ਨੇ ਸਾਵਰਕਰ ਜੀ ਦਾ ਨਾਮ ਲਿਆ ਸੀ. ਫਿਰ ਕੀ ਹੋਇਆ ? ਅਖ ਦੇ ਪਲਕਾਰੇ ਵਿੱਚ ਸ਼ਾਂਤ ਭਵਨ ਦਾ ਨਕਸ਼ਾ ਬਦਲ ਗਿਆ ! ਆਦਮੀਆਂ ਦਾ ਰੌਲਾ, ਜ਼ਨਾਨੀਆਂ ਦੀਆਂ ਚੀਕਾਂ, ਤੇ ਕੁਰਸੀਆਂ ਦੀਆਂ ਟੱਕਰਾਂ ! ਮੈਨੂੰ ਤਾਂ ਏਹੋ ਕੁੱਝ ਨਜ਼ਰ ਆਇਆ ਤੇ ਦਸਕੁ ਮਿੰਟ ਏਹੋ ਵਰਤਾਰਾ ਵਰਤਿਆ ਰਿਹਾ ! ਇਤਨਾ ਸ਼ੁਕਰ ਹੈ ਕਿ ਰਾਤ ਨ ਸੀ ! ਬਾਰੰਬਾਰ 'ਪੋਲੀਸ', 'ਪੋਲੀਸ', ਦੀ ਦੁਹਾਈ ਮਚਾਈ ਗਈ, ਪਰ, ਪੁਲੀਸ ਨ ਬਹੁੜੀ, ਤੇ ਚੀਕ ਚਿੰਘਾੜੇ ਵਿੱਚ ਸਾਵਰਕਰ ਜੀ ਆਪਣੇ ਸਾਥੀਆਂ ਸਹਿਤ ਚੁਪਕੀਤੇ ਹੀ ਗ਼ਾਇਬ ਹੋ ਗਏ ! ਭਵਨ ਵਿੱਚ ਮੁੜ ਸ਼ਾਂਤ ਵਰਤੀ. ਪਰ ਇਸਤੋਂ ਬਾਦ ਕੇਵਲ ਦੋਕੁ ਮਿੰਟ ਵਿੱਚ ਹੀ 'ਸਰਬ ਸਮਤੀ' ਨਾਲ ਮਤਾ ਪਰਵਾਣ ਕਰ ਕੇ ਸਭਾ ਦੀ ਸਮਾਪਤੀ ਕਰ ਦਿੱਤੀ ਗਈ ! ਹੁਣ, ਭਵਨ ਤੋਂ ਬਾਹਰ ਨਿਕਲਦਿਆਂ ਹੋਇਆਂ ਲੋਕਾਂ ਦਾ ਖ਼ਿਆਲ ਇਹ ਸੀ ਕਿ ਸਾਵਰਕਰ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਜ਼ਰੂਰ ਪੁਲੀਸ ਫੜ ਕੇ ਲੈ ਗਈ ਹੋਣੀ ਹੈ. ਬਿਪਿਨ ਬਾਬੂ ਦਾ ਇਹ ਵਤੀਰਾ ਸੀ ਕਿ ਉਹ ਅਮੂਮਨ ਡੂੰਘੀਆਂ ਜੇਬਾਂ ਵਾਲਾ ਅਸਾਧਾਰਣ ਲੰਮਾ ਓਵਰ ਕੋਟ ਹੀ ਪਹਿਨਿਆ ਕਰਦੇ ਸਨ, ਤੇ ਇਸ ਦੀ ਇੱਕ ਜੇਬ ਵਿੱਚ ਅੰਗ੍ਰੇਜ਼ੀ ਨਾਈਟ ਕੈਪ ਤੇ ਦੂਜੀ ਵਿੱਚ ਇੱਕ ਤਿੰਨ ਚਾਰ ਗਜ਼ੀ ਦਸਤਾਰ ਰਖਿਆ ਕਰਦੇ ਸਨ. ਬਸ, ਬਾਹਰੋਂ ਬਜ਼ਾਰ ਤੋਂ ਨਾਈਟ ਕੈਪ ਵਿੱਚ ਉਹ ਜਿਉਂ ਹੀ ਕਿਸੇ ਜਨਤਾ ਭਵਨ ਦੇ ਅੰਦਰ ਵੜਦੇ ਸਨ, ਪਲ ਦੀ ਪਲ ਵਿੱਚ, ਨਾਈਟ ਕੈਪ ਨੂੰ ਜੇਬ ਵਿੱਚ ਪਾ ਕੇ, ਦਸਤਾਰ ਸਜਾ ਲੈਂਦੇ ਸਨ, ਤੇ ਬਾਹਰ ਨਿਕਲਦਿਆਂ ਹੀ ਝਟ ਦੂਜੀ ਜੇਬ ਵਿੱਚੋਂ ਨਾਈਟ ਕੈਪ ਕੱਢ ਕੇ ਸਿਰ ਤੇ ਰਖ ਲੈਂਦੇ ਸਨ. ਸੋ ਹੁਣ ਉਹ ਬਾਹਰ ਨਿਕਲ ਕੇ ਨਾਲੇ ਤਾਂ ਦਸਤਾਰ ਉਤਾਰ ਕੇ ਕੈਪ ਧਾਰਣ ਕਰ ਰਹੇ ਸਨ, ਤੇ ਨਾਲੇ ਉੱਚੀ ਉੱਚੀ ਕਹਿ ਰਹੇ ਸਨ, "ਅਰੇ ਵੁਹ ਛੋਕਰੋਂ ਕੋ ਕਿਧਰ ਲੇ ਗਏ, ਛੋਕਰੋਂ ਕੋ ਕਿਧਰ ਲੇ ਗਏ ?" ਇਹ ਕੋਈ ਏਦਾਂ ਦੀ ਦਰਦ ਤੇ ਪਿਆਰ ਭਰੀ ਆਵਾਜ਼ ਸੀ ਜਿਸ ਦੇ ਅਸਰ ਦਾ ਅੰਦਾਜ਼ਾ ਕੇਵਲ ਸੁਣਨ ਵਾਲੇ ਹੀ ਲਾ ਸਕਦੇ ਸਨ, ਤੇ ਫਿਰ, ਬਿਪਿਨ ਬਾਬੂ ਦੀ ਰਿਸ਼ੀਆਂ

Sri Satguru Jagjit Singh Ji eLibrary NamdhariElibrary@gmail.com

ਵਾਲੀ ਸ਼ਕਲ ! ਉਹ ਵਾਕਈ ਉਸ ਸਮੇਂ ਭਾਰਤੀ ਵਿਦਿਆਰਥੀਆਂ ਦੇ ਪਿਤਾਮਾ ਰੂਪ ਨਜ਼ਰ ਆ ਰਹੇ ਸਨ ਤੇ ਇਸੇ ਰਿਸ਼ਤੇ ਦੇ ਲਹਜੇ ਵਿੱਚ ਬੋਲ ਰਹੇ ਸਨ. ਪਰ ਕਿਸੇ ਨੂੰ ਕੁੱਝ ਪਤਾ ਨ ਲੱਗਾ ਕਿ ਸਾਵਰਕਰ ਹੋਰੀ ਕਿਧਰ ਚਲੇ ਗਏ. ਹਾਂ, ਇੱਕ ਰਿੰਗ ਗੱਡੀ ਸੜਕ ਤੇ ਦਿੱਸੀ ਜਿਸ ਪੁਰ ਇੱਕ ਮੇਮ ਨਾਲ ਬੈਠੇ ਹੋਏ, ਖੁੰਡਾ ਖਾਣ ਵਾਲੇ ਅਕਲ ਲਤੀਫ ਜੀ, ਜ਼ਰੂਰ, ਕਿਧਰੇ ਜਾਂਦੇ ਹੋਏ ਨਜ਼ਰ ਆਏ ਜਿਨ੍ਹਾਂ ਦੇ ਸਿਰ ਅਤੇ ਮੱਥੇ ਪਰ ਲਹੂ ਨਾਲ ਲਿਬੜੀ ਹੋਈ ਚਿੱਟੀ ਪੱਟੀ ਬੱਧੀ ਹੋਈ ਸੀ. ਹੁਣ, ਜਨਤਾ ਭਵਨ ਤੋਂ ਬਾਹਰ ਨਿਕਲਣ ਵਾਲੇ, ਸਾਰੇ ਹੀ ਭਾਰਤੀਆਂ ਦਾ ਵਿਸ਼ਵਾਸ ਸੀ ਕਿ ਸਾਵਰਕਰ ਤੇ ਉਹਨਾਂ ਦੇ ਸਾਥੀ ਪੁਲੀਸ ਦੀ ਹਿਰਾਸਤ ਵਿੱਚ ਹੋਨਗੇ. ਪਰ, ਅਗਲੀ ਭਲਕ ਸਾਡੀ ਹੈਰਾਨਗੀ ਦੀ ਸੱਚ ਮੁੱਚ ਕੋਈ ਹਦ ਨ ਰਹੀ ਜਦ ਕਿ 'ਟਾਈਮਜ਼ ਆਫ਼ ਲੰਡਨ' ਰੋਜ਼ਾਨਾ (ਅਖ਼ਬਾਰ) ਵਿੱਚ ਸਾਵਰਕਰ ਜੀ ਦੀ ਚਿੱਠੀ ਪ੍ਰਕਾਸ਼ਤ ਹੋਈ ਵੇਖੀ. ਹਾਂ ਜੀ, ਉਸ ਸਾਵਰਕਰ ਵੀਰ ਦੀ ਜਿਸ ਨੇ ਕੁੱਝ ਚਿਰ ਬਾਦ ਜਹਾਜ਼ ਦੇ ਪੋਰਟਹੋਲ (Portwhole : an opening in a ship's side) ਵਿੱਚੋਂ ਸਮੁੰਦਰ (English Channel) ਵਿੱਚ ਛਾਲ ਮਾਰ ਕੇ ਤਰਦੇ ਤਰਦੇ ਫ਼ਰਾਂਸੀਸੀ ਕਿਨਾਰੇ ਤੇ ਪਹੁੰਚ ਕੇ ਦੁਨੀਆਂ ਨੂੰ ਹੈਰਾਨ ਕਰਨਾ ਸੀ ! ਚਿੱਠੀ, ਵਿੱਚ ਉਹਨਾਂ ਨੇ ਇਹ ਲਿਖਿਆ ਸੀ ਕਿ "ਮੈਂ ਕਿਵੇਂ ਇੱਕ ਐਸੇ ਮਤੇ ਨਾਲ ਮੁੱਤਫ਼ਿਕ ਹੁੰਦਾ ਜਿਸ ਵਿੱਚ ਇੱਕ ਐਸੇ ਕਰਮ ਨੂੰ 'ਜੁਰਮ' ਕਰਾਰ ਦਿੱਤਾ ਗਿਆ ਸੀ ਜਿਸਦਾ ਮਾਮਲਾ ਅਜੇ ਅਦਾਲਤ ਵਿੱਚ ਜ਼ੇਰ ਫ਼ੈਸਲਾ(Sub judice) ਹੈ." ਮੇਰੀ ਰਾਏ ਵਿੱਚ ਜੋ ਕਮਾਲ ਨਿਰਭੈਤਾ ਦੇ ਓਦੋਂ ਯੁਵਕ ਸਾਵਰਕਰ ਜੀ ਨੇ ਵਿਖਾਏ ਹਨ, ਉਹ ਦੁਨੀਆਂ ਵਿੱਚ, ਸ਼ਾਜ਼ੋ ਨਾਦਰ ਹੀ, ਕਦੇ ਜਨਤਾ ਦੀ ਦ੍ਰਿਸ਼ਟੀ ਪੈਂਦੇ ਹਨ !

(੯੩) ਮਦਨ ਲਾਲ ਜੀ ਧਿੰਗੜਾ ਨੇ ਮੰਗਲਵਾਰ, ੧੯ ਅਕਤੂਬਰ, ਸਨ ੧੯੦੯, ਸਵੇਰੇ ੭ ਵਜੇ, ਲੰਡਨ ਦੇ *'ਪੈਨਟਨਵਿਲ ਪ੍ਰਿਜ਼ਨ' ਵਿੱਚ ਖਿੜੇ ਮੱਥੇ ਸ਼ਹਾਦਤ ਦੀ ਵੇਦੀ ਪਰ ਭਾਰਤ ਦੀ ਆਜ਼ਾਦੀ ਹਿਤ ਆਪਣੇ ਨੌਜੁਆਨ ਸ਼ਰੀਰ ਦੀ ਕੁਰਬਾਨੀ ਦਿੱਤੀ, ਜਦ ਅੰਤ ਸਮੇਂ ਰਸਮੀ ਪਾਦਰੀ ਜੀ ਉਹਨਾਂ ਦੇ ਸਾਹਮਣੇ ਆਕੇ ਉਹਨਾਂ ਦੇ ਪਾਰਲੌਕਿਕ ਭਲੇ ਲਈ ਦੁਆ (ਪ੍ਰਾਰਥਨਾ)

* Pentonville is a district of North London, in the borough of Islington.

Sri Satguru Jagjit Singh Ji eLibrary NamdhariElibrary@gmail.com

ਕਰਨ ਲੱਗੇ ਤਾਂ ਉਹਨਾਂ ਨੇ ਲਲਕਾਰ ਕੇ ਕਿਹਾ, † "ਮੈਨੂੰ ਤੁਹਾਡੀ ਦੁਆ ਦੀ ਲੋੜ ਨਹੀਂ ! ਮੇਰੇ ਨਾਲ ਸ੍ਰੀ ਰਾਮ ਹਨ, ਮੇਰੇ ਨਾਲ ਸ੍ਰੀ ਕ੍ਰਿਸ਼ਨ ਹਨ, ਮੇਰੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਵੀ ਹਾਜ਼ਰ ਹਜ਼ੂਰ ਮੌਜੂਦ ਹਨ ! ਮੈਂ ਬਾਰ ਬਾਰ ਭਾਰਤ ਵਿੱਚ ਜੰਮਾਂ ਤੇ ਬਾਰ ਬਾਰ ਭਾਰਤ ਲਈ ਮਰਾਂ." ਧਿੰਗੜਾ ਜੀ ਦੇ ਅੰਤ ਕਾਲ ਦੀ ਇਸ ਪੂਰਨ ਅਡੋਲਤਾ, ਤੇਜ, ਤੇ ਸਾਹਸ ਤੋਂ ਨਿਸ਼ਚਿਤ ਹੁੰਦਾ ਹੈ ਕਿ ਉਹ ਜ਼ਰੂਰ ਧਾਰਮਿਕ ਸਿਦਕ, ਤੇ ਸਿਆਸੀ ਸਦਾਕਤ, ਦੇ ਪਾਕ ਤੇ ਗੂੜ੍ਹ ਰੰਗਾਂ ਨਾਲ ਕਿਸੇ ਅਮੁੱਕ ਦਰਜੇ ਦੀ ਬਲੰਦੀ ਤਕ ਰੰਗੇ ਹੋਏ ਸਨ, ਹਾਂ ਜੀ, ਆਖ਼ਿਰ ਤਾਂ ਸ੍ਰੀ ਗੁਰੂ ਰਾਮ ਦਾਸ ਦੀ ਪਾਵਨ ਨਗਰੀ ਦੇ ਨਿਵਾਸੀ

†"The years before the war (of 1914) were nevertheless marked by sufficient 'unrest' to cause disturbance to the mental composure of the ruling race. Indian terrorists succeeded in some notable *coups*, of which the assassination of Sir Curzon Wyllie in 1909 was probably the most notable. Mr. Wilfred Scawen Blunt in his diaries makes an interesting comparison between the 'religious horror' of the whole English Press at this event and its applause for 'exactly such crimes in Italy fifty years ago and in Russia the other day.' He records a conversation with Winston Churchill, at that time a member of the Liberal Government, in which Churchill 'quoted with admiration' the last words of the Indian assassin 'as the finest ever made in the name of patriotism'." (White Sahibs In India, by Reginald Reynolds, published by The Socialist Book Centre Ltd., 158, Strand, London; Third Revised Edition, 1946, p. 115.) ਧਿੰਗੜਾ ਜੀ ਦੇ ਜਿਨ੍ਹਾਂ ਅੰਤਿਮ ਸ਼ਬਦਾਂ ਦੀ ਵਿਨਸਟਨ ਚਰਚਿਲ ਨੇ ਤਾਰੀਫ਼ ਕੀਤੀ ਹੈ ਉਹ (ਅੰਗ੍ਰੇਜ਼ੀ ਵਿੱਚ) ਇਹ ਹੀ ਸਨ ਜੋ ਮੈਂ ਉੱਪਰ ਮੂਲ ਵਿੱਚ ਦਿੱਤੇ ਹਨ. ਪਰ ਧਿੰਗੜਾ ਜੀ ਦੇ ਪਿਤਾ ਨੇ ਜੋ ਨਿਹਾਇਤ ਲੰਮੀ ਤਾਰ (Cable) ਹਾਦਸੇ ਤੋਂ ਛੇਤੀ ਹੀ ਬਾਦ 'ਡੇਲੀ ਟੈਲੀਗ੍ਰਾਫ਼' (ਨਾਮਕ, ਲੰਡਨ ਦੀ ਰੋਜ਼ਾਨਾ ਅਖ਼ਬਾਰ) ਨੂੰ ਘੱਲੀ ਸੀ, ਉਸ ਦੀ ਅਤਿ ਮੋਟੇ ਅਖਰਾਂ ਵਿੱਚ ਸੁਰਖ਼ੀ ਸੀ, "ਮੇਰਾ ਧਿੱਕਾਰਿੰਤ ਪੁਤ੍ਰ" ("My Cursed Son"). ਧਿੰਗੜਾ ਜੀ ਨੇ ਹਾਦਸੇ ਵਾਲੀ ਸ਼ਾਮ ਨੂੰ ਇੰਪੀਰੀਅਲ ਇਨਸਟੀਟਿਊਟ ਵਿੱਚ ਸਿਰ ਤੇ ਲਾਲ ਚੀਰਾ (ਪਟਕਾ) ਬੱਧਾ ਹੋਇਆ ਸੀ, ਹਾਲਾਂਕਿ ਉਹ ਅਮੂਮਨ ਹੈਟ ਪਹਿਨਦੇ ਸਨ. ਕਿਹਾ ਜਾਂਦਾ ਸੀ ਕਿ ਇਹ ਰੰਗ ਦੇਵੀ ਭਗਵਤੀ ਨੂੰ ਪਿਆਰਾ ਹੈ,

Sri Satguru Jagjit Singh Ji eLibrary NamdhariElibrary@gmail.com

ਸਨ! ਹਾਂ ਜੀ, ਆਖ਼ਿਰ ਤਾਂ ਹਕੀਕਤ ਰਾਇ ਧਰਮੀ ਵਾਂਗ, ਇੱਕ ਸੰਤ ਸਰੂਪ ਕੇਸ ਧਾਰੀ ਸਿੱਖ ਦੇ ਦਾਮਾਦ ਸਨ ! ਉਹਨਾਂ ਦੀ ਧਰਮ ਪਤਨੀ ਦੇ ਭ੍ਰਾਤਾ ਤੇ ਮੈਂ ਉਹਨੀਂ ਦਿਨੀਂ ਇੱਕਠੇ ਇੱਕੋ ਮਕਾਨ ਵਿੱਚ ਰਹਿੰਦੇ ਸਾਂ. ਏਹਨਾਂ ਦਾ ਨਾਮ ਐਲ. ਐਸ. ਡੀ. ਸਿਰਦਾਰ ਸੀ, ਪਰ ਏਹਨਾਂ ਨੇ ਆਪਣਾ ਉਪਨਾਮ ਬ੍ਰਦਰ ਹੀਲੀਅਸ ਰਖਿਆ ਹੋਇਆ ਸੀ. ਸੋ ਧਿੰਗੜਾ ਜੀ ਦੇ ਆਤਮ ਦਾਨ ਤੋਂ ਕੁੱਝ ਦਿਨ ਪਹਿਲਾਂ ਬ੍ਰਦਰ ਹੀਲੀਅਸ ਨੇ ਮੈਨੂੰ ਕਿਹਾ, "ਮੈਂ ਧਿੰਗੜਾ ਜੀ ਨੂੰ ਮਿਲਣ ਜਾਣਾ ਹੈ, ਤੁੱਸੀਂ ਵੀ ਮੇਰੇ ਨਾਲ ਚਲੋ." ਮੈਂ ਉੱਤਰ ਵਿੱਚ ਕਿਹਾ, "ਸਤ ਬਚਨ !" ਪਰ ਇਹ ਕੰਮ ਸੁਖਾਲਾ ਨ ਸੀ, ਕਿਉਂ ਜੋ ਪੁੱਛ ਗਿੱਛ ਤੋਂ ਪਤਾ ਲੱਗ ਚੁੱਕਾ ਸੀ ਕਿ ਹੋਮ ਸੈਕ੍ਰੇਟਰੀ ਤੋਂ ਇਜਾਜ਼ਤ ਲੈਣੀ ਪੈਣੀ ਹੈ. ਹੋਮ ਸੈਕ੍ਰੇਟਰੀ ਉਸ ਜ਼ਮਾਨੇ ਵਿੱਚ ਹਰਬਰਟ ਜਾਹਨ ਗਲੈਡਸਟਨ ਸੀ. ਸੋ ਹੀਲੀਅਸ ਜੀ ਤੇ ਮੈਂ ਇੰਗਲਿਸਤਾਨ ਦੇ ਹੋਮ ਸੈਕ੍ਰੇਟਰੀ ਦੇ ਦਫ਼ਤਰ ਪਹੁੰਚੇ ਪਰ ਪੁਲੀਸ ਮੈਨ ਨੇ ਕੇਵਲ ਹੀਲੀਅਸ ਜੀ ਨੂੰ ਹੀ ਦਫ਼ਤਰ ਦੇ ਅੰਦਰ ਜਾਣ ਦਿੱਤਾ. ਦਫ਼ਤਰ ਉਪਰਲੀ ਛਤ ਪਰ ਸੀ. ਸੋ ਮੈਂ ਪਹੁੜੀਆਂ ਵਿੱਚ ਹੀ ਖੜਾ ਰਿਹਾ, ਅਰ ਹੀਲੀਅਸ ਜੀ ਮਿਸਟਰ ਗਲੈਡਸਟਨ (Who became Viscount in 1910, was youngest son of Celebrated W. E. Gladstone) ਨੂੰ ਮਿਲ ਕੇ ਆ ਗਏ. ਉਹਨਾਂ ਨੂੰ ਧਿੰਗੜਾ ਜੀ ਨਾਲ ਮੁਲਾਕਾਤ ਕਰਨ ਦੀ ਆਗਿਆ ਮਿਲ ਗਈ, ਤੇ ਉਹ ਜਦ ਪੈਨਟਨਵਿਲ ਪ੍ਰਿਜ਼ਨ ਵਿੱਚ ਉਹਨਾਂ ਨੂੰ ਮਿਲਣ ਗਏ ਤਾਂ ਮੈਂ ਵੀ ਉਹਨਾਂ ਦੇ ਨਾਲ ਗਿਆ, ਪਰ ਮੈਨੂੰ ਪ੍ਰਿਜ਼ਨ ਦੁਆਰ ਦੇ ਬਾਹਰ ਹੀ ਉਹਨਾਂ ਦੀ ਵਾਪਸੀ ਦਾ ਇਨਤਜ਼ਾਰ ਕਰਨਾ ਪਿਆ. ਉਹਨਾਂ ਨੇ ਵਾਪਸੀ ਪਰ ਦਸਿਆ ਕਿ "ਧਿੰਗੜਾ ਜੀ ਤੇ ਮੇਰੇ ਵਿਚਕਾਰ ਇੱਕ ਮੇਜ਼ ਸੀ ਤੇ ਸਾਨੂੰ ਦੋਹਾਂ ਨੂੰ ਇੱਕ ਦੂਜੇ ਦੇ ਸਾਹਮਣੇ ਬਿਠਾ ਕੇ ਸਿਰਫ਼ ਇਤਨਾ ਹੀ ਕਿਹਾ ਗਿਆ ਕਿ, 'ਅੰਗ੍ਰੇਜ਼ੀ ਵਿੱਚ ਬਾਤ ਚੀਤ ਕਰਨੀ ਹੋਵੇਗੀ', ਸੋ ਮੈਂ ਧਿੰਗੜਾ ਜੀ ਨੂੰ ਕਿਹਾ, 'Brother, have you any last message for your Nearest and Dearest (ਅਰਥਾਤ, ਭ੍ਰਾਤਾ, ਕੀ ਆਪ ਦਾ ਕੋਈ ਅੰਤਿਮ ਸਨੇਹਾ ਆਪਣੇ ਅਤਯੰਤ ਨਜ਼ਦੀਕੀ ਤੇ ਅਤਯੰਤ ਪਿਆਰੇ ਲਈ ਹੈ) ?' ਉਹਨਾਂ ਨੇ ਉੱਤਰ ਦਿੱਤਾ, 'No ! ਨਹੀਂ !' ਮੈਂ ਫਿਰ ਪੁਛਿਆ, 'Brother, have you any wish which can be lawfully fulfilled (ਅਰਥਾਤ, ਭ੍ਰਾਤਾ, ਕੀ ਆਪ ਦੀ ਕੋਈ ਖ਼ਾਹਿਸ਼ ਹੈ ਜਿਸ ਨੂੰ ਕਾਨੂਨ ਅਨੁਸਾਰ ਪੂਰਾ ਕੀਤਾ ਜਾ ਸਕਦਾ ਹੈ) ?' ਉਹਨਾਂ ਨੇ ਉੱਤਰ ਦਿੱਤਾ, 'No ! ਨਹੀਂ !' ਬਸ, ਹੋਰ

Sri Satguru Jagjit Singh Ji eLibrary NamdhariElibrary@gmail.com

ਗਲ ਬਾਤ ਨਹੀਂ ਹੋਈ. ਮੈਂ ਅਸੀਸਾਂ ਦੇ ਕੇ ਆ ਗਿਆ ਹਾਂ. ਉਹ ਬੜੀ ਚੜ੍ਹਦੀ ਕਲਾ ਵਿੱਚ ਹਨ. ਵਾਹਿਗੁਰੂ ਉਹਨਾਂ ਦਾ ਇੱਥੇ ਉੱਥੇ ਸਹਾਈ ਹੋਵੇ!" ਇਹ ਉਦਾਰ (unperplexed), ਬੀਰ, ਧੀਰ ਜਦ ਪੈਨਟਨਵਿਲ ਪ੍ਰਿਜ਼ਨ ਵਿੱਚ ਮ੍ਰਿਤ ਮੰਡਲ ਨੂੰ ਠੋਕਰ ਮਾਰ ਕੇ ਅਮਰ ਖੰਡ ਵਿੱਚ ਪ੍ਰਵੇਸ਼ ਕਰ ਰਿਹਾ ਸੀ, ਉਸ ਸਮੇਂ ਸਵੇਰੇ, ਬ੍ਰਦਰ ਹੀਲੀਅਸ ਤੇ ਮੈਂ ਜਗਦੀਸ਼ੁਰ ਦੇ ਚਰਨ ਕਮਲਾਂ ਵਿੱਚ ਉਸ ਦੀ ਸੁਰਖਿਆ ਲਈ ਚਿੱਤ ਏਕਾਗ੍ਰ ਕਰ ਰਹੇ ਸਾਂ. ਉਹ ਅਰੋੜਵੰਸ਼ ਦੀ ਧਿੰਗੜਾ ਬਰਾਦਰੀ ਦਾ ਨੌਨਿਹਾਲ ਸੀ, ਤੇ ਮੇਰਾ ਵਿਸ਼ਵਾਸ ਹੈ ਕਿ ਭਾਰਤ ਦੀ ਅੰਤਿਮ ਦੌਰ-ਇ-ਆਜ਼ਾਦੀ ਦਾ ਪਹਿਲਾ ਸ਼ਹੀਦ (Protomartyr) ਸੀ.

(੯੪) ਇੱਕ ਅਨੁਪਮ ਦ੍ਰਿਸ਼ਜ ਜੋ ਮੈਂ ਇੱਕੋ ਵੇਰ ਜੀਵਨ ਵਿੱਚ ਮਨੁਖ ਦੀਆਂ ਸਾਰੀਆਂ ਹੀ ਸ਼ਾਰੀਰਿਕ ਤੇ ਮਾਨਸਿਕ ਖ਼ੂਬੀਆਂ ਦੇ ਕਮਾਲ ਦਾ, ਇੱਕੋ ਥਾਂ ਇੱਕਠਾ, ਆਪਣੇ ਨੇਤ੍ਰਾਂ ਦੁਆਰਾ ਵੇਖਿਆ ਹੈ, ਉਹ ੨੨ ਜੂਨ ੧੯੧੧ ਨਾਲ ਸੰਬੰਧ ਰਖਦਾ ਹੈ. ਇਸ ਦਿਨ ਸ਼ਾਹ ਜਾਰਜ ਪੰਜਮ ਦੀ ਤਾਜਪੋਸ਼ੀ ਦਾ ਜਲੂਸ, ਵੈਸਟ ਮਿਨਸਟਰ ਐਬੇ ਨਾਮਕ ਲੰਡਨ ਦੇ ਪਰਮ ਪੁਰਾਤਨ ਗਿਰਜੇ ਤੋਂ ਬਾਦਸ਼ਾਹ ਦੇ ਰਿਹਾਇਸ਼ੀ (ਬਕਿੰਘਮ) ਪੈਲਸ ਵਲ ਮਹਾਂ ਨਗਰ ਦੇ ਪ੍ਰਮੁਖ ਬਜਾਰਾਂ ਥਾਣੀਂ ਲੰਘਦਾ ਹੋਇਆ, ਜਾਣਾ ਸੀ, ਤੇ ਵਾਕਈ ਇਹ ਪਿਛਲੇ ਢਾਈ ਹਜ਼ਾਰ ਵਰ੍ਹਿਆਂ ਦੀ ਸਾਇੰਸ ਤੇ ਆਰਟ ਦਾ ਸ਼ਾਨਦਾਰ ਮੁਜ਼ਾਹਿਰਾ ਸਾਰੇ ਯੂਰਪ ਤੇ ਅਮ੍ਰੀਕਾ ਦੀ ਅਦਨਾ, ਦਰਮਿਆਨਾ, ਤੇ ਆਲਾ ਜਨਤਾ ਦੇ ਸਾਹਮਣੇ ਹੋਣਾ ਸੀ. ਕਿੰਨੇ ਹੀ ਦਿਨ ਪਹਿਲਾਂ ਤੋਂ ਇਸ ਅਨੰਤ ਮੁਖੀ ਕਾਰਜ ਨੂੰ ਆਪਣੀ ਕਿਸਮ ਦਾ, ਹਕੀਕੀ ਮਾਨਿਆਂ ਵਿੱਚ, ਲਾਸਾਨੀ ਸਾਬਤ ਕਰਨ ਲਈ ਬੇ ਹਿਸਾਬ ਤਿਆਰੀਆਂ ਹੋ ਰਹੀਆਂ ਸਨ, ਤੇ ਮੇਰੇ ਵਰਗੇ ਮਨੁਖ ਲਈ ਜਿਸ ਨੂੰ ਫਿਰ ਸ਼ਾਇਦ ਕਦੇ ਵੀ ਐਸੀਆਂ ਅਪਾਰ ਖੁਸ਼ੀਆਂ ਦਾ ਕੁਲਾਹਲ ਤੇ ਕੁਤੂਹਲ ਵੇਖਣ ਦੀ ਆਸ ਨ ਹੋਵੇ, ਇਸ ਅਪੂਰਬ ਜਸ਼ਨ ਦੀਆਂ ਚਮਤ-ਕਾਰੀ ਝਲਕੀਆਂ ਤੋਂ ਲੰਡਨ ਵਿੱਚ ਹੁੰਦਿਆਂ ਹੋਇਆਂ, ਮਹਿਰੂਮ ਰਹਿਣਾ, ਇੱਕ ਅਤਯੰਤ ਬਦ ਕਿਸਮਤੀ ਦੀ ਨਿਸ਼ਾਣੀ ਜਾਪਦੀ ਸੀ. ਇਸ ਤੋਂ ਇਲਾਵਾ ਐਸੇ ਨਾਦਿਰ ਨਜ਼ਾਰੇ ਦੇ ਜਲਵੇ ਨੂੰ ਜਾਣ ਬੁੱਝ ਕੇ ਆਪਣੀ ਚੇਤਨਤਾ ਵਿੱਚ ਪ੍ਰਵੇਸ਼ ਨ ਕਰਨ ਦੇਣਾ ਵੀ ਮਾਨੋਂ ਇਨਸਾਨੀ ਕਾਰੀਗਰੀ ਦੀ ਅਜ਼ਮਤ ਤੋਂ ਗ਼ਾਫ਼ਿਲ ਰਹਿਣ ਦਾ ਗੁਨਾਹ ਕਰਨਾ ਸੀ. ਬਸ, ਏਹਨਾਂ ਗੱਲਾਂ ਵਲ ਧਿਆਨ ਦੇਂਦਿਆਂ ਹੋਇਆਂ ਮੈਂ ਸ੍ਰੀ ਅੰਮ੍ਰਿਤਸਰ ਦੇ ਦੋ ਹੋਰ ਮਿਤ੍ਰਾਂ ਨਾਲ ਇਸ ਅਦਭੁਤ, ਜਿਉਂਦੀ-ਜਾਗਦੀ, ਚਲਦੀ-ਫਿਰਦੀ ਨਮਾਇਸ਼ ਨੂੰ ਵੇਖਣ ਦਾ

Sri Satguru Jagjit Singh Ji eLibrary NamdhariElibrary@gmail.com

ਮਤਾ ਪਕਾਇਆ. ਇਹ ਦੋ ਸੱਜਣ ਲਾਲਾ ਦੀਵਾਨ ਚੰਦ ਭੰਡਾਰੀ (ਮਗਰੋਂ ਬੈਰਿਸਟਰ) ਤੇ ਲਾਲਾ ਭਵਾਨੀ ਸਿੰਘ ਜੀ ਸਨ. ਸਾਨੂੰ ਮਲੂਮ ਹੋ ਚੁੱਕਾ ਸੀ ਕਿ ਬਜਾਰਾਂ ਵਿੱਚ ਜੋ ਬਲੰਦ ਚਬੂਤਰਿਆਂ ਤੋਂ ਕੁਰਸੀਆਂ ਅਤੇ ਬੰਚਾਂ ਉੱਤੇ ਬੈਠ ਕੇ ਜਲੂਸ ਵੇਖਣ ਦੇ ਖ਼ਾਸ ਇਨਤਜ਼ਾਮ ਹੋ ਰਹੇ ਹਨ ਉਹਨਾਂ ਲਈ ਪ੍ਰਤਿ ਟਿਕਟ ਦੀ ਕੀਮਤ ਪੰਜ ਤੋਂ ਪੰਜਾਹ ਪੌਂਡ ਤਕ ਨਿਯਤ ਸੀ, ਤੇ ਅੱਸਾਂ ਤਿੰਨਾਂ ਲਈ, ਏਹਨਾਂ ਸੀਟਾਂ ਵਿੱਚੋਂ ਕਿਸੇ ਲਈ ਵੀ, ਟਿਕਟ ਖ਼ਰੀਦਣ ਦੀ ਸਮਰਥਾ ਨ ਸੀ. ਨਾਲੇ ਅੱਸਾਂ ਤੁਰ ਫਿਰ ਕੇ ਇਹ ਵੀ ਚੰਗੀ ਤਰ੍ਹਾਂ ਅੰਦਾਜ਼ਾ ਲਾ ਲਿਆ ਸੀ ਕਿ ਸਿਵਾਏ ਪੰਜਾਹ ਪੌਂਡ ਖ਼ਰਚਣ ਵਾਲਿਆਂ ਦੇ ਹੋਰ ਕੋਈ ਵੀ ਉਸ ਨਜ਼ਾਰੇ ਨੂੰ ਮੁਕੰਮਲ ਤਸੱਲੀ ਨਾਲ ਵੇਖਣ ਦੇ ਕਾਬਿਲ ਨ ਹੋਵੇਗਾ. ਸੋ ਅੱਸਾਂ ਨੇ ਫ਼ੈਸਲਾ ਕੀਤਾ ਕਿ ਪੈਸਾ ਤਾਂ ਇੱਕ ਨਹੀਂ ਖ਼ਰਚਣਾ ਤੇ ਨਜ਼ਾਰਾ ਪੂਰੀ ਤਸੱਲੀ ਨਾਲ ਸਭ ਤੋਂ ਮੂਹਰਲੀ (Front) ਕਤਾਰ ਵਿੱਚ ਖੜ੍ਹਾ ਹੋ ਕੇ ਵੇਖਣਾ ਹੈ. ਬਸ, ਇਸ ਇਰਾਦੇ ਨਾਲ ਅੱਸੀਂ ਤਿੰਨੇ ੨੧ ਜੂਨ ਰਾਤ ਨੂੰ ੮ ਵਜੇ ਘਰੋਂ ਨਿਕਲੇ. ਓਦੋਂ ਮੈਂ ਮਕਾਨ ਨੰਬਰ ੨, ਦੀ ਗ੍ਰੋਵ, ਵਾਂਡਜ਼ਵਰਥ, ਵਿੱਚ ਰਹਿੰਦਾ ਸਾਂ, ਤੇ ਦੂਜੇ ਦੋ ਵੀ ਦੂਰ ਨ ਰਹਿੰਦੇ ਸਨ. ਅੱਸੀਂ ਪੈਦਲ ਹੀ ਠੀਕ ਨੌਂ ਵਜੇ ਉੱਥੇ ਪਹੁੰਚ ਗਏ, ਜਿਥੋਂ ਖੜ੍ਹੇ ਹੋ ਕੇ ਅੱਸਾਂ ਜਲੂਸ ਦੇਖਣਾ ਸੀ. ਪਰ ਸਾਨੂੰ ਇਹ ਵੇਖ ਵੇਖ ਕੇ ਸਖ਼ਤ ਹੈਰਾਨਗੀ ਹੋਈ ਕਿ ਸਾਰੇ ਬਜਾਰਾਂ ਵਿੱਚ ਸੜਕਾਂ ਦੇ ਦੋਹਾਂ ਪਾਸੇ ਮੂਹਰਲੀ ਕਤਾਰ, ਤਮਾਸ਼ ਬੀਨਾਂ ਦੀ, ਤਕਰੀਬਨ ਹਰ ਜਗਹ ਬਣ ਚੁਕੀ ਹੈ ਤੇ ਦੂਜੀ ਬਣਨੀ ਸ਼ੁਰੂ ਹੈ. ਸੋ ਇੱਕ ਥਾਂ ਕੁੱਝ ਭਲੇ ਮਾਣਸਾਂ ਨੇ ਸਾਨੂੰ ਨਿਰਾਸ ਜਿਆ ਮਹਿਸੂਸ ਕਰ ਕੇ ਖੜ੍ਹੇ ਹੋਣ ਨੂੰ ਆਗਿਆ ਦੇ ਦਿੱਤੀ, ਤੇ ਅੱਸੀਂ ਤਿੰਨੇ ਖੜ੍ਹੇ ਹੋ ਗਏ. ਜਿੱਥੇ ਜਿੱਥੇ ਕੋਈ ਖੜ੍ਹਾ ਸੀ ਕਿਸੇ ਸਿੱਧੀ ਕਤਾਰ ਵਿੱਚ ਹੀ ਖੜ੍ਹਾ ਸੀ. ਕੋਈ ਇੱਕ ਬਸ਼ਰ ਵੀ ਐਸਾ ਨ ਸੀ ਜੋ ਕਿਸੇ ਦੇ ਅੱਗੇ ਯਾ ਪਿੱਛੇ ਬੇਤਰਤੀਬੀ ਨਾਲ ਖੜ੍ਹਾ ਹੋਵੇ, ਸਵੇਰੇ ਛੇ ਵਜੇ ਤਕ ਸਾਡੇ ਪਿੱਛੇ ੧੩ ਹੋਰ ਕਤਾਰਾਂ ਖੜ੍ਹੀਆਂ ਸਨ. ਇਸੇ ਪ੍ਰਕਾਰ ਸਾਡੇ ਸਾਹਮਣੇ, ਸੜਕ ਦੇ ਦੂਜੇ ਪਾਸੇ ਵੀ. ਪਰ ਰੌਲੇ ਰੱਪੇ ਦੇ ਭੂਤ ਬਿਲਕੁਲ ਗ਼ਾਇਬ ਸਨ. ਕਾਦਰ ਦੀ ਮਗ਼ਰਬੀ ਕੁਦਰਤ ਦਾ ਉਸ ਮੌਕੇ ਇੱਕ ਹੋਰ ਵੱਡਾ ਕਮਾਲ ਇਹ ਵੇਖਿਆ ਕਿ ਨਰ ਨਾਰੀ ਸਭ ਚੁਪ-ਚਾਪ, ਬਿਨਾ ਊਂਘਣ ਤੋਂ ਸਾਵਧਾਨ ਖੜ੍ਹੇ ਸਨ ! ਕਿਉਂ ਜੋ ਬੈਠਣ ਦਾ ਤਾਂ, ਬਜਾਰਾਂ ਵਿੱਚ, ਉੱਥੇ ਰਿਵਾਜ ਹੀ ਨ ਸੀ. ਇਸ ਤੋਂ ਵੀ ਵਧੀਕ ਦੋਹਰੇ ਤੇਹਰੇ ਅਚੰਭੇ ਵਾਲੀ ਗਲ ਇਹ ਸੀ ਕਿ ਇਨਸਾਨਾਂ ਦੀ ਇਤਨੀ ਅਨੰਤ ਸੰਖਿਆ ਕਿਸ ਤਰ੍ਹਾਂ ਆਪਣੀਆਂ ਗੁਪਤ ਤੇ ਪ੍ਰਗਟ ਸਾਰੀਆਂ ਹੀ ਇੰਦ੍ਰੀਆਂ ਨੂੰ ਅਡੋਲ

Sri Satguru Jagjit Singh Ji eLibrary NamdhariElibrary@gmail.com

ਕਾਬੂ ਵਿੱਚ ਰੱਖ ਕੇ ਖੜੇ ਸਨ ! ਜਿਨ੍ਹਾਂ ਵਿੱਚ ਨਿਰਸੰਦੇਹ ਅੱਸੀਂ ਆਪ ਵੀ ਤਿੰਨੇ ਸ਼ਾਮਿਲ ਸਾਂ : ਨ ਭੁਖ ਨ ਪਿਆਸ, ਨ ਊਂਘ ਨ ਨੀਂਦਰ, ਨ ਲਘੁ ਸ਼ੰਕਾ ਨ ਬ੍ਰਿਹਦ ਸ਼ੰਕਾ ! ਉੱਚੇ ਬੱਚਾ ਕਿਸੇ ਉਮਰ ਦਾ ਵੀ ਕੋਈ ਨਜ਼ਰ ਨ ਔਂਦਾ ਸੀ. ਮਨੁੱਖਾਂ ਦੀਆਂ ਕਤਾਰਾਂ ਕੀ ਸਨ, ਮਾਨੋਂ ਲੋਹੇ ਦੀਆਂ ਪਤਰੀਆਂ ਦੇ, ਬੇ ਹਿਸ ਵ ਹਰਕਤ, ਜੰਗਲੇ ਸਨ ! ਸਵੇਰੇ ੮ ਵਜੇ ਤਕ ਸਾਡੇ ਅੱਗੇ, ਤੇ ਸੜਕ ਦੇ ਸਾਹਮਣੇ ਪਾਸੇ ਵੀ, ਛੇ ਛੇ ਕਤਾਰਾਂ ਰੰਗ ਬਰੰਗੇ ਫ਼ੌਜੀ ਸਿਪਾਹੀਆਂ ਦੀਆਂ ਖੜੀਆਂ ਹੋ ਗਈਆਂ. ਸਾਡੇ ਪਿੱਛੇ ਜੋ ੧੩ ਕਤਾਰਾਂ ਸਨ, ਉਹਨਾਂ ਦੇ ਪਿੱਛੇ ਕਈ ਵਿਓਂਤੀ ਜੁਆਨਾਂ ਨੇ ਨੌਂ ਨੌਂ ਫੁੱਟ ਉੱਚੇ ਬਾਂਸ ਚੁੱਕੇ ਹੋਏ ਸਨ, ਜਿਨ੍ਹਾਂ ਪਰ ਤਿੰਨ ਤਿੰਨ ਫ਼ੁਟ ਮੁਰੱਬਾ ਸ਼ੀਸ਼ੇ ਲੱਗੇ ਹੋਏ ਸਨ. ਬਸ ਏਹਨਾਂ ਦੀ ਮਦਦ ਨਾਲ ਪਿਛਲੀਆਂ ਕਤਾਰਾਂ ਵਾਲੇ ਜਲੂਸ ਨੂੰ, ਬਜ਼ਰੀਆ ਅਕਸ ਵੇਖਣ ਦੀ ਉਡੀਕ ਵਿੱਚ ਪੂਰੇ ਇਤਮੀਨਾਨ ਨਾਲ ਖੜੇ ਸਨ. ਸਾਰੀ ਰਾਤ ਏਦਾਂ ਹੀ ਬੀਤ ਗਈ. ੨੨ ਜੂਨ ਦਾ ਦਿਨ ਬਹੁਤ ਹੀ ਸੁਨਹਿਰੀ ਚੜ੍ਹਿਆ. ਸੂਰਜ ਭਗਵਾਨ ਆਪ ਵੀ ਪੂਰ ਜਲਾਲ ਸਨ ਤੇ ਜਿੱਥੋਂ ਕਿੱਥੋਂ ਜਲੂਸ ਦਾ ਅਨੰਦ ਮਾਣ ਰਹੇ ਸਨ. ਜਲੂਸ ਸਾਡੇ ਅੱਗੋਂ ਠੀਕ ਸਾਢੇ ਬਾਰਾਂ ਵਜੇ ਲੰਘਿਆ. *ਬੇ ਸ਼ੁਮਾਰ ਜਗਤ ਵਿਖਿਆਤ ਵਿਅਕਤੀਆਂ ਦੀ ਕੱਠੋ ਫ਼ੱਰ ਵਿੱਚ ਅਠਾਰਾਂ ਮੁਲਕਾਂ ਦੇ ਸ਼ਾਹ, ਸ਼ਹਨਸ਼ਾਹ, ਪ੍ਰਧਾਨ, ਰਾਜੇ ਤੇ ਮਹਾਰਾਜੇ

---

* ਸ਼ਾਹ ਐਡਵਰਡ ਹਸ਼ਤਮ, ਜਿਸ ਨੂੰ ਕੇਵਲ ਦਸ ਮਹੀਨਿਆਂ ਦੀ ਹਕੂਮਤ ਮਗਰੋਂ, ਮਿਸਿਜ਼ ਵਾਲਿਸ ਵਾਰਫ਼ੀਲਡ ਸਿੰਪਸਨ ਨਾਲ ਸ਼ਾਦੀ ਰਚਾਣ ਦੇ ਕਾਰਣ ਇੰਗਲਿਸਤਾਨ ਦਾ ਤਖ਼ਤ ਛਡਣਾ ਪਿਆ, ਆਪਣੇ ਪਿਤਾ ਜਾਰਜ ਪੰਜਮ ਦੀ ਤਾਜਪੋਸ਼ੀ ਦੇ ਸੰਬੰਧ ਵਿੱਚ ਇਉਂ ਲਿਖਦਾ ਹੈ :(ਇਸ ਦੀ ਉਮਰ ਉਸ ਦਿਨ ਠੀਕ ਸਤਾਰਾਂ ਸਾਲ ਦੀ ਸੀ)

"There is no occasion that rivals the solemn magnificence of a Coronation, when Church and State unite in the glorification of the majesty of kingship. My father's Coronation took place in Westminster Abbey on June 22. The simple entry in my diary for that auspicious day hardly does justice to the impressive, colourful scene :

Buckingham Palace, London
June 22, 1911

Papa and Mama's Coronation Day. Papa rated me a Midshipman. I breakfasted early and saw Mama and Papa at 9.00 and then dressed in my Garter clothes and robe, and left in a state

ਬਾਕੀ ਸਫ਼ੇ ੨੯੮ ਤੇ ਵੇਖੋ

Sri Satguru Jagjit Singh Ji eLibrary NamdhariElibrary@gmail.com

ਆਪਣੀ ਸ਼ਾਨ ਤੇ ਆਨ ਬਾਨ ਵਿੱਚ ਲੰਘਦਿਆਂ ਡਿੱਠੇ. ਜਿਨ੍ਹਾਂ ਵਿੱਚੋਂ ਸ਼ਾਇਦ ਕੋਈ ਵੀ ਅੱਜ ਇਸ ਚੱਲਣਹਾਰ ਮੰਡਲ ਵਿੱਚ ਮੌਜੂਦ ਨਹੀਂ. ਦੋ ਵਜੇ ਭੀੜ ਹਿਲੀ ਜੁਲੀ, ਮੈਂ ਚਾਰ ਵਜੇ ਘਰ ਪਹੁੰਚਿਆ. ਲੰਡਨ ਦੀਆਂ ਕਈ ਰੇਲਵੇ ਕੰਪਨੀਆਂ ਨੇ ਉਸ ਦਿਨ ਬਿਨਾਂ ਟਿਕਟੋਂ ਹੀ ਸਵਾਰੀਆਂ ਲੱਦਣ ਦੀ ਖੁਲ੍ਹ ਕਰ ਰੱਖੀ ਸੀ, ਤਾਂ ਜੋ ਕੁੱਝ ਵਾਧੂ ਖ਼ਲਕਤ ਸ਼ਹਿਰੋਂ ਬਾਹਰ ਨਿਕਲ ਜਾਏ, ਅਰ ਵਾਕਈ ਇਸ ਤਰ੍ਹਾਂ ਲੰਡਨ ਤੋਂ ਕਾਫ਼ੀ ਭੀੜ ਬਾਹਰ ਚਲੀ ਗਈ. ਅਨੇਕਾਂ ਹੀ ਨੰਗੇ ਸਿਰ ਆਦਮੀਆਂ ਨੂੰ ਤੇਜ਼ ਧੁੱਪ ਦੇ ਕਾਰਣ 'ਸਨ ਸਟ੍ਰੋਕ'

---

੨੯੭ ਸਫੇ ਦੀ ਬਾਕੀ

carriage at 10.00 with Mary and the brothers. We arrived in the Abbey at 10.30 and then walked up the Nave and Choir to my seat in front of the peers. All the relatives and people were most civil and bowed to me as they passed. Then Mama and Papa came in and ceremony commenced. There was the recognition, the annointing and then the crowning of Papa, and then I put on my coronet with the peers. Then I had to go and do homage to Papa at his throne, and I was very nervous .....Kneeling at my father's feet, I swore : 'I, Edward, Prince of Wales, do become your liege man of life and limb, and of earthly worship; and faith and truth I will bear unto you, to live and die, against all manner of folks. So help me God.' When my father kissed my cheeks, his emotion was great, as was mine.

My diary entry concludes : 'Then Mama was crowned..... We got into our carriage and had a long drive back. My coronet felt very heavy, as we had to bow to the people as we went along.....' " (A King's Story : The Memoirs of H. R. H. The Duke of Windsor; Pan Books Ltd : London, 1957 edition, pp. 82–83.)

(*Note :* "The Coronation Stone is a stone placed under the seat of St. Edward's chair. It was used at Cashel at the coronations of the Kings of Munster and later taken to Scone. In 1296 Edward I, took it to Westminster, where it has since remained. Tradition says it is the stone on which Jacob laid his head at Bethel.' The New Standard Encyclopaedia & World Atlas, p.326.)

Sri Satguru Jagjit Singh Ji eLibrary NamdhariElibrary@gmail.com

ਮਲਾਯਾ ਸਟੇਟ ਗਾਈਡਜ਼ ਦੇ ਫ਼ੌਜੀ ਸਿੰਘ ਜੋ ੧੯੧੦ ਵਿਚ ਲੰਡਨ (ਬਿਸਲੇ ਕੈਂਪ ਵਿੱਚ) ਗਏ ਉਹਨਾਂ ਨਾਲ ਉਹਨਾਂ ਦੇ ਕੈਂਪ-ਗੁਰਦੁਆਰਾ ਦੇ ਬਾਹਰ ਸਿੱਖ ਵਿਦਿਆਰਥੀਆਂ ਦੀ ਫ਼ੋਟੋ ਪਿਛਲੀ ਸਤਰ ਵਿਚ ਖੜੇ-ਖੱਬੇ ਪਾਸਿਓਂ ੪. ਗੰਥੀ ਤਾਰਾ ਸਿੰਘ; ੫. ਸ੍ਰ. ਫ਼ਤਹ ਸਿੰਘ ਰਟੌਲ (ਤਰਨ ਤਾਰਨ); ੬. ਸ੍ਰ. ਉਜਾਗਰ ਸਿੰਘ (E.E. ਪਟਿਆਲਾ) ਕੁਰਸੀਆਂ ਪਰ ਖੱਬੇ ਪਾਸਿਓਂ :- ੧. ਸ੍ਰ. ਆਤਮਾ ਸਿੰਘ (C.E. ਪਟਿਆਲਾ); ੨. ਸ੍ਰ. ਉੱਤਮ ਸਿੰਘ ਐਂਜੀਨੀਅਰ; ੩. ਪ੍ਰੋ. (ਹੁਣ ਪ੍ਰਸਿੱਧ ਸੰਤ) ਤੇਜਾ ਸਿੰਘ ਤੇ ਉਹਨਾਂ ਦੀ ਸੁਪਤਨੀ ਤੇ ਬੱਚਾ; ੬. ਸ੍ਰ. ਨਰੈਣ ਸਿੰਘ (ਅੰਮ੍ਰਿਤਸਰੀ, ਬੈਰਿਸਟਰ); ੭. ਧਰਮਾਨੰਤ ਸਿੰਘ; ਗ੍ਰੰਥਕਾਰ ੮. ਸ. ਕਰਮ ਸਿੰਘ ਐਂਜੀਨੀਅਰ।

Sri Satguru Jagjit Singh Ji eLibrary NamdhariElibrary@gmail.com



੨ ਅਗਸਤ ੧੯੧੧–ਗੁਰਦੁਆਰਾ ਲੰਡਨ ਦਾ ਆਰੰਭ। ਪਿਛਲੀ ਸਤਰ ਵਿਚ ਖੜੇ ਖੱਬੇ ਹੱਥੋਂ:—੭. ਸ੍ਰ. ਆਤਮਾ ਸਿੰਘ (C.E. ਪਟਿਆਲਾ) ਕੁਰਸੀਆਂ ਪਰ ਖੱਬੇ ਹੱਥ:—੬. ਮਹਾਰਾਜਾ ਭੂਪਿੰਦਰ ਸਿੰਘ; ੭. ਸ੍ਰ. ਨਿਹਾਲ ਸਿੰਘ (ਅੰਮ੍ਰਿਤਸਰੀ, ਬੈਰਿਸਟਰ); ੯. ਸ੍ਰ. ਕਰਮ ਸਿੰਘ ਐਂਜੀਨੀਅਰ; ੧੨. ਸ੍ਰ. ਨਰੈਣ ਸਿੰਘ (ਅੰਮ੍ਰਿਤਸਰੀ, ਬੈਰਿਸਟਰ); ਬਾਕੀ ਕੁੱਝ ਵਿਦਿਆਰਥੀ ਤੇ ਮਹਾਰਾਜਾ ਦੇ ਅਹਿਲਕਾਰ। (ਧਰਮਾਨੰਤ ਸਿੰਘ ਗ੍ਰੰਥਕਾਰ)

Sri Satguru Jagjit Singh Ji eLibrary NamdhariElibrary@gmail.com

ਨਾਲ ਬੇ ਹੋਸ਼ ਹੋ ਕੇ ਡਿਗਦਿਆਂ ਵੇਖਿਆ, ਤੇ ਏਹਨਾਂ ਹਾਦਸਿਆਂ ਦੀ ਸੰਖਿਆ, ਮਗਰੋਂ ਅਖ਼ਬਾਰਾਂ ਤੋਂ ਪਤਾ ਲੱਗਾ ਕਿ, ਪੌਣੇ ਪੰਜ ਹਜ਼ਾਰ ਦੇ ਕਰੀਬ ਸੀ. ਤੀਮੀਆਂ ਵਿੱਚੋਂ ਕੋਈ ਵੀ ਲੰਮੇ ਵਾਲਾਂ ਦੇ ਕਾਰਣ ਇਸ ਕਸ਼ਟ ਦਾ ਸ਼ਿਕਾਰ ਹੁੰਦੀ ਨਹੀਂ ਸੁਣੀ. ਘਰ ਪਹੁੰਚ ਕੇ ਠੀਕ ਵੀਹ ਘੰਟਿਆਂ ਬਾਦ ਮੈਂ ਬੈਠ ਕੇ ਆਰਾਮ ਕੀਤਾ, ਤੇ ਫਿਰ, ਕੁੱਝ ਖਾ ਪੀ ਕੇ ਸੌਂ ਗਿਆ. ੨੨ ਜੂਨ ਦੀ ਸਾਰੀ ਰਾਤ, ੨੩ ਜੂਨ ਦਾ ਸਾਰਾ ਦਿਨ, ਤੇ ਸਾਰੀ ਰਾਤ, ਲਗਾਤਾਰ ੩੬ ਘੰਟੇ ਅਚੇਤ ਸੌਣ ਮਗਰੋਂ, ਮੈਂ ੨੪ ਜੂਨ ਨੂੰ ਸਵੇਰੇ ੪ ਵਜੇ ਜਾਗਿਆ! ੯ ਵਜੇ ਫਿਰ ਉਹੋ ਦੋਵੇਂ ਦੋਸਤ ਆਣ ਪਹੁੰਚੇ—ਕਹਿਣ ਲੱਗੇ ਕਿ "ਵੈਸਟ ਮਿਨਸਟਰ ਐਬੇ ਚਲੋ. ਉੱਥੇ ਤਾਜਪੋਸ਼ੀ ਦੇ ਜਸ਼ਨ ਦੀ ਸਗਵੀਂ ਸਜਾਵਟ, ਰੀਤਾਂ ਰਸਮਾਂ ਦਾ ਸਾਮਾਨ, ਤੇ ਕੁਰਸੀਆਂ ਦਾ ਹੂਬਹੂ ਨਕਸ਼ਾ ਉਸੇ ਤਰ੍ਹਾਂ ਮੌਜੂਦ ਹੈ, ਜਿਸ ਤਰ੍ਹਾਂ ਪਰਸੋਂ ਜਸ਼ਨ ਦੇ ਵੇਲੇ ਸੀ, ਕੇਵਲ ਛੇ ਆਨੇ ਵੇਖਣ ਦੇ ਲਗਦੇ ਹਨ." ਸੋ ਅੱਸੀਂ ੧੧ ਵਜੇ ਤੁਰ ਪਏ ਤੇ ੧੨ ਵਜੇ ਉਡੀਕਵਾਨਾਂ ਦੀ ਕਤਾਰ (Queue) ਵਿੱਚ ਖੜੇ ਹੋ ਗਏ. ਸ਼ਾਮ ਨੂੰ ਛੇ ਵਜੇ ਸਾਡੀ ਵਾਰੀ ਆਈ, ਚੱਕਰ ਵਿੱਚ ਲੰਘਦੇ ਗਏ, ਤੇ ਜੋ ਵੇਖਣਾ ਸੀ ਵੇਖਦੇ ਗਏ. ਵਾਕਈ ਅਜੇ ਤਕ ਹਰ ਚੀਜ਼ ਜਿਉਂ ਕੀ ਤਿਉਂ ਪਈ ਸੀ. ਮੇਰੇ ਲਈ ਸਭ ਤੋਂ ਵਧੀਕ ਦਿਲ ਚਸਪ ਵਸਤ ਉਹ ਇਤਿਹਾਸਿਕ ਪੱਥਰ ਸੀ ਜਿਸ ਦੇ ਉੱਪਰ ਕਾਰੋਨੇਸ਼ਨ ਚੇਅਰ (Coronation Chair) ਪਈ ਸੀ.

(੯੫) ਗੁਰਦੁਆਰਾ ਲੰਡਨ ਦੀ ਇਮਾਰਤ ਲਈ ਮਹਾਰਾਜਾ ਭੂਪਿੰਦਰ ਸਿੰਘ ਜੀ, ਪਟਿਆਲਾ-ਪਤੀ, ਨੇ ਅਠ ਹਜ਼ਾਰ ਪੌਂਡ (ਇੱਕ ਲੱਖ ਵੀਹ ਹਜ਼ਾਰ ਰੁਪਏ) ਦਿੱਤੇ ਤੇ ੨੨ ਅਗਸਤ ੧੯੧੧ ਨੂੰ ਮੇਰੇ ਸਾਹਮਣੇ ਇਸਦੀ ਆਰੰਭਿਕ ਰਸਮ ਅਦਾ ਹੋਈ. ਇਹ ਅਤਿ ਸਾਦਾ ਪਰ ਅਤਯੰਤ ਸ਼ਾਨਦਾਰ, ਤੇ ਕਦੇ ਨ ਭੁੱਲਣ ਵਾਲਾ ਸਮਾ ਸੀ. ਮਹਾਰਾਜਾ ਸਾਹਿਬ ਦੀ ਆਯੂ ਇਸ ਸਮੇਂ ਕੇਵਲ ੧੯ ਸਾਲ ੧੦ ਮਹੀਨੇ ਦੀ ਸੀ. ਇਸ ਤੋਂ ਉਹਨਾਂ ਦੇ ਸਿੱਖੀ ਸਿਦਕ ਦਾ ਭਲੀ ਪ੍ਰਕਾਰ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕਿੰਨਾਂ ਸੱਚਾ ਤੇ ਸੁੱਚਾ ਸੀ. ਇਸ ਤੋਂ ਉਹਨਾਂ ਦੇ ਹਿੰਦੂ, ਸਿੱਖ ਤੇ ਮੁਸਲਮਾਣ ਅਹਿਲਕਾਰਾਂ ਦੀ ਸਦਾਕਤ ਤੇ ਸਦਾਚਾਰ ਦੀ ਸੁਗੰਧੀ ਦਾ ਅਨੁਭਵ ਹੋਣਾ ਵੀ ਔਖਾ ਨਹੀਂ, ਜਿਨ੍ਹਾਂ ਨੇ ਇਸ ਪਵਿਤ੍ਰ ਕਾਰਜ ਲਈ ਆਪਣੇ ਨੌਜੁਆਨ ਸ਼ਾਹੀ ਮਾਲਿਕ ਨੂੰ ਪ੍ਰੇਰਿਆ, ਤੇ ਕਾਰਜ ਦੀ ਨਿਰਵਿਘਨ ਪੂਰਤੀ ਵਿੱਚ ਕਿਸੇ ਕਿਸਮ ਦਾ ਰੋੜਾ ਨਹੀਂ ਅਟਕਾਇਆ. ਲੰਡਨ ਵਿੱਚ ਉਸ ਸਮੇਂ ਜੋ ਸਿੱਖ ਵਿਦਿਆਰਥੀ ਸਨ, ਉਹਨਾਂ ਵਿੱਚੋਂ ਇਸ ਸ੍ਰੇਸ਼ਟ ਕਾਰਜ ਦੀ ਮਹਾਨ ਸਫਲਤਾ ਦਾ ਸਭ ਤੋਂ ਵੱਡਾ ਹਾਰ ਸ੍ਰਦਾਰ ਨਰੈਣ ਸਿੰਘ ਜੀ (ਸ਼ਾਹਪੁਰੀਏ, ਹੁਣ ਬੈਰਿਸਟਰ,

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ) ਦੇ ਪਵਿਤ੍ਰ ਗਲੇ ਵਿੱਚ ਹੀ ਸੋਭਦਾ ਹੈ. ਪਰ ਏਹਨਾਂ ਤੋਂ ਬਾਦ ਸ੍ਰਦਾਰ ਨਿਹਾਲ ਸਿੰਘ ਜੀ ਅੰਮ੍ਰਿਤਸਰੀ (ਹੁਣ ਬੈਰਿਸਟਰ), ਤੇ ਸ੍ਰਦਾਰ ਆਤਮਾ ਸਿੰਘ ਜੀ (ਸਿਵਿਲ ਐਂਜੀਨੀਅਰ, ਪਟਿਆਲਵੀ) ਦਾ ਹੀ ਪ੍ਰਯਤਨ ਹੈ, ਜਿਸ ਨੇ ਗੁਰ ਸਿੱਖੀ ਦੀ ਅਟਲ ਤੇ ਬਲੰਦ ਧ੍ਵਜਾ ਨੂੰ ਸੰਸਾਰ ਦੇ ਸਭ ਤੋਂ ਵਧੀਕ ਅਜ਼ੀਮ, ਸਭ ਤੋਂ ਵਧੀਕ ਸ਼ਾਨਦਾਰ, ਸਭ ਤੋਂ ਵਧੀਕ ਸੇਹਤ ਅਫ਼ਜ਼ਾ, ਸਭ ਤੋਂ ਵਧੀਕ ਰੋਸ਼ਨ ਦਮਾਗ਼, ਸਭ ਤੋਂ ਵਧੀਕ ਆਜ਼ਾਦ, ਸਭ ਤੋਂ ਵਧੀਕ ਦੌਲਤਮੰਦ, ਤੇ ਸਭ ਤੋਂ ਵਧੀਕ ਖ਼ੁਦ ਪਸੰਦ ਨਗਰ, ਇੰਗਲਿਸਤਾਨ ਦੇ ਰਾਜਸਥਾਨ, ਲੰਡਨ ਵਿੱਚ ਝੁਲਾਇਆ ਹੈ. ਮਹਾਰਾਜਾ ਭੂਪਿੰਦਰ ਸਿੰਘ ਓਦੋਂ ਜਾਰਜ ਪੰਜਮ ਦੀ ਤਾਜਪੋਸ਼ੀ ਦੇ ਮਹੋਤਸਵ ਵਿੱਚ ਸੁਸ਼ੋਭਿਤ ਹੋਣ ਲਈ ਲੰਡਨ ਗਏ ਹੋਏ ਸਨ ਤੇ ਇਹ ਉਹਨਾਂ ਦੀ ਹੀ ਨੇਕ ਜ਼ਾਤ ਦਾ ਨੇਕ ਅਮਲ ਸੀ ਕਿ ਏਸ ਸ਼ੁਭ ਸਮੇਂ ਲੰਡਨ ਵਿੱਚ ਗੁਰਦੁਆਰਾ ਕਾਇਮ ਹੋ ਗਿਆ ਵਰਨਾ ਕਿਸੇ ਹੋਰ ਸਿੱਖ ਰਾਜੇ ਮਹਾਰਾਜੇ ਨੇ, ਅਥਵਾ, ਕਿਸੇ ਸਿੱਖ ਸਭਾ, ਦੀਵਾਨ, ਯਾ ਕਮੇਟੀ ਨੇ, ਮਗਰੋਂ ਅੱਜ ਤਕ, ਯੂਰਪ ਦੇ ਕਿਸੇ ਹੋਰ ਸ਼ਹਿਰ ਵਿੱਚ ਕੋਈ ਗੁਰਦੁਆਰਾ ਕਿਉਂ ਨ ਕਾਇਮ ਕੀਤਾ ! ਮਹਾਰਾਜਾ ਭੂਪਿੰਦਰ ਸਿੰਘ ਹਿੰਦੂ-ਸਿਖ ਏਕਤਾ ਦੇ ਵੀ ਲਾਸਾਨੀ ਅਲਮਬਰਦਾਰ ਸਨ. ਮੇਰਾ ਵਿਸ਼੍ਵਾਸ ਹੈ ਕਿ ਹਿੰਦੂ ਧਰਮ ਸਭਾਵਾਂ ਤੇ ਹਿੰਦੂ ਯੂਨੀਵਰਸਿਟੀ (ਬਨਾਰਸ), ਅਰ ਖ਼ਾਲਸਾ ਕਾਲਜ (ਅੰਮ੍ਰਿਤਸਰ), ਤੇ ਹੋਰ ਅਣਗਿਣਤ ਸਿੱਖ ਆਸ਼੍ਰਮ, ਮੇਰੇ ਇਸ ਦਾਵੇ ਦੀ ਪੌੜ੍ਹਤਾ ਕਰਨਗੇ.

(੯੬) ਸਤੰਬਰ ਸਨ ੧੯੧੧ ਦੇ ਅੰਤ ਵਿੱਚ ਇੱਕ ਦਿਨ ਦੁਪਹਿਰ ਦੇ ੩ ਵਜੇ ਮੈਂ, ਲੰਡਨ ਦੇ "ਐਸ਼ ਬਾਗ਼" ਵਿੱਚ, ਜਿਸ ਨੂੰ ਉਥੋਂ ਦੇ ਲੋਕ 'ਹਾਈਡ ਪਾਰਕ' ਆਖਦੇ ਹਨ, ਇੱਕ ਹਬਸ਼ੀ ਦਾ ਵਿਆਖਿਆਨ ਸੁਣਨ ਗਿਆ, ਜੋ ਅਜੇ ਵੀ ਸਾਬਤ ਕਰਦਾ ਸੀ ਕਿ ਜ਼ਮੀਨ ਦੀ ਸ਼ਕਲ ਗੇਂਦ ਵਾਂਗ ਗੋਲ ਨਹੀਂ ਬਲਕਿ ਥਾਲ ਵਾਂਗ ਚਪਟੀ (Flat) ਹੈ. ਵਿਆਖਿਆਨ ਕੀ ਸੀ, ਮਾਨੋ ਕਿਸੇ ਪਿਛਲੇ ਜੁਗ ਦੀ ਜਹਾਲਤ ਦਾ ਲਫ਼ਜ਼ੀ ਖ਼ਾਕਾ ਸੀ ! ਪਰ ਇਹ ਜੋ ਕੁੱਝ ਵੀ ਸੀ ਇਸ ਨੂੰ ਸੁਣ ਕੇ ਮੈਂ ਦਿਲ ਪਰਚਾਵੇ ਲਈ ਇਸ ਬਾਗ਼ ਦੀ ਪ੍ਰਸਿੱਧ ਮਸਨੂਈ ਝੀਲ * 'ਸਰਪੈਨਟਾਈਨ' (Serpentine)

* The Serpentine : Artificial stretch of water in Hyde Park and Kensington Gardens. It was made by the order of Queen Caroline in 1730. the Westbourne river, or stream, forming a series of ponds there, which were connected to form the Serpentine. In 1834, the Westbourne having greatly decreased in volume, the supply of water had to be supplemented from the Thames, as it was in 1911.

Sri Satguru Jagjit Singh Ji eLibrary NamdhariElibrary@gmail.com

ਆਰਯ ਪ੍ਰਤਿਨਿਧਿ ਸਭਾ, ਪੰਜਾਬ, ਲਾਹੌਰ ਦੇ ਪੁਰਾਣੇ ਪ੍ਰਧਾਨ ਮਾਨਨੀਯ ਧਰਮ ਮੂਰਤਿ, ਰਾਇ ਬਹਾਦਰ ਦੀਵਾਨ ਬਦ੍ਰੀ ਦਾਸ ਜੀ ਐਡਵੋਕੇਟ ਜਾਲੰਧਰ, ਜਿਨ੍ਹਾਂ ਨੇ ਸੰਨ ੧੯੩੮ ਵਿੱਚ ਹਾਈ ਕੋਰਟ ਲਾਹੌਰ ਤੋਂ ਮੁਸਲਮਾਨਾਂ ਦੇ ਮੁਕਾਬਲੇ ਤੇ ਗੁਰਦੁਆਰਾ ਸ਼ਹੀਦ ਗੰਜ (ਲਾਹੌਰ)ਦਾ ਮਸ਼ਹੂਰ ਮੁਕੱਦਮਾ ਗੁਰ ਪੰਥ ਨੂੰ ਜਿਤਵਾਇਆ। ਇਸ ਅਵਸਰ ਤੇ ਕ੍ਰਿਤਗਜਤਾ ਪ੍ਰਕਾਸ਼ ਵਜੋਂ ਸ਼੍ਰਿਮਣਿ ਗੁਰਦੁਵਾਰਾ ਪ੍ਰਬੰਧਕ ਕਮੇਟੀ ਅਮ੍ਰਿਤਸਰ ਨੇ ਤੀਹ ਹਜ਼ਾਰ ਰੁਪਇਆ ਭੇਟ ਕਰਨਾ ਚਾਹਿਆ, ਤਾਂ ਆਪ ਜੀ ਨੇ ਬੜੇ ਪਿਆਰ ਸਤਕਾਰ ਨਾਲ ਇਹ ਸ਼ਬਦ ਕਹੇ ਕਿ ਮੈਂ ਫ਼ੀਸ ਦੀ ਖਾਤਿਰ ਇਹ ਮੁਕੱਦਮਾ ਨਹੀਂ ਸੀ ਲੜਿਆ, ਸਗੋਂ ਆਪਣੇ ਸ਼ਹੀਦ ਬਜ਼ੁਰਗਾਂ ਦੀ ਪਵਿਤ੍ਰ ਯਾਦਗਾਰ ਨੂੰ ਆਪਣੀ ਕੌਮ ਦੇ ਹੱਥਾਂ ਵਿੱਚ ਲਿਆਉਣ ਲਈ ਇਹ ਸੇਵਾ ਕੀਤੀ ਸੀ, ਰੁਪਏ ਪ੍ਰਵਾਣ ਨਹੀਂ ਕੀਤੇ ਸਨ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਵਲ ਚਲਾ ਗਿਆ. ਉੱਥੇ ਇੱਕ ਨਿਹਾਇਤ ਹੀ ਖ਼ੁਸ਼ਨਮਾ ਅਸਥਾਨ ਪੁਰ, ਝੀਲ ਦੇ ਕਿਨਾਰੇ, ਬੰਚ ਪਰ, ਇੱਕ, ਧਿਆਨ ਵਿੱਚ ਮਗਨ ਸੱਜਨ ਵਿਚ-ਕਾਰਲੀ ਉਮਰ ਦੇ ਹਮਵਤਨੀ ਬੈਠੇ ਹੋਏ ਦ੍ਰਿਸ਼ਟੀ ਪਏ. ਏਹਨਾਂ ਦੇ ਹੱਥ ਵਿੱਚ ਇੱਕ ਨਿੱਕੀ ਜਈ ਪੁਸਤਕ ਸੀ ਜਿਸ ਨੂੰ ਮੈਂ ਡਾਇਰੀ ਸਮਝਿਆ, ਤੇ ਜਿਉਂ ਹੀ ਮੈਂ ਏਹਨਾਂ ਦੇ ਕੋਲੋਂ ਝੀਲ ਨੂੰ ਖੱਬੇ ਪਾਸੇ ਰਖਦਾ ਹੋਇਆ ਲੰਘਣ ਲੱਗਾ, ਉਹ ਝਟ ਖੜੇ ਹੋ ਗਏ ਤੇ ਮੇਰੇ ਸਾਹਮਣੇ ਆ ਕੇ ਬੜੇ ਪ੍ਰੇਮ ਸਤ ਕਾਰ ਪੂਰਬਕ ਝੁਕੇ. ਮੈਂ ਵੀ ਯਥੋਚਿਤ ਮਾਣ ਮਹੱਬਤ ਨਾਲ ਉਹਨਾਂ ਨੂੰ ਨਮਸਕਾਰ ਕੀਤੀ ਤੇ ਅੱਸੀਂ ਦੋਵੇਂ ਮੁਸਕਰਾਂਦੇ ਹੋਏ ਨਾਲੋ ਨਾਲ ਬੰਚ ਤੇ ਬੈਠ ਗਏ. ਪੁੱਛਣ ਤੇ ਪਤਾ ਲੱਗਾ ਕਿ ਆਪ ਸੱਖਰ ਦੇ ਰਹਿਣ ਵਾਲੇ ਸਿੰਧੀ ਹਨ ਤੇ ਆਪ ਦਾ ਨਾਮ ਵਾਧੂ ਮਲ ਪਹਿਲਾਜ ਰਾਏ ਆਸ੍ਰਾਨੀ ਹੈ, ਤੇ ਕਈ ਮਹੀਨਿਆਂ ਤੋਂ ਲੰਡਨ ਵਿੱਚ ਤਿਜਾਰਤ ਕਰ ਰਹੇ ਹਨ. ਭਾਰਤ ਦੇ ਭਿੰਨ ਭਿੰਨ ਸ਼ਹਿਰਾਂ ਤੋਂ ਵਿਭਿੰਨ ਪ੍ਰਕਾਰ ਦੀਆਂ ਵਸਤਾਂ ਮੰਗਾਂਦੇ ਹਨ ਤੇ ਬੜੇ ਨਫ਼ੇ ਤੇ ਵੇਚਦੇ ਹਨ. ਜਿਸ ਪੁਸਤਕ ਨੂੰ ਮੈਂ ਡਾਇਰੀ ਸਮਝ ਰਿਹਾ ਸੀ, ਉਹ ਸਿੰਧੀ ਲਿਪੀ ਵਿੱਚ ਸੁਖਮਨੀ ਸਾਹਿਬ ਦਾ ਗੁਟਕਾ ਸੀ. ਆਪ ਨੇ ਦਸਿਆ ਕਿ "ਮੈਂ ਛੇ ਸਾਲ ਦੀ ਅਵਸਥਾ ਤੋਂ ਅਜ ਛਿਆਲੀ ਦੀ ਉਮਰ ਤਕ ਲਗਾਤਾਰ ਇਸ ਪਾਵਨ ਬਾਣੀ ਦਾ ਪਾਠ ਕਰਦਾ ਆਂਦਾ ਹਾਂ, ਅਰ ਮੈਂ ਇਸ ਨੂੰ ਸਰਬ ਫਲ ਦਾਯਕ ਚਿੰਤਾਮਣੀ ਸਮਝਦਾ ਹਾਂ ਏਹਨਾਂ ਚਾਲ੍ਹੀ ਵੱਰਿਆਂ ਵਿੱਚ ਮੈਨੂੰ ਯਕੀਨ ਹੈ ਕਿ ਬਿਮਾਰੀ ਦੀ ਵਜਹ ਕਰ ਕੇ ਵੀ ਮੈਥੋਂ ਚਾਲ੍ਹੀ ਨਾਗੇ ਪਾਠ ਦੇ ਨਹੀਂ ਪਏ. ਮੈਨੂੰ ਪਾਠ ਕਰਨ ਵਿੱਚ ਡੇੜ੍ਹ ਘੰਟਾ ਲਗਦਾ ਹੈ ਤੇ ਮੈਂ ਅਮੂਮਨ ਰੋਜ਼ ਇੱਥੇ ਹੀ ਆਣ ਕੇ ਪਾਠ ਕਰਦਾ ਹਾਂ." ਮੈਂ ਇਹ ਸੁਣ ਕੇ ਖ਼ੁਸ਼ੀ ਨਾਲ ਫੁੱਲਾ ਨ ਸਮਾਇਆ ਤੇ ਬੇਤਹਾਸ਼ਾ ਉਹਨਾਂ ਦੇ ਚਰਨਾਂ ਵਲ ਧਾਇਆ, ਪਰ ਉਹਨਾਂ ਨੇ ਚਰਨ ਪਿੱਛੇ ਕਰ ਲਏ. ਉਸ ਦਿਨ ਦੇ ਪਾਠ ਦੀਆਂ ਉਹਨਾਂ ਨੇ ਹਾਲੀ ਤਿੰਨ ਅਸ਼ਟ ਪਦੀਆਂ ਹੋਰ ਪੜ੍ਹਨੀਆਂ ਸਨ, ਸੋ ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ "ਪਾਠ ਸਮਾਪਤ ਕਰ ਲੋ, ਫਿਰ ਬਚਨ ਬਿਲਾਸ ਕਰਾਂਗੇ!" ਜਦ ਉਹਨਾਂ ਨੇ ਪਾਠ ਸਮਾਪਤ ਕਰ ਲਿਆ ਤਾਂ ਉਹ ਮੈਨੂੰ ਆਪਣੇ ਡੇਰੇ ਲੈ ਗਏ, ਜੋ ਆਕਸਫ਼ਰਡ ਸਟ੍ਰੀਟ ਦੀ ਇੱਕ ਗਲੀ ਵਿੱਚ ਦੂਜੀ ਮਨਜ਼ਲ ਪਰ ਸੀ. ਉੱਥੇ ਮੈਨੂੰ ਇਹ ਵੇਖ ਕੇ ਅਕਥਨੀਯ ਪ੍ਰਸੰਨਤਾ ਤੇ ਹੈਰਤ ਹੋਈ ਕਿ ਉਹਨਾਂ ਨੇ ਆਪਣੇ ਦਫ਼ਤਰ ਵਿੱਚ ਕਾਰਬਾਰੀ ਮੇਜ਼ ਦੀ ਪਿਛਲੀ ਕੰਧ ਨਾਲ ਲੋਕ ਪਰਲੋਕ ਦੇ ਰਖਜਕ ਸ੍ਰੀ ਗੁਰੂ ਨਾਨਕ ਦੇਵ ਦੀ ਤਸਵੀਰ ਲਟਕਾਈ ਹੋਈ ਹੈ ਤੇ ਉਸ ਦੇ ਅੱਗੇ ਬੜੀ ਮਨ ਹਰਨ

Sri Satguru Jagjit Singh Ji eLibrary NamdhariElibrary@gmail.com

ਵਿਓਂਤ ਨਾਲ ਇੱਕ ਸੁੰਦਰ ਦੋ ਫ਼ੁਟ ਲੰਮੀ ਤੇ ਦਸ ਇੰਚ ਚੌੜੀ ਫੱਟੀ ਲਗਾ ਰੱਖੀ ਹੈ. ਇਸ ਦੇ ਉੱਪਰ ਉਹਨਾਂ ਨੇ ਬੜੇ ਅਦਬ ਨਾਲ ਸੁਖਮਨੀ ਸਾਹਿਬ ਦਾ ਗੁਟਕਾ ਸਜਾ ਦਿੱਤਾ. ਫੱਟੀ ਦੇ ਉੱਪਰ ਇੱਕ ਕਾਫ਼ੀ ਵੱਡਾ ਚਾਂਦੀ ਦਾ ਕਟੋਰਾ ਪਿਆ ਸੀ, ਜੋ ਚਾਂਦੀ ਦੀ ਪਲੇਟ ਨਾਲ ਢਕਿਆ ਪਿਆ ਸੀ. ਉਸ ਵਲ ਇਸ਼ਾਰਾ ਕਰ ਕੇ ਕਹਿਣ ਲੱਗੇ, "ਮੈਂ ਹਰ ਐਤਵਾਰ ਸਵੇਰੇ ਕੜਾਹ ਪ੍ਰਸ਼ਾਦ ਤਿਆਰ ਕਰਦਾ ਹਾਂ ਤੇ ਪਾਠ ਮਗਰੋਂ ਪੋਥੀ ਅੱਗੇ ਅਰਦਾਸ ਕਰਕੇ ਜੋ ਵੀ ਉਸ ਵੇਲੇ ਕੋਲ ਹੋਵੇ ਉਸ ਨੂੰ ਦੇ ਕੇ ਆਪ ਵੀ ਛਕ ਲੈਂਦਾ ਹਾਂ, ਤੇ ਇਸੇ ਤਰ੍ਹਾਂ ਅਗਲੇ ਐਤਵਾਰ ਤਕ ਹਰ ਸਵੇਰੇ ਵੰਡਦਾ ਰਹਿੰਦਾ ਹਾਂ." ਚੁਨਾਂਚਿ ਉਹਨਾਂ ਨੇ ਹਥ ਧੋ ਕੇ ਮੇਰੇ ਵੀ ਹਥ ਧੁਵਾਏ ਤੇ ਮਗਰੋਂ ਮੈਨੂੰ ਪ੍ਰਸ਼ਾਦ ਦਾ ਗਫਾ ਬਖ਼ਸ਼ਿਆ. ਮੈਂ ਪ੍ਰਸ਼ਾਦ ਛਕ ਰਿਹਾ ਸੀ ਤੇ ਨਾਲੇ ਇਹ ਵਿਚਾਰ ਰਿਹਾ ਸੀ ਕਿ ਨਿਰਸੰਦੇਹ ਇਸੇ ਸ਼੍ਰੇਣੀ ਦੇ ਮਹਾਂ ਪੁਰਖਾਂ ਨੇ ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਗੁਰੂ ਕਲਗੀ ਧਰ ਸੁਆਮੀ ਤਕ ਸਿੱਖੀ ਸਿਦਕ ਤੇ ਭਰੋਸੇ ਦੀਆਂ ਪਵਿਤ੍ਰ ਨੇਮਤਾਂ ਨੂੰ ਆਪਣੇ ਪਾਵਨ ਹਿਰਦਿਆਂ ਵਿੱਚ ਸੁਰਖਿਅਤ ਰਖਿਆ ਸੀ ਤੇ ਅੱਜ ਵੀ ਇਹ ਆਪਣੇ ਇਸ ਇਲਾਹੀ ਫ਼ਰਜ਼ ਨੂੰ ਅਦਾ ਕਰਨ ਵਿੱਚ ਹਰਗਿਜ਼ ਹਰਗਿਜ਼ ਗ਼ਾਫ਼ਿਲ ਨਹੀਂ ਹਨ. ਕੁੱਝ ਦੇਰ ਬਾਦ ਮੈਂ ਉਹਨਾਂ ਤੋਂ ਰੁਖ਼ਸਤ ਹੋਇਆ, ਪਰ ਹਫ਼ਤੇ ਬਾਦ ਹੀ ਉਹ ਮੇਰੇ ਡੇਰੇ ਪਹੁੰਚੇ, ਤੇ ਆਪਣੇ ਨਾਲ ਜੀਵਤ ਰਾਮ ਆਪਣੇ ਨੌਕਰ ਨੂੰ ਵੀ ਲੈ ਆਏ. ਕਹਿਣ ਲੱਗੇ, ਕਿ ਆਪਣਾ ਸਾਰਾ ਅਸਬਾਬ ਸਾਡੇ ਨਾਲ ਸਾਡੇ ਡੇਰੇ ਘਲ ਦਿਓ ਤੇ ਮਾਲਿਕ ਮਕਾਨ ਨੂੰ ਰਿਵਾਜ ਦੇ ਮੁਤਾਬਕ ਹੁਣੇ ਹੀ ਇੱਕ ਹਫ਼ਤੇ ਦੇ ਪੈਸੇ ਦੇ ਦਿਓ, ਤੇ ਸਾਡੇ ਨਾਲ ਤੁਰ ਪਵੋ, ਤੇ ਸਾਡੇ ਪਾਸ ਹੀ ਰਹੋ, ਤੇ ਖਾਓ ਪੀਓ. ਮੈਂ ਬਹੁਤ ਹੀ ਵਾਸਤੇ ਪਾਏ ਕਿ ਲੰਡਨ ਦੀ ਮਹਿੰਗ ਵਿੱਚ ਮੇਰੇ ਲਈ ਇਹ ਜਾਇਜ਼ ਨਹੀਂ, ਪਰ ਉਹਨਾਂ ਨੇ ਇੱਕ ਨ ਮੰਨੀ, ਤੇ ਫ਼ੌਰਨ ਘਰ ਦੀ ਮਾਲਿਕਾ ਨੂੰ ਆਪਣੇ ਪਾਸੋਂ ਵੀਹ ਰੁਪਏ (ਅਗਲੇ ਹਫ਼ਤੇ ਦੇ) ਅਦਾ ਕਰ ਕੇ, ਮੈਨੂੰ, ਮੇਰੇ ਅਸਬਾਬ ਸਮੇਤ, ਆਪਣੇ ਡੇਰੇ ਲੈ ਗਏ. ੧੯੧੧ ਦੀ ਦਿਵਾਲੀ ਮੈਂ ਉਹਨਾਂ ਦੇ ਡੇਰੇ ਹੀ ਮਨਾਈ. ਤਿੰਨ ਮਹੀਨੇ ਮੈਨੂੰ ਆਪਣੇ ਪਾਸ ਰਖਿਆ, ਪਿਤਾ ਵਾਂਗ ਮੇਰੀਆਂ ਲੋੜਾਂ ਨੂੰ ਪੂਰਾ ਕਰਦੇ ਰਹੇ, ਅਰ ਮੈਨੂੰ ਬਹੁਤ ਹੀ ਮੁਸ਼ਕਿਲ ਨਾਲ ਤਿੰਨ ਮਹੀਨਿਆਂ ਬਾਦ ਛੁੱਟੀ ਬਖ਼ਸ਼ੀ. ਆਸ੍ਰਾਨੀ ਸਾਹਿਬ ਨਾਲ ਲੰਡਨ ਵਿੱਚ ਮੇਰਾ ਸਮਾਂ ਇੱਕੁਰ ਬੀਤਿਆ, ਜਿਕੁੱਰ ਕਿਸੇ ਪ੍ਰਾਚੀਨ ਤੀਰਥ ਅਸਥਾਨ ਪਰ ਕਿਸੇ ਯੋਗੀਸ਼ੁਰ ਭਗਤ ਨਾਲ ਬੀਤਿਆ ਹੋਵੇ. ਮੈਂ ਜਿੰਨਾਂ ਉਹਨਾਂ ਦੇ ਡੇਰੇ ਹਸਦਾ ਰਿਹਾ ਹਾਂ, ਫਿਰ ਸ਼ਾਇਦ ਹੀ ਕਦੇ

Sri Satguru Jagjit Singh Ji eLibrary NamdhariElibrary@gmail.com

ਧਰਮਾਨੰਤ ਸਿੰਘ—ਅਗਸਤ ੧੯੧੨
(ਲੰਡਨ ਤੋਂ ਵਾਪਸੀ ਸਮੇਂ)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਜੀਵਨ ਵਿੱਚ ਕਿਧਰੇ ਵੀ ਉਤਨਾ ਹਸਿਆ ਹੋਵਾਂ. ਉਹ ਇਤਨੇ ਅਤਯੰਤ ਹਸ-ਮੁਖ ਸਨ. ਆਸ੍ਰਾਨੀ ਜੀ ਨੂੰ ਦ੍ਰਿੜ੍ਹ ਵਿਸ਼ਵਾਸ ਸੀ ਕਿ ਉਹਨਾਂ ਤੇ ਦਸਾਂ ਸਤਿਗੁਰਾਂ ਦੀ ਪੂਰਨ ਕ੍ਰਿਪਾ ਹੈ. ਕੀ ਅਜੇ ਵੀ ਇਹ ਸਾਬਤ ਕਰਨ ਲਈ ਕਿਸੇ ਹੋਰ ਸਬੂਤ ਦੀ ਲੋੜ ਹੈ, ਕਿ ਸਕੇਸ਼ ਤੇ ਕੇਸ਼ਹੀਨ ਦੋਵੇਂ, ਸ਼੍ਰੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ, ਸਰਵਥਾ ਇੱਕੋ ਜਏ ਸਿਦਕੀ ਹੋ ਸਕਦੇ ਹਨ.

(੯੭) ਮੇਰੇ ਇਸ ਮੁਖਬੰਧ ਦਾ ਮਨੋਰਥ ਪੂਰਨ ਹੋ ਚੁਕਾ ਹੈ. ਚਿਰੰਕਾਲ ਤੋਂ ਮੈਂ ਜੋ ਅਤਿ ਕੋਮਲ ਤੇ ਬਲਿਸ਼ਟ ਰਸੀਆਂ ਹਿੰਦੂਆਂ ਤੇ ਸਿੱਖਾਂ ਨੂੰ ਪ੍ਰਸਪਰ ਜਕੜਨ ਲਈ ਸਾਂਭ ਸਾਂਭ ਕੇ ਗੁਪਤ ਰਖੀਆਂ ਹੋਈਆਂ ਸਨ, ਉਹ ਮੈਂ ਪਾਠਕ ਦੇ ਹਵਾਲੇ ਕਰ ਦਿਤੀਆਂ ਹਨ. ਇਸ ਵਿੱਚ ਸ਼ਕ ਨਹੀਂ ਕਿ ਸਿੱਖਾਂ ਦੀ ਸੰਖਿਆ ਦੁਨੀਆਂ ਵਿੱਚ ਅੱਜ ਹਿੰਦੂਆਂ ਦੇ ਮੁਕਾਬਲੇ ਵਿੱਚ ਤੁੱਛ ਹੈ, ਪਰ ਇਸ ਸੰਖਿਆ ਨੇ ਦਿਨੋਂ ਦਿਨ ਵਧਣਾ ਹੈ, ਤੇ ਜ਼ਾਹਿਰ ਹੈ ਕਿ, ਇਸ ਕਾਰਜ ਨੇ ਹਿੰਦੂਆਂ ਦੇ ਪਿਆਰ ਤੇ ਸਹਚਾਰ ਦ੍ਵਾਰਾ ਹੀ ਸਿੱਧ ਹੋਣਾ ਹੈ; ਤਾਂ ਤੇ ਉਚਿਤ ਹੈ ਕਿ ਦੋਵੇਂ ਇੱਕ ਦੂਜੇ ਦੀਆਂ ਕਮਜ਼ੋਰੀਆਂ ਤੇ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਰ ਕੇ ਲਗਾਤਾਰ, ਇੱਕ ਦੂਜੇ ਦੀਆਂ ਵਿਸ਼ੇਸ਼ ਸਿਫ਼ਤਾਂ ਦਾ ਹੀ ਚਿੰਤਨ ਕਰਨ ! ਦੋਹਾਂ ਲਈ ਇੱਕ ਦੂਜੇ ਦੀਆਂ ਸਿਫ਼ਤਾਂ ਦਾ ਬੇ ਅੰਦਾਜ਼ ਭੰਡਾਰ ਮੌਜੂਦ ਹੈ. ਦੋਵੇਂ ਇੱਕ ਦੂਜੇ ਦੀਆਂ ਸਿਫ਼ਤਾਂ ਨੂੰ ਲੱਭਣ ਦਾ ਤੇ ਸਲਾਹੁਣ ਦਾ ਹੀ ਨਹੀਂ ਸਗੋਂ ਉਹਨਾਂ ਦਾ ਸਾਂਝੀਵਾਲ ਬਣਨ ਦਾ ਵੀ ਨਿਰੰਤਰ ਪ੍ਰਯਤਨ ਕਰਨ ! ਇਸੇ ਵਿੱਚ ਦੇਸ਼ ਦਾ ਭਲਾ ਹੈ, ਤੇ ਇਸੇ ਤੋਂ ਦੇਸ਼ ਦੇ ਸਦੀਵੀ ਸੁਖ, ਤੇ ਸ਼ਕਤੀ ਦੀ ਉਤਪਤੀ ਹੋਣੀ ਹੈ.

(੯੮) ਮੈਂ, ਵੀਰਵਾਰ, ੧੫ ਅਗਸਤ, ਸਨ ੧੯੧੨, ਨੂੰ ਆਪਣੇ ਜਨਮ ਦਿਨ, ਲੰਡਨ ਤੋਂ ਬੁੰਬਈ ਪਹੁੰਚਿਆ. ਅੱਗੇ ਮੇਰੇ ਮਾਤਾ ਪਿਤਾ, ਤੇ ਕਨਿਸ਼ਟ ਭ੍ਰਾਤਾ, ਸ਼ਾਮ ਸਿੰਘ, ਪਹਿਲਾਂ ਹੀ ਮੈਨੂੰ ਲੈਣ ਲਈ ਬੰਦਰਗਾਹ ਤੇ ਖੜੇ ਸਨ. ਉਸ ਮਿੱਠੀ ਸੁਖਜਨਕ ਘੜੀ ਨੂੰ, ਅੱਜ ਠੀਕ ਬਵੰਜਾ ਵੱਰ੍ਹੇ ਬਾਦ, ਸੁਭਾਵਿਕ ਹੀ ਏਹਨਾਂ ਤਿੰਨਾਂ ਗੁਰਪੁਰਵਾਸੀਆਂ ਦੇ ਸੰਬੰਧ ਵਿੱਚ ਪਿਆਰ ਨਾਲ ਚੇਤੇ ਕਰਦਿਆਂ ਹੋਇਆਂ, ਮੈਂ ਵੇਦਿਕ ਗੁਰਮਤਿ ਦੇ ਇਸ ਇਤਿਹਾਸਿਕ ਭਾਗ ਨੂੰ ਅਨੇਕ ਪ੍ਰਕਾਰ ਦੀਆਂ ਦਿਲਚਸਪ ਘਟਨਾਵਾਂ ਵਿੱਚ ਲਪੇਟ ਕੇ, ਇਸ ਆਸ ਵਿੱਚ ਪਾਠਕ ਦੀ ਭੇਟ ਕਰਦਾ ਹਾਂ, ਕਿ ਉਹ ਏਹਨਾਂ ਸੁਖੈਨ ਵਿਸ਼ਿਆਂ ਦੁਆਰਾ, ਅੱਗੇ ਔਣ ਵਾਲੇ, ਦੂਜੇ ਭਾਗ ਦੇ ਗੁੰਝਲ ਦਾਰ ਵਿਚਾਰਾਂ ਵਿੱਚ ਪ੍ਰਵੇਸ਼ ਕਰ ਕੇ ਉਹਨਾਂ ਨਾਲ ਸਹਮਤ ਹੋ ਸਕੇ.

Sri Satguru Jagjit Singh Ji eLibrary NamdhariElibrary@gmail.com

ਬਸੰਤੁ ਮਹਲਾ ੫ ॥ ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ ਬਿਧਿ ਪਾਸਾ ਢਾਲਹੁ ਬੀਰ ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤਿ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥ ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥ ਉਠਿ ਇਸਨਾਨੁ ਕਰਹੁ ਪਰਭਾਤੇ ਸੋਇ ਹਰਿ ਆਰਾਧੇ ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖੁ ਸਹਜ ਸੇਤੀ ਘਰਿ ਜਾਤੇ ॥੩॥ ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥ ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥" ਪੰ: ੧੧੮੫ ॥

*सं गच्छध्वं संवदध्वं, सं वो मनांसि जानताम् ।
देवा भागं यथा पूर्वे, संजानाना उपासते
समानो मन्त्रः समितिः समानी, समानं मनः सह चित्तमेषाम् ।
समानं मन्त्रमभि मन्त्रये वः, समानेन वो हविषा जुहोमि
समानी व आकूतिः, समाना हृदयानि वः ।
समानमस्तु वो मनो, यथा वः सुसहासति "

(ਰਿਗਵੇਦ ਦੇ ਅੰਤਿਮ ਮੰਤ੍ਰ ॥੧੦. ੧੯੧.)

---

* ਮੈਕਸ ਮਿਯੂਲਰ ਨੇ ਏਹਨਾਂ ਮੰਤ੍ਰਾਂ ਦਾ ਉਲਥਾ ਇਸ ਪ੍ਰਕਾਰ ਕੀਤਾ ਹੈ:-

"Come together ! Speak together ! Let your minds be concordant —the gods by being concordant receive their share, one after the other. Their word is the same, their counsel is the same, their mind is the same, their thoughts are at one: I address to you the same word, I worship you with the same sacrifice. Let your endeavour be the same ! Let your hearts be the same ! Let your mind be the same, that it may go well with you." (Concluding Mantras of the Rigveda : Book X. Hymn 191. Chips from a German Workshop: Vol. IV. By Max Muller, London : Longman's, Green, & Co., 1875. p. 371.)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com